ਸਰਬੱਤ ਦੇ ਭਲੇ ਦੇ ਮਾਰਗ ਦਾ ਪਾਂਧੀ

# ਭਗਤ ਪੂਰਨ ਸਿੰਘ


ਲੇਖਕ–

ਭਾਈ ਅਮਰੀਕ ਸਿੰਘ



ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ**

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.),

ਅੰਮ੍ਰਿਤਸਰ ।



**ਜੁਲਾਈ 2019 ਨੂੰ ਛਪੀ 5,000**


**ਜ਼ਰੂਰੀ ਸੂਚਨਾ**

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਨਕਦ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/- ਰੁਪਏ ਤਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**


**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**

ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ। ਫ਼ੋਨ: 0183-2584586, 2584713,

website:www. pingalwara.org E-mail: pingalwara57@gmail.com

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥
{ਅੰਗ ੪੮੮}

## ਸਮਰਪਿਤ

**ਮਾਤਾ ਮਹਿਤਾਬ ਕੌਰ ਜੀ ਨੂੰ**

# ਤਤਕਰਾ


ਕ੍ਰਮ ਅੰਕ: ਪੰਨਾ ਨੰ:

ਦੋ ਸ਼ਬਦ -ਡਾ: ਇੰਦਰਜੀਤ ਕੌਰ 7
ਮੁੱਖ-ਬੰਦ -ਭਾਈ ਅਮਰੀਕ ਸਿੰਘ ਚੰਡੀਗੜ੍ਹ 8

**(ੳ) ਭਗਤ ਪੂਰਨ ਸਿੰਘ ਜੀ ਦੇ ਮਾਤਾ ਪਿਤਾ ਅਤੇ ਜਨਮ**

੧. ਜਨਮ ਤੋਂ ਪਹਿਲਾਂ ਹੀ ਜਣਨੀ ਦੇ ਦੁਖੜੇ 15
੨. ਵਿਧਵਾ ਦੀ ਵੇਦਨਾ 15
੩. ਮਹਿਤਾਬ ਕੌਰ ਦੀ ਦਿਨ-ਕਟੀ 16
੪. ਸ਼ਿੱਬੂ ਮੱਲ ਬਾਰੇ 17
੫. ਸ਼ਿੱਬੂ ਮੱਲ ਤੇ ਮਹਿਤਾਬ ਕੌਰ ਦਾ ਸੰਯੋਗ 18
੬. ਬੱਚੇ ਦਾ ਜਨਮ 20
੭. ਰਾਮ ਜੀ ਦਾਸ ਦਾ ਬਚਪਨ 22
੮. ਬਿਪਤਿ ਪਰੀ ਸਭ ਹੀ ਸੰਗੁ ਛਾਡਿਤ 25
੯. ਮਾਂ ਦੀ ਸਿੱਖਿਆ 25
੧੦. ਮਿੱਠ-ਬੋਲੜਾ ਸੁਭਾਅ 28

**(ਅ) ਭਗਤ ਜੀ ਦਾ ਮੁੱਢਲਾ ਨਾਮ ਰਾਮ ਜੀ ਦਾਸ ਅਤੇ ਉਹਨਾਂ ਦਾ ਬਚਪਨ**

੧੧. ਰਾਮ ਜੀ ਦਾਸ ਦੀ ਨਿੱਕੀ ਉਮਰ ਵਿੱਚ ਵੀ ਵੱਡੀ ਦ੍ਰਿੜ੍ਹਤਾ 29
੧੨. ਰਾਮ ਜੀ ਦਾਸ ਦੀ ਸਹਿਣਸ਼ੀਲਤਾ 30
੧੩. ਰਾਮ ਜੀ ਦਾਸ ਨੂੰ ਸਕੂਲ ਭੇਜਣਾ 32
੧੪. ਸਮੇਂ ਦੀ ਡਾਢੀ ਮਾਰ 33
੧੫. ਫ਼ਤਹਿਗੜ੍ਹ ਦਾ ਸ਼ਹੀਦੀ ਜੋੜ ਮੇਲਾ 34
੧੬. ਰਾਮ ਜੀ ਦਾਸ ਨੂੰ ਸਿਰੋਂ ਗੁੰਮ ਹੋਈਆਂ ਚੀਜ਼ਾਂ ਦਾ ਅਹਿਸਾਸ 36
੧੭. ਮਹਿਤਾਬ ਕੌਰ ਦੀ ਸਖ਼ਤ ਘਾਲ ਕਮਾਈ 37

**(ੲ) ਭਗਤ ਪੂਰਨ ਸਿੰਘ ਜੀ ਦੀ ਘਾਲ ਕਮਾਈ**

੧੮. ਸ਼ਿਵ ਮੰਦਰ ਵਿੱਚ 39
੧੯. ਗੁਰਦੁਆਰਾ ਸਾਹਿਬ ਦੀ ਵਿਲੱਖਣਤਾ 40
੨੦. ਘਰ ਦੀ ਤਲਾਸ਼ 42
੨੧. ਇਕ ਨਵਾਂ ਅਹਿਸਾਸ 46
੨੨. ਦੂਜਿਆਂ ਦੇ ਦਰਦਾਂ ਦਾ ਅਹਿਸਾਸ 50
੨੩. ਰੁਜ਼ਗਾਰ ਅਤੇ ਉਪਕਾਰ 51
੨੪. ਰਾਮਜੀ ਦਾਸ ਤੋਂ ਭਗਤ ਪੂਰਨ ਸਿੰਘ 52
੨੫. ਗੁਰਦੁਆਰਾ ਡੇਹਰਾ ਸਾਹਿਬ 54
੨੬. ਦੂਜਿਆਂ ਦੇ ਦੁੱਖ ਪ੍ਰਤੀ ਹਮਦਰਦੀ 55
੨੭. ਮਾਂ ਦਾ ਬਿਮਾਰ ਹੋਣਾ 57
੨੮. ਭਗਤ ਜੀ ਦਾ ਮਾਂ ਨਾਲ ਪ੍ਰਣ 58
੨੯. ਡੇਹਰਾ ਸਾਹਿਬ 64
੩੦. ਪਿੰਗਲਵਾੜੇ ਦਾ ਨੀਂਹ ਪੱਥਰ 65
੩੧. ਸੇਵਕ ਕਉ ਸੇਵਾ ਬਨਿ ਆਈ 67
੩੨. ਪਿਆਰੇ ਲਈ ਅਰਦਾਸ 69
੩੩. ਭਗਤ ਜੀ ਦੀ ਹਮਦਰਦੀ ਦੀ ਮਿਸਾਲ 70

੩੪. ਲੜਕੇ ਦੀ ਜਾਨ ਬਚਾਈ 71
੩੫. ਸੇਵਾ ਦੀ ਜਾਚ ਸਿਖਾਈ 72
੩੬. ਇੱਕ ਸੱਚਾ-ਸੁੱਚਾ ਸਾਥ 73
੩੭. ਸਚਾਈ ਲਈ ਔਕੜਾਂ 74
੩੮. ਕਾਂ ਦੇ ਮੁੱਖ ਤੋਂ ਡਿੱਗਿਆ ਰੋਟੀ ਦਾ ਟੁੱਕੜਾ ਖਾਧਾ 77
੩੯. ਚੰਗੇ ਬੰਦਿਆਂ ਦਾ ਸਾਥ 78
੪੦. ਸੁੰਦਰਤਾ ਹੀ ਵੈਰੀ ਬਣੀ 78
੪੧. ਬੰਦੇ ਖੋਜੁ ਦਿਲ ਹਰ ਰੋਜ 80
੪੨. ਭਗਤ ਪੂਰਨ ਸਿੰਘ ਵਿੱਚ ਨੈਤਿਕਤਾ ਦਾ ਮਹਾਨ ਗੁਣ 81
੪੩. ਮਨ ਨੂੰ ਹਲੂਣਾ 83
੪੪. ਲਾਹੌਰ ਵਿੱਚ ਸੇਵਾ 84
੪੫. ਆਪਣਿਆਂ ਨੇ ਪਹਿਚਾਣਿਆਂ 85
੪੬. ਭਗਤ ਜਨਾ ਕਾ ਲੂਗਰਾ 87
੪੭. ਨਿਵੇਕਲਾ ਅਹਿਸਾਸ 87
੪੮. ਲਾਹੌਰ ਤੋਂ ਅੰਮ੍ਰਿਤਸਰ ਸਾਹਿਬ 88
੪੯. ਖ਼ਾਲਸਾ ਕਾਲਜ ਦੇ ਸਰਨਾਰਥੀ ਕੈਂਪ ਵਿੱਚ 90
੫੦. ਮਾਨਵੀ ਸੇਵਾ ਦਾ ਮਸੀਹਾ 92
੫੧. ਜ਼ਮੀਰ ਦੀ ਅਵਾਜ਼ 96
੫੨. ਖ਼ਰਚ ਨਹੀਂ ਤਾਂ ਖੁਰਚਣ ਸਹੀ 99
੫੩. ਵਿਛੜੇ ਸਾਥੀ ਫਿਰ ਮਿਲੇ 102
੫੪. ਪਿੰਗਲਵਾੜੇ ਦਾ ਪਹਿਲਾ ਟਿਕਾਣਾ 103
੫੫. ਨਿਓਟਿਆਂ ਦੀ ਓਟ ਭਗਤ ਪੂਰਨ ਸਿੰਘ 106
੫੬. ਭਗਤ ਪੂਰਨ ਸਿੰਘ ਜੀ ਦੀ ਨੈਤਿਕਤਾ 112
੫੭. ਭਗਤ ਪੂਰਨ ਸਿੰਘ ਇਕ ਸੁਚੱਜੀ ਮਾਂ 113
੫੮. ਜੀਤੀ ਦਾ ਚਲਾਣਾ 115
੫੯. ਮਮਤਾ ਭਰਿਆ ਦਿਲ 117
੬੦. ਆਦਿ ਜੁਗਾਦਿ ਭਗਤਨ ਕਾ ਰਾਖਾ 118
੬੧. ਅਸਲੀ ਭਗਤੀ 118
੬੨. ਭਗਤ ਜੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਅਸਰ 122
੬੩. ਬੋਹੜ ਥੱਲੇ ਟਿਕਾਣਾ 125
੬੪. ਰਾਮਬਾਗ਼ ਦੇ ਲਾਗੇ 126
੬੫. ਨਿਕਾਸੀ ਕੋਠੀਆਂ ਵਿੱਚ 127
੬੬. ਭਗਤ ਜੀ ਦੇ ਕਿਰਦਾਰ ਦਾ ਸਿਖਰ 128
੬੭. ਕੋਠੀਆਂ ਤੋਂ ਇੰਦਰ ਪੈਲਿਸ 130
੬੮. ਸੋ ਦਰੁ 132
੬੯. ਇੰਦਰ ਪੈਲਿਸ ਦੀ ਦੂਜੀ ਵਾਰ ਬੋਲੀ 133
੭੦. ਰਾਮ ਤਲਾਈ ਸਰਾਂ 135
੭੧. ਪਿੰਗਲਵਾੜਾ ਸੁਸਾਇਟੀ ਦੀ ਰਜਿਸਟਰੇਸ਼ਨ 136
੭੨. ਪਿੰਗਲਵਾੜੇ ਲਈ ਥਾਂ ਖ਼ਰੀਦੀ 137
੭੩. ਭਗਤ ਜੀ ਦੀ ਹੋਰ ਜ਼ਿੰਮੇਵਾਰੀ ਵਧੀ 137
੭੪. ਭਗਤ ਪੂਰਨ ਸਿੰਘ ਜੀ ਦੀ ਨੈਤਿਕਤਾ ਦਾ ਹੋਰ ਗੁਣ 137
੭੫. ਗੁਰਬਚਨ ਸਿੰਘ ਕੁੰਢਾ 138
੭੬. ਚੈਨ ਮਸੀਹ ਤੇ ਭਗਤ ਜੀ ਦੀ ਬਿਖੜੀ ਕਾਰ 140

੭੭. ਪੰਡਿਤ ਅਮਰਨਾਥ ਜੀ ਨੇ ਘਰ ਦੀ ਰਜਿਸਟਰੀ ਗਿਰਵੀ ਰੱਖੀ 141
੭੮. ਭਗਤ ਜੀ ਅਣਖ ਨਾਲ ਜਿਊਂਦੇ ਸਨ 142
੭੯. ਡਾ: ਇੰਦਰਜੀਤ ਕੌਰ 142
੮੦. ਭਗਤ ਪੂਰਨ ਸਿੰਘ ਨੇਕ ਪਿਤਾ ਜੀ ਸਨ 145
੮੧. ਭਗਤ ਪੂਰਨ ਸਿੰਘ ਜੀ ਅਨੋਖੀ ਕਿਸਮ ਦੇ ਕਦਰਦਾਨ ਸਨ 148
੮੨. ਸਹੁ ਦਾ ਬਉਰਾਨਾ 149
੮੩. ਭਗਤ ਜੀ ਦਾ ਪਿਆਰ ਭਰਿਆ ਵਿਹਾਰ 150

## (ਸ) ਭਗਤ ਪੂਰਨ ਸਿੰਘ ਜੀ ਨੇਕੀ ਦਾ ਮੁਜੱਸਮਾ

੮੪. ਨੇਕੀ ਦਾ ਮੁਜੱਸਮਾ 151
੮੫. ਭਲੇ ਵਣਜਾਰੇ 151
੮੬. ਮਨ ਦਾ ਬੋਝ 152
੮੭. ਸਾਜ਼ਦਾ ਦਾ ਇਲਾਜ 155
੮੮. ਭਗਤ ਜੀ ਦੀ ਸੇਵਾ ਦਾ ਮਹਾਨ ਰੁਤਬਾ ਹੈ। 158
੮੯. ਮਦਰ ਟਰੇਸਾ ਅਤੇ ਭਗਤ ਜੀ 159
੯੦. ਮਾਨਵਤਾ ਦਾ ਦਰਦੀ 160
੯੧. ਸਮੇਂ ਦੀ ਯੋਗ ਵਰਤੋਂ ਤੇ ਕਦਰ ਕਰਨ ਵਾਲੇ 161
੯੨. ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਸਮਾਗਮ ਤੇ ਗੋਰੀ ਵੱਲੋਂ ਰੋਸ 162
੯੩. ਭਗਤ ਪੂਰਨ ਸਿੰਘ ਜੀ ਦੀ ਦ੍ਰਿੜ੍ਹਤਾ 164
੯੪. ਭਗਤ ਜੀ ਦਾ ਦਿਲ ਦਇਆ ਦਾ ਮੰਦਰ ਸੀ। 165
੯੫. ਦੂਜਿਆਂ ਦਾ ਹੱਕ ਨਹੀਂ ਖਾਣਾ 167
੯੬. ਸੱਚ ਤੇ ਅਡੋਲ ਨਿਸ਼ਚਾ 168
੯੭. ਭਗਤ ਪੂਰਨ ਸਿੰਘ ਵਿਗਿਆਨਿਕ ਸੋਚ ਦੇ ਧਾਰਨੀ ਸਨ 169
੯੮. ਗਿਆਨ ਦੇ ਸ਼ੌਕੀਨ 170
੯੯. ਅਣਥੱਕ ਸੇਵਾਦਾਰ 171
੧੦੦. ਨਿਆਸਰਿਆਂ ਦਾ ਆਸਰਾ 172
੧੦੧. ਸੇਵਾ ਦਾ ਹੱਕ ਮੰਗਣਾ 173
੧੦੨. ਆਪਣਿਆਂ ਦੇ ਖਿਲਾਰੇ ਕੰਡੇ 175
੧੦੩. ਭਗਤ ਜੀ ਦੇ ਰਾਹ ਵਿੱਚ ਦੋਖੀਆਂ ਦੀਆਂ ਰੁਕਾਵਟਾਂ 179
੧੦੪. ਭਗਤ ਜੀ ਮਗਰੋਂ ਇਸ ਖੋਹੀ ਸੰਸਥਾ ਦਾ ਹਾਲ 184
੧੦੫. ਜਿਨ ਪਟੁ ਅੰਦਰਿ ਬਾਹਰਿ ਗੁਦੜੁ 185
੧੦੬. ਅਜੀਬ ਕਿਸਮ ਦਾ ਤੋਹਫ਼ਾ 187
੧੦੭. ਮਨੁੱਖਤਾ ਦਾ ਦਰਦ ਤੇ ਅਵਾਰਡ ਵਾਪਸ 189
੧੦੮. ਅਨੋਖੀ ਯਾਦਗਾਰ 193
੧੦੯. ਭਗਤ ਜੀ ਬਿਮਾਰ 195
੧੧੦. ਡਾ: ਇੰਦਰਜੀਤ ਕੌਰ ਜੀ ਮੁਖੀ 196
੧੧੧. ਜਾਇ ਸੁਤੇ ਜੀਰਾਣਿ 196
੧੧੨. ਭਗਤ ਪੂਰਨ ਸਿੰਘ ਜੀ ਦੀ ਸ਼ਖ਼ਸੀਅਤ 198
੧੧੩. ਪਿਆਰਾ ਸਿੰਘ ਦਾ ਚੜ੍ਹਾਈ ਕਰਨਾ 203
੧੧੪. ਭਗਤ ਪੂਰਨ ਸਿੰਘ ਜੀ ਤੋਂ ਮਗਰੋਂ 204
੧੧੫. ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ 207

## ਦੋ ਸ਼ਬਦ

ਭਾਈ ਅਮਰੀਕ ਸਿੰਘ ਜੀ ਕਥਾ-ਵਾਚਕ ਤਾਂ ਹਨ ਹੀ, ਪਰ ਖੋਜ ਵਿੱਚ ਉਹਨਾਂ ਦੀ ਖ਼ਾਸ ਦਿਲਚਸਪੀ ਹੈ। ਉਹ ਬਾਬਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਰੋਪੜ (ਚੌਂਤਾ ਕਲਾਂ) ਦੇ ਵਿਦਿਆਰਥੀ ਹਨ। ਉਹ ਰੱਬ ਨੂੰ ਪਿਆਰ ਕਰਨ ਵਾਲੇ ਅਤੇ ਮੇਰੇ ਮੁਤਾਬਿਕ ਸੱਚ 'ਤੇ ਪਹਿਰਾ ਦੇਣ ਵਾਲੇ ਵਿਅਕਤੀ ਹਨ। ਪਿਛਲੇ 5 ਅਗਸਤ 2018 ਨੂੰ ਸਤਿਕਾਰ ਯੋਗ ਭਗਤ ਪੂਰਨ ਸਿੰਘ ਜੀ ਦੀ 26ਵੀਂ ਬਰਸੀ ਤੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਏ। ਭਗਤ ਜੀ ਨੂੰ ਭਾਵ-ਪੂਰਵਕ ਸ਼ਰਧਾਂਜਲੀ ਕਥਾ ਦੇ ਰੂਪ ਵਿੱਚ ਦਿੱਤੀ। ਬਾਅਦ ਵਿੱਚ ਬਚਨ ਬਿਲਾਸ ਹੋਏ ਤਾਂ ਉਹਨਾਂ ਨੇ ਗਿਲਾ ਕੀਤਾ ਕਿ ਭਗਤ ਜੀ ਦੀ ਪੂਰੀ ਜੀਵਨੀ ਬਾਰੇ ਕੋਈ ਕਿਤਾਬ ਮੈਨੂੰ ਨਹੀਂ ਮਿਲ ਸਕੀ। ਭਗਤ ਜੀ ਦੇ ਲੇਖਾਂ ਦੀਆਂ ਚਾਰ ਕਿਤਾਬਾਂ ਪਿੰਗਲਵਾੜਾ ਸੰਸਥਾ ਨੇ ਛਾਪੀਆਂ ਹੋਈਆਂ ਹਨ ਉਹ ਉਹਨਾਂ ਨੂੰ ਭੇਟਾ ਕੀਤੀਆਂ ਅਤੇ ਖੋਜ ਕਰਕੇ ਪੂਰੀ ਜੀਵਨੀ ਲਿਖਣ ਦੀ ਸੇਵਾ ਵੀ ਉਹਨਾਂ ਨੂੰ ਸੌਂਪ ਦਿੱਤੀ। ਭਾਈ ਸਾਹਿਬ ਵਧੀਆ ਲਿਖਾਰੀ ਹਨ। ਉਹਨਾਂ ਨੇ ਹੋਰ ਬਹੁਤ ਸਾਰੀਆਂ ਕਿਤਾਬਾਂ ਖੋਜ ਕਰਕੇ ਲਿਖੀਆਂ ਹਨ। ਖੋਜੀ ਸੁਭਾਅ ਹੋਣ ਕਰਕੇ ਸਾਡੇ ਵਿਚਕਾਰ ਕਈ ਮਿਲਣੀਆਂ ਹੋਈਆਂ। ਕਈ ਵਾਰੀ ਟੈਲੀਫ਼ੋਨ 'ਤੇ ਵੀ ਵਿਚਾਰਾਂ ਹੋਈਆਂ। ਫਿਰ ਉਹਨਾਂ ਨੇ ਅੰਮ੍ਰਿਤਸਰ ਵਿੱਚ ਉਹ ਸਾਰੀਆਂ ਥਾਵਾਂ ਵੇਖੀਆਂ ਜਿੱਥੇ ਭਗਤ ਜੀ ਨੇ ਸੇਵਾ ਕੀਤੀ, ਕਿਉਂਕਿ ਦਸ ਸਾਲ ਪਿੰਗਲਵਾੜਾ ਸੰਸਥਾ ਸੜਕਾਂ ਦੇ ਕਿਨਾਰੇ, ਕਦੀ ਅੰਮ੍ਰਿਤਸਰ ਸਟੇਸ਼ਨ ਦੇ ਬਾਹਰ ਪੈਦਲ ਚੱਲਣ ਵਾਸਤੇ ਬਣਾਏ ਰਸਤੇ 'ਤੇ, ਕਦੀ ਚੀਫ਼ ਖ਼ਾਲਸਾ ਦੀਵਾਨ ਦੇ ਸਾਹਮਣੇ, ਕਦੇ ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਬਾਹਰ ਝੁੱਗੀਆਂ ਵਿੱਚ ਅਤੇ ਕਦੇ ਖ਼ਾਲੀ ਪਏ ਇੰਦਰ ਪੈਲਿਸ ਸਿਨੇਮਾ ਵਿੱਚ ਚੱਲਦਾ ਰਿਹਾ। 1957 ਵਿੱਚ ਜਾ ਕੇ ਇਸ ਸੰਸਥਾ ਦਾ ਮੂੰਹ-ਸਿਰ ਬਣਿਆ। ਦਰਅਸਲ ਭਾਈ ਸਾਹਿਬ ਭਗਤ ਜੀ ਦਾ ਔਕੜਾਂ ਭਰਿਆ ਬਿਖ਼ਮ ਮਾਰਗ ਦਾ ਅੰਦਾਜ਼ਾ ਲਗਾਉਣਾ ਚਾਹੁੰਦੇ ਸਨ।

ਇਸ ਕਿਤਾਬ ਵਿੱਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਦਾ ਵੇਰਵਾ ਹੈ ਜਿਹੜਾ ਪਹਿਲਾਂ ਕਦੇ ਕਿਸੇ ਕਿਤਾਬ ਵਿੱਚ ਨਹੀਂ ਛਪਿਆ। ਪਿੰਗਲਵਾੜਾ ਸੰਸਥਾ ਕੋਲ ਭਗਤ ਜੀ ਬਾਰੇ ਜੋ ਵੀ ਜਾਣਕਾਰੀ ਸੀ ਉਹ ਭਾਈ ਸਾਹਿਬ ਨੂੰ ਦਿੱਤੀ ਗਈ।

ਭਗਤ ਜੀ ਨੇ ਜ਼ਿੰਦਗੀ ਵਿੱਚ ਵਡਮੁੱਲੀ ਸੇਧ ਗੁਰਬਾਣੀ ਤੋਂ ਲਈ ਸੀ। ਸੋ ਭਾਈ ਸਾਹਿਬ ਨੇ ਆਪਣੀ ਗੁਰਬਾਣੀ ਦੇ ਗਿਆਨ ਨਾਲ ਅਨੇਕਾਂ ਘਟਨਾਵਾਂ ਨੂੰ ਸ਼ਿੰਗਾਰਿਆ ਹੈ।

ਪਿੰਗਲਵਾੜਾ ਸੰਸਥਾ ਅਤੇ ਖ਼ਾਸ ਕਰਕੇ ਮੈਂ, ਭਾਈ ਸਾਹਿਬ ਦੀ ਅਤਿ ਧੰਨਵਾਦੀ ਹਾਂ ਕਿ ਉਹਨਾਂ ਦੀ ਇਕ ਸਾਲ ਦੀ ਮਿਹਨਤ ਦੇ ਫਲਸਰੂਪ ਇਹ ਕਿਤਾਬ ਸੰਪੂਰਨ ਹੋਈ ਹੈ। ਭਗਤ ਪੂਰਨ ਸਿੰਘ ਪ੍ਰਿੰਟਿੰਗ ਪ੍ਰੈੱਸ ਇਹ ਕਿਤਾਬ ਛਾਪ ਕੇ ਮਾਣ ਮਹਿਸੂਸ ਕਰਦੀ ਹੈ। ਸੰਸਥਾ ਸੰਗਤਾਂ ਦੀ ਧੰਨਵਾਦੀ ਹੈ ਜੋ ਹਮੇਸ਼ਾਂ ਆਪਣੇ ਅਸੀਸਾਂ ਭਰੇ ਹੱਥ ਨਾਲ ਸੰਸਥਾ ਨੂੰ ਨਿਵਾਜਦੀਆਂ ਹਨ ਅਤੇ ਸੰਸਥਾ ਇਹੋ ਜਿਹੀਆਂ ਕਿਤਾਬਾਂ ਛਾਪ ਕੇ ਸੰਗਤਾਂ ਨੂੰ ਭੇਟ ਕਰਨ ਦੇ ਸਮੱਰਥ ਹੋ ਸਕਦੀ ਹੈ।

**ਡਾ. ਇੰਦਰਜੀਤ ਕੌਰ**
**ਮੁੱਖ ਸੇਵਿਕਾ**



## ਮੁੱਖ-ਬੰਦ

ਸੰਨ ੨੦੧੮ ਦੇ ਅਕਤੂਬਰ ਮਹੀਨੇ, ਭਗਤ ਪੂਰਨ ਸਿੰਘ ਜੀ ਦੀ ਯਾਦ ਵਿੱਚ ਪਿੰਗਲਵਾੜੇ ਵਿਖੇ ਹੋਏ ਸਮਾਗਮ ਵਿੱਚ, ਦਾਸ ਨੂੰ ਕਥਾ ਦੀ ਹਾਜ਼ਰੀ ਭਰਨ ਲਈ ਹੁਕਮ ਮਿਲਿਆ। ਭਗਤ ਪੂਰਨ ਸਿੰਘ ਜੀ ਦੀ ਜ਼ਿੰਦਗੀ ਦਾ ਤਾਂ ਮੇਰੇ 'ਤੇ ਪਹਿਲਾਂ ਵੀ ਕਾਫ਼ੀ ਪ੍ਰਭਾਵ ਸੀ, ਇਹੋ ਕਾਰਨ ਸੀ ਕਿ ਦਾਸ ਨੇ ਦਰਬਾਰ ਸਾਹਿਬ ਮੰਜੀ ਸਾਹਿਬ ਵਿਖੇ ਵੀ ਕਥਾ ਦੀ ਹਾਜ਼ਰੀ ਭਰਦਿਆਂ ਕਈ ਵਾਰੀ ਉਨ੍ਹਾਂ ਬਾਰੇ ਜ਼ਿਕਰ ਕੀਤਾ ਸੀ। ਇਸ ਕਰਕੇ ਭਗਤ ਜੀ ਬਾਰੇ ਥੋੜ੍ਹਾ ਬਹੁਤ ਪੜ੍ਹਿਆ ਵੀ ਹੋਇਆ ਸੀ। ਮੇਰੇ ਮਨ ਦੀ ਰੀਝ ਸੀ ਕਿ ਮੈਂ ਚੰਗੀ ਤਰ੍ਹਾਂ ਉਨ੍ਹਾਂ ਦੇ ਜੀਵਨ ਬਾਰੇ ਪੜ੍ਹ ਕੇ ਜਾਵਾਂ। ਕਈ ਕਿਤਾਬਾਂ ਦੀ ਘੋਖ ਪੜਤਾਲ ਕੀਤੀ, ਪਰ ਇਨ੍ਹਾਂ ਕਿਤਾਬਾਂ ਵਿੱਚ ਭਗਤ ਜੀ ਨੂੰ ਮਿਲਣ ਵਾਲੇ ਲੋਕਾਂ ਨੇ ਆਪਣੀਆਂ ਮਿਲਣੀਆਂ ਵੇਲੇ ਹੀ ਜੋ ਕੁਝ ਭਗਤ ਜੀ ਬਾਰੇ ਜਾਣਿਆ ਜਾਂ ਮਹਿਸੂਸ ਕੀਤਾ ਸੀ, ਉਹੋ ਕੁਝ ਹੀ ਪਿਆਰ ਤੇ ਸਤਿਕਾਰ ਦੀ ਭਾਵਨਾ ਤਹਿਤ ਲਿਖਿਆ ਹੋਇਆ ਸੀ, ਜਿਸ ਕਰਕੇ ਅਸਲੀਅਤ 'ਤੇ ਕਈ ਤਰ੍ਹਾਂ ਦੇ ਪਰਦੇ ਪਏ ਹੋਏ ਸਨ। ਜਿਵੇਂ ਕਿਵੇਂ ਵੀ ਕਰਕੇ ਕਥਾ ਤਾਂ ਹੋ ਗਈ, ਪਰ ਮੇਰੇ ਮਨ ਦੀ ਭਗਤ ਜੀ ਬਾਰੇ ਹੋਰ ਕੁਝ ਪੜ੍ਹਨ ਦੀ ਤਾਂਘ ਬਾਕੀ ਸੀ। ਕਥਾ ਤੋਂ ਮਗਰੋਂ ਦਾਸ, ਬੀਬੀ ਇੰਦਰਜੀਤ ਕੌਰ ਜੀ ਨੂੰ ਮਿਲਿਆ। ਉਹਨਾਂ ਨਾਲ ਪਹਿਲੀ ਮਿਲਣੀ ਹੋਣ ਕਾਰਨ ਨਾਵਾਕਫ਼ਪੁਣੇ ਦੀ ਇਕ ਦੂਰੀ ਸੀ, ਪਰ ਡਾਕਟਰ ਸਾਹਿਬ ਜੀ ਦੇ ਮਿਲਾਪੜੇ ਸੁਭਾਅ ਨੇ ਇਹ ਦੂਰੀ ਚੰਦ ਗੱਲਾਂ ਨਾਲ ਹੀ ਖ਼ਤਮ ਕਰਕੇ, ਇੱਕ ਭੈਣ ਭਰਾਵਾਂ ਵਾਲਾ ਨਿੱਘਾ ਜਿਹਾ ਰਿਸ਼ਤਾ ਬਣਾ ਲਿਆ। ਇਸ ਕਰਕੇ ਫਿਰ ਮੈਂ ਖੁੱਲ੍ਹ ਕੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਮੈਨੂੰ ਕੋਈ ਉਨ੍ਹਾਂ ਦੇ ਜੀਵਨ ਦੀ ਅਸਲੀਅਤ ਦੇ ਨੇੜੇ ਦੀ ਲਿਖੀ ਕਿਤਾਬ ਬਾਰੇ ਦੱਸੋ, ਜਿਸ ਕਿਤਾਬ ਵਿੱਚ ਝਲਕਾਂ ਨਹੀਂ ਸਗੋਂ ਖੋਜ ਬੀਨ ਕਰਕੇ ਸਾਰਾ ਜੀਵਨ ਲਿਖਿਆ ਹੋਇਆ ਹੋਵੇ। ਡਾਕਟਰ ਇੰਦਰਜੀਤ ਕੌਰ ਜੀ ਨੇ ਕਿਹਾ ਕਿ ਐਸੀ ਕੋਈ ਕਿਤਾਬ ਨਹੀਂ ਹੈ। ਦਾਸ ਨੇ ਫਿਰ ਬੇਨਤੀ ਕੀਤੀ ਕਿ ਤੁਸੀਂ ਕਿਰਪਾ ਕਰਕੇ ਕਿਸੇ ਵਿਦਵਾਨ ਤੋਂ ਇਹ ਜੀਵਨੀ ਜ਼ਰੂਰ ਲਿਖਵਾਉ। ਡਾਕਟਰ ਸਾਹਿਬ ਜੀ ਨੇ ਮੈਨੂੰ ਹੀ ਹੁਕਮ ਕਰ ਦਿੱਤਾ। ਮੇਰੀ ਔਕਾਤ ਨੇ ਤਾਂ ਮੈਨੂੰ ਝੰਜੋੜ ਦਿੱਤਾ ਸੀ ਪਰ ਇਸ ਸੇਵਾ ਨੂੰ ਕਰਕੇ ਪੁੰਨ ਖੱਟਣ ਦੀ ਪ੍ਰੇਰਨਾ ਨੇ ਮੈਨੂੰ ਇਹ ਜੀਵਨੀ ਲਿਖਣ 'ਤੇ ਲਾ ਦਿੱਤਾ। ਡਾਕਟਰ ਇੰਦਰਜੀਤ ਕੌਰ ਜੀ ਨੂੰ ਕਹਿ ਕੇ ਸਾਰੇ ਪਾਸਿਆਂ ਤੋਂ ਉਨ੍ਹਾਂ ਦੇ ਬਾਰੇ ਵਿੱਚ ਸਾਹਿਤ ਇਕੱਠਾ ਕੀਤਾ। ਉਸ ਵਿੱਚ ਡਾਕਟਰ ਸਾਹਿਬ ਜੀ ਦੀਆਂ ਆਪਣੀਆਂ ਲਿਖਤਾਂ ਵੀ ਤੇ ਹੋਰ ਵਿਦਵਾਨਾਂ ਦੀਆਂ ਲਿਖਤਾਂ ਦੇ ਸਮੇਤ ਤੇ ਕੁਝ ਉਹ ਦਸਤਾਵੇਜ਼ ਮਿਲੇ ਜਿਹੜੇ ਪਹਿਲਾਂ ਕਿਸੇ ਕਿਤਾਬ ਵਿੱਚ ਨਹੀਂ ਆ ਸਕੇ ਸਨ। (ਇਹ ਭਗਤ ਜੀ ਨੇ ਕਿਸੇ

ਦੇ ਕਹਿਣ ਤੇ ਉਨ੍ਹਾਂ ਨੂੰ ਕੁਝ ਦੁੱਖਾਂ ਭਰੇ ਸਮੇਂ ਦੀਆਂ ਹੱਡ ਬੀਤੀਆਂ ਗੱਲਾਂ ਲਿਖ ਕੇ ਦਿੱਤੀਆਂ ਸਨ)। ਇਹ ਸਭ ਕੁਝ ਡਾਕਟਰ ਇੰਦਰਜੀਤ ਕੌਰ ਜੀ, ਮੁਖਤਾਰ ਸਿੰਘ ਗੁਰਾਇਆ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਦੇ ਵਾਈਸ-ਪ੍ਰਿੰਸੀਪਲ ਮਨਿੰਦਰਪਾਲ ਸਿੰਘ ਜੀ, ਅਮਰਜੀਤ ਸਿੰਘ ਜੀ ਵਾਈਸ-ਚੇਅਰਮੈਨ ਦੇ ਸਹਿਯੋਗ ਨਾਲ ਹੀ ਹੋ ਸਕਿਆ ਹੈ। ਇਸ ਸਾਰੇ ਸਾਹਿਤ ਨੂੰ ਕਾਫ਼ੀ ਲਗਨ ਨਾਲ ਪੜ੍ਹ ਕੇ ਉਸ ਵਿੱਚੋਂ ਹਵਾਲੇ ਦੇ ਕੇ ਸਭ ਕੁਝ ਲਿਖਿਆ ਹੈ।

ਆਮ ਕਰਕੇ ਧਰਮ ਦੀ ਦੁਨੀਆਂ ਵਿੱਚ ਇਹ ਸਿਖਾਇਆ ਜਾਂਦਾ ਹੈ ਕਿ ਜਦੋਂ ਵੀ ਕੋਈ ਮੁਸੀਬਤ ਹੋਵੇ ਤਾਂ ਕੋਈ ਅਰਸ਼ੀ ਦੇਵਤਾ ਆਉਂਦਾ ਹੈ। ਉਹ ਸਾਡੀਆਂ ਮੁਸ਼ਕਲਾਂ ਹੱਲ ਕਰਕੇ ਚਲਾ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਕਿਸੇ ਅਰਸ਼ੀ ਦੇਵਤੇ ਦੀ ਥਾਂ 'ਤੇ ਮਾਣਸ ਨੂੰ ਹੀ ਦੇਵਤਾ ਬਣਾਇਆ ਸੀ। ਸਾਨੂੰ ਇਹ ਸਿਖਾਇਆ ਸੀ ਕਿ ਅਸੀਂ ਆਪਣੇ ਆਸ-ਪਾਸ ਝਾਤ ਮਾਰੀਏ ਤਾਂ ਸਾਨੂੰ ਕਈ ਰੱਬੀ ਰੂਹਾਂ ਅਸਲ ਵਿੱਚ ਦੇਵਤੇ ਰੂਪ ਲੱਭ ਜਾਣਗੇ। ਸੰਸਾਰ ਅੰਦਰ ਅਜਿਹੇ ਕਈ ਰੱਬੀ ਪਿਆਰੇ ਹੋਏ ਹਨ, ਜਿਨ੍ਹਾਂ ਨੇ ਇਨਸਾਨੀਅਤ ਦੇ ਫ਼ਰਜ਼ ਨੂੰ ਪਹਿਚਾਣ ਕੇ ਸੇਵਾ ਕੀਤੀ ਹੈ। ਆਪਾਂ ਸਾਰਿਆਂ ਦਾ ਤਾਂ ਨਹੀਂ ਪਰ ਕੁਝ ਇਸ਼ਾਰੇ ਮਾਤਰ ਜ਼ਿਕਰ ਕਰਦੇ ਹਾਂ।

ਇੱਕ ਮਹਾਰਾਸ਼ਟਰ ਵਿੱਚ ਸਿੰਧੂ ਤਾਈ ਨਾਮ ਦੀ ਬੀਬੀ ਹੈ। ਇਸ ਦੇ ਜਨਮ ਵੇਲੇ ਹੀ ਘਰ ਵਿੱਚ ਸੋਗ ਮਨਾਇਆ ਗਿਆ ਸੀ। ਛੋਟੀ ਜਿਹੀ ਉਮਰ ਵਿੱਚ ਹੀ ਸਿੰਧੂ ਤਾਈ ਦੀ ਸ਼ਾਦੀ ਬਹੁਤ ਵਡੇਰੀ ਉਮਰ ਵਾਲੇ ਬੰਦੇ ਨਾਲ ਕਰ ਦਿੱਤੀ ਗਈ ਸੀ। ਉਸ ਨੇ ਵੀ ਸਿੰਧੂ ਤਾਈ ਨੂੰ ਮਾਰਨਾ ਕੁੱਟਣਾ ਅਤੇ ਕਈ ਤਰ੍ਹਾਂ ਨਾਲ ਕਹਿਰ ਕਰਨਾ। ਸਿੰਧੂ ਤਾਈ ਇਹ ਸਭ ਕੁਝ ਬਰਦਾਸ਼ਤ ਕਰਦੀ ਰਹੀ। ਘਰ ਵਿੱਚ ਗ਼ਰੀਬੀ ਬਹੁਤ ਸੀ ਤੇ ਸਿੰਧੂ ਤਾਈ ਦੇ ਪੇਟ ਵਿੱਚ ਨੌਂ ਮਹੀਨੇ ਦਾ ਬੱਚਾ ਵੀ ਪਲ ਰਿਹਾ ਸੀ। ਪਤੀ ਗਾਵਾਂ ਚਾਰਦੇ ਸਨ ਤੇ ਗਾਵਾਂ ਚਾਰਨ ਦੇ ਬਦਲੇ ਕੁਝ ਖ਼ਾਸ ਮਿਲਦਾ ਵੀ ਨਹੀਂ ਸੀ। ਜਦੋਂ ਸਿੰਧੂ ਤਾਈ ਨੇ ਆਪਣੀ ਮਿਹਨਤ ਮਜ਼ਦੂਰੀ ਮੰਗੀ ਤਾਂ ਉਨ੍ਹਾਂ ਉਲਟਾ ਇਹ ਦੋਸ਼ ਲਾ ਦਿੱਤਾ ਸੀ ਕਿ ਇਹ ਪੇਟ ਵਿੱਚ ਪਲ ਰਿਹਾ ਬੱਚਾ ਮੇਰਾ ਹੀ ਹੈ। ਸਿੰਧੂ ਤਾਈ ਦੇ ਪਤੀ ਨੇ ਚੰਗੀ ਕੁੱਟ ਮਾਰ ਕਰਕੇ ਘਰੋਂ ਕੱਢ ਦਿੱਤਾ। ਰਸਤੇ ਵਿੱਚ ਤੁਰੀ ਜਾਂਦੀ ਨੂੰ ਦਰਦਾਂ ਹੋਈਆਂ ਪਰ ਕੋਈ ਮਦਦ ਕਰਨ ਵਾਲਾ ਨਹੀਂ ਸੀ। ਆਪ ਹੀ ਸੜਕ ਦੇ ਕਿਨਾਰੇ ਇੱਕ ਬੱਚੀ ਨੂੰ ਜਨਮ ਦਿੱਤਾ। ਇੱਥੋਂ ਤਕ ਕਿ ਬੱਚੀ ਤੇ ਮਾਂ ਦੀ ਸਾਂਝ ਵਾਲਾ ਨਾੜੂ ਵੀ ਦੋ ਪੱਥਰ ਲੈ ਕੇ ਇੱਕ ਪੱਥਰ ਥੱਲੇ ਰੱਖਿਆ ਤੇ ਦੂਜੇ ਪੱਥਰ ਨਾਲ ਸੋਲਾਂ ਵਾਰੀ ਸੱਟਾਂ ਮਾਰ-ਮਾਰ ਕੇ ਕੱਟਿਆ।

ਸਿੰਧੂ ਤਾਈ ਬੱਚੀ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ ਪਰ ਉਨ੍ਹਾਂ ਨੇ ਵੀ ਸਵੀਕਾਰ ਨਹੀਂ ਕੀਤਾ ਤੇ ਵਾਪਸ ਸਹੁਰੇ ਘਰ ਜਾਣ ਲਈ ਕਿਹਾ। ਹੁਣ ਸਿੰਧੂ ਤਾਈ ਕੋਲ ਕੋਈ ਰਸਤਾ ਨਹੀਂ ਸੀ। ਇੱਕ ਦੋ ਦਿਨ ਮੰਗ ਕੇ ਖਾ ਲਿਆ ਸੀ। ਆਪਣੀ ਬੱਚੀ ਨੂੰ ਨਾਲ ਲੈ ਕੇ ਮਰਨ ਦਾ ਮਨ ਬਣਾ ਲਿਆ ਤੇ ਬੱਚੀ ਨੂੰ ਆਪਣੇ ਨਾਲ ਘੁੱਟ ਕੇ ਬੰਨ੍ਹ ਲਿਆ, ਤਾਂ ਕਿ ਮਾਂ ਧੀ ਦੀ ਮੌਤ ਇਕੱਠੀ ਹੋ ਸਕੇ।



ਸਿੰਧੂ ਤਾਈ ਜਾ ਹੀ ਰਹੀ ਸੀ ਕਿ ਉਸ ਦੇ ਕੰਨਾਂ ਵਿੱਚ ਬੜੀ ਦਰਦ ਭਰੀ ਅਵਾਜ਼ ਪਈ। ਕੋਈ ਬਹੁਤ ਦੁੱਖ ਨਾਲ ਤੜਫ਼ ਰਿਹਾ ਸੀ ਤੇ ਦੋ ਘੁੱਟਾਂ ਪਾਣੀ ਦੀ ਮੰਗ ਕਰ ਰਿਹਾ ਸੀ। ਸਿੰਧੂ ਤਾਈ ਦੇ ਮਨ ਵਿੱਚ ਗੱਲ ਆਈ ਕਿ ਮੈਂ ਤਾਂ ਮਰ ਹੀ ਰਹੀ ਹਾਂ ਪਰ ਕੋਈ ਚੰਗਾ ਕੰਮ ਕਰਕੇ ਮਰ ਜਾਂਦੀ ਹਾਂ। ਜਦੋਂ ਉਸ ਦੇ ਕੋਲ ਜਾ ਕੇ ਦੇਖਿਆ ਤਾਂ ਉਹ ਤੇਜ਼ ਬੁਖ਼ਾਰ ਨਾਲ ਬਹੁਤ ਤੜਫ ਰਿਹਾ ਸੀ। ਉਸ ਨੂੰ ਪਾਣੀ ਲਿਆ ਕੇ ਦਿੱਤਾ ਤੇ ਨਾਲ ਹੀ ਆਪਣੇ ਵਾਸਤੇ ਮੰਗੀ ਹੋਈ ਰੋਟੀ ਦਾ ਟੁੱਕੜਾ ਵੀ ਦਿੱਤਾ। ਉਸ ਬਜ਼ੁਰਗ ਨੂੰ ਕੁਝ ਸਹਾਰਾ ਮਿਲਿਆ। ਇਹ ਦੇਖ ਕੇ ਸਿੰਧੂ ਤਾਈ ਨੇ ਇੱਕ ਦੋ ਦਿਨ ਇਸ ਦੀ ਸੇਵਾ ਕਰਕੇ ਨਾ ਮਰਨ ਦਾ ਮਨ ਬਣਾ ਲਿਆ ਸੀ। ਇਨ੍ਹਾਂ ਦਿਨਾਂ ਵਿੱਚ ਹੀ ਜਦੋਂ ਉਹ ਰੇਲਵੇ ਸਟੇਸ਼ਨ 'ਤੇ ਮੰਗਦੀ ਸੀ ਤਾਂ ਉਸ ਨੂੰ ਹੋਰ ਵੀ ਕਈ ਅਨਾਥ ਬੱਚੇ ਮੰਗਦੇ ਮਿਲੇ। ਸਿੰਧੂ ਤਾਈ ਆਪਣੇ ਮੰਗੇ ਹੋਏ ਵਿੱਚੋਂ ਕੁਝ ਇਨ੍ਹਾਂ ਬੱਚਿਆਂ ਨੂੰ ਵੀ ਦੇਣ ਲੱਗ ਗਈ ਸੀ। ਇਨ੍ਹਾਂ ਬੱਚਿਆਂ ਦੇ ਖ਼ਿਆਲ ਨੇ ਉਸ ਨੂੰ ਜੀਵਨ ਦੀ ਇੱਕ ਨਵੀਂ ਉਮੰਗ ਦੇ ਦਿੱਤੀ। ਉਸ ਨੇ ਮਰਨ ਦਾ ਖ਼ਿਆਲ ਛੱਡ ਹੀ ਦਿੱਤਾ ਤੇ ਇਨ੍ਹਾਂ ਬੱਚਿਆਂ ਦੀ ਖ਼ਾਤਰ ਜਿਊਣ ਦਾ ਸੰਕਲਪ ਬਣਾ ਲਿਆ। ਉਹ ਹਰ ਰੋਜ਼ ਰੇਲਵੇ ਸਟੇਸ਼ਨਾਂ 'ਤੇ ਮੰਗਦੀ ਤੇ ਇਨ੍ਹਾਂ ਬੱਚਿਆਂ ਨੂੰ ਖੁਆ ਦਿੰਦੀ ਸੀ। ਰਾਤ ਨੂੰ ਚੰਦਰੇ ਸਮਾਜ ਦੇ ਡਰੋਂ ਸ਼ਮਸ਼ਾਨ ਘਾਟ ਵਿੱਚ ਜਾ ਕੇ ਸੌਂ ਜਾਂਦੀ ਸੀ। ਸਿੰਧੂ ਤਾਈ ਨੂੰ ਇਹ ਪਤਾ ਸੀ ਕਿ ਸ਼ਮਸ਼ਾਨ ਘਾਟ ਤੋਂ ਲੋਕ ਡਰਦੇ ਹਨ ਤੇ ਇੱਥੇ ਕੋਈ ਪਤਿ ਦਾ ਲੁਟੇਰਾ ਨਹੀਂ ਆਏਗਾ। ਇੱਥੋਂ ਸ਼ਮਸ਼ਾਨ ਘਾਟ ਤੋਂ ਹੀ ਮੁਰਦਿਆਂ ਦੇ ਉਤਾਰੇ ਹੋਏ ਕੱਪੜੇ ਮਿਲ ਜਾਂਦੇ ਸਨ। ਇਨ੍ਹਾਂ ਕੱਪੜਿਆਂ ਨੂੰ ਪਹਿਨ ਕੇ ਸਿੰਧੂ ਤਾਈ ਗੁਜ਼ਾਰਾ ਕਰ ਲੈਂਦੀ ਸੀ। ਹੌਲੀ-ਹੌਲੀ ਉਸ ਦਾ ਇਹ ਅਨਾਥ ਬੱਚਿਆਂ ਦਾ ਪਰਿਵਾਰ ਵੀ ਵੱਡਾ ਹੋਣ ਲੱਗਾ। ਸਿੰਧੂ ਤਾਈ ਨੇ ਆਪਣੇ ਇਸ ਪਰਿਵਾਰ ਨੂੰ ਸਾਂਭਣਾ ਸ਼ੁਰੂ ਕਰ ਦਿੱਤਾ। ਉਸ ਨੇ ਇੱਕ ਵਿਚਾਰ ਇਹ ਵੀ ਕੀਤਾ ਕਿ ਪਹਿਲਾਂ ਤਾਂ ਆਪਣੀ ਹੀ ਧੀ ਨੂੰ ਕਿਸੇ ਹੋਰ ਅਨਾਥ ਆਸ਼ਰਮ ਵਿੱਚ ਛੱਡ ਕੇ ਆਵੇ। ਸਿੰਧੂ ਤਾਈ ਦੇ ਅੰਦਰ ਬੈਠੀ ਮਾਂ ਕਿੱਧਰੇ ਇਨ੍ਹਾਂ ਅਨਾਥ ਬੱਚਿਆਂ ਅਤੇ ਆਪਣੀ ਧੀ ਵਿੱਚ ਕੋਈ ਵਿਤਕਰਾ ਨਾ ਪਾ ਦੇਵੇ। ਉਸ ਨੇ ਆਪਣੀ ਬੱਚੀ ਪੂਨੇ ਦੇ ਅਨਾਥ ਆਸ਼ਰਮ ਵਿੱਚ ਛੱਡ ਦਿੱਤੀ ਤੇ ਆਪ ਬਾਕੀ ਅਨਾਥ ਬੱਚਿਆਂ ਦੀ ਪਰਵਰਿਸ਼ ਕਰਨ ਲੱਗ ਗਈ।

ਇਸ ਗੱਲ ਦੀ ਆਮ ਚਰਚਾ ਹੋਣ ਲੱਗ ਪਈ ਕਿ ਇੱਕ ਮੰਗਤੀ ਲੋਕਾਂ ਕੋਲੋਂ ਮੰਗ ਕੇ ਸੈਂਕੜੇ ਮੰਗਤਿਆਂ ਨੂੰ ਖੁਆ ਰਹੀ ਹੈ। ਇਹ ਚਰਚਾ ਕਈ ਤਰ੍ਹਾਂ ਦੀਆਂ ਜੱਥੇਬੰਦੀਆਂ ਕੋਲ ਗਈ। ਲੋਕ ਇਸ ਨੂੰ ਖੁੱਲ੍ਹ ਕੇ ਦਾਨ ਦੇਣ ਲੱਗ ਪਏ ਸਨ। ਇਸ ਸਿੰਧੂ ਤਾਈ ਦਾ ਇੱਕ ਵੱਡਾ ਸਾਰਾ ਆਸ਼ਰਮ ਬਣ ਗਿਆ। ਸਿੰਧੂ ਤਾਈ ਨੇ ਇਨ੍ਹਾਂ ਬੱਚਿਆਂ ਨੂੰ ਪੜ੍ਹਾਉਣ ਦਾ ਪ੍ਰਬੰਧ ਵੀ ਕੀਤਾ। ਸਰਕਾਰਾਂ ਨੇ ਵੀ ਸਨਮਾਨਿਆ ਤੇ ਇਸ ਬੀਬੀ ਦੇ ਜੀਵਨ 'ਤੇ ਮਰਾਠੀ ਵਿੱਚ ਫ਼ਿਲਮਾਂ ਵੀ ਬਣੀਆਂ। ਇੱਕ ਦਿਨ ਇਸ ਦੇ ਆਸ਼ਰਮ ਦੇ ਸਾਹਮਣੇ ਕੋਈ ਬਜ਼ੁਰਗ ਬੜੀ ਬੁਰੀ ਜਿਹੀ

ਹਾਲਤ ਵਿੱਚ ਪਿਆ ਤੜਫ ਰਿਹਾ ਸੀ। ਸਿੰਧੂ ਤਾਈ ਨੇ ਇਸ ਨੂੰ ਅੰਦਰ ਲਿਜਾ ਕੇ ਸੇਵਾਦਾਰਾਂ ਦੀ ਮਦਦ ਨਾਲ ਨੁਹਾਇਆ ਧੁਆਇਆ ਤਾਂ ਪਹਿਚਾਣ ਆਈ। ਇਹ ਤਾਂ ਸਿੰਧੂ ਤਾਈ ਦਾ ਪਤੀ ਹੀ ਸੀ ਤੇ ਸਿੰਧੂ ਤਾਈ ਦੀਆਂ ਮਿੰਨਤਾਂ ਕਰ ਰਿਹਾ ਸੀ ਕਿ ਮੈਨੂੰ ਵੀ ਇਸ ਆਸ਼ਰਮ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ ਜਾਵੇ। ਸਿੰਧੂ ਤਾਈ ਨੂੰ ਤਰਸ ਆਇਆ ਤਾਂ ਉਸ ਨੇ ਕਿਹਾ ਕਿ ਤੁਸੀਂ ਰਹਿ ਤਾਂ ਸਕਦੇ ਹੋ ਪਰ ਮੈਂ ਹੁਣ ਇੱਥੇ ਸਾਰੇ ਰਹਿਣ ਵਾਲਿਆਂ ਦੀ ਮਾਂ ਹਾਂ। ਹੁਣ ਮੈਂ ਮਾਂ ਬਣ ਕੇ ਹੀ ਰਹਿਣਾ ਚਾਹੁੰਦੀ ਹਾਂ।ਇੱਥੇ ਹਰ ਰਹਿਣ ਵਾਲੇ ਨਾਲ ਮੇਰਾ ਰਿਸ਼ਤਾ ਸਿਰਫ਼ ਮਾਂ ਵਾਲਾ ਹੀ ਹੈ। ਅਜਿਹੀਆਂ ਮਹਾਨ ਸ਼ਖ਼ਸੀਅਤਾਂ ਨੂੰ ਮਨੁੱਖਤਾ ਸਲਾਮ ਕਰਦੀ ਹੈ। {ਦੇਖੋ, ਯੂ ਟਿਊਬ ਤੇ "ਇਸਤਰੀ ਸ਼ਕਤੀ" ਪ੍ਰੋਗਰਾਮ ਵਿੱਚ ਸਿੰਧੂ ਤਾਈ}।

ਦੂਜੀ ਮਿਸਾਲ ਵੀ ਕਮਾਲ ਦੀ ਹੈ। ਇਹ ਪਾਕਿਸਤਾਨ ਵਿੱਚ ਜੰਮੇ ਪਲੇ ਅਬਦੁਲ ਸਤਾਰ ਈਦੀ ਤੇ ਉਸ ਦੀ ਪਤਨੀ ਬਿਲਕੀਸ ਦੀ ਹੈ। ਈਦੀ ਚੰਗੇ ਅਮੀਰ ਘਰਾਣੇ ਵਿੱਚ ਜੰਮਿਆ ਪਲਿਆ ਸੀ। ਉਸ ਦੀ ਮਾਂ ਉਸ ਨੂੰ ਦੋ ਪੈਸੇ ਦਿਆ ਕਰਦੀ ਸੀ।ਨਾਲ ਕਹਿੰਦੀ ਸੀ ਕਿ ਇਸ ਵਿੱਚੋਂ ਇੱਕ ਪੈਸਾ ਤੇਰਾ ਹੈ ਤੇ ਦੂਜਾ ਕਿਸੇ ਲੋੜਵੰਦ ਨੂੰ ਦੇਖ ਕੇ ਦੇ ਦੇਵੀਂ। ਕਦੇ ਕਦਾਈਂ ਜਦੋਂ ਈਦੀ ਨੇ ਦੋ ਹੀ ਪੈਸੇ ਆਪਣੇ ਲਈ ਖ਼ਰਚ ਲੈਣੇ ਤਾਂ ਮਾਂ ਨੇ ਤਾੜਨਾ ਕਰਨੀ ਕਿ ਤੂੰ ਤਾਂ ਹੁਣੇ ਹੀ ਗ਼ਰੀਬਾਂ ਦਾ ਹੱਕ ਖਾਣ ਲੱਗ ਗਿਆ ਹੈਂ। ਇਹ ਗ਼ਰੀਬ ਮਾਰ ਕਰਨੀ ਚੰਗੀ ਨਹੀਂ ਹੁੰਦੀ। ਈਦੀ ਦੇ ਮਨ ਵਿੱਚ ਮਾਂ ਨੇ ਨਿੱਕੀ ਉਮਰ ਤੋਂ ਹੀ ਹਮਦਰਦੀ ਵਾਲਾ ਬੀਜ ਬੋ ਦਿੱਤਾ ਸੀ।

ਸੰਨ ੧੯੪੮ ਵਿੱਚ ਮੈਮਨਾਂ ਨੇ ਇੱਕ ਦਾਨ ਰਾਸ਼ੀ ਨਾਲ ਡਿਸਪੈਂਸਰੀ ਖੋਲ੍ਹੀ। ਉਸ ਵਿੱਚ ਵਲੰਟੀਅਰਾਂ ਦੀ ਲੋੜ ਸੀ। ਈਦੀ ਦੇ ਪਿਤਾ ਜੀ ਨੇ ਈਦੀ ਦਾ ਨਾਮ ਲਿਖਾ ਦਿੱਤਾ। ਇਸ ਡਿਸਪੈਂਸਰੀ ਵਿੱਚ ਬਾਕੀਆਂ ਨਾਲ ਹੁੰਦਾ ਵਿਤਕਰਾ ਦੇਖ ਕੇ ਤੇ ਬਾਕੀ ਕਮਜ਼ੋਰੀਆਂ ਦਾ ਵੀ ਈਦੀ ਨੇ ਪਰਦਾ ਫਾਸ਼ ਕਰ ਦਿੱਤਾ। ਉਸ ਨੇ ਆਪਣੇ ਪੈਸਿਆਂ ਦੀ ਬਚਤ ਕਰਕੇ ਮੀਠਾਦਾਰ ਵਿੱਚ ਡਿਸਪੈਂਸਰੀ ਖੋਲ੍ਹੀ। ਸਿੱਧੀਆਂ ਕੰਪਨੀ ਤੋਂ ਦਵਾਈਆਂ ਲੈਣੀਆਂ ਤੇ ਇਸ ਤਰ੍ਹਾਂ ਕੰਮ ਕਾਫ਼ੀ ਵਧਾ ਲਿਆ ਤੇ ਇੱਕ ਹੋਰ ਜੱਚਾ-ਬੱਚਾ ਕੇਂਦਰ ਖੋਲ੍ਹ ਦਿੱਤਾ। ਆਪਣੀਆਂ ਹੀ ਐਂਬੂਲੈਂਸਾਂ ਵੀ ਪਾ ਲਈਆਂ ਸਨ। ਕਈ ਸੁਆਰਥੀ ਲੋਕ ਈਦੀ ਦਾ ਬਹੁਤ ਵਿਰੋਧ ਕਰਦੇ ਸਨ, ਪਰ ਕਈ ਵਾਰੀ ਵਕਤ ਹੀ ਉਨ੍ਹਾਂ ਦੀਆਂ ਜ਼ਬਾਨਾਂ ਬੰਦ ਕਰ ਦਿੰਦਾ ਸੀ। ਇੱਕ ਸੇਠ ਈਦੀ ਦੀ ਬਹੁਤ ਵਿਰੋਧਤਾ ਕਰਦਾ ਸੀ। ਇੱਕ ਦਿਨ ਸੇਠ ਦਾ ਬੱਚਾ ਛੱਤ ਤੋਂ ਡਿੱਗ ਗਿਆ। ਉਸ ਕੋਲ ਜਲਦੀ ਹਸਪਤਾਲ ਲਿਜਾਣ ਦਾ ਕੋਈ ਸਾਧਨ ਨਾ ਹੋ ਸਕਿਆ। ਈਦੀ ਨੂੰ ਪਤਾ ਲੱਗਾ ਤਾਂ ਉਹ ਝੱਟ ਐਂਬੂਲੈਂਸ ਲੈ ਕੇ ਪਹੁੰਚ ਗਿਆ। ਉਸ ਨੇ ਪਹਿਲਾਂ ਬੱਚੇ ਨੂੰ ਛਾਤੀ ਨਾਲ ਲਾ ਕੇ ਪਿਆਰ ਦਿੱਤਾ ਤੇ ਨਾਲ ਹੀ ਹਸਪਤਾਲ ਲੈ ਕੇ ਦੌੜਿਆ। ਬੱਚਾ ਹਸਪਤਾਲ ਦਾਖ਼ਲ ਕਰਵਾ ਕੇ ਸਾਹ ਲਿਆ।

ਈਦੀ ਦੀ ਸੇਵਾ ਭਾਵਨਾ ਦੇਖ ਕੇ ਇੱਕ ਲੜਕੀ ਬਿਲਕੀਸ ਨੇ ਉਸ ਨਾਲ ਸ਼ਾਦੀ ਕਰਵਾ ਲਈ ਸੀ। ਕੁਝ ਸਮੇਂ ਮਗਰੋਂ ਈਦੀ ਦੇ ਘਰ ਇੱਕ ਬੱਚੀ



ਦਾ ਜਨਮ ਹੋਇਆ। ਜਦੋਂ ਇਹ ਬੱਚੀ ਜੁਆਨ ਹੋਈ ਤਾਂ ਇਸ ਦੀ ਸ਼ਾਦੀ ਕਰ ਦਿੱਤੀ। ਈਦੀ ਨੂੰ ਅੱਲਾ ਨੇ ਇੱਕ ਦੋਹਤਰੇ ਦੀ ਦਾਤ ਬਖਸ਼ੀ। ਉਸ ਦਾ ਨਾਮ ਬਿਲਾਲ ਰੱਖਿਆ। ਈਦੀ ਦੀ ਪ੍ਰਸਿੱਧੀ ਚਾਰੇ ਪਾਸੇ ਫੈਲ ਗਈ ਸੀ। ਰਾਜਨੀਤੀ ਦਾ ਗੰਦ ਧੋਣ ਲਈ ਉਸ ਨੇ ਇੱਕ ਪਾਰਲੀਮੈਂਟ ਦੀ ਚੋਣ ਵੀ ਲੜੀ ਤੇ ਸਫਲਤਾ ਪ੍ਰਾਪਤ ਕੀਤੀ। ਈਦੀ ਨੇ ਆਪਣਾ ਪਹਿਰਾਵਾ ਤੇ ਸੇਵਾ ਭਾਵਨਾ ਵਾਲਾ ਸੁਭਾਅ ਨਹੀਂ ਬਦਲਿਆ। ਇਸ ਕਰਕੇ ਉਸ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਸ ਨੇ ਪ੍ਰਵਾਹ ਨਾ ਮੰਨੀ। ਕੁਝ ਕੱਟੜ ਕਿਸਮ ਦੇ ਧਰਮੀ ਤੇ ਅਮੀਰੀ ਦੇ ਲਿਬਾਸ ਵਿੱਚ ਲੁਟੇਰੇ ਈਦੀ ਦਾ ਰੱਜ ਕੇ ਵਿਰੋਧ ਕਰਦੇ ਸਨ। ਉਨ੍ਹਾਂ ਦੇ ਕਿਰਦਾਰ 'ਤੇ ਵੀ ਕਈ ਤਰ੍ਹਾਂ ਦੇ ਦੂਸ਼ਣ ਲਾ ਦਿੰਦੇ ਸਨ, ਪਰ ਲੋਕਾਂ ਵਿੱਚ ਈਦੀ ਦੀ ਪਹਿਚਾਣ ਇੱਕ ਰੱਬੀ ਰੂਹ ਤੇ ਨੇਕ ਇਨਸਾਨ ਦੀ ਬਣ ਗਈ ਸੀ।

ਈਦੀ ਨੇ ਆਪਣੀ ਹੀ ਈਦੀ ਫਾਊਂਡੇਸ਼ਨ ਬਣਾ ਲਈ ਸੀ। ਲੋਕਾਂ ਦਾ ਅਥਾਹ ਪਿਆਰ ਮਿਲਣ ਲੱਗ ਗਿਆ ਸੀ ਤੇ ਸਰਕਾਰਾਂ ਨੇ ਵੀ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਕਦੇ ਦੂਜੇ ਦੇਸ਼ਾਂ ਵਿੱਚ ਵੀ ਕੋਈ ਮੁਸ਼ਕਲ ਬਣਦੀ ਸੀ ਤਾਂ ਈਦੀ ਦੂਜੇ ਮੁਲਕਾਂ ਵਿੱਚ ਜਾ ਕੇ ਵੀ ਸੇਵਾ ਕਰਨ ਲੱਗ ਪਏ। ਈਦੀ ਕੋਲ ਮਾਨਸਿਕ ਰੋਗੀਆਂ ਅਤੇ ਹੋਰ ਕਈ ਤਰ੍ਹਾਂ ਦੇ ਬਿਮਾਰਾਂ ਜਾਂ ਲੋੜਵੰਦਾਂ ਦੀ ਗਿਣਤੀ ਬਹੁਤ ਵਧ ਗਈ ਸੀ। ਉਸ ਨੇ ਈਦੀ ਫਾਊਂਡੇਸ਼ਨ ਦੇ ਨਾਮ ਥੱਲੇ ਹੀ ਕਰਾਚੀ ਹਾਈਵੇ 'ਤੇ 65 ਏਕੜ ਜ਼ਮੀਨ ਖ਼ਰੀਦ ਕੇ ਇੱਕ ਹੋਰ ਕੇਂਦਰ ਖੋਲ੍ਹ ਦਿੱਤਾ ਸੀ। ਪਹਿਲਾ ਮੀਠਾਦਾਰ ਵਾਲਾ ਕੇਂਦਰ ਔਰਤਾਂ ਲਈ ਸੀ ਤੇ ਇਹ ਨਵਾਂ ਹਾਈਵੇ ਵਾਲਾ ਮਰਦਾਂ ਲਈ ਹੋ ਗਿਆ ਸੀ।

ਜਗਤ ਪ੍ਰਸਿੱਧ ਇਮਰਾਨ ਖ਼ਾਨ ਨੇ 12 ਕਰੋੜ ਰੁਪਈਆ ਲਾ ਕੇ ਕੈਂਸਰ ਦਾ ਹਸਪਤਾਲ ਬਣਾਇਆ। ਉਸ ਨੇ ਵੀ ਇੱਕ ਵਾਰੀ ਈਦੀ ਬਾਰੇ ਕੁਝ ਟਿਪਣੀ ਕਰ ਦਿੱਤੀ। ਜਦੋਂ ਪ੍ਰੈਸ ਵਾਲੇ ਈਦੀ ਨੂੰ ਕੁਝ ਕਹਿਣ ਲਈ ਪ੍ਰੇਰਨ ਲੱਗੇ ਤਾਂ ਉਸ ਨੇ ਨਿਮਰਤਾ ਨਾਲ ਕਿਹਾ ਕਿ ਇਮਰਾਨ ਖ਼ਾਨ ਤਾਂ ਬਹੁਤ ਮਹਾਨ ਹਨ, ਮੇਰੇ ਵਰਗੇ ਦਾ ਉਸ ਨਾਲ ਕੀ ਮੁਕਾਬਲਾ ਹੈ। ਈਦੀ ਨੇ ਕੋਈ ਟਿੱਪਣੀ ਨਹੀਂ ਕੀਤੀ।

ਇੱਕ ਵਾਰੀ ਪਤਾ ਲੱਗਾ ਕਿ ਕੁਝ ਡਾਕੂਆਂ ਤੇ ਪੁਲਿਸ ਦਰਮਿਆਨ ਮੁਕਾਬਲਾ ਚੱਲ ਰਿਹਾ ਹੈ ਤਾਂ ਈਦੀ ਆਪਣੀ ਗੱਡੀ ਲੈ ਕੇ ਪਹੁੰਚ ਗਿਆ। ਅਨਾਊਂਸ ਕੀਤਾ ਕਿ ਮੈਂ ਈਦੀ ਲਾਸ਼ਾਂ ਤੇ ਜ਼ਖ਼ਮੀਆਂ ਨੂੰ ਲੈਣ ਆਇਆ ਹਾਂ। ਗੋਲੀਬਾਰੀ ਬੰਦ ਕਰ ਦਿਓ। ਇਹ ਸੁਣ ਕੇ ਦੋਨਾਂ ਪਾਸਿਆਂ ਤੋਂ ਗੋਲੀ ਚੱਲਣੀ ਬੰਦ ਹੋ ਗਈ। ਈਦੀ ਨੇ ਲਾਸ਼ਾਂ ਤੇ ਜ਼ਖ਼ਮੀ ਚੁੱਕੇ ਤੇ ਲੈ ਗਿਆ। ਮੁਕਾਬਲਾ ਫਿਰ ਸ਼ੁਰੂ ਹੋ ਗਿਆ ਸੀ। ਈਦੀ ਨੇ ਲਾਸ਼ਾਂ ਦਾ ਸਸਕਾਰ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਅਨੁਸਾਰ ਕੀਤਾ ਤੇ ਜ਼ਖ਼ਮੀਆਂ ਦੇ ਇਲਾਜ ਲਈ ਹਸਪਤਾਲ ਪਹੁੰਚਾਇਆ।

9 ਜੁਲਾਈ 1992 ਨੂੰ ਘੋਟਕੀ ਸਟੇਸ਼ਨ 'ਤੇ ਖੜ੍ਹੀ ਗੱਡੀ ਵਿੱਚ ਇੱਕ ਮੁਸਾਫ਼ਰ ਗੱਡੀ ਜਾ ਵੱਜੀ। ਸੈਂਕੜੇ ਲੋਕ ਜ਼ਖ਼ਮੀ ਹੋਏ ਤੇ ਸੈਂਕੜੇ ਲੋਕੀਂ ਮਾਰੇ

ਗਏ। ਈਦੀ ਇੱਕ ਹੈਲੀਕਾਪਟਰ ਰਾਹੀਂ ਮਦਦ ਕਰਨ ਆ ਰਿਹਾ ਸੀ। ਉਸ ਨੂੰ ਪਾਇਲਟ ਨੇ ਸੁਨੇਹਾ ਦਿੱਤਾ ਕਿ ਮੈਨੂੰ ਸੁਨੇਹਾ ਆਇਆ ਹੈ ਕਿ ਈਦੀ ਦਾ ਦੋਹਤਰਾ ਜਿਹੜਾ ਹਸਪਤਾਲ ਵਿੱਚ ਦਾਖ਼ਲ ਸੀ ਉਹ ਚੜ੍ਹਾਈ ਕਰ ਗਿਆ ਹੈ। ਈਦੀ ਦਾ ਆਪਣੇ ਦੋਹਤੇ ਨਾਲ ਅੰਤਾਂ ਦਾ ਪਿਆਰ ਸੀ। ਪਾਇਲਟ ਨੇ ਕਿਹਾ ਕਿ ਆਪਾਂ ਵਾਪਸ ਚੱਲਦੇ ਹਾਂ। ਈਦੀ ਨੇ ਜਵਾਬ ਦੇ ਦਿੱਤਾ ਕਿ ਨਹੀਂ ਵਾਪਸ ਨਹੀਂ ਜਾਣਾ। ਉਸ ਨੇ ਠੰਡਾ ਜਿਹਾ ਸਾਹ ਲੈ ਕੇ ਸੁਨੇਹਾ ਦਿੱਤਾ ਕਿ ਮੇਰੀ ਪਤਨੀ ਨੂੰ ਕਹਿਣਾ ਕਿ ਮੇਰੀ ਉਡੀਕ ਨਾ ਕਰਨ ਤੇ ਬਿਲਾਲ ਨੂੰ ਦਫ਼ਨਾ ਦੇਣ। ਇਸ ਮਾਨਵਤਾ ਦੇ ਖ਼ਿਦਮਤਦਾਰ ਦੀ ਜ਼ਿੰਦਗੀ ਵਿੱਚ ਅਜਿਹੀਆਂ ਕਿੰਨੀਆਂ ਹੀ ਮੁਸੀਬਤਾਂ ਭਰੀਆਂ ਘੜੀਆਂ ਆਈਆਂ ਪਰ ਇਹ ਕਦੇ ਡੋਲੇ ਨਹੀਂ ਸਨ।

ਸੰਸਾਰ ਭਰ ਦੇ ਲੋਕਾਂ ਨੇ ਈਦੀ ਫਾਊਂਡੇਸ਼ਨ ਨੂੰ ਮਦਦ ਦਿੱਤੀ। ਇਸ ਫਾਊਂਡੇਸ਼ਨ ਕੋਲ ੧੯੦੦ ਐਂਬੂਲੈਂਸਾਂ, ੨ ਹਵਾਈ ਜਹਾਜ਼, ਇੱਕ ਹੈਲੀਕਾਪਟਰ ਤੇ ੨੮ ਬਚਾਓ ਕਿਸ਼ਤੀਆਂ ਹਨ। ਹੁਣ ਤਕ ੩੦ ਲੱਖ ਬੇਸਹਾਰਾ ਲੋਕਾਂ ਨੂੰ ਮੁੜ ਵਸਾਇਆ ਗਿਆ ਹੈ ਅਤੇ ੮੦ ਹਜ਼ਾਰ ਮਨੋ-ਰੋਗੀਆਂ ਅਤੇ ਨਸ਼ੇੜੀਆਂ ਨੂੰ ਇਲਾਜ ਕਰਵਾ ਕੇ ਘਰੇ ਭੇਜਿਆ ਗਿਆ ਹੈ।

{ਡਾ. ਹਰਪਾਲ ਸਿੰਘ ਪੰਨੂੰ, ਈਦੀ ਸੇਵਾ ਦਾ ਚਿਰਾਗ਼ ਕਿਤਾਬ ਵਿੱਚੋਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, ਦਸੰਬਰ ੨੦੧੩}।

**ਸਮੁੱਚੀ ਮਾਨਵਤਾ ਦੇ ਪੁਜਾਰੀਆਂ ਦੀ ਸੱਚੀ ਸੁੱਚੀ ਮੋਤੀਆਂ ਦੀ ਮਾਲਾ ਵਿੱਚੋਂ ਸੁੱਚੇ ਮੋਤੀ ਭਗਤ ਪੂਰਨ ਸਿੰਘ ਜੀ ਹਨ।**

ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਸਿੱਖੀ ਵਿੱਚ ਕੁਝ ਅਖੌਤੀ ਸਾਧਾਂ ਨੇ ਆਮ ਸੰਗਤ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਸਿੱਖੀ ਦੀਆਂ ਜੜ੍ਹਾਂ ਖੋਖਲੀਆਂ ਕੀਤੀਆਂ ਹਨ। ਉਨ੍ਹਾਂ ਨੂੰ ਬਹੁਤ ਵੱਡੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਉਨ੍ਹਾਂ ਦੀਆਂ ਜੀਵਨੀਆਂ ਵੀ ਆਮ ਹੀ ਲਿਖੀਆਂ ਮਿਲ ਜਾਂਦੀਆਂ ਹਨ। ਇਨ੍ਹਾਂ ਕਿਤਾਬਾਂ ਵਿੱਚ ਸਿਰਫ਼ ਭਰਮ ਭੁਲੇਖਿਆਂ ਤੋਂ ਬਿਨਾਂ ਕੁਝ ਵੀ ਨਹੀਂ ਹੁੰਦਾ। ਭਗਤ ਪੂਰਨ ਸਿੰਘ ਜੀ ਜਿਸ ਨੇ ਆਪਣਾ ਸਮੁੱਚਾ ਜੀਵਨ ਹੀ ਲੇਖੇ ਲਾ ਕੇ ਮਾਨਵਤਾ ਦੀ ਅਣਥੱਕ ਸੇਵਾ ਕੀਤੀ ਹੋਵੇ ਉਨ੍ਹਾਂ ਦੀ ਪੂਰੀ ਜੀਵਨੀ ਬਾਰੇ ਇੱਕ ਵੀ ਕਿਤਾਬ ਨਹੀਂ ਸੀ ਮਿਲਦੀ। ਇਹ ਸਾਡਾ ਕੌਮੀ ਦੁਖਾਂਤ ਹੈ। ਮਾਤਾ ਮਹਿਤਾਬ ਕੌਰ ਜੀ ਦੇ ਪੇਕੇ ਘਰ ਦਾ ਪਤਾ ਕਿਸੇ ਨੇ ਵੀ ਨਹੀਂ ਲਿਖਿਆ ਸੀ। ਇਹ ਭਗਤ ਪੂਰਨ ਸਿੰਘ ਜੀ ਦੇ ਨਾਨਕੇ ਸਨ। ਮੈਂ ਕਈ ਵਾਰੀ ਰਾਜੇਵਾਲ ਜਾ ਕੇ ਜਾਂ ਜਿੱਥੋਂ ਵੀ ਕੋਈ ਸੂਹ ਮਿਲਦੀ ਸੀ, ਉੱਥੇ ਹੀ ਪਹੁੰਚ ਜਾਂਦਾ ਸੀ। ਉੱਥੋਂ ਦੇ ਵਸਨੀਕ ਲੋਕਾਂ ਕੋਲੋਂ ਪੁੱਛਦਾ ਸਾਂ, ਪਰ ਕੋਈ ਕੁਝ ਵੀ ਨਹੀਂ ਜਾਣਦਾ ਸੀ। ਇਸ ਕਰਕੇ ਮੈਂ ਵੀ ਮਹਿਤਾਬ ਕੌਰ ਦੇ ਬਚਪਨ ਜਾਂ ਪੇਕੇ ਘਰ ਬਾਰੇ ਕੁਝ ਨਹੀਂ ਲਿਖ ਸਕਿਆ।

ਰਾਜੇਵਾਲ ਵਿੱਚ ਵੀ ਭਗਤ ਜੀ ਦੀ ਕੋਈ ਅਜਿਹੀ ਯਾਦਗਾਰ ਨਹੀਂ ਹੈ ਜਿਹੜੀ ਅਜਿਹੇ ਮਰਦ ਸੂਰਮੇ ਦੀ ਤੇ ਮਾਨਵਤਾ ਦੇ ਦੇਵਤੇ ਦੀ ਅਦੁੱਤੀ ਕਹਾਣੀ



ਬਿਆਨ ਕਰਦੀ ਹੋਵੇ। ਉੱਥੇ ਜਿਹੜੀ ਯਾਦਗਾਰ ਹੈ ਵੀ, ਇਹ ਵੀ ਡਾਕਟਰ ਇੰਦਰਜੀਤ ਕੌਰ ਜੀ ਦੀ ਤੇ ਮੁਖਤਾਰ ਸਿੰਘ ਜੀ ਦੀ ਹੀ ਮਿਹਨਤ ਤੇ ਨਗਰ ਵਾਲਿਆਂ ਦੇ ਸਹਿਯੋਗ ਨਾਲ ਬਣੀ ਹੈ। ਮੇਰੀ ਰੀਝ ਹੈ ਤੇ ਸਮੁੱਚੀ ਸਿੱਖ ਕੌਮ ਦੇ ਅੱਗੇ ਬੇਨਤੀ ਹੈ ਕਿ ਮਦਰ ਟਰੇਸਾ ਨੂੰ ਤਾਂ ਇਸਾਈ ਧਰਮ ਨੇ ਕਿੱਥੇ ਦਾ ਕਿੱਥੇ ਪਹੁੰਚਾ ਦਿੱਤਾ ਹੈ ਪਰ ਅਸੀਂ ਭਗਤ ਜੀ ਦੀ ਪਰਉਪਕਾਰ ਦੀ ਸੇਵਾ ਭਾਵਨਾ ਨੂੰ ਆਪਣੇ ਪਰਿਵਾਰਾਂ ਵਿੱਚ ਵੀ ਨਹੀਂ ਪਹੁੰਚਾ ਸਕੇ। ਸੋ, ਮੇਰੀ ਬੇਨਤੀ ਹੈ ਕਿ ਖੰਨੇ ਤੋਂ ਉਨ੍ਹਾਂ ਦੇ ਪਿੰਡ ਰਾਜੇਵਾਲ ਨੂੰ ਜਾਣ ਵਾਲੀ ਸੜਕ ’ਤੇ ਇੱਕ ਤਾਂ ਉਨ੍ਹਾਂ ਦੀ ਯਾਦ ਵਿੱਚ ਗੇਟ ਬਣਨਾ ਚਾਹੀਦਾ ਹੈ ਤੇ ਦੂਜਾ ਉਸ ਸੜਕ ਦਾ ਨਾਮ ਵੀ ਭਗਤ ਜੀ ਦੇ ਨਾਮ ਦਾ ਹੋਣਾ ਚਾਹੀਦਾ ਹੈ। ਇਹ ਵੀ ਅਸੀਂ ਆਪਣੀ ਕੌਮ ਦੀ ਨੌਜੁਆਨ ਪੀੜ੍ਹੀ ਨੂੰ ਇੱਕ ਕਿਸਮ ਦੀ ਸੇਧ ਹੀ ਦਿਆਂਗੇ ਤੇ ਉਨ੍ਹਾਂ ਨੂੰ ਇਸ ਵਿੱਚੋਂ ਸੱਚੀ-ਸੁੱਚੀ ਸੇਵਾ ਦੀ ਪ੍ਰੇਰਨਾ ਵੀ ਮਿਲੇਗੀ। ਸਾਨੂੰ ਡਾਕਟਰ ਇੰਦਰਜੀਤ ਕੌਰ ਜੀ ਨੂੰ ਵੀ ਰੱਜ ਕੇ ਸਹਿਯੋਗ ਦੇਣਾ ਚਾਹੀਦਾ ਹੈ, ਇਸ ਨਾਲ ਅਸੀਂ ਗੁਰੂ ਸਾਹਿਬ ਜੀ ਦੀ ਪਾਵਨ ਬਖ਼ਸ਼ਿਸ਼ ਹਾਸਲ ਕਰ ਸਕਾਂਗੇ।

ਇਹ ਭਗਤ ਪੂਰਨ ਸਿੰਘ ਜੀ ਦੀ ਜੀਵਨੀ ਬਾਰੇ ਕੁਝ ਅੱਖਰ ਹਨ, ਕਿਉਂਕਿ ਗੁਰਬਾਣੀ ਚਿਤੋਂ ਮੰਨ ਲੈਣ ਵਾਲਿਆਂ ਬਾਰੇ ਤਾਂ ਗੁਰੂ ਸਾਹਿਬ ਜੀ ਆਪ ਹੀ ਆਖਦੇ ਹਨ ਕਿ ਉਨ੍ਹਾਂ ਦੀ ਗਤਿ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਬਾਰੇ ਤਾਂ ਕਾਗ਼ਜ਼ ਵੀ ਤੇ ਕਲਮ ਵੀ ਪੂਰਾ ਨਹੀਂ ਲਿਖ ਸਕਦੇ, ਫਿਰ ਮੇਰੇ ਵਰਗੇ ਦੀ ਕੀ ਪਾਂਇਆ ਹੈ ਕਿ ਅਜਿਹੇ ਇਨਸਾਨੀਅਤ ਦੇ ਸੱਚੇ-ਸੁੱਚੇ ਦੇਵਤੇ ਬਾਰੇ ਲਿਖ ਸਕਦਾ ਹੋਵਾਂ? ਇਸ ਆਸ ਨਾਲ ਲਿਖਿਆ ਹੈ ਕਿ ਜੇ ਸਾਰਾ ਨਹੀਂ ਤਾਂ ਥੋੜ੍ਹਾ ਹੀ ਚੰਗਾ ਹੈ ਪਰ ਕੁਝ ਨਾ ਕੁਝ ਤਾਂ ਉਨ੍ਹਾਂ ਦੇ ਪਰਉਪਕਾਰ ਦੀ ਕਹਾਣੀ ਸਾਡੀਆਂ ਅੱਖਾਂ ਅੱਗੇ ਆਉਣੀ ਚਾਹੀਦੀ ਹੈ। ਸੋ ਆਸ ਹੈ ਕਿ ਜੇ ਸੰਗਤ ਲਾਹਾ ਲੈ ਸਕੇਗੀ ਤਾਂ ਇਨ੍ਹਾਂ ਅੱਖਰਾਂ ਨੂੰ ਵੀ ਸਫਲ ਸਮਝਾਂਗਾ।

ਅੰਤ ਵਿੱਚ ਧੰਨ ਗੁਰੂ ਗ੍ਰੰਥ ਸਾਹਿਬ ਜੀ ਤੇ ਅਕਾਲ ਪੁਰਖ ਦਾ ਅਥਾਹ ਧੰਨਵਾਦ ਹੈ ਜਿਹੜੇ ਪਤਾ ਨਹੀਂ ਕਿਵੇਂ ਲਗਨ ਲਾਈ ਰੱਖਦੇ ਹਨ। ਪਿੰਗਲਵਾੜਾ ਸਮੂਹ ਸੰਸਥਾ ਦਾ ਦਿਲੋਂ ਧੰਨਵਾਦੀ ਹਾਂ। ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਦੇ ਸਮੂਹ ਵਿਦਿਆਰਥੀਆਂ ਤੇ ਸਟਾਫ਼ ਦਾ ਧੰਨਵਾਦੀ ਹਾਂ ਜਿਹੜੇ ਕਿ ਹਰ ਕਿਤਾਬ ਵੇਲੇ ਮੇਰੀ ਖੁੱਲ੍ਹ ਕੇ ਮਦਦ ਕਰਦੇ ਹਨ। ਜਿਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਦੇ ਹਵਾਲੇ ਲਏ ਹਨ ਉਨ੍ਹਾਂ ਦਾ ਵੀ ਧੰਨਵਾਦ ਹੈ ਜੀ।

ਭੁੱਲਾਂ ਦੀ ਖਿਮਾ ਮੰਗਦਾ ਹੋਇਆ,

ਅਮਰੀਕ ਸਿੰਘ ਚੰਡੀਗੜ੍ਹ
ਕੋਠੀ ਨੰ:੩੭੦ ਸੈਕਟਰ ੬੩, ਮੁਹਾਲੀ।

## (ੳ) ਭਗਤ ਪੂਰਨ ਸਿੰਘ ਜੀ ਦੇ ਮਾਤਾ ਪਿਤਾ ਅਤੇ ਜਨਮ

### ਜਨਮ ਤੋਂ ਪਹਿਲਾਂ ਹੀ ਜਣਨੀ ਦੇ ਦੁੱਖੜੇ

ਭਗਤ ਪੂਰਨ ਸਿੰਘ ਜੀ ਦੀ ਮਾਤਾ ਦਾ ਨਾਮ ਮਹਿਤਾਬ ਕੌਰ ਸੀ। ਮਹਿਤਾਬ ਕੌਰ ਆਪਣੇ ਮਾਪਿਆਂ ਦੇ ਘਰ ਬਹੁਤ ਲਾਡਾਂ ਮਲ੍ਹਾਰਾਂ ਨਾਲ ਪਲੀ ਹੋਈ ਸੀ। ਮਹਿਤਾਬ ਕੌਰ ਦੇ ਮਾਪਿਆਂ ਨੇ ਯੋਗ ਵਰ ਲੱਭ ਕੇ ਉਸਦਾ ਵਿਆਹ ਰਾਜੇਵਾਲ ਪਿੰਡ ਵਿੱਚ ਕਰ ਦਿੱਤਾ। ਪਹਿਲਾਂ ਲੋਕ ਬੱਚਿਆਂ ਦੇ ਵਿਆਹ ਤਾਂ ਜਲਦੀ ਕਰ ਦਿੰਦੇ ਸਨ ਪਰ ਮੁਕਲਾਵਾ ਬੱਚਿਆਂ ਦੇ ਜੁਆਨ ਹੋਣ 'ਤੇ ਹੀ ਭੇਜਦੇ ਸਨ। ਇਸ ਕਰਕੇ ਮਹਿਤਾਬ ਕੌਰ ਦੀ ਸ਼ਾਦੀ ਤਾਂ ਨਿੱਕੀ ਹੁੰਦੀ ਦੀ ਹੀ ਕਰ ਦਿੱਤੀ, ਪਰ ਮੁਕਲਾਵਾ ਜੁਆਨ ਹੋਣ 'ਤੇ ਭੇਜਿਆ। ਜਦੋਂ ਮੁਕਲਾਵਾ ਭੇਜਣਾ ਸੀ ਤਾਂ ਉਸ ਦਾ ਪਤੀ ਬਹੁਤ ਬਿਮਾਰ ਹੋ ਗਿਆ। ਪਤੀ ਦੀ ਪੱਗ ਲੈ ਕੇ ਕੁਝ ਬੰਦੇ ਆਏ ਤੇ ਪਤੀ ਦੀ ਬਿਮਾਰੀ ਦੇ ਦੌਰਾਨ ਹੀ ਮਹਿਤਾਬ ਕੌਰ ਦਾ ਮੁਕਲਾਵਾ ਲੈ ਕੇ ਚਲੇ ਗਏ। ਮਹਿਤਾਬ ਕੌਰ ਨੂੰ ਆਪਣੇ ਗ੍ਰਿਹਸਥੀ ਜੀਵਨ ਦਾ ਸੁੱਖ ਨਸੀਬ ਨਹੀਂ ਹੋਇਆ ਕਿਉਂਕਿ ਉਸ ਦਾ ਪਤੀ ਚੜ੍ਹਾਈ ਕਰ ਗਿਆ। ਛੋਟੀ ਜਿਹੀ ਬੁੱਕਲ ਵਿੱਚ ਨਾ ਸਮਾਏ ਜਾਣ ਵਾਲੇ ਦੁੱਖਾਂ ਦਾ ਭਾਰ ਪੈ ਗਿਆ ਸੀ। ਉਹ ਕੁਆਰੀ ਤੇ ਕੁਆਰੇ ਚਾਉ ਲੈ ਕੇ ਸਹੁਰੇ ਘਰ ਗਈ ਸੀ ਪਰ ਪਤੀ ਦੀ ਮੌਤ ਨਾਲ ਉਸ ਕੁਆਰੇ ਚਾਉ ਨਾਲ ਹੀ ਇੱਕ ਸੁਹਾਗਣ, ਵਿਧਵਾ ਦੇ ਪਹਿਰਾਵੇ ਵਿੱਚ ਲਪੇਟ ਦਿੱਤੀ ਤੇ ਕੁਆਰੀਆਂ ਵਾਂਗ ਹੀ ਸਹੁਰੇ ਘਰ ਰਹਿ ਰਹੀ ਸੀ। ਮਹਿਤਾਬ ਕੌਰ ਸੁਹਾਗਣਾਂ ਵਾਲੇ ਅੱਥਰੂ ਅੱਖਾਂ ਵਿੱਚ ਲੈ ਕੇ ਪਿਤਾ ਦੇ ਵਿਹੜੇ ਤੋਂ ਵਿਦਾ ਹੋਈ ਸੀ ਤੇ ਮੁੜ ਪਤੀ ਦੇ ਵਿਜੋਗ ਦੇ ਅੱਥਰੂ ਅੱਖਾਂ ਵਿੱਚ ਲੈ ਕੇ ਵਕਤੀ ਕਹਿਰ ਨੂੰ ਰੱਬੀ ਭਾਣਾ ਮੰਨ ਕੇ ਆਪਣੀ ਜ਼ਿੰਦੜੀ ਦੇ ਸਮੇਂ ਨੂੰ ਧਕੇਲ ਰਹੀ ਸੀ। ਮਹਿਤਾਬ ਕੌਰ ਦੇ ਨਾਲ ਸੁਹਾਗਣ ਵਾਲਾ ਸ਼ਬਦ ਜੁੜਿਆ ਸੀ ਪਰ ਉਹ ਸੁਹਾਗਣਾਂ ਵਾਲਾ ਸੁੱਖ ਦਿੱਤੇ ਬਿਨਾਂ ਹੀ ਵਿਧਵਾ ਸ਼ਬਦ ਬਣ ਗਿਆ ਸੀ। ਉਸ ਨਾਲ ਹਾਸੇ ਰੁੱਸ ਗਏ ਸਨ, ਖੁਸ਼ੀਆਂ ਨਰਾਜ਼ ਹੋ ਗਈਆਂ ਸਨ, ਅੱਥਰੂ, ਗ਼ਮ ਤੇ ਤਨਹਾਈ ਉਸ ਦੇ ਸਾਥੀ ਬਣ ਗਏ ਸਨ।

### ਵਿਧਵਾ ਦੀ ਵੇਦਨਾ

ਸਾਡੇ ਸਮਾਜ ਨੇ ਇਸਤਰੀ 'ਤੇ ਕਈ ਤਰ੍ਹਾਂ ਦੇ ਤਸ਼ੱਦਦ ਕੀਤੇ ਹਨ। ਵਿਧਵਾ ਦਾ ਜੀਵਨ ਤਾਂ ਇੱਕ ਕਿਸਮ ਦਾ ਨਰਕ ਹੀ ਬਣਾ ਦਿੱਤਾ ਜਾਂਦਾ ਹੈ। ਉਸ ਨੇ ਚੰਗੇ ਕੱਪੜੇ ਨਹੀਂ ਪਾਉਣੇ, ਚੰਗਾ ਖਾਣਾ ਨਹੀਂ ਖਾਣਾ, ਕਿਸੇ ਨਾਲ ਹੱਸਣਾ ਨਹੀਂ, ਕੋਈ ਆਪਣੇ ਆਪ ਨੂੰ ਸੁਆਰ ਕੇ ਨਹੀਂ ਰੱਖਣਾ, ਸਗੋਂ ਹਰ ਸ਼ਗਨਾਂ ਦੇ



ਕੰਮ ਵੇਲੇ ਵਿਧਵਾ ਨੂੰ ਪਾਸੇ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਜਿਸ ਨਾਲ ਵਿਧਵਾ ਨੂੰ ਪਤੀ ਦੇ ਵਿਛੋੜੇ ਦਾ ਦੁੱਖ ਹਰ ਵਕਤ ਹੀ ਮਹਿਸੂਸ ਹੁੰਦਾ ਹੈ। ਉਸ ਨੂੰ ਸਮਾਜ ਪ੍ਰਵਾਨ ਨਹੀਂ ਕਰਦਾ। ਜਦੋਂ ਕੋਈ ਲੜਕੀ ਜੁਆਨ ਉਮਰ ਵਿੱਚ ਵਿਧਵਾ ਹੋ ਜਾਂਦੀ ਹੈ ਤਾਂ ਹਰ ਬੰਦੇ ਦੀ ਅੱਖ ਮੈਲੀ ਹੋ ਜਾਂਦੀ ਹੈ; ਭਾਵੇਂ ਕਸੂਰ ਕਿਸੇ ਦਾ ਵੀ ਹੋਵੇ ਪਰ ਵਿਧਵਾ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਹੈ। ਲੋਕ ਕਲਹਿਣੇ ਜਾਂ ਚੰਦਰੇ ਮੂੰਹ ਵਾਲੀ ਆਦਿਕ ਕਈ ਤਰ੍ਹਾਂ ਦੇ ਸ਼ਬਦਾਂ ਦੇ ਨਸ਼ਤਰਾਂ ਨਾਲ ਵਿਧਵਾ ਦੇ ਜ਼ਖ਼ਮਾਂ ਨੂੰ ਖੁਰਚਦੇ ਰਹਿੰਦੇ ਹਨ। ਸਹੁਰੇ ਪੇਕੇ ਦੋਨਾਂ ਥਾਵਾਂ 'ਤੇ ਕਦਰ ਘਟ ਜਾਂਦੀ ਹੈ। ਸਾਡੇ ਸਮਾਜ ਦੀਆਂ ਕੁਝ ਅਜਿਹੀਆਂ ਰੀਤਾਂ ਹਨ ਜਿਹੜੀਆਂ ਦੁੱਖਦਾਈ ਹੋਣ ਦੇ ਬਾਵਜੂਦ ਵੀ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਹਨ। ਸਾਡਾ ਸਮਾਜ ਪੁਰਖ ਪ੍ਰਧਾਨ ਹੋਣ ਕਰਕੇ ਪਤਨੀ ਚੜ੍ਹਾਈ ਕਰ ਜਾਵੇ ਤਾਂ ਪਤੀ ਨੂੰ ਸਮਾਜ ਬਹੁਤੇ ਬੰਧਨਾਂ ਵਿੱਚ ਨਹੀਂ ਬੰਨ੍ਹਦਾ। ਜੇ ਪਤੀ ਚੜ੍ਹਾਈ ਕਰ ਜਾਵੇ ਤਾਂ ਇਸਤਰੀ ਨੂੰ ਬਹੁਤ ਸੰਤਾਪ ਭੋਗਣਾ ਪੈਂਦਾ ਹੈ। ਗੁਰਬਾਣੀ ਵਿੱਚ ਵੀ ਪਤੀ ਦੇ ਨਾਲ ਹੋਣ ਦਾ ਸੁੱਖ ਤੇ ਪਤੀ ਦੇ ਵਿਛੋੜੇ ਦੇ ਦੁੱਖ ਨੂੰ ਬਿਆਨ ਕੀਤਾ ਹੈ।

**ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ॥**
**ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ॥{੫੧}**

ਮਹਿਤਾਬ ਕੌਰ ਦੀ ਜ਼ਿੰਦਗੀ ਦੇ ਵਿਹੜੇ ਵਿੱਚ ਅਜਿਹੇ ਸਾਰੇ ਹੀ ਦੁੱਖ ਆਪਣਾ ਕਬਜ਼ਾ ਕਰ ਬੈਠ ਗਏ ਸਨ।

### ਮਹਿਤਾਬ ਕੌਰ ਦੀ ਦਿਨ ਕਟੀ

ਮਾਤਾ ਪਿਤਾ ਜੀ ਦੇ ਅੰਦਰ ਮਹਿਤਾਬ ਕੌਰ ਲਈ ਪਿਆਰ ਤਾਂ ਬਹੁਤ ਸੀ ਪਰ ਜਦੋਂ ਸਾਡੇ ਡਾਢੇ ਸਮਾਜ ਦੀਆਂ ਕੂੜੀਆਂ ਰੀਤਾਂ ਰਸਮਾਂ ਕਈ ਵਾਰੀ ਮਾਪਿਆਂ ਨੂੰ ਵੀ ਅਜਿਹਾ ਮਜ਼ਬੂਰ ਕਰ ਦਿੰਦੀਆਂ ਹਨ ਕਿ ਉਹ ਬੇਵੱਸ ਹੋ ਕੇ ਰਹਿ ਜਾਂਦੇ ਹਨ। ਮਹਿਤਾਬ ਕੌਰ ਜਿਹੜੀ ਆਪਣੇ ਬਾਬਲ ਦੇ ਘਰ ਬਹੁਤ ਸਿਆਣੀ ਤੇ ਪਿਆਰੀ ਹੁੰਦੀ ਸੀ ਪਰ ਵਿਧਵਾ ਹੋ ਜਾਣ ਕਰਕੇ ਉਸ ਨੂੰ ਹੁਣ ਮਾਪਿਆਂ ਦਾ ਇਹ ਵਿਹੜਾ ਬਰਦਾਸ਼ਤ ਨਹੀਂ ਕਰਦਾ ਸੀ। ਮਾਤਾ ਪਿਤਾ ਉਸ ਦੇ ਪਹਾੜ ਵਰਗੇ ਜੀਵਨ ਦੀ ਬਹੁਤ ਚਿੰਤਾ ਕਰਦੇ ਸਨ। ਸਾਡੇ ਸਮਾਜ ਅੰਦਰ ਧੀ ਨੂੰ ਇਹ ਗੱਲ ਸਿਖਾ ਦਿੱਤੀ ਜਾਂਦੀ ਹੈ ਕਿ ਜਿਸ ਘਰ ਤੇਰੀ ਡੋਲੀ ਗਈ ਹੈ, ਹੁਣ ਤੇਰੇ ਦੁੱਖਾਂ ਸੁੱਖਾਂ ਦੀ ਸਾਂਝ ਉਸ ਘਰ ਨਾਲ ਹੀ ਹੈ। ਸੋ ਮਹਿਤਾਬ ਕੌਰ ਜੁਆਨ ਵਿਧਵਾ ਹੋ ਕੇ ਆਪਣੇ ਸਹੁਰੇ ਘਰ ਵਿੱਚ ਦੁੱਖਾਂ ਭਰੀ ਜ਼ਿੰਦਗੀ ਦੇ ਦਿਨ ਕੱਟ ਰਹੀ ਸੀ।

ਜੀਵਨ ਜਿਊਣ ਲਈ ਕੁਝ ਨਾ ਕੁਝ ਤਾਂ ਸਹਾਰਾ ਚਾਹੀਦਾ ਹੀ ਹੈ। ਮਹਿਤਾਬ ਕੌਰ ਲਈ ਦਿਨ ਜੁੱਗਾਂ ਵਰਗੇ ਤੇ ਰਾਤਾਂ ਸਦੀਆਂ ਵਰਗੀਆਂ ਬਣ

ਗਈਆਂ ਸਨ। ਮਹਿਤਾਬ ਕੌਰ ਸਾਰਾ ਕੰਮ-ਕਾਰ ਵੀ ਕਰਦੀ ਸੀ, ਫਿਰ ਵੀ ਕੰਮ ਮੁੱਕ ਜਾਂਦੇ ਸਨ ਪਰ ਦਿਨ ਨਹੀਂ ਮੁੱਕਦਾ ਸੀ। ਬਾਕੀ ਦਾ ਸਮਾਂ ਉਹ ਸੋਚਾਂ ਵਿੱਚ ਗੁਜ਼ਾਰਦੀ ਸੀ। ਹਰ ਕਿਸੇ ਨੂੰ ਇਹ ਗੱਲ ਵੱਢ-ਵੱਢ ਕੇ ਖਾ ਰਹੀ ਸੀ ਕਿ ਇਸ ਤਰ੍ਹਾਂ ਇਹ ਪਹਾੜ ਵਰਗੀ ਜ਼ਿੰਦਗੀ ਦਾ ਗੁਜ਼ਰ ਬਸਰ ਕਿਵੇਂ ਹੋਵੇਗਾ?

ਇੱਕ ਦਿਨ ਸੋਚਾਂ ਵਿੱਚ ਬੈਠੀ ਹੋਈ ਨੇ ਦੇਖਿਆ ਕਿ ਇੱਕ ਚਿੜੀ ਘਰ ਵਿੱਚ ਪਈ ਪਾਣੀ ਦੀ ਬਾਲਟੀ ਵਿੱਚੋਂ ਬੜੀ ਔਖੀ ਹੋ ਕੇ ਪਾਣੀ ਪੀ ਰਹੀ ਸੀ। ਮਹਿਤਾਬ ਕੌਰ ਨੇ ਇੱਕ ਕੌਲੀ ਵਿੱਚ ਪਾਣੀ ਪਾ ਕੇ ਰੱਖ ਦਿੱਤਾ। ਉੱਥੇ ਕੁਝ ਹੋਰ ਪੰਛੀ ਵੀ ਪਾਣੀ ਪੀਣ ਲੱਗ ਗਏ। ਮਹਿਤਾਬ ਕੌਰ ਨੇ ਇਹ ਭਾਂਡਾ ਵੱਡਾ ਕਰ ਦਿੱਤਾ, ਫਿਰ ਉਸ ਨੂੰ ਖ਼ਿਆਲ ਆਇਆ ਤੇ ਉਹ ਜਦੋਂ ਖੂਹ ਤੋਂ ਪਾਣੀ ਭਰਨ ਜਾਂਦੀ ਤਾਂ ਵੀ ਖੂਹ 'ਤੇ ਪਾਣੀ ਦਾ ਚੁਬੱਚਾ ਭਰ ਦਿੰਦੀ ਜਿਸ ਨਾਲ ਗਾਵਾਂ ਮੱਝਾਂ ਦਾ ਚੌਣਾ (ਵੱਗ) ਵੀ ਪਾਣੀ ਪੀ ਜਾਂਦਾ ਸੀ। ਇਸ ਤਰ੍ਹਾਂ ਮਹਿਤਾਬ ਕੌਰ ਨੇ ਆਪੇ ਹੀ ਆਪਣੇ ਲਈ ਇੱਕ ਰੁਝੇਵਾਂ ਬਣਾ ਲਿਆ ਸੀ। ਉਹ ਹਰ ਰੋਜ਼ ਇਸ ਤਰ੍ਹਾਂ ਪਿਆਸਿਆਂ ਨੂੰ ਪਾਣੀ ਪਿਲਾਉਣ ਲੱਗ ਗਈ ਸੀ। ਕਦੇ-ਕਦੇ ਕੋਈ ਰਾਹੀ ਵੀ ਪਾਣੀ ਪੀ ਜਾਂਦਾ ਸੀ। ਮਹਿਤਾਬ ਕੌਰ ਭਾਵੇਂ ਸਾਦੇ ਜਿਹੇ ਕੱਪੜੇ ਪਹਿਨਦੀ ਸੀ ਪਰ ਉਸ ਦਾ ਸੁਹੱਪਣ ਇਨ੍ਹਾਂ ਸਾਦੇ ਕੱਪੜਿਆਂ ਵਿੱਚੋਂ ਵੀ ਝਾਤ ਮਾਰਦਾ ਸੀ।

## ਸ਼ਿੱਬੂ ਮੱਲ ਬਾਰੇ

ਰਾਜੇਵਾਲ ਦਾ ਹੀ ਇੱਕ ਸ਼ਾਹੂਕਾਰ ਸ਼ਿੱਬੂ ਮੱਲ ਸੀ। ਇਸ ਦਾ ਸ਼ਾਹੂਕਾਰਾ ਕਾਫ਼ੀ ਚੰਗਾ ਸੀ। 'ਸ਼ਿੱਬੂ ਮਲ ਇੱਕ ਚੰਗਾ ਸ਼ਾਹੂਕਾਰ ਸੀ ਤੇ ਉਹ ਸਰਕਾਰ ਨੂੰ ਸਾਲ ਦਾ ੫੨ ਰੁਪਏ ਟੈਕਸ ਦਿੰਦਾ ਸੀ। ਉਹ ੨੦੦ ਰੁਪਏ ਸਲਾਨਾ ਜ਼ਮੀਨ ਦਾ ਮਾਮਲਾ ਦਿੰਦਾ ਸੀ।' {ਮੁਖਤਾਰ ਸਿੰਘ ਗੁਰਾਇਆ}। ਉਨ੍ਹਾਂ ਸਮਿਆਂ ਵਿੱਚ ਇੰਨਾ ਟੈਕਸ ਭਰਨਾ ਬਹੁਤ ਵੱਡੀ ਰਕਮ ਮੰਨਿਆ ਜਾਂਦਾ ਸੀ। ਸਾਰੇ ਇਲਾਕੇ ਵਿੱਚ ਸ਼ਿੱਬੂ ਮੱਲ ਨੂੰ ਬਹੁਤ ਸਤਿਕਾਰੀ ਨਜ਼ਰ ਨਾਲ ਵੇਖਿਆ ਜਾਂਦਾ ਸੀ।

ਮਨੁੱਖੀ ਮਨ 'ਤੇ ਮਾਇਆ ਦਾ ਕਾਫ਼ੀ ਅਸਰ ਹੁੰਦਾ ਹੈ। ਇਸ ਕਰਕੇ ਆਮ ਬੰਦਾ ਅਮੀਰ ਲੋਕਾਂ ਦੀ ਬੜੀ ਕਦਰ ਕਰਦਾ ਹੈ। ਸ਼ਿੱਬੂ ਮੱਲ ਦਾ ਵੀ ਇਸ ਇਲਾਕੇ ਵਿੱਚ ਕਾਫ਼ੀ ਪ੍ਰਭਾਵ ਸੀ। ਉਹ ਪੈਸੇ ਕਰਕੇ ਤਾਂ ਅਮੀਰ ਸੀ ਪਰ ਉਸ ਦੀ ਵੈਸੇ ਵੀ ਬਹੁਤ ਸਿਆਣੇ ਬੰਦਿਆਂ ਵਿੱਚ ਗਿਣਤੀ ਸੀ। ਉਸ ਨੇ ਦਾੜ੍ਹੀ ਰੱਖੀ ਹੋਈ ਸੀ ਤੇ ਸਿਰ 'ਤੇ ਪੱਗ ਬੰਨ੍ਹਦਾ ਸੀ। {ਭਗਤ ਪੂਰਨ ਸਿੰਘ, ਸਿੱਖ ਬੀਬੀਆਂ ਦਾ ਪਹਿਰਾਵਾ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, ੨੦੧੨, ਪੰਨਾ ੨੨}

ਸ਼ਿੱਬੂ ਮੱਲ ਦਾ ਘਰ ਵੀ ਮਹਿਤਾਬ ਕੌਰ ਦੇ ਘਰ ਦੇ ਬਿਲਕੁਲ ਲਾਗੇ ਹੀ ਸੀ। ਸ਼ਿੱਬੂ ਮਲ ਆਪਣੇ ਘਰ ਵਿੱਚ ਹੀ ਪ੍ਰਚੂਨ ਦੀ ਦੁਕਾਨ ਕਰਦਾ ਸੀ। ਪਿੰਡਾਂ



ਵਿੱਚ ਲੋੜੀਂਦੀਆਂ ਚੀਜ਼ਾਂ ਅਕਸਰ ਪਿੰਡਾਂ ਦੀਆਂ ਦੁਕਾਨਾਂ ਤੋਂ ਹੀ ਖ਼ਰੀਦ ਲਈਆਂ ਜਾਂਦੀਆਂ ਸਨ। ਇਸ ਕਰਕੇ ਕਦੇ ਕਦਾਈਂ ਮਹਿਤਾਬ ਕੌਰ ਨੂੰ ਵੀ ਸ਼ਿੱਬੂ ਮੱਲ ਦੀ ਦੁਕਾਨ 'ਤੇ ਆਉਣਾ ਪੈਂਦਾ ਸੀ ਤਾਂ ਸ਼ਿੱਬੂ ਮੱਲ ਨੇ ਬੜੇ ਧਿਆਨ ਨਾਲ ਦੇਖਣਾ। ਮਹਿਤਾਬ ਕੌਰ ਨੇ ਜਦੋਂ ਪਸ਼ੂਆਂ ਨੂੰ ਜਾਂ ਰਾਹੀਆਂ ਨੂੰ ਪਾਣੀ ਪਿਲਾਉਣਾ ਤਾਂ ਵੀ ਸ਼ਿੱਬੂ ਮੱਲ ਦੀ ਅੱਖ ਮਹਿਤਾਬ ਕੌਰ ਨੂੰ ਨਿਹਾਰਦੀ ਰਹਿੰਦੀ ਸੀ।

## ਸ਼ਿੱਬੂ ਮੱਲ ਤੇ ਮਹਿਤਾਬ ਕੌਰ ਦਾ ਸੰਜੋਗ

ਸ਼ਿੱਬੂ ਮੱਲ ਇੱਕ ਇੱਜ਼ਤਦਾਰ ਤੇ ਦਇਆਵਾਨ ਬੰਦਾ ਸੀ। ਉਸ ਦੀਆਂ ਅੱਖਾਂ ਦੇ ਸਾਹਮਣੇ ਹੀ ਤਾਂ ਮਹਿਤਾਬ ਕੌਰ ਨਾਲ ਸਾਰਾ ਕਹਿਰ ਵਰਤਿਆ ਸੀ। ਉਸ ਨਾਲ ਹਰ ਰੋਜ਼ ਕੀਤੇ ਜਾਂਦੇ ਸਮਾਜਿਕ ਵਿਤਕਰਿਆਂ ਦਾ ਸਿਲਸਿਲਾ ਵੀ ਉਸ ਤੋਂ ਕੋਈ ਓਹਲੇ ਨਹੀਂ ਸੀ। ਕਦੇ-ਕਦੇ ਸ਼ਿੱਬੂ ਮੱਲ ਦੇ ਹਿਰਦੇ ਵਿੱਚ ਮਹਿਤਾਬ ਕੌਰ ਦੇ ਬਾਰੇ ਵਿੱਚ ਬੜੀ ਹਮਦਰਦੀ ਜਾਗਦੀ ਸੀ। ਜ਼ਾਤ ਬਰਾਦਰੀ ਤੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਦਾ ਖ਼ਿਆਲ ਕਰਦਿਆਂ ਹੋਇਆਂ, ਸ਼ਿੱਬੂ ਮੱਲ ਨੇ ਕਦੇ ਇਹ ਗੱਲ ਆਪਣੀ ਜ਼ਬਾਨ ਤੋਂ ਪ੍ਰਗਟ ਨਹੀਂ ਕੀਤੀ ਸੀ। ਉਸ ਨੂੰ ਮਹਿਤਾਬ ਕੌਰ 'ਤੇ ਬਹੁਤ ਤਰਸ ਆਉਂਦਾ ਸੀ। ਕਈ ਵਾਰੀ ਸ਼ਿੱਬੂ ਮੱਲ ਦੇ ਮਨ ਵਿੱਚ ਇਹ ਗੱਲ ਆਉਂਦੀ ਕਿ ਇਸ ਵਰਤੇ ਕਹਿਰ ਵਿੱਚ ਮਹਿਤਾਬ ਕੌਰ ਦਾ ਕੋਈ ਵੀ ਕਸੂਰ ਨਹੀਂ ਸੀ। ਮਹਿਤਾਬ ਕੌਰ ਬੇਕਸੂਰ ਹੋ ਕੇ ਵੀ ਸਾਡੇ ਸਮਾਜਿਕ ਬੰਧਨਾਂ ਦੀ ਸਜ਼ਾ ਭੁਗਤ ਰਹੀ ਸੀ। ਸ਼ਿੱਬੂ ਮੱਲ ਦੀ ਇਹ ਹਮਦਰਦੀ ਹੌਲੀ-ਹੌਲੀ ਦਿਲ ਦੀ ਮੁਹੱਬਤ ਵਿੱਚ ਬਦਲ ਰਹੀ ਸੀ। ਮਹਿਤਾਬ ਕੌਰ ਦੀ ਸੁੰਦਰਤਾ ਨੇ ਵੀ ਸ਼ਿੱਬੂ ਮੱਲ ਦੇ ਦਿਲ ਵਿੱਚ ਆਪਣੀ ਇੱਕ ਵੱਖਰੀ ਕਿਸਮ ਦੀ ਥਾਂ ਬਣਾ ਲਈ ਸੀ। ਸ਼ਿੱਬੂ ਮੱਲ ਦੇ ਮਨ ਵਿੱਚ ਪਲਰਦੇ ਇਨ੍ਹਾਂ ਖ਼ਿਆਲਾਂ ਦਾ ਮਹਿਤਾਬ ਕੌਰ ਨੂੰ ਬਿਲਕੁਲ ਵੀ ਇਲਮ ਨਹੀਂ ਸੀ। ਮਹਿਤਾਬ ਕੌਰ ਵੈਸੇ ਵੀ ਬਹੁਤ ਧਾਰਮਿਕ ਖ਼ਿਆਲਾਂ ਵਾਲੀ ਤੇ ਸਿਆਣੀ ਇਸਤਰੀ ਸੀ। ਉਹ ਇਹ ਵੀ ਸਮਝਦੀ ਸੀ ਕਿ ਅਜਿਹੀ ਵਿਧਵਾ ਦੀ ਹਾਲਤ ਵਿੱਚ, ਕਈ ਰੰਗ ਰੂਪ ਦੇ ਸ਼ੌਕੀਨ ਸਮਾਜ ਦੀਆਂ ਨਜ਼ਰਾਂ ਤੋਂ ਚੋਰੀ, ਆਪਣੀ ਵਿਕਾਰੀ ਹਵਸ ਦੀ ਭੁੱਖ ਨੂੰ ਸ਼ਾਂਤ ਕਰਨ ਲਈ ਛਿੰਨ ਭੰਗਰ ਦਾ ਰਿਸ਼ਤਾ ਰੱਖਣ ਲਈ ਤਾਂ ਤਿਆਰ ਹੋ ਜਾਂਦੇ ਹਨ। ਸਿਰ ਦਾ ਸਾਂਈ ਬਣਕੇ ਸਮਾਜ ਸਾਹਮਣੇ ਕਿਸੇ ਵਿਧਵਾ ਦਾ ਹੱਥ ਫੜ ਕੇ ਹਰ ਮੁਸੀਬਤ ਅੱਗੇ ਖਲੋਣ ਲਈ ਕੋਈ ਵਿਰਲਾ ਮਰਦ ਹੀ ਹੁੰਦਾ ਹੈ। ਇਸ ਕਰਕੇ ਉਹ ਆਪਣੇ ਹੀ ਦੁੱਖਾਂ ਦੀ ਚਾਦਰ ਲਪੇਟ ਕੇ, ਸ਼ਰਮ ਹਯਾ ਵਾਲੇ ਨੇਤਰਾਂ ਨਾਲ ਨੀਵੀਂ ਜਿਹੀ ਪਾ ਕੇ, ਸਮਾਜ ਦੀਆਂ ਕੋਝੀਆਂ ਨਜ਼ਰਾਂ ਦਾ ਸਾਹਮਣਾ ਕਰਦੀ ਹੁੰਦੀ ਸੀ। ਸ਼ਿੱਬੂ ਮੱਲ ਦੇ ਦਿਲ ਵਿੱਚ ਪੈਦਾ ਹੋਈ ਹਮਦਰਦੀ ਅਤੇ ਮੁਹੱਬਤ, ਇਸ ਨੂੰ ਕਿਸੇ ਰਿਸ਼ਤੇ ਵਿੱਚ ਬਦਲਣ ਲਈ ਵੀ ਤਿਆਰ ਸੀ। ਕੁਝ ਸਮਾਜਿਕ ਬੰਧਨ ਉਸ ਲਈ ਸਭ ਤੋਂ

ਵੱਡੀ ਰੁਕਾਵਟ ਸਨ। ਉਨ੍ਹਾਂ ਦਿਨਾਂ ਵਿੱਚ ਘਰ ਦੇ ਕੰਮਾਂ ਕਾਰਾਂ ਜਾਂ ਸੁਨੇਹੇ ਆਦਿਕ ਦੇਣ ਲਈ ਨਾਈ ਜਾਂ ਨਾਈ ਦੀ ਘਰ ਵਾਲੀ ਨਾਇਣ ਹੁੰਦੀ ਸੀ। ਇਹ ਲੋਕਾਂ ਦੇ ਘਰ ਵਿੱਚ ਕੰਮ ਕਾਰ ਕਰਨ ਕਰਕੇ ਆਮ ਲੋਕਾਂ ਦੀਆਂ ਭਾਵਨਾਵਾਂ ਤੋਂ ਵੀ ਵਾਕਫ਼ ਹੋ ਜਾਂਦੇ ਸਨ। ਸ਼ਿੱਬੂ ਮੱਲ ਦੇ ਮਨ ਦੀ ਗੱਲ ਨੂੰ ਥੋੜ੍ਹਾ ਜਿਹਾ ਨਾਇਣ ਨੇ ਪੜ੍ਹ ਲਿਆ ਸੀ। ਆਖਿਰ ਇੱਕ ਦਿਨ ਸ਼ਿੱਬੂ ਮੱਲ ਨੇ ਆਪਣੀ ਭਾਵਨਾ ਦਾ ਸੁਨੇਹਾ ਮਹਿਤਾਬ ਕੌਰ ਲਈ ਭੇਜ ਦਿੱਤਾ। ਉਸ ਨੇ ਨਾਇਣ ਨੂੰ ਕਿਹਾ ਕਿ ਅਜਿਹੀ ਦੁੱਖਾਂ ਭਰੀ ਜ਼ਿੰਦਗੀ ਬਸਰ ਕਰ ਰਹੀ ਮਹਿਤਾਬ ਕੌਰ ਲਈ ਮੇਰੀ ਦਿਲੋਂ ਬਹੁਤ ਹਮਦਰਦੀ ਹੈ। ਮੈਂ ਮਹਿਤਾਬ ਕੌਰ ਦਾ ਇਹ ਦੁੱਖ ਵੀ ਵੰਡਾਉਣ ਲਈ ਤਿਆਰ ਹਾਂ। ਮੈਂ ਸਮਾਜ ਦੇ ਸਾਹਮਣੇ ਉਸ ਨੂੰ ਕਿਸੇ ਰਿਸ਼ਤੇ ਵਿੱਚ ਬੰਨ੍ਹ ਕੇ ਉਸ ਦੇ ਦੁੱਖ ਸੁੱਖ ਆਪਣੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਸ਼ਿੱਬੂ ਮੱਲ ਬਹੁਤ ਅਮੀਰ ਸੀ। ਇਸ ਕਰਕੇ ਨਾਇਣ ਨੂੰ ਇਹ ਖ਼ਿਆਲ ਵੀ ਆ ਗਿਆ ਕਿ ਜੇਕਰ ਮੈਂ ਇਹ ਸੁਨੇਹਾ ਮਹਿਤਾਬ ਕੌਰ ਨੂੰ ਦੇ ਦਿੰਦੀ ਹਾਂ ਤਾਂ ਸ਼ਾਇਦ ਇਸ ਕੰਮ ਬਦਲੇ ਸ਼ਿੱਬੂ ਮੱਲ ਮੇਰੀ ਵੀ ਕੋਈ ਮਾਲੀ ਮਦਦ ਕਰੇਗਾ।

ਨੈਣ ਨੇ ਸਮਾਂ ਦੇਖ ਕੇ ਮਹਿਤਾਬ ਕੌਰ ਨਾਲ ਸ਼ਿੱਬੂ ਮੱਲ ਬਾਰੇ ਕਈ ਤਰ੍ਹਾਂ ਦੀਆਂ ਚੰਗੀਆਂ ਗੱਲਾਂ ਸੁਣਾਉਣੀਆਂ ਤੇ ਨਾਲ ਹੀ ਮਹਿਤਾਬ ਕੌਰ ਨਾਲ ਵਰਤੇ ਹੋਏ ਰੱਬੀ ਕਹਿਰ ਪ੍ਰਤੀ ਹਮਦਰਦੀ ਜਤਾਉਣੀ। ਮਹਿਤਾਬ ਕੌਰ ਇੱਕ ਤਾਂ ਅੱਲ੍ਹੜਾਂ ਵਾਲੀ ਉਮਰ ਵਿੱਚ ਸਿਖਰਾਂ ਦੇ ਦਰਦ ਹੰਢਾ ਰਹੀ ਸੀ, ਦੂਜਾ ਉਸਨੂੰ ਤਾਂ ਹਰ ਕੋਈ ਠੋਕਰਾਂ ਹੀ ਮਾਰਦਾ ਸੀ। ਉਸ ਨਾਲ ਕੋਈ ਵੀ ਹਮਦਰਦੀ ਵਾਲੀ ਭਾਸ਼ਾ ਵਿੱਚ ਗੱਲ ਨਹੀਂ ਸੀ ਕਰਦਾ। ਉਸ ਉੱਤੇ ਨਾਇਣ ਦੀਆਂ ਗੱਲਾਂ ਦਾ ਕਾਫ਼ੀ ਅਸਰ ਹੋ ਗਿਆ ਸੀ। ਮਹਿਤਾਬ ਕੌਰ ਨੂੰ ਇਹ ਹਮਦਰਦੀ ਭਰੇ ਬੋਲ ਇਸ ਤਰ੍ਹਾਂ ਲੱਗਦੇ ਸਨ ਕਿ ਜਿਵੇਂ ਕੋਈ ਉਸ ਦੇ ਜ਼ਖ਼ਮਾਂ 'ਤੇ ਮਲ੍ਹਮ ਲਾ ਰਿਹਾ ਹੁੰਦਾ ਸੀ। ਮਹਿਤਾਬ ਕੌਰ ਨੂੰ ਵੀ ਲੱਗਾ ਕਿ ਸ਼ਾਇਦ ਕੋਈ ਅਜਿਹਾ ਹੋਵੇ ਜਿਸ ਦਾ ਹੱਥ ਮੇਰੇ ਸਿਰ 'ਤੇ ਆਉਣ ਨਾਲ ਮੈਂ ਜੀਵਨ ਦੀਆਂ ਬਾਕੀ ਮਜ਼ਬੂਰੀਆਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਜਾਵਾਂਗੀ। ਆਖਿਰ ਇਹ ਹਮਦਰਦੀ ਦਾ ਰਿਸ਼ਤਾ ਇੱਕ ਜੀਵਨ ਸਾਥੀ ਦੇ ਰਿਸ਼ਤੇ ਵਿੱਚ ਬਦਲ ਗਿਆ, ਕਿਉਂਕਿ ਸ਼ਿੱਬੂ ਮੱਲ ਨੇ ਮਹਿਤਾਬ ਕੌਰ 'ਤੇ ਚਾਦਰ ਪਾ ਕੇ ਉਸ ਨੂੰ ਆਪਣੀ ਪਤਨੀ ਬਣਾ ਲਿਆ ਸੀ। ਇਸ ਘਟਨਾ ਕਰਮ ਲਈ ਬਾਕੀ ਲੋਕਾਂ ਦੀ ਰਾਇ ਬਹੁਤੀ ਚੰਗੀ ਨਹੀਂ ਸੀ। ਕੁਝ ਲੋਕਾਂ ਨੇ ਇਸ ਗੱਲ ਦਾ ਅੰਦਰੋ-ਅੰਦਰੀ ਵਿਰੋਧ ਵੀ ਕੀਤਾ, ਪਰ ਸ਼ਿੱਬੂ ਮੱਲ ਨਾਲ ਕੋਈ ਸਿੱਧੀ ਗੱਲ ਨਹੀਂ ਕਰਦਾ ਸੀ। ਮਹਿਤਾਬ ਕੌਰ ਕਹਿਣ ਲਈ ਤਾਂ ਇੱਕ ਪਰਿਵਾਰ ਵਿੱਚ ਰਹਿ ਰਹੀ ਸੀ ਪਰ ਉਸ ਨਾਲ ਵਰਤ ਵਿਹਾਰ ਕਿਸੇ ਦਾ ਵੀ ਚੰਗਾ ਨਹੀਂ ਸੀ। ਜਿਸ ਦਾ ਜਿੰਨਾ ਵੀ ਕੋਈ ਮਾੜਾ ਮੋਟਾ ਵਰਤ ਵਿਹਾਰ ਸੀ ਉਨ੍ਹਾਂ ਨੇ ਮਹਿਤਾਬ



ਕੌਰ ਨਾਲੋਂ ਉਹ ਵੀ ਤੋੜ ਲਿਆ ਸੀ। ਮਹਿਤਾਬ ਕੌਰ ਨੂੰ ਭਵਿੱਖ ਦੀਆਂ ਕੁਝ ਆਸਾਂ ਉਮੀਦਾਂ ਵਾਲਾ ਸ਼ਿੱਬੂ ਮੱਲ ਦਾ ਇੱਕ ਰਿਸ਼ਤਾ ਮਿਲ ਗਿਆ ਸੀ। ਉਸ ਦੇ ਜੀਵਨ ਦੀ ਬੇੜੀ ਵਿੱਚ ਕੋਈ ਪਤੀ ਰੂਪ ਮਹਾਲ ਬਣ ਕੇ ਆਇਆ ਸੀ। ਮਹਿਤਾਬ ਕੌਰ ਨੂੰ ਪਤੀ ਸ਼ਬਦ ਤਾਂ ਮਿਲਿਆ ਸੀ ਪਰ ਪਤੀ ਵਾਲਾ ਸੁੱਖ ਉਸ ਨੂੰ ਨਸੀਬ ਨਹੀਂ ਹੋਇਆ ਸੀ। ਮਹਿਤਾਬ ਕੌਰ ਨੂੰ ਲੱਗਾ ਕਿ ਸ਼ਾਇਦ ਮੇਰੇ ਜੀਵਨ ਦੀਆਂ ਠੋਕਰਾਂ ਨੂੰ ਸ਼ਿੱਬੂ ਮੱਲ ਖ਼ਤਮ ਕਰ ਦੇਵੇਗਾ। ਮਹਿਤਾਬ ਕੌਰ ਦਾ ਮਨ ਤਾਂ ਹੁਣ ਵੀ ਪਾਕ ਖ਼ਿਆਲਾਂ ਦਾ ਧਾਰਨੀ ਹੀ ਸੀ ਪਰ ਉਸ ਨੂੰ ਸਮਾਜ ਦੇ ਸਾਹਮਣੇ ਕਿਸੇ ਨੂੰ ਆਪਣਾ ਕਹਿਣ ਦਾ ਸਹਾਰਾ ਜਿਹਾ ਮਿਲ ਗਿਆ ਸੀ। ਮਹਿਤਾਬ ਕੌਰ ਲਈ ਹੁਣ ਫੇਰ ਪਤੀ ਪਤਨੀ ਵਰਗੇ ਸ਼ਬਦਾਂ ਦਾ ਮਹੱਤਵ ਜਿਹਾ ਜਾਗ ਪਿਆ ਸੀ।

## ਬੱਚੇ ਦਾ ਜਨਮ

ਮਹਿਤਾਬ ਕੌਰ ਦਾ ਇੱਕ ਨਾਇਣ ਤੇ ਦੂਜਾ ਸ਼ਿੱਬੂ ਮੱਲ ਹੀ ਖੁੱਲ੍ਹ ਕੇ ਹਮਦਰਦ ਸਨ। ਇਸ ਕਰਕੇ ਉਸ ਦੇ ਸ਼ਿੱਬੂ ਮੱਲ ਨਾਲ ਹੋਏ ਇਸ ਰਿਸ਼ਤੇ ਵਿੱਚ ਕਿਸੇ ਨੇ ਕੋਈ ਪੁੱਛ ਪੜਤਾਲ ਵੀ ਨਹੀਂ ਕੀਤੀ ਸੀ, ਜਾਂ ਨੈਣ ਨੇ ਸ਼ਿੱਬੂ ਮੱਲ ਦੀਆਂ ਸਾਰੀਆਂ ਗੱਲਾਂ ਮਹਿਤਾਬ ਕੌਰ ਨੂੰ ਨਹੀਂ ਦੱਸੀਆਂ ਸਨ।

'ਮਹਿਤਾਬ ਕੌਰ ਸ਼ਿੱਬੂ ਮੱਲ ਦੇ ਘਰ ਆ ਗਈ ਸੀ ਪਰ ਥਾਂ ਦੇ ਬਦਲ ਜਾਣ ਨਾਲ ਕਦੇ ਮੁਸੀਬਤਾਂ ਨਹੀਂ ਬਦਲਦੀਆਂ। ਮਹਿਤਾਬ ਕੌਰ ਨੂੰ ਪਤਾ ਲੱਗਾ ਕਿ ਸ਼ਿੱਬੂ ਮੱਲ ਦੀ ਪਹਿਲੀ ਸ਼ਾਦੀ ਵਿੱਚੋਂ ਲੜਕਾ ਅਤੇ ਲੜਕੀ ਦੋ ਬੱਚੇ ਹਨ ਤੇ ਉਸ ਦੀ ਪਹਿਲੀ ਘਰਵਾਲੀ ਦਾ ਨਾਮ (ਸ਼ਾਇਦ) ਕੰਵਲ ਹੈ। ਮਹਿਤਾਬ ਕੌਰ ਬਿਨਾਂ ਪਤੀ ਦਾ ਸੁੱਖ ਮਾਣਿਆਂ ਹੀ ਵਿਧਵਾ ਹੋ ਗਈ ਸੀ ਤੇ ਹੁਣ ਬਿਨਾਂ ਬੱਚੇ ਜੰਮਿਆਂ ਹੀ ਮਾਂ ਬਣ ਗਈ ਸੀ। ਇਹ ਬੱਚੇ ਭਾਵੇਂ ਮਹਿਤਾਬ ਕੌਰ ਨੂੰ ਨਫ਼ਰਤ ਹੀ ਕਰਦੇ ਸਨ ਪਰ ਉਸ ਨੇ ਸਭ ਕੁਝ ਨੂੰ ਰੱਬੀ ਭਾਣਾ ਮੰਨ ਕੇ ਸਵੀਕਾਰ ਕਰ ਲਿਆ ਸੀ। ਮਹਿਤਾਬ ਕੌਰ ਨੇ ਇਸ ਗੱਲ ਨੂੰ ਵੀ ਬਰਦਾਸ਼ਤ ਕਰਕੇ ਉਨ੍ਹਾਂ ਬੱਚਿਆਂ ਨੂੰ ਵੀ ਮਾਂ ਵਰਗਾ ਪਿਆਰ ਦੇਣਾ ਚਾਹਿਆ ਸੀ। ਸਮਾਜ ਦੀਆਂ ਟਕੋਰਾਂ ਅਤੇ ਆਪਣੀ ਮਾਂ ਦੀਆਂ ਗੱਲਾਂ ਨੇ ਇਨ੍ਹਾਂ ਬੱਚਿਆਂ ਦੇ ਮਨਾਂ ਵਿੱਚ ਵੀ ਨਫ਼ਰਤ ਭਰ ਦਿੱਤੀ ਸੀ।

ਸ਼ਿੱਬੂ ਮੱਲ ਖੱਤਰੀ ਸ਼ਾਹੂਕਾਰ ਸੀ ਤੇ ਮਹਿਤਾਬ ਕੌਰ ਜ਼ਿਮੀਂਦਾਰ ਘਰਾਣੇ ਨਾਲ ਸੰਬੰਧਿਤ ਸੀ। ਇਸ ਕਰਕੇ ਸ਼ਿੱਬੂ ਮੱਲ ਨੂੰ ਲੋਕਾਂ ਨੇ ਗੱਲਾਂ ਕਰਨੀਆਂ ਕਿ ਜਿਹੜੀ ਤੁਹਾਡੇ ਘਰ ਔਲਾਦ ਹੋਏਗੀ ਤਾਂ ਉਸ ਨਾਲ ਵਿਆਹ ਸ਼ਾਦੀ ਕੌਣ ਕਰੇਗਾ? ਅੰਤਰ-ਜ਼ਾਤੀ ਸ਼ਾਦੀ ਨੂੰ ਤਾਂ ਲੋਕ ਇੱਕੀਵੀਂ ਸਦੀ ਵਿੱਚ ਵੀ ਸਤਿਕਾਰੀ ਨਜ਼ਰ ਨਾਲ ਨਹੀਂ ਦੇਖਦੇ, ਸਗੋਂ ਇੱਜ਼ਤਾਂ ਗ਼ੈਰਤਾਂ ਦੇ ਨਾਮ ਦੇ ਕੇ ਲੜਕਾ ਲੜਕੀ ਦਾ ਕਤਲ ਤਕ ਵੀ ਕਰ ਦਿੰਦੇ ਹਨ। ਉਸ ਸਮੇਂ ਵਿੱਚ ਇਸ ਅੰਤਰਜ਼ਾਤੀ ਸ਼ਾਦੀ

ਨੂੰ ਲੋਕ ਬਹੁਤ ਮਾੜਾ ਸਮਝਦੇ ਸਨ। ਦੂਜਾ ਸ਼ਿੱਬੂ ਮੱਲ ਨੂੰ ਆਪਣੇ ਘਰ ਵੱਲੋਂ ਵੀ ਮਹਿਤਾਬ ਕੌਰ ਲਈ ਨਫ਼ਰਤ ਭਰਿਆ ਵਿਹਾਰ ਹੀ ਮਿਲਦਾ ਸੀ। ਤੀਜਾ ਉਹ ਖ਼ੁਦ ਵੀ ਬਾਣੀਆਂ ਬ੍ਰਿਤੀ ਦਾ ਮਾਲਕ ਸੀ। ਇਸ ਕਰਕੇ ਉਹ ਸੋਚਦਾ ਸੀ ਕਿ ਮਹਿਤਾਬ ਕੌਰ ਦੀ ਔਲਾਦ ਵੀ ਮੇਰੀ ਜ਼ਮੀਨ ਜ਼ਾਇਦਾਦ ਵਿੱਚੋਂ ਹਿੱਸੇਦਾਰ ਬਣੇਗੀ। ਇਹ ਗੱਲਾਂ ਸੋਚ ਕੇ ਉਸ ਨੇ ਮਹਿਤਾਬ ਕੌਰ 'ਤੇ ਇਹ ਵੀ ਪਾਬੰਦੀ ਲਾ ਦਿੱਤੀ ਕਿ ਤੇਰੀ ਕੁੱਖ ਤੋਂ ਬੱਚੇ ਦਾ ਜਨਮ ਨਹੀਂ ਹੋਏਗਾ, ਭਾਵ ਤੂੰ ਮਾਂ ਨਹੀਂ ਬਣ ਸਕਦੀ। ਮਹਿਤਾਬ ਕੌਰ ਨੇ ਹਰ ਮੁਸੀਬਤ ਦਾ ਟਾਕਰਾ ਤਕੜੇ ਦਿਲ ਨਾਲ ਕੀਤਾ ਸੀ, ਪਰ "ਮੈਂ ਕਦੇ ਮਾਂ ਨਹੀਂ ਬਣ ਸਕਾਂਗੀ", ਇਹ ਮਹਿਤਾਬ ਕੌਰ ਲਈ ਬਰਦਾਸ਼ਤ ਕਰਨਾ ਬਹੁਤ ਔਖਾ ਸੀ। ਮਹਿਤਾਬ ਕੌਰ ਤਾਂ ਆਪਣੇ ਦੁੱਖਾਂ ਦੇ ਖ਼ਾਤਮੇ ਲਈ ਤੇ ਸੁੱਖਾਂ ਦੀਆਂ ਆਸਾਂ ਲਾ ਕੇ ਆਈ ਸੀ, ਪਰ ਜਦੋਂ ਉਸ ਨੂੰ ਇਹ ਸਭ ਕੁਝ ਪਤਾ ਲੱਗਾ, ਤਾਂ ਉਹ ਅੰਤਾਂ ਦੀ ਹੋਰ ਵੀ ਦੁੱਖੀ ਹੋ ਗਈ । ਜਦੋਂ ਵੀ ਦਿਲ 'ਤੇ ਕਹਿਰ ਹੁੰਦਾ ਹੈ ਤਾਂ ਉਸ ਨਾਲ ਹਮਦਰਦੀ ਕਰਨ ਵਾਲੀਆਂ ਅੱਖਾਂ ਹੀ ਹੁੰਦੀਆਂ ਹਨ, ਜਿਹੜੀਆਂ ਅੱਥਰੂਆਂ ਰਾਹੀਂ ਦਿਲ ਦਾ ਭਾਰ ਹਲਕਾ ਕਰ ਦਿੰਦੀਆਂ ਹਨ। ਮਹਿਤਾਬ ਕੌਰ ਨੇ ਵੀ ਇਨ੍ਹਾਂ ਅੱਖਾਂ ਰਾਹੀਂ ਰੱਜ ਕੇ ਅੱਥਰੂ ਵਹਾ ਕੇ ਆਪਣੇ ਦਿਲ ਦਾ ਭਾਰ ਹਲਕਾ ਕੀਤਾ ਸੀ। ਜਿੱਥੇ ਜ਼ਿੰਦਗੀ ਦੇ ਬਾਕੀ ਦੁੱਖੜੇ ਸਹਾਰ ਲਏ ਸਨ ਉੱਥੇ ਇਸ ਦੁੱਖ ਨੂੰ ਵੀ ਹੋਰ ਦੁੱਖਾਂ ਨਾਲ ਆਪਣੇ ਪੱਲੇ ਬੰਨ੍ਹ ਲਿਆ ਸੀ।

ਸਮਾਂ ਪਾ ਕੇ ਮਹਿਤਾਬ ਕੌਰ 'ਤੇ ਕੁਦਰਤ ਮਿਹਰਵਾਨ ਹੋਈ ਤਾਂ ਇੱਕ ਬੱਚੇ ਦੇ ਆਮਦ ਦੀ ਖੁਸ਼ੀ ਹੋਈ। ਮਹਿਤਾਬ ਕੌਰ ਨੇ ਇਹ ਖੁਸ਼ੀ ਆਪਣੇ ਪਤੀ ਸ਼ਿੱਬੂ ਮੱਲ ਨਾਲ ਵੀ ਸਾਂਝੀ ਕੀਤੀ ਸੀ। ਸ਼ਿੱਬੂ ਮੱਲ ਨੇ ਮਹਿਤਾਬ ਕੌਰ ਨੂੰ ਮਜ਼ਬੂਰ ਕਰਕੇ ਕਿਸੇ ਡਾਕਟਰ ਰਾਹੀਂ ਉਸ ਦੇ ਪੇਟ ਵਿੱਚ ਬੱਚੇ ਦਾ ਕਤਲ ਕਰਵਾ ਦਿੱਤਾ। ਮਹਿਤਾਬ ਕੌਰ ਨੇ ਮਾਂ ਵਾਲਾ ਸੁੱਖ ਮਾਣਨਾ ਸੀ। ਉਹ ਤਾਂ ਮਾਂ ਬਣਨ ਦੀ ਥਾਂ ਤੇ ਸਗੋਂ ਆਪਣੇ ਆਪ ਨੂੰ ਇੱਕ ਬੱਚੇ ਦਾ ਕਾਤਲ ਮਹਿਸੂਸ ਕਰਨ ਲੱਗ ਪਈ ਸੀ। ਉਸ ਦੇ ਮਨ 'ਤੇ ਇਸ ਗੱਲ ਦਾ ਬਹੁਤ ਅਸਰ ਹੋਇਆ। ਮਾਂ ਤੇ ਔਲਾਦ ਦੇ ਰਿਸ਼ਤੇ ਨੂੰ ਦਿਲ ਦਾ ਜਾਂ ਆਂਦਰਾਂ ਦਾ ਰਿਸ਼ਤਾ ਕਿਹਾ ਜਾਂਦਾ ਹੈ। ਬੱਚੇ ਨੇ ਮਾਂ ਨਹੀਂ ਦੇਖੀ ਹੁੰਦੀ ਤੇ ਮਾਂ ਨੇ ਬੱਚਾ ਨਹੀਂ ਦੇਖਿਆ ਹੁੰਦਾ ਪਰ ਉਨ੍ਹਾਂ ਵਿੱਚ ਪ੍ਰਮੇਸ਼ਰ ਹੀ ਇੱਕ ਅਜਿਹੀ ਖਿੱਚ ਬਣਾ ਦਿੰਦਾ ਹੈ। ਜਦੋਂ ਕਿਸੇ ਨੂੰ ਇਹ ਪਤਾ ਲੱਗਦਾ ਹੈ ਕਿ ਮੈਂ ਇਸਤਰੀ ਦੀ ਸੰਪੂਰਨਤਾ ਨੂੰ ਛੂਹਣ ਲੱਗੀ ਹਾਂ, ਭਾਵ ਮੈਂ ਮਾਂ ਬਣਨ ਲੱਗੀ ਹਾਂ, ਮਾਂ ਦੀਆਂ ਖੁਸ਼ੀਆਂ ਦਾ ਅੰਤ ਨਹੀਂ ਰਹਿੰਦਾ।

ਮਹਿਤਾਬ ਕੌਰ ਦੀ ਕੁੱਖ ਤਾਂ ਭਰ ਗਈ ਸੀ ਪਰ ਗੋਦ ਖ਼ਾਲੀ ਹੀ ਰਹਿ ਗਈ। ਇਸ ਗੱਲ ਦਾ ਮਹਿਤਾਬ ਕੌਰ 'ਤੇ ਕਾਫ਼ੀ ਅਸਰ ਹੋਇਆ ਸੀ। ਉਹ ਫਿਰ ਗਹਿਰੀ ਉਦਾਸੀ ਵਿੱਚ ਰਹਿ ਰਹੀ ਸੀ। ਮਹਿਤਾਬ ਕੌਰ ਦੇ ਜ਼ਖ਼ਮਾਂ 'ਤੇ



ਕੁਦਰਤ ਨੇ ਇੱਕ ਵਾਰੀ ਫਿਰ ਦਵਾਈ ਲਾਉਣੀ ਚਾਹੀ। ਮਹਿਤਾਬ ਕੌਰ ਦੁਬਾਰਾ ਫਿਰ ਇਸ ਕੁਦਰਤ ਦੀ ਕਿਰਿਆ ਵਿੱਚੋਂ ਲੰਘੀ ਪਰ ਫਿਰ ਦੂਜੇ ਬੱਚੇ ਦਾ ਵੀ ਕਤਲ ਕਰਵਾ ਦਿੱਤਾ ਗਿਆ। ਇਸ ਵਾਰੀ ਫਿਰ ਮਹਿਤਾਬ ਕੌਰ ਦੀ ਰੂਹ 'ਤੇ ਨਾ ਸਹਾਰਿਆ ਜਾਣ ਵਾਲਾ ਬੋਝ ਰੱਖ ਦਿੱਤਾ ਸੀ। ਤੀਜੀ ਵਾਰੀ ਫਿਰ ਮਿਹਰਵਾਨ ਨੇ ਮਿਹਰ ਕਰ ਦਿੱਤੀ ਸੀ, ਪਰ ਮਹਿਤਾਬ ਕੌਰ ਦੀ ਇਸ ਵਾਰੀ ਵੀ ਇਹ ਬੱਚਾ ਮਾਂ ਦੀ ਕੁੱਖ ਤੋਂ ਗੋਦ ਤਕ ਸਫ਼ਰ ਨਾ ਕਰ ਸਕਿਆ, ਸਗੋਂ ਪਹਿਲੇ ਬੱਚਿਆਂ ਵਾਂਗ ਇਹ ਵੀ ਇੱਕ ਦੁੱਖੜਾ ਹੋਰ ਦੇ ਕੇ ਚਲਾ ਗਿਆ ਸੀ।

ਚੌਥੀ ਵਾਰੀ ਜਦੋਂ ਮਹਿਤਾਬ ਕੌਰ ਦੀ ਕੁੱਖ ਸੁਲੱਖਣੀ ਹੋਈ ਤਾਂ ਇਸ ਵਾਰੀ ਮਹਿਤਾਬ ਕੌਰ ਨੇ ਆਪਣੇ ਪਤੀ ਦੇ ਪੈਰ ਪਕੜ ਕੇ ਉਸ ਅੱਗੇ ਤਰਲੇ ਕੀਤੇ ਕਿ ਮੈਨੂੰ ਤੇ ਮੇਰੇ ਬੱਚੇ ਨੂੰ ਕੁਝ ਨਹੀਂ ਚਾਹੀਦਾ। ਮੇਰੇ ਬੱਚੇ ਨੂੰ ਜਨਮ ਲੈ ਲੈਣ ਦਿਓ ਤੇ ਮੈਨੂੰ ਮਾਂ ਵਾਲਾ ਸੁੱਖ ਵੇਖ ਲੈਣ ਦਿਓ। ਮੈਂ ਵਾਰੀ ਕਿਸੇ ਬਹਿਸ਼ਤ ਦੇ ਬੂਹੇ 'ਤੇ ਜਾ ਕੇ ਖ਼ਾਲੀ ਆ ਜਾਂਦੀ ਹਾਂ। ਇਸ ਵਾਰੀ ਮੈਨੂੰ ਮਾਂ ਵਾਲਾ ਸੁੱਖ ਵੇਖ ਲੈਣ ਦਿਓ। ਮਹਿਤਾਬ ਕੌਰ ਦੀਆਂ ਅੱਖਾਂ ਅੱਥਰੂ ਵਹਾ ਰਹੀਆਂ ਸਨ, ਹੱਥਾਂ ਨੇ ਸ਼ਿੱਬੂ ਮੱਲ ਦੇ ਪੈਰ ਪਕੜੇ ਹੋਏ ਸਨ ਤੇ ਜ਼ਬਾਨ ਤਰਲੇ ਲੈ ਰਹੀ ਸੀ। ਮੇਰੇ ਸਾਂਈਆਂ! ਮੈਂ ਤਾਂ ਤੇਰੇ ਬੱਚਿਆਂ ਦੀ ਮਮਤਾ ਨਾਲ ਹੀ ਆਪਣੇ ਮਨ ਨੂੰ ਸ਼ਾਂਤ ਕਰ ਲੈਣਾ ਸੀ। ਮੈਨੂੰ ਤਾਂ ਨਿਮਾਣੀ ਨੂੰ ਉਹ ਵੀ ਨਫ਼ਰਤ ਹੀ ਕਰਦੇ ਹਨ। ਉਨ੍ਹਾਂ ਨੇ ਵੀ ਕਦੇ ਮੈਨੂੰ ਮਾਂ ਕਹਿ ਕੇ ਨਹੀਂ ਬੁਲਾਇਆ। ਹੁਣ ਜੇ ਮੈਨੂੰ ਮਾਂ ਕਹਿਣ ਵਾਲਾ ਰੱਬ ਮੇਰੀ ਕੁੱਖ ਵਿੱਚ ਭੇਜਦਾ ਹੈ ਤਾਂ ਤੁਸੀਂ ਉਸ ਨੂੰ ਜਨਮ ਨਹੀਂ ਲੈਣ ਦਿੰਦੇ। ਵਾਸਤਾ ਜੇ ਰੱਬ ਦਾ, ਮੈਨੂੰ ਨਿਮਾਣੀ ਨੂੰ ਮਾਂ ਵਾਲਾ ਸੁੱਖ ਵੇਖ ਲੈਣ ਦਿਓ। ਮਹਿਤਾਬ ਕੌਰ ਨੇ ਕਿਹਾ ਕਿ ਮੈਂ ਕਿਤਨੇ ਕੁ ਕਤਲ ਕਰਾਂ, ਹੁਣ ਮੇਰੇ ਕੋਲੋਂ ਇਹ ਪਾਪ ਨਹੀਂ ਹੁੰਦਾ। ਹੁਣ ਮੈਂ ਕਾਤਲ ਨਹੀਂ ਸਗੋਂ ਮਾਂ ਬਣਨਾ ਚਾਹੁੰਦੀ ਹਾਂ। ਮਹਿਤਾਬ ਕੌਰ ਦੇ ਤਰਲਿਆਂ ਨੇ ਸ਼ਿੱਬੂ ਮੱਲ ਦਾ ਮਨ ਮੋਮ ਕਰ ਦਿੱਤਾ। ਇਸ ਕਰਕੇ ਉਸ ਨੇ ਆਗਿਆ ਦੇ ਦਿੱਤੀ ਕਿ ਤੂੰ ਇੱਕ ਬੱਚੇ ਨੂੰ ਜਨਮ ਦੇ ਸਕਦੀ ਹੈਂ ਪਰ ਇਸ ਬੱਚੇ ਨੂੰ ਮੇਰੀ ਜ਼ਮੀਨ ਜਾਇਦਾਦ ਵਿੱਚੋਂ ਕੋਈ ਹਿੱਸਾ ਨਹੀਂ ਮਿਲੇਗਾ। ਮਹਿਤਾਬ ਕੌਰ ਨੂੰ ਤਾਂ ਬੱਚੇ ਦੇ ਜਨਮ ਦੇ ਦੇਣ ਦੀ ਹੀ ਇਤਨੀ ਖ਼ੁਸ਼ੀ ਸੀ ਕਿ ਉਸ ਲਈ ਜ਼ਮੀਨ ਜ਼ਾਇਦਾਦ ਦੇ ਨਾ ਮਿਲਣ ਦਾ ਇਹ ਦੁੱਖ ਛੋਟਾ ਜਿਹਾ ਲੱਗਾ। ਇਸ ਕਰਕੇ ਮਹਿਤਾਬ ਕੌਰ ਨੇ ਪ੍ਰਵਾਨ ਕਰ ਲਿਆ ਕਿ ਮੈਨੂੰ ਕੁਝ ਨਹੀਂ ਚਾਹੀਦਾ ਪਰ ਬੱਚੇ ਦਾ ਜਨਮ ਹੋਣ ਦਿਓ। 'ਸਮੇਂ ਨਾਲ ਇਸ ਬੱਚੇ ਦਾ ਜਨਮ 4 ਜੂਨ ਸੰਨ 1904 ਨੂੰ ਹੋਇਆ ਤੇ ਇਸ ਬੱਚੇ ਦਾ ਨਾਮ ਰਾਮ ਜੀ ਦਾਸ ਰੱਖਿਆ ਗਿਆ।' {ਸੰਪਾ: ਰਛਪਾਲ ਸਿੰਘ ਗਿੱਲ, ਪੰਜਾਬ ਕੋਸ਼, ਭਾਸ਼ਾ ਵਿਭਾਗ ਪੰਜਾਬ। (2004), ਪੰਨਾ 477}।

**ਰਾਮਜੀ ਦਾਸ ਦਾ ਬਚਪਨ**

ਮਹਿਤਾਬ ਕੌਰ ਨੇ ਬਹੁਤ ਦੁੱਖਾਂ ਦਾ ਦਰਦ ਹੰਢਾ ਕੇ ਆਪਣੇ ਪੁੱਤਰ ਦਾ

ਮੂੰਹ ਦੇਖਿਆ ਸੀ। ਇਸ ਕਰਕੇ ਮਹਿਤਾਬ ਕੌਰ ਦੇ ਅੰਦਰ ਤਾਂ ਆਪਣੇ ਪੁੱਤਰ ਲਈ ਸਮੁੰਦਰੋਂ ਡੂੰਘਾ ਮੁਹੱਬਤਾਂ ਭਰਿਆ ਦਿਲ ਸੀ। ਉਹ ਤਾਂ ਚਾਹੁੰਦੀ ਸੀ ਕਿ ਮੈਂ ਆਪਣੇ ਪੁੱਤਰ ਵਿੱਚ ਦੁਨੀਆਂ ਭਰ ਦੇ ਸਾਰੇ ਹੀ ਚੰਗੇ ਗੁਣ ਭਰ ਦੇਣੇ ਹਨ। ਮਹਿਤਾਬ ਕੌਰ ਸਮਝਦੀ ਸੀ ਕਿ ਮੇਰੇ ਪੁੱਤਰ ਨੂੰ ਪਿਤਾ ਵਾਲੀ ਜ਼ਮੀਨ ਜਾਇਦਾਦ ਵਿੱਚੋਂ ਕੋਈ ਹਿੱਸਾ ਤਾਂ ਨਹੀਂ ਮਿਲਣਾ, ਇਸ ਕਰਕੇ ਮੈਂ ਆਪਣੇ ਵੱਲੋਂ ਸ਼ੁੱਭ ਗੁਣਾਂ ਦੀ ਦੌਲਤ ਤਾਂ ਦੇ ਸਕਦੀ ਹਾਂ। ਮੈਂ ਆਪਣੇ ਵੱਲੋਂ ਗੁਣਾਂ ਦੀ ਦੌਲਤ ਹੀ ਅਜਿਹੀ ਦੇ ਦਿਆਂਗੀ ਜਿਸ ਨਾਲ ਜ਼ਮੀਨਾਂ ਜਾਇਦਾਦਾਂ ਦੇ ਹਿੱਸੇ ਦੀ ਕੋਈ ਲੋੜ ਹੀ ਨਾ ਪਵੇ। ਇਸ ਕਰਕੇ ਉਹ ਆਪਣੇ ਪੁੱਤਰ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਂਦੀ ਤੇ ਉਸ ਨੂੰ ਅਤਿ ਦਾ ਪਿਆਰ ਕਰਦੀ ਸੀ। ਰਾਮ ਜੀ ਦਾਸ ਮਗਰੋਂ ਮਹਿਤਾਬ ਕੌਰ ਦੀ ਕੁੱਖ ਤੋਂ ਇੱਕ ਲੜਕੀ ਦਾ ਜਨਮ ਵੀ ਹੋਇਆ ਸੀ, ਪਰ ਉਸ ਨੂੰ ਕਿਸੇ ਸੇਵਾਦਾਰ ਨੇ ਅਫ਼ੀਮ ਜ਼ਿਆਦਾ ਦੇ ਦਿੱਤੀ ਸੀ ਤੇ ਉਸ ਦੀ ਮੌਤ ਹੋ ਗਈ ਸੀ। {ਭਗਤ ਪੂਰਨ ਸਿੰਘ, ਢਿੱਡ ਦਾ ਬੋਝ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2014), ਪੰਨਾ 6}।

(ਯਾਦ ਰਹੇ ਕਿ ਪਹਿਲੇ ਸਮਿਆਂ ਵਿੱਚ ਬੱਚੇ ਨੂੰ ਕਿਸੇ ਠੰਡ ਜਾਂ ਨਿੱਕੀ ਮੋਟੀ ਤਕਲੀਫ਼ ਲਈ ਬਰਾਂਡੀ ਜਾਂ ਅਫ਼ੀਮ ਦੇ ਦਿੰਦੇ ਸਨ, ਹੋ ਸਕਦਾ ਹੈ ਕਿ ਇਸੇ ਕਾਰਨ ਹੀ ਮਹਿਤਾਬ ਕੌਰ ਦੀ ਲੜਕੀ ਨੂੰ ਵੀ ਅਫ਼ੀਮ ਦਿੱਤੀ ਹੋਵੇ)।

ਸ਼ਿੱਬੂ ਮੱਲ ਦੇ ਘਰ ਖਾਣ-ਪੀਣ ਦੀ ਕੋਈ ਤੋਟ ਨਹੀਂ ਸੀ। ਉਸ ਨੇ ਆਪਣੀਆਂ ਹੀ ਮੱਝਾਂ ਰੱਖੀਆਂ ਹੋਈਆਂ ਸਨ। ਇਸ ਕਰਕੇ ਘਰ ਵਿੱਚ ਘਿਉ, ਗੁੜ, ਸ਼ੱਕਰ, ਖੰਡ ਜਾਂ ਹੋਰ ਅਜਿਹੀਆਂ ਚੀਜ਼ਾਂ ਜਿਸ ਨੂੰ ਆਮ ਲੋਕ ਜਿੰਦਰੇ ਵਿੱਚ ਰੱਖਦੇ ਸਨ, ਪਰ ਸ਼ਿੱਬੂ ਮੱਲ ਦੇ ਘਰ ਇਨ੍ਹਾਂ ਵਸਤੂਆਂ ਦਾ ਆਮ ਖੁੱਲ੍ਹਾ ਵਰਤਾਰਾ ਸੀ। ਸ਼ਿੱਬੂ ਮੱਲ ਸਨਾਤਨੀ ਧਰਮ ਦਾ ਸੀ ਤੇ ਉਹ ਮਹਿਤਾਬ ਕੌਰ ਨੂੰ ਲੈ ਕੇ ਆਮ ਹੀ ਗੀਤਾ, ਰਾਮਾਇਣ ਤੇ ਮਹਾਂਭਾਰਤ ਦੀ ਕਥਾ ਸੁਣਨ ਜਾਇਆ ਕਰਦਾ ਸੀ। ਸ਼ਿੱਬੂ ਮੱਲ ਦੇ ਘਰ ਦੀ ਗਿਣਤੀ ਪਿੰਡ ਦੇ ਵੱਡਿਆਂ ਘਰਾਂ ਵਿੱਚ ਸੀ। ਸੋ ਧਰਮੀ ਲੋਕ, ਲੋੜਵੰਦ ਲੋਕ ਜਾਂ ਕਿਸੇ ਸਮਾਜਿਕ ਸੁਧਾਰ ਬ੍ਰਿਤੀ ਵਾਲੇ ਲੋਕ ਅਕਸਰ ਗਜਾ ਜਾਂ ਕੁਝ ਨਾ ਕੁਝ ਮੰਗਣ ਲਈ ਆਉਂਦੇ ਹੀ ਰਹਿੰਦੇ ਸਨ। ਇਸ ਗੱਲੋਂ ਮਹਿਤਾਬ ਕੌਰ ਤੇ ਸ਼ਿੱਬੂ ਮੱਲ ਦੋਨਾਂ ਦਾ ਸੁਭਾਅ ਦਾਨੀ ਬ੍ਰਿਤੀ ਦਾ ਸੀ। ਸ਼ਿੱਬੂ ਮੱਲ ਦੇ ਘਰ ਦੋ ਉਦਾਸੀਏ ਤੇ ਦੋ ਹੀ ਰਵਿਦਾਸੀਏ ਮਹੰਤ ਆਟੇ ਦੀ ਗਜਾ ਲੈਣ ਆਉਂਦੇ ਹੁੰਦੇ ਸਨ। ਮਹਿਤਾਬ ਕੌਰ ਸਕੂਲੀ ਪੜ੍ਹਾਈ ਵੱਲੋਂ ਤਾਂ ਕੋਰਾ ਕਾਗਜ਼ ਹੀ ਸੀ ਪਰ ਭਾਵਨਾ ਕਰਕੇ ਇਨਸਾਨੀਅਤ ਵਾਲੀ ਵਿੱਦਿਆ ਨਾਲ ਪੂਰੀ ਭਰੀ ਹੋਈ ਸੀ। ਜਦੋਂ ਵੀ ਇਨ੍ਹਾਂ ਸੰਤਾਂ ਜਾਂ ਮਹੰਤਾਂ ਨੇ ਆਟਾ ਲੈਣ ਆਉਣਾ ਤਾਂ ਮਹਿਤਾਬ ਕੌਰ ਨੇ ਇਨ੍ਹਾਂ ਕੋਲੋਂ ਜਪੁਜੀ ਸਾਹਿਬ ਦੀ ਕਿਸੇ ਪਉੜੀ ਦਾ ਪਾਠ ਸਿੱਖਣਾ। ਉਸ ਨੂੰ ਵਾਰ-ਵਾਰ ਪੜ੍ਹਦੀ ਰਹਿਣਾ। ਇਸ ਤਰ੍ਹਾਂ ਹੀ ਮਹਿਤਾਬ ਕੌਰ ਨੇ ਪਾਠ ਯਾਦ



ਕਰ ਲਿਆ ਸੀ। ਮਹਿਤਾਬ ਕੌਰ ਦੇ ਮਾਪਿਆਂ ਵੱਲੋਂ ਤਾਂ ਸਿੱਖੀ ਦੀ ਹੀ ਸਿੱਖਿਆ ਦਿੱਤੀ ਜਾਂਦੀ ਸੀ। ਸ਼ਿਬੂ ਮੱਲ ਸਨਾਤਨੀ ਧਰਮ ਦਾ ਧਾਰਨੀ ਸੀ, ਪਰ ਉਸ ਵਕਤ ਵਿਦਿਆ ਦਾ ਅਜਿਹਾ ਖਿਲਾਰਾ ਨਹੀਂ ਸੀ ਤੇ ਲੋਕਾਂ ਵਿੱਚ ਆਪੋ ਆਪਣੇ ਧਰਮਾਂ ਪ੍ਰਤੀ ਅਜੋਕੇ ਸਮੇਂ ਵਰਗੀ ਦ੍ਰਿੜ੍ਹਤਾ ਵੀ ਨਹੀਂ ਹੁੰਦੀ ਸੀ। ਮਹਿਤਾਬ ਕੌਰ ਨੇ ਬਚਪਨ ਤੋਂ ਦਰਬਾਰ ਸਾਹਿਬ ਬਾਰੇ ਆਪਣੇ ਮਾਤਾ ਪਿਤਾ ਜੀ ਤੋਂ ਸੁਣਿਆ ਹੋਇਆ ਸੀ ਪਰ ਕਦੇ ਦਰਸ਼ਨ ਨਹੀਂ ਕੀਤੇ ਸਨ। ਉਸ ਨੇ ਆਪਣੇ ਮਨ ਦੀ ਭਾਵਨਾ ਸ਼ਿੱਬੂ ਮੱਲ ਨੂੰ ਦੱਸੀ ਤੇ ਕਿਹਾ ਕਿ ਆਪਾਂ ਦਰਬਾਰ ਸਾਹਿਬ ਮੱਥਾ ਟੇਕ ਕੇ ਆਉਣਾ ਹੈ। ਸ਼ਿੱਬੂ ਮੱਲ ਨੂੰ ਤਾਂ ਅਜਿਹੇ ਧਰਮ ਕਰਮਾਂ ਵਿੱਚ ਬਹੁਤ ਵਿਸ਼ਵਾਸ ਸੀ। ਸ਼ਿੱਬੂ ਮੱਲ ਤੇ ਮਹਿਤਾਬ ਕੌਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਚਲੇ ਗਏ। ਮਹਿਤਾਬ ਕੌਰ ਦਾ ਪਿੱਛੋਕੜ ਸਿੱਖੀ ਘਰਾਣੇ ਨਾਲ ਸੰਬੰਧਿਤ ਹੋਣ ਕਰਕੇ ਉਸ ਦੀ ਖ਼ੁਦ ਦੀ ਰੁਚੀ ਵੀ ਸਿੱਖੀ ਵਾਲੇ ਪਾਸੇ ਨੂੰ ਝੁਕਾਅ ਰੱਖਣ ਵਾਲੀ ਸੀ। ਮਹਿਤਾਬ ਕੌਰ ਨੇ ਆਪਣੀ ਜ਼ਿੰਦਗੀ ਦੇ ਸਮੁੱਚੇ ਦੁੱਖਾਂ ਦੀ ਦਾਸਤਾਂ ਅੱਥਰੂਆਂ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੇ ਦਰ 'ਤੇ ਕਹਿ ਦਿੱਤੀ ਸੀ। ਆਪਣੀ ਝੋਲੀ ਅੱਡ ਕੇ ਆਉਣ ਵਾਲੇ ਸਮੇਂ ਲਈ ਦੁੱਖਾਂ ਵਿੱਚ ਨਾ ਡੋਲਣ ਦੀ ਮੰਗ ਵੀ ਮੰਗੀ ਸੀ। ਮਹਿਤਾਬ ਕੌਰ ਆਮ ਕਰਕੇ ਸਿੱਖੀ ਦੀ ਕੋਈ ਗੱਲ ਮਨਵਾਉਣ ਲਈ ਸ਼ਿੱਬੂ ਮੱਲ 'ਤੇ ਜ਼ਿਆਦਾ ਜ਼ੋਰ ਨਹੀਂ ਦਿੰਦੀ ਸੀ। ਉਸ ਨੇ ਆਪਣਾ ਆਪ ਸ਼ਿੱਬੂ ਮੱਲ ਦੇ ਅਨੁਸਾਰ ਹੀ ਢਾਲ ਲਿਆ ਸੀ। ਜਿਹੜੀਆਂ ਰੀਤਾਂ ਰਸਮਾਂ ਸ਼ਿੱਬੂ ਮੱਲ ਕਰਦਾ ਸੀ ਮਹਿਤਾਬ ਕੌਰ ਉਨ੍ਹਾਂ ਨੂੰ ਵੀ ਖਿੜੇ ਮੱਥੇ ਕਰ ਲੈਂਦੀ ਸੀ। {ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੫}।

ਮਹਿਤਾਬ ਕੌਰ ਨੇ ਆਪਣੇ ਗ੍ਰਿਹਸਤੀ ਜੀਵਨ ਨੂੰ ਗੁਰਬਾਣੀ ਦੇ ਕਥਨ ਅਨੁਸਾਰ ਇੱਕ ਜੋਤਿ ਦੋਇ ਮੂਰਤੀ ਵਾਲਾ ਬਣਾ ਲਿਆ ਸੀ।

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**

**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** {ਅੰ:੭੮੮}

ਸ਼ਿੱਬੂ ਮੱਲ ਬਹੁਤ ਖੁਸ਼ ਰਹਿੰਦਾ ਸੀ। ਉਸ ਨੂੰ ਮਹਿਤਾਬ ਕੌਰ ਨੂੰ ਅਪਣਾਉਣ ਵਾਲਾ ਆਪਣਾ ਚੁੱਕਿਆ ਕਦਮ ਹੁਣ ਬਹੁਤ ਚੰਗਾ ਲੱਗਦਾ ਸੀ। ਮਹਿਤਾਬ ਕੌਰ ਵਰਗੀ ਇੱਕ ਨੇਕ ਖ਼ਿਆਲਾਂ ਵਾਲੀ ਜੀਵਨ ਸਾਥਣ ਨੇ ਸ਼ਿੱਬੂ ਮੱਲ ਦਾ ਵਿਹੜਾ ਸੁੱਖਾਂ ਨਾਲ ਭਰ ਦਿੱਤਾ ਸੀ। ਉਹ ਦਿਨ ਵਿੱਚ ਕਈ ਵਾਰੀ ਮਹਿਤਾਬ ਕੌਰ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਦਾ ਤੇ ਕਦੇ-ਕਦੇ ਮਹਿਤਾਬ ਕੌਰ ਨੂੰ ਇਹ ਕਹਿ ਵੀ ਦਿੰਦਾ ਸੀ ਕਿ ਤੂੰ ਜਿੰਨੀ ਸ਼ਕਲ ਕਰਕੇ ਸੋਹਣੀ ਹੈਂ ਉਤਨੀ ਹੀ ਅਕਲ ਕਰਕੇ ਵੀ ਸਿਆਣੀ ਹੈਂ। ਮਹਿਤਾਬ ਕੌਰ ਦੇ ਨਿਵਣੁ ਸੁ ਅਖਰੁ ਖਵਣੁ

ਗੁਣੁ ਜਿਹਬਾ ਮਣੀਆ ਮੰਤ, ਨੇ ਸ਼ਿੱਬੂ ਮੱਲ ਦਾ ਮਨ ਜਿੱਤ ਲਿਆ ਹੋਇਆ ਸੀ। ਉਸ ਦੇ ਇਨ੍ਹਾਂ ਸ਼ੁੱਭ ਗੁਣਾਂ ਨੇ ਮਾਨੋ ਕੰਤ ਸੁਹੇਲੜੇ ਨੂੰ ਵੱਸ ਕਰ ਲਿਆ ਸੀ।

**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ....॥ (ਅੰ:੬੩੪)**

ਸੰਨ ੧੯੦੫ ਵਿੱਚ ਪਿੰਡਾਂ ਵਿੱਚ ਪਲੇਗ ਪੈ ਗਈ ਸੀ। ਪਲੇਗ ਇੱਕ ਅਜਿਹਾ ਰੋਗ ਹੈ ਕਿ ਇਸ ਦੇ ਕੀਟਾਣੂ ਬਹੁਤ ਤੇਜ਼ੀ ਨਾਲ ਫੈਲਦੇ ਹਨ। ਇਸ ਨਾਲ ਸਾਹ ਲੈਣਾ ਔਖਾ ਹੋ ਜਾਂਦਾ ਹੈ ਤੇ ਦੇਖਦਿਆਂ ਹੀ ਦੇਖਦਿਆਂ ਮਰੀਜ਼ ਦੀ ਜ਼ਿੰਦਗੀ ਦਾ ਅੰਤ ਹੋ ਜਾਂਦਾ ਹੈ। ਜਦੋਂ ਵੀ ਕੋਈ ਕਿਸੇ ਪਲੇਗ ਵਾਲੇ ਰੋਗੀ ਦੀ ਸੇਵਾ ਵੀ ਕਰਦਾ ਹੈ ਤਾਂ ਉਸ ਨੂੰ ਵੀ ਇਹ ਰੋਗ ਆਪਣੀ ਗ੍ਰਿਫ਼ਤ ਵਿੱਚ ਲੈ ਕੇ ਜਲਦੀ ਹੀ ਜੀਵਨ ਲੀਲ੍ਹਾ ਤਬਾਹ ਕਰ ਦਿੰਦਾ ਹੈ। ਇਸ ਕਰਕੇ ਜਦੋਂ ਵੀ ਪਲੇਗ ਪੈਂਦੀ ਹੈ ਤਾਂ ਉਸ ਕੋਲੋਂ ਸਾਰੇ ਹੀ ਪਾਸੇ ਹੋ ਜਾਂਦੇ ਹਨ ਤੇ ਉਹ ਇਕੱਲਾ ਹੀ ਆਪਣੇ ਅੰਤਮ ਸਮੇਂ ਨੂੰ ਭੋਗਦਾ ਹੈ। ਰਾਜੇਵਾਲ  ਨਗਰ ਦੇ ਲੋਕਾਂ ਨੇ ਬਾਹਰ ਨਿਕਲ ਕੇ ਪਲੇਗ ਦੇ ਮਰੀਜ਼ਾਂ ਲਈ ਝੁੱਗੀਆਂ ਪਾ ਦਿੱਤੀਆਂ ਸਨ। ਮਹਿਤਾਬ ਕੌਰ ਤੇ ਸ਼ਿੱਬੂ ਮੱਲ ਦਾ ਦਿਲ ਤਾਂ ਪਹਿਲਾਂ ਹੀ ਕੁਦਰਤ ਨੇ ਨਰਮ ਤੇ ਦਇਆ ਵਾਲਾ ਬਣਾਇਆ ਸੀ। ਇਸ ਕਰਕੇ ਉਹ ਦੂਜਿਆਂ ਦੇ ਦੁੱਖ ਵੰਡਾਉਣ ਲਈ ਉਨ੍ਹਾਂ ਝੁੱਗੀਆਂ ਵਿੱਚ ਜਾਣ ਲੱਗ ਪਏ ਸਨ। ਇਸ ਕਰਕੇ ਉਹ ਇਨ੍ਹਾਂ ਝੁੱਗੀਆਂ ਵਿੱਚ ਜਾ ਜਾ ਕੇ ਖ਼ਬਰਸਾਰ ਵੀ ਪੁੱਛਦੇ ਤੇ ਨਾਲ ਹੀ ਜਿਤਨੀ ਹੋ ਸਕਦੀ ਮਦਦ ਵੀ ਕਰਦੇ ਸਨ। ਰਾਮਜੀ ਦਾਸ ਭਾਵੇਂ ਇੱਕ ਸਾਲ ਦਾ ਹੀ ਸੀ ਤੇ ਉਹ ਮਾਂ ਲਈ ਹੈ ਵੀ ਸੁੱਖਾਂ ਲੱਧਾ ਰੱਬੀ ਤੋਹਫ਼ਾ ਸੀ, ਪਰ ਉਹ ਰਾਮਜੀ ਦਾਸ ਨੂੰ ਵੀ ਨਾਲ ਲੈ ਕੇ ਜਾਂਦੀ ਸੀ ਤਾਂ ਕਿ ਸੇਵਾ ਕਰਨ ਦਾ ਚਾਉ ਪੈਦਾ ਹੋ ਸਕੇ। ਅਸਲ ਵਿੱਚ ਦੁੱਖ ਹੀ ਦੁੱਖ ਦੀ ਪ੍ਰੀਭਾਸ਼ਾ ਹੁੰਦਾ ਹੈ। ਮਾਂ ਦੀ ਲਾਲਸਾ ਸੀ ਕਿ ਮੇਰੇ ਪੁੱਤਰ ਵਿੱਚ ਇੱਕ ਨੇਕ ਦਿਲ ਹੋਵੇ ਜਿਹੜਾ ਦੂਜਿਆਂ ਦੇ ਦੁੱਖ ਦਰਦ ਸਮਝ ਸਕਦਾ ਹੋਵੇ। {ਭਗਤ ਪੂਰਨ ਸਿੰਘ, ਕਹਾਣੀਆਂ, ਡਾ. ਇੰਦਰਜੀਤ ਕੌਰ, ਪਿੰਗਲਵਾੜਾ ਅੰਮ੍ਰਿਤਸਰ। (੨੦੧੩), ਪੰਨਾ ੭}।

**ਮਾਂ ਦੀ ਸਿੱਖਿਆ**

ਮਾਂ ਨੂੰ ਲਾਡਾਂ ਪਿਆਰਾਂ ਨਾਲ ਬੀਤਦੇ ਸਮੇਂ ਦਾ ਪਤਾ ਵੀ ਨਾ ਲੱਗਾ ਕਿ ਕਦੋਂ ਰਾਮਜੀ ਦਾਸ ਮਾਂ ਦੀ ਗੋਦ ਵਿੱਚੋਂ ਨਿਕਲ ਕੇ ਮਾਂ ਦੀ ਉਂਗਲ ਪਕੜ ਕੇ ਤੁਰਨ ਲੱਗ ਗਿਆ ਸੀ। ਮਹਿਤਾਬ ਕੌਰ ਜਿੱਥੇ ਇੱਕ ਨੇਕ ਪਤਨੀ ਸੀ ਉੱਥੇ ਇੱਕ ਸਿਆਣੀ ਮਾਂ ਵੀ ਸੀ। ਉਹ ਹਰ ਰੋਜ਼ ਆਪਣੇ ਪੁੱਤ ਨੂੰ ਨਿੱਕੀਆਂ ਨਿੱਕੀਆਂ ਪਰ ਚੰਗੀਆਂ ਗੱਲਾਂ ਹਰ ਰੋਜ਼ ਸਿਖਾਉਂਦੀ ਰਹਿੰਦੀ ਸੀ। ਜਿਸ ਨੇ ਆਪ ਪੀੜਾ ਹੰਢਾਈ ਹੋਵੇ ਉਸ ਨੂੰ ਦੂਜੇ ਦੀ ਪੀੜ ਦਾ ਵੀ ਅਹਿਸਾਸ ਹੁੰਦਾ ਹੈ। ਗੁਰਬਾਣੀ ਦਾ ਵੀ ਪਾਵਨ ਬਚਨ ਹੈ ਕਿ



**ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥** {ਅੰ:੭੯੩}

ਮਹਿਤਾਬ ਕੌਰ ਨੇ ਤਾਂ ਪਹਾੜਾਂ ਵਰਗੀਆਂ ਪੀੜਾਂ ਹੰਢਾਈਆਂ ਸਨ। ਇਸ ਕਰਕੇ, ਉਸ ਨੂੰ ਤਾਂ ਦੂਜਿਆਂ ਦੀ ਪੀੜ ਦਾ ਬਹੁਤ ਅਹਿਸਾਸ ਸੀ। ਪਸ਼ੂ ਪੰਛੀਆਂ ਨੂੰ ਪਾਣੀ ਪਿਲਾਉਣ ਦੀ ਸੇਵਾ ਨੇ ਮਹਿਤਾਬ ਕੌਰ ਦੇ ਦੁੱਖਾਂ ਭਰੇ ਸਮੇਂ ਵਿੱਚ ਬਹੁਤ ਸਾਥ ਦਿੱਤਾ ਸੀ। ਇਸ ਦੇ ਆਸਰੇ ਹੀ ਤਾਂ ਉਹ ਆਪਣਾ ਦਿਨ ਬਿਤਾਉਂਦੀ ਸੀ ਤੇ ਥੱਕ ਟੁੱਟ ਕੇ ਮੰਜੀ ’ਤੇ ਗੁੱਛਾ-ਮੁੱਛਾ ਹੋਈ ਰਾਤ ਲੰਘਾ ਲੈਂਦੀ ਸੀ। ਉਸ ਨੂੰ ਹੁਣ ਸੁੱਖਾਂ ਭਰੇ ਦਿਨਾਂ ਵਿੱਚ ਇਹ ਸੇਵਾ ਕਿਵੇਂ ਭੁੱਲ ਸਕਦੀ ਸੀ? ਰਾਮਜੀ ਦਾਸ ਵੀ ਹੁਣ ਮਾਂ ਦੇ ਕੰਮਾਂ ਕਾਰਾਂ ਵਿੱਚ ਹੱਥ ਵਟਾਉਣ ਲੱਗ ਪਿਆ ਸੀ। ਮਹਿਤਾਬ ਕੌਰ ਨੇ ਆਪਣੇ ਬੱਚੇ ਰਾਮਜੀ ਦਾਸ ਨੂੰ ਨਾਲ ਲੈਣਾ ਅਤੇ ਖੂਹੀ ਤੋਂ ਜਾ ਕੇ ਪਾਣੀ ਕੱਢ ਕੇ ਰਾਹੀਆਂ ਤੇ ਪਸ਼ੂਆਂ ਨੂੰ ਪਿਲਾਉਂਦੀ ਰਹਿਣਾ। ਮਹਿਤਾਬ ਕੌਰ ਦੇ ਕਿਰਦਾਰ ਦੀ ਤਾਂ ਹਰ ਕੋਈ ਤਾਰੀਫ਼ ਕਰਦਾ ਸੀ ਕਿ ਇਸ ਨੇ ਦੁੱਖਾਂ ਦੇ ਦਿਨਾਂ ਵਿੱਚ ਵੀ ਆਪਣੀ ਲਾਜ, ਸ਼ਰਮ ਹਯਾ ਦਾ ਪੱਲਾ ਕਦੇ ਖਿਸਕਣ ਨਹੀਂ ਸੀ ਦਿੱਤਾ। ਇਸ ਕਰਕੇ ਸ਼ਿੱਬੂ ਮੱਲ ਵੀ ਮਹਿਤਾਬ ਕੌਰ ਨੂੰ ਅਜਿਹੀ ਸੇਵਾ ਤੋਂ ਕਦੇ ਵਰਜਦਾ ਨਹੀਂ ਹੁੰਦਾ ਸੀ। ਮਹਿਤਾਬ ਕੌਰ ਨੇ ਘਰ ਦੇ ਕੰਮ ਕਾਰ ਕਰਕੇ ਮੁੜ ਪਿੰਡੋਂ ਬਾਹਰ ਜਾ ਕੇ ਆਪਣੇ ਪੁੱਤਰ ਸਮੇਤ ਇਸ ਤਰ੍ਹਾਂ ਸੇਵਾ ਵਿੱਚ ਲੱਗੀ ਰਹਿਣਾ। ਮਹਿਤਾਬ ਕੌਰ ਦੇ ਅੰਦਰ ਆਮ ਮਾਂ ਵਾਂਗ ਪੁੱਤਰ ਲਈ ਮੋਹ ਮਮਤਾ ਦੀ ਥਾਂ ’ਤੇ ਸਗੋਂ ਸੱਚਾ ਸਨੇਹ ਸੀ। ਇਸ ਕਰਕੇ ਉਸ ਦੀ ਸੋਚ ਸੀ ਕਿ ਮੇਰਾ ਬੱਚਾ ਵੱਡਾ ਹੋ ਕੇ ਮੇਰੇ ਪੁੱਤਰ ਹੋਣ ਦੇ ਨਾਲ-ਨਾਲ ਇੱਕ ਨੇਕ ਇਨਸਾਨ ਹੋਣਾ ਚਾਹੀਦਾ ਹੈ।

ਆਪਣੇ ਪੁੱਤਰ ਨਾਲ ਜਾਂਦਿਆਂ ਆਉਂਦਿਆਂ ਮਹਿਤਾਬ ਕੌਰ ਨੇ ਰਾਹਾਂ ਵਿੱਚੋਂ ਕੰਡੇ ਤੇ ਹੋਰ ਰੋੜੇ ਇੱਟਾਂ ਚੁੱਗਦੇ ਰਹਿਣਾ ਤਾਂ ਕਿ ਕਿਸੇ ਰਾਹੀਂ ਨੂੰ ਕੋਈ ਤਕਲੀਫ਼ ਨਾ ਹੋਵੇ। ਉਸ ਨੇ ਰਾਮਜੀ ਦਾਸ ਨੂੰ ਵੀ ਨਾਲ ਲਾ ਕੇ ਇਹ ਸਿੱਖਿਆ ਦਿੰਦੇ ਰਹਿਣਾ। ਰਾਹ ’ਚ ਤੁਰਨ ਲੱਗਿਆਂ ਮਾਂ ਰਾਮਜੀ ਦਾਸ ਨੂੰ ਸਮਝਾਉਂਦੀ ਕਿ ਨਜ਼ਰ ਨੂੰ ਨੀਵਾਂ ਰੱਖਣਾ ਚਾਹੀਦਾ ਹੈ, ਇਸ ਨਾਲ ਕੀੜੇ ਮਕੌੜੇ ਸਾਡੀਆਂ ਗ਼ਲਤੀਆਂ ਨਾਲ ਨਹੀਂ ਮਰਦੇ। ਮਹਿਤਾਬ ਕੌਰ ਨੇ ਪਿੰਡ ਨੇੜੇ ਹੀ ਤ੍ਰਿਬੈਣੀ ਲਾਈ ਹੁੰਦੀ ਸੀ ਭਾਵ ਤਿੰਨ ਦਰਖ਼ਤ ਪਿੱਪਲ ਬਰੋਟਾ ਤੇ ਨਿੰਮ ਨੇੜੇ-ਨੇੜੇ ਲਾਏ ਸਨ। ਮਾਂ ਉਨ੍ਹਾਂ ਦਰਖ਼ਤਾਂ ਨੂੰ ਵੀ ਪਾਣੀ ਦੇਣ ਲਈ ਆਪਣੇ ਪੁੱਤਰ ਨੂੰ ਨਾਲ ਲੈ ਜਾਂਦੀ। ਮਾਂ ਨੇ ਕਈ ਵਾਰੀ ਹਿੰਦੂ ਧਰਮ ਦੇ ਬੰਦਿਆਂ ਤੋਂ ਕਥਾ ਸੁਣਦਿਆਂ ਇਹ ਬਚਨ ਸੁਣੇ ਸਨ ਕਿ ਦਰਖ਼ਤ ਲਾਉਣੇ ਜਾਂ ਦਰਖ਼ਤਾਂ ਦੀ ਸੇਵਾ-ਸੰਭਾਲ ਕਰਨੀ ਬਹੁਤ ਵੱਡਾ ਪੁੰਨ ਹੁੰਦਾ ਹੈ। ਇਸ ਕਰਕੇ ਮਹਿਤਾਬ ਕੌਰ ਦਰਖ਼ਤਾਂ ਨੂੰ ਪਾਣੀ ਦਿੰਦੀ ਰਹਿੰਦੀ ਸੀ। ਘਰ ਆ ਕੇ ਵੀ ਮਹਿਤਾਬ ਕੌਰ ਨੇ ਰਾਮਜੀ ਦਾਸ ਨੂੰ ਦਾਣੇ ਦੇ ਕੇ ਕੋਠੇ ਦੀ ਛੱਤ ’ਤੇ ਭੇਜ ਦੇਣਾ ਤਾਂ ਕਿ ਪੰਛੀਆਂ ਨੂੰ ਇਹ ਦਾਣੇ ਪਾ ਸਕੇ। ਮਹਿਤਾਬ ਕੌਰ

ਨੇ ਆਪਣੇ ਪੁੱਤਰ ਦੇ ਦਿਲ ਦੀ ਫੱਟੀ 'ਤੇ ਅਜਿਹੇ ਪਰਉਪਕਾਰ ਦੇ ਕਈ ਸਬਕ ਆਪਣੀ ਭਾਵਨਾ ਦੀ ਕਲਮ ਨਾਲ ਛੋਟੀ ਜਿਹੀ ਉਮਰ ਵਿੱਚ ਹੀ ਲਿਖ ਦਿੱਤੇ ਸਨ। ਰਾਮਜੀ ਦਾਸ ਵੀ ਕਮਾਲ ਦੇ ਸੁਭਾਅ ਵਾਲੇ ਬੱਚੇ ਸਨ। ਉਹ ਆਪ ਵੀ ਕਿਸੇ ਹੋਰ ਖਿਡੌਣਿਆਂ ਨਾਲ ਜਾਂ ਸਾਥੀਆਂ ਨਾਲ ਖੇਡਣ ਦੀ ਥਾਂ 'ਤੇ ਸਗੋਂ ਮਾਂ ਨਾਲ ਅਜਿਹੀਆਂ ਗੱਲਾਂ ਸਿੱਖਦੇ ਤੇ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਕਦੇ ਜ਼ਿੱਦ ਕਰਕੇ ਕੋਈ ਚੀਜ਼ ਨਹੀਂ ਮੰਗੀ ਸੀ, ਸਗੋਂ ਮਾਂ ਵੱਲੋਂ ਦਿੱਤੀਆਂ ਚੀਜ਼ਾਂ ਨਾਲ ਹਮੇਸ਼ਾਂ ਸੰਤੁਸ਼ਟ ਰਹਿੰਦੇ ਸਨ। ਉਨ੍ਹਾਂ ਦਾ ਬਚਪਨ ਤੋਂ ਹੀ ਸੁਭਾਅ ਗਿਲ੍ਹੇ ਸ਼ਿਕਵਿਆਂ ਵਾਲਾ ਨਹੀਂ ਸੀ, ਸਗੋਂ ਮਾਂ ਵਾਂਗ ਰੱਬੀ ਭਾਣੇ ਵਿੱਚ ਰਹਿ ਕੇ ਖੁਸ਼ ਹੁੰਦਾ ਸੀ। ਉਮਰ ਛੋਟੀ ਹੋਣ ਕਰਕੇ ਭਾਵੇਂ ਉਨ੍ਹਾਂ ਨੂੰ ਹਾਲੇ ਭਾਣੇ ਦੇ ਅਰਥ ਵੀ ਪਤਾ ਨਹੀਂ ਸੀ ਪਰ ਇਹ ਭਾਣਾ ਮੰਨਣ ਵਾਲਾ ਗੁਣ ਉਨ੍ਹਾਂ ਦਾ ਬ੍ਰਿਤੀ ਦਾ ਅੰਗ ਬਣ ਗਿਆ ਸੀ।

ਮਹਿਤਾਬ ਕੌਰ ਨੂੰ ਮਾਪੇ ਭਾਵੇਂ ਜ਼ਿਆਦਾ ਸਾਥ ਨਹੀਂ ਦੇ ਸਕੇ ਸਨ ਪਰ ਉਨ੍ਹਾਂ ਦੀ ਦਿੱਤੀ ਹੋਈ ਸਿੱਖਿਆ ਨੇ ਮਹਿਤਾਬ ਕੌਰ ਨੂੰ ਦੁੱਖਾਂ ਦੇ ਸਮੇਂ ਬਹੁਤ ਸਹਾਰਾ ਦਿੱਤਾ ਸੀ। ਇਸ ਕਰਕੇ ਮਹਿਤਾਬ ਕੌਰ ਨੇ ਆਪਣੇ ਪੁੱਤਰ ਵਿੱਚ ਵੀ ਇਨਸਾਨੀਅਤ ਵਾਲੇ ਗੁਣ ਭਰਨ ਲਈ ਉਸ ਨੂੰ ਹਰ ਰੋਜ਼ ਸ਼ਿਵ ਜੀ ਦੇ ਮੰਦਰ ਨੂੰ ਮੱਥਾ ਟੇਕਣ ਵਾਸਤੇ ਭੇਜਣਾ ਤੇ ਬ੍ਰਹਮਣ ਨੂੰ ਪ੍ਰਸ਼ਾਦਾ ਦੇਣ ਵੀ ਭੇਜਣਾ। ਮੰਦਰੋਂ ਸੇਵਾ ਕਰਕੇ ਵਾਪਸ ਆਏ ਰਾਮਜੀ ਦਾਸ ਨੂੰ ਮਾਂ ਨੇ ਪ੍ਰਸ਼ਾਦਾ ਪਾਣੀ ਛਕਣ ਲਈ ਦੇਣਾ।

ਜਿਸ ਨੂੰ ਕੋਈ ਚੀਜ਼ ਬਹੁਤ ਤਰਸ ਕੇ ਮਿਲੀ ਹੋਈ ਹੁੰਦੀ ਹੈ ਉਸ ਨੂੰ ਮਿਲੀ ਦਾਤ ਦਾ ਬਹੁਤ ਖ਼ਿਆਲ ਰਹਿੰਦਾ ਹੈ। ਇਸ ਮਾਂ ਦੇ ਚਾਰ ਬੱਚੇ ਪਹਿਲਾਂ ਵਿਛੜ ਚੁੱਕੇ ਸਨ। ਬੱਚਿਆਂ ਦੀ ਮੌਤ ਨਾਲ ਮਾਂ ਦੀ ਮਮਤਾ ਤਾਂ ਨਹੀਂ ਮਰ ਜਾਂਦੀ। ਇਸ ਕਰਕੇ ਮਹਿਤਾਬ ਕੌਰ ਕੋਲ ਪੁੱਤ ਤਾਂ ਭਾਵੇਂ ਇੱਕ ਹੀ ਸੀ ਪਰ ਮਮਤਾ ਤਾਂ ਪਹਿਲੇ ਚਾਰ ਬੱਚਿਆਂ ਦੀ ਵੀ ਸੀ। ਮਹਿਤਾਬ ਕੌਰ ਨੂੰ ਤਾਂ ਇਹ ਪੁੱਤਰ ਬੜਾ ਤਰਸ ਕੇ ਮਿਲਿਆ ਸੀ। ਇਸ ਕਰਕੇ ਮਾਂ ਦਾ ਚਾਅ ਹੀ ਪੂਰਾ ਨਹੀਂ ਹੁੰਦਾ ਸੀ। ਉਸ ਨੇ ਕਦੇ ਰਾਮਜੀ ਦਾਸ ਨੂੰ ਭਗਤਾਂ ਦੀਆਂ, ਕਦੇ ਦਰਵੇਸ਼ਾਂ ਦੀਆਂ ਸਾਖੀਆਂ ਸੁਣਾਉਂਦੀ ਰਹਿਣਾ, ਤਾਂ ਕਿ ਰਾਮਜੀ ਦਾਸ ਨੂੰ ਧਰਮ ਪ੍ਰਤੀ ਵੀ ਰੁਚੀ ਪੈਦਾ ਹੋ ਜਾਵੇ। ਬਚਪਨ ਤਾਂ ਇੱਕ ਕੋਰਾ ਕਾਗ਼ਜ਼ ਹੁੰਦਾ ਹੈ, ਉਸ 'ਤੇ ਮਾਂ ਬਾਪ ਜੋ ਕੁਝ ਲਿਖ ਦਿੰਦੇ ਹਨ ਉਹੋ ਕੁਝ ਜੀਵਨ ਭਰ ਲਈ ਛਪ ਜਾਂਦਾ ਹੈ। ਇਸ ਤਰ੍ਹਾਂ ਮਾਂ ਨੇ ਰਾਮਜੀ ਦਾਸ ਵਿੱਚ ਬਚਪਨ ਤੋਂ ਹੀ ਨੇਕ ਸੰਸਕਾਰ ਭਰ ਦਿੱਤੇ ਸਨ। ਜਦੋਂ ਘਰ ਵਿੱਚ ਕੋਈ ਵੈਰਾਗੀ ਸਾਧੂ, ਸ਼ਿਵ ਮੰਦਰ ਦਾ ਪੁਜਾਰੀ ਜਾਂ ਕਿਸੇ ਸਾਰੰਗੀ ਨਾਲ ਰੱਬੀ ਜੱਸ ਕਰਨ ਵਾਲਾ ਆ ਜਾਂਦਾ ਤਾਂ ਮਾਂ ਰਾਮਜੀ ਦਾਸ ਨੂੰ ਹੀ ਕਹਿੰਦੀ ਕਿ ਪੁੱਤ ਇਨ੍ਹਾਂ ਨੂੰ ਬੁੱਕ ਭਰ ਕੇ ਆਟੇ ਦਾ ਤੇ ਮਿੱਠੇ ਦਾ ਪਾ ਦੇ। ਮਾਂ ਦੀ ਲਾਲਸਾ ਹੁੰਦੀ ਸੀ ਕਿ ਮੇਰੇ ਪੁੱਤਰ ਅੰਦਰ ਵੀ ਕਿਸੇ ਨੂੰ ਕੁਝ ਦੇਣ ਦੀ ਭਾਵਨਾ ਪੈਦਾ ਹੋ ਜਾਵੇ। ਜਦੋਂ ਨਰਾਤਿਆਂ ਦੇ ਦਿਨ ਹੁੰਦੇ ਤਾਂ ਮਾਂ ਕੁਆਰੀਆਂ ਲੜਕੀਆਂ ਨੂੰ ਘਰ ਬੁਲਾ ਕੇ ਇੱਕ



ਤਾਂ ਪ੍ਰਸ਼ਾਦਾ ਛਕਾਉਂਦੀ ਤੇ ਨਾਲ ਹੀ ਰਾਮਜੀ ਦਾਸ ਨੂੰ ਕਹਿੰਦੀ ਕਿ ਇਨ੍ਹਾਂ ਦੇ ਪੈਰ ਛੂਹ ਬੇਟੇ, ਕਿਉਂਕਿ ਸਾਨੂੰ ਇਸਤਰੀ ਜ਼ਾਤੀ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਰਾਮਜੀ ਦਾਸ ਨੇ ਇਹ ਸਾਰੇ ਕੰਮ ਮਾਂ ਦੇ ਕਹਿਣ ਤੇ ਬਚਪਨ ਵਿੱਚ ਕੀਤੇ ਹੀ ਨਹੀਂ ਸਨ ਸਗੋਂ ਜ਼ਿੰਦਗੀ ਭਰ ਦਾ ਸਰਮਾਇਆ ਸਮਝ ਕੇ ਆਪਣੇ ਦਾਮਨ ਨਾਲ ਬੰਨ੍ਹ ਲਏ ਸਨ। ਉਨ੍ਹਾਂ ਦੇ ਜੀਵਨ ਵਿੱਚੋਂ ਇਹ ਗੁਣ ਵਾਰ-ਵਾਰ ਲਿਸ਼ਕਾਰੇ ਮਾਰਦੇ ਨਜ਼ਰ ਆਉਂਦੇ ਹਨ। ਬਚਪਨ ਵਿੱਚ ਇਹ ਯੋਗ ਅਯੋਗ ਦਾ ਨਿਰਣਾ ਕਰਨ ਵਾਲੀ ਅਕਲ ਨਹੀਂ ਹੁੰਦੀ। ਇਸ ਕਰਕੇ ਬੱਚੇ ਨੂੰ ਜੋ ਮਾਤਾ ਪਿਤਾ ਸਿਖਾਈ ਜਾਂਦੇ ਹਨ ਜਾਂ ਆਪਣੇ ਮਾਤਾ ਪਿਤਾ ਨੂੰ ਦੇਖਦਾ ਹੈ, ਉਹੋ ਕੁਝ ਬੱਚਾ ਕਰੀ ਜਾਂਦਾ ਹੈ। ਰਾਮਜੀ ਦਾਸ ਨੇ ਵੀ ਕਦੇ ਹਨੂਮਾਨ ਦੇ ਵਰਤ ਰੱਖਣੇ ਤੇ ਕਦੇ ਹੋਰ ਅਖੌਤੀ ਢੰਗ ਦੇ ਪੂਜਾ ਪਾਠ ਆਦਿਕ ਕਰਨੇ, ਭਾਵੇਂ ਕਿ ਉਨ੍ਹਾਂ ਨੂੰ ਇਨ੍ਹਾਂ ਕਰਮ ਧਰਮਾਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਦੇਖਾ-ਦੇਖੀ ਕਰੀ ਜਾਂਦੇ ਸਨ।

**ਮਿੱਠ ਬੋਲੜਾ ਸੁਭਾਅ**

'ਮਾਂ ਦਾ ਪਿਆਰ ਰਾਮਜੀ ਦਾਸ ਲਈ ਅਥਾਹ ਸੀ। ਮਹਿਤਾਬ ਕੌਰ ਨੂੰ ਤਾਂ ਭਾਵੇਂ ਕੋਈ ਵੱਧ ਘੱਟ ਗੱਲ ਕਹਿ ਜਾਂਦਾ ਸੀ ਤੇ ਉਹ ਸਹਾਰ ਲੈਂਦੀ ਸੀ। ਜਦੋਂ ਕੋਈ ਰਾਮਜੀ ਦਾਸ ਨੂੰ ਕਹਿੰਦਾ ਸੀ ਤਾਂ ਮਾਂ ਉਸ ਨੂੰ ਜਲਦੀ ਨਾਲ ਟੋਕ ਦਿੰਦੀ ਸੀ। ਬੜੇ ਪਿਆਰ ਨਾਲ ਇਹ ਸਮਝਾਉਂਦੀ ਸੀ ਕਿ ਇਹ ਤਾਂ ਬੱਚਾ ਹੈ। ਇਸ ਨੇ ਸਾਡੇ ਕੋਲੋਂ ਹੀ ਬੋਲਣਾ ਤੇ ਰਹਿਣਾ-ਸਹਿਣਾ ਸਿੱਖਣਾ ਹੈ। ਇਸ ਕਰਕੇ ਜਦੋਂ ਵੀ ਬੱਚਾ ਗ਼ਲਤੀ ਕਰਦਾ ਹੈ ਤਾਂ ਉਸ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਇੱਕ ਵਾਰੀ ਮਹਿਤਾਬ ਕੌਰ ਆਪਣੀ ਭੈਣ ਨੂੰ ਮਿਲਣ ਲਈ ਰਾਮਜੀ ਦਾਸ ਨੂੰ ਨਾਲ ਲੈ ਕੇ ਉਸ ਦੇ ਸਹੁਰੇ ਪਿੰਡ ਗਈ। ਜਦੋਂ ਮਹਿਤਾਬ ਕੌਰ ਤੇ ਉਸ ਦੀ ਭੈਣ ਆਪਸੀ ਗੱਲਾਂ ਕਰ ਰਹੀਆਂ ਸਨ ਤਾਂ ਰਾਮਜੀ ਦਾਸ ਵਿਹੜੇ ਵਿੱਚ ਧਰਤੀ 'ਤੇ ਪਈ ਹੋਈ ਕਪਾਹ ਦੀ ਪੰਡ 'ਤੇ ਚੜ੍ਹ ਗਿਆ। ਰਾਮਜੀ ਦਾਸ ਦੀ ਮਾਸੀ ਦੇ ਲੜਕੇ ਨੇ ਕਹਿ ਦਿੱਤਾ ਕਿ ਥੱਲੇ ਉੱਤਰ ਕਪਾਹ ਖ਼ਰਾਬ ਨਾ ਕਰ। ਉਸ ਦੇ ਕਹਿਣ ਦਾ ਢੰਗ ਬਹੁਤ ਅਜੀਬ ਕਿਸਮ ਦਾ ਸੀ। ਇਸ ਨਾਲ ਕਈ ਵਾਰੀ ਬੱਚਿਆਂ 'ਤੇ ਅਜੀਬ ਕਿਸਮ ਦਾ ਅਸਰ ਹੋ ਜਾਂਦਾ ਹੈ। ਮਹਿਤਾਬ ਕੌਰ ਨੂੰ ਇਹ ਇਤਨਾ ਬੁਰਾ ਲੱਗਿਆ ਕਿ ਉਹ ਮੁੜ ਕੇ ਕਦੇ ਭੈਣ ਕੋਲ ਹੀ ਨਹੀਂ ਗਈ। ਮਹਿਤਾਬ ਕੌਰ ਇਹ ਖ਼ਿਆਲ ਰੱਖਦੀ ਸੀ ਕਿ ਮੇਰਾ ਬੇਟਾ ਸੰਸਾਰ ਦੀਆਂ ਚੰਗੀਆਂ-ਚੰਗੀਆਂ ਗੱਲਾਂ ਹੀ ਸਿੱਖੇ। ਇਹੋ ਹੀ ਕਾਰਨ ਹੈ ਕਿ ਰਾਮਜੀ ਦਾਸ ਨੇ ਕਦੇ ਕਿਸੇ ਨੂੰ ਜ਼ਿੰਦਗੀ ਭਰ ਕੋਈ ਕੌੜਾ ਬਚਨ ਨਹੀਂ ਬੋਲਿਆ ਸੀ'। {ਉਹੀ ਪੰਨਾ ੯}।

ਜਦੋਂ ਅਸੀਂ ਕੋਈ ਚੀਜ਼ ਬਹੁਤ ਜ਼ਿਆਦਾ ਕੀਮਤ ਦੇ ਕੇ ਪ੍ਰਾਪਤ ਕੀਤੀ ਹੁੰਦੀ ਹੈ ਤਾਂ ਸਾਨੂੰ ਉਸ ਦੀ ਸੇਵਾ ਸੰਭਾਲ ਦਾ ਵੀ ਖ਼ਾਸ ਤਰ੍ਹਾਂ ਦਾ ਫ਼ਿਕਰ ਹੁੰਦਾ ਹੈ। ਮਹਿਤਾਬ ਕੌਰ ਨੇ ਤਾਂ ਬਹੁਤ ਵੱਡੀ ਕੀਮਤ ਦੇ ਕੇ ਰਾਮਜੀ ਦਾਸ ਨੂੰ ਪ੍ਰਾਪਤ

ਕੀਤਾ ਸੀ। ਦੂਜਾ ਉਸ ਕੋਲ ਇਹ ਇੱਕੋ ਇੱਕ ਰੱਬੀ ਖਿਡੌਣਾ ਸੀ ਜਿਸ ਨਾਲ ਉਸ ਦੇ ਸਾਰੇ ਹੀ ਦੁੱਖੜੇ ਭੁੱਲ ਗਏ ਸਨ। ਇਸ ਕਰਕੇ ਉਹ ਹਮੇਸ਼ਾਂ ਹੀ ਰਾਮਜੀ ਦਾਸ ਦੇ ਸੁੱਖ ਅਰਾਮ ਦਾ ਖ਼ਿਆਲ ਰੱਖਦੀ ਸੀ। **'ਇੱਕ ਵਾਰੀ ਭਗਤ ਜੀ ਸੱਤਾਂ ਕੁ ਸਾਲਾਂ ਦੀ ਉਮਰ ਵਿੱਚ ਬਿਮਾਰ ਹੋ ਗਏ ਤਾਂ ਮਾਤਾ ਨੇ ਦੋ ਤਿੰਨ ਦਿਨ ਉਡੀਕ ਕੀਤੀ, ਜਦੋਂ ਬੁਖ਼ਾਰ ਨਾ ਉਤਰਿਆ ਤਾਂ ਮਾਂ ਨੇ ਚੌਥੇ ਦਿਨ ਇਹ ਸੁੱਖਣਾ ਸੁੱਖ ਲਈ ਕਿ ਹੇ ਰੱਬਾ! ਮੇਰਾ ਰਾਮਜੀ ਦਾਸ ਠੀਕ ਕਰ ਦੇ ਤੇ ਇਹ ਸਾਰੀ ਜ਼ਿੰਦਗੀ ਤੇਰੇ ਹੀ ਕੰਮ ਕਰੇਗਾ। ਮਾਂ ਕਦੇ ਇਹ ਵੀ ਨਹੀਂ ਦੇਖਦੀ ਜਾਂ ਸੋਚਦੀ ਸੀ ਤੇ ਆਪਣੇ ਪੁੱਤਰ ਦੇ ਸੁਖਮਈ ਜੀਵਨ ਲਈ ਸਾਰੀ ਜ਼ਿੰਦਗੀ ਦਾ ਹੀ ਸੌਦਾ ਕਰ ਲੈਂਦੀ ਸੀ। ਉਸ ਨੂੰ ਤਾਂ ਆਪਣਾ ਰਾਮਜੀ ਦਾਸ ਹੱਸਦਾ ਖੇਡਦਾ ਚਾਹੀਦਾ ਸੀ।'** {ਮਿਸ਼ਨਰੀ ਸੇਧਾਂ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ, ਰੋਪੜ, ਜੁਲਾਈ ੨੦੧੭ ਪੰਨਾ ੧੫}।

## *(ਅ) ਭਗਤ ਜੀ ਦਾ ਮੁੱਢਲਾ ਨਾਮ ਰਾਮਜੀ ਦਾਸ ਅਤੇ ਉਹਨਾਂ ਦਾ ਬਚਪਨ*

### ਰਾਮਜੀ ਦਾਸ ਦੀ ਨਿੱਕੀ ਉਮਰ ਵਿੱਚ ਵੀ ਵੱਡੀ ਦ੍ਰਿੜ੍ਹਤਾ

ਰਾਮਜੀ ਦਾਸ ਦੀ ਉਮਰ ਛੇ ਸਾਲਾਂ ਦੀ ਹੋ ਗਈ ਸੀ ਤੇ ਉਹ ਹੁਣ ਆਮ ਲੋਕਾਂ ਦੀਆਂ ਸਾਰੀਆਂ ਗੱਲਾਂ ਸਮਝਣ ਲੱਗ ਪਏ ਸਨ। ਇਸ ਉਮਰ ਵਿੱਚ ਘਰ ਦੇ ਕਈ ਲੋਕ ਬੱਚਿਆਂ ਵਾਸਤੇ ਅਕਸਰ ਕਿਆਸ ਅਰਾਈਆਂ ਲਾਉਂਦੇ ਰਹਿੰਦੇ ਹਨ। ਇੱਕ ਵਾਰੀ ਸ਼ਿੱਬੂ ਮੱਲ ਜੀ ਨੇ ਘਰ ਦਾ ਕੁਝ ਨਿੱਕਾ ਮੋਟਾ ਕੰਮ ਕਰਨ ਲਈ ਘਰ ਵਿੱਚ ਰਾਜ ਮਿਸਤਰੀ ਲਾਏ ਹੋਏ ਸਨ। ਉਨ੍ਹਾਂ ਰਾਜ ਮਿਸਤਰੀਆਂ ਵਿੱਚੋਂ ਇੱਕ ਮਿਸਤਰੀ ਨੇ ਗੱਲਾਂ ਚਲਦੀਆਂ ਵਿੱਚ ਭਗਤ ਜੀ ਨੂੰ ਕਿਹਾ ਕਿ ਕਾਕਾ ਤੂੰ ਵਿਆਹ ਕਰਵਾ ਲੈ ਨਹੀਂ ਤਾਂ ਵੱਡਾ ਹੋ ਕੇ ਬਿਗਾਨਿਆਂ ਘਰਾਂ ਦੀਆਂ ਛੱਤਾਂ ਟੱਪਿਆ ਕਰੇਂਗਾ। ਰਾਮਜੀ ਦਾਸ ਲਈ ਵੈਸੇ ਵੀ ਬਹੁਤ ਕੁਝ ਲੋਕੀਂ ਬੋਲ ਜਾਂਦੇ ਸਨ। ਬੱਚਾ ਹੋਣ ਕਰਕੇ ਰਾਮਜੀ ਦਾਸ ਇਨ੍ਹਾਂ ਦਾ ਬਹੁਤਾ ਧਿਆਨ ਨਹੀਂ ਕਰਦੇ ਸਨ ਪਰ ਇਸ ਰਾਜ ਮਿਸਤਰੀ ਦੀ ਗੱਲ ਕੰਨਾਂ ਰਾਹੀਂ ਦਿਲ ਦੀ ਡੂੰਘੇ ਥਾਂ 'ਤੇ ਵੱਸ ਗਈ। ਉਨ੍ਹਾਂ ਨੇ ਇਹ ਫ਼ੈਸਲਾ ਹੀ ਕਰ ਲਿਆ ਸੀ ਕਿ ਮੈਂ ਕਦੇ ਆਪਣੇ ਜੀਵਨ ਦੇ ਨੇੜੇ ਵਿਕਾਰੀ ਖ਼ਿਆਲਾਂ ਦਾ ਘੇਰਾ ਨਹੀਂ ਬਣਨ ਦੇਣਾ। ਮੇਰੀ ਮਾਂ ਤਾਂ ਲੜਕੀਆਂ ਦੇ ਪੈਰਾਂ ਨੂੰ ਛੂਹਣ ਦੀ ਸਿੱਖਿਆ ਦਿੰਦੀ ਹੈ ਤੇ ਮੈਂ ਇਨ੍ਹਾਂ ਬਾਰੇ ਮਾੜੇ ਖ਼ਿਆਲ ਆਪਣੇ ਮਨ ਵਿੱਚ ਕਿਸ ਤਰ੍ਹਾਂ ਲਿਆ ਸਕਦਾ ਹਾਂ? ਸੋ ਉਨ੍ਹਾਂ ਦੇ ਮਨ ਨੇ ਬਹੁਤ ਦ੍ਰਿੜ੍ਹਤਾ ਧਾਰਨ ਕਰ ਲਈ ਸੀ। ਰਾਮਜੀ ਦਾਸ ਦਾ ਇਹ ਵੀ ਇੱਕ ਕੁਦਰਤੀ ਗੁਣ ਸੀ ਕਿ ਜਿਹੜੀ ਗੱਲ ਉਨ੍ਹਾਂ ਦੇ ਮਨ ਨੂੰ ਲੱਗ ਜਾਂਦੀ ਸੀ ਉਸ ਨੂੰ ਜੀਵਨ ਭਰ ਲਈ ਪੱਲੇ ਬੰਨ੍ਹ ਲੈਂਦੇ ਸਨ। ਇਸ ਗੱਲ ਨੇ ਰਾਮਜੀ ਦਾਸ



ਦੇ ਜੀਵਨ ਦਾ ਚੰਗਾ ਚੌਂਕੀਦਾਰਾ ਕੀਤਾ, ਜਿਸ ਕਾਰਨ ਕਦੇ ਮਾੜਾ ਖ਼ਿਆਲ ਤਕ ਨਹੀਂ ਆਇਆ। {ਭਗਤ ਪੂਰਨ ਸਿੰਘ, ਬੀਬੀ ਸੁਸ਼ੀਲ ਕੌਰ ਜੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੭), ਪੰਨਾ ੧੧੨}।

### ਰਾਮਜੀ ਦਾਸ ਦੀ ਸਹਿਣਸ਼ੀਲਤਾ

ਸਾਡੇ ਜੀਵਨ ਵਿੱਚ ਕੁਝ ਗੁਣ ਅਸੀਂ ਆਪਣੇ ਪਰਿਵਾਰ ਵਿੱਚੋਂ ਸਿੱਖਦੇ ਹਾਂ ਤੇ ਕੁਝ ਆਲੇ ਦੁਆਲੇ ਤੋਂ ਸਿੱਖਦੇ ਹਾਂ। ਕੁਝ ਗੁਣ ਸਾਨੂੰ ਵਿਰਾਸਤ ਵਿੱਚੋਂ ਹੀ ਜਾਂ ਰੱਬੀ ਰਹਿਮਤ ਨਾਲ ਹੀ ਮਿਲਦੇ ਹਨ। ਉਨ੍ਹਾਂ ਰੱਬੀ ਰਹਿਮਤ ਵਾਲਿਆਂ ਗੁਣਾਂ ਵਿੱਚੋਂ ਹੀ ਇੱਕ ਗੁਣ ਸਹਿਣਸ਼ੀਲਤਾ ਦਾ ਹੁੰਦਾ ਹੈ। ਇਹ ਗੁਣ ਸਾਡੀ ਜ਼ਿੰਦਗੀ ਦਾ ਕੀਮਤੀ ਗਹਿਣਾ ਹੁੰਦਾ ਹੈ। ਰਾਮਜੀ ਦਾਸ ਵਿੱਚ ਇਹ ਰੱਬੀ ਗੁਣ ਬਹੁਤ ਸੀ। ਉਨ੍ਹਾਂ ਨਾਲ ਕੋਈ ਵਧੀਕੀ ਵੀ ਕਰਦਾ ਸੀ ਤਾਂ ਉਹ ਕਾਫ਼ੀ ਹੱਦ ਤਕ ਬਰਦਾਸ਼ਤ ਕਰ ਲੈਂਦੇ ਸਨ। ਉਹ ਕਦੇ ਆਪਣਾ ਵਰਤੋਂ ਵਿਹਾਰ ਨਹੀਂ ਵਿਗਾੜਦੇ ਸਨ। ਇਹ ਵੀ ਝਲਕ ਸਾਨੂੰ ਉਨ੍ਹਾਂ ਦੇ ਜੀਵਨ ਵਿੱਚੋਂ ਪ੍ਰਤੱਖ ਦਿਸ ਜਾਂਦੀ ਹੈ।

ਇੱਕ ਪਾਸੇ ਤਾਂ ਰਾਮਜੀ ਦਾਸ ਲਈ ਮਾਤਾ ਪਿਤਾ ਦੇ ਪਿਆਰ ਦਾ ਮਾਹੌਲ ਸੀ। ਮਾਂ ਦੀਆਂ ਸੱਧਰਾਂ ਵੀ ਪੂਰੀਆਂ ਨਹੀਂ ਹੁੰਦੀਆਂ ਸਨ ਕਿ ਦਿਨ ਰਾਤ ਵਿੱਚ ਬਦਲ ਜਾਂਦਾ ਸੀ। ਮਾਂ ਹਰ ਵਕਤ ਹੀ ਚੰਗੇ ਕੰਮਾਂ ਲਈ ਪ੍ਰੇਰਦੀ ਰਹਿੰਦੀ ਤੇ ਨਾਲ ਹੀ ਚੰਗੀਆਂ-ਚੰਗੀਆਂ ਗੱਲਾਂ ਸੁਣਾਉਂਦੀ ਰਹਿੰਦੀ ਸੀ। ਦੂਜੇ ਪਾਸੇ ਘਰ ਦਾ ਇਹ ਹਾਲ ਸੀ ਕਿ ਸ਼ਿੱਬੂ ਮੱਲ ਦੀ ਦੂਜੀ ਪਤਨੀ ਨੇ ਕਦੇ ਵੀ ਰਾਮਜੀ ਦਾਸ ਨੂੰ ਆਪਣਾ ਪੁੱਤ ਕਬੂਲ ਨਹੀਂ ਸੀ ਕੀਤਾ। ਜੇ ਮਾਂ ਦਾ ਅਜਿਹਾ ਹਾਲ ਸੀ ਤਾਂ ਪੁੱਤ ਦਾ ਵੀ ਕੋਈ ਘੱਟ ਨਹੀਂ ਸੀ। ਰਾਮਜੀ ਦਾਸ ਨਾਲ ਸ਼ਿੱਬੂ ਮੱਲ ਦਾ ਦੂਜਾ ਬੇਟਾ ਆਪਣੀ ਮਾਂ ਵਾਂਗ ਬਹੁਤ ਨਫ਼ਰਤ ਕਰਦਾ ਸੀ। ਉਸ ਨੇ ਕਦੇ ਇਕੱਠੇ ਖੇਡਣਾ ਵੀ ਨਹੀਂ ਕਦੇ ਇਕੱਠੇ ਕੁਝ ਖਾਣਾ ਪੀਣਾ ਵੀ ਨਹੀਂ; ਸਗੋਂ ਇਹੋ ਹੀ ਆਸ ਰੱਖਣੀ ਕਿ ਹੋ ਸਕੇ ਤਾਂ ਇਹ ਸਾਨੂੰ ਦਿੱਸੇ ਵੀ ਨਾ। ਉਹ ਤਾਂ ਮਹਿਤਾਬ ਕੌਰ ਨੂੰ ਮਾਂ ਸਮਝਣ ਦੀ ਥਾਂ 'ਤੇ ਸਗੋਂ ਰੰਡੀ ਤੇ ਰਾਮਜੀ ਦਾਸ ਨੂੰ ਰੰਡੀ ਦਾ ਪੁੱਤ ਕਹਿ ਦਿੰਦਾ ਸੀ।

ਇੱਕ ਵਾਰੀ ਕਿਸੇ ਦੇ ਘਰ ਮੁੰਡੇ ਦਾ ਵਿਆਹ ਸੀ, ਉਹ ਬਰਾਤ ਜਾਣ ਵਾਸਤੇ ਘਰ ਘਰ ਸੁਨੇਹਾ ਦੇ ਰਹੇ ਸਨ। ਜਦੋਂ ਉਹ ਸ਼ਿੱਬੂ ਮੱਲ ਦੇ ਘਰ ਵੀ ਸੁਨੇਹਾ ਦੇਣ ਆਏ ਤਾਂ ਸ਼ਿੱਬੂ ਮੱਲ ਦੇ ਵੱਡੇ ਲੜਕੇ ਨੇ ਸਾਫ਼ ਹੀ ਕਹਿ ਦਿੱਤਾ ਕਿ ਜੇਕਰ ਰਾਮਜੀ ਦਾਸ ਬਰਾਤ ਜਾਏਗਾ ਤਾਂ ਮੈਂ ਨਹੀਂ ਜਾਣਾ। ਬਾਕੀ ਲੋਕ ਵੀ ਰਾਮਜੀ ਦਾਸ ਨੂੰ ਬਹੁਤੀ ਅਹਿਮੀਅਤ ਨਹੀਂ ਦਿੰਦੇ ਸਨ। ਰਾਮਜੀ ਦਾਸ ਨੇ ਆਪਣੀ ਮਾਂ ਮਹਿਤਾਬ ਕੌਰ ਕੋਲ ਬਰਾਤ ਜਾਣ ਦੀ ਇੱਛਾ ਜ਼ਾਹਰ ਕੀਤੀ। ਪਹਿਲਾਂ ਤਾਂ ਮਾਂ ਨੇ ਸਮਝਾਇਆ ਪਰ ਕਿਹਾ ਆਪਾਂ ਬਰਾਤ ਨਹੀਂ ਜਾਣਾ। ਛੋਟੇ ਬੱਚੇ ਬਰਾਤ ਨਹੀਂ ਜਾਂਦੇ, ਪਰ ਮਾਂ ਨੇ ਬੱਚੇ ਦੇ ਅਰਮਾਨ ਤੇ ਚਾਉ ਦੇਖ ਕੇ ਉਸ ਨੂੰ ਬਿਨਾਂ ਕਿਸੇ ਨੂੰ ਦੱਸੇ ਹੀ ਬਰਾਤ ਭੇਜ ਦਿੱਤਾ। ਪਹਿਲਾਂ ਸ਼ਿੱਬੂ ਮੱਲ ਦੇ ਵੱਡੇ ਬੇਟੇ ਨੂੰ ਪਤਾ ਨਾ

ਲੱਗਾ। ਜਦੋਂ ਬਰਾਤ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ ਲੱਗੀ ਤਾਂ ਉਸ ਦੀ ਨਜ਼ਰ ਰਾਮਜੀ ਦਾਸ 'ਤੇ ਵੀ ਪੈ ਗਈ। ਉਸ ਨੇ ਪੰਗਤ ਵਿੱਚੋਂ ਉੱਠ ਕੇ ਰੌਲਾ ਪਾ ਦਿੱਤਾ ਕਿ ਮੈਂ ਰਾਮਜੀ ਦਾਸ ਨਾਲ ਪ੍ਰਸ਼ਾਦਾ ਨਹੀਂ ਛਕਣਾ। ਰਾਮਜੀ ਦਾਸ ਨੂੰ ਪੰਗਤ ਵਿੱਚੋਂ ਹੀ ਉਠਾ ਦਿੱਤਾ ਗਿਆ। {ਨਰਿੰਦਰ ਸਿੰਘ ਸੋਚ, ਮਹਿਤਾਬ ਕੌਰ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੦੩), ਪੰਨਾ ੧੯}।

ਰਾਮਜੀ ਦਾਸ ਪੰਗਤ ਵਿੱਚੋਂ ਭਾਵੇਂ ਉੱਠ ਗਏ ਸਨ ਪਰ ਉਨ੍ਹਾਂ ਦੀ ਨਿਮਰਤਾ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਰਾਮਜੀ ਦਾਸ ਨੂੰ ਪੰਗਤ ਵਿੱਚੋਂ ਭਾਵੇਂ ਉਠਾ ਦਿੱਤਾ ਹੈ ਪਰ ਉਨ੍ਹਾਂ ਦੀ ਸਹਿਣਸ਼ੀਲਤਾ ਨੇ ਲੋਕਾਂ ਦੇ ਦਿਲਾਂ ਵਿੱਚ ਉਨ੍ਹਾਂ ਨੂੰ ਬਿਠਾ ਦਿੱਤਾ ਹੈ। ਰੱਬ, ਕਿਸੇ ਦੇ ਹਿਰਦੇ ਵਿੱਚ ਸ਼ੁੱਭ ਗੁਣਾਂ ਰਾਹੀਂ ਹੀ ਤਾਂ ਪ੍ਰਗਟ ਹੁੰਦਾ ਹੈ।

ਬੱਚੇ ਨੂੰ ਪਹਿਲੀ ਸਿੱਖਿਆ ਤਾਂ ਮਾਂ ਕੋਲੋਂ ਹੀ ਮਿਲਦੀ ਹੈ। ਮਾਂ ਦੀ ਸਿੱਖਿਆ ਬੱਚੇ ਦੀ ਸ਼ਖ਼ਸੀਅਤ ਘੜਨ ਵਿੱਚ ਬਹੁਤ ਸਹਾਈ ਹੁੰਦੀ ਹੈ। ਕਹਿਣ ਲਈ ਤਾਂ ਇਹ ਵੀ ਸ਼ਿੱਬੂ ਮੱਲ ਦਾ ਹੀ ਬੇਟਾ ਹੈ ਪਰ ਇਸ ਦੀ ਮਾਂ (ਸ਼ਿੱਬੂ ਮੱਲ ਦੀ ਪਹਿਲੀ ਪਤਨੀ) ਦੀ ਸਿੱਖਿਆ ਨੇ ਆਪਣੇ ਪੁੱਤ ਨੂੰ ਨਫ਼ਰਤ ਦੀ ਹੀ ਸਿੱਖਿਆ ਦਿੱਤੀ ਸੀ। ਇਸ ਕਰਕੇ ਸ਼ਿੱਬੂ ਮੱਲ ਦੇ ਵੱਡੇ ਬੇਟੇ ਦਾ ਮਨ ਨਫ਼ਰਤ ਨਾਲ ਹੀ ਭਰਿਆ ਰਹਿੰਦਾ ਸੀ। ਇਹ ਵੀ ਸੱਚ ਹੈ ਕਿ ਜੋ ਕੁਝ ਕੋਲ ਹੁੰਦਾ ਹੈ ਮਨੁੱਖ ਉਹੋ ਹੀ ਦੂਜਿਆਂ ਨੂੰ ਵੰਡਦਾ ਹੈ। ਵੱਡੇ ਬੇਟੇ ਕੋਲ ਨਫ਼ਰਤ ਸੀ, ਉਹ ਨਫ਼ਰਤ ਹੀ ਵੰਡਦਾ ਸੀ। ਰਾਮਜੀ ਦਾਸ ਨੂੰ ਤਾਂ ਮਾਂ ਨੇ ਦਰਵੇਸ਼ਾਂ, ਭਗਤਾਂ ਦੀਆਂ ਗੱਲਾਂ ਸੁਣਾਈਆਂ ਹੋਈਆਂ ਸਨ। ਗੁਰਬਾਣੀ ਦੀਆਂ ਵਿਚਾਰਾਂ ਉਸ ਦੇ ਕੰਨੀਂ ਪਾਈਆਂ ਸਨ। ਉਸ ਦੇ ਹੱਥੋਂ ਪਸ਼ੂ-ਪੰਛੀਆਂ ਨੂੰ ਕੁਝ ਖਾਣ-ਪੀਣ ਨੂੰ ਦਿੱਤਾ ਸੀ। ਇਸ ਕਰਕੇ ਨੇਕ ਸੰਸਕਾਰਾਂ ਨਾਲ ਰਾਮਜੀ ਦਾਸ ਦਾ ਹਿਰਦਾ ਭਰਿਆ ਪਿਆ ਸੀ। ਰਾਮਜੀ ਦਾਸ ਨੇ ਤਾਂ ਕਦੇ ਨਫ਼ਰਤ ਦਾ ਸਬਕ ਹੀ ਨਹੀਂ ਪੜ੍ਹਿਆ ਸੀ। ਇਸ ਕਰਕੇ ਰਾਮਜੀ ਦਾਸ ਕੋਲ ਤਾਂ ਕਿਸੇ ਵਧੀਕੀ ਨੂੰ ਬਰਦਾਸ਼ਤ ਕਰਨ ਵਾਲਾ ਅਨੋਖਾ ਗੁਣ ਮਾਂ ਨੇ ਦਿਲ ਵਿੱਚ ਭਰਿਆ ਹੋਇਆ ਸੀ।

ਇਹ ਗੁਣ ਅੱਗੇ ਜਾ ਕੇ ਆਪਣਾ ਰੰਗ ਦਿਖਾਉਂਦਾ ਹੈ। ਵੱਡੇ ਬੇਟੇ ਨੂੰ ਦੁਨੀਆਂ ਵਿੱਚ ਉਹ ਸਤਿਕਾਰ ਪ੍ਰਾਪਤ ਨਹੀਂ ਹੋ ਸਕਿਆ ਜੋ ਸਤਿਕਾਰ ਰਾਮਜੀ ਦਾਸ ਨੇ ਪ੍ਰਾਪਤ ਕੀਤਾ ਹੈ। ਗੁਰਬਾਣੀ ਵਿੱਚ ਇੱਕ ਦਰਵੇਸ਼ ਦੀ ਮਾਂ ਨੂੰ ਇਸ ਕਰਕੇ ਹੀ ਸਤਿਕਾਰਿਆ ਜਾਂਦਾ ਹੈ ਕਿਉਂਕਿ ਉਸ ਨੇ ਆਪਣੇ ਪੁੱਤ ਨੂੰ ਚੰਗੀ ਸਿੱਖਿਆ ਦਿੱਤੀ ਹੁੰਦੀ ਹੈ।

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥** {ਅੰ: ੪੮੮}



ਮਾਂ ਦਾ ਕੰਮ ਬੱਚੇ ਨੂੰ ਜਨਮ ਦੇਣਾ ਹੀ ਨਹੀਂ ਹੁੰਦਾ ਬਲਕਿ ਇੱਕ ਸਿਆਣੀ ਮਾਂ ਉਸ ਨੂੰ ਪਹਿਲੀ ਹੀ ਸਿੱਖਿਆ ਅਜਿਹੀ ਦਿੰਦੀ ਹੈ ਜਿਸ ਨਾਲ ਉਸ ਅੰਦਰ ਇਨਸਾਨੀਅਤ ਦਾ ਗੁਣ ਪੈਦਾ ਹੋ ਜਾਂਦਾ ਹੈ। ਅਜਿਹੀ ਮਾਂ ਨੂੰ ਸਮਾਂ ਪਾ ਕੇ ਇਤਿਹਾਸ ਸਦਾ ਹੀ ਸਲਾਮਾਂ ਕਰਦਾ ਹੈ।

ਜਦੋਂ ਵੀ ਅਸੀਂ ਕਦੇ ਕੋਈ ਬੂਟਾ ਜਾਂ ਦਰਖ਼ਤ ਦੇਖਦੇ ਹਾਂ ਤਾਂ ਸੁਭਾਵਿਕ ਹੀ ਸਮਝ ਆ ਜਾਂਦਾ ਹੈ ਕਿ ਕਦੇ ਨਾ ਕਦੇ ਇਸ ਦਾ ਕਿਸੇ ਨੇ ਬੀਜ ਬੀਜਿਆ ਸੀ। ਉਸ ਬੀਜ ਤੋਂ ਹੀ ਇਹ ਵਧ ਕੇ ਦਰਖ਼ਤ ਬਣਿਆ ਹੈ ਅਤੇ ਲੋਕਾਂ ਦੀ ਸੇਵਾ ਕਰਦਾ ਹੈ। ਇਸ ਤਰ੍ਹਾਂ ਹੀ ਹਰ ਮਹਾਨ ਵਿਅਕਤੀ ਵਿੱਚ ਉਸ ਦੀ ਮਹਾਨਤਾ ਦਾ ਬੀਜ ਕਦੇ ਨਾ ਕਦੇ ਕਿਸੇ ਦਰਵੇਸ਼ੀ ਰੂਹ ਨੇ ਬੀਜਿਆ ਹੁੰਦਾ ਹੈ, ਜਿਸ ਕਰਕੇ ਉਹ ਸਮਾਂ ਪਾ ਕੇ ਮਾਨਵਤਾ ਦਾ ਦਰਦੀ ਬਣ ਸੰਸਾਰ ਸਾਹਮਣੇ ਆਉਂਦਾ ਹੈ।

ਪਲੇਗ ਨੇ ਘਰਾਂ ਦੇ ਘਰ ਖ਼ਾਲੀ ਕਰ ਦਿੱਤੇ ਸਨ। ਸ਼ਿੱਬੂ ਮੱਲ ਸ਼ਾਹੂਕਾਰੇ ਦਾ ਪ੍ਰਮੁੱਖ ਸੀ। ਇਸ ਵਿੱਚ ਲੋਕਾਂ ਨੂੰ ਕਰਜ਼ ਦੇਣਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿੱਚ ਲੋਕੀਂ ਬੈਂਕਾਂ ਤੋਂ ਐਨਾ ਕਰਜ਼ ਨਹੀਂ ਲੈਂਦੇ ਸਨ ਜਿੰਨਾ ਸ਼ਾਹੂਕਾਰਾਂ ਤੋਂ ਲੈਂਦੇ ਸਨ। ਕਿਸੇ ਦੇ ਘਰ ਦਾ ਕੋਈ ਬਾਪ ਕਮਾਊ ਸੀ ਤਾਂ ਉਹ ਆਪਣਾ ਪਰਿਵਾਰ ਛੱਡ ਗਿਆ ਸੀ। ਕਿਸੇ ਦਾ ਭਰਾ ਕਮਾਊ ਸੀ ਤੇ ਉਹ ਪਲੇਗ ਨੇ ਖਾ ਲਿਆ ਸੀ। ਇਸ ਤਰ੍ਹਾਂ ਹਰ ਘਰ ਵਿੱਚ ਹੀ ਮਾਨੋ ਮੌਤ ਦਾ ਤਾਂਡਵ ਨਾਚ ਸੀ। ਇਸ ਹਾਲਤ ਵਿੱਚ ਸ਼ਿੱਬੂ ਮੱਲ ਦੇ ਪੈਸੇ ਵਾਪਸ ਆਉਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ। ਸੋ ਸ਼ਿੱਬੂ ਮੱਲ ਦਾ ਪਲੇਗ ਨੇ ਘਰ ਦੇ ਜੀਅ ਦਾ ਤਾਂ ਕੋਈ ਨੁਕਸਾਨ ਨਹੀਂ ਸੀ ਕੀਤਾ ਪਰ ਇਸ ਦੀ ਮਾਰ ਵਿੱਚ ਉਸ ਦਾ ਸਾਰਾ ਹੀ ਕਾਰੋਬਾਰ ਰੁੜ੍ਹ ਗਿਆ ਸੀ। ਜਦੋਂ ਪੈਸਾ ਆਉਣਾ ਬੰਦ ਹੋ ਜਾਵੇ ਤਾਂ ਘਰ ਦੇ ਜੋੜੇ ਪੈਸੇ ਨੇ ਵੀ ਕਿਤਨਾ ਕੁ ਸਮਾਂ ਕੱਢਣਾ ਹੁੰਦਾ ਹੈ। ਸੋ ਸ਼ਿੱਬੂ ਮੱਲ ਦੇ ਘਰ ਦੀ ਹਾਲਤ ਪਤਲੀ ਪੈਣੀ ਸ਼ੁਰੂ ਹੋ ਗਈ ਸੀ।

### ਰਾਮਜੀ ਦਾਸ ਨੂੰ ਸਕੂਲ ਭੇਜਣਾ

ਮਹਿਤਾਬ ਕੌਰ ਨੂੰ ਜ਼ਿੰਦਗੀ ਦੀਆਂ ਠੋਕਰਾਂ ਨੇ ਬਹੁਤ ਕੁਝ ਸਿਖਾਇਆ ਸੀ। ਸ਼ਿੱਬੂ ਮੱਲ ਦੇ ਘਰ ਦਾ ਮਾਹੌਲ ਸੁਖਾਵਾਂ ਨਹੀਂ ਸੀ। ਉਸ ਦੇ ਵੱਡੇ ਬੇਟੇ ਦੀ ਤੇ ਵੱਡੀ ਪਤਨੀ ਦੀ ਨਫ਼ਰਤ ਕਰਕੇ ਮਹਿਤਾਬ ਕੌਰ ਤੇ ਰਾਮਜੀ ਦਾਸ ਨਾਲ ਬਹੁਤ ਕੋਝਾ ਜਿਹਾ ਵਿਹਾਰ ਹੁੰਦਾ ਸੀ। ਕੁਝ ਸਮਾਂ ਤਾਂ ਰਾਮਜੀ ਦਾਸ ਨੂੰ ਨੇੜੇ ਦੇ ਪਿੰਡ ਵਾਲੇ ਸਕੂਲ ਵਿੱਚ ਹੀ ਪਾ ਦਿੱਤਾ ਸੀ ਪਰ ਮਹਿਤਾਬ ਕੌਰ ਦੀ ਇਹ ਤਮੰਨਾ ਸੀ ਕਿ ਮੇਰਾ ਪੁੱਤ ਘਰੋਗੀ ਮਾਹੌਲ ਤੋਂ ਦੂਰ ਹੀ ਰਹੇ। ਇਸ ਨੂੰ ਕਿਸੇ ਕਿਸਮ ਦੀ ਕੋਈ ਮਾੜੀ ਆਦਤ ਨਾ ਪੈ ਜਾਵੇ। ਮਹਿਤਾਬ ਕੌਰ ਤੇ ਸ਼ਿੱਬੂ ਮੱਲ ਨੇ ਇਹ ਸਭ ਕੁਝ ਸੋਚ ਵਿਚਾਰ ਕਰਕੇ, ਰਾਮਜੀ ਦਾਸ ਨੂੰ ਖੰਨੇ ਦੇ ਸਕੂਲ ਵਿੱਚ ਪਾ ਦਿੱਤਾ। ਇਹ ਸਕੂਲ ਰਾਜੇਵਾਲ ਤੋਂ ਦੂਰ ਸੀ ਤੇ ਉਨ੍ਹਾਂ ਸਮਿਆਂ ਵਿੱਚ ਆਉਣ ਜਾਣ ਦੀਆਂ ਬਹੁਤੀਆਂ ਸੁੱਖ ਸਹੂਲਤਾਂ ਵੀ ਨਹੀਂ ਸਨ। ਇਸ ਕਰਕੇ ਰਾਮਜੀ ਦਾਸ ਨੂੰ ਖੰਨੇ ਦੇ

ਸਕੂਲ ਵਿੱਚ ਹੋਸਟਲ ਵਿੱਚ ਹੀ ਰਹਿਣਾ ਪੈਂਦਾ ਸੀ। ਜਦੋਂ ਕਦੇ ਛੁੱਟੀਆਂ ਹੋਣੀਆਂ ਤਾਂ ਹੀ ਉਸ ਨੇ ਮਾਤਾ ਪਿਤਾ ਨੂੰ ਮਿਲਣ ਲਈ ਰਾਜੇਵਾਲ ਆਉਣਾ ਹੁੰਦਾ ਸੀ।

ਸਨਾਤਨੀ ਧਰਮ ਵਿੱਚ ਕਰਮ-ਕਾਂਡਾਂ ਦਾ ਬਹੁਤ ਬੋਲ ਬਾਲਾ ਹੈ। ਮਹਿਤਾਬ ਕੌਰ ਤੇ ਸ਼ਿੱਬੂ ਮੱਲ 'ਤੇ ਵੀ ਇਨ੍ਹਾਂ ਸਭ ਗੱਲਾਂ ਦਾ ਕਾਫ਼ੀ ਅਸਰ ਸੀ। ਜਦੋਂ ਉਸ ਨੇ ਰਾਜੇਵਾਲ ਆਉਣਾ ਤਾਂ ਮੁੜ ਸਕੂਲ ਜਾਣ ਵੇਲੇ ਮਾਂ ਨੇ ਆਪ ਖੂਹ ਤੋਂ ਪਾਣੀ ਦਾ ਘੜਾ ਭਰ ਕੇ ਲਿਆਉਣਾ ਤੇ ਸ਼ਿੱਬੂ ਮੱਲ ਨੇ ਰਾਹ ਵਿੱਚ ਦੇਖਣਾ ਕਿ ਕੋਈ ਖ਼ਾਲੀ ਘੜਾ ਜਾਂ ਖ਼ਾਲੀ ਟੋਕਰਾ ਲੈ ਕੇ ਨਾ ਮਿਲ ਜਾਵੇ, ਇਹ ਕੁਸ਼ਗਨ ਹੁੰਦਾ ਹੈ। ਮਾਂ ਨੇ ਆਪ ਹੀ ਆਪਣੇ ਪੁੱਤਰ ਨੂੰ ਰਾਹ ਵਿੱਚ ਪਾਣੀ ਦੇ ਭਰੇ ਹੋਏ ਘੜੇ ਨਾਲ ਮਿਲਣਾ। ਇਹ ਮਾਂ ਲਈ ਸ਼ੁੱਭ ਸ਼ਗਨ ਹੁੰਦਾ ਸੀ।' {ਭਗਤ ਪੂਰਨ ਸਿੰਘ, ਕਹਾਣੀਆਂ, ਡਾ. ਇੰਦਰਜੀਤ ਕੌਰ, ਪਿੰਗਲਵਾੜਾ ਅੰਮ੍ਰਿਤਸਰ। (੨੦੧੩), ਪੰਨਾ ੧੧}। ਇਹ ਮਾਂ ਦੀ ਲਾਲਸਾ ਹੀ ਸੀ ਜਿਹੜੀ ਮਾਂ ਦੂਜਿਆਂ ਦੇ ਰਸਤਿਆਂ ਵਿੱਚੋਂ ਇੱਟਾਂ ਰੋੜੇ ਚੁੱਕ ਕੇ ਸਾਫ਼ ਕਰ ਦਿੰਦੀ ਸੀ, ਫਿਰ ਉਹ ਮਾਂ ਆਪਣੇ ਪੁੱਤ ਲਈ ਵੀ ਚਾਹੁੰਦੀ ਸੀ ਕਿ ਮੈਂ ਰਾਮਜੀ ਦਾਸ ਦੇ ਜੀਵਨ ਦੇ ਵਿਹੜੇ ਵਿੱਚੋਂ ਵੀ ਸਾਰੀਆਂ ਰੁਕਾਵਟਾਂ ਪਾਸੇ ਕਰ ਦਿਆਂ।

## ਸਮੇਂ ਦੀ ਡਾਢੀ ਮਾਰ

ਸੰਨ ੧੯੦੫ ਵਿੱਚ ਪਲੇਗ ਦੀ ਬਿਮਾਰੀ ਕਾਰਨ ਲੋਕਾਂ ਦਾ ਜਾਨੀ ਨੁਕਸਾਨ ਬਹੁਤ ਹੋਇਆ ਸੀ। ਉਸ ਸਮੇਂ ਵੀ ਲੋਕਾਂ ਦੇ ਘਰਾਂ ਵਿੱਚੋਂ ਕੁਝ ਕਮਾਊ ਤੁਰ ਗਏ ਸਨ। ਇਨ੍ਹਾਂ ਵਿੱਚੋਂ ਕਈਆਂ ਨੇ ਸ਼ਿੱਬੂ ਮੱਲ ਕੋਲੋਂ ਵੀ ਕਰਜ਼ ਲਿਆ ਹੋਇਆ ਸੀ, ਜਿਸ ਦੇ ਮੁੜਨ ਦੀ ਆਸ ਖ਼ਤਮ ਹੋ ਗਈ ਸੀ। ਇਸ ਪਹਿਲੀ ਮਾਰ ਵਿੱਚੋਂ ਕੁਝ ਪੈਰਾਂ 'ਤੇ ਆਉਣ ਹੀ ਲੱਗੇ ਸਨ ਕਿ ਅੱਠਾਂ ਸਾਲਾਂ ਮਗਰੋਂ ਹੀ ਫਿਰ ਦੁਬਾਰਾ ਸੋਕੇ ਦੀ ਮਾਰ ਪੈ ਗਈ।

ਪਹਿਲੇ ਸਮਿਆਂ ਵਿੱਚ ਬਹੁਤੀ ਖੇਤੀ ਵਰਖਾ 'ਤੇ ਹੀ ਨਿਰਭਰ ਹੁੰਦੀ ਸੀ। ਸੰਨ ੧੯੧੩ ਵਿੱਚ ਮੀਂਹ ਘੱਟ ਪੈਣ ਕਰਕੇ ਫ਼ਸਲ ਨਾ ਹੋਈ ਤੇ ਕਾਲ ਪੈ ਗਿਆ। ਸ਼ਿੱਬੂ ਮੱਲ ਦਾ ਕਾਰੋਬਾਰ ਸ਼ਾਹੂਕਾਰੇ ਦਾ ਸੀ। ਸ਼ਾਹੂਕਾਰੇ ਵਿੱਚ ਸ਼ਾਹ ਲੋੜਵੰਦਾਂ ਨੂੰ ਪੈਸੇ ਦਿੰਦੇ ਰਹਿੰਦੇ ਹਨ ਤੇ ਜਦੋਂ ਫ਼ਸਲ ਆਉਂਦੀ ਹੈ ਤਾਂ ਵਿਆਜ ਸਮੇਤ ਵਾਪਸ ਲੈ ਲੈਂਦੇ ਹਨ। ਕਾਲ ਪੈਣ ਕਰਕੇ ਫ਼ਸਲ ਨਾ ਹੋ ਸਕੀ, ਜਿਸ ਕਰਕੇ ਕਰਜ਼ਦਾਰਾਂ ਕੋਲੋਂ ਸ਼ਿੱਬੂ ਮੱਲ ਦਾ ਪੰਜਾਹ ਹਜ਼ਾਰ ਦਾ ਕਰਜ਼ ਵਾਪਸ ਨਾ ਕੀਤਾ ਗਿਆ। ਉਸ ਸਮੇਂ ਪੰਜਾਹ ਹਜ਼ਾਰ ਬਹੁਤ ਵੱਡੀ ਰਕਮ ਹੁੰਦੀ ਸੀ। ਆਮ ਲੋਕ ਤਾਂ ਕੁਝ ਪੈਸਿਆਂ ਦੇ ਨਾਲ ਮੇਲਾ ਦੇਖ ਆਉਂਦੇ ਸਨ। ਇਸ ਕਰਕੇ ਸ਼ਿੱਬੂ ਮੱਲ ਅਰਸ਼ਾਂ ਤੋਂ ਫ਼ਰਸ਼ਾਂ 'ਤੇ ਆ ਗਿਆ। ਰਾਮਜੀ ਦਾਸ ਖੰਨੇ ਹੋਸਟਲ ਵਿੱਚ ਪੰਜਵੀਂ ਛੇਵੀਂ ਕਲਾਸ 'ਚ ਪੜ੍ਹਦਾ ਸੀ ਤੇ ਉਨ੍ਹਾਂ ਦੀ ਪੜ੍ਹਾਈ ਦਾ ਤੇ ਹੋਸਟਲ



ਵਿੱਚ ਰਹਿਣ-ਸਹਿਣ, ਪ੍ਰਸ਼ਾਦੇ-ਪਾਣੀ, ਕੱਪੜਿਆਂ ਤੇ ਹੋਰ ਕਿਤਾਬਾਂ ਆਦਿਕ ਦਾ ਸਭ ਕੁਝ ਮਿਲਾ ਕੇ ਖ਼ਰਚ ਕਰੀਬ ਦਸ ਰੁਪਏ ਹਰ ਮਹੀਨੇ ਹੁੰਦਾ ਸੀ। ਮਾਂ ਦੀ ਭਾਵਨਾ ਸੀ ਕਿ ਮੇਰਾ ਪੁੱਤਰ ਦਸ ਜਮਾਤਾਂ ਪਾਸ ਕਰ ਲਵੇ, ਕਿਉਂਕਿ ਉਸ ਵਕਤ ਜੇ ਕੋਈ ਦਸਵੀਂ ਪਾਸ ਕਰ ਲੈਂਦਾ ਸੀ ਤਾਂ ਉਸ ਲਈ ਜੀਵਨ ਵਿੱਚ ਤਰੱਕੀ ਕਰਨਾ ਬਹੁਤ ਸੌਖਾ ਹੋ ਜਾਂਦਾ ਸੀ।

## ਫ਼ਤਹਿਗੜ੍ਹ ਦਾ ਸ਼ਹੀਦੀ ਜੋੜ ਮੇਲਾ

ਰਾਜੇਵਾਲ ਰੋਹਣੋਂ ਤੋਂ ਫ਼ਤਹਿਗੜ੍ਹ ਸਾਹਿਬ ਕੋਈ ਵੀਹ ਕੁ ਮੀਲਾਂ ਦੀ ਵਿੱਥ 'ਤੇ ਹੈ। ਇਹ ਪਾਵਨ ਅਸਥਾਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜ਼ਰ ਕੌਰ ਜੀ ਦਾ ਸ਼ਹੀਦੀ ਅਸਥਾਨ ਹੈ। ਇੱਥੇ ਵਜ਼ੀਰ ਖਾਂ, ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ ਤਿੰਨ ਰਾਤਾਂ ਠੰਡੇ ਬੁਰਜ਼ ਵਿੱਚ ਕੈਦ ਕਰਕੇ ਹਰ ਰੋਜ਼ ਆਪਣੀ ਈਨ ਮਨਾਉਣ ਲਈ ਤੇ ਸਿੱਖੀ ਦੇ ਤਿਆਗ ਲਈ ਯਤਨ ਕਰਦਾ ਰਿਹਾ ਸੀ। ਸਾਹਿਬਜ਼ਾਦਿਆਂ ਤੇ ਮਾਤਾ ਜੀ ਨੇ ਸ਼ਹਾਦਤਾਂ ਦੇ ਜਾਮ ਪੀ ਲਏ ਸਨ ਪਰ ਵਜ਼ੀਰ ਖਾਂ ਦੀ ਨਾ ਤਾਂ ਈਨ ਮੰਨੀ ਸੀ ਅਤੇ ਨਾ ਹੀ ਸਿੱਖੀ ਨੂੰ ਤਿਆਗਿਆ ਸੀ। ਇਹ ਸ਼ਹਾਦਤਾਂ ਦਸੰਬਰ ਦੇ ਮਹੀਨੇ ਹੋਈਆਂ ਸਨ। ਇਸ ਕਰਕੇ ਸਿੱਖ ਜਗਤ ਇਨ੍ਹਾਂ ਸ਼ਹਾਦਤਾਂ ਨੂੰ ਦਸੰਬਰ ਦੇ ਮਹੀਨੇ ਹਰੇਕ ਸਾਲ ਮਨਾਉਂਦਾ ਹੈ। ਇੱਥੇ ਸੰਗਤਾਂ ਦਾ ਭਾਰੀ ਇਕੱਠ, ਜੋੜ ਮੇਲਾ ਹੁੰਦਾ ਹੈ। ਹਰ ਸ਼ਰਧਾਲੂ ਆਪਣੀ ਸ਼ਰਧਾ ਅਨੁਸਾਰ ਸਿਦਕ ਦਾ ਸਿਜਦਾ ਕਰਨ ਆਉਂਦਾ ਹੈ। ਇਹ ਜੋੜ ਮੇਲਾ ਦਸੰਬਰ ਵਿੱਚ ਆਉਂਦਾ ਹੋਣ ਕਰਕੇ ਸਰਦੀ ਵੀ ਕਹਿਰਾਂ ਦੀ ਹੁੰਦੀ ਹੈ। ਵਡੇਰੀ ਉਮਰ ਵਾਲੇ ਤਾਂ ਸਰਦੀ ਦਾ ਕੋਈ ਨਾ ਕੋਈ ਪ੍ਰਬੰਧ ਕਰਕੇ ਉੱਥੇ ਰਾਤ ਕੱਟਣ ਦਾ ਵਸੀਲਾ ਬਣਾ ਕੇ ਜਾਂਦੇ ਹਨ ਜਾਂ ਜਿਨ੍ਹਾਂ ਦਾ ਕੋਈ ਰਿਸ਼ਤੇਦਾਰ ਹੁੰਦਾ ਹੈ ਉਹ ਉਨ੍ਹਾਂ ਦੇ ਕੋਲ ਰਾਤ ਕੱਟ ਲੈਂਦੇ ਹਨ।ਬੱਚਿਆਂ ਲਈ ਇਹ ਔਖਾ ਹੁੰਦਾ ਹੈ। ਇਸ ਕਰਕੇ ਬੱਚਿਆਂ ਦੇ ਇਸ ਜੋੜ ਮੇਲੇ 'ਤੇ ਜਾਣ ਦਾ ਸਬੱਬ ਘੱਟ ਹੀ ਬਣਦਾ ਹੁੰਦਾ ਸੀ।

ਰਾਜੇਵਾਲ ਤੋਂ ਕੁਝ ਬੀਬੀਆਂ ਬੱਸੀ ਕਸਬੇ ਵਿੱਚ ਵਿਆਹੀਆਂ ਹੋਈਆਂ ਸਨ। ਰਾਜੇਵਾਲ ਤੋਂ ਕੁਝ ਪ੍ਰੇਮੀ ਫ਼ਤਹਿਗੜ੍ਹ ਸਾਹਿਬ ਆਉਣ ਦੀ ਤਿਆਰੀ ਕਰਨ ਲੱਗੇ। ਉਨ੍ਹਾਂ ਦਾ ਵਿਚਾਰ ਸੀ ਕਿ ਰਾਤ ਅਸੀਂ ਆਪਣੇ ਰਿਸ਼ਤੇਦਾਰਾਂ ਦੇ ਘਰ ਰੁਕ ਜਾਵਾਂਗੇ। ਇਨ੍ਹਾਂ ਦੇ ਨਾਲ ਹੀ ਰਾਮਜੀ ਦਾਸ ਨੇ ਵੀ ਇਸ ਜੋੜ ਮੇਲੇ ਦੇ ਦਰਸ਼ਨ ਕਰਨ ਦਾ ਮਨ ਬਣਾ ਲਿਆ ਤੇ ਇਲਾਕੇ ਦੀਆਂ ਸੰਗਤਾਂ ਨਾਲ ਇੱਥੇ ਆ ਗਏ। ਉਨ੍ਹਾਂ ਨੇ ਦੇਖਿਆ ਕਿ ਸੰਗਤਾਂ ਵਿੱਚ ਕਿਤਨਾ ਉਤਸ਼ਾਹ ਹੈ। ਹਰ ਪਾਸੇ ਲੰਗਰ ਲੱਗੇ ਹਨ। ਦੀਵਾਨ ਲੱਗੇ ਹਨ ਤੇ ਸੰਗਤਾਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਬੜੀ ਸ਼ਰਧਾ ਭਾਵਨਾ ਨਾਲ ਸੁਣ ਰਹੀਆਂ ਹਨ। ਜਿੱਥੇ ਸੰਗਤਾਂ ਦੇ ਭਾਰੀ ਇਕੱਠ ਨੇ ਗੁਰੂ ਚਰਨਾਂ ਦੇ ਪਿਆਰ ਵਿੱਚ ਡੁੱਬੀਆਂ ਹੋਣ ਦਾ ਅਸਰ

ਰਾਮਜੀ ਦਾਸ 'ਤੇ ਪਾਇਆ ਤਾਂ ਇੱਥੇ ਹੀ ਇੱਕ ਹੋਰ ਘਟਨਾ ਵਾਪਰ ਗਈ। ਹਰ ਬੰਦੇ ਦਾ ਮਨ ਅਮੀਰੀ ਵਾਲੇ ਪਾਸੇ ਨੂੰ ਝੁਕਾਅ ਰੱਖਦਾ ਹੈ, ਇਸ ਕਰਕੇ ਮਨ 'ਤੇ ਅਮੀਰ ਬੰਦਿਆਂ ਦਾ ਵੀ ਅਸਰ ਪੈਂਦਾ ਹੈ। ਇਸ ਜੋੜ ਮੇਲੇ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਵੀ ਆਇਆ ਹੋਇਆ ਸੀ। ਉਸ ਦੇ ਨਾਲ ਹੀ ਮਹਾਰਾਜੇ ਦਾ ਇੱਕ ਅੰਗ ਰੱਖਿਅਕ ਸੀ, ਜਿਹੜਾ ਚੰਗਾ ਲੰਮਾ ਜੁਆਨ ਸੀ ਤੇ ਉਸ ਨੇ ਆਪਣੀ ਦਾਹੜੀ ਵੀ ਬਹੁਤ ਚੰਗੇ ਢੰਗ ਨਾਲ ਬੰਨ੍ਹੀ ਹੋਈ ਸੀ। ਉਸ ਦੀ ਦਸਤਾਰ ਦੇਖਣ ਲੱਗਿਆਂ ਤਾਂ ਹਰ ਬੰਦੇ ਦੀਆਂ ਅੱਖਾਂ ਉਸ ਜੁਆਨ ਦੀ ਸੁੰਦਰਤਾ ਨੂੰ ਦੇਖਣ ਲਈ ਰੁਕ ਹੀ ਜਾਂਦੀਆਂ ਸਨ। ਮਹਾਰਾਜਾ ਭੁਪਿੰਦਰ ਸਿੰਘ ਨੇ ਵੀ ਇਸ ਜੋੜ ਮੇਲੇ ਦੇ ਨਗਰ ਕੀਰਤਨ ਵਿੱਚ ਨੰਗੇ ਪੈਰੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਤੇ ਸੰਗਤਾਂ ਦੇ ਨਾਲ ਚੱਲ ਕੇ ਹਾਜ਼ਰੀ ਭਰੀ ਸੀ। ਗੁਰੂ ਗ੍ਰੰਥ ਸਾਹਿਬ ਜੀ 'ਤੇ ਬੜੀ ਸ਼ਰਧਾ ਭਾਵਨਾ ਨਾਲ ਚੌਰ ਸਾਹਿਬ ਕੀਤਾ ਸੀ। ਗੁਰਦੁਆਰਾ ਜੋਤੀ ਸਰੂਪ ਵਿਖੇ ਜਿੱਥੇ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ ਸੀ ਉੱਥੇ ਬੜੀ ਨਿਮਰਤਾ ਭਾਵਨਾ ਵਾਲੀ ਵਿਚਾਰ ਵੀ ਕੀਤੀ ਸੀ। ਇਹ ਸਭ ਕੁਝ ਦੇਖ ਕੇ ਰਾਮਜੀ ਦਾਸ ਦੇ ਮਨ ਉੱਤੇ ਅਜਿਹਾ ਅਸਰ ਪਿਆ ਕਿ ਉਸ ਨੇ ਸਿੱਖ ਬਣਨ ਦਾ ਪੱਕਾ ਫ਼ੈਸਲਾ ਕਰ ਲਿਆ। ਇਹ ਰਾਮਜੀ ਦਾਸ ਦੇ ਮਨ 'ਤੇ ਸਿੱਖੀ ਦਾ ਗਹਿਰਾ ਤੇ ਦੂਸਰੀ ਵਾਰੀ ਦਾ ਪ੍ਰਭਾਵ ਸੀ।

{ਭਗਤ ਪੂਰਨ ਸਿੰਘ, ਧਰਾਸ ਤੇ ਵਿਕਾਸ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੬), ਪੰਨਾ ੧੮}।

ਆਮ ਲੋਕੀਂ ਮੇਲੇ ਵਿੱਚੋਂ ਖਾਣ-ਪੀਣ ਦੀਆਂ ਚੀਜ਼ਾਂ, ਖਿਡੌਣੇ, ਕੱਪੜੇ ਆਦਿਕ ਹੀ ਦੇਖਦੇ ਹਨ; ਪਰ ਰਾਮਜੀ ਦਾਸ ਨੇ ਇੱਕ ਸਿੱਖ ਦੀ ਸਿੱਖੀ ਵਾਲ਼ੀ ਆਨ ਸ਼ਾਨ ਤੇ ਦਸਤਾਰ ਦੇਖੀ ਅਤੇ ਉਸ ਦਾ ਹੀ ਅਸਰ ਕਬੂਲ ਕਰ ਲਿਆ। ਜੋ ਦੇਖਿਆ ਸੀ ਉਸ ਨੂੰ ਆਪਣੇ ਹਿਰਦੇ ਵਿੱਚ ਵਸਾ ਵੀ ਲਿਆ ਸੀ। ਅਸੀਂ ਗੁਰੂ ਘਰ ਤੋਂ ਪਹਿਲਾਂ ਤਾਂ ਕੁਝ ਲੈਂਦੇ ਹੀ ਨਹੀਂ, ਜੇ ਕੋਈ ਉਪਦੇਸ਼ ਲੈ ਵੀ ਲਈਏ ਤਾਂ ਉਸ ਨੂੰ ਬਹੁਤ ਜਲਦੀ ਭੁੱਲ ਜਾਂਦੇ ਹਾਂ; ਪਰ ਇਹ ਵਿਕਾਰਾਂ ਵੱਲੋਂ ਅਰੋਗ ਹਿਰਦਾ ਆਪਣੇ ਅੰਦਰ ਸਿੱਖੀ ਦੀ ਤਸਵੀਰ ਬਣਾ ਬੈਠਾ ਸੀ। ਇਹ ਕਿਹੋ ਜਿਹਾ ਅਸਰ ਸੀ, ਆਪਾਂ ਰਾਮਜੀ ਦਾਸ ਦੇ ਆਪਣੇ ਲਿਖੇ ਬੋਲਾਂ ਵਿੱਚੋਂ ਹੀ ਵਿਚਾਰਦੇ ਹਾਂ।

"ਗੁਰਦੁਆਰਾ ਜੋਤੀ ਸਰੂਪ ਪੁੱਜਣ ਉੱਤੇ ਮੈਂ ਉਹ ਅਸਥਾਨ ਦੇਖਿਆ ਜਿੱਥੇ ਸ਼ਹੀਦ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ ਗਿਆ ਸੀ। ਉਸ ਅਸਥਾਨ ਦੇ ਦਰਸ਼ਨ ਕਰਦਿਆਂ ਹੀ ਮੇਰਾ ਹਿਰਦਾ ਥਰਥਰਾ ਗਿਆ ਤੇ ਮੈਂ ਉਸ ਅਸਥਾਨ ਵਿੱਚੋਂ ਇੱਕ ਅਜਿਹੀ ਗੁਪਤ ਲਹਿਰ ਨਿਕਲਦੀ ਅਨੁਭਵ ਕੀਤੀ ਜਿਹੜੀ ਬੰਦੇ ਦੇ ਮਨ ਨੂੰ ਇਕਾਗਰ ਕਰਕੇ ਇਹ ਦੱਸ ਰਹੀ ਹੋਵੇ ਕਿ ਤੂੰ ਸੰਸਾਰ ਵਿੱਚ ਕਿਸ ਮਕਸਦ ਲਈ ਆਇਆ ਹੈਂ ਅਤੇ ਇੱਕ ਮਨੁੱਖ ਦੇ ਤੌਰ



'ਤੇ ਤੇਰੇ ਕੀ ਕਰਤੱਵ ਹੋ ਸਕਦੇ ਹਨ? ਉਹ ਕਰਤੱਵ ਕਿੰਨੇ ਵੱਡੇ ਹੋ ਸਕਦੇ ਹਨ ਜਿਨ੍ਹਾਂ ਨੂੰ ਪੂਰਨ ਕਰਨਾ ਹੀ ਜੀਵਨ ਦੇ ਮਨੋਰਥ ਨੂੰ ਪ੍ਰਾਪਤ ਕਰਨਾ ਤੇ ਸਦਾ ਲਈ ਅਮਰ ਹੋਣਾ ਹੈ।"

{ਭਗਤ ਪੂਰਨ ਸਿੰਘ, ਤੇਰਾ ਸਦੜਾ ਸੁਣੀਜੈ ਭਾਈ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੪), ਪੰਨਾ ੪੩}।

'ਮੈਂ ਜਿੰਨਾ ਚਿਰ ਜੀਵਾਂਗਾ ਮੇਰੇ ਹਿਰਦੇ ਵਿੱਚੋਂ ਸ਼ੁਕਰਾਨੇ ਦੇ ਭਾਵ ਨਾਲ ਸਿੱਖ ਅਰਦਾਸ ਦੇ ਇਹ ਸ਼ਬਦ ਸਦਾ ਉੱਛਲਦੇ ਰਹਿਣਗੇ: ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਨਾਮ ਦਾਨ, ਦਾਨਾਂ ਸਿਰ ਦਾਨ, ਭਰੋਸਾ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਂਕੀਆਂ, ਝੰਡੇ ਬੁੰਗੇ ਜੁੱਗੋ ਜੁੱਗ ਅਟੱਲ ਧਰਮ ਦਾ ਜੈਕਾਰ।'

ਉਸ ਸ਼ੁਕਰਾਨੇ ਦੇ ਭਾਵ ਤੋਂ ਮੇਰੇ ਹਿਰਦੇ ਵਿੱਚੋਂ ਇਹ ਅਸੀਸ ਵੀ ਨਿਕਲਦੀ ਰਹੇਗੀ "ਭਾਰਤ ਦੇ ਹਰ ਘਰ ਤੋਂ ਸਿੱਖ ਸੱਭਿਅਤਾ ਦੀ ਉਸ ਮਹਾਨਤਾ ਦਾ ਪ੍ਰਗਟਾਵਾ ਹੋਵੇ ਜਿਸ ਦੀ ਝਾਕੀ ਨੂੰ ਉਸ ਪੁਰਬ ਦੇ ਅਵਸਰ 'ਤੇ ਅਨੇਕਾਂ ਪੱਖਾਂ ਤੋਂ ਦੇਖਿਆ ਸੀ।" {ਉਹੀ ਪੰਨਾ ੪੫}

**ਰਾਮਜੀ ਦਾਸ ਨੂੰ ਸਿਰੋਂ ਗੁੰਮ ਹੋਈਆਂ ਚੀਜ਼ਾਂ ਦਾ ਅਹਿਸਾਸ**

ਰਾਮਜੀ ਦਾਸ ਨੇ ਘਰ ਜਾ ਕੇ ਆਪਣੀ ਮਾਂ ਨਾਲ ਇਹ ਗੱਲ ਸਾਂਝੀ ਕੀਤੀ ਕਿ ਮਾਂ ਮੈਨੂੰ ਮਹਾਰਾਜਾ ਭੁਪਿੰਦਰ ਸਿੰਘ ਦੇ ਅੰਗ ਰੱਖਿਅਕ ਨੂੰ ਦੇਖ ਕੇ ਬਹੁਤ ਚੰਗਾ ਲੱਗਾ ਹੈ। ਉਸ ਦੀ ਪਿਆਰੀ ਪਿਆਰੀ ਦਾੜ੍ਹੀ ਤੇ ਸਿਰ 'ਤੇ ਦਸਤਾਰ ਮੈਨੂੰ ਬਹੁਤ ਪਸੰਦ ਆਈ ਹੈ। ਮਾਂ ਮੈਨੂੰ ਲੱਗਦਾ ਹੈ ਕਿ ਮੇਰੇ ਸਿਰ ਤੋਂ ਇਹ ਕੀਮਤੀ ਚੀਜ਼ਾਂ ਗੁੰਮ ਹਨ ਤੇ ਮੈਨੂੰ ਧਾਰਨ ਕਰਨੀਆਂ ਚਾਹੀਦੀਆਂ ਹਨ। ਮਾਂ ਨੇ ਪਿਆਰ ਨਾਲ ਕਿਹਾ ਕਿ ਬੇਟਾ ਤੂੰ ਥੋੜ੍ਹਾ ਜਿਹਾ ਹੋਰ ਵੱਡਾ ਹੋ ਜਾ ਫਿਰ ਕੇਸ ਰੱਖ ਲਵੀਂ ਤੇ ਪੱਗ ਬੰਨ੍ਹ ਲਵੀਂ। {ਉਹੀ ਪੰਨਾ ੨੩}।

ਰਾਮਜੀ ਦਾਸ ਦਾ ਘਰੋਗੀ ਮਾਹੌਲ ਹਿੰਦੂ ਧਰਮ ਦੀ ਰੰਗਤ ਵਿੱਚ ਰੰਗਿਆ ਹੋਇਆ ਹੋਣ ਕਰਕੇ ਘਰ ਵਿੱਚ ਕਈ ਕਰਮ-ਕਾਂਡ ਸਨਾਤਨੀ ਧਰਮ ਵਾਲੇ ਕੀਤੇ ਜਾਂਦੇ ਸਨ। ਪੰਦਰਾਂ ਕੁ ਸਾਲਾਂ ਦੀ ਉਮਰ ਵਿੱਚ ਰਾਮਜੀ ਦਾਸ ਨੂੰ ਜਨੇਊ ਵੀ ਪਾਇਆ ਗਿਆ ਸੀ ਤੇ ਉਸ ਨੂੰ ਦੱਸਿਆ ਸੀ ਕਿ ਤੇਰਾ ਗੁਰੂ ਬ੍ਰਾਹਮਣ ਹੈ। {ਮਾਣਸੁ ਕਿਆ ਵੇਚਾਰਾ ਰਾਮ। ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੮) ਪੰਨਾ ੨੨}।

ਤਿੱਖੀ ਸੋਚ ਨੇ ਇਨ੍ਹਾਂ ਕਰਮ-ਕਾਡਾਂ ਵਿੱਚ ਰੁਕਣਾ ਯੋਗ ਨਹੀਂ ਸਮਝਿਆ ਤੇ ਅੱਗੇ ਵਧਦੇ ਕਦਮ ਤੇ ਵਕਤੀ ਹਲਾਤਾਂ ਦਾ ਅਸਰ ਕੁਝ ਹੋਰ ਹੀ ਹੁੰਦਾ ਗਿਆ। ਉਨ੍ਹਾਂ ਨੂੰ ਬ੍ਰਾਹਮਣ ਦੇ ਬਾਕੀ ਕਰਮਾਂ-ਕਾਂਡਾਂ ਦਾ ਵੀ ਗਿਆਨ ਹੋ ਗਿਆ ਸੀ। ਇਸ ਨਾਲ ਤਾਂ ਮਾਨਵਤਾ ਵਿੱਚ ਵੰਡੀਆਂ ਪੈਂਦੀਆਂ ਹਨ। ਸ਼ੂਦਰ ਤੇ

ਧਰਮ ਦੇ ਨਾਮ ’ਤੇ ਹੀ ਤਾਂ ਕਹਿਰ ਹੋਇਆ ਸੀ। ਇੱਕ ਮਾਨਵਤਾ ਨੂੰ ਪਿਆਰ ਕਰਨ ਵਾਲਾ ਦਿਲ ਕਿਸੇ ਬਿਪਰਨ ਦੀਆਂ ਇਨ੍ਹਾਂ ਗੱਲਾਂ ਨੂੰ ਕਿਵੇਂ ਸਵੀਕਾਰ ਕਰ ਸਕਦਾ ਸੀ? ਆਖਿਰ ਰਾਮਜੀ ਦਾਸ ਦੀ ਸੋਚ ਨੇ ਸਰਬੱਤ ਦਾ ਭਲਾ ਮੰਗਣ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਅਨੁਸਾਰ ਚੱਲਣ ਦਾ ਸੰਕਲਪ ਬਣਾ ਲਿਆ।

ਕਈ ਵਾਰੀ ਸਾਡੇ ਸਾਹਮਣੇ ਮੁਸ਼ਕਲ ਹੁੰਦੀ ਹੈ, ਪਰ ਅਸੀਂ ਹਾਂ ਜਾਂ ਨਾਂਹ ਕਹਿਣ ਵਿੱਚ ਬਹੁਤ ਦੇਰ ਕਰ ਦਿੰਦੇ ਹਾਂ। ਰਾਮਜੀ ਦਾਸ ਦਾ ਮਨ ਪੱਗ ਬੰਨ੍ਹਣ ਲਈ ਪੂਰਾ ਤਿਆਰ ਸੀ ਪਰ ਮਾਂ ਦੀ ਆਗਿਆ ਤੋਂ ਬਿਨਾਂ ਇਹ ਕੰਮ ਪੂਰਾ ਨਹੀਂ ਹੋਣਾ ਸੀ। ਕਈ ਵਾਰੀ ਕੁਦਰਤ ਰਾਣੀ ਸਾਨੂੰ ਆਪਣੇ ਕਿਸੇ ਕੌਤਕ ਰਾਹੀਂ ਇਸ ਦੁਬਿਧਾ ਵਿੱਚੋਂ ਕੱਢ ਦਿੰਦੀ ਹੈ।

‘ਮਾਤਾ ਮਹਿਤਾਬ ਕੌਰ ਕੋਲ ਦਰਖ਼ਤ ਲਾਉਣ ਅਤੇ ਉਨ੍ਹਾਂ ਨੂੰ ਪਾਣੀ ਦੇਣ ਦਾ ਇੱਕ ਰੱਬੀ ਗੁਣ ਸੀ। ਇੱਕ ਦਿਨ ਮਾਤਾ ਜੀ ਦਰਖ਼ਤਾਂ ਨੂੰ ਪਾਣੀ ਦੇ ਰਹੇ ਸਨ ਤੇ ਰਾਮਜੀ ਦਾਸ ਵੀ ਕੋਲ ਹੀ ਬੈਠੇ ਸਨ। ਪਹਿਲਾਂ ਬੱਚੇ ਦਰਖ਼ਤਾਂ ਨੂੰ ਇੱਟਾਂ ਵੱਟੇ ਮਾਰ ਕੇ ਫਲ ਤੋੜ ਲੈਂਦੇ ਸਨ। ਇਸ ਤਰ੍ਹਾਂ ਹੀ ਕਿਸੇ ਬੱਚੇ ਨੇ ਇੱਕ ਜ਼ੋਰ ਦੀ ਢੀਮ ਮਾਰੀ ਤੇ ਉਹ ਰਾਮਜੀ ਦਾਸ ਦੇ ਸਿਰ ਵਿੱਚ ਵੱਜੀ ਤੇ ਉਸ ਨਾਲ ਕਾਫ਼ੀ ਜ਼ਖ਼ਮ ਆ ਗਿਆ। ਉਸ ਦਿਨ ਇਹ ਅਹਿਸਾਸ ਹੋਇਆ ਕਿ ਜੇਕਰ ਸਿਰ ’ਤੇ ਕੇਸ ਤੇ ਪੱਗ ਹੁੰਦੀ ਤਾਂ ਸਿਰ ’ਤੇ ਸੱਟ ਇਤਨੀ ਨਹੀਂ ਲੱਗਣੀ ਸੀ। ਇਸ ਗੱਲ ਨੇ ਰਾਮਜੀ ਦਾਸ ਦੇ ਅੰਦਰ ਪੱਗ ਦੀ ਆਪਣੀ ਹੀ ਇੱਕ ਵੱਖਰੀ ਕਿਸਮ ਦੀ ਅਹਿਮੀਅਤ ਪੈਦਾ ਕਰ ਦਿੱਤੀ। ਮਨ ਵਿੱਚ ਪੱਗ ਬੰਨ੍ਹਣ ਬਾਰੇ ਖ਼ਿਆਲ ਹੋਰ ਵੀ ਪੱਕਾ ਹੋ ਗਿਆ ਸੀ। {ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੨੯}।

### ਮਹਿਤਾਬ ਕੌਰ ਦੀ ਸਖ਼ਤ ਘਾਲ ਕਮਾਈ

ਮਹਿਤਾਬ ਕੌਰ ਦੀ ਹਰ ਕੋਸ਼ਿਸ਼ ਰਹੀ ਸੀ ਕਿ ਮੈਂ ਆਪਣੇ ਪੁੱਤ ਦੀ ਜ਼ਿੰਦਗੀ ਦਾ ਹਰ ਪਾਸਾ ਸੁੱਖਾਂ ਨਾਲ ਭਰ ਦਿਆਂ।

‘ਸ਼ਿੱਬੂ ਮੱਲ ਦੀ ਪਹਿਲੀ ਪਤਨੀ ਤੇ ਪੁੱਤਰ ਉਸ ਦਾ ਸਾਥ ਛੱਡ ਗਏ ਸਨ। ਰਾਮਜੀ ਦਾਸ ਦੀ ਸਕੂਲ ਦੀ ਤੇ ਉੱਥੇ ਰਹਿਣ ਦੀ ਮਹੀਨੇ ਦੀ ਫ਼ੀਸ ਵੀ ਕਾਫ਼ੀ ਸੀ। ਇਸ ਦਾ ਪ੍ਰਬੰਧ ਕਰਨ ਲਈ ਮਹਿਤਾਬ ਕੌਰ ਤੇ ਸ਼ਿੱਬੂ ਮੱਲ ਦੋਵੇਂ ਹਰ ਨਿੱਕਾ ਮੋਟਾ ਕੰਮ ਕਰਨ ਲੱਗ ਪਏ ਸਨ। ਕਈ ਵਾਰੀ ਤਾਂ ਘਾਹ ਖੋਦ ਕੇ ਵੇਚਣ ਲੱਗ ਪਏ ਤੇ ਨਾਲ ਹੀ ਮਾਂ ਲੋਕਾਂ ਦੇ ਘਰ ਭਾਂਡੇ ਮਾਂਜ ਕੇ ਆਪਣੇ ਪੁੱਤ ਦੇ ਸਕੂਲ ਦੀ ਫ਼ੀਸ ਭਰਦੀ ਰਹੀ। ਇਨ੍ਹਾਂ ਦੇ ਘਰ ਇੱਕ ਫੌਜੀ ਰਲਾ ਸਿੰਘ ਸ਼ਿੱਬੂ ਮੱਲ ਨੂੰ ਮਿਲਣ ਆਇਆ ਤੇ ਉਸ ਨੇ ਆ ਕੇ ਦੱਸਿਆ ਕਿ ਮਿੰਟਗੁਮਰੀ ਵਿੱਚ ਇੱਕ ਜੇਲ੍ਹ ਦਾ ਡਾਕਟਰ ਰਹਿੰਦਾ ਹੈ। ਉਸ ਨੂੰ ਕੰਮ ਕਰਨ ਵਾਲਿਆਂ ਦੀ ਜ਼ਰੂਰਤ ਹੈ।



ਇਸ ਕਰਕੇ ਤੁਸੀਂ ਉੱਥੇ ਚੱਲੇ ਜਾਉ ਤੇ ਦੋਨੋਂ ਪਤੀ ਪਤਨੀ ਕੰਮ ਕਰਕੇ ਜਿੱਥੇ ਸੁੱਖ ਦੀ ਰੋਟੀ ਖਾ ਸਕਦੇ ਹੋ ਉੱਥੇ ਤੁਸੀਂ ਆਪਣੇ ਪੁੱਤਰ ਦੇ ਸਕੂਲ ਦੀ ਫ਼ੀਸ ਵੀ ਅਰਾਮ ਨਾਲ ਭਰ ਸਕਦੇ ਹੋ।’ {ਭਗਤ ਪੂਰਨ ਸਿੰਘ, ਧਰਾਸ ਤੇ ਵਿਕਾਸ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੬), ਪੰਨਾ ੧੧}।

ਇਹ ਸੁਣ ਕੇ ਦੋਵੇਂ ਲਾਹੌਰ ਚਲੇ ਗਏ। ਮਾਂ ਨੂੰ ਆਪਣੇ ਪੁੱਤਰ ਦਾ ਵਿਛੋੜਾ ਸਹਾਰਨਾ ਬਹੁਤ ਔਖਾ ਹੁੰਦਾ ਹੈ ਪਰ ਪੁੱਤਰ ਦੇ ਸੁੱਖਾਂ ਲਈ ਮਾਂ ਸਭ ਕੁਝ ਵਾਰ ਦਿੰਦੀ ਹੈ। ਸ਼ਿੱਬੂ ਮੱਲ ਨੂੰ ਤਾਂ ਅਮੀਰ ਹੋਣ ਕਰਕੇ ਸਵੇਰ ਤੋਂ ਸ਼ਾਮ ਤਕ ਸੈਂਕੜੇ ਲੋਕੀਂ ਸਲਾਮਾਂ ਕਰਨ ਵਾਲੇ ਸਨ। ਇਸ ਕਰਕੇ ਉਸ ਦਾ ਕਿਸੇ ਹੋਰ ਕੋਲ ਆਪ ਨੌਕਰ ਹੋਣਾ ਬਹੁਤ ਔਖਾ ਕੰਮ ਸੀ, ਦੂਜਾ ਸੁਖਾਂ ਦੇ ਪਘੂੰੜੇ ਵਿੱਚ ਪਲੇ ਹੋਏ ਲੋਕਾਂ ਨੂੰ ਦੁੱਖਾਂ ਦੀਆਂ ਭੱਠੀਆਂ ਦੇ ਦੁੱਖ ਸਹਾਰਨੇ ਮੁਸ਼ਕਲ ਹੁੰਦੇ ਹਨ। ਸ਼ਿੱਬੂ ਮੱਲ ਤਾਂ ਸੁੱਖ ਰਹਿਣਾ ਬਣਿਆ ਹੋਇਆ ਸੀ। ਇਸ ਕਰਕੇ ਉਸ ਕੋਲੋਂ ਹੋਰ ਕਿਸੇ ਕੋਲ ਕੰਮ ਕਾਰ ਕਰਨ ਵਾਲੀ ਖੇਚਲ ਬਰਦਾਸ਼ਤ ਨਾ ਹੋਈ। ਉਹ ਤਾਂ ਕੁਝ ਸਮੇਂ ਮਗਰੋਂ ਹੀ ਲਾਹੌਰ ਤੋਂ ਵਾਪਸ ਆ ਗਿਆ, ਪਰ ਮਾਂ ਨੇ ਮਿੰਟਗੁਮਰੀ ਬਹੁਤ ਕੰਮ ਕੀਤਾ। ਹਰ ਮਹੀਨੇ ਆਪਣੇ ਪੁੱਤਰ ਦੀ ਫ਼ੀਸ ਬਿਨਾਂ ਕਿਸੇ ਰੁਕਾਵਟ ਭੇਜਦੀ ਰਹਿੰਦੀ ਸੀ। ਜਿਸ ਡਾਕਟਰ ਕੋਲ ਮਹਿਤਾਬ ਕੌਰ ਨੌਕਰੀ ਕਰਦੀ ਸੀ ਉਸ ਦੀ ਬਦਲੀ ਮਿੰਟਗੁੰਮਰੀ ਤੋਂ ਲਾਹੌਰ ਦੀ ਹੋ ਗਈ ਸੀ। ਇਸ ਕਰਕੇ ਮਹਿਤਾਬ ਕੌਰ ਵੀ ਲਾਹੌਰ ਆ ਗਈ ਸੀ।

‘ਮਾਂ ਭਾਵੇਂ ਕਿੱਧਰੇ ਵੱਸਦੀ ਹੋਵੇ ਪਰ ਉਸ ਦਾ ਧਿਆਨ ਤਾਂ ਹਮੇਸ਼ਾਂ ਹੀ ਆਪਣੀ ਔਲਾਦ ਵਿੱਚ ਹੀ ਹੁੰਦਾ ਹੈ। ਕਦੇ-ਕਦੇ ਇਹ ਪਿਆਰ ਅਜਿਹਾ ਉਮਡ ਪੈਂਦਾ ਹੈ ਕਿ ਉਹ ਸਭ ਕੁਝ ਛੱਡ ਕੇ ਆਪਣੀ ਔਲਾਦ ਕੋਲ ਪਹੁੰਚ ਜਾਂਦੀ ਹੈ। ਮਹਿਤਾਬ ਕੌਰ ਨੂੰ ਵੀ ਆਪਣੇ ਪੁੱਤ ਨੂੰ ਮਿਲਣ ਦੀ ਤਾਂਘ ਪੈਦਾ ਹੋਈ। ਉਸ ਨੇ ਮਾਲਕਾਂ ਨੂੰ ਕੁਝ ਦਿਨਾਂ ਦੀ ਛੁੱਟੀ ਦੇਣ ਲਈ ਬੇਨਤੀ ਕੀਤੀ। ਉਨ੍ਹਾਂ ਨੇ ਵੀ ਮਾਂ ਦਾ ਪਿਆਰ ਦੇਖ ਕੇ ਮਹਿਤਾਬ ਕੌਰ ਨੂੰ ਛੁੱਟੀ ਦੇ ਦਿੱਤੀ। ਮਮਤਾ ਦੀ ਭਿੱਜੀ ਹੋਈ ਨੂੰ ਇਹ ਵੀ ਚੇਤਾ ਨਾ ਰਿਹਾ ਕਿ ਗੱਡੀ ਦੀ ਟਿਕਟ ਤਾਂ ਪਹਿਲਾਂ ਲੈਣੀ ਪੈਂਦੀ ਹੈ। ਉਸ ਨੂੰ ਤਾਂ ਆਪਣੇ ਜਿਗਰ ਦੇ ਟੁੱਕੜੇ ਨੂੰ ਸੀਨੇ ਨਾਲ ਲਾਉਣ ਦੀ ਅਥਾਹ ਖੁਸ਼ੀ ਸੀ। ਇਸ ਕਰਕੇ ਭੋਲੇਪਣ ਦੇ ਕਾਰਨ ਬਿਨਾਂ ਟਿਕਟ ਲਿਆਂ ਹੀ ਗੱਡੀ ਵਿੱਚ ਬੈਠ ਗਈ। ਗੱਡੀ ਤੋਂ ਵੀ ਤੇਜ਼ ਮਹਿਤਾਬ ਕੌਰ ਦਾ ਮਨ ਭੱਜ ਰਿਹਾ ਸੀ। ਉਹ ਸੋਚਾਂ ਹੀ ਸੋਚਾਂ ਵਿੱਚ ਆਪਣੇ ਪੁੱਤ ਨੂੰ ਨਿਹਾਰਦੀ ਸੀ ਕਿ ਹੁਣ ਉਹ ਕਿਹੋ ਜਿਹਾ ਹੋ ਗਿਆ ਹੋਵੇਗਾ। ਕਿੰਨਾ ਸੋਹਣਾ ਲੱਗਦਾ ਹੋਵੇਗਾ। ਮਮਤਾ ਵਿੱਚ ਭਿੱਜੀ ਹੋਈ ਮਹਿਤਾਬ ਕੌਰ ਦੇ ਕਦੇ-ਕਦੇ ਨੇਤ੍ਰ ਵੀ ਛਲਕ ਪੈਂਦੇ ਸਨ। ਆਪ ਹੀ ਇਹ ਸੋਚ ਕੇ ਕਿ ਮੈਂ ਸੁੱਖੀ-ਸਾਂਦੀ ਆਪਣਾ ਮਨ ਹਲਕਾ ਨਹੀਂ ਕਰਨਾ। ਇਸ ਤਰ੍ਹਾਂ ਤਾਂ ਮੈਨੂੰ ਵਾਪਸ ਮੁੜਨਾ ਵੀ ਔਖਾ ਹੋ ਜਾਵੇਗਾ। ਗੱਡੀ ਲਾਹੌਰ ਤੋਂ ਖੰਨੇ ਵੱਲ ਨੂੰ ਭੱਜੀ ਜਾ ਰਹੀ ਸੀ।

ਕੁਦਰਤੀ ਕੋਈ ਟੀ. ਟੀ. ਵੀ ਨਹੀਂ ਆਇਆ ਜਿਸ ਨੂੰ ਦੇਖਕੇ ਉਸ ਨੂੰ ਟਿਕਟ ਦੀ ਯਾਦ ਆ ਜਾਂਦੀ। ਜਦੋਂ ਗੱਡੀ ਸਟੇਸ਼ਨ ਦੇ ਨੇੜੇ ਆਈ ਤਾਂ ਮਾਂ ਨੂੰ ਖ਼ਿਆਲ ਆਇਆ ਕਿ ਮੈਂ ਤਾਂ ਟਿਕਟ ਵੀ ਨਹੀਂ ਕਟਵਾਈ। ਮਹਿਤਾਬ ਕੌਰ ਡਰ ਗਈ ਕਿ ਜੇ ਮੈਨੂੰ ਬਿਨਾਂ ਟਿਕਟ ਤੋਂ ਸਫ਼ਰ ਕਰਦੀ ਨੂੰ ਰੇਲਵੇ ਸਟੇਸ਼ਨ ’ਤੇ ਕਿਸੇ ਕਰਮਚਾਰੀ ਨੇ ਘੇਰ ਲਿਆ ਤਾਂ ਮੈਂ ਕੀ ਕਰਾਂਗੀ? ਇੱਕ ਤਾਂ ਮੈਂ ਆਪਣੇ ਪੁੱਤ ਨੂੰ ਨਹੀਂ ਮਿਲ ਸਕਦੀ ਤੇ ਦੂਜਾ ਮੇਰੇ ਪੁੱਤ ਦੀ ਬਦਨਾਮੀ ਵੀ ਬਹੁਤ ਹੋਵੇਗੀ। ਉਹ ਰੇਲਵੇ ਸਟੇਸ਼ਨ ਤੋਂ ਪਹਿਲਾਂ ਹੀ ਛਾਲ ਮਾਰ ਕੇ ਉਤਰਨਾ ਚਾਹੁੰਦੀ ਸੀ, ਪਰ ਉੱਤਰ ਨਾ ਸਕੀ। ਉਸ ਨੂੰ ਸੋਚਦੀ ਹੋਈ ਨੂੰ ਚੱਕਰ ਆ ਗਿਆ ਤੇ ਉਹ ਚੱਲਦੀ ਗੱਡੀ ਵਿੱਚੋਂ ਡਿੱਗ ਪਈ। ਸ਼ੁਕਰ ਹੈ ਕਿ ਗੱਡੀ ਰੇਲਵੇ ਸਟੇਸ਼ਨ ਦੇ ਲਾਗੇ ਹੋਣ ਕਰਕੇ ਹੌਲੀ ਹੋ ਗਈ ਸੀ। ਜਿਵੇਂ ਮਹਿਤਾਬ ਕੌਰ ਗੱਡੀ ਵਿੱਚੋਂ ਡਿੱਗੀ ਸੀ ਉਸ ਤਰ੍ਹਾਂ ਮੌਤ ਵੀ ਹੋ ਸਕਦੀ ਸੀ, ਪਰ ਸ਼ੁਕਰ ਹੈ ਕਿ ਜਾਨ ਬਚ ਗਈ; ਪਰ ਫਿਰ ਵੀ ਸਿਰ ਵਿੱਚ ਕਾਫ਼ੀ ਸੱਟ ਲੱਗ ਗਈ। ਲੋਕਾਂ ਨੇ ਉਸ ਦੀ ਸੇਵਾ-ਸੰਭਾਲ ਕੀਤੀ। ਸਿਰ ’ਤੇ ਕਾਫ਼ੀ ਜ਼ਖ਼ਮ ਆ ਗਿਆ ਸੀ ਜਿਸ ਲਈ ਟਾਂਕੇ ਲਾਉਣੇ ਪਏ।’{ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੩੧}।

## (ੲ) ਭਗਤ ਪੂਰਨ ਸਿੰਘ ਜੀ ਦੀ ਘਾਲ ਕਮਾਈ

### ਸ਼ਿਵ ਮੰਦਰ ਵਿੱਚ

ਇਸ ਤਰ੍ਹਾਂ ਰਾਮਜੀ ਦਾਸ ਸੰਨ ੧੯੧੬ ਤੋਂ ੧੯੨੩ ਤਕ ਸੱਤ ਸਾਲ ਉੱਥੇ ਖੰਨੇ ਸਕੂਲ ਵਿੱਚ ਪੜ੍ਹਦੇ ਰਹੇ ਹਨ। ਇਸ ਸਮੇਂ ਦੇ ਦੌਰਾਨ ਇੱਕ ਵਾਰੀ ਰਾਮਜੀ ਦਾਸ ਆਪਣੀ ਮਾਂ ਨੂੰ ਮਿਲਣ ਲਈ ਲਾਹੌਰ ਗਏ। ਮਾਂ ਨੇ ਆਪਣੇ ਸੁਭਾਅ ਅਨੁਸਾਰ ਰਾਮਜੀ ਦਾਸ ਨੂੰ ਸ਼ਿਵ ਮੰਦਰ ਵਿੱਚ ਮੱਥਾ ਟੇਕਣ ਲਈ ਭੇਜਿਆ। ਰਾਮਜੀ ਦਾਸ ਸ਼ਿਵ ਮੰਦਰ ਗਿਆ ਤਾਂ ਉੱਥੇ ਸਾਰੇ ਪਾਸੇ ਸੁੰਨ ਸਾਨ ਸੀ। ਇੱਕ ਪੁਜਾਰੀ ਚੁੱਪ ਕੀਤਾ ਜਿਹਾ ਬੈਠਾ ਸੀ। ਕੋਈ ਸੰਗਤ ਨਹੀਂ ਸੀ, ਕੋਈ ਲੰਗਰ ਨਹੀਂ ਸੀ, ਨਾ ਹੀ ਹੋਰ ਕਿਸੇ ਦੀ ਆਵਾਜਾਈ ਸੀ। ਰਾਮਜੀ ਦਾਸ ਘਰ ਆ ਗਿਆ। ਇਸ ਤੋਂ ਮਗਰੋਂ ਮਾਂ ਪੁੱਤ ਦੋਵੇਂ ਜਣੇ ਗੁਰਦੁਆਰਾ ਡੇਹਰਾ ਸਾਹਿਬ ਚਲੇ ਗਏ, ਉੱਥੇ ਪਾਠ ਹੋ ਰਿਹਾ ਸੀ। ਸੰਗਤਾਂ ਸੇਵਾ ਕਰ ਰਹੀਆਂ ਸਨ ਤੇ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ। ਕੁਝ ਯਾਤਰੂ ਪ੍ਰਸ਼ਾਦਾ ਛਕ ਰਹੇ ਸਨ, ਕੁਝ ਜੂਠੇ ਭਾਂਡੇ ਮਾਂਜ ਰਹੇ ਸਨ। ਯਾਤਰੂਆਂ ਦੇ ਰਹਿਣ ਦਾ ਪ੍ਰਬੰਧ ਵੀ ਸੀ। ਇਹ ਸਭ ਕੁਝ ਦੇਖ ਕੇ ਰਾਮਜੀ ਦਾਸ ਮਨੋਂ ਬਹੁਤ ਪ੍ਰਭਾਵਿਤ ਹੋਇਆ। ਉਹ ਤਨ ਕਰਕੇ ਭਾਵੇਂ ਹਿੰਦੂਆਂ ਦਾ ਲੜਕਾ ਸੀ ਪਰ ਮਨ ਕਰਕੇ ਸਿੱਖੀ ਤੋਂ ਪ੍ਰਭਾਵਿਤ ਹੋ ਗਿਆ ਸੀ। ਮਹਿਤਾਬ ਕੌਰ ਦਾ ਪਿਛੋਕੜ ਸਿੱਖੀ ਵਾਲਾ ਸੀ ਉਹ ਸੁਭਾਵਿਕ ਹੀ ਹਰ ਰੋਜ਼



ਆਪਣੇ ਪੁੱਤ ਨੂੰ ਚੰਗੀ-ਚੰਗੀ ਸਿੱਖਿਆ ਦਿੰਦੀ ਆ ਰਹੀ ਸੀ। ਰਾਮਜੀ ਦਾਸ ’ਤੇ ਇਨ੍ਹਾਂ ਗੱਲਾਂ ਦੇ ਨਾਲ-ਨਾਲ, ਗੁਰੂ ਘਰ ਵਿੱਚ ਅਜਿਹਾ ਵਰਤਾਰਾ ਦੇਖ ਕੇ ਬਹੁਤ ਪ੍ਰਭਾਵ ਹੋਇਆ ਸੀ ਤੇ ਇਹ ਸਿੱਖੀ ਦਾ ਪਹਿਲਾ ਪ੍ਰਭਾਵ ਸੀ। ਇਸ ਮਗਰੋਂ ਭਗਤ ਜੀ ਲਾਹੌਰ ਤੋਂ ਵਾਪਸ ਆ ਗਏ ਸਨ।

### ਗੁਰਦੁਆਰਾ ਸਾਹਿਬ ਦੀ ਵਿਲੱਖਣਤਾ

ਮੁਸੀਬਤਾਂ ਨੇ ਜੀਵਨ ਦੀ ਗਤੀ ਨੂੰ ਰੋਕਣਾ ਚਾਹਿਆ ਸੀ ਪਰ ਮਹਿਤਾਬ ਕੌਰ ਦੇ ਹੌਸਲੇ ਨੇ ਮੁਸੀਬਤਾਂ ਨੂੰ ਹੀ ਝੁਠਿਆਂ ਪਾ ਦਿੱਤਾ ਸੀ। ਪਹਿਲਾਂ ਤਾਂ ਮੁਸੀਬਤ ਸੀ ਕਿ ਬੱਚੇ ਦਾ ਕੁੱਖ ਤੋਂ ਲੈ ਕੇ ਗੋਦ ਤਕ ਦਾ ਸਫ਼ਰ ਹੀ ਨਹੀਂ ਹੁੰਦਾ ਸੀ। ਜੇਕਰ ਇਹ ਸਫ਼ਰ ਰਾਮਜੀ ਦਾਸ ਨੂੰ ਕਰਨ ਦਾ ਅਵਸਰ ਮਿਲ ਵੀ ਗਿਆ ਤਾਂ ਪਲੇਗ ਅਤੇ ਕਾਲ ਪੈ ਜਾਣ ਕਰਕੇ ਮਾਇਆ ਨੇ ਮੁੱਖ ਮੋੜ ਲਿਆ ਸੀ। ਮਹਿਤਾਬ ਕੌਰ ਦੇ ਹੌਸਲੇ ਨੇ ਇੱਥੋਂ ਵੀ ਰਾਹ ਕੱਢ ਲਿਆ ਸੀ। ਨੌਕਰਾਂ ਵਾਲੀ ਖ਼ੁਦ ਹੀ ਕਿਸੇ ਦੇ ਘਰ ਦੀ ਨੌਕਰ ਹੋ ਕੇ ਜੀਵਨ ਦੀ ਗਤੀ ਨੂੰ ਤੋਰ ਰਹੀ ਸੀ। ਕੁਝ ਹੀ ਦੂਰੀ ’ਤੇ ਮੰਜ਼ਲ ਨਜ਼ਰ ਆ ਰਹੀ ਸੀ। ਮਾਂ ਦੀ ਲਾਲਸਾ ਸੀ ਕਿ ਮੇਰਾ ਪੁੱਤ ਦਸਵੀਂ ਤਕ ਪੜ੍ਹ ਜਾਵੇ ਤੇ ਫਿਰ ਇਸ ਦੀ ਕਿਸੇ ਨਾ ਕਿਸੇ ਥਾਂ ’ਤੇ ਨੌਕਰੀ ਲੱਗ ਜਾਵੇਗੀ। ਰਾਮਜੀ ਦਾਸ ਮਾਂ ਦਾ ਬਹੁਤ ਪਿਆਰਾ ਅਤੇ ਆਗਿਆਕਾਰੀ ਪੁੱਤਰ ਸੀ। ਇਸ ਕਰਕੇ ਮਾਂ ਆਉਣ ਵਾਲੇ ਸਮੇਂ ਵਿੱਚ ਆਪਣੇ ਅਤੇ ਆਪਣੇ ਪਰਿਵਾਰ ਲਈ ਸੁੱਖਾਂ ਦੇ ਸੁਪਨੇ ਸਿਰਜਣ ਲੱਗ ਗਈ ਸੀ। ਆਖਿਰ ਸੰਨ ੧੯੨੩ ਨੂੰ ਰਾਮਜੀ ਦਾਸ ਨੇ ਦਸਵੀਂ ਦਾ ਇਮਤਿਹਾਨ ਲੁਧਿਆਣੇ ਵਿੱਚ ਦੇ ਦਿੱਤਾ।

ਲੁਧਿਆਣੇ ਵਿੱਚ ਰਹਿੰਦਿਆਂ ਹੀ ਇੱਕ ਘਟਨਾ ਹੋਰ ਹੋ ਗਈ ਸੀ। ਰਾਮਜੀ ਦਾਸ ਨੂੰ ਨਿੱਕੜੀ ਉਮਰ ਤੋਂ ਹੀ ਮਾਂ ਇਹ ਗੱਲਾਂ ਸਿਖਾ ਰਹੀ ਸੀ ਕਿ ਸ਼ਿਵ ਜੀ ਹਰ ਰੋਜ਼ ਇਹ ਖ਼ਿਆਲ ਕਰਦੇ ਹਨ ਕਿ ਕੋਈ ਸੰਸਾਰ ਵਿੱਚ ਭੁੱਖਾ ਤਾਂ ਨਹੀਂ ਹੈ? ਜਦੋਂ ਉਨ੍ਹਾਂ ਨੂੰ ਤਸੱਲੀ ਹੋ ਜਾਂਦੀ ਹੈ ਤਾਂ ਉਹ ਫਿਰ ਚੈਨ ਕਰਦੇ ਹਨ। ਰਾਮਜੀ ਦਾਸ ਕੋਲੋਂ ਪੈਸੇ ਤਾਂ ਖ਼ਤਮ ਹੋ ਗਏ ਸਨ ਪਰ ਟਿਕਾਣਾ ਨਹੀਂ ਮਿਲਿਆ ਸੀ। ਮਾਂ ਨੇ ਹਰ ਪਲ ਹੀ ਰਾਮਜੀ ਦਾਸ ਨੂੰ ਅਜਿਹੀਆਂ ਸਿੱਖਿਆਵਾਂ ਦਿੱਤੀਆਂ ਸਨ ਜਿਹੜੀਆਂ ਹਰ ਮੁਸੀਬਤ ਵਿੱਚੋਂ ਕੋਈ ਨਾ ਕੋਈ ਰਾਹ ਲੱਭ ਲੈਂਦੀਆਂ ਸਨ। ਇੱਥੇ ਵੀ ਉਪਰੋਕਤ ਮਾਂ ਦੀ ਸਿੱਖਿਆ ਯਾਦ ਆ ਗਈ ਸੀ। ਇਹ ਸਭ ਕੁਝ ਸੋਚ ਵਿਚਾਰ ਕੇ ਰਾਮਜੀ ਦਾਸ ਇਸ ਸ਼ਹਿਰ ਦੇ ਖ਼ਜ਼ਾਨਚੀਆਂ ਦੇ ਸ਼ਿਵ ਜੀ ਦੇ ਮੰਦਰ ਚਲੇ ਗਏ। ਉੱਥੇ ਜਾ ਕੇ ਠਾਕੁਰਾਂ ਨੂੰ ਨਮਸਕਾਰ ਕਰਨ ਲੱਗਿਆਂ ਦੇਖਿਆ ਕਿ ਇਨ੍ਹਾਂ ਠਾਕਰਾਂ ’ਤੇ ਹਰ ਕੋਈ ਚੰਦਨ ਜਾਂ ਹੋਰ ਸਮੱਗਰੀ ਤਾਂ ਚੜ੍ਹਾ ਜਾਂਦਾ ਹੈ ਪਰ ਕੋਈ ਉਤਾਰਦਾ ਨਹੀਂ ਹੈ। ਰਾਮਜੀ ਦਾਸ ਨੇ ਨੇੜੇ ਦੀ ਖੂਹੀ ਤੋਂ ਪਾਣੀ ਕੱਢ ਕੇ ਉਨ੍ਹਾਂ ਠਾਕਰਾਂ ਦਾ ਇਸ਼ਨਾਨ ਕਰਵਾਇਆ ਤੇ ਚੰਗੀ ਤਰ੍ਹਾਂ ਉੱਤੇ ਥੱਪੀ ਹੋਈ ਸਮੱਗਰੀ ਨੂੰ ਉਤਾਰਿਆ। ਇਸ ਦੌਰਾਨ ਕੋਈ ਗ਼ਲਤੀ ਨਾ ਹੋ ਗਈ ਹੋਵੇ ਤਾਂ ਵਾਰ

ਵਾਰ ਲੰਮੇ ਪੈ ਪੈ ਕੇ ਨਮਸਕਾਰ ਵੀ ਕੀਤੀ। ਇਸ ਤਰ੍ਹਾਂ ਦੀ ਸ਼ਰਧਾ ਭਾਵਨਾ ਦੇਖਕੇ ਪੁਜਾਰੀ ਬਹੁਤ ਖੁਸ਼ ਹੋਏ। ਹੋਰ ਵੀ ਮੰਦਰ ਦੀ ਸਾਰੀ ਸੇਵਾ ਸਫ਼ਾਈ ਕਰਕੇ ਥਕੇਵੇਂ ਨਾਲ ਚੂਰ ਹੋ ਗਏ। ਸਾਰੀ ਦਿਹਾੜੀ ਸੇਵਾ ਕਰਨ ਕਰਕੇ ਭੁੱਖ ਵੀ ਬਹੁਤ ਜ਼ੋਰਾਂ ਨਾਲ ਲੱਗ ਗਈ। ਮੰਦਰ ਵਿੱਚ ਪੁਜਾਰੀ ਜੀ ਆਪਣੇ ਕੋਲ ਸੰਸਕ੍ਰਿਤ ਪੜ੍ਹਨ ਆਏ ਵਿਦਿਆਰਥੀ ਤੇ ਪੁੱਤਰ ਸਮੇਤ ਖਾਣਾ ਖਾ ਰਹੇ ਸਨ। ਰਾਮਜੀ ਦਾਸ ਨੇ ਕਿਹਾ ਕਿ ਮੈਨੂੰ ਵੀ ਭੁੱਖ ਲੱਗੀ ਹੋਈ ਹੈ। ਇਹ ਕਹਿ ਕੇ ਉਹ ਵੀ ਪੰਗਤ ਵਿੱਚ ਬੈਠ ਗਏ। ਪੁਜਾਰੀ ਜੀ ਪਹਿਲਾਂ ਸੇਵਾ ਤੋਂ ਖੁਸ਼ ਹੋਏ ਸਨ। ਜਦੋਂ ਪ੍ਰਸ਼ਾਦੇ ਦੀ ਗੱਲ ਕੀਤੀ ਤਾਂ ਸੇਵਾ ਵਿੱਚ ਕਮੀਆਂ ਕੱਢਣ ਲੱਗ ਪਏ। ਰਾਮਜੀ ਦਾਸ ਨੂੰ ਨਫ਼ਰਤ ਜਿਹੀ ਨਾਲ ਦੇਖਣ ਲੱਗ ਪਏ ਸਨ ਤੇ ਪ੍ਰਸ਼ਾਦਾ ਵੀ ਨਾ ਦਿੱਤਾ। ਸਵੇਰੇ ਸ਼ਾਮ ਠੰਡ ਹੋ ਜਾਂਦੀ ਸੀ, ਇਸ ਕਰਕੇ ਰਾਮਜੀ ਦਾਸ ਨੇ ਕਿਹਾ ਕਿ ਕਿਰਪਾ ਕਰਕੇ ਕੋਈ ਥਾਂ ਤੇ ਕੱਪੜਾ ਹੀ ਦੇ ਦਿਓ, ਮੈਂ ਭੁੱਖਾ ਹੀ ਰਾਤ ਕੱਟ ਲੈਂਦਾ ਹਾਂ। ਪੁਜਾਰੀ ਨੇ ਫਿਰ ਕਿਹਾ ਕਿ ਸਾਡੇ ਕੋਲ ਇਸ ਤਰ੍ਹਾਂ ਰਾਤ ਨੂੰ ਰੁਕਣ ਦਾ ਕੋਈ ਪ੍ਰਬੰਧ ਨਹੀਂ ਹੈ। ਇਹ ਸਭ ਕੁਝ ਤਾਂ ਕਿਸੇ ਗੁਰਦੁਆਰਾ ਸਾਹਿਬ ਤੋਂ ਹੀ ਮਿਲ ਸਕਦਾ ਹੈ ਮੰਦਰ ਵਿੱਚੋਂ ਨਹੀਂ।

**ਇੱਕ ਦਿਨ ਰਾਮਜੀ ਪਹਿਲਾਂ ਵਾਂਗੂੰ ਪਹੁੰਚੇ ਠਾਕੁਰ ਦੁਆਰੇ।**
**ਕਰਾ ਇਸ਼ਨਾਨ ਠਾਕੁਰਾਂ ਕੀਤੀ, ਧੂਪ ਬੱਤੀ ਦਰਬਾਰੇ।**
**ਉਗਰਾਹ ਪ੍ਰਸ਼ਾਦ ਪੁਜਾਰੀ ਪਰਤੇ, ਮੰਦਰ ਆਣ ਪਧਾਰੇ।**
**ਪੰਡਿਤ ਕੱਢ ਨੁਕਸ ਵਿੱਚ ਪੂਜਾ, ਝਿੜਕਣ ਰਾਮ ਵਿਚਾਰੇ।**
**ਸਬਰ ਦਾ ਪਾਠ ਪੜ੍ਹਾਇਆ ਅੰਮਾ, ਰਾਮ ਜੀ ਦੇ ਚੁੱਪ ਧਾਰੀ।**
**ਪੱਲਿਉਂ ਖੋਲ ਖਾਣ ਢਏ ਭੋਜਨ, ਪੁੱਤਰ ਅਤੇ ਪੁਜਾਰੀ।**
**ਰਾਮ ਜੀ ਬੈਠੇ ਭੁੱਖੇ ਭਾਣੇ ਸੁਲਾਹ ਨਾ ਉੱਕੀ ਮਾਰੀ।**
**ਪਿਓ ਪੁੱਤ ਛੀਂ ਛੀਂ ਕਰਦੇ ਫਿਰਦੇ, ਬ੍ਰਿਤੀ ਨੀਚ ਪੁਜਾਰੀ।**

{ਮਾਸਟਰ ਸੇਵਾ ਸਿੰਘ ਸੋਹੀਆਂ ਖੁਰਦ, ਅਨਾਥਾਂ ਦਾ ਨਾਥ, ਆਲ ਇੰਡੀਆ ਚੈਰੀਟੇਬਲ ਪਿੰਗਲਵਾੜਾ ਅੰਮ੍ਰਿਤਸਰ। (੨੦੦੮), ਪੰਨਾ ੯}।

ਮਾਂ ਵੱਲੋਂ ਸ਼ਿਵ ਜੀ ਦੀ ਸੁਣਾਈ ਕਹਾਣੀ ਸੁਣਨ ਲਈ ਤਾਂ ਬਹੁਤ ਸੋਹਣੀ ਸੀ ਕਿ ਸ਼ਿਵ ਜੀ ਕਿਸੇ ਨੂੰ ਭੁੱਖਾ ਨਹੀਂ ਰਹਿਣ ਦਿੰਦੇ, ਪਰ ਜਦੋਂ ਰਾਮਜੀ ਦਾਸ ਨੇ ਇਸ ਕਥਨੀ ਦਾ ਕਰਨੀ ਰੂਪ ਦੇਖਿਆ ਤਾਂ ਇਹ ਬਿਲਕੁਲ ਹੀ ਉਲਟ ਸੀ। ਸਾਰੀ ਦਿਹਾੜੀ ਸੇਵਾ ਕਰਨ ਵਾਲੇ ਨੂੰ, ਸਵੇਰ ਤੋਂ ਸ਼ਾਮ ਤਕ ਸ਼ਿਵ ਜੀ ਦੀ ਹੀ ਮੂਰਤੀ ਦਾ ਇਸ਼ਨਾਨ ਕਰਾਉਣ ਤੇ ਸੇਵਾ ਕਰਨ ਵਾਲੇ ਨੂੰ ਹੀ ਭੁੱਖੇ ਪੇਟ ਭੇਜ ਦਿੱਤਾ ਗਿਆ ਸੀ। ਇਹ ਕਹਿ ਕੇ ਤੋਰ ਦਿੱਤਾ ਸੀ ਕਿ ਪ੍ਰਸ਼ਾਦਾ ਪਾਣੀ ਤਾਂ ਗੁਰੂ ਘਰ ਤੋਂ ਹੀ ਮਿਲਦਾ ਹੈ। ਇਸ ਗੱਲ ਨੇ ਵੀ ਰਾਮਜੀ ਦਾਸ ਦਾ ਖ਼ਿਆਲ ਸਿੱਖੀ ਵਾਲੇ ਪਾਸੇ ਮੋੜ ਦਿੱਤਾ। ਰਾਮਜੀ ਦਾਸ ਦਾ ਹਿਰਦਾ ਬਹੁਤ ਪਾਕ ਤੇ ਨਿਰਛਲ ਸੀ, ਇਸ ਕਰਕੇ ਕਿਸੇ ਵੀ ਘਟਨਾ ਦਾ ਅਸਰ ਕਬੂਲ ਕੇ ਉਸ ਵਿੱਚੋਂ ਨਿਰਾਸ਼



ਹੋਣ ਦੀ ਥਾਂ ਤੇ ਸਗੋਂ ਅੱਗੇ ਲਈ ਜੀਵਨ ਦੀ ਮਜ਼ਬੂਤੀ ਦਾ ਸਬਕ ਲੈ ਲੈਂਦੇ ਸਨ।ਉਨ੍ਹਾਂ ਦੇ ਜੀਵਨ ਵਿੱਚ ਵਰਤੀ ਹਰ ਘਟਨਾ ਨਾਲ ਉਨ੍ਹਾਂ ਨੇ ਆਪਣੇ ਆਪ ਦੀ ਘਾੜਤ ਨੂੰ ਘੜਿਆ ਸੀ।

### ਘਰ ਦੀ ਤਲਾਸ਼

ਲੁਧਿਆਣਾ ਤੋਂ ਖੰਨੇ ਹੋਸਟਲ ਵਿੱਚ ਮੁੜ ਵਾਪਸ ਜਾਣ ਲਈ ਰੇਲ ਰਾਹੀਂ ਜਾਣਾ ਸੀ। ਲੁਧਿਆਣੇ ਵਿੱਚ ਦੋ ਦਿਨ ਰਹਿਣ ਕਰਕੇ ਜਿਹੜੇ ਪੈਸੇ ਕਿਰਾਇਆ ਲਾ ਕੇ ਜਾਣਾ ਸੀ ਉਹ ਕੁਝ ਨਾ ਕੁਝ ਖਾਣ-ਪੀਣ ਵਿੱਚ ਲੱਗ ਗਏ। ਹੁਣ ਵਾਪਸ ਜਾਣ ਲਈ ਇੱਕੋ ਇੱਕ ਵਸੀਲਾ ਪੈਦਲ ਜਾਣ ਵਾਲਾ ਹੀ ਬਚਿਆ ਸੀ, ਪਰ ਉਸ ਲਈ ਵੀ ਰਾਹ ਬਾਰੇ ਜਾਣਕਾਰੀ ਨਹੀਂ ਸੀ। ਦ੍ਰਿੜ੍ਹਤਾ ਬਣਾ ਕੇ ਰਾਮਜੀ ਦਾਸ ਲੁਧਿਆਣੇ ਤੋਂ ਖੰਨੇ ਨੂੰ ਪੈਦਲ ਹੀ ਤੁਰ ਪਏ। ਕਦਮਾਂ ਦੀ ਚਾਲ ਨਾਲ ਸੋਚ ਦੀ ਚਾਲ ਵੀ ਤੁਰ ਪਈ ਸੀ।ਰਾਮਜੀ ਦਾਸ ਨੂੰ ਇਹ ਵੀ ਖ਼ਿਆਲ ਆ ਰਿਹਾ ਸੀ ਕਿ ਮੈਂ ਹੁਣ ਅੱਗੇ ਜਾਣਾ ਕਿੱਥੇ ਹੈ? ਪਿਤਾ ਸ਼ਿੱਬੂ ਮੱਲ ਜੀ ਵਾਲਾ ਘਰ ਤਾਂ ਉਜੜ ਹੀ ਗਿਆ ਸੀ। ਦੂਜਾ ਹੋਸਟਲ ਵੀ ਛੱਡਣਾ ਪੈਣਾ ਸੀ। ਮਾਂ ਲਾਹੌਰ ਗਈ ਹੋਈ ਸੀ। ਇਸ ਕਰਕੇ ਰਾਮਜੀ ਦਾਸ ਨੂੰ ਇਹ ਖ਼ਿਆਲ ਆ ਰਿਹਾ ਸੀ ਕਿ ਹੁਣ ਕਿੱਥੇ ਜਾਣਾ ਹੈ? ਮੇਰਾ ਕੀ ਟਿਕਾਣਾ ਹੋਵੇਗਾ? ਇਹ ਖ਼ਿਆਲ ਤਾਂ ਭਾਵੇਂ ਪਹਿਲਾਂ ਵੀ ਕਈ ਵਾਰੀ ਆਇਆ ਕਰਦੇ ਸਨ ਤੇ ਮਨ ਨੂੰ ਉਚਾਟ ਵੀ ਕਰ ਦਿੰਦੇ ਸਨ, ਪਰ ਪੜ੍ਹਾਈ ਵਿੱਚ ਧਿਆਨ ਲਾਉਣ ਲਈ ਉਨ੍ਹਾਂ ਨੂੰ ਰਾਮਜੀ ਦਾਸ ਦਿਲੋਂ ਕੱਢ ਦਿੰਦੇ ਸਨ। ਇਹ ਵਿਚਾਰ ਮਨ ਵਿੱਚ ਵਾਰ-ਵਾਰ ਆ ਰਹੇ ਸਨ ਕਿ ਰਾਮਜੀ ਦਾਸ ਹੁਣ ਕਿੱਧਰ ਟਿਕਾਣਾ ਕਰਨਾ ਹੈ? ਇੱਕ ਪਾਸੇ ਆਉਣ ਵਾਲਾ ਭਵਿੱਖਤ ਸਮਾਂ ਹਨੇਰੇ ਵਾਲਾ ਲੱਗ ਰਿਹਾ ਸੀ ਤੇ ਦੂਜੇ ਪਾਸੇ ਦਿਨ ਵੀ ਰਾਤ ਵਾਲੇ ਪਾਸੇ ਨੂੰ ਜਾ ਰਿਹਾ ਸੀ। ਇਸ ਰਾਤ ਦਾ ਟਿਕਾਣਾ ਵੀ ਕੋਈ ਨਹੀਂ ਸੀ। ਧਰਮ ਦੀ ਦੁਨੀਆਂ ਦਾ ਆਸਰਾ ਵੀ ਸ਼ਿਵ ਮੰਦਰ ਵਿੱਚੋਂ ਦੇਖ ਹੀ ਲਿਆ ਸੀ। ਇਸ ਕਰਕੇ ਸੋਚਾਂ ਦੀ ਪੰਡ ਜ਼ਿੰਦਗੀ ਦੇ ਕਦਮਾਂ ਭਾਰੂ ਜਿਹੀ ਜਾਪ ਰਹੀ ਸੀ।

ਕਈ ਵਾਰੀ ਅਸੀਂ ਆਪਣੀਆਂ ਹੀ ਸੋਚਾਂ ਦੇ ਦਾਇਰੇ ਵਿੱਚ ਅਜਿਹੇ ਕੈਦੀ ਹੋ ਜਾਂਦੇ ਹਾਂ ਕਿ ਭਵਿੱਖ ਦੀ ਗੋਦ ਵਿੱਚ ਪਏ ਰੱਬੀ ਤੋਹਫ਼ਿਆਂ ਨੂੰ ਨਹੀਂ ਦੇਖ ਸਕਦੇ। ਸਾਡੀ ਸੋਚ ਸਾਨੂੰ ਕਈ ਤਰ੍ਹਾਂ ਦੇ ਫ਼ਿਕਰਾਂ ਵਿੱਚ ਪਾ ਰਹੀ ਹੁੰਦੀ ਹੈ ਪਰ ਕਾਦਰ ਦੀ ਰਹਿਮਤ ਸਾਡੇ ਲਈ ਜ਼ਿੰਦਗੀ ਦਾ ਇੱਕ ਨਿਵੇਕਲਾ ਪੰਨਾ ਖੋਲ੍ਹਣ ਲਈ ਤਿਆਰ ਖਲੋਤੀ ਹੁੰਦੀ ਹੈ।

ਰਾਮਜੀ ਦਾਸ ਵੀ ਬੜੇ ਥੱਕੇ ਟੁੱਟੇ ਜਿਹੇ, ਬਿਨਾਂ ਮੰਜ਼ਲੋਂ ਸਫ਼ਰ ਕਰਦੇ ਆ ਰਹੇ ਸਨ ਤਾਂ ਦੁਰਾਹੇ ਵਾਲੀ ਜਰਨੈਲੀ ਸੜਕ 'ਤੇ ਇੱਕ ਖੂਹੀ ਆਈ। ਉੱਥੇ ਦੋ ਸਿੱਖ ਬੈਠੇ ਸਨ। ਇੱਕ ਨੇਤਰਹੀਣ ਸੀ ਤੇ ਦੂਜਾ ਠੀਕ ਠਾਕ ਸੀ। ਇਹ ਨੇਤਰਾਂ ਵਾਲਾ ਸਿੱਖ ਇਸ ਖੂਹੀ ਤੋਂ ਮੁਸਾਫ਼ਰਾਂ ਨੂੰ ਪਾਣੀ ਪਿਲਾਉਂਦਾ ਰਹਿੰਦਾ ਸੀ।

ਨੇਤਰਹੀਣ ਤਾਂ ਰਹਰਾਸਿ ਦਾ ਪਾਠ ਕਰ ਰਿਹਾ ਸੀ ਪਰ ਨੇਤਰਾਂ ਵਾਲੇ ਸਿੱਖ ਨੇ ਰਾਮਜੀ ਦਾਸ ਦੀ ਚਾਲ ਤੋਂ ਤੇ ਉਸ ਦੇ ਚਿਹਰੇ ਦੀ ਤਸਵੀਰ ਤੋਂ ਅੰਦਾਜ਼ਾ ਲਾ ਕੇ ਕਿਹਾ ਕਿ, "ਕਾਕਾ! ਕੀ ਤੂੰ ਰਾਤ ਕੱਟਣੀ ਹੈ?" ਫਿਰ ਆਪੇ ਹੀ ਜਵਾਬ ਉਡੀਕੇ ਤੋਂ ਬਿਨਾਂ ਹੀ ਕਹਿਣ ਲੱਗਾ ਕਿ "ਜੇ ਤਾਂ ਰਾਤ ਹੀ ਕੱਟਣੀ ਹੈ ਤਾਂ ਇੱਥੇ ਵੀ ਕੱਟ ਸਕਦਾ ਹੈਂ। ਜੇ ਰੋਟੀ ਦੀ ਭੁੱਖ ਹੈ ਤਾਂ ਤੈਨੂੰ ਆਪ ਬਣਾਉਣੀ ਪੈਣੀ ਹੈ, ਅਸੀਂ ਤੈਨੂੰ ਆਟਾ ਤੇ ਦਾਲ ਦੇ ਸਕਦੇ ਹਾਂ।" ਇਸ ਦੇ ਨਾਲ ਹੀ ਸਿੱਖ ਨੇ ਇੱਕ ਗੱਲ ਹੋਰ ਕਹਿ ਦਿੱਤੀ ਕਿ "ਇਨ੍ਹਾਂ ਸਭ ਗੱਲਾਂ ਤੋਂ ਚੰਗੀ ਗੱਲ ਇਹ ਹੈ ਕਿ ਜੇਕਰ ਤੂੰ ਗੁਰਦੁਆਰਾ ਰੇਰੂ ਸਾਹਿਬ ਚਲਾ ਜਾਵੇਂ ਤਾਂ ਤੇਰੀਆਂ ਸਾਰੀਆਂ ਹੀ ਮੁਸ਼ਕਲਾਂ ਦਾ ਹੱਲ ਹੋ ਸਕਦਾ ਹੈ।" ਖੂਹੀ 'ਤੇ ਬੈਠੇ ਸਿੱਖ ਨੇ ਇਹ ਕਈ ਸੁਆਲ ਤੇ ਜਵਾਬ ਆਪੇ ਹੀ ਕਰ ਦਿੱਤੇ ਸਨ। ਰਾਮਜੀ ਦਾਸ ਨੇ ਸਭ ਕੁਝ ਸੁਣ ਕੇ ਕਿਹਾ ਕਿ, "ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਵਰਤ ਰੱਖਦਾ ਹਾਂ ਤੇ ਅੱਜ ਮੇਰਾ ਸਾਰੀ ਦਿਹਾੜੀ ਦਾ ਵਰਤ ਸੀ ਜਿਸ ਨੂੰ ਮੈਂ ਮਿੱਠੇ ਨਾਲ ਰੋਟੀ ਖਾ ਕੇ ਖੋਲ੍ਹਦਾ ਹਾਂ। ਇਹ ਹੁਣ ਸੰਭਵ ਨਹੀਂ ਲੱਗਦਾ। ਦੂਜਾ ਮੈਂ ਤਾਂ ਹਨੇਰੇ ਵਿੱਚ ਗੁਰਦੁਆਰਾ ਰੇਰੂ ਸਾਹਿਬ ਦਾ ਰਸਤਾ ਵੀ ਨਹੀਂ ਜਾਣਦਾ ਤੇ ਤੀਜਾ ਮੈਂ ਰੋਟੀ ਪਕਾਉਣੀ ਵੀ ਨਹੀਂ ਜਾਣਦਾ।" ਰਾਮਜੀ ਦਾਸ ਨੇ ਵੀ ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਇੱਕੋ ਵਾਰੀ ਦੇ ਦਿੱਤਾ।

ਰਾਮਜੀ ਦਾਸ ਦੇਖਣ ਵਿੱਚ ਚੰਗਾ ਸੋਹਣਾ ਜੁਆਨ ਸੀ। ਦੂਜਾ ਉਨ੍ਹਾਂ ਨੇ ਸਕੂਲ ਦੀ ਵਰਦੀ ਵੀ ਪਾਈ ਹੋਈ ਸੀ। ਤੀਜਾ ਉਨ੍ਹਾਂ ਨੇ ਆਪੇ ਵਰਤਾਂ ਦੀ ਗੱਲ ਦੱਸ ਕੇ ਖੂਹੀ 'ਤੇ ਬੈਠੇ ਸਿੱਖਾਂ ਦੇ ਮਨਾਂ ਵਿੱਚ ਇੱਕ ਸੰਜਮੀ ਕਿਸਮ ਦਾ ਲੜਕਾ ਹੋਣ ਦਾ ਖ਼ਿਆਲ ਪੈਦਾ ਕਰ ਦਿੱਤਾ ਸੀ। ਨੇਤਰਾਂ ਵਾਲਾ ਸਿੱਖ ਕਹਿਣ ਲੱਗਾ ਕਿ "ਕਾਕਾ ਤੂੰ ਮੇਰੇ ਨਾਲ ਹੀ ਚੱਲ, ਤੈਨੂੰ ਪ੍ਰਸ਼ਾਦਾ ਵੀ ਮਿੱਠੇ ਨਾਲ ਹੀ ਦਿਆਂਗਾ ਤੇ ਨਾਲ ਹੀ ਮੰਜਾ ਬਿਸਤਰਾ ਵੀ ਮਿਲੇਗਾ।" ਰਾਮਜੀ ਦਾਸ ਉਸ ਨਾਲ ਹੀ ਚਲੇ ਗਏ ਤੇ ਉਸ ਸਿੱਖ ਨੇ ਘਿਉ ਸ਼ੱਕਰ ਰਲਾ ਕੇ ਦਿੱਤੀ। ਰਾਮਜੀ ਦਾਸ ਨੇ ਇਹ ਰਾਤ ਇੱਕ ਸਿੱਖ ਦੇ ਘਰ ਗੁਜ਼ਾਰੀ।

ਇੱਥੇ ਇੱਕ ਤਸਵੀਰ ਹੋਰ ਵੀ ਸਪਸ਼ਟ ਹੋ ਗਈ ਸੀ ਕਿ ਜਿਸ ਥਾਂ 'ਤੇ ਸਾਰੀ ਦਿਹਾੜੀ ਸੇਵਾ ਕੀਤੀ ਪਰ ਉੱਥੋਂ ਪ੍ਰਸ਼ਾਦਾ ਨਹੀਂ ਮਿਲ ਸਕਿਆ। ਇੱਥੇ ਸਿੱਖ ਮਿਲ ਗਏ ਜਿਨ੍ਹਾਂ ਨਾਲ ਕੋਈ ਜਾਣ ਪਹਿਚਾਣ ਵੀ ਨਹੀਂ ਸੀ ਤੇ ਇਨ੍ਹਾਂ ਦੀ ਸੇਵਾ ਵੀ ਕੋਈ ਨਹੀਂ ਕੀਤੀ ਸੀ। ਇਨ੍ਹਾਂ ਸਿੱਖਾਂ ਦੇ ਅੱਗੇ ਸ਼ਰਤ ਵੀ ਕੇਵਲ ਪ੍ਰਸ਼ਾਦੇ ਦੀ ਨਹੀਂ ਸਗੋਂ ਮਿੱਠੇ ਨਾਲ ਪ੍ਰਸ਼ਾਦੇ ਦੀ ਰੱਖੀ ਸੀ। ਰਾਮਜੀ ਦਾਸ ਨੇ ਵਰਤ ਖੋਲ੍ਹਣਾ ਸੀ। ਹਰ ਪਾਸੇ ਤੋਂ ਇਨ੍ਹਾਂ ਸਿੱਖਾਂ ਕੋਲੋਂ ਪਿਆਰ ਹੀ ਪਿਆਰ ਮਿਲਿਆ ਸੀ। ਇਸ ਵਿਹਾਰ ਨੇ ਵੀ ਇਨਸਾਨੀਅਤ ਦੀ ਖ਼ੁਸ਼ਬੋ ਬਖ਼ਸ਼ ਦਿੱਤੀ ਸੀ।

ਇਨ੍ਹਾਂ ਸਿੱਖਾਂ ਨੇ ਹੀ ਦੱਸ ਪਾਈ ਸੀ ਕਿ ਗੁਰਦੁਆਰਾ ਰੇਰੂ ਸਾਹਿਬ



ਚਲੇ ਜਾਓ। ਉੱਥੋਂ ਹਰ ਮੁਸ਼ਕਲ ਦਾ ਹੱਲ ਮਿਲ ਜਾਂਦਾ ਹੈ। ਰਾਮਜੀ ਦਾਸ ਨੂੰ ਇਨ੍ਹਾਂ ਸਿੱਖਾਂ ਦੀ ਗੱਲ 'ਤੇ ਪੂਰਨ ਯਕੀਨ ਬਣ ਗਿਆ ਸੀ। ਉਹ ਮਹਿਸੂਸ ਕਰ ਰਹੇ ਸਨ ਕਿ ਜਿਨ੍ਹਾਂ ਦਾ ਆਪਣਾ ਜੀਵਨ ਇਸ ਤਰ੍ਹਾਂ ਦੀ ਸੇਵਾ ਭਾਵਨਾ ਵਾਲਾ ਹੈ ਤਾਂ ਉਹ ਮੈਨੂੰ ਵੀ ਅਜਿਹੀ ਹੀ ਪਿਆਰ ਭਾਵਨਾ ਵਾਲੀ ਥਾਂ 'ਤੇ ਭੇਜਣਗੇ। ਇਨ੍ਹਾਂ ਸਿੱਖਾਂ ਦਾ ਦਿਲੋਂ ਧੰਨਵਾਦ ਕਰਕੇ ਰਾਮਜੀ ਦਾਸ ਦੇ ਕਦਮਾਂ ਨੇ ਇੱਕ ਭਰੋਸੇ ਨਾਲ ਗੁਰਦੁਆਰਾ ਸਾਹਿਬ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ ਤੇ ਗੁਰਦੁਆਰਾ ਰੇਰੂ ਸਾਹਿਬ ਪਹੁੰਚ ਗਏ।

ਗੁਰਦੁਆਰਾ ਸਾਹਿਬ ਪਹੁੰਚਦਿਆਂ ਸਾਰ ਹੀ ਦੇਖਿਆ ਕਿ ਬਹੁਤ ਵਧੀਆ ਦੁੱਧ ਦੀ ਚਾਹ ਵਰਤਾਈ ਜਾ ਰਹੀ ਸੀ ਤੇ ਚਾਹ ਨਾ ਪੀਣ ਵਾਲਿਆਂ ਲਈ ਲੱਸੀ ਵਰਤਾਈ ਜਾ ਰਹੀ ਸੀ। ਦੁਪਹਿਰ ਵੇਲੇ ਪ੍ਰਸ਼ਾਦਾ ਵਰਤਾਇਆ ਗਿਆ। ਪ੍ਰਸ਼ਾਦਾ ਤਾਂ ਚਲੋ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਹੈ ਕਿ ਰਸਦਾਇਕ ਹੀ ਹੁੰਦਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਪ੍ਰਸ਼ਾਦਾ ਵਰਤਾਉਣ ਵਾਲੇ ਵੀ ਅਜਿਹੀ ਗੁਰਮੁਖ ਸ਼ਬਦਾਵਲੀ ਵਰਤਦੇ ਸਨ ਕਿ ਹਰ ਬੰਦੇ ਦਾ ਮਨ ਪਿਆਰ ਨਾਲ ਭਰ ਜਾਂਦਾ ਸੀ। ਸ਼ਾਮ ਦੇ ਵਕਤ ਬਾਬਾ ਅਤਰ ਸਿੰਘ ਜੀ ਕੋਲ ਕੁਝ ਫੌਜੀ ਧਰਮ ਦੀਆਂ ਗੱਲਾਂ ਪੁੱਛ ਰਹੇ ਸਨ ਜਿਸ ਦੀ ਵੀਚਾਰ ਬਾਬਾ ਜੀ ਬੜੇ ਪਿਆਰ ਨਾਲ ਦੱਸ ਰਹੇ ਸਨ। ਇਨ੍ਹਾਂ ਗੱਲਾਂ ਨੇ ਉਨ੍ਹਾਂ ਆਏ ਹੋਏ ਫੌਜੀਆਂ ਨੂੰ ਹੀ ਚੰਗੀ ਸੂਝ-ਬੂਝ ਨਹੀਂ ਦਿੱਤੀ ਬਲਕਿ ਹੋਰ ਕੋਲ ਬੈਠ ਕੇ ਸੁਣਨ ਵਾਲਿਆਂ ਨੂੰ ਵੀ ਬਹੁਤ ਕੁਝ ਗੁਰਮਤਿ ਦਾ ਗਿਆਨ ਮਿਲਿਆ ਸੀ। ਰਾਮਜੀ ਦਾਸ ਕੁਝ ਹੋਰ ਅੱਗੇ ਗਏ ਤਾਂ ਦੇਖਿਆ ਕਿ ਕੁਝ ਗਾਵਾਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਦੀ ਤੰਦਰੁਸਤੀ ਇਸ ਗੱਲ ਦੀ ਮੂੰਹ ਬੋਲਦੀ ਤਸਵੀਰ ਸੀ ਕਿ ਇਨ੍ਹਾਂ ਦੀ ਪੂਰੀ ਤੇ ਚੰਗੀ ਤਰ੍ਹਾਂ ਸੇਵਾ-ਸੰਭਾਲ ਹੋ ਰਹੀ ਹੈ। ਸੇਵਾ ਕਰਨ ਵਾਲੇ ਸੇਵਾਦਾਰਾਂ ਦੇ ਚਿਹਰਿਆਂ ਦੀ ਖ਼ੁਸ਼ੀ ਵੀ ਨਿਵੇਕਲੀ ਕਿਸਮ ਦੀ ਸੀ। ਰਾਮਜੀ ਦਾਸ ਨੇ ਸੋਚਿਆ ਕਿ ਇਨ੍ਹਾਂ ਦੀ ਤਨਖ਼ਾਹ ਚੰਗੀ ਹੋਣੀ ਹੈ ਤਾਂ ਹੀ ਤਾਂ ਅਜਿਹੀ ਸੇਵਾ ਦਿਲ ਲਾ ਕੇ ਕਰ ਰਹੇ ਹਨ; ਪਰ ਪੁੱਛਣ ਤੇ ਪਤਾ ਲੱਗਾ ਕਿ ਇਹ ਤਾਂ ਸਾਰੀ ਸੇਵਾ ਮੁਫ਼ਤ ਹੀ ਕੀਤੀ ਜਾ ਰਹੀ ਹੈ। ਇਹ ਸਭ ਕੁਝ ਦੇਖ ਕੇ ਰਾਮਜੀ ਦਾਸ ਦਾ ਮਨ ਭਰ ਆਇਆ: ਹੇ ਸਤਿਗੁਰੂ ਜੀ! ਮੈਂ ਤਾਂ ਸੋਚਦਾ ਸਾਂ ਕਿ ਮੇਰੇ ਸਾਰੇ ਹੀ ਘਰ ਟਿਕਾਣੇ ਉੱਜੜ ਗਏ ਹਨ, ਹੁਣ ਮੈਂ ਤੇ ਮੇਰੀ ਮਾਂ ਕਿੱਥੇ ਰਿਹਾ ਕਰਾਂਗੇ, ਪਰ ਮੈਨੂੰ ਤਾਂ ਅਜਿਹਾ ਘਰ ਮਿਲ ਗਿਆ ਹੈ ਜਿਹੜਾ ਕਦੇ ਆਪ ਵੀ ਨਹੀਂ ਉੱਜੜਦਾ ਤੇ ਗੁਰੂ ਘਰ ਦਾ ਸਹਾਰਾ ਲੈਣ ਵਾਲਿਆਂ ਨੂੰ ਉੱਜੜਨ ਵੀ ਨਹੀਂ ਦਿੰਦਾ। ਮੈਨੂੰ ਅਸਲੀ ਘਰ ਦਾ ਪਤਾ ਲੱਗ ਗਿਆ ਹੈ। ਇੱਥੇ ਖਾਣ ਵਾਲਿਆਂ ਨੂੰ ਪ੍ਰਸ਼ਾਦਾ, ਪੀਣ ਵਾਲਿਆਂ ਨੂੰ ਲੱਸੀ ਜਾਂ ਚਾਹ, ਰਹਿਣ ਵਾਲਿਆਂ ਨੂੰ ਟਿਕਾਣਾ, ਜੀਵਨ ਦੀਆਂ ਮੁਸ਼ਕਲਾਂ ਵਾਲਿਆਂ ਨੂੰ ਗੁਰਮਤਿ ਦਾ ਗਿਆਨ ਮਿਲਦਾ ਹੈ। ਬਾਕੀ ਥਾਵਾਂ 'ਤੇ ਤਾਂ ਮਨੁੱਖਾਂ ਨਾਲ ਵੀ ਪਸ਼ੂਆਂ ਵਾਲਾ ਵਰਤਾਉ ਕੀਤਾ ਜਾਂਦਾ

ਹੈ ਪਰ ਇੱਥੇ ਗੁਰੂ ਘਰ ਵਿੱਚ ਪਸ਼ੂਆਂ ਨਾਲ ਵੀ ਕਿਤਨਾ ਚੰਗਾ ਵਿਹਾਰ ਕੀਤਾ ਜਾਂਦਾ ਹੈ। ਰਾਮਜੀ ਦਾਸ ਨੇ ਦੋਵੇਂ ਹੱਥ ਜੋੜ ਕੇ ਰੱਬ ਦਾ ਸ਼ੁਕਰ ਕੀਤਾ ਕਿ ਮੈਂ ਤਾਂ ਕੀ ਸੋਚਾਂ ਸੋਚਦਾ ਸੀ ਪਰ ਮੈਨੂੰ ਕੀ ਮਿਲ ਗਿਆ ਹੈ। ਉਨ੍ਹਾਂ ਨੂੰ ਹੁਣ ਇਹ ਗੁਰਦੁਆਰਾ ਨਹੀਂ ਸਗੋਂ ਮਾਨਵ ਬਸਤੀ ਦਾ ਪ੍ਰਤੱਖ ਸਵਰਗ ਦਿੱਸ ਰਿਹਾ ਸੀ। ਕੁਦਰਤ ਰਾਣੀ ਨੇ ਰਾਮਜੀ ਦਾਸ ਲਈ ਆਪਣੀ ਬਖ਼ਸ਼ਿਸ਼ ਦਾ ਨਿਵੇਕਲਾ ਪੰਨਾ ਖੋਲ੍ਹ ਕੇ ਗੁਰੂ ਜੀ ਦੇ ਘਰ ਵਿੱਚੋਂ ਹੀ ਆਪਣੇ ਘਰ ਦੇ ਦਰਸ਼ਨ ਕਰਵਾ ਦਿੱਤੇ ਸਨ। ਰਾਮਜੀ ਦਾਸ ਨੂੰ ਅਹਿਸਾਸ ਹੋ ਗਿਆ ਸੀ ਕਿ ਸਤਿਗੁਰੂ ਜੀ ਦੀ ਬੁੱਕਲ ਵਿੱਚ ਸਦੀਵੀ ਅਨੰਦ ਹੈ।'

{ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੧੭ ਤੋਂ ੧੯}।

ਸਤਿਗੁਰੂ ਸਾਹਿਬ ਜੀ ਦੀ ਬਾਣੀ ਦਾ ਵੀ ਇਲਾਹੀ ਫ਼ਰਮਾਨ ਹੈ ਕਿ

**ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ॥**
**ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ॥** {ਅੰ: ੯੬੫}

ਇਹ ਸੰਗਤ ਰੂਪ ਥਾਨ ਅਜਿਹਾ ਸੁਹਾਵਣਾ ਹੈ ਕਿ ਇੱਥੇ ਤਾਂ ਸਦੀਵੀ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ। ਇੱਥੇ ਆ ਕੇ ਜਿਨ੍ਹਾਂ ਨੇ ਆਪਣਾ ਪੂਰਾ ਗੁਰੂ ਲੱਭ ਲਿਆ ਹੈ ਉਸ ਨੂੰ ਰੱਬ ਦੇ ਘਰ ਵੀ ਢੋਈ ਮਿਲਦੀ ਹੈ। ਉਸ ਮਨੁੱਖ ਨੇ ਤਾਂ ਸਮਝੋ ਆਪਣਾ ਟਿਕਾਣਾ ਹੀ ਉਸ ਥਾਂ 'ਤੇ ਬਣਾ ਲਿਆ ਹੈ ਜਿੱਥੇ ਨਾ ਤਾਂ ਆਤਮਿਕ ਮੌਤ ਆਉਂਦੀ ਹੈ, ਨਾ ਹੀ ਜੀਵਨ ਦੀ ਭਟਕਣਾ ਹੈ ਅਤੇ ਨਾ ਹੀ ਆਤਮਿਕ ਜੀਵਨ ਵਿੱਚ ਕੋਈ ਕਮਜ਼ੋਰੀ ਆਉਂਦੀ ਹੈ।

**ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥**
**ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ॥**
**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥** {ਅੰ: ੪੪}

ਰਾਮਜੀ ਦਾਸ ਤੇ ਜੀਵਨ ਦੇ ਨਾਲ-ਨਾਲ ਵਾਪਰਦੀਆਂ ਘਟਨਾਵਾਂ ਤੇ ਬਦਲਦੇ ਹਾਲਾਤਾਂ ਦਾ ਅਸਰ ਵੀ ਕਾਫ਼ੀ ਹੋ ਰਿਹਾ ਸੀ। ਰਾਮਜੀ ਦਾਸ ਦਾ ਮਨ ਸਿੱਖੀ ਦੇ ਖੁੱਲ੍ਹੇ-ਡੁੱਲ੍ਹੇ ਜਿਹੇ ਮਾਹੌਲ ਵਿੱਚ ਰਹਿਣਾ ਚਾਹੁੰਦਾ ਸੀ। ਉਸ ਨੇ ਸਿੱਖੀ ਦੇ ਕਈ ਵਰਤਾਰੇ ਆਪਣੀਆਂ ਅੱਖਾਂ ਨਾਲ ਵੇਖ ਲਏ ਸਨ। ਸਿੱਖੀ ਦੇ ਦੀਦਾਰਿਆਂ ਲਈ ਨੈਣੀ ਦਰਸ਼ ਪਿਆਸ ਬਹੁਤ ਵਧ ਗਈ ਸੀ। ਇਸ ਲਈ ਮਾਂ ਨਾਲ ਇਹ ਸਲਾਹ ਕੀਤੀ ਕਿ ਮਾਂ ਸਾਨੂੰ ਕਿਸੇ ਸਿੱਖ ਦੇ ਘਰ ਨੌਕਰੀ ਕਰਨੀ ਚਾਹੀਦੀ ਹੈ। ਜਿਸ ਨਾਲ ਸੁਭਾਵਿਕ ਹੀ ਅਸੀਂ ਗੁਰਬਾਣੀ ਤੇ ਸਿੱਖੀ ਦੇ ਪਿਆਰ ਭਰੇ ਮਾਹੌਲ ਵਿੱਚੋਂ ਸੇਵਾ ਭਾਵਨਾਵਾਂ ਵਾਲੀਆਂ ਗੱਲਾਂ ਸਿੱਖ ਸਕਦੇ ਹਾਂ। ਮਾਂ ਪੁੱਤ ਦੋਨਾਂ ਨੇ ਸੋਚ ਵਿਚਾਰ ਕਰਕੇ ਆਖ਼ਿਰ ਮਹਿਤਾਬ ਕੌਰ ਨੇ ਸ. ਹਰਨਾਮ ਸਿੰਘ ਆਟੇ ਵਾਲੇ ਦੇ ਘਰ ਨੌਕਰੀ ਕਰ ਲਈ ਸੀ।



ਸਮੇਂ ਦੀਆਂ ਪਰਤਾਂ ਕਈ ਕੁਝ ਬਦਲ ਦਿੰਦੀਆਂ ਹਨ। ਕਈ ਘਟਨਾਵਾਂ ਉਸ ਵਕਤ ਤਾਂ ਭਾਵੇਂ ਬਹੁਤ ਦੁਖਦਾਈ ਹੁੰਦੀਆਂ ਹਨ ਪਰ ਸਮਾਂ ਉਨ੍ਹਾਂ ਦੇ ਦੁੱਖ ਦਰਦ ਘਟਾ ਦਿੰਦਾ ਹੈ। ਜਦੋਂ ਕਦੇ ਇੱਕ ਦੁੱਖ ਦੀ ਘਟਨਾ ਦੇ ਨਾਲ ਦੂਜੀ ਬਹੁਤ ਸੁਖਦਾਈ ਘਟਨਾ ਵੀ ਵਾਪਰ ਜਾਵੇ ਤਾਂ ਇਹ ਇੱਕ ਅਭੁੱਲ ਯਾਦ ਹੀ ਨਹੀਂ ਬਣਦੀ ਸਗੋਂ ਦੋਨਾਂ ਵਿੱਚੋਂ ਸਹੀ ਰਾਹ ਚੁਣਨ ਦੀ ਪ੍ਰੇਰਨਾ ਵੀ ਮਿਲ ਜਾਂਦੀ ਹੈ। ਇਸ ਤਰ੍ਹਾਂ ਹੀ ਰਾਮਜੀ ਦਾਸ ਨੂੰ ਜੀਵਨ ਮਾਰਗ ਚੁਣਨਾ ਸੌਖਾ ਹੋ ਗਿਆ ਸੀ ਕਿ ਧਰਮ ਦੀ ਦੁਨੀਆਂ ਵਿੱਚ ਵੀ ਕਈ ਵਾਰੀ ਦਿਖਦੇ ਅਡੰਬਰ ਕੁਝ ਹੋਰ ਹੁੰਦੇ ਹਨ ਪਰ ਅਸਲੀਅਤ ਕੁਝ ਹੋਰ ਹੁੰਦੀ ਹੈ। ਜਦੋਂ ਮਨੁੱਖ ਇਨ੍ਹਾਂ ਵਿੱਚ ਖ਼ੁਦ ਵਿਚਰਦਾ ਹੈ ਤਾਂ ਇਹ ਸਾਰੇ ਭਰਮ ਦੇ ਪਰਦੇ ਖ਼ਤਮ ਹੋ ਜਾਂਦੇ ਹਨ।

ਦਸਵੀਂ ਦਾ ਨਤੀਜਾ ਆਇਆ ਪਰ ਰਾਮਜੀ ਦਾਸ ਪਾਸ ਨਾ ਹੋ ਸਕੇ। ਮਹਿਤਾਬ ਕੌਰ ਨੂੰ ਇਸ ਗੱਲ ਨੇ ਬਹੁਤ ਧੱਕਾ ਲਾਇਆ ਪਰ ਉਸ ਨੂੰ ਮੁਸੀਬਤਾਂ ਨਾਲ ਜੂਝਣ ਦੀ ਆਦਤ ਬਣ ਗਈ ਸੀ। ਇਸ ਕਰਕੇ ਮਾਂ ਨੇ ਆਪਣੇ ਦੁੱਖ ਨੂੰ ਤਾਂ ਅੰਦਰ ਹੀ ਛੁਪਾ ਲਿਆ ਸੀ। ਆਪਣੇ ਪੁੱਤ ਦੇ ਦੁੱਖ ਨੂੰ ਮਹਿਸੂਸ ਕਰਕੇ ਮਾਂ ਨੇ ਰਾਮਜੀ ਦਾਸ ਨੂੰ ਆਪਣੇ ਕੋਲ ਲਾਹੌਰ ਹੀ ਬੁਲਾ ਲਿਆ। ਮਹਿਤਾਬ ਕੌਰ ਨੇ ਆਪਣੇ ਪੁੱਤ ਨੂੰ ਬਹੁਤ ਪਿਆਰ ਕੀਤਾ। ਉਸ ਨੂੰ ਹੌਸਲਾ ਵੀ ਦਿੱਤਾ ਕਿ ਹਰ ਕਾਮਯਾਬੀ ਇੱਕੋ ਵਾਰੀ ਨਹੀਂ ਮਿਲ ਜਾਂਦੀ। ਇਸ ਕਰਕੇ ਮੈਂ ਤੈਨੂੰ ਆਪਣੇ ਕੋਲ ਹੀ ਰੱਖ ਕੇ ਪੜ੍ਹਾਵਾਂਗੀ। ਮਾਂ ਨੂੰ ਲੱਗਦਾ ਸੀ ਕਿ ਮੇਰਾ ਪੁੱਤਰ ਦਸਵੀਂ ਜਮਾਤ ਪਾਸ ਕਰਨ ਤੋਂ ਬਿਨਾਂ ਜੀਵਨ ਵਿੱਚ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ। ਇਸ ਕਰਕੇ ਮਾਂ ਨੇ ਪ੍ਰੇਰਨਾ ਦੇ ਕੇ ਫਿਰ ਦੁਬਾਰਾ ਤਿਆਰੀ ਕਰਵਾ ਕੇ ਲਾਹੌਰ ਵਿੱਚ ਸ. ਬ. ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਦਾ ਇਮਤਿਹਾਨ ਫਿਰ ਦੁਬਾਰਾ ਦੁਆਇਆ। ਨਤੀਜੇ ਦੀ ਫਿਰ ਉਡੀਕ ਹੋ ਰਹੀ ਸੀ।

## ਇੱਕ ਨਵਾਂ ਅਹਿਸਾਸ

ਇਨ੍ਹਾਂ ਦਿਨਾਂ ਵਿੱਚ ਮਹਿਤਾਬ ਕੌਰ, ਸਰਦਾਰ ਹਰਨਾਮ ਸਿੰਘ ਆਟੇ ਵਾਲੇ ਦੇ ਕੋਲ ਨੌਕਰੀ ਕਰ ਰਹੀ ਸੀ ਤੇ ਰਾਮਜੀ ਦਾਸ ਵੀ ਇੱਥੇ ਹੀ ਆਪਣੀ ਮਾਂ ਕੋਲ ਰਹਿ ਰਿਹਾ ਸੀ। ਰਾਮਜੀ ਦਾਸ ਦਾ ਇਹ ਸੁਭਾਅ ਸੀ ਕਿ ਉਹ ਸਭ ਨੂੰ ਆਪਣਾ ਸਮਝ ਲੈਂਦੇ ਸਨ ਤੇ ਆਪ ਵੀ ਸਭਨਾਂ ਦੇ ਬਣ ਜਾਂਦੇ ਸਨ। ਇਸ ਕਰਕੇ ਉਨ੍ਹਾਂ ਨੇ ਹਰਨਾਮ ਸਿੰਘ ਦੇ ਘਰ ਨੂੰ ਆਪਣਾ ਘਰ ਹੀ ਸਮਝ ਲਿਆ ਸੀ। ਇੱਕ ਵਾਰੀ ਰਾਮਜੀ ਦਾਸ ਨੇ ਦੇਖਿਆ ਕਿ ਸ: ਹਰਨਾਮ ਸਿੰਘ ਦੇ ਕਮਰੇ ਵਿੱਚ ਸ਼ੀਸ਼ੇ ਦੇ ਮਰਤਬਾਨ ਵਿੱਚ ਪੰਜੀਰੀ ਪਈ ਸੀ। ਇੱਕ ਦਿਨ ਰਾਮਜੀ ਦਾਸ ਨੇ ਥੋੜ੍ਹੀ ਜਿਹੀ ਪੰਜੀਰੀ ਖਾ ਲਈ। ਹਰਨਾਮ ਸਿੰਘ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ। ਉਨ੍ਹਾਂ ਨੇ ਬੜੇ ਪਿਆਰ ਨਾਲ ਰਾਮਜੀ ਦਾਸ ਨੂੰ ਸਮਝਾਇਆ ਕਿ ਪੁੱਤਰ ਕਿਸੇ ਵੀ ਚੀਜ਼ ਦੀ ਵਰਤੋਂ ਦੀ ਮਨਾਹੀ ਨਹੀਂ ਹੈ ਪਰ ਪੁੱਛ ਕੇ ਵਰਤਣੀ ਚਾਹੀਦੀ

ਹੈ। ਇਹ ਬੋਲ ਇਤਨੇ ਪਿਆਰੇ ਸਨ ਕਿ ਰਾਮਜੀ ਦਾਸ ਨੂੰ ਕਿਸੇ ਸ਼ਰਮਿੰਦਗੀ ਦਾ ਅਹਿਸਾਸ ਕਰਾਉਣ ਦੀ ਥਾਂ ਤੇ ਅੱਗੇ ਵਾਸਤੇ ਕੋਈ ਬਿਨਾਂ ਪੁੱਛੇ ਚੀਜ਼ ਨਹੀਂ ਵਰਤਣੀ ਚਾਹੀਦੀ, ਪਿਆਰੀ ਹਦਾਇਤ ਮਿਲ ਗਈ। ਰਾਮਜੀ ਦਾਸ ਲਈ ਇਹ ਇੱਕ ਨਵਾਂ ਅਹਿਸਾਸ ਹੋ ਗਿਆ ਸੀ ਕਿ ਜਿੱਥੇ ਰਹਿੰਦੇ ਹਾਂ ਅਸੀਂ ਭਾਵੇਂ ਉਸ ਨੂੰ ਆਪਣਾ ਹੀ ਘਰ ਸਮਝ ਕੇ ਰਹਿੰਦੇ ਹਾਂ ਪਰ ਫਿਰ ਵੀ ਘਰ ਵਿੱਚ ਕੰਮ ਕਰਨ ਵਾਲਿਆਂ ਨੂੰ ਕੋਈ ਚੀਜ਼ ਆਪਣੀ ਸਮਝ ਕੇ ਨਹੀਂ ਵਰਤਣੀ ਚਾਹੀਦੀ। ਜੇਕਰ ਕੋਈ ਚੀਜ਼ ਲੈਣੀ ਹੈ ਤਾਂ ਪੁੱਛ ਕੇ ਹੀ ਲੈਣੀ ਚਾਹੀਦੀ ਹੈ। ਹਰਨਾਮ ਸਿੰਘ ਨੇ ਇਹ ਵੀ ਕਿਹਾ ਕਿ ਦਸਵੀਂ ਦੇ ਨਤੀਜੇ ਦੀ ਉਡੀਕ ਕਰਦਿਆਂ ਦੋ ਮਹੀਨੇ ਅਜਾਈਂ ਗੁਆਉਣ ਦੀ ਥਾਂ 'ਤੇ ਗੁਰਦੁਆਰਾ ਡੇਹਰਾ ਸਾਹਿਬ ਜਾ ਕੇ ਸੇਵਾ ਕਰਿਆ ਕਰ, ਕਿਉਂਕਿ ਸਭ ਕੁਝ ਗੁਰੂ ਘਰ ਤੋਂ ਹੀ ਮਿਲਦਾ ਹੈ। ਰਾਮਜੀ ਦਾਸ ਦਾ ਤਾਂ ਇਹ ਵਿਚਾਰ ਪਹਿਲਾਂ ਹੀ ਪੱਕਾ ਹੋ ਗਿਆ ਸੀ। ਰਾਮਜੀ ਦਾਸ ਨੇ ਗੁਰੂ ਘਰ ਦੀ ਵਡਿਆਈ ਸੰਬੰਧੀ ਕਾਫ਼ੀ ਕੁਝ ਅੱਖੀਂ ਦੇਖ ਹੀ ਲਿਆ ਸੀ। ਰਾਮਜੀ ਦਾਸ ਨੂੰ ਇਹ ਪੱਕਾ ਅਹਿਸਾਸ ਹੋ ਗਿਆ ਸੀ ਕਿ ਕੇਵਲ ਗੁਰੂ ਘਰ ਹੀ ਹੈ ਜਿਹੜਾ ਸਾਨੂੰ ਆਪਣੇ ਬੱਚੇ ਸਮਝ ਕੇ ਦਿਲ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ।

ਉਡੀਕ ਖ਼ਤਮ ਹੋਈ ਤੇ ਨਤੀਜਾ ਫਿਰ ਆ ਗਿਆ ਸੀ। ਸਕੂਲ ਤਾਂ ਬਦਲਿਆ ਸੀ ਪਰ ਨਤੀਜਾ ਨਾ ਬਦਲ ਸਕਿਆ, ਭਾਵ ਫਿਰ ਉਹੋ ਹੀ ਫੇਲ੍ਹ ਸ਼ਬਦ ਦੁਬਾਰਾ ਮਿਲ ਗਿਆ ਸੀ। ਮਾਂ ਨੇ ਸੀਨੇ ਨਾਲ ਲਾ ਕੇ ਆਪਣਾ ਹੀ ਫ਼ੈਸਲਾ ਬਦਲ ਲਿਆ ਤੇ ਮਮਤਾ ਭਿੱਜੀ ਕਹਿਣ ਲੱਗੀ ਕਿ ਪੁੱਤ ਫ਼ਿਕਰ ਨਾ ਕਰ ਕਿਉਂਕਿ ਤੂੰ ਦਸਵੀਂ ਜਮਾਤ ਵਿੱਚੋਂ ਹੀ ਫੇਲ੍ਹ ਹੋਇਆ ਹੈਂ, ਜ਼ਿੰਦਗੀ ਵਿੱਚੋਂ ਤਾਂ ਫੇਲ੍ਹ ਨਹੀਂ ਹੋਇਆ? ਇਸ ਕਰਕੇ ਰੱਬ ਕਿਰਪਾ ਕਰੇਗਾ ਤੂੰ ਪੁੱਤ ਜ਼ਿੰਦਗੀ ਵਿੱਚ ਪਾਸ ਹੋ ਜਾਵੇਂਗਾ। ਅਸਲ ਕਾਮਯਾਬੀ ਤਾਂ ਜ਼ਿੰਦਗੀ ਵਿੱਚੋਂ ਪਾਸ ਹੋਏ ਲੋਕਾਂ ਦੀ ਹੀ ਹੁੰਦੀ ਹੈ।

ਰਾਮਜੀ ਦਾਸ ਪੜ੍ਹਾਈ ਵਿੱਚ ਤਾਂ ਕਾਫ਼ੀ ਹੁਸ਼ਿਆਰ ਸਨ। ਉਨ੍ਹਾਂ ਨੇ ਪਹਿਲੀ ਕਿਸੇ ਵੀ ਕਲਾਸ ਵਿੱਚ ਕਦੇ ਮਾੜੇ ਨਤੀਜੇ ਨਹੀਂ ਦੇਖੇ ਸਨ। ਵੈਸੇ ਘਰ ਦੇ ਹਾਲਾਤ ਤਾਂ ਉਸ ਨੂੰ ਪਤਾ ਹੀ ਸੀ, ਪਰ ਫਿਰ ਵੀ ਉਸ ਬਾਰੇ ਬਹੁਤਾ ਫ਼ਿਕਰ ਨਹੀਂ ਸੀ। ਜਿਉਂ-ਜਿਉਂ ਮਨੁੱਖ ਦੀ ਉਮਰ ਵਧਦੀ ਹੈ ਤਾਂ ਘਰੋਗੀ ਗੁਜ਼ਾਰੇ ਬਾਰੇ ਜਾਂ ਪੈਸੇ ਬਾਰੇ ਹੋਰ ਵੀ ਜਾਗਰੂਕਤਾ ਆ ਜਾਂਦੀ ਹੈ। ਮਹਿਤਾਬ ਕੌਰ ਦੇ ਲਾਹੌਰ ਜਾ ਕੇ ਕਿਸੇ ਦੇ ਘਰ ਨੌਕਰੀ ਕਰਨੀ ਤੇ ਪਿਤਾ ਜੀ ਦਾ ਵੀ ਨਿੱਕੇ-ਨਿੱਕੇ ਨੌਕਰਾਂ ਵਾਲੇ ਕੰਮ ਆਪ ਕਰਨਾ, ਇਹ ਸਭ ਕੁਝ ਰਾਮਜੀ ਦਾਸ ਨੂੰ ਕਈ ਵਾਰੀ ਉਦਾਸ ਕਰ ਦਿੰਦਾ ਸੀ, ਜਿਸ ਕਰਕੇ ਪੜ੍ਹਾਈ ਵਿੱਚ ਲੱਗਿਆ ਹੋਇਆ ਮਨ ਦਸਵੀਂ ਜਮਾਤ ਵੇਲੇ ਕੁਝ ਉਪਰਾਮ ਜਿਹਾ ਹੋ ਗਿਆ ਸੀ। ਇਹ ਉਹ ਉਮਰ ਹੁੰਦੀ ਹੈ ਜਦੋਂ ਬੰਦਾ ਬੇਪਰਵਾਹੀ ਦੀ ਬਾਦਸ਼ਾਹਤ ਮਾਣਦਾ ਹੈ ਅਤੇ ਜੁਆਨੀ ਸ਼ਰਾਰਤਾਂ



ਵਾਲੇ ਪਾਸੇ ਪ੍ਰੇਰਨ ਲੱਗ ਪੈਂਦੀ ਹੈ। ਰਾਮਜੀ ਦਾਸ ਨੂੰ ਤਾਂ ਦੋ ਵਕਤ ਦੀ ਰੋਟੀ ਦਾ ਫ਼ਿਕਰ ਹੈ। ਮੈਂ ਕਿੱਥੇ ਰਹਿਣਾ ਹੈ ਇਸ ਦੀ ਚਿੰਤਾ ਹੈ। ਮਾਂ ਦੇ ਦੁੱਖੜਿਆਂ ਦਾ ਭਾਰ ਕਿਵੇਂ ਘਟਾਉਣਾ ਹੈ ਇਸ ਦੀ ਸੋਚ ਹੈ। ਇਹੋ ਜਿਹੇ ਹਾਲਾਤ ਮਨੁੱਖੀ ਸੋਚ ਵਿੱਚ ਉਪਰਾਮਤਾ ਭਰ ਦਿੰਦੇ ਹਨ। ਰਾਮਜੀ ਦਾਸ ਫਿਰ ਵੀ ਅਡੋਲ ਸਨ ਤੇ ਸੋਚ ਵਿਚਾਰ ਕਰ ਰਹੇ ਸਨ ਕਿ ਜੀਵਨ ਦੀ ਇਸ ਘੁੰਮਣ-ਘੇਰੀ ਵਿੱਚੋਂ ਕਿਵੇਂ ਪਾਰਲਾ ਕਿਨਾਰਾ ਲੱਭਣਾ ਹੈ। ਰਾਮਜੀ ਦਾਸ ਜੰਮੇ ਤਾਂ ਬਹੁਤ ਅਮੀਰੀ ਦੇ ਮਾਹੌਲ ਵਿੱਚ ਸਨ ਪਰ ਕਾਲ ਪੈਣ ਕਰਕੇ ਪਿਤਾ ਜੀ ਦਾ ਸ਼ਾਹੂਕਾਰਾ ਬਰਬਾਦ ਹੋ ਗਿਆ ਸੀ। ਰਾਮਜੀ ਦਾਸ ਹਰ ਵਕਤ ਇਸ ਗੱਲ ਬਾਰੇ ਸੋਚਦੇ ਰਹਿੰਦੇ ਕਿ ਮੇਰੇ ਮਾਤਾ ਪਿਤਾ ਜੀ ਕਿੰਨੀ ਮੁਸ਼ਕਲ ਵਿੱਚ ਗੁਜ਼ਾਰਾ ਕਰਦੇ ਹਨ।

'ਦਸਵੀਂ ਜਮਾਤ ਵਿੱਚੋਂ ਦੋ ਵਾਰੀ ਫੇਲ੍ਹ ਹੋਣ ਕਰਕੇ ਤੇ ਦੂਜਾ ਉਮਰ ਵੀ ੨੩ ਸਾਲ ਹੋਣ ਕਰਕੇ ਅੱਗੇ ਲਈ ਪੜ੍ਹਾਈ ਦਾ ਖ਼ਿਆਲ ਤਾਂ ਛੱਡ ਹੀ ਦਿੱਤਾ ਸੀ। ਮਾਂ, ਹਰਨਾਮ ਸਿੰਘ ਦੇ ਘਰ ਭਾਂਡੇ ਮਾਂਜਦੀ ਸੀ, ਉਸ ਨੂੰ ਵੀ ਸੁੱਖ ਦੇਣ ਦਾ ਵਕਤ ਸੀ। ਰਾਮਜੀ ਦਾਸ ਨੂੰ ਮਾਂ ਦੀ ਹਰ ਕੀਤੀ ਕੁਰਬਾਨੀ ਦਾ ਅਹਿਸਾਸ ਸੀ। ਮਾਂ ਨੇ ਬਹੁਤ ਪਿਆਰ ਨਾਲ ਚੰਗੀ ਖ਼ੁਰਾਕ ਦੇ ਕੇ ਪਾਲਿਆ ਸੀ। ਇਸ ਕਰਕੇ ਸਰੀਰ ਵੀ ਚੰਗਾ ਰਿਸ਼ਟ-ਪੁਸ਼ਟ ਤੇ ਤੰਦਰੁਸਤ ਸੀ, ਫਿਰ ਇਸ ਕਮਾਲ ਦੇ ਜੁੱਸੇ ਵਿੱਚ ਪਾਕ ਦਿਲ ਵੀ ਰਹਿੰਦਾ ਸੀ। ਬਾਪ ਦੇ ਘਰ ਵੱਲੋਂ ਵੀ ਕੋਈ ਮਦਦ ਮਿਲਣ ਦੀ ਆਸ ਨਹੀਂ ਸੀ। ਇਸ ਕਰਕੇ ਮਨ ਵਿੱਚ ਇਹ ਖ਼ਿਆਲ ਆਇਆ ਕਿ ਹੁਣ ਮੈਨੂੰ ਆਪਣੇ ਨਿਰਬਾਹ ਲਈ ਕੁਝ ਨਾ ਕੁਝ ਕਾਰੋਬਾਰ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਖ਼ਿਆਲ ਆਇਆ ਕਿ ਮੈਨੂੰ ਰਾਸ਼ਟਰੀ ਕਾਲਜ ਵਿੱਚੋਂ ਰਾਜਸੀ ਵਿਦਿਆ ਲੈ ਕੇ ਦੇਸ਼ ਲਈ ਕੁਝ ਕਰਨਾ ਚਾਹੀਦਾ ਹੈ। ਇਸ ਨਾਲ ਮੈਂ ਦੇਸ਼ ਦੀ ਸੇਵਾ ਵੀ ਕਰ ਸਕਦਾ ਹਾਂ ਤੇ ਨਾਲ ਹੀ ਆਪਣੇ ਨਿਰਬਾਹ ਲਈ ਵੀ ਕੁਝ ਸਾਧਨ ਬਣ ਸਕਦੇ ਹਨ। ਜਦੋਂ ਇਸ ਕਾਲਜ ਬਾਰੇ ਪਤਾ ਕੀਤਾ ਤਾਂ ਇਹ ਕਾਲਜ ਬੰਦ ਹੋ ਗਿਆ ਸੀ। ਸੋ ਇਹ ਖ਼ਿਆਲ ਆਉਂਦਿਆਂ ਹੀ ਖ਼ਤਮ ਹੋ ਗਿਆ। ਪਿਤਾ ਵੱਲੋਂ ਕੁਝ ਨਾ ਮਿਲਣ ਕਰਕੇ ਤੇ ਮਾਂ ਦੇ ਭਾਂਡੇ ਮਾਂਜਣ ਦੀ ਨੌਕਰੀ ਹੋਣ ਕਰਕੇ ਕਿਸੇ ਕਾਰੋਬਾਰ ਲਈ ਪੈਸੇ ਹੋਣੇ ਤਾਂ ਇੱਕ ਪਾਸੇ ਸਗੋਂ ਰੋਟੀ ਦੇ ਵੀ ਸੰਸੇ ਪਏ ਹੋਏ ਸਨ। ਇੱਕ ਖ਼ਿਆਲ ਹੋਰ ਆਇਆ ਕਿ ਕਿਸੇ ਆਸ਼ਰਮ ਵਿੱਚ ਰਹਿ ਕੇ ਮੁਫ਼ਤ ਗਿਆਨੀ ਪਾਸ ਕਰਾਂ ਤੇ ਕੀਰਤਨ ਸਿੱਖ ਕੇ, ਨਾਲੇ ਤਾਂ ਸੰਗਤਾਂ ਦੀ ਸੇਵਾ ਕਰਾਂ ਤੇ ਨਾਲ ਹੀ ਆਪਣੇ ਗੁਜ਼ਰਾਨ ਦਾ ਵਸੀਲਾ ਵੀ ਬਣਾ ਲਵਾਂ। ਇਹ ਵਿਚਾਰ ਚੱਲ ਹੀ ਰਹੇ ਸਨ ਕਿ ਆਟੇ ਵਾਲੇ ਹਰਨਾਮ ਸਿੰਘ ਦੇ ਘਰ ਦੇ ਸਾਹਮਣੇ ਹੀ ਇੱਕ ਹੋਰ ਹੋਟਲ ਵਾਲੇ ਸਰਦਾਰਾਂ ਦਾ ਘਰ ਸੀ। ਇਨ੍ਹਾਂ ਦਾ ਸੋਡਾ ਵਾਟਰ ਦਾ ਕੰਮ ਸੀ। ਇਨ੍ਹਾਂ ਹੋਟਲ ਵਾਲੇ ਸਰਦਾਰ ਜੀ ਦਾ ਅੱਗੇ ਇੱਕ ਹੋਰ ਦੋਸਤ ਸੀ ਜਿਹੜਾ ਕਿਸੇ ਬਿਮਾਰੀ ਦੇ ਕਾਰਨ ਲਾਹੌਰ ਦੇ ਮਸ਼ਹੂਰ ਮਿਓ ਹਸਪਤਾਲ ਵਿੱਚ ਦਾਖ਼ਲ

ਸੀ। ਉਸ ਦਾ ਕੋਈ ਰਿਸ਼ਤੇਦਾਰ ਜਾਂ ਸਕਾ ਸੰਬੰਧੀ ਉਸ ਨੂੰ ਸਾਂਭਣ ਵਾਲਾ ਨਹੀਂ ਸੀ। ਰਾਮਜੀ ਦਾਸ ਬਾਰੇ ਇਹ ਖ਼ਿਆਲ ਤਾਂ ਹਰ ਇੱਕ ਦੇ ਮਨ ਵਿੱਚ ਸੀ ਕਿ ਇਹ ਲੜਕਾ ਬਹੁਤ ਸੂਝਵਾਨ ਤੇ ਭਲਾ ਇਨਸਾਨ ਹੈ, ਪਰ ਹਾਲੇ ਕਿਰਤ-ਕਾਰ ਪੱਖੋਂ ਵਿਹਲਾ ਹੈ। ਸੋਡੇ ਵਾਲੇ ਸਰਦਾਰਾਂ ਨੇ ਮਾਂ ਨੂੰ ਕਿਹਾ ਕਿ ਮੇਰੇ ਦੋਸਤ ਦੀ ਸੇਵਾ ਕਰਨ ਵਾਸਤੇ ਆਪਣੇ ਲੜਕੇ ਰਾਮਜੀ ਦਾਸ ਨੂੰ ਮਹੀਨੇ ਸਵਾ ਮਹੀਨੇ ਲਈ ਹਸਪਤਾਲ ਭੇਜ ਦੇਣ। ਸੋ ਰਾਮਜੀ ਦਾਸ ਮਿਓ ਹਸਪਤਾਲ ਚਲੇ ਗਏ। ਬਿਮਾਰ ਸਰਦਾਰ ਇਕੱਲਾ ਹੀ ਕਮਰੇ ਵਿੱਚ ਰਹਿੰਦਾ ਸੀ।ਉਸ ਦੀ ਸੇਵਾ ਲਈ ਬਜ਼ਾਰੋਂ ਦੁੱਧ, ਦਵਾਈਆਂ, ਘਰ ਤੋਂ ਰੋਟੀ ਤੇ ਫਲ ਆਦਿ ਲਿਆ ਕੇ ਦੇਣਾ ਹੁੰਦਾ ਸੀ ਤੇ ਉਸ ਦੇ ਕੋਲ ਰਹਿਣਾ ਵੀ ਸੀ ਤਾਂ ਕਿ ਕਿਸੇ ਲੋੜ ਵੇਲੇ ਡਾਕਟਰ ਜਾਂ ਨਰਸ ਨੂੰ ਬੁਲਾਇਆ ਜਾ ਸਕੇ।

ਰਾਮਜੀ ਦਾਸ ਨੇ ਇਹ ਉਪਰੋਕਤ ਸਾਰੀਆਂ ਹੀ ਸੇਵਾਵਾਂ ਦਿਲ ਲਾ ਕੇ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਸਰਦਾਰ ਜੀ ਨੂੰ ਮਲ-ਮੂਤਰ ਦੀ ਸ਼ਿਕਾਇਤ ਹੋਣੀ ਤਾਂ ਹਸਪਤਾਲ ਵਿੱਚ ਸਫ਼ਾਈ ਦਾ ਕੰਮ ਕਰਨ ਵਾਲੇ ਕਿਸੇ ਸੇਵਾਦਾਰ ਨੂੰ ਬੁਲਾ ਦੇਣਾ। ਉਹ ਸਰਦਾਰ ਨੂੰ ਬਿਸਤਰੇ ’ਤੇ ਹੀ ਮਲ-ਮੂਤਰ ਕਰਵਾ ਦਿੰਦੇ ਸਨ। ਕੁਝ ਦਿਨਾਂ ਤੋਂ ਮਗਰੋਂ ਰਾਮਜੀ ਦਾਸ ਨੇ ਹੋਰ ਸੇਵਾਵਾਂ ਦੇ ਨਾਲ-ਨਾਲ ਇਹ ਸੇਵਾ ਵੀ ਆਪ ਹੀ ਕਰਨੀ ਸ਼ੁਰੂ ਕਰ ਦਿੱਤੀ ਤੇ ਕਿਸੇ ਹੋਰ ਸੇਵਾਦਾਰ ਨੂੰ ਬੁਲਾਉਣਾ ਬੰਦ ਕਰ ਦਿੱਤਾ। ਸਰਦਾਰ ਜੀ ਦਾ ਮਨ ਰਾਮਜੀ ਦਾਸ ਨਾਲ ਬਹੁਤ ਖ਼ੁਸ਼ ਰਹਿਣ ਲੱਗ ਪਿਆ। ਰਾਮਜੀ ਦਾਸ ਨੂੰ ਤਾਂ ਬਚਪਨ ਤੋਂ ਹੀ ਮਾਂ ਕੋਲੋਂ ਇਹ ਸੇਵਾ ਵਾਲਾ ਗੁਣ ਮਿਲਿਆ ਹੋਇਆ ਸੀ।

ਰਾਮਜੀ ਦਾਸ ਦਾ ਹਿਰਦਾ ਬੜਾ ਸਾਫ਼-ਸੁਥਰਾ ਸੀ ਤੇ ਉਹ ਭਾਵਕ ਬਿਰਤੀ ਦੇ ਇਨਸਾਨ ਸਨ। ਇਸ ਕਰਕੇ ਉਹ ਜੋ ਕੁਝ ਵੀ ਪੜ੍ਹਦੇ, ਸੁਣਦੇ ਜਾਂ ਦੇਖਦੇ ਸਨ, ਇਸ ਸਭ ਕੁਝ ਦਾ ਅਸਰ ਕਬੂਲ ਕਰਦੇ ਸਨ। ਇੱਕ ਵਾਰੀ ਰਾਮਜੀ ਦਾਸ ਨੇ ਦਸਵੀਂ ਜਮਾਤ ਦੇ ਦੌਰਾਨ ਇੱਕ ਕਵਿਤਾ ਪੜ੍ਹੀ ਸੀ ਜਿਸ ਵਿੱਚ ਇੱਕ ਬਾਪ ਆਪਣੇ ਬੱਚੇ ਨੂੰ ਕੁਝ ਸਮਾਨ ਲੈਣ ਭੇਜਦਾ ਹੈ। ਉਹ ਬੱਚਾ ਨੇੜੇ ਦੀ ਦੁਕਾਨ ਤੋਂ ਸੌਦਾ ਖ਼ਰੀਦ ਲੈਂਦਾ ਹੈ। ਉਸ ਦਾ ਪਿਤਾ ਉਸ ਬੱਚੇ ਨੂੰ ਝਿੜਕਦਾ ਹੈ ਕਿ ਤੂੰ ਦੂਰ ਜਾਣ ਦੀ ਖੇਚਲ ਤੋਂ ਬਚਣ ਲਈ ਨੇੜੇ ਦੀ ਦੁਕਾਨ ਤੋਂ ਸੌਦਾ ਖ਼ਰੀਦ ਲਿਆ ਹੈ। ਬੱਚੇ ਨੇ ਆਪਣੇ ਪਿਤਾ ਜੀ ਨੂੰ ਪਿਆਰ ਨਾਲ ਦਲੀਲ ਦਿੱਤੀ ਕਿ ਪਿਤਾ ਜੀ ਜੇਕਰ ਮੈਂ ਇਸ ਦੀ ਦੁਕਾਨ ਤੋਂ ਸੌਦਾ ਨਾ ਖ਼ਰੀਦਾਂ ਤਾਂ ਬਾਕੀ ਲੋਕੀਂ ਵੀ ਨਹੀਂ ਖ਼ਰੀਦਣਗੇ, ਕਿਉਂਕਿ ਉਹ ਸਮਝਣਗੇ ਕਿ ਜਦੋਂ ਇਸ ਤੋਂ ਇਸ ਦੇ ਗੁਆਂਢੀ ਹੀ ਸੌਦਾ ਨਹੀਂ ਖ਼ਰੀਦਦੇ ਤਾਂ ਅਸੀਂ ਕਿਉਂ ਖ਼ਰੀਦੀਏ? ਇਸ ਤਰ੍ਹਾਂ ਉਸ ਦੁਕਾਨਦਾਰ ਦੀ ਦੁਕਾਨਦਾਰੀ ਫੇਲ੍ਹ ਕਰਨ ਵਿੱਚ ਉਸ ਦੇ ਗੁਆਂਢੀਆਂ ਦਾ ਵੀ ਕਾਫ਼ੀ ਹੱਥ ਹੋਵੇਗਾ। ਇਸ ਕਰਕੇ ਸਾਨੂੰ ਆਪਣੇ ਹੀ ਗੁਆਂਢੀ ਦੀ ਦੁਕਾਨ ਤੋਂ ਸੌਦਾ ਲੈਣਾ



ਚਾਹੀਦਾ ਹੈ ਤਾਂ ਕਿ ਉਹ ਕਾਮਯਾਬ ਹੋਵੇ ਤੇ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਤਰੱਕੀ ਦੇ ਰਾਹ ਤੋਰ ਸਕੇ।

### ਦੂਜਿਆਂ ਦੇ ਦਰਦਾਂ ਦਾ ਅਹਿਸਾਸ

ਰਾਮਜੀ ਦਾਸ ਨੇ ਸਰਦਾਰ ਲਈ ਅਨਾਰਕਲੀ ਦੇ ਬਜ਼ਾਰ ਵਿੱਚੋਂ ਸ਼ਾਮ ਨੂੰ ਦੁੱਧ ਲਿਆ ਕੇ ਦੇਣਾ ਹੁੰਦਾ ਸੀ। ਰਾਮਜੀ ਦਾਸ ਨੇ ਜਦੋਂ ਵੀ ਦੁੱਧ ਲੈਣ ਜਾਣਾ ਤਾਂ ਸਰਦਾਰ ਨੇ ਕਹਿਣਾ ਕਿ ਅਨਾਰਕਲੀ ਬਜ਼ਾਰ ਵਿੱਚੋਂ ਇੱਕੋ ਹੀ ਸਿੱਖ ਦੀ ਦੁਕਾਨ ਹੈ ਜਿਹੜਾ ਕਿ ਬੇਈਮਾਨਾ ਨਹੀਂ ਕਰਦਾ, ਪਰ ਉਹ ਆਮ ਦੁਕਾਨਦਾਰਾਂ ਤੋਂ ਅੱਧਾ ਆਨਾ ਦੁੱਧ ਮਹਿੰਗਾ ਦਿੰਦਾ ਹੈ। ਬਾਕੀ ਤਾਂ ਸਾਢੇ ਤਿੰਨ ਆਨੇ ਦਾ ਸੇਰ ਦੁੱਧ ਦਿੰਦੇ ਸਨ ਪਰ ਸਿੱਖ ਚਾਰ ਆਨੇ ਸੇਰ ਦਿੰਦਾ ਸੀ। ਉਸ ਦਾ ਦੁੱਧ ਵਧੀਆ ਤੇ ਮਲਾਈ ਵਾਲਾ ਹੁੰਦਾ ਸੀ ਜਦਕਿ ਬਾਕੀ ਘੱਟ ਮਲਾਈ ਪਾ ਕੇ ਦਿੰਦੇ ਸਨ। ਰਾਮਜੀ ਦਾਸ ਨੂੰ ਦਸਵੀਂ ਜਮਾਤ ਦੀ ਪੜ੍ਹੀ ਹੋਈ ਕਵਿਤਾ ਯਾਦ ਆ ਜਾਂਦੀ ਸੀ ਕਿ ਸਾਨੂੰ ਨੇੜੇ ਦੀ ਦੁਕਾਨ ਛੱਡ ਕੇ ਦੂਰ ਨਹੀਂ ਜਾਣਾ ਚਾਹੀਦਾ ਤਾਂ ਕਿ ਉਸ ਦੁਕਾਨਦਾਰ ਦੇ ਚੌਗਿਰਦੇ ਦੇ ਲੋਕ ਉਸ ਦੀ ਦੁਕਾਨ ਤੋਂ ਸਮਾਨ ਖ਼ਰੀਦਦੇ ਰਹਿਣ। ਰਾਮਜੀ ਦਾਸ ਨੇ ਵੀ ਨੇੜੇ ਦੀ ਦੁਕਾਨ ਤੋਂ ਹੀ ਦੁੱਧ ਲੈ ਲੈਣਾ। ਉਸ ਵਿੱਚ ਮਲਾਈ ਤਾਂ ਘੱਟ ਹੀ ਹੁੰਦੀ ਸੀ ਪਰ ਇੱਕ ਦਿਨ ਉਸ ਨੇ ਦੁੱਧ ਵਿੱਚ ਮਲਾਈ ਜਾਂ ਤਾਂ ਘੱਟ ਪਾਈ ਜਾਂ ਬਿਲਕੁਲ ਹੀ ਨਹੀਂ ਪਾਈ। ਜਦੋਂ ਸਰਦਾਰ ਦੁੱਧ ਪੀਣ ਲੱਗਾ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਦੁੱਧ ਮਲਾਈ ਵਾਲਾ ਨਹੀਂ ਹੈ, ਸੋ ਇਹ ਸਿੱਖ ਦੀ ਦੁਕਾਨ ਦਾ ਦੁੱਧ ਨਹੀਂ ਹੈ। ਸਰਦਾਰ ਜੀ ਨੇ ਸੋਚਿਆ ਕਿ ਰਾਮਜੀ ਦਾਸ ਨੇ ਅੱਧਾ ਆਨਾ ਬਚਾਉਣ ਲਈ ਮੇਰੇ ਨਾਲ ਬੇਈਮਾਨਾ ਕੀਤਾ ਹੈ। ਸਰਦਾਰ ਨੂੰ ਬਹੁਤ ਗੁੱਸਾ ਆਇਆ। ਉਸ ਨੇ ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ। ਸਰਦਾਰ ਨੇ ਕਿਹਾ ਕਿ ਮੈਂ ਤੈਨੂੰ ਆਪਣਾ ਜਾਣ ਕੇ ਹੀ ਪਿਆਰ ਕੀਤਾ ਸੀ। ਤੈਨੂੰ ਆਪਣੇ ਖਾਣ ਵਾਲੇ ਫਲਾਂ ਵਿੱਚੋਂ ਫਲ ਵੀ ਦਿੰਦਾ ਰਿਹਾ ਹਾਂ।ਹੁਣ ਤੂੰ ਇੱਥੋਂ ਚਲਾ ਜਾ, ਜੇ ਨਹੀਂ ਜਾਏਂਗਾ ਤਾਂ ਮੈਂ ਤੈਨੂੰ ਪੁਲਿਸ ਕੋਲ ਪਕੜਾ ਦਿਆਂਗਾ। ਉਹ ਰਾਮਜੀ ਦਾਸ ਦੀ ਇੱਕ ਵੀ ਗੱਲ ਸੁਣਨ ਲਈ ਤਿਆਰ ਨਹੀਂ ਸੀ। ਪਹਿਲਾਂ ਤਾਂ ਰਾਮਜੀ ਦਾਸ ਨੇ ਚੁੱਪ ਕਰਕੇ ਸਰਦਾਰ ਦੀਆਂ ਸਾਰੀਆਂ ਤੱਤੀਆਂ ਠੰਡੀਆਂ ਗੱਲਾਂ ਸੁਣੀਆਂ। ਫਿਰ ਮਗਰੋਂ ਇਤਨੀਆਂ ਮਿੰਨਤਾਂ ਕੀਤੀਆਂ ਤੇ ਕਿਹਾ ਕਿ ਮੈਂ ਨਾ ਤਾਂ ਕੋਈ ਚੋਰੀ ਕੀਤੀ ਹੈ ਅਤੇ ਨਾ ਹੀ ਕੋਈ ਬੇਈਮਾਨਾ ਕੀਤਾ ਹੈ। ਤੁਸੀਂ ਮੇਰੀ ਬੇਗੁਨਾਹੀ ਦੀ ਇੱਕ ਵਾਰੀ ਗੱਲ ਤਾਂ ਸੁਣ ਲਵੋ। ਜੇ ਮੈਂ ਗੁਨਾਹਗਾਰ ਹੋਇਆ ਤਾਂ ਤੁਹਾਡੀ ਦਿੱਤੀ ਹੋਈ ਹਰ ਸਜ਼ਾ ਮੇਰੇ ਲਈ ਮਨਜ਼ੂਰ ਹੋਵੇਗੀ। ਰਾਮਜੀ ਦਾਸ ਨੇ ਆਖਿਰ ਸਰਦਾਰ ਦਾ ਮਨ ਆਪਣੀ ਗੱਲ ਸੁਣਨ ਲਈ ਤਿਆਰ ਕਰ ਲਿਆ। ਰਾਮਜੀ ਦਾਸ ਨੇ ਇਹੋ ਹੀ ਕਿਹਾ ਕਿ ਮੇਰੀ ਮਾਂ ਨੇ ਮੈਨੂੰ ਭਾਂਡੇ ਮਾਂਜ-ਮਾਂਜ ਕੇ ਪਾਲਿਆ ਹੈ। ਮੈਂ ਦਸਵੀਂ ਕਲਾਸ ਵਿੱਚੋਂ ਵੀ ਦੋ ਵਾਰੀ ਫੇਲ੍ਹ ਹੋ ਗਿਆ ਹਾਂ। ਉਸ ਤੋਂ ਮਗਰੋਂ ਮੈਂ ਆਪਣੀ ਮਾਂ ਦੇ ਕਹਿਣ ਤੇ ਤੁਹਾਡੇ ਕੋਲ

ਇਹ ਸੇਵਾ ਕਰਨ ਆਇਆ ਸੀ, ਪਰ ਜਦੋਂ ਮੇਰੀ ਮਾਂ ਨੂੰ ਪਤਾ ਲੱਗੇਗਾ ਕਿ ਮੈਂ ਇੱਥੇ ਵੀ ਕਾਮਯਾਬ ਨਹੀਂ ਹੋਇਆ ਤਾਂ ਉਹ ਕੀ ਸੋਚੇਗੀ? ਉਸ ਦੇ ਮਨ ਨੂੰ ਨਾ ਸਹਿਣ ਕਰਨ ਵਾਲੀ ਸੱਟ ਵੱਜੇਗੀ। ਜਦੋਂ ਮੇਰੀ ਮਾਂ ਨੂੰ ਇਹ ਪਤਾ ਲੱਗੇਗਾ ਕਿ ਮੈਂ ਅੱਧੇ ਆਨੇ ਦਾ ਬੇਈਮਾਨਾ ਕੀਤਾ ਹੈ ਤਾਂ ਜਿਨ੍ਹਾਂ ਦੇ ਘਰ ਮਾਂ ਕੰਮ ਕਰਦੀ ਹੈ ਉਨ੍ਹਾਂ ਨੂੰ ਕੀ ਮੂੰਹ ਦਿਖਾਏਗੀ? ਮੈਂ ਇਹ ਬੇਈਮਾਨਾ ਨਹੀਂ ਕੀਤਾ, ਤੁਸੀਂ ਪੈਸਿਆਂ ਦਾ ਹਿਸਾਬ ਕਰ ਕੇ ਦੇਖ ਲਵੋ, ਮੈਂ ਤਾਂ ਜੋ ਕੁਝ ਪੜ੍ਹਿਆ ਸੁਣਿਆ ਸੀ ਉਸ ਨੂੰ ਹੀ ਕਮਾ ਕੇ ਦੇਖਣਾ ਚਾਹੁੰਦਾ ਸੀ। ਰਾਮਜੀ ਦਾਸ ਨੇ ਆਪਣੀ ਦਸਵੀਂ ਜਮਾਤ ਦੀ ਪੜ੍ਹੀ ਹੋਈ ਕਵਿਤਾ ਸੁਣਾ ਦਿੱਤੀ, ਤਾਂ ਜਾ ਕੇ ਸਰਦਾਰ ਜੀ ਨੂੰ ਚੈਨ ਆਇਆ। ਅਸਲ ਵਿੱਚ ਸਰਦਾਰ ਜੀ ਨੇ ਵੀ ਇਮਾਨਦਾਰੀ ਦਾ ਬਹੁਤ ਵੱਡਾ ਮੁੱਲ ਤਾਰਿਆ ਹੋਇਆ ਸੀ। ਸਰਦਾਰ ਜੀ ਨੇ ਕਿਸੇ ਹੋਰ ਬੰਦੇ ਨਾਲ ਹਿੱਸੇਦਾਰੀ ਤੇ ਠੇਕੇਦਾਰੀ ਕੀਤੀ ਸੀ ਪਰ ਉਸ ਨੇ ਬੇਈਮਾਨਾ ਕੀਤਾ ਤਾਂ ਸਰਦਾਰ ਨੇ ਸਭ ਕੁਝ ਛੱਡ ਕੇ ਆਪਣੇ ਆਪ ਨੂੰ ਵੱਖ ਕਰ ਲਿਆ ਸੀ। ਉਸ ਨੇ ਸਾਰੀ ਜ਼ਿੰਦਗੀ ਬੇਈਮਾਨਾ ਨਹੀਂ ਕੀਤਾ ਸੀ। ਸਰਦਾਰ ਜੀ ਨੇ ਆਪਣੀ ਵੀ ਜੀਵਨ ਗਾਥਾ ਰਾਮਜੀ ਦਾਸ ਨੂੰ ਸੁਣਾ ਦਿੱਤੀ। {ਮਾਣਸੁ ਕਿਆ ਵੇਚਾਰਾ ਰਾਮ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ੨੦੧੯, ਪੰਨੇ ੧੫ ਤੋਂ ੧੮}। ਸਰਦਾਰ ਜੀ ਨੂੰ ਰਾਮਜੀ ਦਾਸ ਹੁਣ ਹੋਰ ਵੀ ਪਿਆਰਾ ਲੱਗਣ ਲੱਗ ਗਿਆ ਸੀ। ਸਰਦਾਰ ਸੋਚਦਾ ਸੀ ਕਿ ਮੈਨੂੰ ਤਾਂ ਮੇਰਾ ਹੀ ਫ਼ਿਕਰ ਹੈ ਪਰ ਇਹ ਤਾਂ ਮੇਰੇ ਕੋਲ ਫਰੀ ਸੇਵਾ ਕਰਦਾ ਹੋਇਆ ਵੀ ਕਿਸੇ ਦੂਜੇ ਬੰਦੇ ਬਾਰੇ ਵਿੱਚ ਵੀ ਕਿੰਨੀ ਸੋਚ ਰੱਖਦਾ ਹੈ ਕਿ ਉਸ ਦੀ ਦੁਕਾਨਦਾਰੀ ਨੂੰ ਕੋਈ ਠੋਕਰ ਨਾ ਵੱਜੇ। ਉਸ ਦੇ ਘਰ ਵੀ ਖੁਸ਼ੀਆਂ ਤੇ ਰੌਣਕਾਂ ਹੋਣ।

### ਰੁਜ਼ਗਾਰ ਅਤੇ ਉਪਕਾਰ

ਰਚਨਹਾਰ ਨੇ ਦੁਨੀਆਂ ਦੀ ਰਚਨਾ ਬਹੁਤ ਰੰਗਾਂ ਦੀ ਕੀਤੀ ਹੋਈ ਹੈ। ਜਿਹੋ ਜਿਹੇ ਸੰਸਕਾਰ ਮਨੁੱਖ ਨੂੰ ਬਚਪਨ ਤੋਂ ਮਿਲਦੇ ਹਨ ਉਹ ਉਸ ਤਰ੍ਹਾਂ ਦੀ ਹੀ ਅੱਖ ਨਾਲ ਸੰਸਾਰ ਨੂੰ ਦੇਖਦਾ ਤੇ ਮਹਿਸੂਸਦਾ ਹੈ। ਰਾਮਜੀ ਦਾਸ ਨੂੰ ਤਾਂ ਮਾਂ ਨੇ ਨਿੱਕੀ ਉਮਰ ਤੋਂ ਹੀ ਦੂਜਿਆਂ ਦੇ ਦਰਦ ਨੂੰ ਸਮਝਣ ਵਾਲੀ ਗੁੜ੍ਹਤੀ ਦਿੱਤੀ ਹੋਈ ਸੀ। ਇਸ ਕਰਕੇ ਜਦੋਂ ਵੀ ਰਾਮਜੀ ਦਾਸ ਕਿਸੇ ਲੋੜਵੰਦ ਨੂੰ ਦੇਖਦੇ ਤਾਂ ਉਨ੍ਹਾਂ ਦਾ ਹਿਰਦਾ ਤਤਪਰ ਹੋ ਜਾਂਦਾ ਸੀ ਕਿ ਇਸ ਦਾ ਦੁੱਖ ਮੈਂ ਆਪਣੀ ਝੋਲੀ ਵਿੱਚ ਪਵਾ ਲਵਾਂ ਤੇ ਇਸ ਦੁਖਿਆਰੇ ਨੂੰ ਸੁੱਖੀ ਕਰ ਦਿਆਂ।

ਇਨ੍ਹਾਂ ਦਿਨਾਂ ਵਿੱਚ ਹੀ ਰਾਮਜੀ ਦਾਸ ਨੇ ਇੱਕ ਗੱਲ ਹੋਰ ਦੇਖੀ ਸੀ ਕਿ ਹਸਪਤਾਲ ਵਿੱਚ ਬਹੁਤ ਰੋਗੀ ਅਜਿਹੇ ਹਨ ਜਿਨ੍ਹਾਂ ਦੇ ਨਾਲ ਕੋਈ ਨਹੀਂ ਹੁੰਦਾ। ਕੋਈ ਦਵਾਈ ਮੰਗਾਉਣ ਲਈ, ਕੋਈ ਬਾਥਰੂਮ ਜਾਣ ਲਈ, ਕੋਈ ਹੋਰ ਜ਼ਰੂਰਤ ਪੂਰੀ ਕਰਨ ਲਈ, ਕਈ ਵਾਰੀ ਸਾਰੀ ਸਾਰੀ ਦਿਹਾੜੀ ਉਡੀਕਦਾ ਰਹਿੰਦਾ ਸੀ ਤਾਂ ਕੋਈ ਥੋੜ੍ਹੀ ਬਹੁਤ ਸਹਾਇਤਾ ਕਰ ਦਿੰਦਾ ਸੀ। ਰਾਮਜੀ ਦਾਸ ਦੇ ਮਨ ਵਿੱਚ



ਇਹ ਖ਼ਿਆਲ ਪੱਕਾ ਬਣ ਗਿਆ ਕਿ ਮੈਨੂੰ ਕੰਪੋਡਰੀ ਸਿੱਖਣੀ ਚਾਹੀਦੀ ਹੈ। ਇਸ ਨਾਲ ਮੈਂ ਇਨ੍ਹਾਂ ਗ਼ਰੀਬਾਂ ਤੇ ਅਪਾਹਿਜ ਲੋਕਾਂ ਦੀ ਰੱਜ ਕੇ ਮਦਦ ਕਰ ਸਕਦਾ ਹਾਂ। ਸੜਕਾਂ 'ਤੇ ਪਏ ਅਨਾਥ ਲੋਕਾਂ ਦੀ ਮਲ੍ਹਮ ਪੱਟੀ ਕਰਿਆ ਕਰਾਂਗਾ ਤੇ ਨਾਲ ਹੀ ਆਪਣਾ ਤੇ ਮਾਂ ਦਾ ਗੁਜ਼ਾਰਾ ਚੰਗਾ ਚਲਾ ਸਕਦਾ ਹੈ। ਇਨ੍ਹਾਂ ਵਿਚਾਰਾਂ ਦੇ ਨਾਲ ਹੀ ਸੰਨ ੧੯੨੭ ਦੀ ਫ਼ਰਵਰੀ ਨੂੰ ਰਾਮਜੀ ਦਾਸ ਕੰਪੋਡਰੀ ਸਿੱਖਣ ਲੱਗ ਪਏ। ਇਸ ਦਾ ਸਮਾਂ ਸਵੇਰੇ ੯ ਵਜੇ ਤੋਂ ਦਿਨ ਦੇ ਇੱਕ ਵਜੇ ਤਕ ਦਾ ਹੁੰਦਾ ਸੀ। ਮਿਓ ਹਸਪਤਾਲ ਦੇ ਸਾਹਮਣੇ ਹੀ ਦਿਆਲ ਸਿੰਘ ਲਾਇਬ੍ਰੇਰੀ ਸੀ। ਉਹ ਬਾਕੀ ਬਚਦਾ ਸਮਾਂ ਇਸ ਲਾਇਬਰੇਰੀ ਵਿੱਚ ਜਾ ਕੇ ਪੜ੍ਹਨ ਲੱਗ ਜਾਂਦੇ ਸਨ।

ਭਾਰਤ, ਲੰਮੇ ਸਮੇਂ ਤੋਂ ਗੋਰਿਆਂ ਦਾ ਗ਼ੁਲਾਮ ਚੱਲਿਆ ਆ ਰਿਹਾ ਸੀ। ਦੇਸ਼ ਦੇ ਚੇਤੰਨ ਲੋਕ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਇਸ ਲਾਇਬ੍ਰੇਰੀ ਵਿੱਚ ਮਹਾਤਮਾ ਗਾਂਧੀ ਦਾ ਸਪਤਾਹਿਕ ਅੰਗਰੇਜ਼ੀ ਦਾ ਅਖ਼ਬਾਰ "ਯੰਗ ਇੰਡੀਆ" ਆਇਆ ਕਰਦਾ ਸੀ। ਇਸ ਅਖ਼ਬਾਰ ਵਿੱਚ ਦੇਸ਼ ਦੀਆਂ ਚੀਜ਼ਾਂ ਵਰਤ ਕੇ ਦੇਸ਼ ਵਾਸੀਆਂ ਨੂੰ ਉੱਨਤ ਕਰਨ ਲਈ ਕਈ ਵਧੀਆ ਖ਼ਿਆਲ ਆਇਆ ਕਰਦੇ ਸਨ; ਜਿਵੇਂ ਕਿ ਦੇਸ਼ ਦੇ ਲੋਕਾਂ ਦਾ ਹੱਥੀਂ ਤਿਆਰ ਕੀਤਾ ਹੋਇਆ ਕੱਪੜਾ ਪਹਿਨਣ ਦੀ ਪ੍ਰੇਰਨਾ ਆਦਿਕ। ਰਾਮਜੀ ਦਾਸ 'ਤੇ ਮਹਾਤਮਾ ਗਾਂਧੀ ਦੇ ਇਨ੍ਹਾਂ ਲੇਖਾਂ ਦਾ ਬਹੁਤ ਅਸਰ ਹੁੰਦਾ ਸੀ। ਇਸ ਕਰਕੇ ਉਨ੍ਹਾਂ ਨੇ ਆਪ ਵੀ ਦੇਸੀ ਖੱਦਰ ਪਹਿਨਣਾ ਸ਼ੁਰੂ ਕਰ ਦਿੱਤਾ। ਰਾਮਜੀ ਦਾਸ ਦੇ ਮਨ ਵਿੱਚ ਉਬਾਲ ਉੱਠਦੇ ਰਹਿੰਦੇ ਸਨ ਕਿ ਲਾਇਬ੍ਰੇਰੀਆਂ ਦੀਆਂ ਸ਼ੈਲਫਾਂ 'ਤੇ ਪਈਆਂ ਕਿਤਾਬਾਂ ਦਾ ਗਿਆਨ ਅਤੇ ਗਾਂਧੀ ਜੀ ਦੇ ਵਿਚਾਰ ਦੇਸ਼ ਪ੍ਰੇਮੀਆਂ ਜਾਂ ਦੇਸ਼ ਵਾਸੀਆਂ ਦੇ ਹਿਰਦਿਆਂ ਤਕ ਪਹੁੰਚਾ ਦੇਵਾਂ। ਆਖਿਰ ਮਨ ਨੇ ਇਹ ਫ਼ੈਸਲਾ ਕਰ ਹੀ ਲਿਆ ਕਿ ਮੈਂ ਕਿਸੇ ਰੁਜ਼ਗਾਰ ਲਈ ਨਹੀਂ ਸਗੋਂ ਮਨੁੱਖਤਾ ਦੇ ਪਿਆਰ ਲਈ ਆਪਣਾ ਜੀਵਨ ਸਮਰਪਿਤ ਕਰ ਦੇਣਾ ਹੈ। {ਉਹੀ ਪੰਨਾ ੨੫}।

### ਰਾਮਜੀ ਦਾਸ ਤੋਂ ਭਗਤ ਪੂਰਨ ਸਿੰਘ

ਰਾਮਜੀ ਦਾਸ ਗੁਰੂ ਘਰ ਡੇਹਰਾ ਸਾਹਿਬ ਵਿਖੇ ਅਥਾਹ ਸੇਵਾ ਕਰਨ ਲੱਗ ਪਏ ਸਨ। ਜੁਆਨੀ ਪਹਿਰੇ ਵਿੱਚ ਸੇਵਾ ਦੀ ਲਗਨ, ਮਨ ਦਾ ਚਾਉ ਤੇ ਮਾਸੂਮ ਚਿਹਰਾ ਹੋਣ ਕਰਕੇ ਰਾਮਜੀ ਦਾਸ ਸਭਨਾਂ ਦੀਆਂ ਨਜ਼ਰਾਂ ਵਿੱਚ ਭਾਅ ਗਏ। ਉਨ੍ਹਾਂ ਨੂੰ ਕੀਰਤਨ ਸੁਣਦਿਆਂ, ਸੇਵਾ ਕਰਦਿਆਂ ਦੇਖ ਕੇ ਇੱਕ ਦਿਨ ਭਾਈ ਤੇਜਾ ਸਿੰਘ ਨੇ ਕਿਹਾ ਕਿ ਕਾਕਾ ਤੂੰ ਕਿੱਥੋਂ ਆਉਂਦਾ ਹੈਂ ਤੇ ਕੀ ਕਰਨ ਆਉਂਦਾ ਹੈਂ? ਰਾਮਜੀ ਦਾਸ ਨੇ ਬੜੇ ਪਿਆਰ ਨਾਲ ਕਿਹਾ ਕਿ "ਮੈਂ ਸਰਦਾਰ ਹਰਨਾਮ ਸਿੰਘ ਆਟੇ ਵਾਲਿਆਂ ਕੋਲ ਰਹਿੰਦਾ ਹਾਂ ਤੇ ਮੈਂ ਆਪਣਾ ਜੀਵਨ ਸੇਵਾ ਵਿੱਚ ਲਾਉਣਾ ਚਾਹੁੰਦਾ ਹਾਂ।" ਇਹ ਗੱਲ ਸੁਣ ਕੇ ਤੇਜਾ ਸਿੰਘ ਨੇ ਆਪਣੇ ਅਹਿਲਕਾਰ ਸਰਦਾਰ ਹੀਰਾ ਸਿੰਘ ਨੂੰ ਕਿਹਾ ਕਿ ਇਸ ਬੱਚੇ ਨੂੰ ਸੰਭਾਲਣ ਦੀ ਲੋੜ ਹੈ। ਇਹ

ਬੱਚਾ ਆਪਣਾ ਜੀਵਨ ਗੁਰੂ ਘਰ ਦੀ ਸੇਵਾ ਵਿੱਚ ਲਾਉਣਾ ਚਾਹੁੰਦਾ ਹੈ। ਇਸ ਤਰ੍ਹਾਂ ਗੁਰੂ ਘਰ ਦੀ ਸੇਵਾ, ਸੰਗਤਾਂ ਦੀ ਪ੍ਰੇਰਨਾ, ਮਾਂ ਦੀਆਂ ਮਿੱਠੀਆਂ ਪਿਆਰੀਆਂ ਨਸੀਹਤਾਂ, ਫ਼ਤਹਿਗੜ੍ਹ ਸਾਹਿਬ ਵਿਖੇ ਸਿੱਖੀ ਦੇ ਦਰਸ਼ਨ ਕਰਕੇ ਇਨ੍ਹਾਂ ਸਭ ਗੱਲਾਂ ਨੇ ਇਹ ਮਨ ਬਣਾ ਦਿੱਤਾ। ਜਿਸ ਨਾਲ ਰਾਮਜੀ ਦਾਸ ਪੂਰਨ ਸਿੰਘ ਬਣ ਗਿਆ। ਜੀਵਨ ਦੇ ਸਫ਼ਰ ਵਿੱਚ ਮਾਂ ਦੇ ਦਿੱਤੇ ਸ਼ੁੱਭ ਗੁਣਾਂ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਰਹਿਮਤ ਤੇ ਅਗਵਾਈ ਵੀ ਮਿਲ ਗਈ ਸੀ।

'ਇੱਕ ਦਿਨ ਗਿਆਨੀ ਕਰਤਾਰ ਸਿੰਘ ਨੇ ਉਨ੍ਹਾਂ ਦੀ ਸੇਵਾ ਭਾਵਨਾ ਤੇ ਸੰਗਤੀ ਪਿਆਰ ਸਤਿਕਾਰ ਦੇਖ ਕੇ ਉਨ੍ਹਾਂ ਦੇ ਨਾਮ ਨਾਲ ਭਗਤ ਸ਼ਬਦ ਲਾ ਦਿੱਤਾ। ਇਹ ਕੁਦਰਤੀ ਵਰਤਾਰਾ ਹੈ ਕਿ ਜਿਹੜਾ ਰਾਮਜੀ ਦਾਸ ਗ਼ਰੀਬੀ ਪੱਖੋਂ ਅਧੂਰਾ ਸੀ, ਪੜ੍ਹਾਈ ਪੱਖੋਂ ਅਧੂਰਾ ਸੀ, ਪਰਿਵਾਰਕ ਸੁੱਖ ਸਹੂਲਤਾਂ ਤੋਂ ਅਧੂਰਾ ਸੀ, ਉਸ ਨੇ ਜਦੋਂ ਪੂਰੇ ਦੀ ਅਰਾਧਨਾ ਕੀਤੀ ਤਾਂ ਪੂਰੇ ਨੇ ਰਾਮਜੀ ਦਾਸ ਨੂੰ ਵੀ ਪੂਰਾ ਕਰ ਦਿੱਤਾ ਤੇ ਉਹ ਹੁਣ ਭਗਤ ਪੂਰਨ ਸਿੰਘ ਬਣ ਗਿਆ।' {ਮੁਖਤਾਰ ਸਿੰਘ ਗੁਰਾਇਆ, ਜਨਮ ਸ਼ਤਾਬਦੀ, ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ। ੨੦੧੪, ਪੰਨਾ ੮੦}।

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥**
**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥** {ਅੰ: ੨੯੫}

ਆਮ ਕਰਕੇ ਜਿਹੋ ਜਿਹਾ ਬੰਦੇ ਦਾ ਨਾਮ ਹੁੰਦਾ ਹੈ, ਉਸ ਵਿੱਚ ਆਪਣੇ ਨਾਮ ਵਰਗੇ ਗੁਣ ਨਹੀਂ ਹੁੰਦੇ। ਭਗਤ ਪੂਰਨ ਸਿੰਘ ਵੀ ਤਿੰਨ ਸ਼ਬਦਾਂ ਦਾ ਮੇਲ ਹੈ। ਇਹ ਕੇਵਲ ਤਿੰਨ ਸ਼ਬਦਾਂ ਵਾਲਾ ਨਾਮ ਹੀ ਨਹੀਂ ਸੀ ਬਲਕਿ ਉਨ੍ਹਾਂ ਵਿੱਚ ਆਪਣੇ ਨਾਮ ਵਾਲੇ ਬਹੁਤੇ ਗੁਣ ਵੀ ਮੌਜੂਦ ਸਨ। ਪਹਿਲਾ ਸ਼ਬਦ "ਭਗਤ" ਸੀ। ਇਹ ਕੇਵਲ ਨਾਮ ਦੇ ਹੀ ਭਗਤ ਨਹੀਂ ਸਨ ਬਲਕਿ ਉਨ੍ਹਾਂ ਦਾ ਅੰਦਰਲਾ ਜੀਵਨ ਵੀ ਭਗਤਾਂ ਵਰਗਾ ਹੀ ਸੀ। ਗੁਰਬਾਣੀ ਅਨੁਸਾਰ ਭਗਤ ਜੀ ਦੀ ਜ਼ਿੰਦਗੀ ਦਾ ਇਹ ਗੁਣ ਹੁੰਦਾ ਹੈ ਕਿ ਉਹ ਠੀਕ ਤਰੀਕੇ ਨਾਲ ਮਾਇਆ ਕਮਾਉਂਦੇ ਹਨ। ਇਸ ਮਾਇਆ ਵਿੱਚੋਂ ਉਹ ਰੱਬ ਦੇ ਅਰਥ ਹੋਰ ਲੋਕਾਂ ਨਾਲ ਵੀ ਮਿਲ ਕੇ ਵਰਤਦੇ ਹਨ।ਉਨ੍ਹਾਂ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਰੱਬੀ ਭੰਡਾਰਿਆਂ ਵਿੱਚ ਕਦੇ ਤੋਟ ਨਹੀਂ ਆਉਂਦੀ। ਇਹ ਪ੍ਰਤੱਖ ਯਕੀਨ ਹੋਣ ਕਰਕੇ ਉਹ ਮਾਇਆ ਨੂੰ ਕਦੇ ਪਿਆਰ ਨਹੀਂ ਕਰਦੇ, ਸਗੋਂ ਲੋਕਾਂ ਨੂੰ ਪਿਆਰ ਕਰਕੇ ਲੋੜਵੰਦਾਂ ਵਿੱਚ ਮਾਇਆ ਨੂੰ ਵੰਡਦੇ ਰਹਿੰਦੇ ਹਨ। ਭਗਤਾਂ ਨੂੰ ਆਪਣੇ ਰੱਬ ਤੋਂ ਬਿਨਾਂ ਹੋਰ ਕਿਸੇ ਦਾ ਚੇਤਾ ਵੀ ਨਹੀਂ ਆਉਂਦਾ। ਉਨ੍ਹਾਂ ਨੂੰ ਦਾਤਾ ਇੱਕੋ ਹੀ ਨਜ਼ਰ ਆਉਂਦਾ ਹੈ।

**ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥**
**ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ॥**



**ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ॥**
**ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ॥**
**ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ॥**

{ਅੰਗ ੧੨੪੬}

ਅਰੋਗ ਜੁੱਸੇ ਵਿੱਚ ਮਨੁੱਖਤਾ ਲਈ ਮੁਹੱਬਤ ਭਰਿਆ ਦਿਲ ਸੀ। ਰੱਬੀ ਰਜ਼ਾ ਵਿੱਚ ਰਹਿਣ ਵਾਲੇ ਭਗਤਾਂ ਵਾਲੇ ਗੁਣ ਵੀ ਸਨ। ਇਸ ਕਰਕੇ ਭਗਤ ਕੇਵਲ ਅੱਖਰਾਂ ਵਾਲਾ ਨਾਮ ਹੀ ਨਹੀਂ ਸੀ, ਬਲਕਿ ਉਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਭਗਤਾਂ ਵਾਲੇ ਗੁਣ ਸਨ।

ਦੂਜਾ ਉਨ੍ਹਾਂ ਦੇ ਨਾਮ ਦਾ ਸ਼ਬਦ ਹੈ ਪੂਰਨ। ਹਰ ਬੰਦੇ ਵਿੱਚ ਕਿਸੇ ਨਾ ਕਿਸੇ ਪੱਖ ਦੀ ਕੋਈ ਨਾ ਕੋਈ ਕਮਜ਼ੋਰੀ ਹੁੰਦੀ ਹੈ। ਗੁਰੂ ਸਾਹਿਬ ਜੀ ਤੋਂ ਸਿੱਖਿਆ ਲੈ ਕੇ ਜੀਵਨ ਗੁਜ਼ਾਰਨ ਵਾਲਾ ਆਪਣੇ ਜੀਵਨ ਦੀਆਂ ਕਮਜ਼ੋਰੀਆਂ ਨੂੰ ਜਿੱਤ ਲੈਂਦਾ ਹੈ। ਕਮਜ਼ੋਰੀਆਂ ਨਾਲ ਹੀ ਤਾਂ ਬੰਦਾ ਡੋਲਦਾ ਹੈ। ਸੋ ਜਿਨ੍ਹਾਂ ਨੇ ਪੂਰੇ ਦਾ ਲੜ ਫੜਿਆ ਹੁੰਦਾ ਹੈ ਉਹ ਅਧੂਰੇ ਨਹੀਂ ਹੁੰਦੇ। ਜਦੋਂ ਆਪਾਂ ਭਗਤ ਪੂਰਨ ਸਿੰਘ ਜੀ ਦੀ ਜ਼ਿੰਦਗੀ ਦੀ ਤਸਵੀਰ ਦੇਖਦੇ ਹਾਂ ਤਾਂ ਉਨ੍ਹਾਂ ਦੇ ਜੀਵਨ ਵਿੱਚੋਂ ਪੂਰਨਤਾ ਝਲਕਦੀ ਹੈ। ਉਹ ਪੂਰੀ ਜ਼ਿੰਦਗੀ ਨਹੀਂ ਡੋਲੇ।

**ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ॥**
**ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥** {ਅੰ:੩੦੦}

ਤੀਜਾ ਉਹ ਸਿੰਘ ਬਣ ਗਏ ਸਨ। ਸਿੰਘ ਸ਼ਬਦ ਦਾ ਅਰਥ 'ਸ਼ੇਰ' ਹੁੰਦਾ ਹੈ। ਉਨ੍ਹਾਂ ਨੇ ਆਪ ਵੀ ਸਾਰੀ ਜ਼ਿੰਦਗੀ ਜੀਵਨ ਦੀਆਂ ਮੁਸ਼ਕਲਾਂ ਨਾਲ ਸ਼ੇਰ (ਸਿੰਘ) ਬਣ ਕੇ ਮੁਕਾਬਲਾ ਕੀਤਾ ਹੈ। ਮੁਸੀਬਤਾਂ ਦੇ ਪਹਾੜਾਂ ਨੇ ਕਿਵੇਂ ਰਸਤੇ ਰੋਕੇ ਇਹ ਅੱਗੇ ਜਾ ਕੇ ਜ਼ਿਕਰ ਕਰਾਂਗੇ। ਇਹ ਤਿੰਨੇ ਹੀ ਸ਼ਬਦ, ਭਗਤ, ਪੂਰਨ ਅਤੇ ਸਿੰਘ ਉਨ੍ਹਾਂ ਦੀ ਜ਼ਿੰਦਗੀ ਦੀ ਤਸਵੀਰ ਵੀ ਹਨ।

### ਗੁਰਦੁਆਰਾ ਡੇਹਰਾ ਸਾਹਿਬ

ਗੁਰਦੁਆਰਾ ਡੇਹਰਾ ਸਾਹਿਬ ਗੁਰੂ ਅਰਜਨ ਸਾਹਿਬ ਜੀ ਦੀ ਯਾਦ ਵਿੱਚ ਬਣਿਆ ਸਿੱਖ ਕੌਮ ਦਾ ਇੱਕ ਬਹੁਤ ਪ੍ਰਸਿੱਧ ਅਸਥਾਨ ਹੈ। ਇੱਥੇ ਗੁਰੂ ਅਰਜਨ ਸਾਹਿਬ ਜੀ ਨੂੰ, ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ। ਗੁਰੂ ਅਰਜਨ ਸਾਹਿਬ ਜੀ ਭਾਰਤੀ ਤਵਾਰੀਖ਼ ਦੇ ਪਹਿਲੇ ਸ਼ਹੀਦ ਹੋਣ ਕਰਕੇ ਇਸ ਅਸਥਾਨ ਦਾ ਸਿੱਖ ਸੰਗਤਾਂ ਦੇ ਮਨਾਂ ਵਿੱਚ ਵੱਖਰੀ ਕਿਸਮ ਦਾ ਸਤਿਕਾਰ ਹੈ। ਇੱਥੇ ਦਿਨ ਰਾਤ ਸੰਗਤਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਸੀ। ਹਰ ਰੋਜ਼ ਹੀ ਕਰੀਬ ਸੌ ਡੇਢ ਸੌ ਦੇ ਕਰੀਬ ਯਾਤਰੂ ਮੁਸਾਫ਼ਰਖ਼ਾਨੇ ਵਿੱਚ ਸੌਂਦੇ ਸਨ। ਭਗਤ ਪੂਰਨ ਸਿੰਘ ਨੇ ਉਨ੍ਹਾਂ ਲਈ ਲੰਗਰ ਪ੍ਰਸ਼ਾਦੇ ਦਾ ਪ੍ਰਬੰਧ ਕਰਨਾ, ਗੁਰੂ ਘਰ

ਦੀ ਸੇਵਾ ਸਫ਼ਾਈ, ਤੱਪੜ ਝਾੜਨੇ, ਝਾੜੂ ਦੇਣਾ, ਕਈ ਯਾਤਰੂਆਂ ਨੂੰ ਕਿਰਾਇਆ ਵੀ ਇਕੱਠਾ ਕਰਕੇ ਦੇਣਾ ਅਦਿਕ। ਕਈ ਵਾਰੀ ਇਨ੍ਹਾਂ ਮੁਸਾਫ਼ਰਾਂ ਵਿੱਚ ਕਈ ਅਪਾਹਿਜ ਵੀ ਹੁੰਦੇ ਸਨ ਜਿਨ੍ਹਾਂ ਨੂੰ ਹਸਪਤਾਲ ਵੀ ਲਿਜਾਣਾ ਪੈਂਦਾ ਸੀ। ਭਗਤ ਪੂਰਨ ਸਿੰਘ ਨੇ ਇੱਕ ਰਿਕਸ਼ਾ ਲਿਆ। ਇਸ ਦਾ ਅਗਲਾ ਪਹੀਆ ਪਹਿਲਾਂ ਹੀ ਕਾਫ਼ੀ ਖ਼ਰਾਬ ਹਾਲਤ ਵਿੱਚ ਸੀ। ਉਸ ਨੂੰ ਠੀਕ ਕਰਾਉਣ ਵਾਸਤੇ ਪੈਸੇ ਵੀ ਨਹੀਂ ਸਨ। ਭਗਤ ਜੀ ਨੇ ਉਸਦਾ ਅਗਲਾ ਪਹੀਆ ਉਤਾਰ ਕੇ ਬਾਂਸ ਦੇ ਡੰਡਿਆਂ ਨਾਲ ਹੱਥਾਂ ਨਾਲ ਖਿੱਚਣ ਵਾਲਾ ਬਣਾ ਲਿਆ। ਇਸ ਕਰਕੇ ਰੋਗੀਆਂ ਜਾਂ ਅਪਾਹਿਜਾਂ ਨੂੰ ਸੌਖੇ ਹੀ ਹਸਪਤਾਲ ਲਿਜਾਇਆ ਜਾਂਦਾ ਸੀ। ਇਹ ਪਿੰਗਲਵਾੜੇ ਦੀ ਇੱਕ ਆਪਣੀ ਹੀ ਕਿਸਮ ਦੀ ਪਹਿਲੀ ਐਂਬੂਲੈਂਸ ਸੀ। ਅੰਮ੍ਰਿਤ ਵੇਲੇ ਤੋਂ ਉੱਠ ਕੇ ਰਾਤ ਦੇ ਦਸ ਵਜੇ ਤਕ ਇਹ ਸੇਵਾ ਚਲਦੀ ਰਹਿੰਦੀ ਸੀ। ਜਦੋਂ ਸਾਰੇ ਹੀ ਅਰਾਮ ਨਾਲ ਟਿੱਕ ਜਾਂਦੇ ਸਨ ਤਾਂ ਹੀ ਭਗਤ ਪੂਰਨ ਸਿੰਘ ਨੂੰ ਚੈਨ ਆਉਂਦਾ ਸੀ। ਕਿਸੇ ਨੂੰ ਤਾਂ ਬਿਸਤਰ ’ਤੇ, ਕਿਸੇ ਨੂੰ ਅਰਾਮਦਾਇਕ ਘਰ ਵਿੱਚ; ਪਰ ਭਗਤ ਜੀ ਨੂੰ ਤਾਂ ਇਸ ਸੇਵਾ ਨਾਲ ਖੁਸ਼ੀ, ਖੇੜਾ ਤੇ ਅਰਾਮ ਅਉਂਦਾ ਸੀ। ਇਸ ਤਰ੍ਹਾਂ ਸੰਗਤਾਂ ਦੀ ਸੇਵਾ ਵਿੱਚ ਪਤਾ ਵੀ ਨਾ ਲੱਗਦਾ ਕਿ ਕਦੋਂ ਦਿਨ ਤੋਂ ਰਾਤ ਤੇ ਰਾਤ ਤੋਂ ਦਿਨ ਹੁੰਦਾ ਸੀ। ਭਗਤ ਪੂਰਨ ਸਿੰਘ ਦਾ ਸਾਰੀਆਂ ਹੀ ਸੰਗਤਾਂ ਵਿੱਚ ਬਹੁਤ ਮਾਨ ਸਨਮਾਨ ਸੀ। ਭਗਤ ਜੀ ਵੀ ਇਸ ਗੱਲ ਦਾ ਖ਼ਿਆਲ ਰੱਖਦੇ ਸਨ ਕਿ ਕਿਸੇ ਦੀ ਸੇਵਾ ਕਰਦਿਆਂ ਕੋਈ ਕਮੀ ਨਾ ਰਹਿ ਜਾਵੇ ਜਾਂ ਫਿਰ ਕੋਈ ਗ਼ਲਤੀ ਨਾ ਹੋ ਜਾਵੇ।

ਅਨੇਕਾਂ ਰੁਝੇਵਿਆਂ ਵਿੱਚੋਂ ਵੀ ਵਕਤ ਕੱਢ ਕੇ ਭਗਤ ਜੀ ਨੇ ਲਾਇਬਰੇਰੀ ਜਾਣਾ ਤੇ ਅਖ਼ਬਾਰਾਂ, ਮੈਗ਼ਜ਼ੀਨ, ਰਸਾਲੇ ਪੜ੍ਹਨੇ। ਭਗਤ ਜੀ ਨੂੰ ਪੜ੍ਹਨ ਦੀ ਲਗਨ ਬਹੁਤ ਸੀ। ਭਗਤ ਜੀ ਸ਼ਾਹੂਕਾਰਾ ਬਰਬਾਦ ਹੋਣ ਕਰਕੇ ਆਪਣੇ ਮਾਤਾ ਪਿਤਾ ਜੀ ਬਾਰੇ ਕਾਫ਼ੀ ਕੁਝ ਸੋਚਦੇ ਰਹਿੰਦੇ ਸਨ। ਇਸ ਕਰਕੇ ਦੁਨਿਆਵੀ ਪੜ੍ਹਾਈ ਵਿੱਚ ਬਹੁਤਾ ਚਿੱਤ ਨਹੀਂ ਲੱਗਾ, ਜਿਸ ਕਰਕੇ ਦਸਵੀਂ ਦੀ ਪੜ੍ਹਾਈ ਵਿੱਚ ਪਾਸ ਨਹੀਂ ਹੋਏ। ਉਨ੍ਹਾਂ ਆਪਣਾ ਬਾਕੀ ਬੌਧਿਕ ਵਿਕਾਸ ਅਜਿਹਾ ਕੀਤਾ ਸੀ ਕਿ ਜਦੋਂ ਉਹ ਕੋਈ ਲੈਕਚਰ ਕਰਦੇ ਸਨ ਜਾਂ ਕੁਝ ਲਿਖ ਕੇ ਵੰਡਦੇ ਸਨ ਤਾਂ ਯੂਨੀਵਰਸਿਟੀਆਂ ਵਿੱਚੋਂ ਪੜ੍ਹੇ ਹੋਏ ਲੋਕ ਵੀ ਹੈਰਾਨ ਰਹਿ ਜਾਂਦੇ ਸਨ। ਕਿਤਾਬੀ ਗਿਆਨ ਦੇ ਨਾਲ-ਨਾਲ ਸਿਆਣੇ ਬੰਦਿਆਂ ਦੀ ਆਪਣੀ ਲਿਆਕਤ ਵੀ ਉਹ ਰੰਗ ਲਿਆਉਂਦੀ ਹੈ ਜੋ ਕੁਝ ਕਿਤਾਬਾਂ ਵਿੱਚ ਵੀ ਨਹੀਂ ਹੁੰਦਾ ਤਾਂ ਅਜਿਹੇ ਲੋਕਾਂ ਦੀ ਸੋਚ ਦੀ ਸਿਰਜਣਾ ਹੁੰਦਾ ਹੈ। ਉਪਰੋਕਤ ਸਮੇਂ ਦਾ ਸਫ਼ਰ ੧੯੨੪ ਤੋਂ ੧੯੨੭ ਤਕ ਦਾ ਸੀ।

### ਦੂਜਿਆਂ ਦੇ ਦੁੱਖ ਪ੍ਰਤੀ ਹਮਦਰਦੀ

ਕਿਸੇ ਦੇ ਦਰਦ ਨੂੰ ਆਪਣਾ ਸਮਝਣਾ ਇਹ ਇੱਕ ਰੱਬੀ ਗੁਣ ਹੈ। ਜਿਸ ਹਿਰਦੇ ਵਿੱਚ ਇਹ ਦਇਆ ਦਾ ਖ਼ਜ਼ਾਨਾ ਹੁੰਦਾ ਹੈ ਉੱਥੇ ਧਰਮ ਦਾ ਨਿਵਾਸ ਹੁੰਦਾ ਹੈ। ਭਗਤ ਜੀ ਦਾ ਹਿਰਦਾ ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਉਸ



ਨਾਲ ਹਮਦਰਦੀ ਪ੍ਰਗਟਾਉਣ ਲੱਗ ਪੈਂਦਾ ਸੀ।

‘ਇੱਕ ਵਾਰੀ ਡੇਹਰਾ ਸਾਹਿਬ ਗੁਰੂ ਘਰ ਵਿੱਖੇ ਇੱਕ ਨਿਹੰਗ ਸਿੰਘ ਦੇ ਬਾਣੇ ਵਿੱਚ ਬੁੱਢਾ ਬਿਹੰਗਮ ਸਿੰਘ ਆ ਗਿਆ। ਇਸ ਦੀ ਇੱਕ ਲੱਤ ਖ਼ਰਾਬ ਸੀ। ਇਸ ਬਿਹੰਗਮ ਸਿੰਘ ਦਾ ਵੀ ਕੋਈ ਅੱਗੇ ਪਿੱਛੇ ਸੰਭਾਲਣ ਵਾਲਾ ਨਹੀਂ ਸੀ। ਜਿਨ੍ਹਾਂ ਦਾ ਅੱਗੇ ਪਿੱਛੇ ਕੋਈ ਨਹੀਂ ਹੁੰਦਾ ਸੀ ਉਸ ਲਈ ਤਾਂ ਭਗਤ ਜੀ ਪੂਰੇ ਪਰਿਵਾਰ ਵਰਗਾ ਹੀ ਪਿਆਰ ਦੇਣ ਲੱਗ ਪੈਂਦੇ ਸਨ। ਉਸ ਨੂੰ ਮਾਂ ਬਣ ਕੇ ਸੰਭਾਲਣਾ ਪਵੇ, ਬਾਪ ਵਾਂਗ ਕੋਈ ਜ਼ਰੂਰਤ ਪੂਰੀ ਕਰਨੀ ਹੋਵੇ, ਭਰਾ ਵਾਂਗ ਕਿਸੇ ਨੂੰ ਸਹਾਰਾ ਦੇਣਾ ਪਵੇ ਤਾਂ ਹਰ ਪੱਖ ਤੋਂ ਅਥਾਹ ਸੇਵਾ ਕਰਦੇ ਸਨ। ਭਗਤ ਜੀ ਨੇ ਜਦੋਂ ਇਸ ਬਿਹੰਗਮ ਨੂੰ ਡਾਕਟਰ ਕੋਲ ਦਿਖਾਇਆ ਤਾਂ ਡਾਕਟਰ ਨੇ ਕਿਹਾ ਕਿ ਇਸ ਦੀ ਲੱਤ ਵਿੱਚ ਤਾਂ ਕੀੜੇ ਪਏ ਹੋਏ ਹਨ। ਲੱਤ ਤੇ ਸੂਈ ਦੇ ਨੱਕੇ ਜਿੰਨਾ ਸੁਰਾਗ ਵੀ ਸੀ। ਇਸ ਵਿੱਚੋਂ ਦੀ ਕੀੜੇ ਬਾਹਰ ਨਿਕਲਦੇ ਸਨ। ਡਾਕਟਰ ਨੇ ਦੱਸਿਆ ਕਿ ਇਸ ਨੂੰ ਕੁਝ ਦਿਨਾਂ ਲਈ ਲੰਮੇ ਇਲਾਜ ਦੀ ਲੋੜ ਹੈ ਤੇ ਇਸ ਨੂੰ ਹਸਪਤਾਲ ਵਿੱਚ ਭਰਤੀ ਕਰਨਾ ਪਵੇਗਾ। ਭਗਤ ਜੀ ਨੇ ਇਸ ਨੂੰ ਲਾਹੌਰ ਦੇ ਮਿਓ ਹਸਪਤਾਲ ਲਿਜਾ ਕੇ ਦਾਖ਼ਲ ਕਰਵਾ ਦਿੱਤਾ। ਜਦੋਂ ਬਿਹੰਗਮ ਨੂੰ ਬਿਸਤਰੇ ’ਤੇ ਪਾਇਆ ਤਾਂ ਇਸ ਨੇ ਚਿੱਟੀ ਸਫ਼ੈਦ ਚਾਦਰ, ਸੋਹਣਾ ਸਿਰਹਾਣਾ ਅਤੇ ਪੈਰਾਂ ਵਾਲੇ ਪਾਸੇ ਲਾਲ ਰੰਗ ਦਾ ਕੰਬਲ ਦੇਖਿਆ। ਹਸਪਤਾਲ ਦੀ ਸਫ਼ਾਈ ਦੇਖੀ ਤੇ ਭਗਤ ਜੀ ਕੋਲੋਂ ਬਹੁਤ ਪਿਆਰ ਅਤੇ ਨਿੱਘ ਭਰੀ ਅਪਣੱਤ ਦੇਖੀ ਤਾਂ ਉਸ ਨੂੰ ਆਪਣੀ ਲੱਤ ਦਾ ਦੁੱਖ ਤਾਂ ਜਿਵੇਂ ਭੁੱਲ ਹੀ ਗਿਆ। ਬਿਹੰਗਮ ਕਹਿਣ ਲੱਗਾ ਕਿ ਮੈਂ ਅੱਜ ਤਕ ਤਾਂ ਰੁਲਦਾ ਹੀ ਰਿਹਾ, ਹੁਣ ਮੈਂ ਮਰਨਾ ਤਾਂ ਹੈ ਹੀ ਪਰ ਅਰਾਮ ਨਾਲ ਮਰ ਜਾਵਾਂਗਾ। ਇਹ ਗੱਲ ਭਗਤ ਜੀ ਦੇ ਹਿਰਦੇ ਵਿੱਚ ਧੱਸ ਗਈ। ਸਾਡੇ ਆਸ-ਪਾਸ ਅਜਿਹੇ ਲੋਕ ਵੀ ਹਨ ਜਿਨ੍ਹਾਂ ਨੂੰ ਜ਼ਿੰਦਗੀ ਦੀਆਂ ਆਮ ਸਹੂਲਤਾਂ ਵੀ ਨਹੀਂ ਮਿਲਦੀਆਂ। ਇੱਕ ਲੱਤ ਵਿੱਚ ਕੀੜੇ ਪਏ ਹੋਣ ਦੇ ਬਾਵਜੂਦ ਵੀ ਬਿਹੰਗਮ ਸਿੰਘ ਨੂੰ ਆਪਣਾ ਸਾਰਾ ਹੀ ਦੁੱਖ ਭੁੱਲ ਗਿਆ। ਉਸ ਨੂੰ ਮੌਤ ਬਿਲਕੁਲ ਨਜ਼ਦੀਕ ਹੋਣ ਦੇ ਬਾਵਜੂਦ ਵੀ ਇਹ ਸਹੂਲਤ ਬਹੁਤ ਵੱਡਾ ਸੁੱਖ ਮਹਿਸੂਸ ਹੋਈ। ਉਸ ਦੇ ਮੂੰਹ ਤੋਂ ਇਹ ਬੋਲ ਨਿਕਲੇ ਜਿਹੜੇ ਭਗਤ ਜੀ ਦੇ ਨਾਜ਼ਕ ਜਿਹੇ ਹਿਰਦੇ ’ਤੇ ਅਡੋਲ ਬੈਠ ਗਏ। ਉਨ੍ਹਾਂ ਨੂੰ ਅਜਿਹੀਆਂ ਗੱਲਾਂ ਮਨੁੱਖਤਾ ਪ੍ਰਤੀ ਸੇਵਾ ਕਰਨ ਦਾ ਸੰਕਲਪ ਹੋਰ ਦ੍ਰਿੜ੍ਹ ਕਰਵਾ ਦਿੰਦੀਆਂ ਸਨ। ਭਗਤ ਜੀ ਦਾ ਹਿਰਦਾ ਤੜਫ ਜਾਂਦਾ ਸੀ ਕਿ ਸਾਡੇ ਸਮਾਜ ਵਿੱਚ ਕਿਤਨੇ ਲੋਕ ਹਨ ਜਿਨ੍ਹਾਂ ਨੂੰ ਸਾਡੇ ਇੱਕ ਦੂਜੇ ਦੇ ਸਹਾਰੇ ਦੀ ਲੋੜ ਹੈ। ਭਗਤ ਜੀ ਦੀਆਂ ਆਪਣੀਆਂ ਨਿੱਜੀ ਲੋੜਾਂ ਤਾਂ ਭਾਵੇਂ ਬਹੁਤ ਹੀ ਸੰਕੋਚੀਆਂ ਹੋਈਆਂ ਹੁੰਦੀਆਂ ਸਨ ਪਰ ਫਿਰ ਅਜਿਹੇ ਕਿਸੇ ਦੁਖਿਆਰੇ ਨੂੰ ਦੇਖ ਕੇ ਹੋਰ ਵੀ ਸੰਕੋਚ ਲੈਂਦੇ ਸਨ। ਜ਼ਿੰਦਗੀ ਭਰ ਅਜਿਹੇ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਬਣਾ ਲੈਂਦੇ ਸਨ। ਇਹ ਘਟਨਾ ਸੰਨ ੧੯੨੬ ਦੇ ਲਾਗੇ ਦੀ

ਹੈ।’ {ਬਿਖਮ ਮਾਰਗ ਦਾ ਪਾਂਧੀ ਭਗਤ ਪੂਰਨ ਸਿੰਘ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੨), ਪੰਨਾ ੪੮}।

**ਮਾਂ ਦਾ ਬਿਮਾਰ ਹੋਣਾ**

ਭਗਤ ਪੂਰਨ ਸਿੰਘ ਜੀ ਦੀ ਮਾਤਾ ਮਹਿਤਾਬ ਕੌਰ ਜੀ ਨੇ ਹਰ ਸੁੱਖ ਦਾ ਬੂਟਾ ਆਪਣੇ ਵਿਹੜੇ ਵਿੱਚੋਂ ਪੁੱਟ ਕੇ ਭਗਤ ਜੀ ਦੀ ਜ਼ਿੰਦਗੀ ਵਿੱਚ ਲਾਉਣ ਦਾ ਯਤਨ ਕੀਤਾ ਸੀ। ਮਾਂ ਦੀ ਸਖ਼ਤ ਮਿਹਨਤ, ਅਰਾਮ ਨਾ ਮਿਲਣਾ, ਖ਼ੁਰਾਕ ਵੀ ਲੁੜੀਂਦੀ ਨਹੀਂ ਮਿਲਦੀ ਸੀ, ਇਨ੍ਹਾਂ ਸਾਰੀਆਂ ਗੱਲਾਂ ਦੇ ਕਾਰਨ ਮਾਂ ਸਖ਼ਤ ਬਿਮਾਰ ਹੋ ਗਈ। ਡਾਕਟਰਾਂ ਕੋਲ ਪਹੁੰਚ ਕੀਤੀ ਗਈ ਤੇ ਹੋਰ ਸਾਰੇ ਓੜ੍ਹ ਪੋੜ੍ਹ ਵੀ ਕੀਤੇ ਗਏ, ਪਰ ਬਿਮਾਰੀ ਵਧਦੀ ਹੀ ਚਲੀ ਗਈ।ਭਗਤ ਜੀ ਦਾ ਆਪਣੀ ਮਾਂ ਨਾਲ ਅਥਾਹ ਪਿਆਰ ਸੀ। ਉਨ੍ਹਾਂ ਦੀਆਂ ਅੱਖਾਂ ਅੱਗੇ ਮਾਂ ਦੇ ਦੁੱਖਾਂ ਭਰੇ ਗੁਜ਼ਰੇ ਦਿਨ ਇੱਕ-ਇੱਕ ਕਰਕੇ ਯਾਦ ਆ ਰਹੇ ਸਨ। ਹੁਣ ਭਗਤ ਜੀ ਦੀ ਕੋਸ਼ਿਸ਼ ਸੀ ਕਿ ਮੈਂ ਆਪਣੀ ਮਾਂ ਦੀ ਝੋਲੀ ਵਿੱਚ ਹਰ ਦੁਨੀਆਂ ਦਾ ਸੁੱਖ ਪਾ ਦਿਆਂ। ਜਦੋਂ ਹੁਣ ਭਗਤ ਜੀ ਜੁਆਨ ਹੋਏ ਸਨ ਤੇ ਕਿਸੇ ਕੰਮ-ਕਾਰ ਦੀ ਤਲਾਸ਼ ਵਿੱਚ ਸਨ ਤਾਂ ਮਾਂ ਦੀ ਜ਼ਿੰਦਗੀ ਦਾ ਉਮਰ ਦਾ ਖ਼ਜ਼ਾਨਾ ਮੁੱਕ ਗਿਆ ਸੀ। ਇਹ ਤਾਂ ਸੁਭਾਵਿਕ ਜਿਹੀ ਹੀ ਗੱਲ ਹੈ ਕਿ ਜਿਨ੍ਹਾਂ ਨੇ ਦੂਜਿਆਂ ਦੀ ਸੇਵਾ ਵਿੱਚ ਕਦੇ ਕੋਈ ਕਮੀ ਨਹੀਂ ਰਹਿਣ ਦਿੱਤੀ ਸੀ ਫਿਰ ਆਪਣੀ ਮਾਂ ਦੀ ਸੇਵਾ ਵਿੱਚ ਕਿਵੇਂ ਕਮੀ ਆਉਣ ਦੇ ਸਕਦੇ ਸਨ? ਮਾਂ ਦੀ ਬਿਮਾਰੀ ਦਾ ਸਮਾਂ ਢਾਈ ਸਾਲ ਦਾ ਸੀ ਜਿਸ ਵਿੱਚੋਂ ਡੇਢ ਸਾਲ ਤਾਂ ਬਿਲਕੁਲ ਹੀ ਬਿਸਤਰੇ ’ਤੇ ਪੈ ਕੇ ਗੁਜ਼ਾਰਿਆ ਸੀ। ਇਹ ਸਮਾਂ ਵੀ ਬਹੁਤ ਮੁਸ਼ਕਲਾਂ ਭਰਿਆ ਸੀ।

ਸੰਸਾਰ ਦਾ ਇੱਕ ਆਪਣਾ ਹੀ ਦਸਤੂਰ ਹੈ ਕਿ ਇਹ ਸਿਰਫ਼ ਸੁੱਖਾਂ ਦਾ ਵਣਜਾਰਾ ਹੈ। ਜਦੋਂ ਵੀ ਕਿਸੇ ਕੋਲੋਂ ਸੁੱਖ ਮਿਲਣ ਦੀ ਆਸ ਖ਼ਤਮ ਹੋ ਜਾਵੇ ਤਾਂ ਅਸੀਂ ਝੱਟ ਹੀ ਆਪਣੇ ਰਿਸ਼ਤੇ ਬਦਲ ਲੈਂਦੇ ਹਾਂ। ਸਾਡੀ ਮੁਹੱਬਤ ਖ਼ੁਸ਼ਕ ਹੋ ਜਾਂਦੀ ਹੈ। ਆਪਣਾ ਵੀ ਪਰਾਇਆ ਜਿਹਾ ਲੱਗਣ ਲੱਗ ਜਾਂਦਾ ਹੈ। ਜਿਹੜਾ ਸਾਰੇ ਹੀ ਘਰ ਦਾ, ਬੱਚਿਆਂ ਦਾ, ਪਰਿਵਾਰ ਦਾ ਭਾਰ ਚੁੱਕ ਲੈਂਦਾ ਹੈ ਪਰ ਉਸ ਦਾ ਖ਼ੁਦ ਦਾ ਔਖੇ ਵੇਲੇ ਸਾਰੇ ਹੀ ਪਰਿਵਾਰ ਕੋਲੋਂ ਭਾਰ ਨਹੀਂ ਚੁੱਕਿਆ ਜਾਂਦਾ। ਇੱਕ ਵਿਦਵਾਨ ਦਾ ਬਚਨ ਹੈ:

**ਰੋਗਾਂ ਵਿੱਚੋਂ ਰੋਗ ਬੁਰਾ ਏ, ਰੋਗ ਬੁਰਾ ਏ ਗ਼ਰੀਬੀ ਦਾ।**
**ਪਿੱਠ ਦਿਖਾ ਕੇ ਲੰਘ ਜਾਂਦਾ ਏ, ਰਿਸ਼ਤੇਦਾਰ ਕਰੀਬੀ ਦਾ।**

ਅਜਿਹੇ ਸਮੇਂ ਕਿਸੇ ਨੇ ਕੀ ਮਦਦ ਕਰਨੀ ਸੀ ਸਗੋਂ ਆਪਣਿਆਂ ਦਾ ਵੀ ਬਿਗਾਨਿਆਂ ਵਰਗਾ ਵਿਹਾਰ ਸੀ। ਭਗਤ ਪੂਰਨ ਸਿੰਘ ਤੇ ਉਨ੍ਹਾਂ ਦੀ ਮਾਂ ਦਾ ਕੋਈ ਟਿਕਾਣਾ ਨਹੀਂ ਸੀ। ਪੇਕੇ ਘਰ ਵਿੱਚੋਂ ਉਸ ਵਕਤ ਹੀ ਰਿਸ਼ਤਾ ਸੰਕੋਚਿਆ ਗਿਆ ਸੀ ਜਦੋਂ ਮਹਿਤਾਬ ਕੌਰ ਨੇ ਸ਼ਿੱਬੂ ਮੱਲ ਨਾਲ ਰਿਸ਼ਤਾ ਕਰ ਲਿਆ ਸੀ।



ਇਸ ਕਰਕੇ ਪੇਕਿਆਂ ਦੀ ਤਾਂ ਕੋਈ ਆਸ ਨਹੀਂ ਸੀ ਤੇ ਸਹੁਰੇ ਘਰ ਵਿੱਚ ਸ਼ਿੱਬੂ ਮੱਲ ਹੀ ਹਮਦਰਦ ਸੀ ਤੇ ਉਹ ਵੀ ਚੜ੍ਹਾਈ ਕਰ ਗਿਆ ਸੀ। ਭਗਤ ਜੀ ਨੇ ਆਪਣੀ ਮਾਂ ਦੇ ਨਾਲ ਡੇਢ ਸਾਲ ਦਾ ਸਮਾਂ ਬਹੁਤ ਔਖਾ ਕੱਟਿਆ। ਅਜਿਹੇ ਸਮੇਂ ਬੰਦਾ ਧਾਰਮਿਕ ਅਸਥਾਨਾਂ ਦਾ ਸਹਾਰਾ ਭਾਲਦਾ ਹੈ। ਭਗਤ ਪੂਰਨ ਸਿੰਘ ਜੀ ਨੂੰ ਤਾਂ ਇਸ ਗੱਲ ਦਾ ਕਾਫ਼ੀ ਸਮੇਂ ਤੋਂ ਤਜਰਬਾ ਸੀ। ਪਹਿਲੀ ਵਾਰੀ ਭੁੱਖੇ ਨੂੰ ਮੰਦਰ ਵਿੱਚ ਨਹੀਂ ਗੁਰਦੁਆਰੇ ਵਿੱਚੋਂ ਹੀ ਸਹਾਰਾ ਮਿਲਿਆ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿੱਚ ਵੀ ਬਹੁਤ ਪਿਆਰ ਸਨੇਹ ਮਿਲਿਆ ਸੀ। ਭਗਤ ਜੀ ਹੁਣ ਵੀ ਆਪਣੀ ਮਾਂ ਨੂੰ ਲੈ ਕੇ ਨਿਆਸਰਿਆਂ ਦੇ ਆਸਰੇ, ਨਿਓਟਿਆਂ ਨੂੰ ਓਟ ਦੇਣ ਵਾਲੇ ਸਤਿਗੁਰੂ ਜੀ ਦੇ ਘਰ ਅੰਮ੍ਰਿਤਸਰ ਆ ਗਏ। ਇੱਥੇ ਆ ਕੇ ਉਨ੍ਹਾਂ ਨੇ ਗੁਰੂ ਘਰਾਂ ਦੀਆਂ ਵਲਗਣਾਂ ਵਿੱਚ, ਦਰਖ਼ਤਾਂ ਦੀ ਛਾਂ ਹੇਠ, ਧਰਤੀ ’ਤੇ ਲੇਟ ਕੇ ਹੀ ਸਮਾਂ ਕੱਟਿਆ।

ਇਹ ਸਮਾਂ ਗੋਰਿਆਂ ਦੇ ਰਾਜ ਦਾ ਸਮਾਂ ਸੀ। ਉਨ੍ਹਾਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਦਰਬਾਰ ਸਾਹਿਬ ਦੀ ਪਰਕਰਮਾ ਤੋਂ ਬਾਹਰ ਆਪਣਾ ਕਬਜ਼ਾ ਕੀਤਾ ਹੋਇਆ ਸੀ। ਗੋਰੇ ਜਿੱਥੇ ਵੀ ਗਏ ਉੱਥੇ ਉਨ੍ਹਾਂ ਨੇ ਆਪਣੇ ਧਰਮ ਦਾ ਪ੍ਰਚਾਰ ਬਹੁਤ ਕੀਤਾ। ਇੱਥੇ ਵੀ ਆਮ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਦਰਬਾਰ ਸਾਹਿਬ ਦੇ ਸਾਹਮਣੇ ਇਸਾਈਅਤ ਦਾ ਸੁਨੇਹਾ ਦੇਣ ਵਾਲਾ ਘੰਟਾ ਘਰ ਬਣਾਇਆ ਹੋਇਆ ਸੀ। ਇੱਥੇ ਬਾਹਰ ਵਾਲੇ ਪਾਸੇ ਬਹੁਤ ਅਪਾਹਿਜ ਲੋਕ ਆ ਕੇ ਬੈਠੇ ਜਾਂ ਲੇਟੇ ਰਹਿੰਦੇ ਸਨ। ਦਰਬਾਰ ਸਾਹਿਬ ਤੋਂ ਉਨ੍ਹਾਂ ਦੇ ਖਾਣ ਪੀਣ ਦਾ ਮਸਲਾ ਹੱਲ ਹੋ ਜਾਂਦਾ ਸੀ; ਇਸ ਕਰਕੇ ਇੱਥੇ ਅਪਾਹਿਜ ਬਹੁਤ ਹੁੰਦੇ ਸਨ।

**ਭਗਤ ਜੀ ਦਾ ਮਾਂ ਨਾਲ ਪ੍ਰਣ**

ਇੱਕ ਦਿਨ ਭਗਤ ਜੀ ਘੰਟਾ ਘਰ ਕੋਲ ਆਪਣੀ ਲੰਮੀ ਪਈ ਹੋਈ ਮਾਂ ਦਾ ਸਿਰ ਆਪਣੀ ਗੋਦੀ ਵਿੱਚ ਰੱਖ ਕੇ ਬੈਠੇ ਹੋਏ ਸਨ। ਮਾਂ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਭਗਤ ਜੀ ਨੇ ਪਿਆਰ ਨਾਲ ਮਾਂ ਨੂੰ ਪੁੱਛਿਆ ਕਿ ਮਾਂ ਕੀ ਗੱਲ ਹੈ? ਕੋਈ ਤਕਲੀਫ਼ ਜ਼ਿਆਦਾ ਹੈ ਤਾਂ ਮੈਂ ਕਿਸੇ ਹੋਰ ਡਾਕਟਰ ਕੋਲ ਲੈ ਚੱਲਦਾ ਹਾਂ। ਮਾਂ ਨੇ ਨਾਂਹ ਵਿੱਚ ਸਿਰ ਫੇਰ ਦਿੱਤਾ। ਭਗਤ ਜੀ ਨੇ ਫਿਰ ਕਿਹਾ ਕਿ

“ਮਾਂ! ਫਿਰ ਅੱਜ ਇਤਨਾ ਰੋ ਕਿਉਂ ਰਹੀ ਹੈਂ?”

ਮਾਂ ਨੇ ਕਰੜਾ ਜਿਹਾ ਦਿਲ ਕਰਕੇ ਕਿਹਾ ਕਿ

“ਜੇ ਤਾਂ ਮੈਂ ਤੈਨੂੰ ਦੱਸਦੀ ਹਾਂ ਤਾਂ ਮੈਨੂੰ ਡਰ ਲੱਗਦਾ ਹੈ ਕਿ ਤੂੰ ਮੈਨੂੰ ਨਫ਼ਰਤ ਨਾ ਕਰੇਂ ਤੇ ਜੇ ਮੈਂ ਨਹੀਂ ਦੱਸਦੀ ਤਾਂ ਮੈਨੂੰ ਚੈਨ ਨਾਲ ਮੌਤ ਵੀ ਨਹੀਂ ਆਉਣੀ।” ਭਗਤ ਜੀ ਨੇ ਮਾਂ ਦਾ ਸਿਰ ਆਪਣੇ ਕਲਾਵੇ ਵਿੱਚ ਲੈ ਕੇ ਪਿਆਰ ਨਾਲ ਘੁੱਟ ਲਿਆ ਤੇ ਕਿਹਾ “ਮਾਂ! ਜੇਕਰ ਤੇਰੇ ਨਾਲ ਵੀ ਨਫ਼ਰਤ ਹੋ ਸਕਦੀ ਹੈ ਤਾਂ ਦੁਨੀਆਂ ਵਿੱਚ ਲੋਕਾਂ ਦਾ ਇਨਸਾਨੀਅਤ ਤੋਂ ਹੀ ਵਿਸ਼ਵਾਸ ਉੱਠ ਜਾਏਗਾ।

ਮਾਂ ਤੈਨੂੰ ਮੈਂ ਤਾਂ ਕੀ, ਤੇਰੀ ਘਾਲਣਾ ਕਰਕੇ ਕੋਈ ਵੀ ਨਫ਼ਰਤ ਨਹੀਂ ਕਰੇਗਾ। ਤੂੰ ਮੈਨੂੰ ਦਿਲ ਖੋਲ੍ਹ ਕੇ ਸਾਰੀ ਗੱਲ ਦੱਸ।"

ਮਾਂ ਨੇ ਆਪਣਾ ਗਲਾ ਸਾਫ਼ ਕਰਕੇ ਕਹਿਣਾ ਸ਼ੁਰੂ ਕੀਤਾ "ਪੁੱਤ ਮੈਂ ਆਪਣੇ ਮਾਪਿਆਂ ਦੇ ਘਰ ਤੋਂ ਬਹੁਤ ਸੁਖੀ ਸੀ। ਮੇਰਾ ਛੋਟੀ ਹੁੰਦੀ ਦਾ ਹੀ ਵਿਆਹ ਕਰ ਦਿੱਤਾ ਗਿਆ ਸੀ ਤੇ ਮੁਕਲਾਵਾ ਕੁਝ ਦੇਰ ਨਾਲ ਦਿੱਤਾ ਸੀ। ਜਦੋਂ ਮੇਰਾ ਮੁਕਲਾਵਾ ਦਿੱਤਾ ਤਾਂ ਮੇਰਾ ਪਤੀ ਬਹੁਤ ਬਿਮਾਰ ਸੀ ਤੇ ਇਹ ਬਿਮਾਰੀ ਠੀਕ ਹੋਣ ਦੀ ਥਾਂ 'ਤੇ ਸਗੋਂ ਮੌਤ ਦਾ ਕਾਰਨ ਬਣ ਗਈ । ਮੈਂ ਕੁਆਰੀ ਵਾਲੇ ਚਾਉ ਲੈ ਕੇ ਪਿਤਾ ਦੇ ਵਿਹੜੇ ਵਿੱਚੋਂ ਵਿਦਾ ਹੋਈ ਸੀ ਤੇ ਮੁੜ ਕੁਆਰੀ ਹੀ ਵਾਪਸ ਵਿਧਵਾ ਹੋ ਕੇ ਮੁੜ ਬਾਬਲ ਦੇ ਵਿਹੜੇ ਆ ਗਈ ਸਾਂ। ਮੇਰਾ ਦੁੱਖਾਂ ਦਾ ਭਾਰ ਬਾਬਲ ਦੇ ਵਿਹੜੇ ਨੇ ਵੀ ਨਾ ਸੰਭਾਲਿਆ ਤੇ ਮੈਨੂੰ ਵਾਪਸ ਆਪਣੇ ਸਹੁਰੇ ਘਰ ਹੀ ਭੇਜ ਦਿੱਤਾ ਗਿਆ। ਲੋਕਾਂ ਦੇ ਤਾਹਨਿਆਂ ਨੇ, ਸਹੁਰੇ ਘਰ ਦੇ ਵਿਹਾਰ ਨੇ ਤੇ ਹਰ ਪਾਸੇ ਤੋਂ ਦੁਰਕਾਰੀ ਹੀ ਜਾ ਰਹੀ ਸੀ। ਜ਼ਿੰਦਗੀ ਦੇ ਦੂਰ ਲੰਮੇ ਸਫ਼ਰ ਵਿੱਚ ਕੋਈ ਹਮਦਰਦੀ ਨਜ਼ਰ ਨਹੀਂ ਆ ਰਹੀ ਸੀ। ਮੈਨੂੰ ਹਾਲਾਤਾਂ ਨੇ ਅਜਿਹਾ ਮਜ਼ਬੂਰ ਕੀਤਾ ਕਿ ਮੈਨੂੰ ਚਾਦਰ ਪਾ ਕੇ ਤੇਰੇ ਬਾਪ ਸ਼ਿੱਬੂ ਮੱਲ ਦੇ ਘਰ ਬੈਠਣਾ ਪਿਆ। ਪੁੱਤ ਵੇ! ਮੈਂ ਇਹ ਵਿਆਹ ਕੋਈ ਆਪਣੇ ਕੁਆਰੇ ਚਾਉ ਪੂਰੇ ਕਰਨ ਲਈ ਨਹੀਂ ਕਰਵਾਇਆ ਸੀ ਬਲਕਿ ਜ਼ਮਾਨੇ ਦੀਆਂ ਬਦਲੀਆਂ ਨਜ਼ਰਾਂ ਦੇ ਕਾਰਨ ਜਾਂ ਲੋਕਾਂ ਦੀਆਂ ਆਉਂਦੀਆਂ ਭਿਆਨਕ ਅਵਾਜ਼ਾਂ ਨੂੰ ਬੰਦ ਕਰਨ ਵਾਸਤੇ ਕਰਵਾਇਆ ਸੀ।" ਮਾਂ ਕੁਝ ਸਮਾਂ ਚੁੱਪ ਕਰ ਗਈ ਪਰ ਉਸ ਦੇ ਚਿਹਰੇ ਤੋਂ ਡੁੱਲ੍ਹਦੇ ਹੰਝੂ ਦੱਸਦੇ ਸਨ ਕਿ ਮਾਂ ਮਹਿਤਾਬ ਕੌਰ ਦਾ ਦਿਲ ਰੋ ਰਿਹਾ ਸੀ। ਭਗਤ ਜੀ ਨੇ ਮਾਂ ਨੂੰ ਪਿਆਰ ਕਰਦਿਆਂ ਕਿਹਾ ਕਿ ਮਾਂ ਮੈਨੂੰ ਸਾਰੀ ਗੱਲ ਦੱਸ। ਮਾਂ ਫਿਰ ਬੋਲੀ

"ਪੁੱਤ ਤੇਰਾ ਪਿਤਾ ਖੱਤਰੀ ਸੀ ਤੇ ਮੈਂ ਜ਼ਿਮੀਂਦਾਰਾਂ ਦੇ ਘਰਾਣੇ ਦੀ ਧੀ ਸੀ। ਇਸ ਕਰਕੇ ਸ਼ਿੱਬੂ ਮੱਲ ਇਹ ਚਾਹੁੰਦਾ ਸੀ ਕਿ ਮੇਰੇ ਕੋਈ ਬੱਚਾ ਨਾ ਹੋਵੇ। ਉਸ ਨੂੰ ਫ਼ਿਕਰ ਸੀ ਕਿ ਮੇਰੀ ਔਲਾਦ ਦਾ ਰਿਸ਼ਤਾ ਨਹੀਂ ਹੋਣਾ। ਇਸ ਕਰਕੇ ਤੇਰੇ ਬਾਪੂ ਨੇ ਤਿੰਨ ਬੱਚੇ ਮੇਰੀ ਕੁੱਖ ਵਿੱਚ ਹੀ ਡਾਕਟਰਾਂ ਨਾਲ ਮਿਲ ਕੇ ਕਤਲ ਕਰਵਾ ਦਿੱਤੇ ਸਨ। ਜਦੋਂ ਤੂੰ ਮੇਰੀ ਕੁੱਖ ਵਿੱਚ ਆਇਆ ਸੀ ਤਾਂ ਮੈਂ ਤੇਰੇ ਬਾਪ ਦੇ ਪੈਰ ਪਕੜ ਪਕੜ ਕੇ ਮਿੰਨਤਾਂ ਨਾਲ ਤੈਨੂੰ ਬਚਾਇਆ ਸੀ। ਫਿਰ ਤੇਰਾ ਜਨਮ ਹੋਇਆ ਸੀ। ਪੁੱਤ! ਮੇਰੇ ਮਨ 'ਤੇ ਇਨ੍ਹਾਂ ਬੱਚਿਆਂ ਦੇ ਕਤਲ ਦਾ ਬਹੁਤ ਭਾਰ ਹੈ। ਮੈਂ ਪਾਪ ਕੀਤੇ ਹਨ।"

ਭਗਤ ਜੀ ਨੇ ਬਹੁਤ ਹੌਸਲੇ ਨਾਲ ਸੁਣ ਕੇ ਕਿਹਾ:

"ਮਾਂ, ਇਨ੍ਹਾਂ ਵਿੱਚੋਂ ਤਾਂ ਤੇਰਾ ਇੱਕ ਵੀ ਪਾਪ ਨਹੀਂ ਹੈ, ਕਿਉਂਕਿ ਇਹ ਸਭ ਕੁਝ ਤਾਂ ਮੇਰੇ ਬਾਪ ਨੇ ਕਰਵਾਇਆ ਸੀ। ਇਸ ਵਿੱਚ ਤੇਰਾ ਕੋਈ ਦੋਸ਼ ਨਹੀਂ ਹੈ। ਮਾਂ ਤੂੰ ਕਾਤਲ ਨਹੀਂ ਬਲਕਿ ਤੂੰ ਤਾਂ ਪਾਕ ਪਵਿੱਤਰ ਹੈਂ।"



ਮਾਂ ਦੇ ਢਹਿੰਦੇ ਹੌਸਲੇ ਨੂੰ ਭਗਤ ਜੀ ਦਾ ਪਿਆਰ ਅਤੇ ਮਿੱਠੜੇ ਬੋਲ ਫਿਰ ਦੁਬਾਰਾ ਖੜ੍ਹਾ ਕਰ ਦਿੰਦੇ ਸਨ। ਮਾਂ ਨੇ ਫਿਰ ਧੀਰਜ ਨਾਲ ਕਿਹਾ:

"ਪੁੱਤ ਤੀਜੀ ਗੱਲ ਇਹ ਹੈ ਕਿ ਹਰ ਮਾਂ ਬਾਪ ਆਪਣੇ ਧੀਆਂ ਪੁੱਤਰਾਂ ਨੂੰ ਕੁਝ ਨਾ ਕੁਝ ਦੇ ਕੇ ਜਾਂਦੇ ਹਨ ਪਰ ਮੈਂ ਤੈਨੂੰ ਕੋਈ ਘਰ ਵੀ ਨਹੀਂ ਬਣਾ ਕੇ ਦੇ ਸਕੀ। ਮੈਂ ਤੈਨੂੰ ਠੋਕਰਾਂ ਖਾਣ ਲਈ ਸੜਕਾਂ ਦੇ ਕਿਨਾਰੇ ਛੱਡ ਕੇ ਤੁਰ ਚੱਲੀ ਹਾਂ। ਤੇਰੀ ਸ਼ਾਦੀ ਕਰਨੀ ਤਾਂ ਇੱਕ ਪਾਸੇ ਤੇਰਾ ਤਾਂ ਕੋਈ ਆਪਣਾ ਕਹਿਣ ਵਾਲਾ ਵੀ ਕੋਈ ਨਹੀਂ ਹੈ।"

ਇਹ ਗੱਲ ਕਹਿ ਕੇ ਤਾਂ ਇੰਞ ਲੱਗਦਾ ਸੀ ਕਿ ਜਿਵੇਂ ਮਾਂ ਨੇ ਸਾਰੀ ਜ਼ਿੰਦਗੀ ਦਾ ਰੋਣਾ ਆਪਣੀਆਂ ਅੱਖਾਂ ਵਿੱਚ ਸੰਭਾਲਿਆ ਹੋਇਆ ਸੀ ਤੇ ਹੁਣ ਅੱਖਾਂ ਵੀ ਬਾਗ਼ੀ ਹੋ ਗਈਆਂ ਸਨ ਤੇ ਮਾਂ ਫੁੱਟ-ਫੁੱਟ ਕੇ ਰੋ ਰਹੀ ਸੀ।

ਭਗਤ ਜੀ ਨੇ ਆਪਣੇ ਆਪ ਨੂੰ ਕਾਬੂ ਵਿੱਚ ਰੱਖਿਆ ਤੇ ਆਪਣੀਆਂ ਅੱਖਾਂ ਤੋਂ ਅੱਥਰੂ ਨਾ ਆਉਣ ਦਿੱਤੇ।

ਮਾਂ ਰੋਂਦੀ-ਰੋਂਦੀ ਫਿਰ ਬੋਲੀ ਕਿ "ਪੁੱਤ ਮੈਂ ਇਨ੍ਹਾਂ ਗੱਲਾਂ ਦਾ ਪਛਤਾਵਾ ਕਰਨਾ ਚਾਹੁੰਦੀ ਸੀ। ਮੈਨੂੰ ਜ਼ਿੰਦਗੀ ਨੇ ਵਕਤ ਨਹੀਂ ਦਿੱਤਾ, ਪਰ ਹੁਣ ਮੈਂ ਇਹ ਗੱਲਾਂ ਤੈਨੂੰ ਦੱਸ ਕੇ ਆਪਣਾ ਮਨ ਹਲਕਾ ਕਰ ਲਿਆ ਹੈ।"

ਭਗਤ ਜੀ ਨੇ ਪਿਆਰ ਭਰੀਆਂ ਅੱਖਾਂ ਨਾਲ ਮਾਂ ਨੂੰ ਤੱਕਿਆ ਅਤੇ ਮੂੰਹ ਨੀਵਾਂ ਕਰਕੇ ਮਾਂ ਦਾ ਮੱਥਾ ਚੁੰਮ ਲਿਆ। ਭਗਤ ਜੀ ਕਹਿਣ ਲੱਗੇ: "ਮਾਂ ਇਹ ਪਸ਼ਚਾਤਾਪ ਤੈਨੂੰ ਕਰਨ ਦੀ ਲੋੜ ਨਹੀਂ ਹੈ। ਇਹ ਪਸ਼ਚਾਤਾਪ ਹੁਣ ਮੈਂ ਕਰਾਂਗਾ। ਜੇਕਰ ਤੂੰ ਕਿਸੇ ਵਿਕਾਰੀ ਭਾਵਨਾ ਨਾਲ ਵਿਆਹ ਨਹੀਂ ਕਰਵਾਇਆ ਸੀ ਤਾਂ ਮੈਂ ਵੀ ਇਨ੍ਹਾਂ ਵਿਕਾਰਾਂ ਨੂੰ ਕਾਬੂ ਕਰਕੇ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਾਵਾਂਗਾ। ਇਹ ਵਿਕਾਰ ਮੈਂ ਕੇਵਲ ਤਨ ਕਰਕੇ ਹੀ ਨਹੀਂ ਸਗੋਂ ਮਨ ਕਰਕੇ ਵੀ ਤਿਆਗ ਦਿਆਂਗਾ। ਮੈਂ ਹਰ ਔਰਤ ਵਿੱਚੋਂ ਮਾਂ ਤੈਨੂੰ ਹੀ ਤੱਕਿਆ ਕਰਾਂਗਾ। ਦੂਜਾ ਜੇਕਰ ਤੇਰੇ ਕੋਲੋਂ ਤਿੰਨ ਬੱਚਿਆਂ ਦੀ ਹੱਤਿਆ ਕਰਵਾਈ ਗਈ ਹੈ ਤਾਂ ਇਸ ਦਾ ਪਸ਼ਚਾਤਾਪ ਮੈਂ ਇਸ ਤਰ੍ਹਾਂ ਕਰਾਂਗਾ ਕਿ ਜਿਹੜੇ ਲੋਕ ਆਪਣੇ ਬੱਚਿਆਂ ਨੂੰ ਜਾਂ ਕਿਸੇ ਰੋਗੀ ਨੂੰ ਮੌਤ ਹਵਾਲੇ ਕਰਕੇ ਜਾਂ ਛੱਡ ਕੇ ਚੱਲੇ ਜਾਂਦੇ ਹਨ, ਮੈਂ ਅਜਿਹੇ ਲੋਕਾਂ ਦੀ ਮਦਦ ਕਰਾਂਗਾ ਤੇ ਉਨ੍ਹਾਂ ਨੂੰ ਆਪਣੇ ਹੀ ਭੈਣ ਭਰਾ ਬਣਾ ਕੇ ਸੇਵਾ ਕਰਾਂਗਾ। ਤੀਜਾ, ਮਾਂ ਜੇ ਤੂੰ ਮੈਨੂੰ ਸੜਕ ਦੇ ਕਿਨਾਰੇ ਛੱਡ ਚੱਲੀ ਹੈਂ ਤੇ ਕੋਈ ਘਰ ਨਹੀਂ ਬਣਾ ਕੇ ਚੱਲੀ ਤਾਂ ਮੈਂ ਵੀ ਸਾਰੀ ਜ਼ਿੰਦਗੀ ਘਰ ਨਹੀਂ ਬਣਾਵਾਂਗਾ, ਬਲਕਿ ਉਨ੍ਹਾਂ ਲੋਕਾਂ ਲਈ ਘਰ ਬਣਾਵਾਂਗਾ ਜਿਨ੍ਹਾਂ ਦਾ ਕੋਈ ਘਰ ਨਹੀਂ ਹੁੰਦਾ।" ਦਰਬਾਰ ਸਾਹਿਬ ਦੇ ਲਾਗੇ ਘੰਟਾ ਘਰ ਕੋਲ ਇਹ ਅਤਿ ਦੀ ਨੇਕ ਮਾਂ ਤੇ ਅਤਿ ਦੇ ਨੇਕ ਪੁੱਤ ਨੇ ਇੱਕ ਦੂਜੇ ਲਈ ਦਿਲਾਂ ਦੇ ਵਲਵਲਿਆਂ ਨਾਲ ਪਾਕ ਮੁਹੱਬਤ ਦੇ ਫ਼ੈਸਲੇ ਕੀਤੇ।

ਮਾਂ ਨੇ ਅੰਤਮ ਸੁਆਸਾਂ ਵੇਲੇ ਇੱਕ ਗੱਲ ਹੋਰ ਕਹੀ ਸੀ "ਪੁੱਤਰ ਮੇਰੇ ਕੋਲ ਚਾਲੀ ਰੁਪਏ ਹਨ, ਉਹ ਮੈਂ ਮਹੰਤ ਤੇਜਾ ਸਿੰਘ ਡੇਹਰਾ ਸਾਹਿਬ ਵਾਲੇ ਨੂੰ ਦੇ ਚੱਲੀ ਹਾਂ। ਮੇਰੇ ਮਰਨ 'ਤੇ ਉਨ੍ਹਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪੁਆ ਦੇਵੀਂ। ਕੁਝ ਹੋਰ ਪੈਸੇ ਹਨ ਉਹ ਵੀ ਤੂੰ ਗੁਰਦੁਆਰਾ ਹਜ਼ੂਰ ਸਾਹਿਬ ਪਹੁੰਚਾ ਦੇਵੀਂ। ਪੁੱਤ ਮੈਨੂੰ ਪਤਾ ਹੈ ਕਿ ਤੂੰ ਕੰਮ ਤਾਂ ਕੋਈ ਨਹੀਂ ਕਰਦਾ। ਇਸ ਕਰਕੇ ਤੂੰ ਖ਼ਰਚ ਤੋਂ ਤਾਂ ਤੰਗ ਹੀ ਰਹਿੰਦਾ ਹੈਂ।ਮੈਂ ਤੈਨੂੰ ਸਖ਼ਤ ਪਾਬੰਦੀ ਲਾਉਂਦੀ ਹਾਂ ਕਿ ਜੇ ਤੂੰ ਮੇਰਾ ਦੁੱਧ ਪੀਤਾ ਹੈ ਤਾਂ ਉਸ ਦੁੱਧ ਦਾ ਹੀ ਵਾਸਤਾ ਹੈ ਕਿ ਤੂੰ ਇਨ੍ਹਾਂ ਪੈਸਿਆਂ ਵਿੱਚੋਂ ਇੱਕ ਪੈਸਾ ਵੀ ਆਪਣੇ ਲਈ ਨਹੀਂ ਵਰਤੇਂਗਾ। ਜੇਕਰ ਤੂੰ ਅਜਿਹਾ ਕਰੇਂਗਾ ਤਾਂ ਤੂੰ ਮੇਰੇ ਨਾਲ ਇਹ ਵਿਸ਼ਵਾਸਘਾਤ ਕਰੇਂਗਾ।" {ਭਗਤ ਪੂਰਨ ਸਿੰਘ, ਢਿੱਡ ਦਾ ਬੋਝ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। ੨੦੧੪, ਪੰਨਾ ੭}।

ਇੱਥੋਂ ਕੁਝ ਦੂਰੀ 'ਤੇ ਗੁਰਦੁਆਰਾ ਛੇਹਰਟਾ ਸਾਹਿਬ ਹੈ। ਭਗਤ ਜੀ ਮਾਤਾ ਜੀ ਨੂੰ ਲੈ ਕੇ ਇੱਥੇ ਆ ਗਏ। ਮਾਂ ਦੀਆਂ ਅੱਖਾਂ ਵਿੱਚ ਅੱਥਰੂ ਤਾਂ ਸੁੱਕੇ ਨਹੀਂ ਸਨ ਪਰ ਮਾਂ ਦੇ ਚਿਹਰੇ 'ਤੇ ਆਈ ਹੋਈ ਰੌਣਕ ਦੱਸਦੀ ਸੀ ਕਿ ਮਾਂ ਦੇ ਦਿਲ ਦਾ ਭਾਰ ਹਲਕਾ ਹੋ ਗਿਆ ਹੈ। ਦੇਖਦਿਆਂ ਹੀ ਦੇਖਦਿਆਂ ਮਾਂ ਦੀਆਂ ਅੱਖਾਂ ਦੇ ਦਰਵਾਜ਼ੇ ਬੰਦ ਹੋਣ ਲੱਗ ਪਏ, ਭਗਤ ਜੀ ਨੇ ਮਾਂ ਦੀ ਬਾਂਹ ਪਕੜ ਕੇ ਟੋਹਿਆ ਤਾਂ ਦਿਲ ਦਾ ਦਰਵਾਜ਼ਾ ਵੀ ਬੰਦ ਹੋ ਚੁੱਕਾ ਸੀ। ਮਾਂ ਦੀ ਲਾਸ਼ ਤਾਂ ਭਗਤ ਜੀ ਦੀ ਬੁੱਕਲ ਵਿੱਚ ਪਈ ਸੀ ਪਰ ਰੂਹ ਪ੍ਰੀਤਮ ਦੇ ਦੇਸ਼ ਉਡਾਰੀ ਮਾਰ ਗਈ ਸੀ। ਭਗਤ ਪੂਰਨ ਸਿੰਘ ਲਈ ਇਹ ਸਮਾਂ ਬਹੁਤ ਕਠਨ ਸੀ। ਭਗਤ ਜੀ ਨੇ ਮਾਂ ਦਾ ਚਿਹਰਾ ਰੱਜ ਕੇ ਤੱਕਿਆ। ਉਸ ਵਿੱਚੋਂ ਜ਼ਿੰਦਗੀ ਭਰ ਮਾਂ ਨਾਲ ਕੀਤੇ ਵਾਅਦੇ ਨਿਭਾਉਣ ਦਾ ਬਲ ਲੱਭਿਆ ਅਤੇ ਭਰੇ ਦਿਲ ਨਾਲ ਇੱਕ ਗੱਲ ਕਹੀ: **'ਹੇ ਰੱਬਾ! ਮੈਂ ਅਤਿ ਦੀ ਪਿਆਰੀ ਤੇ ਚੰਗੀ ਮਾਂ ਤੇਰੇ ਕੋਲ ਭੇਜਣ ਲੱਗਾ ਹਾਂ। ਮੇਰੀ ਮਾਂ ਨੇ ਜ਼ਿੰਦਗੀ ਵਿੱਚ ਬਹੁਤ ਦੁੱਖ ਸਹਾਰੇ ਹਨ ਤੇ ਹੁਣ ਇਸ ਨੂੰ ਆਪਣੇ ਦਰ 'ਤੇ ਸੁੱਖ ਨਾਲ ਰੱਖੀਂ।'** ਭਗਤ ਜੀ ਨੇ ਰੱਬੀ ਸਹਾਰਾ ਲੈ ਕੇ ਮਾਂ ਦਾ ਸਸਕਾਰ ਕਰ ਦਿੱਤਾ। ਇਹ ਸੰਨ ੧੯੩੦ ਦੇ ਜੂਨ ਮਹੀਨੇ ਦੀ ੨੩ ਤਰੀਕ ਸੀ। {ਭਗਤ ਪੂਰਨ ਸਿੰਘ, ਕਹਾਣੀਆਂ, ਡਾ. ਇੰਦਰਜੀਤ ਕੌਰ ਪਿੰਗਲਵਾੜਾ ਅੰਮ੍ਰਿਤਸਰ। (੨੦੧੩), ਪੰਨਾ ੩੫}।

ਰੱਬ ਸਰਬ ਸੁੱਖਾਂ ਦਾ ਦਾਤਾ ਹੈ ਤੇ ਰੱਬ ਨੇ ਮਾਂ ਨੂੰ ਵੀ ਆਪਣੇ ਵਰਗਾ ਹੀ ਬਣਾਇਆ ਹੈ। ਮਾਂ ਦਾ ਕੋਲ ਹੋਣਾ ਬੱਚੇ ਲਈ ਬਾਦਸ਼ਾਹੀ ਦੇ ਬਰਾਬਰ ਹੁੰਦਾ ਹੈ। ਮਾਂ ਦਾ ਤੁਰ ਜਾਣਾ, ਜੀਵਨ ਦੀ ਤਪਸ਼ ਤੋਂ ਬਚਾਉਣ ਵਾਲੀ ਛਾਂ ਦਾ ਗੁਆਚ ਜਾਣ ਬਰਾਬਰ ਹੁੰਦਾ ਹੈ। ਹਰੇਕ ਹੱਥ ਆਪਣੇ ਹੀ ਮੂੰਹ ਨੂੰ ਜਾਂਦਾ ਹੈ, ਪਰ ਮਾਂ ਦਾ ਹੱਥ ਆਪਣੇ ਮੂੰਹ ਦੀ ਥਾਂ ਆਪਣੀ ਔਲਾਦ ਦੇ ਮੂੰਹ ਵੱਲ ਜਾਂਦਾ ਹੈ। ਕਿਸੇ



ਵਿਦਵਾਨ ਦੀ ਕਲਮ ਦੇ ਬੋਲਾਂ ਵਿੱਚ ਮਾਂ ਦੀ ਤਸਵੀਰ ਦੇਖਦੇ ਹਾਂ:

**ਬਹੁਤ ਗ਼ਰੀਬੀ ਸੀ ਘਰ ਵਿੱਚ ਫੇਰ ਵੀ, "ਰਾਜਾ ਪੁੱਤ" ਕਹਿਕੇ ਅੰਬਰੀਂ ਬਿਠਾ ਦਿੰਦੀ ਸੀ।**
**ਮਹਿਸੂਸ ਨਾ ਹੋਣ ਦਿੰਦੀ ਸੀ ਕਦੇ ਤੰਗੀ, ਟਾਕੀ ਸੂਟ ਦੀ ਚੁੰਨੀ ਹੇਠ ਲੁਕਾ ਦਿੰਦੀ ਸੀ।**
**ਖਿਡੌਣਾ ਮੰਗਿਆ ਸੀ ਜਦੋਂ ਕਦੇ ਵੀ, ਖਿੱਦੋ ਚੁੰਨੀ ਦਾ ਝੱਟ ਬਣਾ ਦਿੰਦੀ ਸੀ।**
**ਟੁੱਟ ਜਾਂਦੀ ਸੀ ਜਦੋਂ ਕਦੇ ਹਾਰ ਕੇ, ਧੂੰਏਂ ਪੱਜ ਹੰਝੂ ਵਹਾ ਦਿੰਦੀ ਸੀ।**
**ਐਸੀ ਕਹਾਣੀ ਸੁਣਾਉਂਦੀ ਸੀ ਸੁਆਉਣ ਲੱਗਿਆਂ, ਜੰਞ ਪਰੀਆਂ ਦੇ ਦੇਸ਼ ਪਹੁੰਚਾ ਦਿੰਦੀ ਸੀ।**
**ਬਹੁਤ ਬਰਕਤ ਹੁੰਦੀ ਸੀ ਮਾਂ ਦੇ ਹੱਥਾਂ ਵਿੱਚ, ਰੋਟੀ ਥੋੜ੍ਹੀ ਸੀ ਪਰ ਰਜ਼ਾ ਦਿੰਦੀ ਸੀ। {ਕਿਸੇ ਵਿਦਵਾਨ ਦੇ ਬੋਲ}**

ਪਿਆਰ ਵਾਲਿਓ, ਇੱਥੇ ਕੁਝ ਵਿਚਾਰ ਖ਼ਾਸ ਧਿਆਨ ਨਾਲ ਪੜ੍ਹਨੀ ਚਾਹੀਦੀ ਹੈ। ਜਦੋਂ ਮਾਂ ਨਾਲ ਅਜਿਹੇ ਵਾਅਦੇ ਭਗਤ ਜੀ ਕਰ ਰਹੇ ਸਨ ਤਾਂ ਉਨ੍ਹਾਂ ਦੀ ਉਮਰ ਉਸ ਸਮੇਂ ੨੭ ਸਾਲ ਦੀ ਭਰ ਜੁਆਨੀ ਦੀ ਉਮਰ ਸੀ। ਜੁਆਨੀ ਵਿੱਚ ਸਤਿਗੁਰੂ ਜੀ ਦਾ ਵੀ ਪਾਵਨ ਬਚਨ ਹੈ ਕਿ ਕਾਮ ਦਾ ਜਾਂ ਵਿਕਾਰਾਂ ਦਾ ਬਹੁਤ ਜ਼ੋਰ ਹੁੰਦਾ ਹੈ। ਜੀਵਨ ਦੀ ਚਾਦਰ ਨੂੰ ਬਹੁਤੇ ਦਾਗ ਮਨੁੱਖ ਜੁਆਨੀ ਵੇਲੇ ਹੀ ਲਾਉਂਦਾ ਹੈ।

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ॥ ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ॥ ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ॥ ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ॥ ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ॥ ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ॥**
**{ਅੰਗ ੭੫}**

ਜੁਆਨੀ, ਜੀਵਨ ਦੇ ਭਰ ਦੁਪਹਿਰ ਦੀ ਤਿੱਖੜੀ ਧੁੱਪ ਦੇ ਸੇਕ ਦਾ ਨਾਮ ਹੁੰਦੀ ਹੈ। ਇਸ ਉਮਰ ਵਿੱਚ ਕੋਈ ਰੱਬੀ ਬਖ਼ਸ਼ਿਸ਼ ਵਾਲੀ ਠੰਢੀ ਛਾਂ ਵਾਲਾ ਹੀ ਆਪਣੇ ਜੀਵਨ ਨੂੰ ਵਿਕਾਰਾਂ ਦੇ ਸੇਕ ਤੋਂ ਬਚਾ ਸਕਦਾ ਹੈ। ਭਰ ਜੁਆਨੀ ਵਿੱਚ ਮਨੁੱਖ ਨੂੰ ਵਿਕਾਰ ਅੰਨ੍ਹਾ ਕਰ ਦਿੰਦੇ ਹਨ ਜਿਸ ਨਾਲ ਉਸ ਨੂੰ ਕਿਸੇ ਚੰਗੇ ਮੰਦੇ ਦਾ ਪਤਾ ਨਹੀਂ ਲੱਗਦਾ। ਭਗਤ ਜੀ ਨੇ ਕੁਝ ਸਮੇਂ ਲਈ ਨਹੀਂ ਸਗੋਂ ਸਾਰੀ ਜ਼ਿੰਦਗੀ ਲਈ ਇਹ ਪ੍ਰਣ ਮਾਂ ਨਾਲ ਕੀਤਾ ਸੀ, ਫਿਰ ਇਹ ਵੀ ਹੈ ਕਿ ਦੁਖਿਆਰਿਆਂ ਦੀ ਜਦੋਂ ਸੇਵਾ ਕਰਨੀ ਹੈ ਤਾਂ ਮਨ ਵਿੱਚ ਵਿਕਾਰ ਦਾ ਕਦੇ ਖ਼ਿਆਲ ਵੀ ਨਹੀਂ ਆਉਣਾ ਚਾਹੀਦਾ। ਸਤਿਗੁਰੂ ਜੀ ਜਿਸ ਮਨੁੱਖ 'ਤੇ ਕਿਰਪਾ ਕਰਦੇ ਹਨ ਉਹ ਹੀ

ਇਨ੍ਹਾਂ ਵਿਕਾਰਾਂ 'ਤੇ ਜਿੱਤ ਹਾਸਲ ਕਰਦਾ ਹੈ। ਬੁਢਾਪੇ ਦੀ ਲਾਚਾਰੀ ਕਾਰਨ ਜਦੋਂ ਵਿਕਾਰਾਂ ਦਾ ਲੜ ਪਕੜ ਤੁਰਨ ਦੀ ਹਿੰਮਤ ਹੀ ਨਹੀਂ ਹੁੰਦੀ ਤਾਂ ਉਸ ਵਕਤ ਤਾਂ ਸਾਰੇ ਹੀ ਧਰਮ ਦਾ ਚੋਲਾ ਪਾ ਲੈਂਦੇ ਹਨ ਪਰ ਜੁਆਨੀ ਪਹਿਰੇ ਵਿੱਚ ਮਨ ਨੂੰ ਅਡੋਲ ਰੱਖਣਾ ਕਿਸੇ ਬਚਨ ਦੇ ਬਲੀ ਸੂਰੇ ਦਾ ਹੀ ਕਾਰਜ ਹੈ। ਅਜੋਕੇ ਸਮੇਂ ਵਿੱਚ ਦੇਖਦੇ ਹਾਂ ਸੰਸਾਰ ਕਾਮ ਅਤੇ ਦਾਮ ਦੇ ਚੱਕਰਾਂ ਵਿੱਚ ਪੈ ਕੇ ਹਰ ਤਰ੍ਹਾਂ ਦਾ ਪਾਪ ਕਰ ਰਿਹਾ ਹੈ।ਧਾਰਮਿਕ ਅਸਥਾਨਾਂ ਤੇ ਅੱਠ-ਅੱਠ ਸਾਲ ਦੀਆਂ ਬੱਚੀਆਂ ਦੇ ਸਤ ਭੰਗ ਕੀਤੇ ਜਾ ਰਹੇ ਹਨ। ਇਨ੍ਹਾਂ ਨੂੰ ਸ਼ੈਤਾਨ ਕਹਿਣਾ ਚਾਹੀਦਾ ਹੈ। ਭਗਤ ਪੂਰਨ ਸਿੰਘ ਨੇ ਆਪਣੇ ਨਾਮ ਨਾਲ ਪੂਰਨ ਇਨਸਾਫ਼ ਕੀਤਾ ਹੈ। ਭਗਤ ਅੱਖਰ ਹੀ ਨਹੀਂ ਬਲਕਿ ਭਗਤ ਵਾਲਾ ਜੀਵਨ ਵੀ ਸੀ। ਇਸ ਮਹਾਨ ਸੂਰਮੇ ਦੀ ਜੁਆਨੀ ਹਰੀ ਸਿੰਘ ਨਲੂਏ ਵਰਗੀ, ਬਾਬਾ ਦੀਪ ਸਿੰਘ ਵਰਗੀ ਜਾਂ ਹੋਰ ਸਿੱਖੀ ਦੇ ਮਹਾਨ ਸੂਰਿਆਂ ਵਰਗੀ ਬੇਦਾਗ਼ ਜੁਆਨੀ ਸੀ, ਜਿਸ 'ਤੇ ਇਨਸਾਨੀਅਤ ਸਦਾ ਹੀ ਮਾਣ ਕਰਦੀ ਰਹੇਗੀ।

ਭਗਤ ਜੀ ਦੀ ਅਜਿਹੀ ਘਾੜਤ ਘੜਨ ਵਿੱਚ ਮਾਂ ਨੇ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਸੀ। ਜਿੱਥੇ ਉਹ ਅੰਤਾਂ ਦਾ ਪਿਆਰ ਕਰਦੀ ਸੀ ਉੱਥੇ ਮਾਂ ਹਦਾਇਤਾਂ ਵੀ ਕਾਫ਼ੀ ਸਖ਼ਤ ਦਿੰਦੀ ਹੁੰਦੀ ਸੀ। ਮਾਂ ਦੀ ਭਾਵਨਾ ਸੀ ਕਿ ਮੇਰਾ ਪੁੱਤ ਵੱਧੇ ਫੁੱਲੇ ਤਾਂ ਬਹੁਤ, ਪਰ ਕਿਸੇ ਦਾ ਦਿਲ ਦੁਖੀ ਨਾ ਕਰੇ। ਇੱਕ ਵਾਰੀ ਮਹਿਤਾਬ ਕੌਰ ਨੇ ਕਿਹਾ ਸੀ: "ਪੁੱਤਰ ਤੂੰ ਆਪਣੇ ਭਰਾ ਕੋਲੋਂ ਪਿਉ ਦੀ ਜ਼ਮੀਨ ਜਾਇਦਾਦ ਵਿੱਚੋਂ ਇੱਕ ਪੈਸਾ ਵੀ ਨਾ ਲਵੀਂ। ਉਸ ਦੇ ਘਰ ਦਾ ਇੱਕ ਗਿਲਾਸ ਪਾਣੀ ਵੀ ਨਾ ਪੀਵੀਂ। ਤੇਰਾ ਭਰਾ ਤੇਰੇ ਲਈ ਬਹੁਤ ਕੁਝ ਬੋਲ ਦਿੰਦਾ ਹੈ ਤੇ ਉਸ ਨੇ ਇਹ ਵੀ ਕਹਿ ਦੇਣਾ ਹੈ ਕਿ ਇਸ ਨੂੰ ਜੰਮਿਆ ਹੀ ਕਿਉਂ ਸੀ? ਇਹੋ ਜਿਹੇ ਬੋਲਾਂ ਦਾ ਸਹਾਰਨਾ ਬਹੁਤ ਔਖਾ ਹੁੰਦਾ ਹੈ।" {ਭਗਤ ਪੂਰਨ ਸਿੰਘ, ਢਿੱਡ ਦਾ ਬੋਝ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੪), ਪੰਨਾ ੬}।

ਮਾਂ ਦੀ ਸੇਵਾ ਤੋਂ ਵਿਹਲੇ ਹੋ ਕੇ ਭਗਤ ਜੀ ਮੁੜ ਗੁਰਦੁਆਰਾ ਡੇਹਰਾ ਸਾਹਿਬ ਆ ਗਏ ਸਨ। ਉਨ੍ਹਾਂ ਦੇ ਮਨ ਨੂੰ ਇਹ ਹੌਂਸਲਾ ਤਾਂ ਪਹਿਲਾਂ ਹੀ ਮਿਲ ਗਿਆ ਸੀ ਕਿ ਹੁਣ ਤੇਰਾ ਘਰ ਗੁਰਦੁਆਰਾ ਸਾਹਿਬ ਹੈ ਜਿਹੜਾ ਕਦੇ ਉੱਜੜਦਾ ਨਹੀਂ ਤੇ ਗ਼ਰੀਬ ਅਨਾਥਾਂ ਨੂੰ ਗਲ ਨਾਲ ਲਾ ਲੈਂਦਾ ਹੈ। ਇੱਥੇ ਆ ਕੇ ਦੁਖਿਆਰਿਆਂ ਦੀ ਤੇ ਹੋਰ ਗੁਰੂ ਘਰ ਦੀ ਹਰ ਤਰ੍ਹਾਂ ਦੀ ਸੇਵਾ ਵਿੱਚ ਲੱਗ ਗਏ। ਮਾਂ ਭਾਵੇਂ ਅੱਖਾਂ ਤੋਂ ਉਹਲੇ ਹੋ ਗਈ ਸੀ ਪਰ ਮਾਂ ਦੀਆਂ ਨਸੀਹਤਾਂ ਜਾਂ ਸਿੱਖਿਆ ਹਮੇਸ਼ਾਂ ਹੀ ਨਾਲ ਰਹਿੰਦੀਆਂ ਸਨ। ਮਾਂ ਨਾਲ ਕੀਤੇ ਵਾਅਦਿਆਂ ਨੇ ਮਨ ਹਰ ਪੱਖ ਤੋਂ ਤਿਆਰ ਕਰ ਦਿੱਤਾ ਸੀ। ਇਸ ਕਰਕੇ ਗੁਰਬਾਣੀ ਦਾ ਸਹਾਰਾ ਲੈ ਕੇ ਕੋਈ ਵੀ ਸੇਵਾ ਮਿਲਦੀ ਸੀ ਤਾਂ ਤਤਪਰ ਹੋ ਕੇ ਕਰਦੇ ਸਨ। ਮਨ ਵਿੱਚੋਂ ਹਰ ਪ੍ਰਕਾਰ ਦੀ ਗਿਲਾਨੀ ਨਿਕਲ ਗਈ ਸੀ। ਅੱਖਾਂ ਸਿਰਫ਼ ਰੱਬੀ ਨੂਰ ਦਾ ਅਹਿਸਾਸ ਹੀ



ਕਰਦੀਆਂ ਸਨ। ਜ਼ਾਤ ਪਾਤ, ਅਮੀਰੀ ਗ਼ਰੀਬੀ, ਆਪਣਾ ਬਿਗਾਨਾ ਜਾਂ ਇਸਤ੍ਰੀ ਪੁਰਸ਼ ਵਾਲੇ ਸਾਰੇ ਹੀ ਭੇਦ ਭਾਵ ਦੂਰ ਹੋ ਗਏ ਸਨ। ਹੁਣ ਤਾਂ ਬੱਸ ਜਿੱਧਰ ਵੀ ਤੱਕਦੇ ਸਨ ਹਰ ਪਾਸੇ ਕੁਦਰਤ ਦੇ ਬੰਦੇ ਹੀ ਨਜ਼ਰ ਆਉਂਦੇ ਸਨ।

## ਡੇਹਰਾ ਸਾਹਿਬ

ਗੁਰਦੁਆਰਾ ਡੇਹਰਾ ਸਾਹਿਬ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਯਾਦ ਵਿੱਚ ਬਣਿਆ ਹੋਇਆ ਹੈ। ਜਦੋਂ ਲਾਹੌਰ ਵਿੱਚ ਕਾਲ ਪਿਆ ਸੀ ਤਾਂ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਖ਼ੁਦ ਇੱਥੇ ਦਵਾਈਆਂ ਤੇ ਪ੍ਰਸ਼ਾਦੇ ਪਾਣੀ ਦਾ ਲੰਗਰ ਲਾਇਆ ਸੀ। ਇੱਥੇ ਹੀ ਸਤਿਗੁਰੂ ਜੀ ਨੂੰ ਜਹਾਂਗੀਰ ਦੇ ਹੁਕਮ ਨਾਲ ਤਸੀਹੇ ਦੇਣ ਤੋਂ ਮਗਰੋਂ ਰਾਵੀ ਵਿੱਚ ਰੋੜ੍ਹ ਕੇ ਸ਼ਹੀਦ ਕੀਤਾ ਗਿਆ ਸੀ।

ਗੁਰੂ ਅਰਜਨ ਸਾਹਿਬ ਜੀ ਨੇ ਹੀ ਤਰਨ-ਤਾਰਨ ਸਾਹਿਬ ਵਸਾ ਕੇ ਸਾਨੂੰ ਤਰਨ ਦੀ ਜਾਚ ਦੱਸੀ ਸੀ। ਇੱਥੇ ਇੱਕ ਢਾਬ ਹੁੰਦੀ ਸੀ ਜਿਸ ਵਿੱਚ ਆਜੜੀ ਬੱਚੇ ਤਰਦੇ ਰਹਿੰਦੇ ਸਨ ਪਰ ਇੱਕ ਵਾਰੀ ਇੱਕ ਆਜੜੀ ਲੜਕਾ ਡੁੱਬ ਗਿਆ ਤਾਂ ਸਤਿਗੁਰੂ ਜੀ ਨੇ ਇੱਥੇ ਇਹ ਅਸਥਾਨ ਬਣਾ ਕੇ ਕਿਹਾ ਸੀ ਕਿ ਕੋਈ ਹੁਣ ਡੁੱਬੇਗਾ ਨਹੀਂ ਸਗੋਂ ਗੁਰੂ ਸ਼ਬਦ ਲੜ ਲੱਗ ਕੇ ਤਰਨਾ ਸਿੱਖ ਜਾਏਗਾ। {ਡਾ. ਰਤਨ ਸਿੰਘ ਜੱਗੀ, ਸਿੱਖ-ਪੰਥ ਵਿਸ਼ਵਕੋਸ਼, ਗੁਰ ਰਤਨ ਪਬਲੀਸ਼ਰਜ਼, ਪਟਿਆਲਾ। (੨੦੦੫), ਪੰਨਾ ੮੯੩}।

'ਤਰਨ-ਤਾਰਨ ਸਾਹਿਬ ਵਿਖੇ ਹੀ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾ ਕੋਹੜੀ ਘਰ ਬਣਾਇਆ ਸੀ। ਮੁਰਾਦਪੁਰ ਦੇ ਚੌਧਰੀ ਦੇ ਪਿਤਾ ਨੂੰ ਚਾਰ ਪੰਜ ਬੰਦੇ ਇੱਕ ਮੰਜੇ 'ਤੇ ਬੰਨ੍ਹ ਕੇ ਲਿਜਾ ਰਹੇ ਸਨ। ਗੁਰੂ ਅਰਜਨ ਸਾਹਿਬ ਜੀ ਵੀ ਇੱਧਰ ਸੈਰ ਕਰ ਰਹੇ ਸਨ। ਉਸ ਚੌਧਰੀ ਦੇ ਪਿਤਾ ਦਾ ਰੋਣਾ ਕੁਰਲਾਉਣਾ ਸੁਣ ਕੇ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਕਿਹਾ ਕਿ ਦੇਖੋ ਤਾਂ ਕੌਣ ਹੈ? ਜਦੋਂ ਸਿੱਖਾਂ ਨੇ ਪਤਾ ਕੀਤਾ ਤਾਂ ਉਸ ਰੋਗੀ ਨੂੰ ਲੈ ਕੇ ਜਾਣ ਵਾਲਿਆਂ ਨੇ ਦੱਸਿਆ ਕਿ ਇਹ ਮੁਰਾਦਪੁਰ ਦੇ ਚੌਧਰੀ ਦਾ ਪਿਤਾ ਹੈ। ਇਸ ਨੂੰ ਕੋਹੜ ਦਾ ਰੋਗ ਹੈ। ਇਲਾਜ ਤਾਂ ਕਾਫ਼ੀ ਕਰਵਾਇਆ ਹੈ ਪਰ ਫਿਰ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੋਇਆ।ਚੌਧਰੀ ਸਾਹਿਬ ਦਾ ਕਹਿਣਾ ਹੈ ਕਿ ਇਸ ਨੂੰ ਬਿਆਸਾ ਦਰਿਆ ਵਿੱਚ ਰੋੜ੍ਹ ਦਿਓ ਤਾਂ ਕਿ ਇਹ ਰੋਗ ਸਾਡੇ ਘਰ ਵਿੱਚ ਕਿਸੇ ਹੋਰ ਨੂੰ ਨਾ ਲੱਗੇ। ਇਸ ਕਰਕੇ ਅਸੀਂ ਇਸ ਨੂੰ ਦਰਿਆ ਵਿੱਚ ਰੋੜ੍ਹਨ ਜਾ ਰਹੇ ਹਾਂ, ਪਰ ਇਹ ਰੌਲਾ ਪਾ ਰਹੇ ਹਨ ਕਿ ਮੈਨੂੰ ਕਿੱਧਰੇ ਬਾਹਰ ਹੀ ਛੱਡ ਦਿਓ ਮੈਂ ਮੁੜ ਕੇ ਨਹੀਂ ਆਉਂਦਾ ਪਰ ਮੈਨੂੰ ਮਾਰੋ ਨਾ।

ਸਤਿਗੁਰੂ ਜੀ ਨੇ ਬੜੇ ਪਿਆਰ ਨਾਲ ਕਿਹਾ ਕਿ ਕੋਈ ਗੱਲ ਨਹੀਂ ਭਾਈ, ਜਿਸਦਾ ਕੋਈ ਨਾ ਹੋਵੇ ਉਸ ਦਾ ਰੱਬ ਤਾਂ ਹੁੰਦਾ ਹੀ ਹੈ। ਇਸ ਵਾਸਤੇ ਇਸ ਬਜ਼ੁਰਗ ਨੂੰ ਤੁਸੀਂ ਸਾਡੇ ਕੋਲ ਹੀ ਛੱਡ ਦਿਓ। ਗੁਰੂ ਅਰਜਨ ਸਾਹਿਬ ਜੀ

ਉਸ ਕੋਹੜੀ ਨੂੰ ਆਪਣੇ ਨਾਲ ਤਰਨ-ਤਾਰਨ ਸਾਹਿਬ ਲੈ ਗਏ ਤੇ ਉਸ ਦੇ ਨਾਲ ਹੀ ਪਹਿਲਾ ਕੋਹੜੀ ਘਰ ਬਣਾਇਆ ਸੀ।'

{ਪ੍ਰਿੰ. ਸਤਿਬੀਰ ਸਿੰਘ, ਪ੍ਰਤੱਖ ਹਰਿ, ਨਿਊ ਬੁੱਕ ਕੰਪਨੀ ਜਲੰਧਰ, (੨੦੦੫), ਪੰਨਾ ੧੦੫}।

ਅਜਿਹੇ ਮਹਾਨ ਸਤਿਗੁਰੂ ਜੀ ਦੀ ਯਾਦ ਨੂੰ ਆਪਣੀ ਬੁੱਕਲ ਵਿੱਚ ਸਮਾਈ ਬੈਠਾ ਇਹ ਗੁਰੂ ਘਰ ਡੇਹਰਾ ਸਾਹਿਬ ਹੈ। ਗੁਰੂ ਅਰਜਨ ਸਾਹਿਬ ਜੀ ਨੇ ਸਾਨੂੰ ਜੀਵਨ ਜਾਚ ਲਈ ਗੁਰਬਾਣੀ ਤੇ ਮਰਨ ਲਈ ਕੁਰਬਾਨੀ, ਦੇ ਕੇ ਸਮਝਾਇਆ ਹੈ। ਭਗਤ ਜੀ ਗੁਰਦੁਆਰਾ ਡੇਹਰਾ ਸਾਹਿਬ ਹੀ ਰਹਿੰਦੇ ਸਨ। ਇਨ੍ਹਾਂ ਨੇ ਵੀ ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਸਿਧਾਂਤਾਂ ਤੋਂ ਸਿੱਖਿਆ ਲਈ ਸੀ। ਇਸ ਕਰਕੇ ਮਾਂ ਨਾਲ ਕੀਤੇ ਪ੍ਰਣ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਅਸਥਾਨ ਦੀ ਪ੍ਰੇਰਨਾ ਨਾਲ ਉਨ੍ਹਾਂ ਦਾ ਮਨ ਵੀ ਮਨੁੱਖੀ ਸੇਵਾ ਲਈ ਪੂਰਨ ਤੌਰ 'ਤੇ ਤਿਆਰ ਸੀ। ਜਦੋਂ ਮਨੁੱਖ ਗੁਰੂ ਸਾਹਿਬ ਜੀ ਦੇ ਦਰ ਤੋਂ ਸਿੱਖਿਆ ਲੈਂਦਾ ਹੈ ਤਾਂ ਗੁਰੂ ਸਾਹਿਬ ਜੀ ਵਾਲੇ ਸ਼ੁੱਭ ਗੁਣ ਉਸ ਉਪਾਸ਼ਕ ਵਿੱਚ ਵੀ ਆ ਜਾਂਦੇ ਹਨ। ਭਗਤ ਪੂਰਨ ਸਿੰਘ ਜੀ ਦੇ ਜੀਵਨ ਵਿੱਚ ਗੁਰੂ ਅਰਜਨ ਸਾਹਿਬ ਜੀ ਦੇ ਪਰਉਪਕਾਰਾਂ ਦਾ ਬਹੁਤ ਅਸਰ ਸੀ। ਇਸ ਕਰਕੇ ਹੀ ਭਗਤ ਜੀ ਮਾਂ ਦਾ ਵਿਛੋੜਾ ਸਹਾਰ ਗਏ ਸਨ। ਭਗਤ ਜੀ ਦਾ ਮਾਤਾ ਜੀ ਨਾਲ ਅਥਾਹ ਪਿਆਰ ਸੀ। ਉਹ ਤਾਂ ਗੱਲ-ਗੱਲ ਵਿੱਚ ਉਨਾਂ ਦਾ ਜ਼ਿਕਰ ਕਰਦੇ ਰਹਿੰਦੇ ਸਨ ਤੇ ਇਹ ਵੀ ਭਾਵਨਾ ਰੱਖਦੇ ਸਨ ਕਿ ਜਦੋਂ ਵੀ ਮਾਂ ਦਾ ਨਾਮ ਲੈਣਾ ਹੋਵੇ ਤਾਂ ਉੱਠ ਕੇ ਖੜ੍ਹੋ ਜਾਣਾ ਚਾਹੀਦਾ ਹੈ। ਗੁਰੂ ਸਾਹਿਬ ਜੀ ਦੇ ਦਰ ਤੋਂ ਜਦੋਂ ਮਨੁੱਖ ਨੂੰ ਮਾਤਾ ਪਿਤਾ ਵਾਲਾ ਪਿਆਰ ਵੀ ਮਿਲਦਾ ਹੈ ਤਾਂ ਸੰਸਾਰੀ ਮਾਤਾ ਪਿਤਾ ਦਾ ਵਿਛੋੜਾ ਸਹਾਰਨਾ ਅਸਾਨ ਹੋ ਜਾਂਦਾ ਹੈ। ਧਰਮੀ ਜਿਊੜੇ ਨੂੰ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਇੱਕ ਮਾਂ ਨੇ ਦੂਜੀ ਮਾਂ ਦੀ ਝੋਲੀ ਪਾ ਦਿੱਤਾ ਹੋਵੇ।

**ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥**
**ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥**
**{ਅੰਗ ੧੧੦੨}**

## ਪਿੰਗਲਵਾੜੇ ਦਾ ਨੀਂਹ ਪੱਥਰ

'ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਸੀ। ਇਸ ਪੁਰਬ ਨੂੰ ਸਿੱਖ ਸੰਗਤਾਂ ਕਰੀਬ ਹਰੇਕ ਗੁਰਦੁਆਰਾ ਸਾਹਿਬ ਵਿੱਚ ਬਹੁਤ ਸ਼ਰਧਾ ਭਾਵਨਾ ਨਾਲ ਮਨਾਉਂਦੀਆਂ ਹਨ। ਇਸ ਕਰਕੇ ਗੁਰਦਆਰਾ ਡੇਹਰਾ ਸਾਹਿਬ ਵੀ ਸੰਗਤਾਂ ਦੀ ਬਹੁਤ ਰੌਣਕ ਸੀ। ਭਾਈ ਅੱਛਰ ਸਿੰਘ ਜੀ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਹੈੱਡ ਗ੍ਰੰਥੀ ਦੀ ਸੇਵਾ ਕਰਦੇ ਸਨ। ਉਨ੍ਹਾਂ ਕੋਲ ਦੋ ਬੰਦੇ ਆਏ ਜਿਨ੍ਹਾਂ ਵਿੱਚੋਂ ਇੱਕ ਦੀ ਗੋਦੀ ਵਿੱਚ ਇੱਕ ਲੂਲ੍ਹਾ ਲੰਗੜਾ ਜਿਹਾ ਚਾਰ ਕੁ ਸਾਲ ਦਾ ਬੱਚਾ ਸੀ। ਇਨ੍ਹਾਂ



ਨੇ ਆ ਕੇ ਭਾਈ ਅੱਛਰ ਸਿੰਘ ਨੂੰ ਦੱਸਿਆ ਕਿ ਅਸੀਂ ਲੁਧਿਆਣੇ ਦੇ ਲਾਗੇ ਕਿਸੇ ਪਿੰਡ ਵਿੱਚੋਂ ਆਏ ਹਾਂ। ਇਹ ਬੱਚਾ ਨਾ ਤਾਂ ਬੋਲ ਸਕਦਾ ਹੈ ਅਤੇ ਨਾ ਹੀ ਸੁਣ ਸਕਦਾ ਹੈ। ਇਸ ਦੀਆਂ ਲੱਤਾਂ ਵੀ ਕੰਮ ਨਹੀਂ ਕਰਦੀਆਂ ਤੇ ਇਹ ਆਪਣੀ ਕੋਈ ਵੀ ਸਰੀਰਕ ਕਿਰਿਆ ਨਹੀਂ ਕਰ ਸਕਦਾ। ਆਪਣੇ ਆਪ ਕੁਝ ਖਾ ਨਹੀਂ ਸਕਦਾ ਕੁਝ ਪੀ ਨਹੀਂ ਸਕਦਾ, ਕੋਈ ਕੱਪੜਾ ਵੀ ਆਪਣੇ ਉੱਤੇ ਨਹੀਂ ਲੈ ਸਕਦਾ। ਇਸ ਦੀ ਚਾਰ ਕੁ ਮਹੀਨੇ ਪਹਿਲਾਂ ਮਾਂ ਮਰ ਗਈ ਸੀ। ਇਸ ਦਾ ਪਿਤਾ ਸਾਡੇ ਕੋਲ ਲੰਮੇ ਸਮੇਂ ਤੋਂ ਸੀਰੀ ਦਾ ਕੰਮ ਕਰਦਾ ਹੈ। ਉਸ ਨੇ ਵੀ ਕੁਝ ਸਮਾਂ ਤਾਂ ਇਸ ਦੀ ਸੇਵਾ-ਸੰਭਾਲ ਕੀਤੀ ਹੈ ਪਰ ਹੁਣ ਉਹ ਵੀ ਸਾਡੇ ਕੋਲ ਹੀ ਛੱਡ ਕੇ ਆਪ ਲੋਪ ਹੋ ਗਿਆ ਹੈ। ਅਸੀਂ ਵੀ ਇੱਕ ਮਹੀਨਾ ਇਸ ਦੇ ਪਿਤਾ ਦੀ ਉਡੀਕ ਕੀਤੀ ਪਰ ਸਾਨੂੰ ਪਤਾ ਸੀ ਕਿ ਇਸ ਬੱਚੇ ਦੇ ਕਾਰਨ ਹੀ ਦੁਖੀ ਹੋ ਕੇ ਉਹ ਗਿਆ ਹੈ, ਇਸ ਕਰਕੇ ਇਸ ਲੂਲ੍ਹੇ ਦੇ ਪਿਤਾ ਨੇ ਵਾਪਸ ਨਹੀਂ ਆਉਣਾ। ਸੋ ਸਾਡੇ ਕਿਸੇ ਕੋਲੋਂ ਵੀ ਇਸ ਦੀ ਸੇਵਾ-ਸੰਭਾਲ ਨਹੀਂ ਹੋਣੀ। ਅਸੀਂ ਤਾਂ ਆਮ ਪਰਿਵਾਰਾਂ ਵਾਲੇ ਗ੍ਰਿਹਸਥੀ ਬੰਦੇ ਹਾਂ। ਸਾਡੇ ਕੋਲੋਂ ਇਸ ਨੂੰ ਤੜਫ-ਤੜਫ ਕੇ ਮਰਦਾ ਵੀ ਦੇਖਿਆ ਨਹੀਂ ਜਾਂਦਾ। ਇਹ ਸੋਚ ਵਿਚਾਰ ਕਰਕੇ ਅਸੀਂ ਯਤੀਮਖ਼ਾਨੇ ਤੇ ਹੋਰ ਕਈ ਥਾਵਾਂ 'ਤੇ ਲੈ ਕੇ ਗਏ ਸਾਂ ਤਾਂ ਕਿ ਇਸ ਨੂੰ ਕੋਈ ਵੀ ਸੰਸਥਾ ਸਾਂਭ ਲਵੇ, ਪਰ ਇਸ ਨੂੰ ਕਿਸੇ ਨੇ ਵੀ ਆਪਣੇ ਕੋਲ ਨਹੀਂ ਰੱਖਿਆ। ਤੁਸੀਂ ਕਿਰਪਾ ਕਰਕੇ ਇਸ ਨੂੰ ਇੱਥੇ ਹੀ ਰੱਖ ਲਵੋ।

ਭਾਈ ਸਾਹਿਬ ਜੀ ਨੇ ਆਪਣੀ ਅਸਮਰਥਾ ਪ੍ਰਗਟਾਈ ਕਿ ਇਸ ਤਰ੍ਹਾਂ ਤਾਂ ਅਸੀਂ ਵੀ ਸੇਵਾ ਨਹੀਂ ਕਰ ਸਕਦੇ। ਤੁਸੀਂ ਕਿਸੇ ਹੋਰ ਥਾਂ 'ਤੇ ਲੈ ਜਾਵੋ। ਉਨ੍ਹਾਂ ਬੰਦਿਆਂ ਨੇ ਤਾਂ ਛੁਟਕਾਰਾ ਪਾਉਣਾ ਸੀ, ਇਸ ਕਰਕੇ ਉਹ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਬਾਹਰ ਲਾਵਾਰਸੀ ਦੀ ਹਾਲਤ ਵਿੱਚ ਛੱਡ ਗਏ।

ਕੁਝ ਸਮੇਂ ਮਗਰੋਂ ਪ੍ਰਬੰਧਕਾਂ ਨੂੰ ਪਤਾ ਲੱਗਾ ਕਿ ਬੱਚਾ ਤਾਂ ਬਾਹਰ ਰੁਲ ਰਿਹਾ ਹੈ। ਇਸ ਹਾਲਤ ਵਿੱਚ ਪ੍ਰਬੰਧਕਾਂ ਨੇ ਇਸ ਬੱਚੇ ਦੀ ਸੇਵਾ-ਸੰਭਾਲ ਦਾ ਵਿਚਾਰ ਵਟਾਂਦਰਾ ਕੀਤਾ, ਜਿਸ ਵਿੱਚ ਇੱਕ ਮੇਰਠ ਤੋਂ ਆਇਆ ਹੋਇਆ ਲੜਕਾ ਜਿਹੜਾ ਹਿੰਦੂ ਤੋਂ ਸਿੱਖ ਬਣਿਆ ਛੋਲੇ ਕੁਲਚਿਆਂ ਦੀ ਰੇਹੜੀ ਲਾਉਂਦਾ ਸੀ। ਇਹ ਲੜਕਾ ਇਸ ਪਿੰਗਲੇ ਦੀ ਤਰਸ ਭਰੀ ਹਾਲਤ ਦੇਖ ਕੇ ਤਿਆਰ ਹੋ ਗਿਆ ਕਿ ਇਸ ਬੱਚੇ ਦੀ ਸੇਵਾ-ਸੰਭਾਲ ਮੈਂ ਕਰਾਂਗਾ। ਇਸ ਦਾ ਨਾਮ ਮਨੀ ਸਿੰਘ ਸੀ ਤੇ ਇਹ ਗੁਰਦੁਆਰਾ ਸਾਹਿਬ ਦੇ ਨਾਲ ਹੀ ਲੱਗਦੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੀ ਇੱਕ ਕੋਠੜੀ ਵਿੱਚ ਰਹਿੰਦਾ ਸੀ। ਮਨੀ ਸਿੰਘ ਇਸ ਬੱਚੇ ਨੂੰ ਨਾਲ ਲੈ ਗਿਆ ਤੇ ਇਸ ਅਨਾਥ ਬੱਚੇ ਨੂੰ ਆਪਣੇ ਨਾਲ ਹੀ ਸੁਆ ਲਿਆ। ਇਹ ਬੱਚਾ ਤਾਂ ਬੋਲ ਨਹੀਂ ਸਕਦਾ ਸੀ ਤੇ ਸਿਰਫ਼ ਜਦੋਂ ਕੋਈ ਸਰੀਰਕ ਹਰਕਤ ਹੁੰਦੀ ਸੀ ਤਾਂ ਊਂ ਊਂ ਦੀ ਅਵਾਜ਼ ਹੀ ਕੱਢਦਾ ਸੀ। ਦੂਜਾ ਉਹ ਅਣਜਾਣ

ਬੰਦੇ ਨਾਲ ਸੁੱਤਾ ਹੋਣ ਕਰਕੇ ਸਹਿਮ ਜਿਹਾ ਗਿਆ ਹੋਏਗਾ, ਇਸ ਲਈ ਉਸ ਨੇ ਸਹਿਮੇ ਹੋਏ ਨੇ ਮਲ-ਮੂਤਰ ਬਿਸਤਰੇ 'ਤੇ ਹੀ ਕਰ ਦਿੱਤਾ। ਇੱਕ ਆਮ ਬੰਦੇ ਲਈ ਕਿਸੇ ਦੀ ਗ਼ੰਦਗੀ ਧੋਣੀ ਬਹੁਤ ਔਖਾ ਕੰਮ ਹੁੰਦਾ ਹੈ। ਮਨੀ ਸਿੰਘ ਨੇ ਤਾਂ ਇੱਕ ਰਾਤ ਵਿੱਚ ਹੀ ਆ ਕੇ ਕਹਿ ਦਿੱਤਾ ਕਿ ਮੈਂ ਇਸ ਬੱਚੇ ਨੂੰ ਨਹੀਂ ਸਾਂਭ ਸਕਦਾ ਕਿਉਂਕਿ ਇਹ ਤਾਂ ਮਲ-ਮੂਤਰ ਵੀ ਬਿਸਤਰੇ 'ਤੇ ਹੀ ਕਰਦਾ ਹੈ। ਇਸ ਲੂਲ੍ਹੇ ਬੱਚੇ ਨੂੰ ਮੁੜ ਇੱਕ ਹੋਰ ਸੇਵਾਦਾਰ ਨੂੰ ਸੌਂਪਿਆ ਗਿਆ ਜਿਹੜਾ ਦੋਨੋਂ ਵਕਤ ਮੁਸਾਫ਼ਰਾਂ ਨੂੰ ਬਿਸਤਰੇ ਦਿੰਦਾ ਹੁੰਦਾ ਸੀ। ਇਸ ਦਾ ਕੰਮ ਸ਼ਾਮ ਨੂੰ ਸ਼ੁਰੂ ਹੋ ਜਾਂਦਾ ਸੀ ਤੇ ਰਾਤ ਨੂੰ ਦਸ ਵਜੇ ਖ਼ਤਮ ਹੁੰਦਾ ਸੀ। ਸਵੇਰੇ ਫਿਰ ਮੁਸਾਫ਼ਰਾਂ ਨੇ ਜਾਣਾ ਹੁੰਦਾ ਸੀ ਤੇ ਬਿਸਤਰੇ ਜਮ੍ਹਾਂ ਕਰਵਾਉਣੇ ਹੁੰਦੇ ਸਨ, ਇਸ ਕਰਕੇ ਸੇਵਾਦਾਰ ਦਾ ਕੰਮ ਜਲਦੀ ਸ਼ੁਰੂ ਹੋ ਜਾਂਦਾ ਸੀ ਤੇ ਕਾਫ਼ੀ ਦੇਰ ਨਾਲ ਸਮਾਪਤ ਹੁੰਦਾ ਸੀ। ਇਸ ਅਨਾਥ ਬੱਚੇ ਨੂੰ ਤਾਂ ਕੋਈ ਹਰ ਵਕਤ ਦਾ ਤੇ ਬਹੁਤ ਵਿਸ਼ਾਲ ਦਿਲ ਵਾਲਾ ਸੇਵਾਦਾਰ ਚਾਹੀਦਾ ਸੀ। ਇਸ ਕਰਕੇ ਇਸ ਸੇਵਾਦਾਰ ਕੋਲੋਂ ਵੀ ਇਹ ਸੇਵਾ ਨਹੀਂ ਨਿਭਾ ਹੋਈ। ਆਖਿਰ ਪ੍ਰਬੰਧਕਾਂ ਨੇ ਕਾਫ਼ੀ ਸੋਚ ਵਿਚਾਰ ਕਰਕੇ ਇਹ ਸੇਵਾ ਭਗਤ ਪੂਰਨ ਸਿੰਘ ਜੀ ਨੂੰ ਦੇ ਦਿੱਤੀ।

### ਸੇਵਕ ਕਉ ਸੇਵਾ ਬਨਿ ਆਈ

ਭਗਤ ਜੀ ਨੇ ਇਸ ਬੱਚੇ ਦੀ ਸੇਵਾ ਪ੍ਰਾਪਤ ਕਰਦਿਆਂ ਹੀ ਰੱਬ ਦਾ ਧੰਨਵਾਦ ਕੀਤਾ। ਇੱਕ ਵਾਰੀ ਬੀਤੇ ਦੀਆਂ ਯਾਦਾਂ ਦੀਆਂ ਗਲੀਆਂ ਵਿੱਚ ਗੁਆਚ ਗਏ। ਮਾਂ ਨਾਲ ਕੀਤੇ ਵਾਅਦੇ ਯਾਦ ਆਏ। ਭਗਤ ਜੀ ਨੇ ਦੋਵੇਂ ਹੱਥ ਜੋੜ ਕੇ ਮਾਂ ਨੂੰ ਯਾਦ ਕਰਦਿਆਂ ਕਿਹਾ ਕਿ **"ਦੇਖ ਮਾਂ ਅੱਜ ਤੇਰਾ ਪੁੱਤ ਸੇਵਾਦਾਰ ਬਣ ਗਿਆ ਹੈ। ਸੇਵਾਦਾਰ ਵੀ ਉਸ ਦਾ ਬਣਿਆ ਹੈ ਜਿਸ ਨੂੰ ਮੇਰੀ ਸੇਵਾ ਦੀ ਬਹੁਤ ਲੋੜ ਹੈ। ਮਾਂ ਮੈਂ ਅਫ਼ਸਰ ਤਾਂ ਨਾ ਬਣ ਸਕਿਆ ਪਰ ਤੂੰ ਨਿੱਕੇ ਹੁੰਦੇ ਨੂੰ ਸੇਵਾ ਕਰਨੀ ਸਿਖਾਈ ਸੀ, ਇਸ ਕਰਕੇ ਮੈਂ ਸੇਵਾਦਾਰ ਬਣ ਗਿਆ ਹਾਂ। ਇਹ ਸੇਵਾਦਾਰੀ ਮੈਂ ਜ਼ਿੰਦਗੀ ਭਰ ਵਾਸਤੇ ਲਈ ਹੈ।"** ਭਗਤ ਜੀ ਦਾ ਮਨ ਪਿਆਰ ਨਾਲ ਭਰਿਆ ਹੋਇਆ ਸੀ। ਉਹ ਕਦੇ ਰੱਬ ਦਾ ਕਦੇ ਆਪਣੀ ਪਿਆਰੀ ਮਾਂ ਦਾ ਧੰਨਵਾਦ ਕਰਦੇ ਸਨ। ਕਦੇ-ਕਦੇ ਪਿਆਰ ਵੈਰਾਗ ਵਿੱਚ ਵਹਿ ਤੁਰਦੇ ਸਨ। ਉਨ੍ਹਾਂ ਨੇ ਇਸ ਅਨਾਥ ਨੂੰ ਚੁੱਕ ਕੇ ਘੁੱਟ ਸੀਨੇ ਨਾਲ ਲਾ ਲਿਆ ਅਤੇ ਪਿਆਰ ਨਾਲ ਕਿਹਾ ਕਿ ਆ ਪਿਆਰਿਆ ਤੇਰੇ ਆਉਣ ਨਾਲ ਹੀ ਮੈਂ ਸੇਵਾਦਾਰ ਬਣਿਆ ਹਾਂ, ਸੋ ਤੂੰ ਤਾਂ ਮੇਰਾ ਅਤਿ ਦਾ ਪਿਆਰਾ ਹੈਂ।

ਇਸ ਬੱਚੇ ਦੀ ਬੜੀ ਵੱਡੀ ਮੁਸ਼ਕਲ ਸੀ ਕਿਉਂਕਿ ਇਹ ਗੋਡਿਆਂ ਦੇ ਭਾਰ ਬੈਠਦਾ ਸੀ। ਇਸ ਕਰਕੇ ਇਸ ਦੇ ਪਿੱਛੇ ਪੈਰ ਆਪਸ ਵਿੱਚ ਜੁੜ ਜਾਂਦੇ ਸਨ। ਜਦੋਂ ਗੋਡਿਆਂ ਭਾਰ ਬੈਠ ਕੇ ਮਲ-ਮੂਤਰ ਕਰਦਾ ਸੀ ਤਾਂ ਪਿੱਛੇ ਪੈਰ ਜੁੜੇ ਹੋਣ ਕਰਕੇ ਜਦੋਂ ਅੱਗੇ ਹੁੰਦਾ ਸੀ ਤਾਂ ਪੈਰ ਗ਼ੰਦਗੀ ਨਾਲ ਲਿਬੜ ਜਾਂਦੇ ਸਨ।



ਇਸ ਤਰ੍ਹਾਂ ਲੱਤਾਂ ਪੈਰ ਸਭ ਕੁਝ ਗ਼ੰਦਗੀ ਨਾਲ ਲਿਬੇੜ ਲੈਂਦਾ ਸੀ। ਇਤਨੀ ਗ਼ੰਦਗੀ ਧੋਣੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਅਜਿਹੀ ਸੇਵਾ ਤਾਂ ਕੋਈ ਰੱਬੀ ਬਖ਼ਸ਼ੀ ਰੂਹ ਹੀ ਕਰ ਸਕਦੀ ਹੈ।

ਭਗਤ ਪੂਰਨ ਸਿੰਘ ਨੂੰ ਹਾਲਾਤਾਂ ਅਤੇ ਮਾਂ ਦੀ ਘਾੜਤ ਨੇ ਅਜਿਹਾ ਘੜਿਆ ਸੀ ਕਿ ਉਹ ਸੇਵਾ ਬਿਨਾਂ ਤਾਂ ਰਹਿ ਹੀ ਨਹੀਂ ਸਕਦੇ ਸਨ। ਇਸ ਕਰਕੇ ਭਗਤ ਪੂਰਨ ਸਿੰਘ ਜੀ ਤਾਂ ਗੁਰੂ ਘਰ ਆਈਆਂ ਸੰਗਤਾਂ ਦੀ ਸੇਵਾ ਦੇ ਨਾਲ-ਨਾਲ ਸੰਗਤਾਂ ਦੇ ਸਾਈਕਲਾਂ ਦੀ ਰਾਖੀ ਵੀ ਕਰਿਆ ਕਰਦੇ ਸਨ। ਮਾਂ ਦੇ ਸੜਕ ਕਿਨਾਰੇ ਕੀਤੇ ਵਾਅਦਿਆਂ ਵਿੱਚੋਂ ਇਹ ਵੀ ਇੱਕ ਵਾਅਦਾ ਸੀ ਕਿ ਮੈਂ ਆਪਣਾ ਕੋਈ ਘਰ ਨਹੀਂ ਬਣਾਵਾਂਗਾ। ਇਸ ਕਰਕੇ ਭਗਤ ਜੀ ਇਹ ਕਦੇ ਆਸ ਹੀ ਨਹੀਂ ਕਰਦੇ ਸਨ ਕਿ ਮੇਰੇ ਕੋਲ ਵੀ ਕੋਈ ਕਮਰਾ ਹੋਵੇ। ਉਨ੍ਹਾਂ ਨੇ ਕਦੇ ਕਿਸੇ ਪ੍ਰਬੰਧਕ ਕੋਲ ਆਪਣੀ ਇਹ ਕਮਰੇ ਵਾਲੀ ਮੰਗ ਰੱਖੀ ਹੀ ਨਹੀਂ ਸੀ। ਉਨ੍ਹਾਂ ਨੇ ਇੱਕ ਟੀਨਾਂ ਦਾ ਸ਼ੈੱਡ ਜਿਹਾ ਪਾਇਆ ਹੁੰਦਾ ਸੀ ਤੇ ਉਸ ਦੇ ਥੱਲੇ ਹੀ ਆਸਣ ਲਾ ਲੈਂਦੇ ਸਨ। ਇਸ ਅਨਾਥ ਬੱਚੇ ਦੇ ਆ ਜਾਣ ਨਾਲ ਭਗਤ ਜੀ ਦਾ ਪਰਿਵਾਰ ਬਣ ਗਿਆ ਸੀ। ਉਹ ਕਿਸੇ ਦੂਜੇ ਦਾ ਦੁੱਖ ਤਾਂ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ ਸਨ। ਬੱਚੇ ਨੂੰ ਠੰਡ ਤੋਂ ਬਚਾਉਣ ਲਈ ਭਗਤ ਜੀ ਨੇ ਕੁਝ ਛੱਪਰੀਆਂ ਜਿਹੀਆਂ ਬੰਨ੍ਹ ਕੇ ਉਸ ਟੀਨ ਦੀ ਛੱਤ ਥੱਲੇ ਹੀ ਇੱਕ ਕਮਰਾ ਨੁਮਾ ਆਸਣ ਜਿਹਾ ਬਣਾ ਲਿਆ ਸੀ। ਕਾਦਰ ਆਪਣੀ ਬਖ਼ਸ਼ਿਸ਼ ਦੇ ਕਈ ਪਾਠ, ਕੁਦਰਤ ਰਾਹੀਂ ਪੜ੍ਹਾਉਂਦਾ ਹੈ। ਗੁਰਦੁਆਰਾ ਸਾਹਿਬ ਵਿਖੇ ਕਦੇ-ਕਦੇ ਇੱਕ ਬੀ. ਏ. ਆਨਰਜ਼ ਦਾ ਵਿਦਿਆਰਥੀ ਮੱਥਾ ਟੇਕਣ ਆਇਆ ਕਰਦਾ ਸੀ। ਉਸ ਨੇ ਇੱਕ ਵਾਰੀ ਭਗਤ ਜੀ ਦੀਆਂ ਲੱਤਾਂ ਵਿੱਚ ਪਏ ਉਸ ਲੂਲ੍ਹੇ ਨੂੰ ਤੱਕਿਆ ਅਤੇ ਕਹਿਣ ਲੱਗਾ ਕਿ ਸਾਡੀ ਕਲਾਸ ਦੇ ਟੀਚਰ, ਡਿਕਿਨਸਨ ਨੇ ਸਾਨੂੰ ਕਲਾਸ ਵਿੱਚ ਪੜ੍ਹਾਇਆ ਸੀ ਕਿ ਕਿਹੜਾ ਬੰਦਾ ਦੁਨੀਆਂ ਵਿੱਚ ਸਭ ਤੋਂ ਵੱਧ ਗ਼ਮ ਵਿੱਚ ਹੁੰਦਾ ਹੈ? ਸਾਰਿਆਂ ਨੇ ਵੱਖੋ ਵੱਖਰੇ ਜਵਾਬ ਦਿੱਤੇ, ਪਰ ਡਿਕਿਨਸਨ ਨੇ ਆਪ ਹੀ ਜਵਾਬ ਦਿੱਤਾ ਕਿ ਜਿਸ ਨੂੰ ਕਦੇ ਕੋਈ ਬੁਲਾਵੇ ਜਾਂ ਹਸਾਵੇ ਖਿਡਾਵੇ ਨਾ ਉਹ ਸਭ ਤੋਂ ਵੱਧ ਗ਼ਮ ਵਿੱਚ ਹੁੰਦਾ ਹੈ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਕਿਤਾਬ ਭਗਤ ਜੀ ਆਪ ਵੀ ਪੜ੍ਹ ਰਹੇ ਸਨ। ਉਸ ਵਿੱਚ ਵੀ ਇਹ ਵਿਚਾਰ ਆਈ ਸੀ ਕਿ ਇੱਕ ਵਾਰੀ ਕਿਸੇ ਫ਼ਿਲਾਸਫ਼ਰ ਦੇ ਬੂਹੇ ਅੱਗੇ ਕਿਸੇ ਲੂਲ੍ਹੇ ਬੱਚੇ ਨੂੰ ਕੋਈ ਛੱਡ ਗਿਆ ਸੀ ਤੇ ਉਸ ਵਿਦਵਾਨ ਨੇ ਉਸ ਲੂਲ੍ਹੇ ਬੱਚੇ ਨੂੰ ਪਾਲਿਆ ਸੀ। ਇਸ ਤਰ੍ਹਾਂ ਪ੍ਰਮੇਸ਼ਰ ਨੇ ਭਗਤ ਜੀ ਨੂੰ ਅਜੀਬ ਢੰਗ ਨਾਲ ਸਮਝਾ ਦਿੱਤਾ ਸੀ ਕਿ ਪੂਰਨ ਸਿੰਘਾ ਇਹ ਮੈਂ ਤੈਨੂੰ ਪਿੰਗਲਵਾੜਾ ਬਣਾਉਣ ਲਈ ਪਹਿਲਾ ਅਨਾਥ ਭੇਜ ਰਿਹਾ ਹਾਂ। ਇਸ ਦੀਆਂ ਵਿੰਗੀਆਂ ਟੇਡੀਆਂ ਲੱਤਾਂ ਨੇ ਹੀ ਪਿੰਗਲਵਾੜਾ ਖੜ੍ਹਾ ਕਰਨਾ ਹੈ।

ਜਿਸ ਪਿਆਰੀ ਰੂਹ ਨੇ ਆਪਣੀ ਮਾਂ ਨਾਲ ਪਾਕ ਹਿਰਦੇ ਨਾਲ ਵਾਅਦੇ

ਕੀਤੇ ਸਨ ਉਨ੍ਹਾਂ ਵਾਅਦਿਆਂ ਨੂੰ ਪੂਰੇ ਕਰਨ ਲਈ ਅਰੰਭਤਾ ਕਰਨ ਦਾ ਸਮਾਂ ਆ ਗਿਆ ਸੀ। ਭਗਤ ਜੀ ਨੇ ਇਸ ਸੇਵਾ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਗੁਰੂ ਅਰਜਨ ਸਾਹਿਬ ਜੀ ਨੇ ਵੀ ਇਹ ਪਹਿਲਾ ਬੱਚਾ ਪਿੰਗਲਵਾੜੇ ਦੀ ਨੀਂਹ ਰੱਖਣ ਲਈ ਦਿੱਤਾ ਸੀ। ਭਗਤ ਜੀ ਨੇ ਇਸ ਨੂੰ ਤਨ ਕਰਕੇ ਹੀ ਨਹੀਂ ਬਲਕਿ ਮਨ ਕਰਕੇ ਵੀ ਆਪਣਾ ਮੰਨ ਲਿਆ ਸੀ। ਭਗਤ ਜੀ ਦੇ ਮਨ ਵਿੱਚ ਇਸ ਬੱਚੇ ਲਈ ਕਿਤਨੀ ਕੁ ਥਾਂ ਸੀ ਇਹ ਗੱਲ ਸਾਨੂੰ ਭਗਤ ਜੀ ਵੱਲੋਂ ਰੱਖੇ ਹੋਏ ਬੱਚੇ ਦੇ ਨਾਮ ਤੋਂ ਹੀ ਪਤਾ ਲੱਗ ਜਾਂਦੀ ਹੈ। ਭਗਤ ਜੀ ਨੇ ਉਸ ਲੂਲ੍ਹੇ ਬੱਚੇ ਦਾ ਨਾਮ ਪਹਿਲਾਂ ਪਿਆਰਾ ਫਿਰ "ਪਿਆਰਾ ਸਿੰਘ" ਰੱਖਿਆ ਸੀ। ਉਹ ਭਗਤ ਪੂਰਨ ਸਿੰਘ ਜੀ ਨੂੰ ਨਾਮ ਕਰਕੇ ਹੀ ਪਿਆਰਾ ਨਹੀਂ ਸੀ ਸਗੋਂ ਤਨੋ ਮਨੋ ਹੀ ਪਿਆਰਾ ਸੀ। ਇਹ ਭਗਤ ਜੀ ਲਈ ਇੱਕ ਰੱਬ ਦਾ ਦਿੱਤਾ ਖਿਡੌਣਾ ਸੀ। ਪਿਆਰਾ ਸਿੰਘ ਦੀਆਂ ਨਿੱਕੀਆਂ-ਨਿੱਕੀਆਂ ਹਰਕਤਾਂ ਭਗਤ ਜੀ ਲਈ ਖ਼ੁਸ਼ੀਆਂ ਦਾ ਹੜ੍ਹ ਲੈ ਆਉਂਦੀਆਂ ਸਨ।' {ਉਹੀ ਪੰਨਾ ੪੩}।

### ਪਿਆਰੇ ਲਈ ਅਰਦਾਸ

ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਸੀ ਤੇ ਗੁਰੂ ਅਰਜਨ ਸਾਹਿਬ ਜੀ ਦਾ ਪਾਵਨ ਅਸਥਾਨ ਸੀ, ਪਿੰਗਲਵਾੜੇ ਦੀ ਨੀਂਹ ਰੱਖਣ ਵਾਲਾ ਇੱਕ ਲੂਲ੍ਹਾ ਬੱਚਾ ਸੀ ਤੇ ਇਸ ਪਿੰਗਲਵਾੜੇ ਦਾ ਸੇਵਾਦਾਰ ਇੱਕ ਅਤਿ ਦਾ ਗ਼ਰੀਬ ਸੇਵਕ ਭਗਤ ਪੂਰਨ ਸਿੰਘ ਸੀ। ਇਹ ਦੁਨੀਆਂ ਦੀ ਪਹਿਲੀ ਹੀ ਅਜਿਹੀ ਸੰਸਥਾ ਸੀ ਜਿਸ ਵਿੱਚ ਇਹ ਅਜੀਬ ਕਿਸਮ ਦਾ ਨਜ਼ਾਰਾ ਸੀ। ਦੁਨੀਆਂ ਦੇ ਅਮੀਰ ਲੋਕ ਕੁਝ ਨਹੀਂ ਕਰ ਸਕਦੇ ਪਰ ਇੱਥੇ ਗ਼ਰੀਬ ਨੇ ਸੰਸਥਾ ਬਣਾਉਣ ਦਾ ਪ੍ਰਣ ਲਿਆ ਸੀ। ਦੂਜਾ ਕੋਈ ਲੂਲ੍ਹਾ ਲੰਗੜਾ ਤਾਂ ਆਪਣੀ ਹੀ ਕਿਰਿਆ ਨੂੰ ਨਹੀਂ ਸੰਭਾਲ ਸਕਦਾ, ਪਰ ਇੱਥੇ ਤਾਂ ਲੂਲ੍ਹੇ ਨੇ ਹੀ ਮਾਨੋ ਨੀਂਹ ਰੱਖੀ ਸੀ। ਇਹ ਸਭ ਕੁਝ ਗੁਰੂ ਸਾਹਿਬ ਜੀ ਦੀ ਮਿਹਰ ਦਾ ਸਦਕਾ ਹੀ ਹੈ ਕਿ ਅੱਜ ਪ੍ਰਤੱਖ ਰੂਪ ਵਿੱਚ ਇਸ ਧਰਤੀ ਦੇ ਤਖ਼ਤੇ 'ਤੇ ਬੇਗ਼ਮਪੁਰੇ ਵਰਗਾ ਗ਼ਰੀਬਾਂ ਅਨਾਥਾਂ ਦਾ ਪੰਘੂੜਾ ਪਿੰਗਲਵਾੜਾ ਮੌਜੂਦ ਹੈ।

ਆਮ ਕਰਕੇ ਜਦੋਂ ਕਿਸੇ ਬਜ਼ੁਰਗ ਦੀ ਇਹ ਆਸ ਹੋ ਜਾਵੇ ਕਿ ਇਸ ਨੇ ਹੁਣ ਠੀਕ ਨਹੀਂ ਹੋਣਾ ਤਾਂ ਘਰ ਵਾਲੇ ਉਸ ਦੀ ਵੀ ਲੋਕ ਸੇਵਾ ਕਰਨ ਤੋਂ ਕੰਨੀ ਕਤਰਾਉਣ ਲੱਗ ਜਾਂਦੇ ਹਨ। ਉਹ ਵੀ ਧਾਰਮਿਕ ਅਸਥਾਨਾਂ 'ਤੇ ਇਹ ਅਰਦਾਸਾਂ ਕਰਨ ਲੱਗ ਪੈਂਦੇ ਹਨ ਕਿ ਇਸ ਬਜ਼ੁਰਗ ਦਾ ਹੁਣ ਅੰਤ ਹੀ ਹੋ ਜਾਣਾ ਚਾਹੀਦਾ ਹੈ। ਇੱਕ ਤਾਂ ਬਜ਼ੁਰਗ ਵੀ ਤੰਗ ਹੁੰਦਾ ਹੈ ਦੂਜਾ ਘਰ ਵਾਲੇ ਵੀ ਤੰਗ ਹੀ ਹੁੰਦੇ ਹਨ ਤੇ ਇਹ ਆਸ ਵੀ ਨਹੀਂ ਹੁੰਦੀ ਕਿ ਇਸ ਨੇ ਹੁਣ ਠੀਕ ਹੋ ਜਾਣਾ ਹੈ। ਇਸ ਬਜ਼ੁਰਗ ਦੀ ਸੇਵਾ ਕਰਨ ਦਾ ਇਸ ਪਰਿਵਾਰ ਦਾ ਹੱਕ ਬਣਦਾ ਹੁੰਦਾ ਹੈ। ਬਜ਼ੁਰਗ ਨੇ ਤਾਂ ਆਪਣਾ ਸਾਰਾ ਹੀ ਜੀਵਨ ਪਰਿਵਾਰ ਦੇ ਲੇਖੇ ਲਾਇਆ ਹੁੰਦਾ ਹੈ



ਪਰ ਫਿਰ ਵੀ ਲੋਕ ਸੇਵਾ ਤੋਂ ਕਿਨਾਰਾ ਕਰਦੇ ਹੀ ਨਜ਼ਰ ਆਉਂਦੇ ਹਨ। ਭਗਤ ਜੀ ਦੀ ਜ਼ਿੰਦਗੀ ਕੈਸੇ ਰੱਬੀ ਗੁਣਾਂ ਨਾਲ ਸ਼ਿੰਗਾਰੀ ਹੋਈ ਸੀ ਕਿ ਉਹ ਪਿਆਰਾ ਸਿੰਘ ਦੀ ਹਮੇਸ਼ਾਂ ਹੀ ਤੰਦਰੁਸਤੀ ਮੰਗਦੇ ਸਨ। ਇਹ ਕਦੇ ਵੀ ਨਹੀਂ ਸੋਚਦੇ ਸੀ ਕਿ ਪਿਆਰੇ ਦੀ ਜ਼ਿੰਦਗੀ ਦੇ ਅੰਤ ਨਾਲ ਮੇਰੀ ਖੇਚਲ ਵੀ ਬੰਦ ਹੋ ਜਾਵੇਗੀ। ਉਹ ਤਾਂ ਸਗੋਂ ਸੁਆਸ-ਸੁਆਸ ਪਿਆਰੇ ਦੀ ਤੰਦਰੁਸਤੀ ਦੀਆਂ ਅਰਦਾਸਾਂ ਕਰਦੇ ਰਹਿੰਦੇ ਸਨ।

'ਇੱਕ ਵਾਰੀ ਪਿਆਰਾ ਬਿਮਾਰ ਹੋ ਗਿਆ ਤਾਂ ਭਗਤ ਜੀ ਨੇ ਰੱਬ ਅੱਗੇ ਅਰਦਾਸ ਕੀਤੀ "ਹੇ ਰੱਬਾ! ਮੈਂ ਭਾਵੇਂ ਤੇਰੇ ਭਾਣੇ ਵਿੱਚ ਲੱਖਾਂ ਮੁਸੀਬਤਾਂ ਝੱਲੀਆਂ ਹਨ ਪਰ ਮੈਂ ਕਦੇ ਕੋਈ ਮੰਗ ਨਹੀਂ ਮੰਗੀ, ਮੈਂ ਤਾਂ ਆਪਣੀ ਪਿਆਰੀ ਮਾਂ ਦੀ ਜ਼ਿੰਦਗੀ ਦੀ ਮੰਗ ਵੀ ਨਹੀਂ ਮੰਗੀ, ਪਰ ਹੁਣ ਮੈਂ ਪਿਆਰੇ ਵਾਸਤੇ ਅਰਦਾਸ ਕਰਦਾ ਹਾਂ ਕਿ ਇਹ ਖਿਡੌਣਾ ਮੇਰੇ ਕੋਲ ਹੀ ਰਹਿਣ ਦੇ। ਇਸ ਤੋਂ ਬਿਨਾਂ ਮੇਰਾ ਜੀਅ ਨਹੀਂ ਲੱਗਣਾ। ਮੈਂ ਝੋਲੀ ਅੱਡ ਕੇ ਪਿਆਰੇ ਦੀ ਜ਼ਿੰਦਗੀ ਦੀ ਭੀਖ ਮੰਗਦਾ ਹਾਂ, ਮੈਨੂੰ ਪਿਆਰੇ ਦੀ ਦਾਤ ਬਖ਼ਸ਼ ਦਿਉ। ਮੈਂ ਆਪਣੀ ਮਾਂ ਨਾਲ ਸਾਰੀ ਜ਼ਿੰਦਗੀ ਵਿਆਹ ਨਾ ਕਰਾਉਣ ਦਾ ਪ੍ਰਣ ਕੀਤਾ ਹੈ। ਇਸ ਕਰਕੇ ਇਹ ਪਿਆਰਾ ਹੀ ਮੇਰਾ ਪੁੱਤ ਹੈ, ਇਹੋ ਹੀ ਮੇਰੀ ਪੋਤੀ ਪੋਤਰਾ ਹੈ। ਇਹੋ ਹੀ ਮੇਰੀ ਧੀ ਅਤੇ ਦੋਹਤੀ ਦੋਹਤਾ ਹੈ। ਮੇਰੇ ਲਈ 'ਪਿਆਰਾ' ਮੇਰਾ ਪਰਿਵਾਰ ਹੈ। ਹੇ ਰੱਬਾ! ਮੇਰੀ ਝੋਲੀ ਖ਼ਾਲੀ ਨਾ ਕਰ ਦੇਵੀਂ।" ਇਹ ਪੁਕਾਰ ਸ਼ਬਦਾਂ ਦੀ ਹੀ ਨਹੀਂ ਸੀ ਬਲਕਿ ਭਗਤ ਜੀ ਦੀ ਰੂਹ ਦੀ ਪੁਕਾਰ ਸੀ।'

{ਭਗਤ ਪੂਰਨ ਸਿੰਘ, ਕਹਾਣੀਆਂ, ਡਾ. ਇੰਦਰਜੀਤ ਕੌਰ, ਪਿੰਗਲਵਾੜਾ ਅੰਮ੍ਰਿਤਸਰ। (੨੦੧੩), ਪੰਨਾ ੬੦}।

### ਭਗਤ ਜੀ ਦੀ ਹਮਦਰਦੀ ਦੀ ਮਿਸਾਲ

ਦਰਦ ਇੱਕ ਸਾਂਝ ਪੈਦਾ ਕਰ ਦਿੰਦਾ ਹੈ। ਇਸ ਸਾਂਝ ਦੇ ਨਾਲ ਹੀ ਸਾਡੇ ਅੰਦਰ ਮਨੁੱਖਤਾ ਦੇ ਗੁਣ ਪੈਦਾ ਹੋ ਜਾਂਦੇ ਹਨ। ਸਾਰਾ ਸੰਸਾਰ ਆਪਣਾ ਪਰਿਵਾਰ ਹੀ ਬਣ ਜਾਂਦਾ ਹੈ। ਕਿਸੇ ਦਾ ਵੀ ਦੁੱਖ ਆਪਣਿਆਂ ਦੇ ਦੁੱਖ ਵਰਗਾ ਹੀ ਲੱਗਦਾ ਹੈ। ਭਗਤ ਜੀ ਤਾਂ ਸਤਿਗੁਰੂ ਜੀ ਨੇ ਕਿਰਪਾ ਕਰਕੇ ਪਰਉਪਕਾਰ ਦੀ ਜਿਉਂਦੀ ਜਾਗਦੀ ਮਿਸਾਲ ਬਣਾਇਆ ਹੋਇਆ ਸੀ। ਇਸ ਕਰਕੇ ਕਿਸੇ ਦਾ ਵੀ ਕੋਈ ਦੁੱਖ ਹੁੰਦਾ ਸੀ ਤਾਂ ਭਗਤ ਜੀ ਕੋਸ਼ਿਸ਼ ਕਰਕੇ ਉਸ ਦਾ ਹਰ ਦੁੱਖ ਵੰਡਾ ਲੈਂਦੇ ਸਨ। 'ਇੱਕ ਦਿਨ ਦੇਖਿਆ ਕਿ ਇੱਕ ਲਾਲਾ ਕੁਝ ਦੂਰੀ 'ਤੇ ਬੇਹੋਸ਼ ਪਿਆ ਹੋਇਆ ਆਪਣੇ ਹੱਥ ਪੈਰ ਵਿੰਗੇ ਟੇਢੇ ਕਰ ਰਿਹਾ ਸੀ। ਪਹਿਲਾਂ ਤਾਂ ਭਗਤ ਜੀ ਨੂੰ ਲੱਗਾ ਕਿ ਸ਼ਾਇਦ ਇਸ ਨੇ ਕੋਈ ਨਸ਼ਾ ਖਾਧਾ ਹੋਇਆ ਹੈ, ਇਸ ਕਰਕੇ ਕੁਝ ਸਮੇਂ ਤੋਂ ਬਾਅਦ ਠੀਕ ਹੋ ਜਾਵੇਗਾ ਤੇ ਭਗਤ ਜੀ ਖਾਲਸਾ ਸਕੂਲ ਚਲੇ ਗਏ। ਭਗਤ ਜੀ ਜਦੋਂ ਸ਼ਾਮ ਨੂੰ ਵਾਪਸ ਆਏ ਤਾਂ ਦੇਖਿਆ ਕਿ ਇਹ ਬੰਦਾ ਤਾਂ ਉਸ

ਤਰ੍ਹਾਂ ਹੀ ਪਿਆ ਹੋਇਆ ਸੀ। ਭਗਤ ਜੀ ਨੇ ਟਾਂਗਾ ਲੈ ਕੇ ਉਸ ਨੂੰ ਹਸਪਤਾਲ ਪਹੁੰਚਾਇਆ ਤਾਂ ਪਤਾ ਲੱਗਾ ਕਿ ਇਸ ਨੂੰ ਤਾਂ ਕਿਸੇ ਨੇ ਧਤੂਰਾ ਖੁਆ ਦਿੱਤਾ ਹੈ। ਜੇਕਰ ਇਸ ਨੂੰ ਕੁਝ ਸਮਾਂ ਹੋਰ ਨਾ ਲੈ ਕੇ ਆਉਂਦੇ ਤਾਂ ਇਸ ਨੇ ਬਚਣਾ ਨਹੀਂ ਸੀ। ਉਸ ਨੂੰ ਦਵਾਈਆਂ ਦਿੱਤੀਆਂ ਤੇ ਨਾਲ ਹੀ ਭਗਤ ਜੀ ਨੂੰ ਕਿਹਾ ਕਿ ਇਸ ਨੂੰ ਸੌਣ ਨਹੀਂ ਦੇਣਾ, ਜੇ ਇਹ ਸੌਂ ਗਿਆ ਤਾਂ ਇਸ ਦੀ ਮੌਤ ਹੋ ਜਾਣੀ ਹੈ। ਇਸ ਦੇ ਮੂੰਹ ਤੇ ਸਾਰੀ ਰਾਤ ਚਪੇੜਾਂ ਮਾਰ ਕੇ ਇਸ ਨੂੰ ਜਗਾਈ ਰੱਖਣਾ ਹੈ। ਭਗਤ ਪੂਰਨ ਸਿੰਘ ਜੀ ਨੇ ਇਸ ਨੂੰ ਪੂਰੀ ਰਾਤ ਜਗਾ ਕੇ ਬਚਾ ਲਿਆ। ਇਸ ਤਰ੍ਹਾਂ ਲੋਕ ਕਿਸੇ ਦੇ ਦੁੱਖ ਦਾ ਤਮਾਸ਼ਾ ਤਾਂ ਸਾਰੀ ਦਿਹਾੜੀ ਦੇਖ ਲੈਂਦੇ ਹਨ ਪਰ ਮਦਦ ਤਾਂ ਕੋਈ ਨਿਰੰਕਾਰ ਦੀ ਬਖਸ਼ੀ ਰੂਹ ਹੀ ਕਰਦੀ ਹੁੰਦੀ ਹੈ।'{ਉਹੀ ਪੰਨਾ ੬੬}।

ਅਸੀਂ ਅੱਖਾਂ ਰਾਹੀਂ ਦੇਖਦੇ ਹਾਂ, ਪਰ ਦੇਖਦੇ ਉਹੋ ਕੁਝ ਹੀ ਹਾਂ ਜੋ ਸਾਡੇ ਹਿਰਦੇ ਵਿੱਚ ਹੁੰਦਾ ਹੈ। ਹਰ ਮਨੁੱਖ ਆਪਣੇ ਅੰਦਰਲੇ ਸੰਸਾਰ ਨੂੰ ਹੀ ਬਾਹਰ ਭਾਲਦਾ ਹੈ। ਜਿਹੋ ਜਿਹਾ ਸੰਸਾਰ ਸਾਡੇ ਅੰਦਰ ਹੁੰਦਾ ਹੈ ਵੈਸਾ ਹੀ ਸਾਨੂੰ ਬਾਹਰ ਦਿੱਸਦਾ ਹੈ। ਧਰਮੀ ਬੰਦੇ ਨੂੰ ਧਰਤੀ ਧਰਮਸ਼ਾਲਾ ਤੇ ਸਾਰੇ ਜੀਵ ਧਰਮਸ਼ਾਲਾ ਦੇ ਮੁਸਾਫ਼ਰ ਲੱਗਦੇ ਹਨ। ਵਿਕਾਰੀ ਬੰਦੇ ਲਈ ਸਾਰਾ ਸੰਸਾਰ ਵਿਕਾਰਾਂ ਦੀ ਮੰਡੀ ਹੈ। ਭਗਤ ਜੀ ਦੇ ਹਿਰਦੇ ਵਿੱਚ ਤਾਂ ਨਿੱਕੀ ਉਮਰ ਤੋਂ ਹੀ ਸੰਸਾਰ ਦੇ ਦਰਦ ਨਾਲ ਰਿਸ਼ਤਾ ਜੋੜ ਦਿੱਤਾ ਸੀ। ਲੋਕਾਂ ਦੇ ਰਾਹਾਂ ਵਿੱਚੋਂ ਇੱਟਾਂ ਰੋੜੇ ਚੁੱਕਣੇ ਨਿੱਕੀ ਉਮਰ ਤੋਂ ਸ਼ੁਰੂ ਹੋ ਕੇ ਸਾਰੀ ਜ਼ਿੰਦਗੀ ਹੀ ਇਹ ਸੇਵਾ ਚੱਲਦੀ ਰਹੀ ਹੈ। ਜਦੋਂ ਕੋਈ ਦੁਖਿਆਰਾ ਕਿਸੇ ਸੇਵਾ ਲਈ ਤੜਫਦਾ ਹੁੰਦਾ ਸੀ ਬਾਕੀ ਲੋਕ ਤਾਂ ਦੇਖ ਕੇ ਕਿਨਾਰਾ ਕਰ ਜਾਂਦੇ ਸਨ ਪਰ ਭਗਤ ਜੀ ਦੀ ਅੱਖ ਦੇਖ ਕੇ ਕਿਨਾਰਾ ਨਹੀਂ ਕਰਨ ਦਿੰਦੀ ਸੀ, ਸਗੋਂ ਭਗਤ ਜੀ ਉਸ ਵਕਤ ਹੀ ਦੁਖਿਆਰੇ ਦਾ ਦੁੱਖ ਵੰਡਾਉਣ ਲਈ ਯਤਨਸ਼ੀਲ ਹੋ ਜਾਂਦੇ ਸਨ।

**ਲੜਕੇ ਦੀ ਜਾਨ ਬਚਾਈ**

'ਇਸ ਤਰ੍ਹਾਂ ਹੀ ਮਿੰਟੋ ਪਾਰਕ ਲਾਹੌਰ ਵਿੱਚ ਇੱਕ ਲੜਕਾ ਬੈਠਾ ਸੀ। ਉਸ ਕੋਲ ਪੰਜ ਰੁਪਏ ਤੇ ਕੁਝ ਆਨੇ ਪੈਸੇ ਸਨ। ਉਨ੍ਹਾਂ ਦਿਨਾਂ ਵਿੱਚ ਪੰਜ ਰੁਪਏ ਦੀ ਕਾਫ਼ੀ ਕੀਮਤ ਹੁੰਦੀ ਸੀ। ਦੋ ਠੱਗ ਬ੍ਰਿਤੀ ਦੇ ਬੰਦੇ ਉਸ ਲੜਕੇ ਕੋਲ ਪਾਰਕ ਵਿੱਚ ਆ ਕੇ ਬੈਠ ਗਏ, ਉਨ੍ਹਾਂ ਕੋਲ ਭੁੱਜੇ ਚਣੇ ਤੇ ਸ਼ੱਕਰ ਸੀ। ਉਨ੍ਹਾਂ ਠੱਗਾਂ ਨੇ ਉਸ ਲੜਕੇ ਦੇ ਕੋਲ ਬੈਠ ਕੇ ਉਸ ਨੂੰ ਚਣੇ ਤੇ ਸ਼ੱਕਰ ਖਾਣ ਲਈ ਦਿੱਤੇ। ਜਦੋਂ ਉਸ ਨੇ ਚਣੇ ਖਾਧੇ ਤਾਂ ਉਹ ਬੇਹੋਸ਼ ਹੋ ਗਿਆ ਸੀ। ਉਸ ਨੂੰ ਬੇਹੋਸ਼ ਪਏ ਨੂੰ ਦੇਖ ਕੇ ਬਾਕੀ ਲੋਕ ਤਾਂ ਚੁੱਪ ਕਰਕੇ ਕੋਲ ਦੀ ਲੰਘੀ ਜਾ ਰਹੇ ਸਨ ਪਰ ਇੱਕ ਬੰਦਾ ਆਇਆ ਤੇ ਭਗਤ ਜੀ ਕੋਲ ਆ ਕੇ ਉਸ ਨੇ ਦੱਸਿਆ ਕਿ ਪਾਰਕ ਵਿਚ ਇੱਕ ਲੜਕਾ ਬੇਹੋਸ਼ ਪਿਆ ਹੈ। ਭਗਤ ਜੀ ਨੇ ਸਾਰੇ ਰੁਝੇਵੇਂ ਛੱਡ ਕੇ ਟਾਂਗਾ ਲੈ ਕੇ ਉਸ ਨੂੰ ਵੀ ਹਸਪਤਾਲ ਪਹੁੰਚਾਇਆ। ਭਗਤ ਪੂਰਨ ਸਿੰਘ ਜੀ ਇੱਕ ਅਜਿਹਾ ਨਾਮ



ਹੈ ਜਿਹੜੇ ਨਾਮ ਦੇ ਹੀ ਪੂਰਨ ਨਹੀਂ ਸਗੋਂ ਉਹ ਜਿਸ ਕੰਮ ਨੂੰ ਹੱਥ ਪਾਉਂਦੇ ਸਨ ਉਸ ਨੂੰ ਪੂਰਾ ਕਰਕੇ ਹੀ ਛੱਡਦੇ ਸਨ। ਮਰੀਜ਼ ਨੂੰ ਹਸਪਤਾਲ ਪਹੁੰਚਾ ਕੇ ਵਾਪਸ ਨਹੀਂ ਆਉਂਦੇ ਸਨ ਬਲਕਿ ਉਸ ਦੀ ਸਾਰੀ ਮਦਦ ਕਰਦੇ ਸਨ। ਇਸ ਨੂੰ ਠੱਗਾਂ ਨੇ ਧਤੂਰਾ ਖੁਆਇਆ ਹੋਇਆ ਸੀ। ਡਾਕਟਰਾਂ ਨੇ ਇਸ ਦਾ ਪੇਟ ਸਾਫ਼ ਕੀਤਾ ਤੇ ਭਗਤ ਜੀ ਨੂੰ ਕਿਹਾ ਕਿ ਇਸ ਨੂੰ ਵੀ ਸਾਰੀ ਰਾਤ ਸੌਣ ਨਹੀਂ ਦੇਣਾ। ਸੌਣ ਨਾਲ ਇਸ ਦੀ ਮੌਤ ਹੋ ਜਾਣੀ ਹੈ। ਭਗਤ ਜੀ ਨੇ ਸਾਰੀ ਰਾਤ ਉਸ ਨੌਜੁਆਨ ਨੂੰ ਜਗਾਈ ਰੱਖਿਆ, ਖੁਸ਼ਕਿਸਮਤੀ ਨਾਲ ਇਹ ਲੜਕਾ ਵੀ ਬਚ ਗਿਆ।' {ਉਹੀ}। ਭਗਤ ਜੀ ਦੀ ਅਜਿਹੀ ਸੇਵਾ ਬਾਰੇ ਵਿਚਾਰ ਕੇ ਹਰ ਬੰਦੇ ਦਾ ਦਿਲ ਪਿਆਰ ਨਾਲ ਭਰ ਜਾਂਦਾ ਹੈ ਕਿ ਅਜਿਹੇ ਵੀ ਇਨਸਾਨੀਅਤ ਦੇ ਦੇਵਤੇ ਹਨ ਜਿਹੜੇ ਦਿਨ ਰਾਤ ਆਪਣੇ ਦੁੱਖਾਂ ਸੁੱਖਾਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਦੂਜਿਆਂ ਦੇ ਦੁੱਖੜੇ ਆਪਣੀ ਝੋਲੀ ਵਿੱਚ ਪੁਆਉਂਦੇ ਰਹਿੰਦੇ ਹਨ।ਅਜਿਹੇ ਲੋਕਾਂ ਦੇ ਕਾਰਨ ਹੀ ਇਨਸਾਨੀਅਤ ਖੁੱਲ੍ਹੇ ਸਾਹ ਲੈਂਦੀ ਹੈ।

**ਸੇਵਾ ਦੀ ਜਾਚ ਸਿਖਾਈ**

ਭਗਤ ਜੀ ਨੂੰ ਰੱਬ ਨੇ ਇੱਕ ਨਿਵੇਕਲੀ ਜਿਹੀ ਨਜ਼ਰ ਬਖਸ਼ਿਸ਼ ਕੀਤੀ ਸੀ ਜਿਹੜੀ ਸਾਰਿਆਂ ਦੇ ਹੀ ਦੁੱਖ ਦਰਦ ਸਮਝ ਕੇ ਉਨ੍ਹਾਂ ਦੁੱਖਾਂ ਦਰਦਾਂ ਦਾ ਹੱਲ ਵੀ ਕੱਢਣਾ ਚਾਹੁੰਦੀ ਸੀ। ਇੱਕ ਅਮੀਰ ਘਰ ਦਾ ਲੜਕਾ ਸਰਦਾਰ ਗੁਰਬਖ਼ਸ਼ ਸਿੰਘ ਹਰ ਰੋਜ਼ ਹੀ ਗੁਰਦੁਆਰਾ ਡੇਹਰਾ ਸਾਹਿਬ ਮੱਥਾ ਟੇਕਣ ਆਇਆ ਕਰਦਾ ਸੀ। ਸ: ਗੁਰਬਖ਼ਸ਼ ਸਿੰਘ ਨੂੰ ਮਾਂ ਦੀ ਸਖ਼ਤ ਹਦਾਇਤ ਹੁੰਦੀ ਸੀ ਕਿ ਸਕੂਲ ਨੂੰ ਜਾਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਜਾਣਾ ਹੈ।ਸੋ ਗੁਰਬਖ਼ਸ਼ ਸਿੰਘ ਹਰ ਰੋਜ਼ ਹੀ ਮੱਥਾ ਟੇਕਣ ਆਉਂਦਾ ਸੀ। ਭਗਤ ਜੀ ਵੀ ਪਿਆਰਾ ਸਿੰਘ ਨੂੰ ਸੰਭਾਲੀ ਬੈਠੇ ਹੁੰਦੇ ਸਨ ਤੇ ਉਹ ਹਰ ਰੋਜ਼ ਹੀ ਗੁਰਬਖ਼ਸ਼ ਸਿੰਘ ਨੂੰ ਦੇਖਦੇ ਹੁੰਦੇ ਸਨ। ਇੱਕ ਦਿਨ ਗੁਰਬਖ਼ਸ਼ ਸਿੰਘ ਮੱਥਾ ਟੇਕ ਕੇ ਆਪਣਾ ਜੋੜਾ ਪਾ ਰਿਹਾ ਸੀ ਤਾਂ ਉਨ੍ਹਾਂ ਦੇ ਕੋਲ ਭਗਤ ਜੀ ਇੱਕ ਗ਼ਰੀਬ ਜਿਹੇ ਲੜਕੇ ਨਾਲ ਆ ਗਏ ਤੇ ਕਹਿਣ ਲੱਗੇ ਕਿ ਇਸ ਲੜਕੇ ਨੂੰ ਕਿਤਾਬਾਂ ਲੈ ਕੇ ਦੇਣੀਆਂ ਹਨ ਤੂੰ ਇਸ ਨੂੰ ਪੈਸੇ ਦੇ। ਗੁਰਬਖ਼ਸ਼ ਸਿੰਘ ਨੇ ਕਿਹਾ ਕਿ ਮੈਨੂੰ ਪੰਜ ਰੁਪਏ ਮਹੀਨੇ ਦੇ ਖ਼ਰਚ ਲਈ ਮਿਲਦੇ ਹਨ ਜਿਨ੍ਹਾਂ ਵਿੱਚੋਂ ਮੈਂ ਦੋ ਰੁਪਏ ਖ਼ਰਚ ਲਏ ਹਨ ਤੇ ਹੁਣ ਮੇਰੇ ਕੋਲ ਤਾਂ ਤਿੰਨ ਰੁਪਏ ਹੀ ਹਨ। ਭਗਤ ਜੀ ਨੇ ਕਿਹਾ ਕਿ ਠੀਕ ਹੈ ਤੂੰ ਦੋ ਰੁਪਏ ਮੈਨੂੰ ਦੇ ਬਾਕੀ ਮੈਂ ਪ੍ਰਬੰਧ ਕਰਦਾ ਹਾਂ। ਗੁਰਬਖ਼ਸ਼ ਸਿੰਘ ਨੇ ਦੋ ਰੁਪਏ ਦੇ ਦਿੱਤੇ ਸਨ।'{ਜਨਮ ਸ਼ਤਾਬਦੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, ੨੦੦੪, ਪੰਨਾ ੪੮}। ਹੈਰਾਨੀ ਹੁੰਦੀ ਹੈ ਕਿ ਭਗਤ ਜੀ ਦੀ ਨਜ਼ਰ ਨੇ ਇਹ ਦੇਖ ਲਿਆ ਸੀ ਕਿ ਇਸ ਲੜਕੇ ਤੋਂ ਪੈਸੇ ਲੈ ਕੇ ਇਸ ਗ਼ਰੀਬ ਲੜਕੇ ਨੂੰ ਦੇਣ ਨਾਲ ਇੱਕ ਤਾਂ ਗੁਰਬਖ਼ਸ਼ ਸਿੰਘ ਨੂੰ ਪੈਸੇ ਦੀ ਅਹਿਮੀਅਤ ਦਾ ਪਤਾ

ਲੱਗ ਜਾਵੇਗਾ ਤੇ ਨਾਲ ਹੀ ਇਹ ਗ਼ਰੀਬ ਲੜਕਾ ਆਪਣੀ ਪੜ੍ਹਾਈ ਚਾਲੂ ਰੱਖ ਸਕਦਾ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਕਿਸੇ ਦੂਜੇ ਦੇ ਦਰਦ ਵੰਡਾਉਣ ਦੀ ਆਦਤ ਪੈ ਜਾਵੇ ਤਾਂ ਉਹ ਵੱਡਾ ਹੋ ਕੇ ਵੀ ਕਿਸੇ ਨੂੰ ਦੁੱਖ ਦੇਣ ਦੀ ਥਾਂ 'ਤੇ ਕਿਸੇ ਦੇ ਦੁੱਖਾਂ ਦਾ ਭਾਰ ਚੁੱਕਣ ਜੋਗਾ ਹੋ ਜਾਂਦਾ ਹੈ। ਬੱਚਿਆਂ ਕੋਲੋਂ ਵੀ ਕਿਸੇ ਦੀ ਲੋੜ ਲਈ ਮੰਗ ਲੈਣਾ ਇਹ ਭਗਤ ਜੀ ਦੀ ਨਿਰਾਲੀ ਜਿਹੀ ਸੋਚ ਸੀ। ਅਮੀਰ ਨੂੰ ਸੇਵਾ ਕਰਨ ਦੀ ਜਾਚ ਆ ਗਈ ਸੀ ਤੇ ਗ਼ਰੀਬ ਦਾ ਕਾਰਜ ਰਾਸ ਆ ਗਿਆ ਸੀ। ਇਸ ਕਰਕੇ ਹੀ ਗੁਰਬਖ਼ਸ਼ ਸਿੰਘ ਸਦਾ ਲਈ ਭਗਤ ਜੀ ਦੀ ਪਰਉਪਕਾਰੀ ਸੋਚ ਨਾਲ ਜੁੜ ਗਏ ਸਨ।

## ਇੱਕ ਸੱਚਾ ਸੁੱਚਾ ਸਾਥ

ਦੇਸ਼ ਦੀ ਅਜ਼ਾਦੀ ਲਈ ਕੀਤੇ ਸੰਘਰਸ਼ ਵਿੱਚ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਸੀ। ਬਾਕੀ ਲੋਕਾਂ ਦੇ ਨਾਲ ਭਗਤ ਜੀ ਵੀ ਲਾਲਾ ਜੀ ਦੀ ਮੌਤ ਦੀ ਖ਼ਬਰ ਸੁਣ ਕੇ ਉਨ੍ਹਾਂ ਦੀ ਕੋਠੀ ਵੱਲ ਨੂੰ ਚਲੇ ਗਏ। ਲੋਕਾਂ ਦਾ ਇਕੱਠ ਬਹੁਤ ਸੀ, ਇਸ ਕਰਕੇ ਲਾਸ਼ ਨੂੰ ਕਾਫ਼ੀ ਸਮਾਂ ਲੋਕਾਂ ਦੇ ਦੀਦਾਰ ਕਰਨ ਲਈ ਰੱਖਿਆ ਗਿਆ ਸੀ। ਜਿਸ ਕਾਰਨ ਕਰਕੇ ਸਸਕਾਰ ਕਰਨ ਵਿੱਚ ਕਾਫ਼ੀ ਦੇਰ ਹੋ ਗਈ ਸੀ। ਉਨ੍ਹਾਂ ਦਿਨਾਂ ਵਿੱਚ ਹਿੰਦੂ ਮੁਸਲਮਾਨਾਂ ਦੇ ਕਾਫ਼ੀ ਦੰਗੇ ਫ਼ਸਾਦ ਹੁੰਦੇ ਰਹਿੰਦੇ ਸਨ। ਹਰ ਕੋਈ ਆਪਣੇ ਘਰ ਨੂੰ ਜਲਦੀ ਮੁੜ ਜਾਣਾ ਚਾਹੁੰਦਾ ਸੀ। ਸਸਕਾਰ ਤੋਂ ਮਗਰੋਂ ਸਾਰੇ ਹੀ ਆਪੋ ਆਪਣੇ ਘਰਾਂ ਨੂੰ ਮੁੜ ਗਏ। ਰਾਵੀ ਦਰਿਆ ਦੇ ਕਿਨਾਰੇ ਸਸਕਾਰ ਕੀਤਾ ਗਿਆ ਸੀ ਤੇ ਇੱਥੇ ਕੇਵਲ ਡਾਕਟਰ ਗੋਪੀ ਚੰਦ ਭਾਰਗਵ, ਪੰਡਤ ਰਾਮ ਲਾਲ, ਸ: ਜਸਵੰਤ ਸਿੰਘ ਤੇ ਮਨੋਹਰ ਲਾਲ, ਇਹ ਚਾਰੇ ਹੀ ਬਾਕੀ ਰਹਿ ਗਏ ਸਨ ਤੇ ਆਪਸੀ ਗੱਲਾਂ ਕਰ ਰਹੇ ਸਨ ਕਿ ਰਾਤ ਨੂੰ ਲਾਲਾ ਜੀ ਦੀ ਚਿਖਾ ਕੋਲ ਕੌਣ ਰਹੇਗਾ। ਭਗਤ ਜੀ ਵੀ ਇੱਥੇ ਰਾਵੀ ਦਰਿਆ 'ਤੇ ਹੀ ਚਿਖਾ ਦੇ ਲਾਗੇ ਹੀ ਸਨ, ਉਹ ਵੀ ਇਨ੍ਹਾਂ ਗੱਲਾਂ ਕਰਨ ਵਾਲਿਆਂ ਕੋਲ ਚਲੇ ਗਏ। ਗੱਲਾਂ-ਗੱਲਾਂ ਵਿੱਚ ਪਤਾ ਲੱਗਾ ਕਿ ਕੋਈ ਵੀ ਚਿਖਾ ਕੋਲ ਰਹਿਣ ਲਈ ਤਿਆਰ ਨਹੀਂ ਸੀ। ਭਗਤ ਜੀ ਨੇ ਇਹ ਚਿੰਤਾ ਖ਼ਤਮ ਕਰ ਦਿੱਤੀ ਤੇ ਕਿਹਾ ਕਿ ਰਾਤ ਨੂੰ ਮੈਂ ਇਸ ਚਿਖਾ ਕੋਲ ਰਹਿ ਜਾਂਦਾ ਹਾਂ। ਡਾਕਟਰ ਗੋਪੀ ਚੰਦ ਜੀ ਨੇ ਦਰਿਆ ਦੇ ਲਾਗੇ ਕਿਸੇ ਮਕਾਨ ਵਿੱਚੋਂ ਇੱਕ ਛੋਟੀ ਜਿਹੀ ਮੰਜੀ ਮੰਗਵਾ ਦਿੱਤੀ। ਭਗਤ ਜੀ ਕੋਲ ਨਾ ਤਾਂ ਕੋਈ ਭਾਰੀ ਕੱਪੜਾ ਸੀ ਤੇ ਨਾ ਹੀ ਖਾਣ ਲਈ ਕੁਝ ਸੀ। ਭੁੱਖ ਬਹੁਤ ਡੱਟ ਕੇ ਲੱਗੀ ਹੋਈ ਸੀ ਕਿਉਂਕਿ ਪਿੱਛੇ ਵੀ ਕਾਫ਼ੀ ਸਮੇਂ ਤੋਂ ਪ੍ਰਸ਼ਾਦਾ ਨਹੀਂ ਮਿਲਿਆ ਸੀ। ਉਸ ਰਾਤ ਨੂੰ ਵੀ ਜਦੋਂ ਭਗਤ ਜੀ ਨੇ ਭੁੱਖ ਬਾਰੇ ਦੱਸਿਆ ਤਾਂ ਕਿਸੇ ਹਲਵਾਈ ਕੋਲੋਂ ਉਨ੍ਹਾਂ ਨੇ ਦੋ ਕੁ ਪੂਰੀਆਂ ਲਿਆ ਦਿੱਤੀਆਂ ਜਿਹੜੀਆਂ ਕਿ ਭੁੱਖ ਦੇ ਮੁਕਾਬਲੇ ਵਿੱਚ ਤੁੱਛ ਮਾਤਰ ਵੀ ਨਹੀਂ ਸੀ।

ਨਵੰਬਰ ਦਾ ਮਹੀਨਾ ਹੋਣ ਕਰਕੇ ਰਾਤ ਨੂੰ ਕਾਫ਼ੀ ਠੰਡ ਹੋ ਜਾਂਦੀ ਸੀ।



ਦੂਜਾ ਰਾਵੀ ਦਰਿਆ ਦੀ ਬਰੇਤੀ ਰਾਤ ਨੂੰ ਬਹੁਤ ਠੰਡੀ ਹੋ ਜਾਂਦੀ ਸੀ। ਭਗਤ ਜੀ ਨੂੰ ਅੱਧੀ ਕੁ ਰਾਤ ਨੂੰ ਅਜਿਹੀ ਠੰਡ ਲੱਗੀ ਕਿ ਹੱਥ ਹਿਲਾਉਣਾ ਵੀ ਔਖਾ ਹੋ ਗਿਆ। ਰਾਤ ਨੂੰ ਹੋਰ ਤਾਂ ਕੋਈ ਚਾਰਾ ਨਹੀਂ ਸੀ, ਸੋਚ-ਸੋਚ ਕੇ ਚਿਖਾ ਵੱਲ ਦੇਖਿਆ ਤਾਂ ਉਸ ਦਾ ਕੁਝ ਹਿੱਸਾ ਸੜ ਚੁੱਕਾ ਸੀ। ਭਗਤ ਜੀ ਨੇ ਆਪਣੀ ਮੰਜੀ ਉਸ ਸੜ ਚੁੱਕੀ ਚਿਖਾ 'ਤੇ ਹੀ ਡਾਹ ਲਈ ਤੇ ਉਸ ਦੇ ਅੱਗ ਦੇ ਸੇਕ ਨਾਲ ਬਾਕੀ ਰਾਤ ਕੱਟੀ। ਇਸ ਤਰ੍ਹਾਂ ਭਗਤ ਜੀ ਮੁਸੀਬਤਾਂ ਦਾ ਸਾਹਮਣਾ ਕਰਕੇ ਵੀ ਉਹ ਕੰਮ ਕਰਦੇ ਸਨ ਜਿਨ੍ਹਾਂ ਨੂੰ ਕਰਨ ਲਈ ਕੋਈ ਤਿਆਰ ਨਹੀਂ ਹੁੰਦਾ ਸੀ। ਇਸ ਸਾਰੀ ਘਟਨਾ ਵਿੱਚ ਭਗਤ ਪੂਰਨ ਸਿੰਘ ਜੀ ਲੋਕਾਂ ਲਈ ੩੬ ਘੰਟੇ ਲਗਾਤਰ ਭੁੱਖੇ ਰਹੇ ਸਨ। ਅਜਿਹੇ ਲੋਕਾਂ ਨੂੰ ਗੁਰਬਾਣੀ ਜਨ ਪਰਉਪਕਾਰੀ ਆਏ ਕਹਿ ਕੇ ਨਿਵਾਜ਼ਦੀ ਹੈ। {ਪ੍ਰਿੰਸੀਪਲ ਨਰਿੰਦਰ ਸਿੰਘ ਸੋਚ, ਮਾਤਾ ਮਹਿਤਾਬ ਕੌਰ ਆਲ ਇੰਡੀਆ ਚੈਰੀਟੇਬਲ ਪਿੰਗਲਵਾੜਾ ਅੰਮ੍ਰਿਤਸਰ। (੨੦੦੩), ਪੰਨਾ ੧੫੩}।

## ਸਚਾਈ ਲਈ ਔਕੜਾਂ

ਸਚਾਈ ਬਿਖੜਾ ਪੈਂਡਾ ਹੈ। ਇਸ 'ਤੇ ਉਹੋ ਹੀ ਸੂਰਾ ਤੁਰਦਾ ਹੈ ਜਿਸ ਦੇ ਅੰਦਰ ਹਰੀ ਦਾ ਪਿਆਰ ਜਾਗ ਪਿਆ ਹੋਵੇ। ਭਗਤ ਜੀ ਨੇ ਭਾਵੇਂ ਲੋਕਾਂ ਲਈ ਸਾਰੀ ਜ਼ਿੰਦਗੀ ਮੰਗਿਆ ਹੈ। ਸਾਦਗੀ ਵਾਲਾ ਜੀਵਨ ਗੁਜ਼ਾਰਿਆ ਹੈ ਪਰ ਹਮੇਸ਼ਾਂ ਸਚਾਈ ਦਾ ਸਾਥ ਦਿੱਤਾ ਹੈ। ਇਸ ਲਈ ਕਈ ਵਾਰੀ ਕਸ਼ਟ ਵੀ ਸਹਾਰਨੇ ਪਏ ਹਨ ਪਰ ਕਦੇ ਸੁਆਰਥੀ ਫ਼ੈਸਲੇ ਨਹੀਂ ਕੀਤੇ। ਲਾਹੌਰ ਵਿੱਚ ਭਗਤ ਜੀ ਨੇ ੨੪ ਸਾਲ ਸੇਵਾ ਵਿੱਚ ਗੁਜ਼ਾਰੇ ਹਨ। ਇਨ੍ਹਾਂ ਵਿੱਚੋਂ ਪਿੱਛਲੇ ਤਿੰਨ ਸਾਲ ਬੜੇ ਮੁਸ਼ਕਲਾਂ ਭਰੇ ਸਨ। ਭਗਤ ਜੀ ਦੀ ਇਹ ਸੁਭਾਵਿਕ ਸੋਚ ਹੁੰਦੀ ਸੀ ਕਿ ਕਿਸੇ ਵੀ ਚੀਜ਼ ਦੀ ਯੋਗ ਵਰਤੋਂ ਕਰਨੀ ਚਾਹੀਦੀ ਹੈ। ਅਯੋਗ ਵਰਤੋਂ ਨਾਲ ਅਸੀਂ ਕਿਸੇ ਦੂਜੇ ਦਾ ਹੱਕ ਹੀ ਖਾ ਰਹੇ ਹੁੰਦੇ ਹਾਂ। ਇਸ ਕਰਕੇ ਉਹ ਪਾਣੀ ਬਾਰੇ, ਦਰਖਤਾਂ ਬਾਰੇ, ਵਾਤਾਵਰਣ ਬਾਰੇ, ਘਰੇਗੀ ਚੀਜ਼ਾਂ ਬਾਰੇ ਅਕਸਰ ਹੀ ਲੋਕਾਂ ਨੂੰ ਸੁਚੇਤ ਕਰਦੇ ਰਹਿੰਦੇ ਸਨ। ਗੁਰਦੁਆਰਾ ਡੇਹਰਾ ਸਾਹਿਬ ਦੇ ਪ੍ਰਧਾਨ ਜੀ ਦੇ ਪਿੰਡ ਤੋਂ ਤੇ ਉਨ੍ਹਾਂ ਦੀ ਬਰਾਬਰੀ ਦਾ ਹੀ ਇੱਕ ਸਿੰਘ ਗੁਰਦੁਆਰਾ ਸਾਹਿਬ ਵਿੱਖੇ ਲਾਂਗਰੀ ਦੀ ਡਿਊਟੀ ਕਰਦਾ ਸੀ। ਉਸ ਵਿੱਚ ਬਾਕੀ ਤਾਂ ਸਾਰੇ ਹੀ ਗੁਣ ਸਨ ਪਰ ਉਹ ਲੰਗਰ ਪਕਾ ਕੇ ਲੰਗਰ ਦੀ ਲੋਹ ਥੱਲੇ ਬਲਦੀਆਂ ਹੋਈਆਂ ਲੱਕੜਾਂ ਛੱਡ ਦਿੰਦਾ ਸੀ। ਭਗਤ ਜੀ ਨੇ ਦੋ ਚਾਰ ਵਾਰੀ ਉਨ੍ਹਾਂ ਲੱਕੜਾਂ 'ਤੇ ਪਾਣੀ ਪਾ ਕੇ ਬੁਝਾ ਦਿੱਤਾ। ਜਦੋਂ ਇਸ ਇਸ਼ਾਰੇ ਨਾਲ ਵੀ ਉਹ ਲਾਂਗਰੀ ਨਾ ਸਮਝਿਆ ਤਾਂ ਭਗਤ ਜੀ ਨੇ ਇੱਕ ਦੋ ਵਾਰੀ ਫਿਰ ਉਨ੍ਹਾਂ ਲੱਕੜਾਂ ਨੂੰ ਬੁਝਾ ਕੇ ਪ੍ਰਤੱਖ ਰੂਪ ਵਿੱਚ ਕਹਿ ਦਿੱਤਾ ਕਿ ਪਿਆਰਿਓ! ਮੈਂ ਲੱਕੜਾਂ ਤੇ ਕੋਇਲੇ ਬੁਝਾ ਦਿੱਤੇ ਹਨ ਤੇ ਤੁਸੀਂ ਵੀ ਖ਼ਿਆਲ ਕਰਕੇ ਉਨ੍ਹਾਂ ਨੂੰ ਲੰਗਰ ਪੱਕਣ ਤੋਂ ਮਗਰੋਂ ਬੁਝਾ ਦਿਆ ਕਰੋ, ਤਾਂ ਕਿ ਅਗਲੇ ਦਿਨ ਉਹੋ ਹੀ ਲੱਕੜਾਂ ਮੁੜ ਲੰਗਰ ਪਕਾਉਣ ਲਈ ਕੰਮ ਆ ਸਕਣ। ਲਾਂਗਰੀ

ਨੇ ਇਸ ਗੱਲ ਦਾ ਕੋਈ ਅਸਰ ਨਾ ਕੀਤਾ। ਭਗਤ ਜੀ ਤਾਂ ਭਲਾਈ ਦੀ ਮਸਤੀ ਵਿੱਚ ਵਾਰ-ਵਾਰ ਅਜਿਹਾ ਕਰਦੇ ਹੀ ਰਹਿੰਦੇ ਸਨ। ਜਦੋਂ ਇੱਕ ਦੋ ਵਾਰੀ ਫਿਰ ਭਗਤ ਜੀ ਨੇ ਆਪ ਲੱਕੜਾਂ ਬੁਝਾ ਕੇ ਉਸ ਲਾਂਗਰੀ ਨੂੰ ਮੁੜ ਖ਼ਿਆਲ ਰੱਖਣ ਲਈ ਕਿਹਾ ਤਾਂ ਉਸ ਨੇ ਬਹੁਤ ਬੁਰਾ ਮਨਾਇਆ। ਉਹ ਪ੍ਰਧਾਨ ਜੀ ਦੇ ਪਿੰਡ ਦਾ ਤੇ ਬਰਾਬਰੀ ਦਾ ਸੀ, ਇਸ ਕਰਕੇ ਉਸ ਦੀ ਭਾਸ਼ਾ ਵੀ ਕੁਝ ਹੰਕਾਰੀ ਤੇ ਕਠੋਰਤਾ ਵਾਲੀ ਸੀ। ਲਾਂਗਰੀ ਨੇ ਇਸ ਗੱਲ ਦਾ ਆਪਣੇ ਵਿੱਚ ਸੁਧਾਰ ਨਾ ਕੀਤਾ ਸਗੋਂ ਭਗਤ ਜੀ ਦੀ ਹੀ ਟੀਕਾ-ਟਿੱਪਣੀ ਕਰਨ ਲੱਗ ਪਿਆ। ਉਹ ਭਗਤ ਜੀ ਦੇ ਲੰਗਰ ਲਈ ਬੇਤੁਕੀਆਂ ਗੱਲਾਂ ਕਰਨ ਲੱਗ ਪਿਆ ।

ਡੇਹਰਾ ਸਾਹਿਬ ਵਿਖੇ ਲੰਗਰ ਸਵੇਰੇ ਕਰੀਬ ਗਿਆਰਾਂ ਵਜੇ ਖੁੱਲ੍ਹਦਾ ਸੀ ਪਰ ਪਿਆਰੇ ਨੂੰ ਜਲਦੀ ਭੁੱਖ ਲੱਗ ਜਾਂਦੀ ਸੀ। ਇਸ ਕਰਕੇ, ਭਗਤ ਜੀ ਪਿਆਰੇ ਲਈ ਪ੍ਰਸ਼ਾਦੇ ਮੁਹੱਲੇ ਦੇ ਨੇੜੇ ਦੇ ਘਰਾਂ ਤੋਂ ਮੰਗ ਲੈਂਦੇ ਸਨ। ਇਹ ਪ੍ਰਸ਼ਾਦੇ ਨਰਮ ਜਿਹੇ ਹੁੰਦੇ ਸਨ ਤੇ ਕਈ ਵਾਰੀ ਨਾਲ ਸਬਜ਼ੀ ਵੀ ਮਿਲ ਜਾਂਦੀ ਸੀ। ਇਸ ਗੱਲ ਦਾ ਸ਼ਾਇਦ ਲਾਂਗਰੀ ਨੂੰ ਪਤਾ ਨਹੀਂ ਸੀ। ਉਹ ਸੋਚਦਾ ਸੀ ਕਿ ਭਗਤ ਜੀ ਅੰਦਰੋਂ ਹੀ ਪ੍ਰਸ਼ਾਦਾ ਅਰਦਾਸ ਤੋਂ ਪਹਿਲਾਂ ਹੀ ਚੁੱਕ ਲੈਂਦੇ ਹਨ। ਉਸ ਨੇ ਆਪ ਸਮਝਣ ਦੀ ਥਾਂ 'ਤੇ ਹੰਕਾਰੀ ਲਹਿਜ਼ੇ ਨਾਲ ਕਿਹਾ ਕਿ "ਜਦੋਂ ਤਕ ਅਰਦਾਸਾ ਨਾ ਹੋ ਜਾਵੇ ਪ੍ਰਸ਼ਾਦਾ ਕਿਸੇ ਨੂੰ ਨਹੀਂ ਮਿਲ ਸਕਦਾ ਤੇ ਨਾ ਹੀ ਬਾਹਰ ਜਾ ਸਕਦਾ ਹੈ।" ਭਗਤ ਜੀ ਨੇ ਇਨ੍ਹਾਂ ਗੱਲਾਂ ਨੂੰ ਅਣਸੁਣੀਆਂ ਕਰਕੇ ਸੇਵਾ ਕਰਦੇ ਰਹਿਣਾ। ਉਸ ਲਾਂਗਰੀ ਨੇ ਆਪ ਤਾਂ ਲੱਕੜਾਂ ਤੇ ਕੋਇਲੇ ਨਾ ਬੁਝਾਉਣੇ, ਪਰ ਜਦੋਂ ਭਗਤ ਜੀ ਨੇ ਬੁਝਾ ਦੇਣੇ ਤਾਂ ਉਸ ਨੇ ਫਿਰ ਹੰਕਾਰੀ ਖ਼ਿਆਲਾਂ ਨਾਲ ਆਪਣੀਆਂ ਗੱਲਾਂ ਨੂੰ ਕਈ ਵਾਰੀ ਦੁਹਰਾਉਣਾ। ਭਗਤ ਪੂਰਨ ਸਿੰਘ ਨੂੰ ਬਚਪਨ ਵਿੱਚ ਮਾਂ ਬਾਪ ਨੇ ਰੱਜ ਕੇ ਪਿਆਰ ਦਿੱਤਾ ਸੀ। ਇਸ ਕਰਕੇ ਉਹ ਕਿਸੇ ਨੂੰ ਕੌੜਾ ਜਾਂ ਮਾੜਾ ਨਹੀਂ ਬੋਲਦੇ ਸਨ। ਜਦੋਂ ਉਸ ਲਾਂਗਰੀ ਦੀਆਂ ਵਾਰ ਵਾਰ ਹੰਕਾਰੀ ਗੱਲਾਂ ਨੇ ਭਗਤ ਜੀ ਦੀ ਅਣਖ ਨੂੰ ਝੰਜੋੜਿਆ ਤਾਂ ਉਨ੍ਹਾਂ ਨੇ ਕਹਿ ਦਿੱਤਾ ਕਿ "ਭਲਿਆ ਇਹ ਝਗੜਾ ਨਿਬੇੜਨ ਲਈ ਮੈਂ ਹੀ ਪਾਸੇ ਹੋ ਜਾਂਦਾ ਹਾਂ। ਜਦੋਂ ਤਕ ਤੁਸੀਂ ਇੱਥੇ ਲਾਂਗਰੀ ਰਹਿਣਾ ਹੈ ਮੈਂ ਤੇ ਪਿਆਰਾ ਇੱਥੇ ਲੰਗਰ ਹੀ ਨਹੀਂ ਛਕਿਆ ਕਰਾਂਗੇ।" ਭਗਤ ਜੀ ਪਿਆਰੇ ਸਮੇਤ ਗੁਰਦੁਆਰਾ ਡੇਹਰਾ ਸਾਹਿਬ ਤੋਂ ਸ਼ਹੀਦ ਭਾਈ ਮਨੀ ਸਿੰਘ ਦੇ ਅਸਥਾਨ 'ਤੇ ਚਲੇ ਗਏ। ਇਸ ਤਰ੍ਹਾਂ ਭਗਤ ਜੀ ਤੇ ਪਿਆਰਾ ਸਿੰਘ ਨੇ ਤਿੰਨ ਸਾਲ ਸ਼ਹੀਦ ਭਾਈ ਮਨੀ ਸਿੰਘ ਦੇ ਸ਼ਹੀਦੀ ਅਸਥਾਨ, ਸ਼ਹੀਦ ਗੰਜ ਵਿਖੇ ਕੱਟੇ। ਭਗਤ ਪੂਰਨ ਸਿੰਘ ਜੀ ਦੀ ਜ਼ਿੰਦਗੀ ਦਾ ਇੱਕ-ਇੱਕ ਦਿਨ ਸਾਨੂੰ ਬਹੁਤ ਕੁਝ ਸਿਖਾ ਦਿੰਦਾ ਹੈ। ਉਨ੍ਹਾਂ ਨੇ ਕਦੇ ਸਿਧਾਂਤਿਕ ਸਮਝੌਤੇ ਨਹੀਂ ਕੀਤੇ। ਉਨ੍ਹਾਂ ਦੇ ਜੀਵਨ ਵਿੱਚ ਦ੍ਰਿੜ੍ਹਤਾ ਸੀ ਪਰ ਕੱਟੜਤਾ ਨਹੀਂ ਸੀ। ਭਗਤ ਜੀ ਕਿਸੇ ਗੱਲੋਂ ਜ਼ਿੱਦੀ ਬਿਰਤੀ ਦੇ ਨਹੀਂ ਸਨ, ਕਿਸੇ ਵੀ ਨੇਕ ਭਲਾਈ ਲਈ ਆਪਣੇ ਆਪ ਨੂੰ ਤਾਂ



ਦੁੱਖ ਤਕਲੀਫ਼ ਦੇ ਲੈਂਦੇ ਸਨ ਪਰ ਨਾ ਤਾਂ ਕਿਸੇ ਨੂੰ ਕੌੜਾ ਬੋਲਦੇ ਸਨ ਤੇ ਨਾ ਹੀ ਕਿਸੇ ਨਾਲ ਈਰਖਾ ਕਰਦੇ ਸਨ। ਆਮ ਕਰਕੇ ਦੇਖਦੇ ਹਾਂ ਕਿ ਜਦੋਂ ਮਨੁੱਖ ਥੋੜ੍ਹੀ ਜਿਹੀ ਵੀ ਸੇਵਾ ਕਰਦਾ ਹੈ ਤਾਂ ਹੰਕਾਰ ਉਸ ਦੇ ਹਿਰਦੇ 'ਤੇ ਆਪਣਾ ਕਬਜ਼ਾ ਕਰ ਲੈਂਦਾ ਹੈ। ਹੰਕਾਰੇ ਦੇ ਕਬਜ਼ੇ ਵਿੱਚ ਆਇਆ ਹਿਰਦਾ ਪਿਆਰ ਭਾਵਨਾ ਤੋਂ ਖ਼ਾਲੀ ਹੋ ਜਾਂਦਾ ਹੈ। ਭਗਤ ਜੀ ਨੂੰ ਗੁਰੂ ਸਾਹਿਬ ਜੀ ਦੀ ਰਹਿਮਤ ਨੇ ਖ਼ਾਸ ਹੀ ਨਿਵਾਜ਼ਿਆ ਹੋਇਆ ਸੀ ਕਿ ਜਿਨ੍ਹਾਂ ਦੇ ਹਿਰਦੇ ਵਿੱਚ ਨਾ ਤਾਂ ਈਰਖਾ ਸੀ ਤੇ ਨਾ ਹੀ ਹਿਰਦੇ ਵਿੱਚ ਕਿਸੇ ਕਿਸਮ ਦਾ ਕੋਈ ਮਾਣ ਹੰਕਾਰ ਹੀ ਸੀ। ਜਦੋਂ ਕੋਈ ਚੰਗੀ ਗੱਲ ਮੰਨ ਲੈਂਦਾ ਸੀ ਤਾਂ ਠੀਕ ਹੈ ਨਹੀਂ ਤਾਂ ਆਪ ਹੀ ਕਿਨਾਰਾ ਕਰ ਲੈਂਦੇ ਸਨ।

ਗੁਰਦੁਆਰਾ ਡੇਹਰਾ ਸਾਹਿਬ ਵਿਖੇ ਹਰ ਤਰ੍ਹਾਂ ਦੀ ਸੇਵਾ ਭਗਤ ਜੀ ਦਿਲ ਲਾ ਕੇ ਖਿੜੇ ਮੱਥੇ ਕਰਦੇ ਸਨ। ਕਿਸੇ ਦੇ ਮਲ-ਮੂਤਰ ਤਕ ਦੀ ਸਫ਼ਾਈ ਦੀ ਸੇਵਾ ਜਾਂ ਕਿਸੇ ਦੁਖਿਆਰੇ ਨੂੰ ਹਸਪਤਾਲ ਲੈ ਕੇ ਜਾਣਾ, ਕਿਸੇ ਪੀੜਿਤ ਬੱਚੀ ਦੀ ਸੇਵਾ ਕਰਦਿਆਂ ਮਨ ਵਿੱਚ ਵਿਕਾਰੀ ਲਹਿਰ ਦਾ ਵੀ ਪੈਦਾ ਨਾ ਹੋਣ ਦੇਣਾ, ਇਹ ਸਾਰੀ ਬਿਖਮ ਗਾਖੜੀ ਸੇਵਾ ਹੈ। ਅਜਿਹੇ ਹਾਲਾਤਾਂ ਵਿੱਚ ਵੀ ਭਗਤ ਜੀ ਨੇ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਭਗਤ ਜੀ ਨੇ ਇਸ ਸੇਵਾ ਦੇ ਇਵਜ਼ਾਨੇ ਲਈ ਕਦੇ ਕਿਸੇ ਕੋਲੋਂ ਕੋਈ ਮੰਗ ਵੀ ਨਹੀਂ ਰੱਖੀ ਸੀ। ਜਦੋਂ ਕਦੇ ਕਿਸੇ ਕੋਲੋਂ ਕੁਝ ਮੰਗਿਆ ਸੀ ਤਾਂ ਉਹ ਦੁੱਖੀਆਂ ਗ਼ਰੀਬਾਂ ਜਾਂ ਲੋੜਵੰਦਾਂ ਲਈ ਹੀ ਮੰਗਿਆ ਸੀ। ਅਜਿਹੀ ਸੇਵਾ ਸਾਲਾਂ ਬੱਧੀ ਕਰਨ ਦੇ ਬਾਵਜੂਦ ਵੀ ਗੁਰੂ ਘਰ ਵਿੱਚ ਭਗਤ ਜੀ ਨੇ ਨਾ ਤਾਂ ਕਦੇ ਆਪ ਹੀ ਕਮਰੇ ਦੀ ਮੰਗ ਕੀਤੀ ਤੇ ਨਾ ਹੀ ਉਨ੍ਹਾਂ ਨੂੰ ਕਦੇ ਕਿਸੇ ਨੇ ਕਮਰਾ ਦਿੱਤਾ। ਕਮਰਾ ਤਾਂ ਇੱਕ ਪਾਸੇ ਉੱਥੇ ਕਿਸੇ ਕੰਧ ਵਿੱਚ ਬਣੀ ਅਲਮਾਰੀ ਵੀ ਨਹੀਂ ਸੀ। ਭਗਤ ਜੀ ਨੇ ਅਜਿਹੀਆਂ ਮੁਸ਼ਕਲਾਂ ਸਮੇਂ ਕਦੇ ਕਿਸੇ ਕੋਲ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ। ਡੇਹਰਾ ਸਾਹਿਬ ਦੀ ਬਿਲਡਿੰਗ ਵਿੱਚ ਛੱਤ ਮਿਲ ਜਾਂਦੀ ਸੀ ਜਿੱਥੇ ਪਿਆਰੇ ਨੂੰ ਸਰਦੀ ਵਿੱਚ ਸੌਖਾ ਸੰਭਾਲਿਆ ਜਾਂਦਾ ਸੀ। ਰਾਤ ਨੂੰ ਸੌਣ ਲਈ ਮੁਸਾਫ਼ਰਖ਼ਾਨੇ ਵਿੱਚ ਸੌਣਾ ਪੈਂਦਾ ਸੀ। ਇੱਥੇ ਮੁਸਾਫ਼ਰ ਵੀ ੬੦-੭੦ ਦੀ ਗਿਣਤੀ ਵਿੱਚ ਰੋਜ਼ ਹੀ ਹੁੰਦੇ ਸਨ, ਜਿਨ੍ਹਾਂ ਵਿੱਚੋਂ ਬਹੁਤੇ ਮੰਗਤੇ ਤੇ ਅਪਾਹਿਜ ਰੋਗੀ ਜਾਂ ਕਿਸੇ ਹੋਰ ਗੱਲੋਂ ਦੁਖਿਆਰੇ ਹੀ ਹੁੰਦੇ ਸਨ। ਇਨ੍ਹਾਂ ਦੇ ਕੱਪੜੇ ਵੀ ਸਾਫ਼ ਨਹੀਂ ਹੁੰਦੇ ਸਨ ਤੇ ਬਹੁਤੀ ਵਾਰੀਂ ਤਾਂ ਜੂੰਆਂ ਵੀ ਪਈਆਂ ਹੁੰਦੀਆਂ ਸਨ। ਦੋ ਕੋਠੜੀਆਂ ਸਨ ਤੇ ਇਨ੍ਹਾਂ ਦੇ ਵਿਚਕਾਰ ਚਾਰ ਕੁ ਫੁੱਟ ਦਾ ਦਰਵਾਜ਼ਾ ਸੀ। ਰਾਤ ਨੂੰ ਮੁਸਾਫ਼ਰਾਂ ਵਿੱਚੋਂ ਕੋਈ ਆਉਂਦਾ ਸੀ ਤੇ ਕੋਈ ਜਾਂਦਾ ਸੀ। ਹਰ ਬੰਦਾ ਇਹੋ ਹੀ ਦਰਵਾਜ਼ਾ ਵਰਤਦਾ ਸੀ। ਇਸ ਚਾਰ ਫੁੱਟ ਦੇ ਦਰਵਾਜ਼ੇ ਕੋਲ ਹੀ ਭਗਤ ਜੀ ਤੇ ਪਿਆਰਾ ਪਏ ਹੁੰਦੇ ਸਨ। ਪਿਆਰੇ ਦੀ ਸੇਵਾ ਸੰਭਾਲ ਲਈ ਇੱਥੇ ਹੀ ਪੈਣਾ ਪੈਂਦਾ ਸੀ ਉਸ ਨੂੰ ਕਈ ਵਾਰੀ ਬਾਹਰ ਅੰਦਰ ਲਿਜਾਣਾ ਪੈਂਦਾ ਸੀ।

ਇਸ ਕਰਕੇ ਦਰਵਾਜ਼ੇ ਕੋਲ ਸੌਣਾ ਲਾਹੇਵੰਦ ਹੁੰਦਾ ਸੀ। ਹਰ ਮੁਸਾਫ਼ਰ ਭਗਤ ਜੀ ਦੇ ਤੇ ਪਿਆਰੇ ਤੋਂ ਟੱਪ ਕੇ ਹੀ ਜਾਂਦਾ ਸੀ। ਸਾਰੀ ਦਿਹਾੜੀ ਜਾਨ ਤੋੜ ਕੇ ਸੇਵਾ ਕਰਨੀ, ਫਿਰ ਰਾਤ ਨੂੰ ਵੀ ਭਰ ਅਰਾਮ ਵਾਲੀ ਨੀਂਦ ਨਹੀਂ ਮਿਲਦੀ ਸੀ। ਅਸੀਂ ਇੱਕ ਰਾਤ ਭਰ ਅਰਾਮ ਨਾ ਕਰੀਏ ਤਾਂ ਦੂਜੇ ਦਿਨ ਆਮ ਮਨੁੱਖ ਦਾ ਸੁਭਾਅ ਚਿੜਚਿੜਾ ਜਿਹਾ ਹੋ ਜਾਂਦਾ ਹੈ। ਇਨ੍ਹਾਂ ਅੱਖਰਾਂ ਦੇ ਲਿਖਦਿਆਂ ਪੜ੍ਹਦਿਆਂ ਫਿਰ ਉਹ ਤਸਵੀਰ ਅੱਖਾਂ ਅੱਗੇ ਆ ਜਾਂਦੀ ਹੈ ਕਿ ਭਗਤ ਜੀ ਕਦੇ ਦਿਨ ਵਿੱਚ ਕਿਸੇ ਨੂੰ ਚਿੜਚਿੜੇ ਸੁਭਾਅ ਵਾਲੇ ਬੰਦੇ ਵਾਂਗ ਨਹੀਂ ਸਗੋਂ ਇੱਕ ਸੱਚੇ ਸੁੱਚੇ ਮਾਨਵਤਾ ਦੇ ਸੇਵਾਦਾਰ ਵਾਂਗ ਹੀ ਵਰਤੋਂ ਵਿਹਾਰ ਕਰਦੇ ਸਨ। ਅਜਿਹੇ ਲੋਕਾਂ ਦੇ ਪਰਉਪਕਾਰਾਂ ਨਾਲ ਹੀ ਮਾਨਵਤਾ ਦਾ ਚਿਹਰਾ ਨਿਖਰ ਜਾਂਦਾ ਹੈ।

ਡੇਹਰਾ ਸਾਹਿਬ ਨੂੰ ਛੱਡ ਕੇ ਸ਼ਹੀਦ ਗੰਜ ਵਿੱਖੇ ਤਾਂ ਹੁਣ ਇੱਕੋ ਹੀ ਪੰਜ ਛੇ ਮੰਜਿਆਂ ਦੀ ਥਾਂ ਵਾਲਾ ਕਮਰਾ ਸੀ। ਭਗਤ ਜੀ ਨੂੰ ਇੱਥੇ ਪੰਜਾਂ ਛੇਆਂ ਮੰਜਿਆਂ ਦੀ ਥਾਂ ਵਿੱਚ ਵੀ ਕੋਈ ਥਾਂ ਨਹੀਂ ਸੀ ਬਲਕਿ ਭਗਤ ਜੀ ਤੇ ਪਿਆਰਾ ਸਿੰਘ ਜੀ ਨੂੰ ਪੌੜੀਆਂ ਦੇ ਹੇਠਾਂ ਥੋੜ੍ਹੀ ਜਿਹੀ ਥਾਂ ਵਿੱਚ ਸੌਣਾ ਪੈਂਦਾ ਸੀ ਜਿੱਥੇ ਸਾਰੀ ਰਾਤ ਭਗਤ ਜੀ ਦੀਆਂ ਲੱਤਾਂ ਵੀ ਸਿੱਧੀਆਂ ਨਹੀਂ ਹੁੰਦੀਆਂ ਸਨ। ਪ੍ਰਸ਼ਾਦੇ ਲਈ ਵੀ ਬੜੀਆਂ ਮੁਸ਼ਕਲਾਂ ਆਉਂਦੀਆਂ ਸਨ। ਇੱਥੇ ਨੇੜੇ ਹੀ ਇੱਕ ਸਰਕਾਰੀ ਡਿਪਟੀ ਦਿਆਲ ਸਿੰਘ ਰਹਿੰਦੇ ਸਨ। ਉਨ੍ਹਾਂ ਨੇ ਭਗਤ ਜੀ ਦੇ ਹਾਲਾਤ ਦੇਖ ਕੇ ਭਗਤ ਪੂਰਨ ਸਿੰਘ ਨੂੰ ਇਹ ਕਹਿ ਦਿੱਤਾ ਸੀ ਕਿ ਤੁਸੀਂ ਕਿਸੇ ਹੋਰ ਤੋਂ ਮੰਗਣ ਦੀ ਥਾਂ ਤੇ ਸਾਡੇ ਘਰੋਂ ਸਵੇਰ ਦਾ ਪ੍ਰਸ਼ਾਦਾ ਲੈ ਲਿਆ ਕਰੋ। {ਭਗਤ ਪੂਰਨ ਸਿੰਘ, ਮਾਣਸੁ ਕਿਆ ਵੇਚਾਰਾ ਰਾਮ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੮), ਪੰਨੇ ੭ ਤੋਂ ੧੪}।

### ਕਾਂ ਦੇ ਮੁੱਖ ਤੋਂ ਡਿੱਗਿਆ ਰੋਟੀ ਦਾ ਟੁੱਕੜਾ ਖਾਧਾ

ਭਗਤ ਪੂਰਨ ਸਿੰਘ ਢਿੱਡੋਂ ਭਾਵੇਂ ਭੁੱਖੇ ਰਹਿੰਦੇ ਸਨ ਪਰ ਉਹ ਦਿਲ ਦੇ ਰੱਜੇ ਹੋਏ ਸਨ। ਅਸਲ ਵਿੱਚ ਰੱਬੀ ਫ਼ਰਿਸ਼ਤਿਆਂ ਕੋਲ ਸਿਦਕ ਸਬੂਰੀ ਦਾ ਤੋਸ਼ਾ (ਖ਼ਰਚ) ਹੁੰਦਾ ਹੈ।ਕਈ ਵਾਰੀ ਭਗਤ ਜੀ ਦੇ ਸਬਰ ਨੂੰ ਭੁੱਖ ਨੇ ਪਰਖਿਆ ਸੀ ਪਰ ਹਰ ਵਾਰੀ ਭੁੱਖ ਹੀ ਹਾਰ ਜਾਂਦੀ ਸੀ ਸਿਦਕ ਸਬੂਰੀ ਵਾਲੇ ਜਿੱਤ ਜਾਂਦੇ ਸਨ। ਉਨ੍ਹਾਂ ਨੇ ਕਦੇ ਆਪਣੀਆਂ ਮੁਸ਼ਕਲਾਂ ਨੂੰ ਮੁੱਖ ਰੱਖ ਕੇ ਫ਼ੈਸਲੇ ਨਹੀਂ ਕੀਤੇ, ਸਗੋਂ ਆਪਣੇ ਫ਼ੈਸਲਿਆਂ 'ਤੇ ਦ੍ਰਿੜ੍ਹ ਰਹਿੰਦਿਆਂ ਹੋਇਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਸਨ। 'ਇੱਕ ਵਾਰੀ ਪ੍ਰਸ਼ਾਦੇ ਵੱਲੋਂ ਕਾਕੜੇ ਫਾਕੇ ਹੀ ਸਨ ਪਰ ਭਗਤ ਜੀ ਨੇ ਇੱਕ ਮਹੀਨਾ ਕੇਵਲ ਲੱਸੀ ਪੀ ਕੇ ਹੀ ਗੁਜ਼ਾਰਾ ਕੀਤਾ, ਇਸ ਤਰ੍ਹਾਂ ਹੀ ਇੱਕ ਵਾਰੀ ਸੱਤ ਦਿਨ ਪ੍ਰਸ਼ਾਦਾ ਨਸੀਬ ਨਾ ਹੋਇਆ ਤੇ ਅਤਿ ਦੀ ਭੁੱਖ ਲੱਗੀ ਹੋਈ ਸੀ, ਪਿਆਰਾ ਵੀ ਨਾਲ ਹੀ ਕਈ ਦਿਨਾਂ ਦਾ ਭੁੱਖਾ ਸੀ। ਦਾਤਾਰ ਦੇ ਚੋਜ ਨਿਆਰੇ ਹਨ। ਜਦੋਂ ਭਗਤ ਜੀ ਨੂੰ ਆਪਣੇ ਕੰਧੇ 'ਤੇ ਪਿਆਰੇ ਨੂੰ ਚੁੱਕ ਕੇ



ਤੁਰਨਾ ਔਖਾ ਹੋ ਗਿਆ ਸੀ, ਕਿਉਂਕਿ ਕਈ ਦਿਨਾਂ ਦੀ ਭੁੱਖ ਨੇ ਸਰੀਰ ਬਹੁਤ ਕਮਜ਼ੋਰ ਕਰ ਦਿੱਤਾ ਸੀ। ਇੱਕ ਕਾਂ ਆਪਣੇ ਮੂੰਹ ਵਿੱਚ ਰੋਟੀ ਦਾ ਟੁੱਕੜਾ ਲੈ ਕੇ ਜਾ ਰਿਹਾ ਸੀ ਤਾਂ ਉਸ ਦੇ ਮੂੰਹ ਵਿੱਚੋਂ ਇਹ ਰੋਟੀ ਦਾ ਟੁੱਕੜਾ ਡਿੱਗ ਪਿਆ, ਉਸ ਨੂੰ ਚੁੱਕ ਕੇ ਭਗਤ ਜੀ ਨੇ ਤੇ ਪਿਆਰੇ ਨੇ ਅੱਧਾ ਅੱਧਾ ਖਾਧਾ। ਸਰੀਰ ਦੀ ਭੱਠੀ ਨੂੰ ਝੁਲਕਾ ਆ ਗਿਆ ਸੀ।'{ਡਾ. ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੪), ਪੰਨਾ ੫੬}।

### ਚੰਗੇ ਬੰਦਿਆਂ ਦਾ ਸਾਥ

**ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥**
**ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥** {ਅੰ:੭੮੮}

ਗੁਰੂ ਅੰਗਦ ਸਾਹਿਬ ਜੀ ਦਾ ਇਹ ਪਾਵਨ ਗੁਰ ਬੋਲ ਹੈ। ਭਾਵ ਹੈ ਕਿ ਤੁਰਨ ਵਾਲੇ ਨੂੰ ਤੁਰਨ ਵਾਲਾ ਹੀ ਸਾਥ ਦਿੰਦਾ ਹੈ ਤੇ ਉੱਡਣ ਵਾਲੇ ਨਾਲ ਉੱਡਣ ਵਾਲਾ ਹੀ ਸਾਥ ਦੇ ਸਕਦਾ ਹੈ। ਜਿਊਂਦੇ ਮਨੁੱਖ ਦਾ ਵਾਸਤਾ ਜਿਊਂਦੇ ਨਾਲ ਪੈਂਦਾ ਹੈ ਤੇ ਮਰੇ ਹੋਏ ਸਾਰੇ ਇੱਕ ਮਰਿਆਂ ਹੋਇਆਂ ਵਾਲੀ ਥਾਂ 'ਤੇ ਹੁੰਦੇ ਹਨ। ਹਰ ਮਨੁੱਖ ਦੇ ਵਿਚਾਰਾਂ ਦਾ ਇੱਕ ਸੰਸਾਰ ਹੈ। ਜਿਹੋ ਜਿਹੇ ਮਨੁੱਖ ਦੇ ਵਿਚਾਰ ਹੁੰਦੇ ਹਨ ਉਸ ਨੂੰ ਉਹੋ ਜਿਹੇ ਬੰਦੇ ਦਾ ਸਾਥ ਵੀ ਮਿਲ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਕਹਿ ਸਕਦੇ ਹਾਂ ਕਿ ਹਰ ਵਿਚਾਰਾਂ ਦੀ ਸਾਂਝ ਵਾਲੇ ਨੂੰ ਆਪਣੇ ਵਿਚਾਰਾਂ ਵਾਲਾ ਕੋਈ ਨਾ ਕੋਈ ਬੰਦਾ ਮਿਲ ਹੀ ਜਾਂਦਾ ਹੈ। ਭਗਤ ਪੂਰਨ ਸਿੰਘ ਜੀ ਨਾਲ ਵੀ ਅਜਿਹੇ ਕਈ ਸਿਦਕਵਾਨ ਤੇ ਦਇਆਵਾਨ ਬੰਦੇ ਆਣ ਮਿਲੇ, ਜਿਨ੍ਹਾਂ ਦੇ ਸਹਾਰੇ ਨਾਲ ਕਿਸੇ ਹੋਰ ਨੂੰ ਸਹਾਰਾ ਦੇਣਾ ਸੌਖਾ ਹੋ ਗਿਆ ਸੀ। ਉਨ੍ਹਾਂ ਸਾਥੀਆਂ ਵਿੱਚੋਂ ਇੱਕ ਸਾਥੀ ਨਰੈਣ ਸਿੰਘ ਸੀ। ਇਹ ਚੜ੍ਹਦੀ ਕਲਾ ਵਾਲਾ ਨਿਤਨੇਮੀ ਸਿੰਘ ਸੀ। ਸੋਹਣੀ ਦਸਤਾਰ ਸਜਾ ਕੇ ਸਿਰ 'ਤੇ ਚੱਕਰ ਵੀ ਲਾ ਕੇ ਰੱਖਦਾ ਸੀ। ਭਾਈ ਨਰੈਣ ਸਿੰਘ ਲਾਹੌਰ ਤੋਂ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਦਾ ਵਸਨੀਕ ਸੀ। ਸੁੱਖਾ ਸਿੰਘ ਨੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਵੱਢਿਆ ਸੀ। ਇਸ ਮਹਾਨ ਕਾਰਨਾਮੇ ਨੇ ਭਾਈ ਸੁੱਖਾ ਸਿੰਘ ਦਾ ਨਾਮ ਅਮਰ ਸ਼ਹੀਦਾਂ ਵਿੱਚ ਸ਼ਾਮਲ ਕਰ ਦਿੱਤਾ ਸੀ। ਭਾਈ ਨਰੈਣ ਸਿੰਘ ਗ੍ਰਿਹਸਥੀ ਜੀਵਨ ਦਾ ਧਾਰਨੀ ਸੀ ਤੇ ਉਸ ਦੇ ਬਾਲ ਬੱਚੇ ਵੀ ਸਨ। ਭਾਈ ਸਾਹਿਬ, ਭਗਤ ਜੀ ਨਾਲ ਲੱਗੇ ਹੋਏ ਮਾਹਵਾਰੀ ਚੰਦੇ ਵੀ ਇਕੱਠੇ ਕਰ ਦਿੰਦਾ ਸੀ ਤੇ ਉਸ ਵਿੱਚੋਂ ਹੀ ਕੁਝ ਪੈਸਿਆਂ ਨਾਲ ਆਪਣੇ ਘਰ ਦਾ ਖ਼ਰਚ ਪਾਣੀ ਚਲਾ ਲੈਂਦਾ ਸੀ। ਇਨ੍ਹਾਂ ਨੇ ਕੁਝ ਸਮਾਂ ਭਾਈ ਮਨੀ ਸਿੰਘ ਸ਼ਹੀਦ ਦੇ ਅਸਥਾਨ ਸ਼ਹੀਦਗੰਜ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਵੀ ਨਿਭਾਹੀ ਹੈ। ਇੱਥੇ ਹੀ ਭਗਤ ਜੀ ਵੀ ਕੁਝ ਸਮਾਂ ਰਹੇ ਸਨ।

### ਸੁੰਦਰਤਾ ਹੀ ਵੈਰੀ ਬਣੀ

ਉਨ੍ਹਾਂ ਦਿਨਾਂ ਦੀ ਹੀ ਇੱਕ ਘਟਨਾ ਹੈ। ਇੱਕ ਬੰਦਾ ਇੱਕ ਜੁਆਨ

ਪਾਗਲ ਲੜਕੀ ਨੂੰ ਲੈ ਕੇ ਲਾਹੌਰ ਆਇਆ। ਉਸ ਨੂੰ ਪਹਿਲਾਂ ਤਾਂ ਉਸ ਦੀ ਨਾਨੀ ਸਾਂਭ ਲੈਂਦੀ ਸੀ ਪਰ ਹੁਣ ਲੜਕੀ ਜੁਆਨ ਤੇ ਨਾਨੀ ਬੁੱਢੀ ਹੋ ਗਈ, ਜਿਸ ਕਰਕੇ ਉਸ ਲੜਕੀ ਨੂੰ ਸਾਂਭ ਲੈਣਾ ਹੁਣ ਉਸ ਬੁੱਢੀ ਨਾਨੀ ਦੇ ਵੱਸ ਵਿੱਚ ਨਹੀਂ ਸੀ।

ਇਹ ਬੰਦਾ ਗੁਰਦੁਆਰਾ ਡੇਹਰਾ ਸਾਹਿਬ ਹੀ ਆਇਆ ਸੀ। ਉਸ ਨੇ ਵੀ ਰਾਤ ਮੁਸਾਫ਼ਰਖ਼ਾਨੇ ਵਿੱਚ ਕੱਟੀ। ਸਵੇਰੇ ਉਸ ਨੇ ਡੇਹਰਾ ਸਾਹਿਬ ਦੇ ਸੈਕਟਰੀ ਸਰਦਾਰ ਮਹਿੰਦਰ ਸਿੰਘ ਨਾਲ ਗੱਲਬਾਤ ਕੀਤੀ ਕਿ ਮੈਂ ਇਸ ਲੜਕੀ ਨੂੰ ਕਿਸੇ ਅਪਾਹਿਜ ਆਸ਼ਰਮ ਵਿੱਚ ਦਾਖ਼ਲ ਕਰਵਾਉਣ ਲਿਆਇਆ ਸੀ ਪਰ ਇਸ ਨੂੰ ਕਿਸੇ ਨੇ ਦਾਖ਼ਲ ਨਹੀਂ ਕੀਤਾ। ਸੋ ਤੁਸੀਂ ਇਸ ਲੜਕੀ ਨੂੰ ਜਾਂ ਤਾਂ ਆਪਣੇ ਕੋਲ ਇੱਥੇ ਰੱਖ ਲਵੋ ਜਾਂ ਕਿਸੇ ਦੇ ਲੜ ਲਾ ਦੇਈਏ ਜਿਹੜਾ ਇਸ ਨੂੰ ਪਤਨੀ ਵਾਂਗ ਰੱਖ ਕੇ ਸੇਵਾ-ਸੰਭਾਲ ਕਰ ਸਕਦਾ ਹੋਵੇ। ਸ: ਮਹਿੰਦਰ ਸਿੰਘ ਜੀ ਨੇ ਇਹ ਲੜਕੀ ਭਗਤ ਪੂਰਨ ਸਿੰਘ ਜੀ ਕੋਲ ਸ਼ਹੀਦ ਭਾਈ ਮਨੀ ਸਿੰਘ ਦੇ ਸ਼ਹੀਦੀ ਅਸਥਾਨ ’ਤੇ ਲਿਜਾਣ ਲਈ ਕਿਹਾ। ਮੁਸਾਫ਼ਰਖ਼ਾਨੇ ਵਿੱਚੋਂ ਹੀ ਕਿਸੇ ਭੰਗੜ ਜਿਹੇ ਬੰਦੇ ਨੇ ਇਹ ਪਤਨੀ ਵਾਲੀ ਗੱਲ ਸੁਣ ਲਈ ਸੀ। ਕਰਤੇ ਦੇ ਰੰਗ ਨਿਆਰੇ ਹਨ। ਉਸ ਲੜਕੀ ਨੂੰ ਰੱਬ ਨੇ ਰੱਜ ਕੇ ਸੁਹੱਪਣ ਬਖਸ਼ਿਆ ਸੀ। ਉਹ ਬੰਦਾ ਵਿਕਾਰੀ ਭੁੱਖ ਦੇ ਕਾਰਨ ਉਸ ਲੜਕੀ ਨੂੰ ਆਪਣੀ ਪਤਨੀ ਬਣਾ ਕੇ ਸੇਵਾ-ਸੰਭਾਲ ਕਰਨ ਲਈ ਤਿਆਰ ਸੀ।

ਲੜਕੀ ਲਿਆਉਣ ਵਾਲਾ ਬੰਦਾ ਭਗਤ ਪੂਰਨ ਸਿੰਘ ਜੀ ਕੋਲ ਪਹੁੰਚ ਗਿਆ। ਇਹ ਭੰਗੜ ਵੀ ਮਗਰ ਹੀ ਆ ਗਿਆ ਤੇ ਇਸ ਨੇ ਕਾਫ਼ੀ ਜ਼ਿੱਦ ਕੀਤੀ ਕਿ ਇਹ ਲੜਕੀ ਮੇਰੇ ਹਵਾਲੇ ਕੀਤੀ ਜਾਵੇ, ਮੈਂ ਇਸ ਦੀ ਸੇਵਾ-ਸੰਭਾਲ ਕਰਾਂਗਾ। ਭਗਤ ਜੀ ਦੀ ਦਾਨੀ ਅੱਖ ਨੇ ਭਾਂਪ ਲਿਆ ਸੀ ਕਿ ਇਹ ਕਿਸੇ ਉਪਕਾਰੀ ਜਾਂ ਪਿਆਰੀ ਬਿਰਤੀ ਵਾਲਾ ਨਹੀਂ ਸਗੋਂ ਵਿਕਾਰੀ ਬ੍ਰਿਤੀ ਵਾਲਾ ਹੈ। ਇਸ ਨੇ ਚੰਦ ਰੋਜ਼ ਆਪਣੀ ਮਾੜੀ ਬਿਰਤੀ ਦੀ ਪੂਰਤੀ ਕਰਕੇ ਇਸ ਨੂੰ ਫਿਰ ਛੱਡ ਦੇਣਾ ਹੈ; ਪਰ ਇਸ ਨਾਲ ਹੋ ਸਕਦਾ ਹੈ ਕਿ ਇਸ ਲੜਕੀ ਦੇ ਕੋਈ ਬੱਚਾ ਵੀ ਹੋ ਜਾਵੇ। ਇੱਕ ਤਾਂ ਇਹ ਲੜਕੀ ਆਪ ਵੀ ਖ਼ੁਦ ਪਾਗਲ ਤੇ ਅਨਾਥ ਹੈ, ਫਿਰ ਬੱਚਾ ਵੀ ਹੋ ਸਕਦਾ ਹੈ ਕਿ ਪਾਗਲ ਹੋਵੇ ਤੇ ਅਨਾਥ ਹੋਣਾ ਤਾਂ ਸਾਹਮਣੇ ਹੀ ਦਿੱਸਦਾ ਸੀ। ਉਸ ਨਸ਼ੇੜੀ ਨੇ ਜ਼ੋਰ ਤਾਂ ਬਹੁਤ ਲਾਇਆ ਸੀ ਪਰ ਭਗਤ ਜੀ ਨੇ ਇਹ ਲੜਕੀ ਉਸ ਭੰਗੜ ਦੇ ਚੁੰਗਲ ਵਿੱਚੋਂ ਵੀ ਬਚਾ ਲਈ।

ਇਸ ਲੜਕੀ ਨੂੰ ਲੈ ਕੇ ਤੇ ਪਿਆਰੇ ਨੂੰ ਆਪਣੀ ਪਿੱਠ ’ਤੇ ਚੁੱਕ ਕੇ ਭਗਤ ਜੀ ਛੇ ਕਿਲੋਮੀਟਰ ਦੀ ਦੂਰੀ ਤੇ ਸਰ ਗੰਗਾ ਰਾਮ ਅਪਾਹਿਜ ਆਸ਼ਰਮ ਦੇ ਪ੍ਰਧਾਨ ਰਾਏ ਬਹਾਦਰ ਬਦਰੀ ਦਾਸ ਕੋਲ ਪਹੁੰਚ ਗਏ। ਭਗਤ ਜੀ ਨੇ ਸਾਰੀ ਗੱਲਬਾਤ ਦੱਸੀ, ਪਰ ਰਾਏ ਬਹਾਦਰ ਨੇ ਸਾਫ਼ ਜੁਆਬ ਦੇ ਦਿੱਤਾ ਕਿ ਅਸੀਂ ਇਸ ਲੜਕੀ ਨੂੰ ਦਾਖ਼ਲ ਨਹੀਂ ਕਰ ਸਕਦੇ। ਭਗਤ ਜੀ ਨੇ ਮਿੰਨਤ ਤਰਲਾ ਕੀਤਾ ਪਰ



ਰਾਏ ਬਹਾਦਰ ’ਤੇ ਕੋਈ ਅਸਰ ਨਾ ਹੋਇਆ। ਭਗਤ ਜੀ ਨੇ ਫਿਰ ਕਿਹਾ ਕਿ ਰਾਏ ਬਹਾਦਰ ਜੀ ਤੁਹਾਡੇ ਕੋਲ ਤਾਂ ਇੱਥੇ ਕੁੱਤੇ ਵੀ ਰੱਖੇ ਹੋਏ ਹਨ। ਤੁਸੀਂ ਇਸ ਲੜਕੀ ਨੂੰ ਕੁੱਤਾ ਸਮਝ ਕੇ ਹੀ ਰੱਖ ਲਵੋ। ਇਸ ਨੂੰ ਤਾਂ ਆਪਣੇ ਆਪ ਦੀ ਵੀ ਪਹਿਚਾਣ ਨਹੀਂ ਹੈ; ਇਸ ਕਰਕੇ ਕੋਈ ਇਸ ਦੀ ਇੱਜ਼ਤ ਨਾਲ ਖੇਡ ਕੇ ਜੀਵਨ ਬਰਬਾਦ ਕਰ ਦੇਵੇਗਾ। ਜੇ ਕੋਈ ਬੱਚਾ ਹੋ ਗਿਆ ਤਾਂ ਸਾਰੀ ਜ਼ਿੰਦਗੀ ਉਹ ਵੀ ਅਨਾਥ ਆਸ਼ਰਮਾਂ ਦੇ ਧੱਕੇ ਖਾਂਦਾ ਫਿਰੇਗਾ। ਇਸ ਲੜਕੀ ਦੀ ਸੁੰਦਰਤਾ ਹੀ ਇਸ ਦੀ ਦੁਸ਼ਮਣ ਹੈ ਤੇ ਇਸ ਪਾਗਲ ਲੜਕੀ ਦੀ ਜ਼ਿੰਦਗੀ ਨੂੰ ਕੋਈ ਵੀ ਹੋਰ ਨਰਕਾਂ ਵਰਗੀ ਬਣਾ ਸਕਦਾ ਹੈ। ਰਾਏ ਬਹਾਦਰ ਨੂੰ ਇਹ ਸ਼ਬਦ ਟੁੰਬ ਗਏ ਤੇ ਉਸ ਨੇ ਲੜਕੀ ਨੂੰ ਦਾਖ਼ਲ ਕਰਨ ਦੀ ਹਾਮੀ ਭਰ ਦਿੱਤੀ ।

ਭਗਤ ਜੀ ਜਦੋਂ ਵਾਪਸ ਪਰਤੇ ਤਾਂ ਕਾਫ਼ੀ ਹਨੇਰਾ ਹੋ ਚੁੱਕਾ ਸੀ।ਭਗਤ ਜੀ ਦੀ ਮਾਂ ਦਾ ਭਾਵੇਂ ਵਿਛੋੜਾ ਹੋ ਚੁੱਕਾ ਸੀ ਪਰ ਮਾਂ ਆਪਣੀ ਸਿੱਖਿਆ ਦੇ ਰੂਪ ਵਿੱਚ ਹਰ ਵਕਤ ਹੀ ਭਗਤ ਜੀ ਦੇ ਨਾਲ ਹੁੰਦੇ ਸਨ। ਉਹ ਮਾਂ ਦੀ ਸਿੱਖਿਆ ਮੁਤਾਬਕ ਰਾਹਾਂ ਵਿੱਚੋਂ ਰੋੜੇ, ਇੱਟਾਂ-ਵੱਟੇ ਤੇ ਹੋਰ ਘਾਤਕ ਚੀਜ਼ਾਂ ਚੁੱਕਦੇ ਰਹਿੰਦੇ ਸਨ। ਭਗਤ ਜੀ ਜਦੋਂ ਭਾਈ ਮਨੀ ਸਿੰਘ ਸ਼ਹੀਦ ਗੰਜ ਆਏ ਤਾਂ ਭਾਈ ਨਰੈਣ ਸਿੰਘ ਕਾਫ਼ੀ ਭਾਵਕ ਹੋਏ ਕਿ ਪੂਰਨ ਸਿੰਘਾ ਤੇਰੇ ’ਤੇ ਰੱਬ ਦੀ ਕਿੰਨੀ ਕਿਰਪਾ ਹੈ ਕਿ ਇਸ ਸੁੰਦਰ ਲੜਕੀ ਵਿੱਚੋਂ ਵੀ ਤੈਨੂੰ ਰੱਬੀ ਨੂਰ ਹੀ ਨਜ਼ਰ ਆਉਂਦਾ ਹੈ। ਇਸ ਲੜਕੀ ਦੀ ਸੁੰਦਰਤਾ ਤੋਂ ਹਰ ਕੋਈ ਪ੍ਰਭਾਵਿਤ ਹੈ ਪਰ ਤੇਰੇ ਕੋਲ ਹਨੇਰੇ ਵਿੱਚ ਵੀ ਰਹੀ, ਪਰ ਤੇਰੇ ਮਨ ਵਿੱਚ ਕੋਈ ਖ਼ਿਆਲ ਤਕ ਨਹੀਂ ਸੀ ਆਇਆ। ਗੁਰੂ ਜੀ ਦੀ ਮਿਹਰ ਨਾਲ ਤੇਰੀਆਂ ਅੱਖਾਂ ਸੁੱਚੀਆਂ ਹਨ ਜਿਨ੍ਹਾਂ ਵਿੱਚੋਂ ਵਿਕਾਰਾਂ ਦੀ ਭਾਵਨਾ ਖ਼ਤਮ ਹੀ ਹੋ ਗਈ ਹੈ। ਇਹ ਸੱਚ ਹੈ ਕਿ ਸਿੱਖਿਆ ਵਿੱਚੋਂ ਹੀ ਸੁੱਖ ਮਿਲਦਾ ਹੈ। ਜਿਸ ਕੋਲ ਚੰਗੀ ਸਿੱਖਿਆ ਹੁੰਦੀ ਹੈ ਉਹ ਸਾਰਾ ਹੀ ਜੀਵਨ ਸੁੱਖ ਮਾਣਦਾ ਹੈ। ਭਗਤ ਜੀ ਕੋਲ ਤਾਂ ਗੁਰੂ ਸਾਹਿਬ ਜੀ ਦੀ ਸਿੱਖਿਆ ਤੇ ਮਾਂ ਦੀ ਅਸੀਸ ਵੀ ਨਾਲ ਹੁੰਦੀ ਸੀ।

### ਬੰਦੇ ਖੋਜੁ ਦਿਲ ਹਰ ਰੋਜ.....

ਭਗਤ ਪੂਰਨ ਸਿੰਘ ਆਪਣੇ ਆਸਣ ’ਤੇ ਆ ਗਏ।ਉਹ ਭਾਵੇਂ ਨਰੈਣ ਸਿੰਘ ਕੋਲੋਂ ਤਾਂ ਆ ਗਏ ਸਨ ਪਰ ਉਨ੍ਹਾਂ ਦੇ ਕਹੇ ਹੋਏ ਬੋਲ ਹਾਲੇ ਵੀ ਭਗਤ ਜੀ ਦੇ ਕੰਨਾਂ ਵਿੱਚ ਗੂੰਜ ਰਹੇ ਸਨ ਕਿ ਸੁੰਦਰ ਲੜਕੀ ਦੇ ਨਾਲ ਇਕੱਲਿਆਂ ਘੁੰਮ ਕੇ ਵੀ ਤੇਰਾ ਮਨ ਰੱਬੀ ਯਾਦ ਦਾ ਪੁਜਾਰੀ ਤੇ ਮਾਂ ਦੇ ਕਹੇ ਬੋਲਾਂ ’ਤੇ ਪੂਰਾ ਉਤਰਿਆ ਹੈ। ਉਨ੍ਹਾਂ ਨੇ ਵੀ ਆਪਣੇ ਅੰਦਰ ਸਿਰ ਨੀਵਾਂ ਕਰਕੇ ਝਾਤ ਮਾਰੀ ਤਾਂ ਗੁਰੂ ਸਾਹਿਬ ਜੀ ਦੀ ਮਹਾਨ ਕਿਰਪਾ ਨਜ਼ਰ ਆਈ।ਆਪੇ ਹੀ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਏ ਕਿ ਪੂਰਨ ਸਿੰਘਾ ਇਹ ਤੇਰੀ ਕਮਾਈ ਨਹੀਂ ਬਲਕਿ ਇਹ ਤਾਂ ਗੁਰੂ ਅਰਜਨ ਸਾਹਿਬ ਜੀ ਦੀ ਮਿਹਰ ਹੈ। ਗੁਰੂ ਜੀ ਦੇ ਘਰ ਡੇਹਰਾ

ਸਾਹਿਬ ਦੀ ਕੀਤੀ ਹੋਈ ਸੇਵਾ ਹੈ। ਡੇਹਰਾ ਸਾਹਿਬ ਆਏ ਹੋਏ ਅਪਾਹਿਜਾਂ ਦੀ ਕੀਤੀ ਮਦਦ ਹੀ ਤਾਂ ਰੱਬ ਦੀ ਮਿਹਰ ਬਣ ਕੇ ਵਰਸਦੀ ਹੈ। ਇਹ ਸਾਰੀ ਰੱਬੀ ਰਹਿਮਤ ਗੁਰੂ ਸਾਹਿਬ ਜੀ ਦੀ ਹੈ। ਆਪ ਮੁਹਾਰੇ ਹੀ ਗੁਰਬਾਣੀ ਦੇ ਬੋਲ ਬੁੱਲ੍ਹਾਂ ’ਤੇ ਆ ਗਏ ।

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥** {ਅੰਗ ੮੫੮}

ਜਿਨ੍ਹਾਂ ਦੀਆਂ ਅੱਖਾਂ ਨੇ ਅਨਾਥਾਂ ਨੂੰ ਰੁਲਦਿਆਂ ਦੇਖਿਆ ਹੋਵੇ, ਕੰਨਾਂ ਨੇ ਦੁਖੀਆਂ ਦੀਆਂ ਚੀਕਾਂ ਸੁਣੀਆਂ ਹੋਵਣ, ਹੱਥਾਂ ਨੇ ਕਿਸੇ ਦੀ ਗ਼ੰਦਗੀ ਧੋ ਕੇ ਆਪਣੇ ਆਪ ਨੂੰ ਪਵਿੱਤਰ ਕੀਤਾ ਹੋਇਆ ਹੋਵੇ, ਆਪਣੀ ਪਿੱਠ ’ਤੇ ਲੂਲ੍ਹੇ ਦਾ ਭਾਰ ਢੋਹਿਆ ਹੋਵੇ, ਉਸ ਦਾ ਮਨ ਤਾਂ ਮੰਦਰ ਬਣ ਜਾਂਦਾ ਹੈ ਅਤੇ ਸਰੀਰ ਚੱਲਦਾ ਫਿਰਦਾ ਗੁਰਦੁਆਰਾ ਬਣ ਜਾਂਦਾ ਹੈ। ਪ੍ਰਿੰ: ਗੰਗਾ ਸਿੰਘ ਦਾ ਇੱਕ ਬੋਲ ਬਹੁਤ ਪਿਆਰਾ ਹੈ:

**ਹੂ ਹਾ ਸ਼ੋਰ ਦੁਨੀ ਦਾ ਸੁਣ ਕੇ ਇੱਕ ਜੋਗੀ ਪਰਬਤ ਚੜਿਆ।**
**ਬਨ ਪਰਬਤ ਲੰਘ ਉੱਚੇ ਨੀਵੇਂ ਜਾ ਕੰਦਰਾਂ ਵਿੱਚ ਵੜਿਆ।**
**ਬਗਲ ਨਿਮਾਣੀ ਅਬਲਾ ਚੀਕੀ ਪਰ ਉਸ ਗੱਲ ਨਾ ਗੌਲੀ,**
**ਕਠਨ ਤਪਸਿਆ ਤਪ ਕਰ ਭਾਰਾ ਜਦੋਂ ਉਚੇਰਾ ਚੜਿਆ।**
**ਦਾਤੇ ਦੇ ਦਰ ਬੰਦ ਸੀ ਬੂਹਾ ਲਿਖਿਆ ਸੀ ਮੁੜ ਜਾ ਤੂੰ।**
**ਕਾਫ਼ਰ ਹਠੀ ਕਮੀਨੇ ਪਾਜ਼ੀ ਨਾ ਬੂਹਾ ਖੜਕਾ ਤੂੰ।**
**ਦੁਖੀਆਂ ਦਾ ਨਾ ਦਰਦ ਵੰਡਾਇਆ ਦੀਨ ਬੰਧ ਚਾਹੇ ਮਿਲਣਾ,**
**ਜਾਹ ਪਹਿਲਾਂ ਦੁਖੀਆਂ ਦੇ ਵਿਹੜੇ ਫਿਰ ਮੇਰੇ ਵੱਲ ਆ ਤੂੰ।**

{ਪ੍ਰਿੰ: ਗੰਗਾ ਸਿੰਘ, ਲੈਕਚਰ ਮਹਾਂ ਚਾਨਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ (੧੯੯੬), ਪੰਨਾ ੧੨੮}।

ਰੱਬ ਕਿਸੇ ਦੇ ਵਾਰ ਵਾਰ ਧੋ ਕੇ ਪਵਿੱਤਰ ਕੀਤੇ ਹੋਏ ਹੱਥ ਪਸੰਦ ਨਹੀਂ ਕਰਦਾ, ਸਗੋਂ ਕਿਸੇ ਦਾ ਦੁੱਖ ਵੰਡਾਉਣ ਵਾਲੇ ਹੱਥਾਂ ਨੂੰ ਰੱਬ ਚੁੰਮ ਲੈਂਦਾ ਹੈ।

### ਭਗਤ ਪੂਰਨ ਸਿੰਘ ਵਿੱਚ ਨੈਤਿਕਤਾ ਦਾ ਮਹਾਨ ਗੁਣ

ਸੰਨ 1937-38 ਦੀ ਘਟਨਾ ਹੈ ਕਿ ਸ਼ੋਭਾ ਰਾਮ ਆਪਣੇ ਪਰਿਵਾਰ ਨੂੰ ਬਰਮਾ ਤੋਂ ਲੈ ਕੇ ਭਾਰਤ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਇਆ। ਉਸ ਨੇ ਬਰਮਾ ਵਿੱਚ ਹੀ ਉੱਧਰ ਦੀ ਜ਼ਨਾਨੀ ਨਾਲ ਵਿਆਹ ਕਰਵਾਇਆ ਹੋਇਆ ਸੀ। ਉਸ ਕੋਲ ਇੱਕ ਲੜਕਾ ਤੇ ਇੱਕ ਲੜਕੀ ਦੋ ਬੱਚੇ ਸਨ ਤੇ ਤੀਜਾ ਮਾਂ ਦੀ ਕੁੱਖ ਵਿੱਚ ਸੀ। ਸ਼ੋਭਾ ਰਾਮ ਨੇ ਖ਼ਰਚਾ ਤਾਂ ਸੰਕੋਚ ਨਾਲ ਹੀ ਕਰਨਾ ਸੀ ਪਰ ਫਿਰ ਵੀ ਬੱਚਿਆਂ ਦੇ ਢਿੱਲੇ ਮੱਠੇ ਹੋ ਜਾਣ ਕਰਕੇ, ਦੂਜਾ ਪੂਰੀ ਜਾਣਕਾਰੀ ਨਾ ਹੋਣ



ਕਰਕੇ ਇਸ ਤਰ੍ਹਾਂ ਖ਼ਰਚ ਕੀਤਾ ਕਿ ਉਸ ਕੋਲ ਪੈਸੇ ਖ਼ਤਮ ਹੋ ਗਏ। ਸ਼ੋਭਾ ਰਾਮ ਦੀ ਘਰ ਵਾਲੀ ਦੇ ਬੱਚਾ ਹੋਣ ਨੂੰ ਵੀ ਸਿਰਫ਼ ਇੱਕ ਮਹੀਨਾ ਹੀ ਰਹਿ ਗਿਆ ਸੀ। ਸ਼ੋਭਾ ਰਾਮ ਨੇ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਅੱਛਰ ਸਿੰਘ ਕੋਲੋਂ ਦਿੱਲੀ ਤਕ ਦੀਆਂ ਢਾਈ ਟਿਕਟਾਂ ਮੰਗੀਆਂ। ਭਾਈ ਅੱਛਰ ਸਿੰਘ ਨੇ ਸ਼ੋਭਾ ਰਾਮ ਨੂੰ ਭਗਤ ਪੂਰਨ ਸਿੰਘ ਕੋਲ ਡੇਹਰਾ ਸਾਹਿਬ ਭੇਜ ਦਿੱਤਾ। ਭਗਤ ਪੂਰਨ ਸਿੰਘ ਰੱਬੀ ਰਹਿਮਤ ਨਾਲ ਪੂਰਾ ਭਿੱਜ ਕੇ ਸੇਵਾ ਕਰਦੇ ਸਨ। ਇਸ ਕਰਕੇ ਭਗਤ ਜੀ ਨੇ ਦੇਖ ਲਿਆ ਕਿ ਇਨ੍ਹਾਂ ਨੂੰ ਅਸਲ ਵਿੱਚ ਤਾਂ ਟਿਕਟਾਂ ਬਰਮਾ ਤਕ ਦੀਆਂ ਹੀ ਚਾਹੀਦੀਆਂ ਹਨ। ਇਨ੍ਹਾਂ ਦੀ ਖ਼ੁਰਾਕ ਵੀ ਪੰਜਾਬ ਵਾਲੀ ਦਾਲ ਰੋਟੀ ਨਹੀਂ ਹੈ। ਇਹ ਤਾਂ ਚਾਵਲ ਖਾਂਦੇ ਹਨ, ਇਸ ਕਰਕੇ ਇਨ੍ਹਾਂ ਲਈ ਖ਼ੁਰਾਕ ਦਾ ਵੀ ਪ੍ਰਬੰਧ ਕਰਨਾ ਸੀ। ਭਗਤ ਜੀ ਨੂੰ ਇੱਕ ਰੁਪਈਆ ਜਾਂ ਸਵਾ ਰੁਪਈਆ ਇਸ ਪਰਿਵਾਰ ਦੇ ਖ਼ਰਚ ਲਈ ਇਕੱਠਾ ਕਰਨ ਲਈ ਕਈ ਵਾਰੀ ਛੇ ਛੇ ਘੰਟੇ ਪਿਆਰੇ ਨੂੰ ਆਪਣੀ ਪਿੱਠ ’ਤੇ ਚੁੱਕ ਕੇ ਮੰਗਣਾ ਪੈਂਦਾ ਸੀ। ਭਗਤ ਜੀ ਨੇ ਹਿਸਾਬ ਲਾ ਕੇ ਦੇਖਿਆ ਕਿ ਇਨ੍ਹਾਂ ਦੇ ਪਰਿਵਾਰ ਦਾ ਸਾਰਾ ਖ਼ਰਚ ਕਰੀਬ ਸੌ ਰੁਪਏ ਦੇ ਨੇੜੇ ਤੇੜੇ ਹੈ, ਸੋ ਇਹ ਹਿਸਾਬ ਲਾਉਣ ਨਾਲ ਤਾਂ ਗੱਲ ਨਹੀਂ ਬਣਨੀ ਸੀ ਸਗੋਂ ਸੌ ਰੁਪਏ ਦਾ ਪ੍ਰਬੰਧ ਕਰਨਾ ਸੀ। ਇਸ ਕਰਕੇ ਲੰਮਾ ਲੰਮਾ ਸਮਾਂ ਪਿਆਰੇ ਨੂੰ ਪਿੱਠ ’ਤੇ ਚੁੱਕ ਕੇ ਮੰਗਣਾ ਪੈਂਦਾ ਸੀ।

ਸ਼ੋਭਾ ਰਾਮ ਤਾਂ ਇਹ ਸੋਚਦਾ ਸੀ ਕਿ ਸਭ ਤੋਂ ਪਹਿਲਾਂ ਮੇਰਾ ਕੰਮ ਕੀਤਾ ਜਾਵੇ, ਪਰ ਭਗਤ ਜੀ ਨੇ ਤਾਂ ਸਾਰੇ ਹੀ ਰੋਗੀਆਂ ਤੇ ਅਪਾਹਿਜਾਂ ਦਾ ਖ਼ਿਆਲ ਕਰਨਾ ਹੁੰਦਾ ਸੀ ਤੇ ਉਨ੍ਹਾਂ ਦੀ ਖ਼ੁਰਾਕ ਤੇ ਬਾਕੀ ਦੀ ਸਾਰੀ ਸੇਵਾ-ਸੰਭਾਲ ਦਾ ਪ੍ਰਬੰਧ ਵੀ ਕਰਨਾ ਹੁੰਦਾ ਸੀ। ਭਗਤ ਜੀ ਨੇ ਸ਼ੋਭਾ ਰਾਮ ਲਈ ਤੇ ਉਸ ਦੇ ਪਰਿਵਾਰ ਲਈ ਚੰਗੀ ਕਿਸਮ ਦੇ ਖੱਦਰ ਦੇ ਕੱਪੜੇ ਲੈ ਕੇ ਦਿੱਤੇ। ਉਸ ਨੂੰ ਬਰਮਾ ਤਕ ਦੀਆਂ ਰੇਲ ਦੀਆਂ ਟਿਕਟਾਂ ਦਿੱਤੀਆਂ ਤੇ ਉਸ ਨੂੰ ਖੁਸ਼ੀਆਂ ਨਾਲ ਤੋਰਿਆ। ਸ਼ੋਭਾ ਰਾਮ ਦਾ ਸਾਰਾ ਪ੍ਰਬੰਧ ਕਰਦਿਆਂ ਭਾਵੇਂ ਕੁਝ ਸਮਾਂ ਲੱਗ ਗਿਆ ਸੀ ਪਰ ਉਸ ਨੂੰ ਬਰਮਾ ਭੇਜ ਦਿੱਤਾ ਸੀ। ਭਗਤ ਜੀ ਦਾ ਮਨ ਬਹੁਤ ਖੁਸ਼ ਸੀ ਕਿ ਇੱਕ ਪਰਿਵਾਰ ਸੁੱਖੀ-ਸਾਂਦੀ ਆਪਣੇ ਘਰ ਪਹੁੰਚ ਗਿਆ, ਪਰ ਮਗਰੋਂ ਕਿਸੇ ਸੇਵਾਦਾਰ ਨੇ ਦੱਸਿਆ ਕਿ ਭਗਤ ਜੀ ਤੁਸੀਂ ਤਾਂ ਇਹੋ ਜਿਹਾ ਵਿਹਾਰ ਕੀਤਾ, ਪਰ ਉਹ ਸ਼ੋਭਾ ਰਾਮ ਸਾਨੂੰ ਦੱਸਦਾ ਹੁੰਦਾ ਸੀ ਕਿ ਭਗਤ ਜੀ ਸਾਨੂੰ ਇਸ ਕਰਕੇ ਨਹੀਂ ਭੇਜਦੇ ਕਿਉਂਕਿ ਸਾਡੇ ਨਾਮ ’ਤੇ ਹੀ ਉਗਰਾਹੀ ਕਰਕੇ ਆਪਣੇ ਲਈ ਪੈਸੇ ਇਕੱਤਰ ਕਰਦੇ ਰਹਿੰਦੇ ਹਨ। ਭਗਤ ਜੀ ਨੇ ਠੰਡਾ ਹਉਕਾ ਭਰ ਕੇ ਕਿਹਾ ਸੀ ਕਿ ਭਲਿਓ, ਉਸ ਨੇ ਆਪਣਾ ਕੰਮ ਕਰਨਾ ਹੈ ਅਤੇ ਮੇਰੀ ਜੋ ਡਿਊਟੀ ਮੇਰੇ ਮਾਲਕ ਨੇ ਲਾਈ ਹੈ ਮੈਂ ਉਹ ਕੰਮ ਕਰਨਾ ਹੈ।

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥**{ਅੰ:੧੩੮੨}

**ਮਨ ਨੂੰ ਹਲੂਣਾ**

'ਦਰਦ ਤੇ ਪਿਆਰ ਭਰਿਆ ਹਿਰਦਾ ਹਰ ਕਿਸੇ ਦੇ ਦੁੱਖ ਨੂੰ ਆਪਣਾ ਸਮਝਦਾ ਹੈ। ਦੁੱਖ ਭਾਵੇਂ ਕਿਸੇ ਨੂੰ ਹੋਵੇ ਪਰ ਉਸ ਦਾ ਦਰਦ ਭਗਤ ਜੀ ਦੇ ਹਿਰਦੇ ਵਿੱਚ ਹੁੰਦਾ ਸੀ। ਇਸ ਕਰਕੇ, ਭਗਤ ਜੀ ਜੇ ਕਿਸੇ ਨੂੰ ਦੁਖੀ ਦੇਖਦੇ ਸਨ ਤਾਂ ਬਿਨਾਂ ਕਿਸੇ ਵਾਧੇ ਘਾਟੇ ਦੀ ਵਿਚਾਰ ਕਰਿਆਂ ਉਸ ਦੀ ਹਰ ਤਰ੍ਹਾਂ ਨਾਲ ਸੇਵਾ ਕਰਨ ਲਈ ਉਸ ਦੇ ਪੱਖ ਵਿੱਚ ਡੱਟ ਜਾਂਦੇ ਸਨ। ਵੈਸੇ ਤਾਂ ਭਗਤ ਜੀ ਹਰ ਇੱਕ ਦੇ ਦੁੱਖ ਨੂੰ ਵੰਡਾਉਣ ਲਈ ਤਤਪਰ ਰਹਿੰਦੇ ਸਨ ਪਰ ਫਿਰ ਵੀ ਕਈ ਅਜਿਹੇ ਹੁੰਦੇ ਸਨ ਜਿਨ੍ਹਾਂ ਦੀ ਸੇਵਾ ਭਗਤ ਜੀ ਨਹੀਂ ਕਰ ਸਕਦੇ ਸਨ ਕਿਉਂਕਿ ਕਈ ਵਾਰੀ ਕਈ-ਕਈ ਦੁੱਖੀਏ ਦਿੱਸ ਪੈਂਦੇ ਸਨ। ਜਿੰਨੀ ਵਾਹ ਲੱਗਦੀ ਉਤਨੀ ਸੇਵਾ ਜ਼ੋਰ ਲਾ ਕੇ ਕਰ ਦੇਣੀ, ਜਿਹੜੇ ਵਾਂਝੇ ਰਹਿ ਜਾਣੇ ਉਨ੍ਹਾਂ ਲਈ ਹਿਰਦੇ ਵਿੱਚ ਤੜਫ ਰਹਿ ਜਾਂਦੀ ਸੀ ਕਿ ਇਨ੍ਹਾਂ ਦੀ ਵੀ ਸੇਵਾ ਮੈਂ ਕਿਉਂ ਨਹੀਂ ਕਰ ਸਕਿਆ। ਹਰ ਰੋਜ਼ ਹੀ ਇਨ੍ਹਾਂ ਗ਼ਰੀਬਾਂ ਅਪਾਹਿਜਾਂ ਦੇ ਦੁੱਖ ਦੇਖ-ਦੇਖ ਕੇ ਇੱਕ ਦਿਨ ਭਗਤ ਜੀ ਦੇ ਮਨ ਵਿੱਚ ਕੁਝ ਅਜਿਹਾ ਖ਼ਿਆਲ ਆਇਆ ਕਿ ਜੇ ਮੈਂ ਹੀ ਅੰਨ੍ਹਾ ਹੋ ਜਾਵਾਂ ਤਾਂ ਮੈਨੂੰ ਇਨ੍ਹਾਂ ਦੁੱਖੀਆਂ ਦੇ ਦੁੱਖ ਨਹੀਂ ਦਿੱਸਣਗੇ ਤੇ ਮੈਂ ਵੀ ਐਨਾ ਦੁਖੀ ਨਹੀਂ ਹੋਵਾਂਗਾ। ਉਸ ਵਕਤ ਹੀ ਗੁਰੂ ਸਾਹਿਬ ਜੀ ਦੇ ਬਚਨ ਮਨ ਵਿੱਚ ਆ ਗਏ।

**ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ॥**
**ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ॥**
**ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ॥**
**ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ॥**
**ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ॥**
**ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ॥**
{ਅੰਗ ੧੩੯}

ਗੁਰੂ ਜੀ ਦਾ ਉਪਦੇਸ਼ ਮਨੁੱਖੀ ਮਨ ਲਈ ਅਸਥੰਮਨ ਹੁੰਦਾ ਹੈ।ਮਨ ਵਿੱਚ ਆਏ ਉਤਰਾ ਚੜ੍ਹਾ ਨੂੰ ਗੁਰੂ ਸਾਹਿਬ ਜੀ ਆਪਣੀ ਸਿੱਖਿਆ ਦੇ ਨਾਲ ਅਡੋਲ ਕਰ ਦਿੰਦੇ ਹਨ।

{ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੯੧}।

ਘਰੋਗੀ ਮਾਹੌਲ ਵਿੱਚੋਂ ਭਗਤ ਜੀ ਨੂੰ ਬਚਪਨ ਵਿੱਚ ਕਈਆਂ ਨਾਲ ਵਾਸਤਾ ਪਿਆ ਸੀ। ਘਰ ਦਾ ਖ਼ਰਚ ਪਾਣੀ ਖੁੱਲ੍ਹਾ ਡੁੱਲ੍ਹਾ ਹੋਣ ਕਰਕੇ ਕਈ ਤਰ੍ਹਾਂ



ਦੇ ਲੋੜਵੰਦ ਘਰ ਆਉਂਦੇ ਰਹਿੰਦੇ ਸਨ। ਭਗਤ ਜੀ ਛੋਟੀ ਉਮਰ ਵਿੱਚ ਮਾਂ ਦੇ ਆਖੇ ਇਨ੍ਹਾਂ ਨੂੰ ਕੁਝ ਨਾ ਕੁਝ ਦਿੰਦੇ ਰਹਿੰਦੇ ਸਨ। ਇਨ੍ਹਾਂ ਵਿੱਚੋਂ ਕੋਈ ਮੰਦਰ ਦਾ ਪੁਜਾਰੀ ਹੁੰਦਾ ਸੀ ਤੇ ਕੋਈ ਗੁਰੂ ਘਰ ਦਾ ਸੇਵਾਦਾਰ ਹੁੰਦਾ ਸੀ। ਹੋਰ ਵੀ ਕਈ ਤਰ੍ਹਾਂ ਦੀਆਂ ਨਿੱਕੀਆਂ ਮੋਟੀਆਂ ਕਹਾਣੀਆਂ ਭਗਤ ਜੀ ਦੇ ਕੰਨਾਂ ਵਿੱਚ ਪੈਂਦੀਆਂ ਰਹਿੰਦੀਆਂ ਸਨ। ਕੁਝ ਸਮੇਂ ਮਗਰੋਂ ਭਗਤ ਜੀ ਦਾ ਜੋ ਵਿਸ਼ਵਾਸ ਗੁਰਬਾਣੀ 'ਤੇ ਬਣਿਆ ਸੀ ਉਹ ਹੋਰ ਕਿਸੇ ਪਾਸੇ ਨਾ ਬਣ ਸਕਿਆ। ਜੀਵਨ ਦੇ ਰਾਹ ਵਿੱਚ ਵੀ ਕੁਝ ਅਜਿਹੇ ਤਜਰਬੇ ਆਏ ਜਿਨ੍ਹਾਂ ਨੇ ਗੁਰਬਾਣੀ ਨਾਲ ਡੂੰਘੀ ਸਾਂਝ ਬਣਾ ਦਿੱਤੀ ਸੀ। ਮਾਂ ਨੇ ਵੀ ਨਿੱਕੀ ਉਮਰ ਤੋਂ ਗੁਰਬਾਣੀ ਦੀਆਂ ਲੋਰੀਆਂ ਦਿੱਤੀਆਂ ਸਨ। ਇਸ ਕਰਕੇ ਜਦੋਂ ਵੀ ਕਦੇ ਕੋਈ ਲੋੜ ਪੈਂਦੀ ਸੀ ਤਾਂ ਭਗਤ ਜੀ ਗੁਰਬਾਣੀ ਦਾ ਆਸਰਾ ਲੈ ਲੈਂਦੇ ਸਨ।

ਭਗਤ ਜੀ ਨੇ ਆਪਣੇ ਮਨ ਨੂੰ ਹਲੂਣਾ ਦਿੱਤਾ ਕਿ ਮਨਾ! ਅੱਜ ਤੋਂ ਬਾਅਦ ਇਹ ਨਹੀਂ ਸੋਚਣਾ ਕਿ ਮੈਂ ਇਨ੍ਹਾਂ ਦੇ ਦੁੱਖੜੇ ਦੇਖਦਾ ਹਾਂ। ਪੂਰਨ ਸਿੰਘਾ! ਤੂੰ ਤਾਂ ਇੱਕ ਬਹਾਨਾ ਹੈਂ, ਸਭ ਕੁਝ ਕਰਨ ਕਰਾਉਣ ਵਾਲਾ ਤਾਂ ਪ੍ਰਮੇਸ਼ਰ ਆਪ ਹੀ ਹੈ। ਇਸ ਕਰਕੇ ਕਿਸੇ ਦੀਆਂ ਅੱਖਾਂ ਤਾਂ ਵਿਕਾਰ ਹੀ ਦੇਖਦੀਆਂ ਹਨ, ਕਿਸੇ ਦੀਆਂ ਅੱਖਾਂ ਪਰਿਵਾਰ ਦੇਖਦੀਆਂ ਹਨ; ਪਰ ਮੈਨੂੰ ਤਾਂ ਰੱਬ ਦਾ ਸ਼ੁਕਰ ਕਰਨਾ ਚਾਹੀਦਾ ਕਿ ਮੇਰੀਆਂ ਅੱਖਾਂ ਤਾਂ ਸੰਸਾਰ ਵਿੱਚੋਂ ਨਿਰੰਕਾਰ ਨੂੰ ਦੇਖਣ ਦਾ ਯਤਨ ਕਰ ਰਹੀਆਂ ਹਨ। ਇਹ ਸੰਸਾਰ ਰੱਬ ਦਾ ਹੀ ਰੂਪ ਹੈ, ਇਸ ਕਰਕੇ ਮੈਨੂੰ ਦੁੱਖੀਆਂ ਨੂੰ ਦੇਖ ਕੇ ਕਦੇ ਅਜਿਹੇ ਖ਼ਿਆਲ ਨਹੀਂ ਆਉਣੇ ਚਾਹੀਦੇ। ਇਸ ਮਗਰੋਂ ਮੁਸੀਬਤਾਂ ਤਾਂ ਬਹੁਤ ਆਈਆਂ ਪਰ ਭਗਤ ਜੀ ਦੇ ਅਡੋਲ ਮਨ ਦੇ ਫ਼ੈਸਲੇ ਸਾਹਮਣੇ ਆਪ ਹੀ ਹਾਰ ਜਾਂਦੀਆਂ ਸਨ। ਉਨ੍ਹਾਂ ਨੂੰ ਇਹ ਗਿਆਨ ਹੋ ਗਿਆ ਸੀ ਕਿ ਜਿਸ ਮਾਲਕ ਨੇ ਸ੍ਰਿਸ਼ਟੀ ਸਾਜੀ ਹੈ ਉਹੋ ਹੀ ਇਸ ਨੂੰ ਮਾਰਦਾ ਤੇ ਜਿਵਾਉਂਦਾ ਹੈ।

**ਸੇਵਕੁ ਦਾਸੁ ਭਗਤੁ ਜਨੁ ਸੋਈ॥**
**ਠਾਕੁਰ ਕਾ ਦਾਸੁ ਗੁਰਮੁਖਿ ਹੋਈ॥**
**ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ॥**
**ਤਿਸੁ ਬਿਨੁ ਦੂਜਾ ਅਵਰੁ ਨ ਕੋਈ॥** {ਅੰਗ ੩੫੫}

**ਲਾਹੌਰ ਵਿੱਚ ਸੇਵਾ**

'ਭਗਤ ਪੂਰਨ ਸਿੰਘ ਨੇ ਲਾਹੌਰ ਗੁਰੂ ਅਰਜਨ ਸਾਹਿਬ ਜੀ ਦੇ ਪਾਵਨ ਅਸਥਾਨ 'ਤੇ 24 ਸਾਲ ਦਾ ਸਮਾਂ ਬਿਤਾਇਆ। ਇਸ ਸਮੇਂ ਵਿੱਚ ਭਗਤ ਜੀ ਨੇ ਸੇਵਾ ਦੀ ਇੱਕ ਮਿਸਾਲ ਕਾਇਮ ਕਰ ਦਿੱਤੀ ਸੀ। ਆਮ ਕਰਕੇ ਕੋਈ ਬੰਦਾ ਕਿਸੇ ਇੱਕ ਤਰ੍ਹਾਂ ਦੀ ਸੇਵਾ ਕਰਕੇ ਉਸ ਨੂੰ ਹੀ ਆਪਣੀ ਪਹਿਚਾਣ ਬਣਾ ਲੈਂਦਾ ਹੈ; ਜਿਵੇਂ ਜੋੜੇ ਦੀ ਸੇਵਾ ਕਰਨ ਵਾਲੇ, ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ

ਵਾਲੇ ਤੇ ਲੰਗਰ ਆਦਿਕ ਦੀ ਸੇਵਾ ਕਰਨ ਵਾਲੇ। ਇਸ ਸੇਵਾ ਰਾਹੀਂ ਆਪਣੀ ਹੀ ਇੱਕ ਪਹਿਚਾਣ ਬਣਾ ਲੈਂਦੇ ਹਨ। ਭਗਤ ਜੀ ਨੇ ਤਾਂ ਹਰ ਤਰ੍ਹਾਂ ਦੀ ਸੇਵਾ ਕੀਤੀ ਸੀ। ਜਦੋਂ ਕੋਈ ਵੀ ਸੇਵਾ ਮਿਲਣੀ ਤਾਂ ਉਸ ਨੂੰ ਕੇਵਲ ਪੂਰਾ ਹੀ ਨਹੀਂ ਕਰਦੇ ਸਨ ਸਗੋਂ ਉਸ ਸੇਵਾ ਨੂੰ ਕਰਨ ਲਈ ਪ੍ਰਵਾਨਗੀ ਵੀ ਖਿੜੇ ਮੱਥੇ ਦਿੰਦੇ ਸਨ।

ਅਪਾਹਿਜਾਂ ਤੇ ਲਾਵਾਰਸ ਬਿਮਾਰਾਂ ਨੂੰ ਹਸਪਤਾਲ ਪਹੁੰਚਾ ਕੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸੇਵਾ ਸੰਭਾਲ ਵੀ ਕਰਦੇ ਸਨ। ਕਈ ਗ਼ਰੀਬਾਂ ਨੂੰ ਕਿਰਾਇਆ ਮੰਗ ਕੇ ਲਿਆ ਕੇ ਦੇਣਾ, ਕਈ ਗ਼ਰੀਬ ਵਿਦਿਆਰਥੀਆਂ ਦੀਆਂ ਫ਼ੀਸਾਂ ਦੇਣੀਆਂ। ਕਈ ਵਾਰੀ ਸੜਕਾਂ 'ਤੇ ਬਣਾਏ ਹੋਏ ਪਾਣੀ ਦੇ ਨਿਕਾਸ ਲਈ ਗਟਰਾਂ ਦੇ ਢੱਕਣ ਟੁੱਟ ਜਾਣੇ ਜਾਂ ਕਿਸੇ ਨੇ ਚੁੱਕ ਕੇ ਲੈ ਜਾਣੇ ਤਾਂ ਲੰਮਾ-ਲੰਮਾ ਸਮਾਂ ਉਨ੍ਹਾਂ ਦੀ ਰਾਖੀ ਕਰਨੀ ਤੇ ਸੇਵਾਦਾਰਾਂ ਨੂੰ ਕਹਿ ਕੇ ਉਨ੍ਹਾਂ ਨੂੰ ਮੁੜ ਕੇ ਢੱਕਣ ਦਾ ਪ੍ਰਬੰਧ ਕਰਨਾ, ਤਾਂ ਕਿ ਇਨ੍ਹਾਂ ਗਟਰਾਂ ਵਿੱਚ ਡਿੱਗ ਕੇ ਕਿਸੇ ਦਾ ਜਾਨੀ ਨੁਕਸਾਨ ਨਾ ਹੋਵੇ। ਭਗਤ ਜੀ ਚਾਰ ਜ਼ਬਾਨਾਂ ਅੰਗਰੇਜ਼ੀ, ਹਿੰਦੀ, ਪੰਜਾਬੀ ਤੇ ਉਰਦੂ ਚੰਗੀ ਤਰ੍ਹਾਂ ਪੜ੍ਹ ਲੈਂਦੇ ਸਨ। ਇਸ ਕਰਕੇ ਉਨ੍ਹਾਂ ਦਾ ਸਮਾਂ ਲਾਇਬਰੇਰੀਆਂ ਵਿੱਚ ਵੀ ਕਾਫ਼ੀ ਲੱਗ ਜਾਂਦਾ ਸੀ। ਉਹ ਲੋਕ ਭਲਾਈ ਲਈ ਚੰਗੀਆਂ ਲਿਖਤਾਂ ਨੂੰ ਬੜੇ ਗਹੁ ਨਾਲ ਪੜ੍ਹਦੇ ਤੇ ਉਨ੍ਹਾਂ ਤੋਂ ਅੱਗੇ ਲਿਖਤਾਂ ਵੀ ਲਿਖਦੇ ਰਹਿੰਦੇ ਸਨ। ਇਹ ਸਾਰੇ ਹੀ ਕੰਮ ਉਹ ਬੜੀ ਸ਼ਰਧਾ ਭਾਵਨਾ ਨਾਲ ਕਰਦੇ ਸਨ।ਉਹ ਕਦੇ ਅੱਕਦੇ ਜਾਂ ਥੱਕਦੇ ਨਹੀਂ ਸਨ।' {ਓਮ ਪ੍ਰਕਾਸ਼ ਗਾਸੋ, ਦਰਵੇਸ਼ ਦੀ ਫ਼ਕੀਰੀ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ। (2015), ਪੰਨਾ ੬}

**ਆਪਣਿਆਂ ਨੇ ਪਹਿਚਾਣਿਆ**

ਮੰਗਤਿਆਂ ਦਾ ਇਹ ਸੁਭਾਅ ਹੀ ਬਣ ਜਾਂਦਾ ਹੈ ਕਿ ਜਿੱਥੇ ਲੋਕਾਂ ਦਾ ਇਕੱਠ ਜਾਂ ਲੋਕਾਂ ਦਾ ਆਉਣ ਜਾਣ ਦੇਖਿਆ ਤਾਂ ਝੱਟ ਹੀ ਹੱਥ ਅੱਡ ਕੇ, ਵਾਸਤੇ ਪਾ ਪਾ ਕੇ ਮੰਗਣ ਲੱਗ ਪੈਂਦੇ ਹਨ। ਇੱਕ ਵਾਰੀ ਮੰਗਣ ਨਾਲ ਤਾਂ ਕੋਈ ਕੁਝ ਨਹੀਂ ਦਿੰਦਾ, ਫਿਰ ਮੰਗਤਾ ਵਾਰ-ਵਾਰ ਮਿੰਨਤਾਂ ਕਰਦਾ ਹੋਇਆ ਉਨ੍ਹਾਂ ਦੇ ਮਗਰ ਵੀ ਜਾਂਦਾ ਹੈ। ਆਮ ਲੋਕਾਂ ਵਿੱਚੋਂ ਵੀ ਕੋਈ ਵਿਰਲਾ ਹੀ ਹੁੰਦਾ ਹੈ ਜਿਹੜਾ ਇਨ੍ਹਾਂ ਦਾ ਦੁੱਖ ਦਰਦ ਪਹਿਚਾਣਦਾ ਹੈ ਤੇ ਪਿਆਰ ਨਾਲ ਬੋਲਦਾ ਹੈ, ਨਹੀਂ ਤਾਂ ਬਹੁਤੀ ਗਿਣਤੀ ਅਜਿਹੇ ਲੋਕਾਂ ਦੀ ਹੁੰਦੀ ਹੈ ਜਿਹੜੇ ਇਨ੍ਹਾਂ ਨੂੰ ਕੁਝ ਮਦਦ ਦੇਣ ਦੀ ਥਾਂ 'ਤੇ ਸਗੋਂ ਕੌੜੀ ਭਾਸ਼ਾ ਨਾਲ ਸਵੇਰ ਤੋਂ ਸ਼ਾਮ ਤਕ ਇਨ੍ਹਾਂ ਵਿਚਾਰਿਆਂ ਦੀ ਝੋਲੀ ਭਰਦੇ ਰਹਿੰਦੇ ਹਨ। ਉਹ ਲੋਕ ਇਨ੍ਹਾਂ ਗ਼ਰੀਬੜਿਆਂ ਨੂੰ ਕਈ ਤਰ੍ਹਾਂ ਦੀਆਂ ਠੋਕਰਾਂ ਮਾਰਦੇ ਰਹਿੰਦੇ ਹਨ। ਇਹ ਭੀਖ ਮੰਗ ਕੇ ਗੁਜ਼ਾਰਾ ਕਰਨ ਵਾਲੇ ਮਜ਼ਬੂਰ ਸਭ ਦੀਆਂ ਵਧੀਕੀਆਂ ਨੂੰ ਸਹਾਰਦੇ ਰਹਿੰਦੇ ਹਨ। ਭਗਤ ਜੀ ਨੇ ਜਦੋਂ ਇਹ ਦੇਖਣਾ ਤਾਂ ਮਨ ਵਿੱਚ ਸੋਚਣਾ ਕਿ ਮੇਰਾ ਵੀ ਕੋਈ ਵੱਡਾ ਕਾਰੋਬਾਰ ਨਹੀਂ ਹੈ। ਮੇਰੇ ਕੋਲ ਵੀ ਇਨ੍ਹਾਂ ਨੂੰ ਦੇਣ ਲਈ ਕੁਝ ਨਹੀਂ ਹੁੰਦਾ। ਇਹ ਵਾਰ-ਵਾਰ



ਮੇਰੀਆਂ ਵੀ ਤਾਂ ਮਿੰਨਤਾਂ ਕਰਨਗੇ ਤੇ ਮੈਂ ਇਨ੍ਹਾਂ ਨੂੰ ਨਾ ਤਾਂ ਕੁਝ ਦੇ ਸਕਦਾ ਹਾਂ ਤੇ ਨਾ ਹੀ ਕੌੜੇ ਬਚਨ ਬੋਲ ਕੇ ਪਾਸੇ ਕਰ ਸਕਦਾ ਹਾਂ। ਭਗਤ ਜੀ ਨੇ ਮਾਂ ਅਤੇ ਗੁਰਬਾਣੀ ਕੋਲੋਂ ਇਹ ਗੱਲ ਸਿੱਖ ਲਈ ਸੀ ਕਿ ਕਿਸੇ ਦੇ ਦਿਲ ਨੂੰ ਦੁਖਾਉਣਾ ਪਾਪ ਹੁੰਦਾ ਹੈ। ਸੋ ਭਗਤ ਜੀ ਨੇ ਸੋਚ ਵਿਚਾਰ ਕੇ ਇਹ ਫ਼ੈਸਲਾ ਹੀ ਕਰ ਲਿਆ ਕਿ ਮੈਂ ਕੱਪੜੇ ਹੀ ਇਨ੍ਹਾਂ ਵਰਗੇ ਪਾ ਲੈਂਦਾ ਹਾਂ, ਫਿਰ ਇਹ ਮੇਰੇ ਕੋਲੋਂ ਕਦੇ ਨਹੀਂ ਮੰਗਣਗੇ ਤੇ ਮੈਨੂੰ ਕੋਈ ਲਫ਼ਜ਼ ਵੀ ਬੋਲਣਾ ਨਹੀਂ ਪੈਣਾ। ਇਸ ਕਰਕੇ ਭਗਤ ਜੀ ਨੇ ਮੰਗਤਿਆਂ ਵਾਲਾ ਬਾਣਾ ਹੀ ਪਾ ਲਿਆ। ਸੰਸਾਰੀ ਲੋਕ ਤਾਂ ਤਰ੍ਹਾਂ-ਤਰ੍ਹਾਂ ਦੇ ਮਹਿੰਗੇ ਕੱਪੜੇ ਪਾਉਣ ਵਿੱਚ ਮਾਣ ਸਮਝਦੇ ਹਨ ਪਰ ਭਗਤ ਜੀ ਸਾਦਗੀ ਦੇ ਕੱਪੜੇ ਪਾ ਕੇ ਬਹੁਤ ਖੁਸ਼ ਰਹਿੰਦੇ ਸਨ। ਉਹ ਕਈ ਵਾਰੀ ਕਹਿੰਦੇ ਵੀ ਹੁੰਦੇ ਸਨ ਕਿ ਹੇ ਸਤਿਗੁਰੂ! ਮੈਂ ਤਾਂ ਤੇਰੇ ਦਰ ਦਾ ਭਿਖਾਰੀ ਹਾਂ। ਮੈਨੂੰ ਆਪਣੀਆਂ ਰਹਿਮਤਾਂ ਦੀ ਭੀਖ ਦੇ ਤਾਂ ਕਿ ਮੈਂ ਤੇਰੇ ਬਣਾਏ ਲੋਕਾਂ ਦੀ ਖਿਦਮਤ ਕਰਦਾ ਰਹਾਂ।

**ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥**
**ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥**

{ਅੰਗ ੬੬੬}

'ਇੱਕ ਵਾਰ ਅਜਿਹਾ ਹੋਇਆ ਵੀ ਸੀ। ਇੱਕ ਦਿਨ ਭਗਤ ਜੀ ਨੂੰ ਭੁੱਖ ਬਹੁਤ ਲੱਗੀ ਹੋਈ ਸੀ ਤੇ ਪ੍ਰਬੰਧ ਵੀ ਕੋਈ ਨਹੀਂ ਸੀ। ਉਨ੍ਹਾਂ ਨੇ ਆਪਣੇ ਖਾਣ ਲਈ ਖਜੂਰਾਂ ਮੁੱਲ ਲੈ ਲਈਆਂ। ਜਦੋਂ ਉਹ ਖਜੂਰਾਂ ਖਾ ਰਹੇ ਸਨ ਤਾਂ ਇੱਕ ਮੰਗਤੀ ਬੀਬੀ ਆਪਣੇ ਚਾਰ ਪੰਜ ਸਾਲ ਦੇ ਬੱਚੇ ਨੂੰ ਲੈ ਕੇ ਤੁਰੀ ਜਾ ਰਹੀ ਸੀ। ਉਸ ਮੰਗਤੀ ਦੇ ਬੱਚੇ ਨੇ ਭਗਤ ਜੀ ਦੀਆਂ ਖਜੂਰਾਂ ਵੱਲ ਬੜੀ ਭੁੱਖੀ ਜਿਹੀ ਨਜ਼ਰ ਨਾਲ ਤੱਕਿਆ। ਭਗਤ ਜੀ ਨੇ ਕੁਝ ਖਜੂਰਾਂ ਉਸ ਮੰਗਤੀ ਦੇ ਬੱਚੇ ਨੂੰ ਦੇਣੀਆਂ ਚਾਹੀਆਂ ਤਾਂ ਉਹ ਮੰਗਤੀ ਬੋਲੀ ਕਿ "ਨਹੀਂ ਭਾਈ ਰਹਿਣਦੇ, ਤੂੰ ਤਾਂ ਵੀਰ ਸਾਡੇ ਵਰਗਾ ਹੀ ਹੈਂ।" ਭਗਤ ਜੀ ਦਾ ਬਚਪਨ ਤਾਂ ਅਤਿ ਦੇ ਸੁੱਖਾਂ ਵਿੱਚ ਬੀਤਿਆ ਸੀ। ਪਿਤਾ ਸ਼ਾਹੂਕਾਰ ਸੀ ਤੇ ਮਾਂ ਮਮਤਾ ਦਾ ਮੰਦਰ ਸੀ। ਸ਼ਿੱਬੂ ਮੱਲ ਦੇ ਘਰੋਂ ਕਿਸੇ ਨੂੰ ਕੋਈ ਚੀਜ਼ ਮਿਣ ਤੋਲਕੇ ਨਹੀਂ ਸਗੋਂ ਜਿੰਨੀ ਜੀਅ ਕੀਤਾ ਉਤਨੀ ਹੀ ਕਿਸੇ ਮੰਗਤੇ ਨੂੰ ਦੇ ਦਿੰਦੇ ਸਨ। ਅਜਿਹੇ ਲਾਡਾਂ ਪਿਆਰਾਂ ਨਾਲ ਪਲਿਆ ਹੋਇਆ ਭਗਤ ਪੂਰਨ ਸਿੰਘ, ਅੱਜ ਮੰਗਤਿਆਂ ਲਈ ਮੰਗਤਾ ਬਣ ਕੇ ਮੰਗ ਰਿਹਾ ਸੀ। ਭਗਤ ਜੀ ਨੂੰ ਇਹ ਗੱਲ ਸਹਾਰਨੀ ਔਖੀ ਨਹੀਂ ਲੱਗੀ ਸਗੋਂ ਹੱਸ ਕੇ ਕਹਿਣ ਲੱਗੇ ਕਿ ਬੀਬੀ ਜੀ ਤੁਸੀਂ ਮੈਨੂੰ ਪਹਿਚਾਣ ਲਿਆ ਹੈ? ਸ਼ੁਕਰ ਹੈ ਦਾਤੇ ਦਾ ਤੁਸੀਂ ਅੱਜ ਮੈਨੂੰ ਵੀ ਆਪਣੇ ਨਾਲ ਰਲਾ ਲਿਆ ਹੈ। ਜਦ ਮੈਂ ਤੁਹਾਡੇ ਵਰਗਾ ਹੀ ਹਾਂ ਤਾਂ ਫਿਰ ਆਪਾਂ ਤਾਂ ਇੱਕ ਪਰਿਵਾਰ ਦੇ ਹੀ ਭੈਣ ਭਰਾ ਹੋਏ, ਇਸ ਕਰਕੇ ਆਓ, ਰਲ ਕੇ ਖਾਂਦੇ ਹਾਂ।' {ਭਗਤ ਪੂਰਨ ਸਿੰਘ, ਕਹਾਣੀਆਂ, ਆਲ ਇੰਡੀਆ ਚੈਰੀਟੇਬਲ ਪਿੰਗਲਵਾੜਾ ਅੰਮ੍ਰਿਤਸਰ, (੨੦੧੫), ਪੰਨਾ ੯੬}।

## ਭਗਤ ਜਨਾ ਕਾ ਲੂਗਰਾ

ਸੰਸਾਰ ਵਿੱਚ ਅਜਿਹੇ ਲੋਕ ਹਮੇਸ਼ਾਂ ਹੀ ਬਹੁ ਗਿਣਤੀ ਵਿੱਚ ਰਹੇ ਹਨ ਜਿਹੜੇ ਬਾਹਰੋਂ ਕਿਸੇ ਨਾ ਕਿਸੇ ਲਿਬਾਸ ਦਾ ਲਾਭ ਲੈਂਦੇ ਰਹੇ ਹਨ। ਅੰਦਰੋਂ ਝੂਠੇ ਪਰ ਬਾਹਰਲੀ ਪੈਜ ਦੀ ਖ਼ਾਤਰ ਦਰਵੇਸ਼ੀ ਪਹਿਰਾਵੇ ਧਾਰਨ ਕਰਨ ਤੋਂ ਸੰਕੋਚ ਨਹੀਂ ਕਰਦੇ। ਪਹਿਰਾਵਾ, ਅਸਲ ਵਿੱਚ ਮਨੁੱਖ ਦੇ ਮਨ ਦੀ ਜਾਂ ਅੰਦਰ ਦੀ ਤਸਵੀਰ ਹੁੰਦੀ ਹੈ ਪਰ ਚਲਾਕ ਲੋਕ ਆਪਣੀ ਅੰਦਰਲੀ ਤਸਵੀਰ ਨੂੰ ਛੁਪਾਉਣ ਲਈ ਬਾਹਰੋਂ ਨੇਕ ਲੋਕਾਂ ਦੀ ਪੁਸ਼ਾਕ ਪਹਿਨ ਲੈਂਦੇ ਹਨ।

**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥**
**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥** {ਅੰ: ੪੭੩}

ਜਿਨ੍ਹਾਂ ਦੀ ਰੱਬ ਨਾਲ ਸੱਚੀ ਆਸ਼ਕੀ ਹੁੰਦੀ ਹੈ ਉਹ ਆਪਣੇ ਚੰਗੇ ਗੁਣਾਂ ਨੂੰ ਸਾਦਗੀ ਦੇ ਪਹਿਰਾਵੇ ਵਿੱਚ ਛੁਪਾ ਲੈਂਦੇ ਹਨ।ਉਹ ਅਸਲ ਵਿੱਚ ਲੋਕਾਂ ਦੀਆਂ ਨਜ਼ਰਾਂ ਵਿੱਚ ਨਹੀਂ ਸਗੋਂ ਆਪਣੇ ਪਿਆਰੇ ਦੀਆਂ ਨਜ਼ਰਾਂ ਵਿੱਚ ਨੇਕ ਬਣ ਕੇ ਜਿਊਣਾ ਚਾਹੁੰਦੇ ਹਨ।

**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥**
**ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ॥** {ਅੰ: ੪੭੩}

ਭਗਤ ਪੂਰਨ ਸਿੰਘ ਜੀ ਦੀ ਜ਼ਿੰਦਗੀ ਤਾਂ ਸੁਆਸ-ਸੁਆਸ ਰੱਬੀ ਬਾਣੀ ਦੇ ਬਚਨਾਂ ਨੂੰ ਕਮਾਉਣ ਵਾਲੀ ਜਾਂ ਅਰਥਾਉਣ ਵਾਲੀ ਸੀ।ਇਸ ਕਰਕੇ ਭਗਤ ਜੀ ਨੇ ਖਜੂਰਾਂ ਵਾਲੀ ਘਟਨਾ ਤੋਂ ਬਾਅਦ ਆਪਣਾ ਪਹਿਰਾਵਾ ਹੀ ਅਜਿਹੇ ਲੋਕਾਂ ਦਾ ਪਾ ਲਿਆ ਸੀ ਜਿਸ ਨਾਲ ਇਨ੍ਹਾਂ ਗ਼ਰੀਬ ਪਰਿਵਾਰਾਂ ਦਾ ਅੰਗ ਹੀ ਲੱਗਾ। ਸਾਕਤ ਲੋਕ ਕੀਮਤੀ ਕੱਪੜੇ ਪਾ ਕੇ ਵੀ ਘਟੀਆ ਜੀਵਨ ਗੁਜ਼ਾਰਦੇ ਹਨ ਪਰ ਭਗਤ ਜਨ ਸਾਦੇ ਕੱਪੜਿਆਂ ਵਿੱਚ ਵੀ ਅਜਿਹਾ ਕੀਮਤੀ ਜੀਵਨ ਗੁਜ਼ਾਰਦੇ ਹਨ ਕਿ ਇੱਕ ਦਿਨ ਸਾਈਂ ਦਾ ਰੂਪ ਹੀ ਬਣ ਜਾਂਦੇ ਹਨ।

**ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ॥**
**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥** {ਅੰ: ੮੧੧}

## ਨਿਵੇਕਲਾ ਅਹਿਸਾਸ

ਭਗਤ ਜੀ ਕੁਝ ਸਮਾਂ ਚੁੱਪ ਦੀ ਬੋਲੀ ਵਿੱਚ ਗੁਰੂ ਨਾਨਕ ਸਾਹਿਬ ਜੀ ਨਾਲ ਆਤਮਿਕ ਬਾਤਾਂ ਪਾਉਣ ਲੱਗ ਗਏ। ਉਨ੍ਹਾਂ ਦਾ ਅੰਦਰ ਗੁਰੂ ਨਾਨਕ ਸਾਹਿਬ ਜੀ ਨਾਲ ਗੱਲਾਂ ਕਰ ਰਿਹਾ ਸੀ ਕਿ ਉਹ ਵਕਤ ਕਿਹੋ ਜਿਹਾ ਹੋਵੇਗਾ ਜਿਸ ਦਿਨ ਇੱਕ ਅਤਿ ਦੇ ਅਮੀਰ ਪਟਵਾਰੀਆਂ ਦਾ ਬੇਟਾ ਤੇ ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਕਿਸੇ ਗ਼ਰੀਬ ਕੋਲ ਬੈਠ ਕੇ ਇਹ ਬਚਨ ਕਹਿ ਰਿਹਾ ਹੋਵੇਗਾ ਕਿ



ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
{ਅੰ: ੧੫}

ਉਸ ਦਿਨ ਕੋਈ ਗ਼ਰੀਬ ਗੁਰੂ ਨਾਨਕ ਸਾਹਿਬ ਜੀ ਕੋਲ ਬੈਠਾ ਹੋਇਆ ਕਿਹੋ ਜਿਹੀ ਪਾਤਿਸ਼ਾਹੀ ਨੂੰ ਮਹਿਸੂਸ ਕਰ ਰਿਹਾ ਹੋਵੇਗਾ, ਇਹ ਗੱਲ ਕਹਿਣ ਕਥਨ ਤੋਂ ਬਾਹਰੀ ਜਾਪਦੀ ਹੈ। ਇਸ ਤਰ੍ਹਾਂ ਹੀ ਅੱਜ ਇਸ ਦਰਵੇਸ਼ੀ ਰੂਹ ਨੇ ਮੁੜ ਉਨ੍ਹਾਂ ਸ਼ਬਦਾਂ ਦੇ ਅਰਥ ਆਪਣੇ ਜੀਵਨ ਵਿੱਚ ਵਰਤੇ ਜੋ ਇਸ ਵਰਤਾਰੇ ਨਾਲ ਕੀਤੇ ਸਨ। ਜ਼ਬਾਨਾਂ ਨਾਲ ਜਾਂ ਕਲਮਾਂ ਨਾਲ ਤਾਂ ਅਰਥ ਕਰਨ ਵਾਲੇ ਬਹੁਤ ਹਨ ਪਰ ਆਪਣੇ ਜੀਵਨ ਦੀ ਰਹਿਣੀ ਨਾਲ ਗੁਰਬਾਣੀ ਦੇ ਇਸ ਤਰ੍ਹਾਂ ਨਾਲ ਅਰਥ ਕਰਨ ਵਾਲਾ ਦਰਵੇਸ਼ ਰੱਬ ਕਦੇ ਕਦਾਈਂ ਹੀ ਧਰਤੀ 'ਤੇ ਭੇਜਦਾ ਹੈ, ਜਿਸ ਨਾਲ ਉਹ ਇਸ ਧਰਤੀ ਨੂੰ ਸਵਰਗ ਵਰਗੀ ਬਣਾ ਦਿੰਦਾ ਹੈ।

ਹੈਰਾਨੀ ਹੁੰਦੀ ਹੈ ਕਿ ਭਗਤ ਜੀ ਨੇ ਦੂਜਿਆਂ ਨੂੰ ਕਦੇ ਖ਼ਰਚੇ ਤੋਂ ਤੰਗ ਨਹੀਂ ਹੋਣ ਦਿੱਤਾ ਪਰ ਆਪਣਾ ਖ਼ਰਚਾ ਕਦੇ ਵਧਾਇਆ ਨਹੀਂ ਸੀ।ਉਹ ਤਾਂ ਕਹਿੰਦੇ ਸਨ ਜ਼ਿਆਦਾ ਪੈਸੇ ਆਉਣ ਨਾਲ ਜਾਂ ਜ਼ਿਆਦਾ ਪੈਸੇ ਖ਼ਰਚਣ ਨਾਲ ਕੋਈ ਅਮੀਰ ਨਹੀਂ ਹੁੰਦਾ, ਸਗੋਂ ਸੰਜਮੀ ਮਨੁੱਖ ਸਦਾ ਹੀ ਅਮੀਰ ਰਹਿੰਦਾ ਹੈ। ਸਾਨੂੰ ਕਜੂੰਸ ਨਹੀਂ ਹੋਣਾ ਚਾਹੀਦਾ ਸਗੋਂ ਸੰਜਮੀ ਹੋਣਾ ਚਾਹੀਦਾ ਹੈ। ਅਸਲ ਵਿੱਚ ਸੰਜਮੀ ਹੋਣਾ ਇੱਕ ਬਹੁਤ ਚੰਗਾ ਗੁਣ ਹੈ ਤੇ ਭਗਤ ਜੀ ਦੀ ਜ਼ਿੰਦਗੀ ਨੇਕ ਗੁਣਾਂ ਦਾ ਮੁਜੱਸਮਾ ਸੀ।

## ਲਾਹੌਰ ਤੋਂ ਅੰਮ੍ਰਿਤਸਰ ਸਾਹਿਬ

ਅੰਗਰੇਜ਼ੀ ਹਕੂਮਤ ਨੇ ਲੰਮਾ ਸਮਾਂ ਭਾਰਤ 'ਤੇ ਰਾਜ ਕੀਤਾ ਸੀ।ਵਿਸ਼ਵ ਜੰਗ ਅਤੇ ਭਾਰਤੀ ਲੋਕਾਂ ਦੀ ਅਜ਼ਾਦੀ ਲਈ ਕੀਤੀ ਜੱਦੋ-ਜਹਿਦ ਦਾ ਸਦਕਾ ਆਖਿਰ ਗੋਰਿਆਂ ਨੇ ਹਿੰਦੁਸਤਾਨੀ ਹਕੂਮਤ ਨੂੰ ਤਿਆਗਣ ਦਾ ਮਨ ਬਣਾ ਲਿਆ। ਹਿੰਦੂ ਸਿੱਖ ਤੇ ਮੁਸਲਮਾਨਾਂ ਦੇ ਲੀਡਰਾਂ ਨੇ ਆਪੋ ਆਪਣੀਆਂ ਮੀਟਿੰਗਾਂ ਕਰਕੇ ਅੰਗਰੇਜ਼ ਦੇ ਮਨ ਵਿੱਚ ਆਪੋ ਆਪਣੀ ਥਾਂ ਬਣਾ ਲਈ ਸੀ। ਸਿੱਖ ਲੀਡਰ ਕੋਈ ਠੋਸ ਫ਼ੈਸਲਾ ਨਾ ਲੈਣ ਦੇ ਕਾਰਨ ਖ਼ਾਲੀ ਰਹਿ ਗਏ ਸਨ। ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ ਸੀ ਤੇ ਹਿੰਦੂਆਂ ਨੇ ਹਿੰਦੁਸਤਾਨ ਲੈ ਲਿਆ ਸੀ। ਸਿੱਖਾਂ ਦੇ ਪੱਲੇ ਸਿਰਫ਼ ਖੁਆਰੀ ਹੀ ਪਈ ਸੀ। ਇਹ ਵੰਡ ਵਿੱਚ ਹੋਈ ਬਰਬਾਦੀ ਦੀ ਦਾਸਤਾਂ ਲਿਖਦਿਆਂ ਕਲਮਾਂ ਦੀ ਜ਼ਬਾਨ ਵੀ ਥਥਲਾ ਜਾਂਦੀ ਹੈ।

੧੪ ਅਗਸਤ ਨੂੰ ਪਾਕਿਸਤਾਨ ਬਣ ਗਿਆ ਤੇ ੧੫ ਅਗਸਤ ਨੂੰ ਗੋਰਿਆਂ ਨੇ ਹਿੰਦੁਸਤਾਨ ਨੂੰ ਹਕੂਮਤ ਸੰਭਾਲ ਦਿੱਤੀ ਸੀ।ਇਹ ਇੱਕ ਅਜਿਹੀ ਲਕੀਰ ਸੀ ਜਿਸ ਨੇ ਸਦੀਆਂ ਤੋਂ ਬਣੀਆਂ ਹੋਈਆਂ ਸਾਝਾਂ ਵਿੱਚ ਵੀ ਦਰਾੜ ਪਾ

ਦਿੱਤੀ ਸੀ। ਹੁਣ ਆਪੋ ਆਪਣੇ ਘਰਾਂ ਵਿੱਚ ਨਹੀਂ ਸਗੋਂ ਆਪੋ ਆਪਣੇ ਦੇਸ਼ਾਂ ਵਿੱਚ ਜਾਣਾ ਸੀ। ਇੱਧਰੋਂ ਮੁਸਲਮਾਨਾਂ ਨੇ ਪਾਕਿਸਤਾਨ ਜਾਣਾ ਸੀ ਤੇ ਉੱਧਰੋਂ ਹਿੰਦੂਆਂ ਨੇ ਭਾਰਤ ਆਉਣਾ ਸੀ। ਇਹ ਅੱਗ ਤਾਂ ਭਾਵੇਂ ਕਈ ਮਹੀਨਿਆਂ ਤੋਂ ਲੱਗੀ ਹੋਈ ਸੀ ਪਰ ਜੂਨ ਮਹੀਨੇ ਤੋਂ ਤਾਂ ਸਭ ਦੇ ਅੰਦਰ ਇਨਸਾਨੀਅਤ ਭੁੱਲ ਕੇ ਈਰਖਾ ਦੀ ਜ਼ਹਿਰ ਫੈਲੀ ਹੋਈ ਸੀ। ਇਸ ਕਰਕੇ ਬਹੁਤੇ ਲੋਕ ਖ਼ੂਨੀ ਦਰਿੰਦੇ ਬਣ ਗਏ ਸਨ। ਮੁਲਸਮਾਨਾਂ ਦੇ ਛੁਰੇ ਸਿੱਖਾਂ ਦੀਆਂ ਕਿਰਪਾਨਾਂ ਆਪਸੀ ਖਹਿ ਰਹੀਆਂ ਸਨ। ਹਿੰਦੂ ਵੀ ਸਭ ਕੁਝ ਭੁੱਲ ਭੁਲਾ ਕੇ ਸ਼ੈਤਾਨੀ ਬ੍ਰਿਤੀ ਵਿੱਚ ਖ਼ੂਨੋ-ਖ਼ੂਨ ਹੋਏ ਪਏ ਸਨ। ਸੱਧਰਾਂ ਨਾਲ ਬਣਾਏ ਘਰ ਬਾਰ ਸ਼ਮਸ਼ਾਨ ਘਾਟ ਵਰਗੇ ਬਣ ਗਏ ਸਨ; ਇਨ੍ਹਾਂ ਘਰਾਂ ਨੂੰ ਬਣਾਉਣ ਵਾਲੇ ਲਾਸ਼ਾਂ ਬਣ ਗਏ ਸਨ।

**ਪੁੱਠੇ ਰਾਹੇ ਪੈ ਗਈ ਜਦ ਮੂੜ ਜਵਾਨੀ।**
**ਮਿੱਤਰ ਮੰਗਣ ਮਿੱਤਰਾਂ ਤੋਂ ਪ੍ਰਾਣ ਨਿਸ਼ਾਨੀ।**
**ਵੱਖੀਂ ਛੁਰੀਆਂ ਖੋਭਦੇ, ਛਾਤੀ ਵਿੱਚ ਕਾਨੀ।**
**ਦੁੱਧੀਂ ਪਾਲੇ ਸੜਕ 'ਤੇ ਸਹਿਕਣ ਬਿਨ ਪਾਨੀ।**
**ਜੰਮੇ ਇੱਕੋ ਦੇਸ਼ ਦੇ ਬਣੇ ਦੁਸ਼ਮਣ ਜਾਨੀ।**
**ਕਿੱਧਰੇ ਚਮਕਣ ਬਰਛੀਆਂ ਕਿੱਧਰੇ ਤਲਵਾਰਾਂ।**
**ਛੁਰੇ ਪਿਆਸੇ ਰੱਤ ਦੇ ਉਛਲਣ ਖਾ ਖਾਰਾਂ।**
**ਚੱਲਣ ਵਾਂਗ ਫੁਹਾਰਿਆਂ ਲਹੂ ਸੰਧੀਆਂ ਧਾਰਾਂ।**
**ਛੈਲ ਬਿਰਾਜੇ ਸੱਥਰੀਂ ਛੱਡ ਵਿਧਵਾ ਨਾਰਾਂ।**
**ਮੱਲ ਸਿਰ੍ਹਾਣੇ ਪਿੱਟਦੀਆਂ ਸੁੰਦਰ ਮੁਟਿਆਰਾਂ।**
**ਹੁਸਨ ਬੇਕਦਰਾ ਹੋ ਗਿਆ ਰੁਲ ਗਿਆ ਬਜ਼ਾਰਾਂ।**

{ਸੋਹਣ ਸਿੰਘ ਸੀਤਲ, ਪੰਜਾਬ ਦਾ ਉਜਾੜਾ, ਲਾਹੌਰ ਬੁੱਕ ਸ਼ਾਪ ਲੁਧਿਆਣਾ। (੨੦੧੨), ਪੰਨਾ ੩੮}।

ਜ਼ਿੰਦਗੀ ਦੇ ਦੁੱਖਾਂ ਵਿੱਚੋਂ ਵਿਛੋੜਾ ਵੀ ਇੱਕ ਬਹੁਤ ਵੱਡਾ ਦੁੱਖ ਹੈ। ਜਦੋਂ ਆਪਣਿਆਂ ਹੀ ਬਿਗਾਨਿਆਂ ਵਰਗਾ ਸਲੂਕ ਕੀਤਾ ਤਾਂ ਆਪਣਾ ਦੇਸ਼ ਵੀ ਹੁਣ ਬਿਗਾਨਾ ਬਣ ਗਿਆ ਸੀ। ਦੂਜਾ ਭਗਤ ਜੀ ਦਾ ਆਪਣਾ ਵਿਰਸਾ ਵੀ ਤਾਂ ਹਿੰਦੁਸਤਾਨ ਵਿੱਚ ਹੀ ਸੀ। ਤੀਜਾ, ਸਿੱਖੀ ਦਾ ਵਿਰਸਾ ਭਾਵੇਂ ਪਾਕਿਸਤਾਨ ਵਿੱਚ ਵੀ ਰਹਿ ਚੱਲਿਆ ਸੀ ਪਰ ਫਿਰ ਵੀ ਦਰਬਾਰ ਸਾਹਿਬ ਤੇ ਛੇਹਰਟਾ ਸਾਹਿਬ ਆਦਿਕ ਵਰਗੀਆਂ ਥਾਵਾਂ 'ਤੇ ਭਗਤ ਜੀ ਨੇ ਮਾਂ ਨਾਲ ਬਹੁਤ ਸਾਰੇ ਦੁੱਖ ਦਰਦ ਹੰਢਾਏ ਹੋਏ ਸਨ। ਇਸ ਕਰਕੇ ਉਨ੍ਹਾਂ ਨੇ ਵੀ ਤਾਂ ਹੁਣ ਹਿੰਦੁਸਤਾਨ ਹੀ ਆਉਣਾ ਸੀ। ਚਾਰੇ ਪਾਸੇ ਦੀ ਹੋ ਰਹੀ ਕਤਲੋ-ਗਾਰਤ ਵਿੱਚ ਜਾਣਾ ਭਾਵੇਂ ਸੌਖਾ ਨਹੀਂ ਸੀ ਪਰ ਮਾਲਕ ਦਾ ਭਰੋਸਾ ਅਜਿਹੇ ਸਮੇਂ ਬਹੁਤ ਵੱਡਾ ਸਹਾਰਾ ਬਣ ਜਾਂਦਾ ਹੈ। ਗ਼ਰੀਬ ਨੂੰ ਆਪਣੀ ਗ਼ਰੀਬੀ ਦਾ ਸੁਆਦ ਸਭ ਤੋਂ ਵੱਧ ਕਿਸੇ ਮੁਸੀਬਤ ਵੇਲੇ



ਆਉਂਦਾ ਹੈ। ਜਿਨ੍ਹਾਂ ਨੇ ਬਹੁਤ ਕੁਝ ਜੋੜਿਆ ਹੁੰਦਾ ਹੈ ਉਨ੍ਹਾਂ ਨੂੰ ਉਹ ਬਹੁਤ ਕੁਝ ਹੀ ਤਿਆਗਣਾ ਪੈਂਦਾ ਹੈ; ਪਰ ਗ਼ਰੀਬ ਨੇ ਕੁਝ ਜੋੜਿਆ ਹੀ ਨਹੀਂ ਤੇ ਇਸ ਕਰਕੇ ਕੁਝ ਰੋੜ੍ਹਿਆ ਵੀ ਨਹੀਂ ਹੁੰਦਾ। ਭਗਤ ਜੀ ਕੋਲ ਤਾਂ ਇੱਕ ਰੁਪਈਆ ਅਤੇ ਪੰਜ ਆਨੇ ਹੀ ਸਨ। ਇਸ ਦੇ ਨਾਲ ਹੀ ਸਭ ਤੋਂ ਜ਼ਿਆਦਾ ਫ਼ਿਕਰ ਸੀ ਤਾਂ ਉਹ ਪਿਆਰਾ ਸਿੰਘ ਦਾ ਫ਼ਿਕਰ ਸੀ। ਰੱਬੀ ਪਿਆਰ ਵਾਲੇ ਤਾਂ ਰੱਬ ਦਾ ਸਹਾਰਾ ਹੀ ਭਾਲਦੇ ਹਨ। ਭਗਤ ਜੀ ਨੇ ਅਰਦਾਸ ਕੀਤੀ ਕਿ ਰੱਬਾ ਕਿਰਪਾ ਕਰਨਾ ਮੇਰੇ ਪਿਆਰੇ ਨੂੰ ਕੁਝ ਨਾ ਹੋਵੇ। ਕਿਸੇ ਕੋਲ ਕੋਈ ਹੈ, ਕਿਸੇ ਨੂੰ ਕਿਸੇ ਦਾ ਸਹਾਰਾ ਹੈ। ਮੈਨੂੰ ਗ਼ਰੀਬ ਨੂੰ ਤਾਂ ਪਿਆਰਾ ਹੀ ਪਿਆਰਾ ਹੈ। ਮੇਰੇ ਪਿਆਰੇ ਨੂੰ ਬਚਾ ਲਵੀਂ ਰੱਬਾ, ਮੇਰੇ ਪਿਆਰੇ ਦੀ ਰਾਖੀ ਕਰਨਾ, ਰੱਬਾ ਮੇਰੀ ਤਾਂ ਇਹੋ ਹੀ ਦੌਲਤ ਹੈ, ਇਹੋ ਹੀ ਸਹਾਰਾ ਹੈ। ਇਹ ਰੱਬ ਅੱਗੇ ਤਰਲੇ ਭਰੀਆਂ ਅਰਜੋਈਆਂ ਸੁਣ ਕੇ ਕੋਲ ਖਲੋਤਾ ਇੱਕ ਬੰਦਾ ਬੋਲ ਪਿਆ ਕਿ ਪੂਰਨ ਸਿੰਘਾ! ਤੂੰ ਇਸ ਲੂਲ੍ਹੇ ਨੂੰ ਕੀ ਬਚਾਉਣਾ ਹੈ, ਬਲਕਿ ਹੁਣ ਲੂਲ੍ਹੇ ਨੇ ਤੈਨੂੰ ਬਚਾਉਣਾ ਹੈ। ਯਾਦ ਰੱਖ ਬੰਦਾ ਕਿਤਨਾ ਵੀ ਸ਼ੈਤਾਨ ਬਣ ਜਾਵੇ ਤਦ ਵੀ ਦਰਦ ਦੀ ਪਰਿਭਾਸ਼ਾ ਨਹੀਂ ਭੁੱਲਦਾ ਤੇ ਦਰਦ ਕਦੇ ਹਿੰਦੂ ਸਿੱਖ ਜਾਂ ਜੈਨੀ ਬੋਧੀ ਦਾ ਵੱਖਰਾ ਨਹੀਂ ਹੁੰਦਾ। ਇਸ ਕਰਕੇ ਜਦੋਂ ਵੀ ਕੋਈ ਤੇਰੀ ਪਿੱਠ 'ਤੇ ਲੂਲ੍ਹੇ ਨੂੰ ਦੇਖੇਗਾ ਤਾਂ ਉਸ ਨੂੰ ਤਰਸ ਆ ਜਾਣਾ ਹੈ। ਇਸ ਕਰਕੇ ਲੂਲ੍ਹਾ ਤੈਨੂੰ ਲੈ ਕੇ ਜਾਏਗਾ। ਭਗਤ ਜੀ ਨੂੰ ਇਸ ਗੱਲ ਨੇ ਵੀ ਬਹੁਤ ਧਰਵਾਸ ਦਿੱਤਾ ਸੀ।

### ਖ਼ਾਲਸਾ ਕਾਲਜ ਦੇ ਸ਼ਰਨਾਰਥੀ ਕੈਂਪ ਵਿੱਚ

ਭਗਤ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਤੋਂ ੧੮ ਅਗਸਤ ਸੰਨ ੧੯੪੭ ਨੂੰ ਆਪਣੀ ਪਿੱਠ 'ਤੇ ਪਿਆਰਾ ਸਿੰਘ ਨੂੰ ਲੈ ਕੇ ਚੱਲੇ ਸਨ। ਰਾਹ ਵਿੱਚ ਇੱਕ ਹੋਰ ਬਜ਼ੁਰਗ ਮਿਲ ਗਿਆ, ਉਸ ਨੂੰ ਵੀ ਨਾਲ ਲੈ ਲਿਆ ਸੀ। ੧੮ ਅਗਸਤ ਨੂੰ ਹੀ ਅੰਮ੍ਰਿਤਸਰ ਸਾਹਿਬ ਆ ਗਏ ਸਨ। ਭਗਤ ਪੂਰਨ ਸਿੰਘ ਜੀ ਦਾ ਹਿਰਦਾ ਬੜਾ ਨਿਰਮਲ ਹਿਰਦਾ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਵੀ ਸੰਨ ੧੯੨੩ ਤੋਂ ੧੯੪੭ ਤਕ ੨੪ ਸਾਲ ਸੇਵਾ ਕੀਤੀ ਸੀ। ਇਹ ਇੱਕ ਬਹੁਤ ਲੰਮਾ ਅਰਸਾ ਹੈ। ਮਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਇੱਥੇ ਆ ਕੇ ਹੀ ਪੂਰਨ ਤੌਰ 'ਤੇ ਆਪਣਾ ਆਪ ਮਨੁੱਖਤਾ ਦੀ ਸੇਵਾ ਦੇ ਹਵਾਲੇ ਕੀਤਾ ਸੀ। ਇੱਥੋਂ ਹੀ ਕਈ ਦੁੱਖ ਦਰਦ ਹੰਢਾਏ ਸਨ। ਇਸ ਚੌਵੀ ਸਾਲਾਂ ਦੀ ਸੇਵਾ ਦੌਰਾਨ ਭਗਤ ਜੀ ਨੇ ਕਦੇ ਕਿਸੇ ਕਮਰੇ ਦੀ ਵੀ ਮੰਗ ਨਹੀਂ ਕੀਤੀ ਸੀ। ਹਰ ਪਲ ਦੁੱਖੀਆਂ, ਲੋੜਵੰਦਾਂ ਜਾਂ ਰੋਗੀਆਂ ਆਦਿਕ ਨਾਲ ਬਿਤਾਇਆ ਸੀ। ਭਗਤ ਜੀ ਦਾ ਹਰ ਹਿਰਦੇ ਨਾਲ ਪਿਆਰ ਸੀ। ਗੁਰਦੁਆਰਾ ਡੇਹਰਾ ਸਾਹਿਬ ਜੀ ਦੀ ਯਾਦ ਸਦਾ ਹੀ ਭਗਤ ਜੀ ਦੇ ਅੰਗ ਸੰਗ ਰਹੀ ਸੀ। ਉਹ ਹਮੇਸ਼ਾਂ ਹੀ ਆਪਣੇ ਆਪ ਨੂੰ ਗੁਰਦੁਆਰਾ ਡੇਹਰਾ ਸਾਹਿਬ ਦਾ ਚੌਵੀ ਸਾਲ ਰਹਿ ਚੁੱਕਾ ਸੇਵਾਦਾਰ ਲਿਖਦੇ ਹੁੰਦੇ ਸਨ।

ਕਹਿਰਾਂ ਭਰੇ ਇਸ ਸਮੇਂ ਤੇ ਰਸਤਿਆਂ ਵਿੱਚੋਂ ਨਿਕਲ ਕੇ ਭਗਤ ਜੀ ਅੰਮ੍ਰਿਤਸਰ ਸਾਹਿਬ ਆਏ ਸਨ। ਜਿਸ ਦੀ ਅੱਖ ਕਿਸੇ ਇੱਕ ਦੁਖੀਏ ਨੂੰ ਵੀ ਨਹੀਂ ਦੇਖ ਸਕਦੀ ਸੀ ਉਨ੍ਹਾਂ ਅੱਖਾਂ ਨੇ ਕਿਤਨੀਆਂ ਹੀ ਲਾਸ਼ਾਂ, ਤੜਫਦੇ ਲੋਕਾਂ ਨੂੰ ਦੇਖਿਆ ਸੀ। ਜੇਕਰ ਭਗਤ ਜੀ ਦੀ ਪਿੱਠ 'ਤੇ ਪਿਆਰਾ ਸਿੰਘ ਨਾ ਹੁੰਦਾ ਤੇ ਉਸ ਦੀ ਜ਼ਿੰਮੇਵਾਰੀ ਨਾ ਚੁੱਕੀ ਹੁੰਦੀ ਤਾਂ ਭਗਤ ਜੀ ਦਾ ਵਰਤ ਵਿਹਾਰ ਦੇਖ ਕੇ ਤਾਂ ਲੱਗਦਾ ਹੈ ਕਿ ਸ਼ਾਇਦ ਉਨ੍ਹਾਂ ਦੇ ਜੀਵਨ ਦੇ ਅੱਖਰ ਹੀ ਕੁਝ ਹੋਰ ਹੁੰਦੇ। ਸ਼ਾਇਦ ਇਹ ਵੀ ਰਾਹ ਵਿੱਚ ਆਉਂਦਿਆਂ ਪਤਾ ਨਹੀਂ ਕਿੰਨੇ ਕੁ ਦੁਖਿਆਰਿਆਂ ਦੇ ਦੁੱਖ ਵੰਡਾਉਂਦੇ ਕਿਸੇ ਨਾ ਕਿਸੇ ਦਰਿੰਦੇ ਦੇ ਹਥਿਆਰ ਦੀ ਭੇਟਾ ਵੀ ਹੋ ਸਕਦੇ ਸਨ। ਜਦੋਂ ਕਿਸੇ ਨੂੰ ਰਾਹ ਵਿੱਚ ਤੜਫਦਿਆਂ ਦੇਖਣਾ ਸੀ ਤਾਂ ਭਗਤ ਜੀ ਦੇ ਕਦਮਾਂ ਨੇ ਤਾਂ ਉਸ ਨੂੰ ਛੱਡ ਕੇ ਅੱਗੇ ਤੁਰਨ ਤੋਂ ਹੀ ਬਾਗ਼ੀ ਹੋ ਜਾਣਾ ਸੀ।

ਖ਼ੈਰ! ਪਰਮੇਸ਼ਰ ਨੇ ਹੋਰ ਬਹੁਤ ਵੱਡੀ ਸੇਵਾ ਉਨ੍ਹਾਂ ਕੋਲੋਂ ਲੈਣੀ ਸੀ। ਇਸ ਕਰਕੇ, ਉਹ ਰਾਹ ਵਿੱਚ ਨਾ ਰੁੱਕਣ ਉਨ੍ਹਾਂ ਦੀ ਪਿੱਠ 'ਤੇ ਇੱਕ ਜ਼ਿੰਮੇਵਾਰੀ ਦੇ ਰੂਪ ਵਿੱਚ ਪਿਆਰਾ ਸਿੰਘ ਰੱਬ ਨੇ ਬਿਠਾ ਦਿੱਤਾ ਸੀ। ਅੰਮ੍ਰਿਤਸਰ ਸਾਹਿਬ ਆਉਂਦਿਆਂ ਹੋਇਆਂ ਭਗਤ ਜੀ ਨਾਲ ਇੱਕ ਬਜ਼ੁਰਗ ਵੀ ਆਇਆ ਸੀ। ਉਨ੍ਹਾਂ ਦਿਨਾਂ ਵਿੱਚ ਵੈਸੇ ਤਾਂ ਇਹ ਪਤਾ ਨਹੀਂ ਲੱਗਦਾ ਸੀ ਕਿ ਆਪਣਾ ਕੌਣ ਹੈ ਅਤੇ ਪਰਾਇਆ ਕੌਣ ਹੈ। ਕੁਝ ਰਾਹਾਂ ਵਿੱਚ, ਕੁਝ ਘਰਾਂ ਵਿੱਚ ਕਤਲ ਕਰ ਦਿੱਤੇ ਗਏ ਸਨ। ਕੁਝ ਲੋਕ ਆਪਣਿਆਂ ਤੋਂ ਹੀ ਵਿਛੜ ਗਏ ਸਨ ਤੇ ਹੋਰ ਕਿਸੇ ਕੈਂਪ ਵਿੱਚ ਚਲੇ ਗਏ ਸਨ। ਇਸ ਬਜ਼ੁਰਗ ਨੂੰ ਭਗਤ ਜੀ 'ਤੇ ਵਿਸ਼ਵਾਸ ਜਿਹਾ ਹੋ ਗਿਆ ਸੀ ਕਿ ਇਸ ਦੀ ਪਿੱਠ 'ਤੇ ਲੂਲ੍ਹਾ ਚੁੱਕਿਆ ਹੋਇਆ ਹੈ। ਇਹ ਮੇਰੀ ਵੀ ਰਸਤੇ ਵਿੱਚ ਮਦਦ ਕਰ ਸਕਦਾ ਹੈ। ਲਾਹੌਰ ਵੱਲੋਂ ਆਉਣ ਵਾਲਿਆਂ ਲਈ ਸਭ ਤੋਂ ਪਹਿਲਾ ਸ਼ਹਿਰ ਅੰਮ੍ਰਿਤਸਰ ਸਾਹਿਬ ਹੀ ਆਉਂਦਾ ਸੀ। ਇਸ ਕਰਕੇ ਇਨ੍ਹਾਂ ਪਾਕਿਸਤਾਨੋਂ ਆਇਆਂ ਲਈ ਖ਼ਾਲਸਾ ਕਾਲਜ ਵਿੱਚ ਇੱਕ ਸ਼ਰਨਾਰਥੀ ਕੈਂਪ ਲਾ ਕੇ ਸੇਵਾ ਸੰਭਾਲ ਕੀਤੀ ਜਾ ਰਹੀ ਸੀ। ਸ਼ਰਨਾਰਥੀ ਕੈਂਪ ਵਿੱਚ ਜਾਂਦਿਆਂ ਸਾਰ ਹੀ ਆਪਣਾ ਨਾਮ ਪਤਾ ਲਿਖਾਉਣਾ ਪੈਂਦਾ ਸੀ। ਉਸ ਬਜ਼ੁਰਗ ਨੇ ਤਾਂ ਆਪਣੇ ਬਾਰੇ ਸਾਰਾ ਕੁਝ ਦੱਸ ਦਿੱਤਾ ਕਿ ਮੈਂ ਪਾਕਿਸਤਾਨੋਂ ਕਿੱਥੋਂ ਆਇਆ ਹਾਂ ਤੇ ਕਿੰਨਾ ਕੁਝ ਤਿਆਗ ਕੇ ਆਇਆ ਹਾਂ। ਜਦੋਂ ਭਗਤ ਜੀ ਦੀ ਵਾਰੀ ਆਈ ਤਾਂ ਉਹ ਕੁਝ ਸੋਚਾਂ ਵਿੱਚ ਪੈ ਗਏ। ਬਜ਼ੁਰਗ ਨੇ ਕਿਹਾ ਕਿ ਤੁਸੀਂ ਵੀ ਲਿਖਾ ਦਿਓ ਕਿ ਮੈਂ ਕਿੱਥੋਂ ਆਇਆ ਹਾਂ। ਭਗਤ ਜੀ ਸੋਚ ਰਹੇ ਸਨ ਕਿ ਮੇਰਾ ਜਨਮ ਤਾਂ ਰਾਜੇਵਾਲ ਦਾ ਹੈ। ਮੈਂ ਕੁਝ ਸਮਾਂ ਖੰਨੇ, ਕੁਝ ਸਮਾਂ ਮਿੰਟਗੁਮਰੀ ਤੇ ਕੁਝ ਸਮਾਂ ਡੇਹਰਾ ਸਾਹਿਬ ਰਿਹਾ ਹਾਂ। ਲੋਕਾਂ ਦੇ ਘਰ ਤਾਂ ਹੁਣ ਉੱਜੜੇ ਹਨ ਪਰ ਮੇਰਾ ਤੇ ਮੇਰੀ ਮਾਂ ਦਾ ਘਰ ਤਾਂ ਕਦੋਂ ਦਾ ਉੱਜੜਿਆ ਹੋਇਆ ਹੈ। ਬਜ਼ੁਰਗ ਨੇ ਫਿਰ ਕਿਹਾ ਕਿ ਕੁਝ ਨਾ ਕੁਝ ਤਾਂ ਲਿਖਾਉਣਾ ਹੀ ਪੈਣਾ ਹੈ। ਭਗਤ ਜੀ ਨੇ ਠੰਡਾ ਜਿਹਾ ਹਉਕਾ



ਭਰ ਕੇ ਕੁਝ ਖ਼ਾਨਾ ਪੂਰਤੀ ਜਿਹੀ ਕਰ ਦਿੱਤੀ ਸੀ।

{ਅਤੈ ਸਿੰਘ, ਪੂਰਨ ਦਰਵੇਸ਼, ਆਲ ਇੰਡੀਆ ਚੈਰੀਟੇਬਲ ਸੋਸਾਇਟੀ ਪਿੰਗਲਵਾੜਾ ਅੰਮ੍ਰਿਤਸਰ। (੨੦੧੩), ਪੰਨਾ ੭੦}।

### ਮਾਨਵੀ ਸੇਵਾ ਦਾ ਮਸੀਹਾ

ਪ੍ਰਿੰਸੀਪਲ ਜੋਧ ਸਿੰਘ ਜੀ ਇਸ ਸ਼ਰਨਾਰਥੀ ਕੈਂਪ ਦੇ ਮੁੱਖ ਪ੍ਰਬੰਧਕ ਪੱਖੋਂ ਸੇਵਾ ਨਿਭਾ ਰਹੇ ਸਨ। ਪ੍ਰਿੰਸੀਪਲ ਜੀ ਕੋਲ ਕੋਈ ਆ ਕੇ ਆਪਣੇ ਘਰਦਿਆਂ ਨੂੰ ਭਾਲਦਾ ਸੀ ਜਾਂ ਆਪਣਿਆਂ ਬਾਰੇ ਪੁੱਛਤਾਛ ਕਰਦਾ ਸੀ। ਕੋਈ ਰਹਿਣ ਲਈ ਟਿਕਾਣਾ ਪੁੱਛਦਾ ਸੀ ਤੇ ਕੋਈ ਲੰਗਰ ਪ੍ਰਸ਼ਾਦੇ ਬਾਰੇ ਪੁੱਛਦਾ ਸੀ। ਜਿਹੜੇ ਲੋਕ ਆਪ ਤੁਰ ਫਿਰ ਸਕਦੇ ਸਨ ਉਹ ਤਾਂ ਭੱਜ ਦੌੜ ਕਰਕੇ ਆਪਣੇ ਖਾਣ ਲਈ ਵੀ ਤੇ ਰਹਿਣ ਲਈ ਵੀ ਕੁਝ ਨਾ ਕੁਝ ਪ੍ਰਬੰਧ ਕਰ ਲੈਂਦੇ ਸਨ। ਕੁਝ ਉਹ ਵੀ ਸਨ ਜਿਹੜੇ ਜਾਂ ਤਾਂ ਦੁੱਖੀ ਅਪਾਹਿਜ ਸਨ ਜਾਂ ਜ਼ਖ਼ਮੀ ਜਾਂ ਬਜ਼ੁਰਗੀ ਦੇ ਕਾਰਨ ਆਪਣੇ ਲਈ ਕੋਈ ਭੱਜ ਦੌੜ ਨਹੀਂ ਕਰ ਸਕਦੇ ਸਨ। ਭਗਤ ਪੂਰਨ ਸਿੰਘ ਜੀ ਨੂੰ ਤਾਂ ਰੱਬ ਨੇ ਦ੍ਰਿਸ਼ਟੀ ਹੀ ਨਿਵੇਕਲੀ ਦਿੱਤੀ ਸੀ ਜਿਹੜੀ ਹਮੇਸ਼ਾਂ ਅਜਿਹੇ ਲੋਕਾਂ ਨੂੰ ਦੇਖ ਲੈਂਦੀ ਸੀ। ਭਗਤ ਪੂਰਨ ਸਿੰਘ ਦੀ ਪਿੱਠ 'ਤੇ ਪਿਆਰਾ ਸਿੰਘ ਸੀ ਤੇ ਇਨ੍ਹਾਂ ਨੇ ਜਾ ਕੇ ਪ੍ਰਿੰਸੀਪਲ ਜੀ ਨੂੰ ਪੁੱਛਿਆ ਕਿ ਜਿਹੜੇ ਕੈਂਪ ਵਿੱਚ ਬਿਮਾਰ, ਰੋਗੀ ਜਾਂ ਅਪਾਹਿਜ ਆਏ ਹਨ ਉਨ੍ਹਾਂ ਦੀ ਸੇਵਾ-ਸੰਭਾਲ ਦਾ ਕੀ ਪ੍ਰਬੰਧ ਹੈ? ਜਿਹੜੇ ਆਪਣਾ ਪ੍ਰਬੰਧ ਆਪ ਨਹੀਂ ਕਰ ਸਕਦੇ ਉਨ੍ਹਾਂ ਲਈ ਸਾਨੂੰ ਹੀ ਸੋਚ ਕੇ ਪ੍ਰਬੰਧ ਕਰਨਾ ਚਾਹੀਦਾ ਹੈ। ਜੋਧ ਸਿੰਘ ਜੀ ਨੇ ਦੱਸਿਆ ਕਿ ਇੱਥੇ ਤਾਂ ਸਾਰਿਆਂ ਦੀ ਹੀ ਸੇਵਾ-ਸੰਭਾਲ ਹੋ ਰਹੀ ਹੈ। ਭਗਤ ਜੀ ਨੇ ਫਿਰ ਕਿਹਾ ਕਿ ਨਹੀਂ ਜੀ! ਇੱਥੇ ਸਿਰਫ਼ ਉਨ੍ਹਾਂ ਦੀ ਸੇਵਾ-ਸੰਭਾਲ ਹੋ ਰਹੀ ਹੈ ਜਿਹੜੇ ਆਪਣੀ ਸੇਵਾ-ਸੰਭਾਲ ਆਪ ਕਰ ਸਕਦੇ ਹਨ। ਸਾਨੂੰ ਸੇਵਾ-ਸੰਭਾਲ ਉਨ੍ਹਾਂ ਦੀ ਕਰਨੀ ਚਾਹੀਦੀ ਹੈ ਜਿਹੜੇ ਆਪਣੀ ਸੇਵਾ-ਸੰਭਾਲ ਆਪ ਨਹੀਂ ਕਰ ਸਕਦੇ। ਉਹ ਤਾਂ ਲਾਵਾਰਸ ਵੀ ਨੇ ਤੇ ਅਪਾਹਿਜ ਵੀ ਨੇ।

ਪ੍ਰਿੰਸੀਪਲ ਜੋਧ ਸਿੰਘ ਹੈਰਾਨ ਹੋ ਗਏ। ਜੋਧ ਸਿੰਘ ਕਹਿਣ ਲੱਗੇ ਕਿ ਤੁਸੀਂ ਲੱਗਦੇ ਤਾਂ ਸਾਦੇ ਜਿਹੇ ਹੀ ਹੋ ਪਰ ਗੱਲਾਂ ਬਹੁਤ ਪੜ੍ਹਿਆਂ ਲਿਖਿਆਂ ਵਾਲੀਆਂ ਕਰਦੇ ਹੋ? ਤੁਸੀਂ ਕੌਣ ਹੋ ਭਲਾ? ਭਗਤ ਜੀ ਨੇ ਪਿਆਰ ਨਾਲ ਕਿਹਾ ਕਿ ਪ੍ਰਿੰਸੀਪਲ ਜੀ ਇਹ ਗੱਲਾਂ ਤਾਂ ਮੇਰੀਆਂ ਹੀ ਹਨ। ਸੋ ਮੈਂ ਆਪਣੀਆਂ ਗੱਲਾਂ ਤਾਂ ਤੁਹਾਡੇ ਨਾਲ ਕਦੇ ਵੀ ਕਰ ਸਕਦਾ ਹਾਂ। ਹੁਣ ਸਾਨੂੰ ਇਨ੍ਹਾਂ ਅਪਾਹਿਜ ਜਾਂ ਲੋੜਵੰਦਾਂ ਦੀ ਸੇਵਾ ਦੀ ਗੱਲ ਕਰ ਲੈਣੀ ਚਾਹੀਦੀ ਹੈ।

ਪ੍ਰਿੰਸੀਪਲ ਜੋਧ ਸਿੰਘ ਬਹੁਤ ਪ੍ਰਭਾਵਿਤ ਹੋਏ, ਕਿਉਂਕਿ ਦੂਜਿਆਂ ਦੀ ਸੇਵਾ ਦੀ ਗੱਲ ਤਾਂ ਕੋਈ ਕਰਦਾ ਨਹੀਂ ਸੀ। ਉਨ੍ਹਾਂ ਨੇ ਵੀ ਪਿਆਰ ਨਾਲ ਕਿਹਾ ਕਿ ਜਿਹੜੀ ਸੇਵਾ ਤੁਸੀਂ ਕਰਨੀ ਚਾਹੁੰਦੇ ਹੋ ਉਹ ਕਰ ਲੈਣਾ।

ਭਗਤ ਜੀ ਨੇ ਦੇਖਿਆ ਕਿ ਕੈਂਪ ਵਿੱਚ ਆਏ ਹੋਏ ਲੋਕਾਂ ਦੀ ਬਾਕੀ ਸੇਵਾ ਤਾਂ ਮਾੜੀ ਮੋਟੀ ਕੋਈ ਹੋਰ ਵੀ ਕਰ ਜਾਂਦਾ ਸੀ। ਉਨ੍ਹਾਂ ਦਿਨਾਂ ਵਿੱਚ ਕਈਆਂ ਦਾ ਪੌਣਪਾਣੀ ਬਦਲ ਜਾਣ ਕਰਕੇ, ਲੰਮੇ ਸਮੇਂ ਤੋਂ ਖਾਣ ਨੂੰ ਕੁਝ ਨਾ ਮਿਲਣ ਕਰਕੇ ਜਾਂ ਕਿਸੇ ਹੋਰ ਕਾਰਨਾਂ ਕਰਕੇ ਸਿਹਤ ਵੀ ਖ਼ਰਾਬ ਹੋ ਗਈ ਸੀ। ਕਈ ਕੁਦਰਤ ਵੱਲੋਂ ਹੀ ਅਪਾਹਿਜ ਸਨ। ਇਹ ਲੋਕ ਮਜ਼ਬੂਰੀ ਕਰਕੇ ਮਲ-ਮੂਤਰ ਆਪਣੇ ਕੱਪੜਿਆਂ ਵਿੱਚ ਹੀ ਕਰ ਲੈਂਦੇ ਸਨ। ਜਿਹੜੇ ਉੱਠ ਕੇ ਆਪਣੀ ਸਰੀਰਕ ਕਿਰਿਆ ਵੀ ਨਹੀਂ ਕਰ ਸਕਦੇ ਸਨ ਤਾਂ ਇਨ੍ਹਾਂ ਦੇ ਮਲ-ਮੂਤਰ ਵਾਲੇ ਕੱਪੜੇ ਕਿਸ ਨੇ ਸਾਫ਼ ਕਰਨੇ ਸਨ? ਇਹ ਕੰਮ ਤਾਂ ਬਹੁਤ ਹੀ ਔਖਾ ਹੈ, ਕਿਉਂਕਿ ਮਨੁੱਖ ਤਾਂ ਆਪਣੀ ਹੀ ਗ਼ੰਦਗੀ ਨੂੰ ਬਹੁਤ ਨਫ਼ਰਤ ਕਰਦਾ ਹੈ; ਪਰ ਜਦੋਂ ਦੂਜਿਆਂ ਦੀ ਗ਼ੰਦਗੀ ਧੋਣੀ ਹੋਵੇ ਤਾਂ ਇਹ ਕੰਮ ਤਾਂ ਬਹੁਤ ਹੀ ਔਖਾ ਕੰਮ ਹੈ। ਇਸ ਨੂੰ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਧੁਰ ਦਰਗਾਹੋਂ ਹੀ ਰਹਿਮਤਾਂ ਲੈ ਕੇ ਆਇਆ ਹੋਵੇ। ਭਗਤ ਜੀ ਨੇ ਇਹ ਸੇਵਾ ਸਾਂਭ ਲਈ ਸੀ। ਉਹ ਹਰ ਰੋਜ਼ ਅਪਾਹਿਜਾਂ ਦੇ ਤੇ ਹੋਰ ਬਿਮਾਰ ਲੋਕਾਂ ਦੇ ਮਲ-ਮੂਤਰ ਵਾਲੇ ਕੱਪੜੇ ਪੰਡ ਬੰਨ੍ਹ ਕੇ ਲੈ ਜਾਂਦੇ। ਕੈਂਪ ਵਾਲੀ ਥਾਂ ਤੋਂ ਕੁਝ ਦੂਰੀ 'ਤੇ ਹੀ ਸ਼ੰਭੂ ਨਾਥ ਦਾ ਕਾਰਖ਼ਾਨਾ ਸੀ। ਇੱਥੇ ਨਲਕੇ ਰਾਹੀਂ ਆਉਂਦੇ ਤੇਜ਼ ਪਾਣੀ ਨਾਲ ਮਲ-ਮੂਤਰ ਵਾਲੇ ਕੱਪੜੇ ਮਲ-ਮਲ ਕੇ ਧੋ ਦਿੰਦੇ ਸਨ। ਭਗਤ ਪੂਰਨ ਸਿੰਘ ਜੀ ਕਦੇ ਵੀ ਸੇਵਾ ਕਰਦਿਆਂ ਮੱਥੇ ਵੱਟ ਨਹੀਂ ਪੈਣ ਦਿੰਦੇ ਸਨ, ਸਗੋਂ ਉਮਾਹ ਨਾਲ ਸੇਵਾ ਕਰਦੇ ਸਨ। ਅਸਲ ਵਿੱਚ ਸੇਵਾ ਕਰਨ ਲਈ ਮਨੁੱਖ ਦੇ ਦਿਲ ਵਿੱਚ ਸਬਰ ਸੰਤੋਖ ਦੀ ਦੌਲਤ ਹੋਣੀ ਬਹੁਤ ਜ਼ਰੂਰੀ ਹੈ। ਬਾਹਰੀ ਦੌਲਤ ਨਾਲ ਤਾਂ ਕੋਈ ਵੀ ਸੇਵਾ ਕਰ ਲੈਂਦਾ ਹੈ ਪਰ ਹੱਥੀਂ ਸੇਵਾ ਉਹੋ ਹੀ ਕਰਦਾ ਹੈ ਜਿਸ 'ਤੇ ਸਾਹਿਬ ਜੀ ਦੀ ਦਇਆਲਤਾ ਹੋਵੇ।

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥**

{ਅੰ: ੪੭੧}

'ਭਗਤ ਜੀ ਤੇੜ ਕਛਹਿਰਾ, ਆਪਣੇ ਦੁਆਲੇ ਖੇਸੀ, ਪੈਰੀਂ ਖੜਾਵਾਂ ਤੇ ਸਿਰ 'ਤੇ ਸਾਦੀ ਜਿਹੀ ਪੱਗ ਬੰਨ੍ਹਦੇ ਸਨ। ਹੁਣ ਤਾਂ ਕਈ ਦਿਨਾਂ ਤੋਂ ਉਹ ਵੀ ਨਹੀਂ ਸੀ। ਆਪਣੇ ਆਪ ਦੀ ਸੇਵਾ ਸੰਭਾਲ ਕਰਨ ਦਾ ਤਾਂ ਸਮਾਂ ਹੀ ਨਹੀਂ ਸੀ। ਇਸ ਕਰਕੇ ਕੇਸ ਵੀ ਜਟਾਵਾਂ ਬਣ ਗਏ ਸਨ। ਮਲ-ਮੂਤਰ ਵਾਲੇ ਕੱਪੜੇ ਧੋਣ ਤੋਂ ਮਗਰੋਂ ਕੈਂਪ ਵਿੱਚ ਆਏ ਇਨ੍ਹਾਂ ਲੋਕਾਂ ਲਈ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਵੀ ਕਰਨਾ ਹੁੰਦਾ ਸੀ। ਭਗਤ ਜੀ ਨੇ ਗਲ ਵਿੱਚ ਇੱਕ ਟੱਲੀ ਪਾਈ ਹੁੰਦੀ ਸੀ।



ਹਰੇਕ ਬੂਹੇ 'ਤੇ ਜਾ ਕੇ ਉਹ ਟੱਲੀ ਖੜਕਾ ਦਿੰਦੇ ਸਨ। ਹੱਥ ਵਿੱਚ ਬਾਟਾ ਫੜਿਆ ਹੁੰਦਾ ਸੀ, ਟੱਲੀ ਵਜਾ ਕੇ ਬਾਟਾ ਅੱਗੇ ਕਰ ਦਿੰਦੇ ਸਨ। ਜਦੋਂ ਮਨੁੱਖ ਮਨ ਚਿੱਤ ਕਰਕੇ ਗੁਰਬਾਣੀ ਪੜ੍ਹਦਾ ਹੈ ਤਾਂ ਗੁਰਬਾਣੀ ਉਸ ਦੇ ਮਨ 'ਤੇ ਅਸਰ ਕਰਦੀ ਹੈ। ਇਸ ਨਾਲ ਮਨੁੱਖ ਦੀ ਜੀਵਨ ਸ਼ੈਲੀ ਹੀ ਬਦਲ ਜਾਂਦੀ ਹੈ। ਉਹ ਹਾਕਮੀ ਬ੍ਰਿਤੀ ਦਾ ਖ਼ਿਆਲ ਛੱਡ ਕੇ ਆਪਣੇ ਆਪ ਨੂੰ ਕਰਤੇ ਪੁਰਖ ਦੀ ਚਾਕਰੀ ਕਰਨ ਵਾਲਾ ਖ਼ਾਦਿਮ ਬਣ ਜਾਂਦਾ ਹੈ। ਉਸ ਦੇ ਮਨ ਵਿੱਚੋਂ ਗਿਲਾਨੀ ਤੇ ਹੰਗਤਾ ਆਦਿਕ ਉੱਕਾ ਹੀ ਖ਼ਤਮ ਹੋ ਜਾਂਦੇ ਹਨ। ਗੁਰਬਾਣੀ ਦੇ ਅਸਰ ਨਾਲ ਮਨੁੱਖਾ ਦਿਲ ਦਰਵਾਨੀ ਕਰਨ ਵਾਲਾ ਦਰਵੇਸ਼ ਬਣ ਜਾਂਦਾ ਹੈ। ਪਾਵਨ ਬਚਨ ਹਨ:

**ਐਸਾ ਗਿਆਨੁ ਜਪਹੁ ਮਨ ਮੇਰੇ॥**
**ਹੋਵਹੁ ਚਾਕਰ ਸਾਚੇ ਕੇਰੇ॥ਰਹਾਉ॥**
**ਗਿਆਨੁ ਧਿਆਨੁ ਸਭੁ ਕੋਈ ਰਵੈ॥**
**ਬਾਂਧਨਿ ਬਾਂਧਿਆ ਸਭੁ ਜਗੁ ਭਵੈ॥**
**ਸੇਵਾ ਕਰੇ ਸੁ ਚਾਕਰੁ ਹੋਇ॥**
**ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ॥**
**ਹਮ ਨਹੀ ਚੰਗੇ ਬੁਰਾ ਨਹੀ ਕੋਇ॥**
**ਪ੍ਰਣਵਤਿ ਨਾਨਕੁ ਤਾਰੇ ਸੋਇ॥** {ਅੰ:੭੨੮}

ਭਗਤ ਪੂਰਨ ਸਿੰਘ ਜੀ ਨੇ ਬਹੁਤਾ ਸਮਾਂ ਲਾਹੌਰ ਗੁਜ਼ਾਰਿਆ ਸੀ। ਇਸ ਕਰਕੇ ਉੱਥੇ ਤਾਂ ਲੋਕਾਂ ਨੂੰ ਭਗਤ ਜੀ ਬਾਰੇ ਪਤਾ ਲੱਗ ਗਿਆ ਸੀ, ਪਰ ਇੱਥੇ ਅੰਮ੍ਰਿਤਸਰ ਸਾਹਿਬ ਵਿੱਖੇ ਹਾਲੇ ਨਵੇਂ ਹੀ ਸਨ। ਦੂਜਾ ਲੋਕ ਆਪ ਵੀ ਮੁਸੀਬਤਾਂ ਵਿੱਚੋਂ ਨਿਕਲੇ ਸਨ। ਭਗਤ ਜੀ ਨੂੰ ਨਾ ਜਾਣਨ ਵਾਲੇ ਲੋਕਾਂ ਨੇ ਕਿਸੇ ਨੇ ਕੁਝ ਕਹਿਣਾ ਕਿਸੇ ਨੇ ਕੁਝ ਕਹਿਣਾ, ਪਰ ਭਗਤ ਜੀ ਨੇ ਤਾਂ ਆਪਣਾ ਆਪ ਹੀ ਗੁਰੂ ਸਾਹਿਬ ਜੀ ਨੂੰ ਸਮਰਪਿਤ ਕੀਤਾ ਹੋਇਆ ਸੀ। ਇਸ ਕਰਕੇ ਲੋਕਾਂ ਦੀਆਂ ਗੱਲਾਂ ਦਾ ਉਨ੍ਹਾਂ 'ਤੇ ਕੋਈ ਅਸਰ ਨਹੀ ਹੁੰਦਾ ਸੀ। ਇੱਕ ਵਾਰੀ ਇੱਕ ਬੀਬੀ ਨੇ ਕਾਫ਼ੀ ਕਠੋਰ ਬੋਲ ਬੋਲੇ ਸਨ। ਉਹ ਕਹਿਣ ਲੱਗੀ ਕਿ ਤੂੰ ਜੁਆਨ ਹੈਂ, ਸਿਆਣਾ ਲੱਗਦਾ ਹੈਂ, ਫਿਰ ਮੰਗ ਕੇ ਕਿਉਂ ਖਾਂਦਾ ਹੈਂ, ਕੋਈ ਕੰਮ ਕਿਉਂ ਨਹੀਂ ਕਰਦਾ? ਤੈਨੂੰ ਨਹੀਂ ਪਤਾ ਕਿ ਸਿਆਣੇ ਕਹਿੰਦੇ ਹਨ ਕਿ ਮੰਗਣ ਗਿਆ ਸੋ ਮਰ ਗਿਆ ਮੰਗਣ ਮੂਲ ਨਾ ਜਾ। ਭਗਤ ਜੀ ਨੇ ਬੜੇ ਠਰ੍ਹੰਮੇ ਨਾਲ ਬੀਬੀ ਜੀ ਦੀ ਗੱਲ ਸੁਣੀ ਤੇ ਪਿਆਰ ਨਾਲ ਕਹਿਣ ਲੱਗੇ ਬੀਬੀ ਜੀ! ਜੇ (ਮੈਂ) ਮੰਗਣ ਵਾਲਾ ਮਰ ਗਿਆ ਤਾਂ ਕੋਈ ਨਹੀਂ, ਪਰ ਜਿਨ੍ਹਾਂ ਦੀ ਖ਼ਾਤਰ ਮੈਂ ਮੰਗਦਾ ਹਾਂ ਉਨ੍ਹਾਂ ਦਾ ਕੀ ਕਰੀਏ? ਮੈਂ ਬੀਬੀ ਜੀ ਆਪਣੇ ਲਈ ਨਹੀਂ ਬਲਕਿ ਉਨ੍ਹਾਂ ਲਈ ਮੰਗਦਾ ਹਾਂ ਜਿਹੜੇ ਆਪਣੇ ਲਈ ਮੰਗ ਵੀ ਨਹੀਂ ਸਕਦੇ। ਮੈਂ ਤਾਂ ਰੱਬ ਦਾ ਸ਼ੁਕਰ ਕਰਦਾ ਹਾਂ ਕਿ ਮੈਂ ਮੰਗਣ ਜੋਗਾ ਤਾਂ ਹਾਂ, ਉਨ੍ਹਾਂ ਵੱਲ ਦੇਖੀਏ ਜਿਹੜੇ ਅਪਾਹਿਜ ਲੋਕ ਹਨ ਤੇ ਮੰਗ ਕੇ ਵੀ

ਨਹੀਂ ਖਾ ਸਕਦੇ। ਜੇਕਰ ਮੈਂ ਨਹੀਂ ਮੰਗਾਂਗਾ ਤਾਂ ਉਹ ਵਿਚਾਰੇ ਤੜਫ-ਤੜਫ ਕੇ ਮਰ ਜਾਣਗੇ। ਇਸ ਕਰਕੇ ਮੈਂ ਹੀ ਮਰ ਜਾਂਦਾ ਹਾਂ, ਪਰ ਉਨ੍ਹਾਂ ਨੂੰ ਮੈਂ ਮਰਨ ਨਹੀਂ ਦੇਣਾ ਚਾਹੁੰਦਾ। ਬੀਬੀ ਨੇ ਪ੍ਰਸ਼ਾਦਾ ਵੀ ਦਿੱਤਾ ਤੇ ਆਪਣੀ ਭੁੱਲ ਦੀ ਖਿਮਾ ਵੀ ਮੰਗੀ।'{ਉਹੀ ਪੰਨਾ ੭੩}

**ਭਗਤ ਜੀ ਦੀ ਸੇਵਾ ਦੀ ਤਸਵੀਰ ਇੱਕ ਵਿਚਾਰ ਵਿੱਚੋਂ ਲੱਭਦੇ ਹਾਂ।**

'ਇੱਕ ਪਾਦਰੀ ਕਿਸੇ ਕੋਲੋਂ ਗ਼ਰੀਬਾਂ ਲਈ ਕੁਝ ਮੰਗਣ ਗਿਆ। ਉਹ ਬੰਦਾ ਕੰਜੂਸ ਬ੍ਰਿਤੀ ਦਾ ਸੀ। ਉਸ ਨੇ ਪਾਦਰੀ ਨੂੰ ਕਾਫ਼ੀ ਗਾਲੀ ਗਲੋਚ ਕੀਤਾ, ਮੰਦੇ ਚੰਗੇ ਤੇ ਕਠੋਰ ਸ਼ਬਦ ਬੋਲੇ। ਪਾਦਰੀ ਸਭ ਕੁਝ ਨੀਵੀਂ ਪਾ ਕੇ ਸੁਣਦਾ ਰਿਹਾ। ਜਦੋਂ ਉਹ ਕੰਜੂਸ ਬੰਦਾ ਮੰਦਾ ਚੰਗਾ ਬੋਲ ਕੇ ਹਟ ਗਿਆ ਤਾਂ ਪਾਦਰੀ ਨੇ ਪਿਆਰ ਨਾਲ ਆਪਣੀ ਝੋਲੀ ਅੱਡ ਕੇ ਕਿਹਾ ਕਿ ਸੇਠ ਜੀ ਤੁਸੀਂ ਹੁਣ ਤਕ ਜੋ ਕੁਝ ਦਿੱਤਾ ਹੈ ਉਹ ਤਾਂ ਸਭ ਕੁਝ ਮੇਰੇ ਲਈ ਹੀ ਸੀ ਪਰ ਹੁਣ ਜਿਨ੍ਹਾਂ ਗ਼ਰੀਬਾਂ ਲਈ ਮੈਂ ਮੰਗਣ ਆਇਆ ਹਾਂ ਉਨ੍ਹਾਂ ਲਈ ਵੀ ਕੁਝ ਦੇ ਦਿਓ। ਇਹ ਸੁਣ ਕੇ ਉਸ ਸੇਠ ਨੇ ਖੁੱਲ੍ਹ ਕੇ ਮਦਦ ਕੀਤੀ ਸੀ।'{ਡਾ. ਨਰਿੰਦਰ ਸਿੰਘ ਕਪੂਰ, ਖਿੜਕੀਆਂ, ਲੋਕ ਗੀਤ ਪ੍ਰਕਾਸ਼ਨ ਸੈਕਟਰ ੩੪ ਚੰਡੀਗੜ੍ਹ, ਪੰਨਾ ੪੭}। ਭਗਤ ਪੂਰਨ ਸਿੰਘ ਜੀ ਇਸ ਤਰ੍ਹਾਂ ਗ਼ਰੀਬਾਂ ਅਨਾਥਾਂ ਲਈ ਆਪਣੇ ਆਪ ਦੇ ਤਨ 'ਤੇ ਹੀ ਨਹੀਂ ਸਗੋਂ ਮਨ 'ਤੇ ਲੋਕਾਂ ਦੇ ਕਠੋਰ ਬਚਨਾਂ ਦੀਆਂ ਸੱਟਾਂ ਸਹਾਰ ਲੈਂਦੇ ਸਨ। ਭਗਤ ਜੀ ਦੇ ਜੀਵਨ ਤੋਂ ਕ੍ਰੋਧ ਹਮੇਸ਼ਾਂ ਦੂਰ-ਦੂਰ ਰਹਿੰਦਾ ਸੀ। ਉਨ੍ਹਾਂ ਨੇ ਕੱਪੜੇ ਹੀ ਗ਼ਰੀਬਾਂ ਵਾਂਗ ਨਹੀਂ ਪਾਏ ਹੋਏ ਸਨ ਬਲਕਿ ਆਪਣੇ ਸ਼ੁੱਭ ਗੁਣਾਂ ਦੀ ਰਾਖੀ ਵੀ ਨਿਮਰਤਾ ਨੂੰ ਬਿਠਾਇਆ ਹੋਇਆ ਸੀ। ਉਹ ਤਾਂ ਪਹਿਲਾਂ ਹੀ ਮਰਣ ਕਬੂਲ ਕਰਕੇ ਤੇ ਸਭਨਾਂ ਕੀ ਰੇਣੁਕਾ ਹੋ ਕੇ ਸਿੱਖੀ ਦੀ ਕਾਰ ਕਮਾਈ ਕਰ ਰਹੇ ਸਨ। ਲੋਕੀਂ ਤਾਂ ਕਿਸੇ ਪਦਵੀਆਂ ਲਈ ਭੱਜ ਦੌੜ ਕਰਦੇ ਹਨ ਪਰ ਇਨ੍ਹਾਂ ਨੇ ਤਾਂ ਆਪਣੇ ਆਪ ਨੂੰ ਦੁਨਿਆਵੀ ਖ਼ਾਹਸ਼ਾਂ ਵੱਲੋਂ ਮਾਰ ਲਿਆ ਸੀ। ਇਸ ਮਾਨਵ ਬਸਤੀ ਦਾ ਉਹ ਮਨੁੱਖ ਪ੍ਰਧਾਨ ਹੁੰਦਾ ਹੈ ਜਿਹੜਾ ਇੱਕ ਸਾਈਂ ਨਾਲ ਆਪਣੀ ਪਾਕ ਮੁਹੱਬਤ ਪਾ ਲੈਂਦਾ ਹੈ। ਆਮ ਲੋਕੀਂ ਤਾਂ ਗੁਰਬਾਣੀ ਦੇ ਅਰਥ ਆਪਣੀ ਜ਼ਬਾਨੀ ਜਾਂ ਕਲਮਾਂ ਨਾਲ ਕਰਦੇ ਹਨ ਪਰ ਭਗਤ ਜੀ ਨੇ ਗੁਰਬਾਣੀ ਦੇ ਅਰਥ ਆਪਣੀ ਕਰਣੀ ਨਾਲ ਕੀਤੇ ਸਨ।

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥**
**ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ॥**
**ਜਿਨਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥**

{ਅੰਗ ੧੧੦੨}



ਇਸ ਤਰ੍ਹਾਂ ਭਗਤ ਜੀ ਨੂੰ ਦੇਖ ਕੇ ਬਹੁਤ ਲੋਕ ਭੁਲੇਖਾ ਖਾ ਜਾਂਦੇ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਇਸ ਨੌਜੁਆਨ ਦੀ ਉਮਰ ਤਾਂ ਜੁਆਨੀ ਦੀ ਹੈ, ਪਰ ਇਸ ਉਮਰ ਵਿੱਚ ਮੰਗ ਕੇ ਕਿਉਂ ਖਾਂਦੇ ਹਨ? ਭਗਤ ਜੀ ਨੇ ਇੱਕ ਵਾਰੀ ਪ੍ਰਤਾਪ ਸਿੰਘ ਕੈਰੋਂ ਨੂੰ ਜਾਂਦਿਆਂ ਤੱਕ ਕੇ ਮੰਗਿਆ ਤਾਂ ਪ੍ਰਤਾਪ ਸਿੰਘ ਕੈਰੋਂ ਨੇ ਵੀ ਕਹਿ ਦਿੱਤਾ ਸੀ ਕਿ ਜੁਆਨਾ ਤੇਰੀ ਚੰਗੀ ਭਲੀ ਸਿਹਤ ਹੈ ਤੇ ਤੂੰ ਕਮਾਈ ਕਰਕੇ ਖਾਹ, ਮੰਗਦਾ ਕਿਉਂ ਹੈ? ਭਗਤ ਜੀ ਨੇ ਉਸ ਨੂੰ ਵੀ ਪਿਆਰ ਨਾਲ ਹੀ ਕਿਹਾ ਸੀ ਕਿ ਮੈਂ ਆਪਣੇ ਲਈ ਨਹੀਂ ਮੰਗਦਾ ਬਲਕਿ ਉਨ੍ਹਾਂ ਲਈ ਮੰਗਦਾ ਹਾਂ ਜਿਹੜੇ ਕਮਾ ਕੇ ਖਾਣਾ ਤਾਂ ਬਹੁਤ ਦੂਰ ਦੀ ਗੱਲ ਹੈ, ਪਰ ਉਹ ਤਾਂ ਆਪਣੇ ਲਈ ਮੰਗ ਕੇ ਵੀ ਨਹੀਂ ਖਾ ਸਕਦੇ। ਕੁਝ ਸਮੇਂ ਤੋਂ ਮਗਰੋਂ ਜਦੋਂ ਕੈਰੋਂ ਨੂੰ ਭਗਤ ਜੀ ਦੀ ਸ਼ਖ਼ਸੀਅਤ ਦਾ ਪਤਾ ਲੱਗਾ ਕਿ ਇਹ ਤਾਂ ਮੰਗਤਾ ਨਹੀਂ ਸਗੋਂ ਇਨਸਾਨੀਅਤ ਦਾ ਦੇਵਤਾ ਹੈ ਤਾਂ ਉਹ ਬਹੁਤ ਪਛਤਾਏ ਸਨ। ਕਈ ਵਾਰੀ ਮਨੁੱਖ ਕਿਸੇ ਦੇ ਕੌੜੇ ਬਚਨ ਸੁਣ ਕੇ ਜੇ ਕੁਝ ਕਰ ਨਹੀਂ ਸਕਦਾ ਤਾਂ ਮਨ ਵਿੱਚ ਈਰਖਾ ਜ਼ਰੂਰ ਰੱਖ ਲੈਂਦਾ ਹੈ; ਪਰ ਭਗਤ ਜੀ ਤਾਂ ਰੱਬੀ ਪਿਆਰ ਵਿੱਚ ਘੜੀ ਹੋਈ ਸ਼ਖ਼ਸੀਅਤ ਸਨ। ਉਨ੍ਹਾਂ 'ਤੇ ਅਜਿਹੀਆਂ ਗੱਲਾਂ ਦਾ ਅਸਰ ਹੀ ਨਹੀਂ ਸੀ ਹੁੰਦਾ। ਅਜਿਹੇ ਲੋਕਾਂ ਲਈ ਸਗੋਂ ਰੱਬ ਦੇ ਦਰ ਤੋਂ ਭਲਾ ਹੀ ਮੰਗਦੇ ਸਨ।

**ਜ਼ਮੀਰ ਦੀ ਅਵਾਜ਼**

'ਸ਼ਰਨਾਰਥੀ ਕੈਂਪ ਵਿੱਚ ਹੀ ਇੱਕ ਬਜ਼ੁਰਗ ਖ਼ਾਲਸਾ ਕਾਲਜ ਦੇ ਬਾਹਰ ਇੱਕ ਰੁੱਖ ਦੀ ਛਾਂ ਥੱਲੇ ਪਿਆ ਸੀ। ਦੇਖਣ ਨੂੰ ਇਹ ਕੋਈ ਵਿਦਵਾਨ ਬ੍ਰਾਹਮਣ ਲੱਗਦਾ ਸੀ। ਇਸ ਦੀ ਹਾਲਤ ਵੀ ਕਾਫ਼ੀ ਨਾਜ਼ਕ ਜਿਹੀ ਹੀ ਸੀ। ਇਸ ਬਜ਼ੁਰਗ ਨੂੰ ਆਸੇ-ਪਾਸੇ ਦੇਖਦੇ ਨੂੰ ਭਗਤ ਜੀ ਨੇ ਜਾ ਕੇ ਪੁੱਛਿਆ ਕਿ ਬਾਬਾ ਜੀ ਕੀ ਚਾਹੀਦਾ ਹੈ? ਉਸ ਬਜ਼ੁਰਗ ਨੇ ਆਪਣੇ ਕੋਲੋਂ ਦੋ ਰੁਪਏ ਦਾ ਨੋਟ ਦੇ ਕੇ ਕਿਹਾ ਕਿ ਮੇਰਾ ਮਨ ਕਾਹਲਾ ਜਿਹਾ ਪੈਂਦਾ ਹੈ, ਇਸ ਕਰਕੇ ਮੈਨੂੰ ਕਿੱਧਰੇ ਤੋਂ ਸ਼ਰਬਤ ਦਾ ਗਿਲਾਸ ਲਿਆ ਦਿਓ। ਭਗਤ ਜੀ ਨੇ ਪੁਤਲੀ ਘਰ ਤੋਂ ਜਾ ਕੇ ਸ਼ਰਬਤ ਲਿਆ ਕੇ ਦੇ ਦਿੱਤਾ। ਬਜ਼ੁਰਗ ਦੀ ਹਾਲਤ ਸਿਹਤ ਪੱਖੋਂ ਬਹੁਤ ਪਤਲੀ ਹੀ ਸੀ, ਪਰ ਉਸ ਦੇ ਚਿਹਰੇ ਦੀ ਤਸਵੀਰ ਇਹ ਦੱਸਦੀ ਸੀ ਕਿ ਇਸ ਦੇ ਕੋਲ ਮਾਇਆ ਦਾ ਖੁੱਲ੍ਹਾ ਗੱਫਾ ਹੈ। ਇਹ ਦੇਖ ਕੇ ਭਗਤ ਜੀ ਨੇ ਕਿਹਾ ਕਿ ਬਾਬਾ ਜੀ ਜੇਕਰ ਤੁਹਾਡੇ ਕੋਲ ਕੁਝ ਪੈਸੇ ਹਨ ਤਾਂ ਮੈਨੂੰ ਦੇ ਦਿਓ, ਕਿਉਂਕਿ ਮੈਂ ਇਨ੍ਹਾਂ ਪੈਸਿਆਂ ਨਾਲ ਬਾਕੀ ਹੋਰ ਅਪਾਹਿਜਾਂ ਦੀ ਸੇਵਾ ਕਰਨੀ ਚਾਹੁੰਦਾ ਹਾਂ। ਉਸ ਬਜ਼ੁਰਗ ਨੇ ਪੈਸਿਆਂ ਤੋਂ ਤਾਂ ਜਵਾਬ ਦੇ ਦਿੱਤਾ ਪਰ ਕੁਝ ਸਮਾਨ ਦੇ ਦਿੱਤਾ, ਜਿਹੜਾ ਕਰੀਬ ਅੱਸੀ ਕੁ ਰੁਪਏ ਦਾ ਹੋਵੇਗਾ। ਉਸ ਵਿੱਚ ਕੁਝ ਪਿੱਤਲ ਦੇ ਭਾਂਡੇ ਤੇ ਇੱਕ ਗੁਰਗਾਬੀ ਸੀ।

ਭਗਤ ਜੀ ਹਰ ਰੋਜ਼ ਸਾਰਿਆਂ ਦੀ ਖ਼ਬਰਸਾਰ ਤਾਂ ਲੈਣ ਜਾਂਦੇ ਹੀ ਸਨ ਤੇ ਨਾਲ ਹੀ ਜੇ ਕੋਈ ਹੋਰ ਸੇਵਾ ਹੁੰਦੀ ਸੀ ਤਾਂ ਉਹ ਵੀ ਕਰਦੇ ਸਨ। ਸੋ ਭਗਤ

ਜੀ ਉਸ ਬਿਮਾਰ ਬਾਬਾ ਜੀ ਦੀ ਖ਼ਬਰ ਲੈਣ ਗਏ। ਜਦੋਂ ਕੋਲ ਗਏ ਤਾਂ ਪਤਾ ਲੱਗਾ ਕਿ ਬਾਬਾ ਜੀ ਉਸ ਦਿਨ ਚੜ੍ਹਾਈ ਕਰ ਗਏ ਸਨ। ਭਗਤ ਜੀ ਨੂੰ ਇਹ ਸ਼ੱਕ ਤਾਂ ਪਹਿਲਾਂ ਹੀ ਸੀ ਕਿ ਇਸ ਬਾਬਾ ਜੀ ਕੋਲ ਪੈਸੇ ਹੋਣਗੇ ਪਰ ਇਹ ਮੇਰੇ ਤੇ ਇਤਬਾਰ ਨਾ ਹੋਣ ਕਰਕੇ ਦੇ ਨਹੀਂ ਰਹੇ ਸਨ। ਭਗਤ ਜੀ ਨੇ ਸੋਚਿਆ ਕਿ ਇਹ ਬਾਬਾ ਜੀ ਤਾਂ ਹੁਣ ਸੰਸਾਰੋਂ ਚਲੇ ਗਏ ਹਨ। ਮੈਨੂੰ ਆਪਣਾ ਸ਼ੱਕ ਵੀ ਦੂਰ ਕਰ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਕੋਲ ਪੈਸੇ ਹੈ ਨੇ ਜਾਂ ਨਹੀਂ। ਜੇਕਰ ਇਹ ਪੈਸੇ ਹੋਏ ਤਾਂ ਹੋਰ ਕੋਈ ਕੱਢ ਲਵੇਗਾ। ਜੇਕਰ ਮੈਂ ਇਹ ਪੈਸੇ ਦੇਖ ਕੇ ਰੱਖ ਲੈਂਦਾ ਹਾਂ ਤਾਂ ਇਨ੍ਹਾਂ ਨਾਲ ਅਪਾਹਿਜ ਤੇ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰ ਸਕਦਾ ਹਾਂ। ਮੇਰੇ ਕੋਲ ਤਾਂ ਪੈਸੇ ਨਹੀਂ ਹਨ ਤੇ ਇਨ੍ਹਾਂ ਅਪਾਹਿਜਾਂ ਦੀ ਸੇਵਾ ਸੰਭਾਲ ਲਈ ਪੈਸੇ ਚਾਹੀਦੇ ਵੀ ਜ਼ਰੂਰੀ ਹਨ। ਸੋ ਮੈਂ ਇਨ੍ਹਾਂ ਦੀਆਂ ਜੇਬਾਂ ਫੋਲ ਲਵਾਂ, ਪਰ ਉਸ ਵਕਤ ਹੀ ਖ਼ਿਆਲ ਆ ਗਿਆ ਕਿ ਜੇ ਤਾਂ ਇਹ ਪੈਸੇ ਮੈਨੂੰ ਬਾਬਾ ਜੀ ਆਪਣੇ ਜਿਊਂਦੇ ਜੀਅ ਦੇ ਜਾਂਦੇ ਤਾਂ ਗੱਲ ਵੱਖਰੀ ਸੀ ਪਰ ਇਸ ਤਰ੍ਹਾਂ ਪੈਸੇ ਕੱਢਣ ਨਾਲ ਇਹ ਮੇਰੇ ਨਹੀਂ ਹੋ ਸਕਦੇ। ਦੂਜਾ ਮੇਰੇ ਇਸ ਤਰ੍ਹਾਂ ਜੇਬ ਵਿੱਚੋਂ ਹੱਥ ਪਾ ਕੇ ਪੈਸੇ ਕੱਢਣ ਨਾਲ ਜੇ ਮੈਨੂੰ ਕਿਸੇ ਨੇ ਦੇਖ ਲਿਆ ਤਾਂ ਉਹ ਮੈਨੂੰ ਵੀ ਚੋਰ ਸਮਝੇਗਾ, ਜਿਸ ਨਾਲ ਮਾਮਲਾ ਕਾਫ਼ੀ ਵਿਗੜ ਸਕਦਾ ਹੈ।

ਕਰੀਬ ਪੰਦਰਾਂ ਕੁ ਮਿੰਟਾਂ ਦੀ ਵਿਚਾਰਾਂ ਦੀ ਕਸ਼ਮਕਸ਼ ਹੋਈ, ਫਿਰ ਭਗਤ ਜੀ ਨੇ ਇਹ ਫ਼ੈਸਲਾ ਲੈ ਹੀ ਲਿਆ। ਭਗਤ ਜੀ ਨੇ ਉਸ ਦੀ ਜੇਬ ਵਿੱਚ ਹੱਥ ਪਾ ਲਿਆ। ਭਗਤ ਜੀ ਦਾ ਅੰਦਾਜ਼ਾ ਸਹੀ ਨਿਕਲਿਆ। ਉਸ ਬੁੱਢੇ ਦੀ ਜੇਬ ਵਿੱਚੋਂ ਸੌ ਸੌ ਦੇ ਬਾਰਾਂ ਨੋਟ ਨਿਕਲੇ। ਇੱਕ ਕਾਗ਼ਜ਼ਾਂ ਦਾ ਪਿੰਨਾ ਜਿਹਾ ਨਿਕਲਿਆ। ਭਗਤ ਜੀ ਨੇ ਇਹ ਪਿੰਨਾ ਜਿਹਾ ਤਾਂ ਪਰ੍ਹੇ ਸੁੱਟ ਦਿੱਤਾ ਤੇ ਇਹ ਬਾਰਾਂ ਸੌ ਰੁਪਏ ਸਾਂਭ ਲਏ। ਕੁਝ ਸਮੇਂ ਮਗਰੋਂ ਆਪੇ ਹੀ ਖ਼ਿਆਲ ਆ ਗਿਆ ਕਿ ਮੈਨੂੰ ਇਹ ਪਿੰਨਾ ਵੀ ਦੇਖ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਜਦੋਂ ਉਹ ਕਾਗ਼ਜ਼ਾਂ ਦਾ ਪਿੰਨਾ ਜਿਹਾ ਖੋਲ੍ਹਿਆ ਤਾਂ ਉਸ ਵਿੱਚੋਂ ਵੀ ਦਸ ਦਸ ਦੇ ਨੋਟ ਨਿਕਲੇ। ਇਹ ਪਿੰਨੇ ਵਾਲੇ ਵੀ ਪੰਜ ਸੌ ਰੁਪਈਏ ਸਨ। ਇਨ੍ਹਾਂ ਪੈਸਿਆਂ ਦੇ ਨਾਲ ਇਸ ਬਜ਼ੁਰਗ ਬਾਬਾ ਜੀ ਦਾ ਸਸਕਾਰ ਕੀਤਾ। ਇੱਕ ਹੋਰ ਬਜ਼ੁਰਗ ਬੁੱਢੀ ਵੀ ਚੜ੍ਹਾਈ ਕਰ ਗਈ ਸੀ, ਉਸ ਦਾ ਸਸਕਾਰ ਵੀ ਇਨ੍ਹਾਂ ਪੈਸਿਆਂ ਵਿੱਚੋਂ ਹੀ ਕੀਤਾ ਸੀ। ਇਸ ਤਰ੍ਹਾਂ ਕੁਝ ਹੋਰ ਰਲਾ ਮਿਲਾ ਕੇ ਖ਼ਰਚਾ ਕਰਨ ਤੋਂ ਮਗਰੋਂ ਬਾਕੀ ਸੋਲਾਂ ਸੌ ਸੱਤ੍ਹਰ ਰੁਪਏ ਭਗਤ ਜੀ ਦੇ ਕੋਲ ਸਨ। ਇਨ੍ਹਾਂ ਪੈਸਿਆਂ ਨੂੰ ਲੈ ਕੇ ਮਨ ਅੰਦਰ ਖ਼ਿਆਲਾਂ ਦਾ ਜੰਗ ਹਾਲੇ ਵੀ ਜ਼ਾਰੀ ਸੀ। ਇੱਕ ਪਾਸੇ ਖ਼ਿਆਲ ਸੀ ਕਿ ਇਨ੍ਹਾਂ ਪੈਸਿਆਂ ਨੂੰ ਤੈਨੂੰ ਨਹੀਂ ਵਰਤਣਾ ਚਾਹੀਦਾ। ਕਦੇ ਖ਼ਿਆਲ ਆਉਂਦਾ ਸੀ ਕਿ ਮੈਂ ਕਿਹੜਾ ਆਪਣੇ ਆਪ 'ਤੇ ਖ਼ਰਚ ਕਰਨੇ ਹਨ? ਇਨ੍ਹਾਂ ਗ਼ਰੀਬ ਅਪਾਹਿਜਾਂ 'ਤੇ ਹੀ ਤਾਂ ਖ਼ਰਚ ਕਰਨੇ ਹਨ । ਅੰਦਰੋਂ ਫਿਰ ਜ਼ਮੀਰ ਦੀ ਅਵਾਜ਼ ਆਉਂਦੀ ਸੀ ਕਿ ਭਗਤ ਪੂਰਨ



ਸਿੰਘਾ! ਇਹ ਤੇਰੀ ਪ੍ਰੀਖਿਆ ਦਾ ਸਮਾਂ ਹੈ। ਤੂੰ ਭਾਵੇਂ ਆਪਣੇ 'ਤੇ ਇਹ ਪੈਸੇ ਨਹੀਂ ਖ਼ਰਚ ਕਰਨੇ ਪਰ ਇਹ ਇਨ੍ਹਾਂ ਅਪਾਹਿਜਾਂ 'ਤੇ ਵੀ ਨਹੀਂ ਖ਼ਰਚਣੇ ਚਾਹੀਦੇ ਕਿਉਂਕਿ ਇਨ੍ਹਾਂ ਦੀ ਸੇਵਾ ਦਾ ਜ਼ਿੰਮਾ ਤੂੰ ਆਪ ਹੀ ਤਾਂ ਚੁੱਕਿਆ ਸੀ। ਇਸ ਕਰਕੇ ਤੇਰੀ ਜ਼ਿੰਮੇਵਾਰੀ ਹੈ। ਇਨ੍ਹਾਂ ਅਪਾਹਿਜਾਂ ਦਾ ਪ੍ਰਬੰਧ ਤਾਂ ਪੈਸੇ ਮੰਗ ਕੇ ਹੀ ਕਰਨਾ ਹੈ। ਪਰ ਇਹ ਪੈਸੇ ਵੀ ਕਿਸੇ ਲੋੜਵੰਦ ਨੂੰ ਦੇਣੇ ਚਾਹੀਦੇ ਹਨ। ਭਗਤ ਜੀ ਨੇ ਆਪਣੀ ਜ਼ਮੀਰ ਦੀ ਅਵਾਜ਼ ਦਾ ਫ਼ੈਸਲਾ ਮੰਨ ਲਿਆ ਤੇ ਇਹ ਪੈਸੇ ਆਪਣੇ ਨਾਲ ਦੇ ਇੱਕ ਸੇਵਾਦਾਰ ਮਹਿਤਾਬ ਸਿੰਘ ਦੇ ਪਰਿਵਾਰ ਨੂੰ ਦੇਣ ਦਾ ਮਨ ਬਣਾ ਲਿਆ। ਮਹਿਤਾਬ ਸਿੰਘ ਆਪਣੇ ਪਰਿਵਾਰ ਨੂੰ ਛੱਡ ਆਪ ਚੜ੍ਹਾਈ ਕਰ ਗਿਆ ਸੀ। ਮਹਿਤਾਬ ਸਿੰਘ ਦਾ ਪਰਿਵਾਰ ਕਾਨ੍ਹਪੁਰ ਰਹਿੰਦਾ ਸੀ। ਭਗਤ ਜੀ ਨੇ ਅੱਗੇ ਤੋਂ ਅੱਗੇ ਪਤਾ ਕਰਕੇ ਉਸ ਦੀ ਘਰਵਾਲੀ ਦੇ ਹੱਥ ਇਹ ਪੈਸੇ ਸੋਲਾਂ ਸੌ ਰੁਪਏ ਰੱਖ ਦਿੱਤੇ। ਉਸ ਨੂੰ ਕਿਹਾ ਸੀ ਕਿ ਇਨ੍ਹਾਂ ਪੈਸਿਆਂ ਨਾਲ ਆਪਣੇ ਬੱਚਿਆਂ ਦੀ ਥੋੜ੍ਹੀ ਬਹੁਤੀ ਦੇਖਭਾਲ ਕਰ ਲਵੇ। ਸੋਲਾਂ ਸੌ ਮਹਿਤਾਬ ਸਿੰਘ ਦੇ ਪਰਿਵਾਰ ਨੂੰ ਦੇ ਕੇ ਬਾਕੀ ਸੱਤ੍ਹਰ ਰੁਪਏ ਬਚੇ ਸਨ। ਇਹ ਵੀ ਭਗਤ ਜੀ ਨੇ ਆਪਣੇ ਪੁਰਾਣੇ ਸਾਥੀ ਭਾਈ ਨਰੈਣ ਸਿੰਘ ਨੂੰ ਪਰਿਵਾਰ ਦੇ ਖ਼ਰਚ ਲਈ ਦੇ ਦਿੱਤੇ।' {ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩) ਪੰਨੇ ੧੦੧ ਤੇ ੧੦੯}।

ਸੱਚ ਦੇ ਵਣਜਾਰੇ ਕਦੇ ਕੂੜ ਦੀ ਸੋਇ ਨਾਲ ਆਪਣੇ ਮਨ ਮੰਦਰ ਨੂੰ ਮੈਲਾ ਨਹੀਂ ਕਰਦੇ।

**ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ॥**
**ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ॥** {ਅੰ: ੫੨੨}

ਖ਼ਾਲਸਾ ਕਾਲਜ ਵਿੱਚ ਰਫ਼ਿਊਜੀ ਭਾਵੇਂ ਆ ਕੇ ਅੱਗੇ ਪਿੰਡਾਂ ਵਿੱਚ ਆਪਣਾ ਕੋਈ ਨਾ ਕੋਈ ਵਸੀਲਾ ਬਣਾ ਕੇ ਜਾਈ ਜਾ ਰਹੇ ਸਨ, ਪਰ ਹੋਰ ਰਫ਼ਿਊਜੀਆਂ ਦੇ ਆਉਣ ਨਾਲ ਗਿਣਤੀ ਤੇਈ ਹਜ਼ਾਰ ਤੋਂ ਲੈ ਕੇ ਪੰਝੀ ਹਜ਼ਾਰ ਦੇ ਵਿੱਚ-ਵਿੱਚ ਰਹਿੰਦੀ ਹੀ ਸੀ। ਭਗਤ ਜੀ ਦਿਨ ਰਾਤ ਸੇਵਾ ਵਿੱਚ ਹੀ ਰਹਿੰਦੇ ਸਨ। ਜਦੋਂ ਸਰੀਰ ਹੋਰ ਖੇਚਲ ਝੱਲਣ ਤੋਂ ਬਾਗ਼ੀ ਹੋ ਜਾਂਦਾ ਸੀ, ਤਾਂ ਹੀ ਕੁਝ ਸਮਾਂ ਕਿਸੇ ਥਾਂ 'ਤੇ ਅਰਾਮ ਕਰਦੇ ਸਨ, ਨਹੀਂ ਤਾਂ ਸੇਵਾ ਭਾਵਨਾ ਲਈ ਹਰ ਪਲ ਹੀ ਤਤਪਰ ਰਹਿੰਦੇ ਸਨ।

**ਦਰਦਿ ਦਿਲ ਕੇ ਵਾਸਤੇ ਪੈਦਾ ਕੀਆ ਇਨਸਾਨ ਕੋ,**
**ਵਰਨਾ ਤਾਇਤ ਕੇ ਲੀਏ ਕੁਛ ਕਮ ਨ ਥੇ ਕੱਰੂਬੀਆਂ।**

{ਪ੍ਰਿੰ: ਹਰਭਜਨ ਸਿੰਘ ਚੰਡੀਗੜ੍ਹ, ਸੁਖਨਹਾਏ ਦਾਨਸ਼ਮੰਦਾਂ}

ਰੱਬ ਨੇ ਕਿਸੇ ਦਾ ਦਰਦ ਵੰਡਾਉਣ ਲਈ ਹੀ ਇਨਸਾਨ ਨੂੰ ਪੈਦਾ ਕੀਤਾ ਹੈ ਵਰਨਾ ਤਾਰੀਫ਼ਾਂ ਕਰਨ ਲਈ ਤਾਂ ਫ਼ਰਿਸ਼ਤੇ ਹੀ ਬਹੁਤ ਸੀ।

## ਖ਼ਰਚ ਨਹੀਂ ਤਾਂ ਖੁਰਚਣ ਸਹੀ

ਭਗਤ ਜੀ ਨੇ ਆਪਣੀ ਜ਼ਮੀਰ ਦੀ ਅਵਾਜ਼ ਨਾਲ ਇਹ ਫ਼ੈਸਲਾ ਕਰ ਲਿਆ ਕਿ ਮੈਂ ਕਿਸੇ ਦੇ ਪੈਸੇ ਨਹੀਂ ਵਰਤਾਂਗਾ ਬਲਕਿ ਮੰਗ ਕੇ ਜਿਵੇਂ ਕਿਵੇਂ ਵੀ ਹੋਇਆ ਆਪਣਾ ਗੁਜ਼ਰ ਬਸਰ ਕਰਾਂਗਾ। 'ਭਗਤ ਜੀ ਦੇ ਨਾਲ ਇੱਕ ਬਜ਼ੁਰਗ ਪਾਕਿਸਤਾਨ ਤੋਂ ਹੀ ਆਇਆ ਸੀ। ਉਸ ਦੀ ਹਾਲਤ ਤਾਂ ਭਾਵੇਂ ਚੰਗੀ ਨਹੀਂ ਸੀ। ਉਸ ਬਜ਼ੁਰਗ ਨੂੰ ਹਰ ਰੋਜ਼ ਦੋ ਤਿੰਨ ਗਿਲਾਸ ਦੁੱਧ ਦੇ ਚਾਹੀਦੇ ਹੁੰਦੇ ਸਨ। ਭਗਤ ਜੀ ਕੋਲ ਪੈਸੇ ਵੀ ਨਹੀਂ ਸਨ ਤੇ ਦੁੱਧ ਵੀ ਹਰ ਰੋਜ਼ ਚਾਹੀਦਾ ਸੀ। ਭਗਤ ਜੀ ਤਾਂ ਹਰ ਇੱਕ ਦੀ ਤਨ ਮਨ ਨਾਲ ਸੇਵਾ ਕਰਦੇ ਸਨ। ਰੱਬੀ ਪਿਆਰ ਵਾਲੇ ਸਾਡੇ ਵਾਂਗ ਚਿੰਤਾ ਨਹੀਂ ਸਗੋਂ ਚਿੰਤਨ ਕਰਦੇ ਹਨ ਜਿਸ ਦਾ ਸਦਕਾ ਰੱਬ ਵੀ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ ਤੇ ਉਨ੍ਹਾਂ ਨੂੰ ਡੋਲਣ ਨਹੀਂ ਦਿੰਦਾ।

ਭਗਤ ਜੀ ਲਈ ਸਭ ਤੋਂ ਵੱਡੀ ਮੁਸੀਬਤ ਇਹ ਸੀ ਕਿ ਲੋੜਵੰਦ ਬਹੁਤ ਸਨ ਪਰ ਉਨ੍ਹਾਂ ਲਈ ਮੰਗ ਕੇ ਲਿਆਉਣ ਵਾਲਾ ਇੱਕੋ ਹੀ ਸੀ। ਇਸ ਕਰਕੇ ਉਨ੍ਹਾਂ ਨੂੰ ਲੰਮਾ-ਲੰਮਾ ਸਮਾਂ ਮੰਗਣਾ ਪੈਂਦਾ ਸੀ। ਆਮ ਲੋਕੀਂ ਭਗਤ ਜੀ ਦਾ ਪਹਿਰਾਵਾ ਦੇਖਕੇ ਇਹੋ ਹੀ ਅੰਦਾਜ਼ਾ ਲਾਈ ਜਾਂਦੇ ਸਨ ਕਿ ਇਹ ਆਪਣੇ ਲਈ ਹੀ ਮੰਗ ਰਹੇ ਹਨ। ਇਸ ਕਰਕੇ ਕਈ ਵਾਰੀ ਕੋਈ ਮੁਸ਼ਕਲ ਸਮਝਣ ਦੀ ਥਾਂ 'ਤੇ ਸਗੋਂ ਖ਼ਾਲੀ ਹੀ ਮੋੜ ਦਿੰਦਾ ਸੀ। ਉਨ੍ਹਾਂ ਦਿਨਾਂ ਵਿੱਚ ਖ਼ਾਲਸਾ ਕਾਲਜ ਵਿੱਚ ਖੇਤੀਬਾੜੀ ਦਾ ਦਫ਼ਤਰ ਵੀ ਆ ਗਿਆ। ਇਸ ਦਫ਼ਤਰ ਵਿੱਚ ਭਗਤ ਜੀ ਦਾ ਮਿੱਤਰ, ਸਰਦਾਰ ਗੁਰਬਚਨ ਸਿੰਘ ਕੰਮ ਕਰਦਾ ਸੀ। ਜਦੋਂ ਇਸ ਦਾ ਮਿਲਾਪ ਹੋਇਆ ਤਾਂ ਉਸ ਨੇ ਵੀ ਭਗਤ ਜੀ ਨੂੰ ਕੋਈ ਸੇਵਾ ਪੁੱਛੀ। ਭਗਤ ਜੀ ਤਾਂ ਹਰ ਬੰਦੇ ਨੂੰ ਝੱਟ ਦੇਖ ਲੈਂਦੇ ਸਨ ਕਿ ਕਿਸ ਕੋਲੋਂ ਕੀ ਸੇਵਾ ਲੈਣੀ ਹੈ। ਭਗਤ ਜੀ ਨੇ ਕਿਹਾ ਕਿ ਮੇਰਾ ਹੁਲੀਆ ਦੇਖ ਕੇ  ਕਈ ਲੋਕਾਂ ਨੂੰ ਮੇਰੀਆਂ ਗੱਲਾਂ ਤੇ ਯਕੀਨ ਨਹੀਂ ਹੁੰਦਾ। ਇੱਕ ਬਾਬਾ ਜੀ ਮੇਰੇ ਨਾਲ ਹੀ ਪਾਕਿਸਤਾਨੋਂ ਆਏ ਹਨ। ਉਨ੍ਹਾਂ ਦੀ ਹਾਲਤ ਵੀ ਪਤਲੀ ਹੈ ਤੇ ਉਸ ਨੂੰ ਦਿਨ ਵਿੱਚ ਦੋ ਤਿੰਨ ਗਿਲਾਸ ਦੁੱਧ ਦੇ ਚਾਹੀਦੇ ਹਨ। ਉਹ ਹੋਰ ਕੁਝ ਘੱਟ ਵੱਧ ਹੀ ਖਾਂਦੇ ਹਨ। ਮੈਂ ਜਦੋਂ ਕਿਸੇ ਕੋਲੋਂ ਉਸ ਬਾਬੇ ਲਈ ਦੁੱਧ ਮੰਗਦਾ ਹਾਂ ਤਾਂ ਲੋਕ ਸਮਝਦੇ ਹਨ ਕਿ ਮੈਂ ਆਪਣੇ ਲਈ ਹੀ ਮੰਗਦਾ ਹਾਂ। ਸੋ ਤੁਸੀਂ ਹੀ ਦੁਕਾਨ ਵਾਲੇ ਨੂੰ ਸਮਝਾ ਦਿਓ ਕਿ ਮੈਂ ਤਾਂ ਸੇਵਾ ਕਰਨ ਵਾਲਾ ਬੰਦਾ ਹਾਂ ਤੇ ਮੈਂ ਦੂਜਿਆਂ ਲਈ ਮੰਗਦਾ ਹਾਂ। ਖ਼ਾਲਸਾ ਕਾਲਜ ਦੇ ਗੇਟ ਅੱਗੇ ਦੋ ਹੀ ਦੁਕਾਨਾਂ ਸਨ। ਉਨ੍ਹਾਂ ਵਿੱਚ ਇੱਕ ਬੰਦੇ ਦਾ ਨਾਮ ਦਲੀਪ ਸਿੰਘ ਸੀ ਤੇ ਉਸ ਦਾ ਪਿਛੋਕੜ ਵੀ ਅਕਾਲੀਆਂ ਵਾਲਾ ਸੀ। ਸਰਦਾਰ ਗੁਰਬਚਨ ਸਿੰਘ ਨੇ ਦਲੀਪ ਸਿੰਘ ਨੂੰ ਭਗਤ ਜੀ ਬਾਰੇ ਸਾਰੀ ਗੱਲ ਸਮਝਾ ਦਿੱਤੀ । ਦਲੀਪ ਸਿੰਘ ਨੇ ਵੀ ਹੱਸ ਕੇ ਇਹ ਸੇਵਾ ਪ੍ਰਵਾਨ ਕਰ ਲਈ ਤੇ ਕਿਹਾ ਕਿ ਭਗਤ ਜੀ ਕੋਈ ਗੱਲ ਨਹੀਂ ਤੁਹਾਨੂੰ ਜਿੰਨਾ ਵੀ ਦੁੱਧ ਚਾਹੀਦਾ ਹੈ ਤੁਸੀਂ ਆ ਕੇ ਲੈ ਜਾਣਾ ਤੇ ਪੈਸਿਆਂ



ਦੀ ਜ਼ਰੂਰਤ ਨਹੀਂ ਹੈ।

ਭਗਤ ਜੀ ਹਰ ਰੋਜ਼ ਉਸ ਕੋਲੋਂ ਲਾਹੌਰੋਂ ਆਏ ਬਜ਼ੁਰਗ ਲਈ ਦੁੱਧ ਲੈ ਲੈਂਦੇ ਸਨ। ਸਾਰੇ ਪਾਸੇ ਬਹੁਤ ਕਹਿਰ ਵਰਤਿਆ ਹੋਇਆ ਸੀ। ਸ਼ਹਿਰ ਵੀ ਮਾਸਪੁਰੀ ਬਣੇ ਹੋਏ ਸਨ। ਚਾਰੇ ਪਾਸੇ ਹਾਹਾਕਾਰ ਜਿਹੀ ਮੱਚੀ ਹੋਈ ਸੀ। ਕੁਝ ਆਪਣਿਆਂ ਦੇ ਵਿਛੋੜਿਆਂ ਦੀਆਂ ਕਸਕਾਂ ਤੇ ਬਾਕੀ ਸਾਹਮਣੇ ਆਏ ਅਨੇਕਾਂ ਹੀ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਲੋਕ ਤਾਂ ਸਭ ਕੁਝ ਛੱਡ ਛੁਡਾ ਕੇ ਜਾਂ ਉੱਜੜ ਕੇ ਹੀ ਆਏ ਸਨ। ਇਸ ਕਰਕੇ ਉਨ੍ਹਾਂ ਦਿਨਾਂ ਵਿੱਚ ਲੰਗਰ ਵੀ ਆਮ ਹਾਲਤਾਂ ਵਰਗੇ ਨਹੀਂ ਸਨ। ਲੰਗਰ ਵਿੱਚ ਹਰ ਰੋਜ਼ ਹੀ ਸਾਬਤ ਮਸਰਾਂ ਦੀ ਦਾਲ ਬਣਦੀ ਰਹਿੰਦੀ ਸੀ। ਭਗਤ ਜੀ ਅਤੇ ਪਿਆਰਾ ਸਿੰਘ ਦੇ ਹਰ ਰੋਜ਼ ਹੀ ਇਹ ਦਾਲ ਖਾਣ ਨਾਲ ਮਿਹਦੇ ਵਿੱਚ ਖੁਸ਼ਕੀ ਪੈ ਗਈ, ਜਿਸ ਕਰਕੇ ਕਈ ਵਾਰੀ ਪ੍ਰਸ਼ਾਦਾ ਪਚਾਉਣਾ ਵੀ ਬਹੁਤ ਔਖਾ ਹੋ ਜਾਂਦਾ ਸੀ। ਇਸ ਖੁਸ਼ਕੀ ਨੂੰ ਦੂਰ ਕਰਨ ਲਈ ਭਗਤ ਜੀ ਨੇ ਆਪਣੇ ਨਾਲ ਲਿਆਂਦੇ ਹੋਏ ਇੱਕ ਰੁਪਈਆ ਪੰਜ ਆਨੇ ਵਿੱਚੋਂ ਪਕੌੜੇ ਲੈ ਕੇ ਖਾਧੇ ਤਾਂ ਕਿ ਮਿਹਦੇ ਦੀ ਖੁਸ਼ਕੀ ਮਿਟ ਸਕੇ। ਹਾਲੇ ਇਨ੍ਹਾਂ ਪੈਸਿਆਂ ਨਾਲ ਕੁਝ ਹੀ ਪਕੌੜੇ ਖਾਧੇ ਸਨ ਕਿ ਖ਼ਿਆਲ ਆਇਆ, ਪੂਰਨ ਸਿੰਘਾ! ਤੇਰਾ ਪਰਿਵਾਰ ਬਹੁਤ ਵੱਡਾ ਹੈ, ਕਿਸੇ ਨੂੰ ਵੀ ਕੋਈ ਮੁਸ਼ਕਲ ਬਣ ਸਕਦੀ ਹੈ ਤੇ ਤੇਰੇ ਕੋਲ ਪੈਸੇ ਵੀ ਇਹੋ ਹੀ ਹਨ। ਇਸ ਕਰਕੇ ਤੈਨੂੰ ਇਹ ਪਕੌੜੇ ਨਹੀਂ ਖਾਣੇ ਚਾਹੀਦੇ। ਉਨ੍ਹਾਂ ਨੇ ਆਪਣੇ ਪੈਸੇ ਕਿਸੇ ਹੋਰ ਦੇ ਕੰਮ ਆਉਣ ਲਈ ਬਚਾ ਲਏ ਤੇ ਆਪ ਤਕਲੀਫ਼ ਝੱਲ ਲਈ ਸੀ। ਇਤਨੇ ਕੁ ਪੈਸਿਆਂ ਨਾਲ ਵੀ ਸੇਵਾ ਦੀ ਭਾਵਨਾ ਸੀ। ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਇੱਕ ਅਰਦਾਸ ਕਰਿਆ ਕਰਦੇ ਸਨ ਕਿ ਹੇ ਰੱਬਾ! ਮੇਰੇ ਸਿੱਖ ਕੋਲ ਮਾਇਆ ਜੁੜੇ ਨਾ, ਕਿਸੇ ਕਾਰਜ ਵਿੱਚ ਥੁੜੇ ਨਾ ਤੇ ਸਿੱਖ ਦੇ ਘਰੋਂ ਕੋਈ ਲੋੜਵੰਦ ਭੁੱਖਾ ਮੁੜੇ ਨਾ।

ਭਗਤ ਜੀ ਦੁੱਧ ਲੈਣ ਤਾਂ ਦਲੀਪ ਸਿੰਘ ਦੀ ਦੁਕਾਨ 'ਤੇ ਜਾਂਦੇ ਹੀ ਸਨ। ਉਨ੍ਹਾਂ ਨੇ ਦੇਖਿਆ ਕਿ ਦੁੱਧ ਨੂੰ ਇੱਕ ਕੜਾਹੀ ਵਿੱਚ ਉਬਾਲ ਕੇ ਦੂਜੀ ਵਿੱਚ ਕੱਢ ਲੈਂਦੇ ਸਨ। ਜਿਸ ਕੜਾਹੀ ਵਿੱਚ ਦੁੱਧ ਉਬਾਲਿਆ ਹੁੰਦਾ ਹੈ ਉਸ ਨੂੰ ਕੁਝ ਦੁੱਧ, ਮਲਾਈ ਜਿਹੀ ਬਣ ਕੇ ਲੱਗ ਜਾਂਦਾ ਹੈ। ਜਿਸ ਨੂੰ ਖੁਰਚ ਖੁਰਚ ਕੇ ਲਾਹੁਣਾ ਪੈਂਦਾ ਹੈ। ਭਗਤ ਜੀ ਨੇ ਦੇਖਦੇ ਸਾਰ ਕਿਹਾ ਕਿ ਦਲੀਪ ਸਿੰਘ ਜੀ ਤੁਹਾਡੀਆਂ ਕੜਾਹੀਆਂ ਮੈਂ ਸਾਫ਼ ਕਰਿਆ ਕਰਾਂਗਾ। ਭਗਤ ਜੀ ਨੇ ਉਸ ਕੜਾਹੀ ਦੀ ਖੁਰਚਣ ਨਾਲ ਇੱਕ ਡੂੰਨਾ ਜਿਹਾ ਭਰ ਲੈਣਾ ਤੇ ਕੁਝ ਦਿਨ ਆਪਣੇ ਨਾਲ ਪਿਆਰੇ ਨੂੰ ਵੀ ਪ੍ਰਸ਼ਾਦਾ ਇਸ ਦੇ ਨਾਲ ਹੀ ਛਕਾਇਆ ਜਿਸ ਨਾਲ ਮਿਹਦੇ ਦੀ ਖੁਸ਼ਕੀ ਵੀ ਦੂਰ ਹੋ ਗਈ ਤੇ ਕੁਝ ਤਾਕਤ ਵੀ ਆ ਗਈ ।'{ਉਹੀ ਪੰਨਾ ੧੦੫}

ਗੁਰੂ ਜੀ ਦੇ ਪਾਵਨ ਬੋਲ ਹਨ:

**ਨ ਰਿਜਕੁ ਦਸਤ ਆ ਕਸੇ॥ ਹਮਾ ਰਾ ਏਕੁ ਆਸ ਵਸੇ॥ ਅਸਤਿ ਏਕੁ ਦਿਗਰ ਕੁਈ॥ ਏਕ ਤੁਈ ਏਕੁ ਤੁਈ॥ ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥ ਦਿਹੰਦ ਸੁਈ॥ ਏਕ ਤੁਈ ਏਕ ਤੁਈ॥** {ਅੰ: ੧੪੪}

ਭਾਵ ਹੈ ਕਿ ਜੀਵਾਂ ਦਾ ਰਿਜ਼ਕ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੇ ਹੱਥ ਨਹੀਂ ਹੈ। ਇਸ ਕਰਕੇ ਸਭ ਜੀਵਾਂ ਨੂੰ ਬੱਸ ਇੱਕ ਦੀ ਆਸ ਹੈ ਕਿਉਂਕਿ ਸਦਾ ਥਿਰ ਉਹੋ ਹੀ ਹੈ। ਪੰਛੀਆਂ ਦੇ ਗੰਢੇ ਪੱਲੇ ਕਦੇ ਧਨ ਨਹੀਂ ਹੁੰਦਾ। ਉਹ ਤਾਂ ਪ੍ਰਭੂ ਦੇ ਬਣਾਏ ਹੋਏ ਦਰਖ਼ਤਾਂ 'ਤੇ ਹਵਾ ਪਾਣੀ ਦਾ ਹੀ ਸਹਾਰਾ ਲੈਂਦੇ ਹਨ। ਉਨ੍ਹਾਂ ਨੂੰ ਰੋਜ਼ੀ ਦੇਣ ਵਾਲਾ ਉਹੋ ਹੀ ਪ੍ਰਭੂ ਹੈ। ਇਕੋ ਰੱਬ ਹੀ ਸਦੀਵੀ ਸਥਿਰ ਹੈ। ਰੱਬੀ ਪਿਆਰ ਵਾਲਿਆਂ ਨੂੰ ਇਹ ਭਰੋਸਾ ਹੁੰਦਾ ਹੈ।

**ਪੱਲੇ ਕਦੇ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼।**
**ਜਿਨ੍ਹਾਂ ਭਰੋਸਾ ਰੱਬ 'ਤੇ ਤਿਨਾਂ ਰਿਜ਼ਕ ਹਮੇਸ਼।** {ਕਹਾਵਤ}

ਮਾਂ ਵੱਲੋਂ ਸਮਝਾਈ ਹੋਈ ਸਿੱਖੀ ਨੂੰ ਕਮਾਉਣ ਦਾ ਲਾਹੌਰ ਵਿੱਚ ਬਹੁਤ ਵਕਤ ਮਿਲਿਆ ਸੀ। ਇਹ ਇੱਕ ਅਜਿਹਾ ਟਰੇਨਿੰਗ ਸੈਂਟਰ ਬਣ ਗਿਆ ਸੀ ਜਿੱਥੋਂ ਪ੍ਰਾਪਤ ਕੀਤੀ ਸਿੱਖਿਆ ਦੇ ਨਾਲ ਭਗਤ ਜੀ ਦੀ ਇੱਕ ਅਦੁੱਤੀ ਸ਼ਖ਼ਸੀਅਤ ਵੀ ਘੜੀ ਗਈ ਸੀ। ਉਨ੍ਹਾਂ ਦੇ ਹੱਥ ਤਾਂ ਭਾਵੇਂ ਅਪਾਹਿਜਾਂ ਦੀ ਗ਼ੰਦਗੀ ਧੋਂਦੇ ਸਨ ਪਰ ਉਨ੍ਹਾਂ ਦੇ ਹੱਥ ਮਾਲਾ ਫੇਰਨ ਵਾਲਿਆਂ ਨਾਲੋਂ ਕਿਤੇ ਜ਼ਿਆਦਾ ਪਵਿੱਤਰ ਸਨ। ਉਨ੍ਹਾਂ ਦੇ ਅੰਦਰ ਇੱਕ ਪਾਕ ਰੂਹ ਦਾ ਨਿਵਾਸ ਸੀ।

ਬਾਹਰੋਂ ਦੇਖਣ ਲਈ ਤਾਂ ਭਾਵੇਂ ਉਨ੍ਹਾਂ ਦੀ ਪੱਗ ਉਲਝੀ ਜਿਹੀ ਹੀ ਦਿੱਸਦੀ ਸੀ ਪਰ ਜਿਸ ਸਿਰ 'ਤੇ ਇਹ ਪੱਗ ਬੰਨ੍ਹੀ ਹੋਈ ਸੀ ਉਸ ਸਿਰ ਵਿੱਚ ਵਿਚਾਰ ਬਹੁਤ ਸੁਲਝੇ ਹੋਏ ਸਨ। ਉਨ੍ਹਾਂ ਦਾ ਬਾਹਰੀ ਪਹਿਰਾਵਾ ਤਾਂ ਭਾਵੇਂ ਸਾਦਾ ਜਿਹਾ ਹੁੰਦਾ ਸੀ ਤੇ ਗੁਦੜ (ਵਰਤੀ ਹੋਈ ਰੂੰ) ਵਰਗੇ ਦਿੱਸਦੇ ਸਨ, ਪਰ ਉਨ੍ਹਾਂ ਦਾ ਅੰਦਰ ਪੱਟ (ਰੇਸ਼ਮ) ਵਰਗਾ ਸੀ। ਦੇਖਣ ਨੂੰ ਭਗਤ ਜੀ ਹੱਥ ਵਿੱਚ ਬਾਟਾ ਪਕੜ ਕੇ ਮੰਗਦੇ ਸਨ ਤੇ ਲੋਕ ਉਨ੍ਹਾਂ ਨੂੰ ਮੰਗਤਾ ਸਮਝਦੇ ਸਨ; ਪਰ ਉਹ ਤਾਂ ਰੂਹਾਨੀਅਤ ਦਾ ਸ਼ਹਿਨਸ਼ਾਹ ਸੀ, ਜਿਸ ਦੇ ਦਿਲ ਵਿੱਚ ਸਾਰੀ ਮਾਨਵਤਾ ਲਈ ਪਿਆਰ ਸੀ। ਪੈਰੀਂ ਸਾਦੀਆਂ ਜਿਹੀਆਂ ਲੱਕੜ ਦੀਆਂ ਖੜਾਵਾਂ ਸਨ ਪਰ ਉਨ੍ਹਾਂ ਦਾ ਸਫ਼ਰ ਬਹੁਤ ਪਵਿੱਤਰ ਸੀ ਜਿਹੜਾ ਗ਼ਰੀਬਾਂ ਦੇ ਘਰੋਂ ਹੋ ਕੇ ਆਪਣੇ ਗੁਰੂ ਗ੍ਰੰਥ ਸਾਹਿਬ ਜੀ ਤੇ ਦਰਬਾਰ ਸਾਹਿਬ ਤਕ ਪਹੁੰਚਦਾ ਸੀ। ਉਨ੍ਹਾਂ ਦੇ ਸਫ਼ਰ ਨੇ ਲੋਕਾਂ ਦੇ ਰਾਹ ਵਿੱਚੋਂ ਕੰਡੇ, ਪਸ਼ੂਆਂ ਦੀਆਂ ਖੁਰੀਆਂ ਤੇ ਇੱਟਾਂ ਵੱਟੇ ਚੁੱਕ ਕੇ ਸਾਫ਼ ਕਰ ਦਿੱਤੇ ਸਨ। ਉਹ ਕਿਸੇ ਦੀਆਂ ਅੱਖਾਂ ਤੋਂ ਅੱਥਰੂ ਨਹੀਂ ਵਹਾਉਣਾ ਚਾਹੁੰਦੇ ਸਨ, ਸਗੋਂ ਦੁਖੀਆਂ ਦੇ ਅੱਥਰੂ ਪੂੰਝਦੇ ਸਨ। ਉਹ ਕਿਸੇ ਨੂੰ ਰੁਆਉਂਦੇ ਨਹੀਂ ਸਨ ਬਲਕਿ ਦੁਖੀਆਂ ਦਾ ਦੁੱਖ ਦੇਖ ਕੇ ਆਪ ਹੀ ਰੋ ਲੈਂਦੇ ਸਨ।



ਉਨ੍ਹਾਂ ਦੇ ਤੇੜ (ਲੱਕ ਨਾਲ) ਤਾਂ ਗੁਰੂ ਸਾਹਿਬ ਜੀ ਦਾ ਸਾਦਾ ਜਿਹਾ ਕਛਹਿਰਾ ਸੀ ਪਰ ਭਗਤ ਜੀ ਦੇ ਜੀਵਨ ਦੇ ਕਿਰਦਾਰ 'ਤੇ ਬੜਾ ਸਖ਼ਤ ਪਹਿਰਾ ਸੀ। ਉਹ ਸੇਵਾ ਕਰਵਾਉਂਦੇ ਨਹੀਂ ਸਗੋਂ ਦੂਜਿਆਂ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਉਹ ਕਿਸੇ ਕੋਲੋਂ ਆਪਣੇ ਲਈ ਸਹਾਰਾ ਨਹੀਂ ਲੈਂਦੇ ਸਨ ਬਲਕਿ ਬੇਸਹਾਰਿਆਂ ਨੂੰ ਸਹਾਰਾ ਦੇ ਕੇ ਸੱਚੀਆਂ ਪਾਤਿਸ਼ਾਹੀਆਂ ਦਾ ਸੁੱਖ ਭੋਗਦੇ ਸਨ।ਉਨ੍ਹਾਂ ਕੋਲ ਰਹਿਣ ਲਈ ਭਾਵੇਂ ਕਮਰਾ ਵੀ ਨਹੀਂ ਸੀ ਪਰ ਉਨ੍ਹਾਂ ਨੇ ਆਪਣੇ ਰਹਿਣ ਦੀ ਥਾਂ ਮਾਨਵਤਾ ਦੇ ਹਿਰਦੇ ਵਿੱਚ ਬਣਾ ਲਈ ਸੀ। ਇਸ ਧਰਤੀ ਦਾ ਹਰ ਵਸਿੰਦਾ ਕਿਸੇ ਹੋਰ ਸਵਰਗਾਂ ਦੀ ਪ੍ਰਾਪਤੀ ਦੀ ਲਾਲਸਾ ਆਪਣੇ ਅੰਦਰ ਪਾਲੀ ਬੈਠਾ ਹੈ ਪਰ ਕੋਈ ਇਸ ਧਰਤ ਨੂੰ ਸਵਰਗ ਨਹੀਂ ਬਣਾਉਂਦਾ। ਭਗਤ ਪੂਰਨ ਸਿੰਘ ਜੀ ਨੇ ਇਸ ਭਾਗਾਂ ਭਰੀ ਧਰਤ ਨੂੰ ਸਵਰਗ ਬਣਾ ਦਿੱਤਾ ਹੈ। ਉਸ ਦੀ ਰੂਹਾਨੀਅਤ ਦੀ ਰਹਿਬਰੀ ਵਿੱਚੋਂ ਨਿਕਲੇ ਹੋਏ ਖ਼ਿਆਲ ਜਦੋਂ ਕਾਗ਼ਜ਼ਾਂ 'ਤੇ ਆਪਣੀ ਥਾਂ ਬਣਾਉਂਦੇ ਹਨ ਤਾਂ ਕਈ ਡਿਗਰੀਆਂ ਵਾਲਿਆਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦੇ ਹਨ ਕਿ ਇਹ ਕਿਹੜੀ ਪੜ੍ਹਾਈ ਹੈ ਜਿਹੜੀ ਸਕੂਲੋਂ ਤਾਂ ਦਸਵੀਂ ਫ਼ੇਲ੍ਹ ਹੋ ਕੇ ਆਈ ਸੀ ਪਰ ਗੁਰੂ ਘਰ ਵਿੱਚੋਂ ਅਜਿਹੀ ਪਾਸ ਹੋ ਕੇ ਆਈ ਹੈ ਕਿ ਜਿਹੜੀ ਸਮੁੱਚੀ ਕਾਇਨਾਤ ਨਾਲ ਰਿਸ਼ਤੇ ਗੰਢਦੀ ਹੈ। ਭਗਤ ਪੂਰਨ ਸਿੰਘ ਜੀ ਦਾ ਨਾਮ ਲੈਂਦਿਆਂ ਰੂਹ ਨਸ਼ਿਆ ਜਾਂਦੀ ਹੈ।

ਹੇ ਰੱਬਾ! ਅੱਜ ਤੇਰੀਆਂ ਧੀਆਂ, ਦਰਿੰਦਿਆਂ ਹੱਥੋਂ ਬੇਪੱਤ ਹੋ ਕੇ ਤਰਲੇ ਕਰਦੀਆਂ ਹਨ। ਖੁਦਕੁਸ਼ੀਆਂ ਕਰਨ ਵਾਲੇ ਲੋਕ ਭੁੱਖੇ ਨੇਤਰਾਂ ਨਾਲ ਹਮਦਰਦੀ ਭਾਲਦੇ ਹਨ। ਅਜੋਕੇ ਮਾਂ ਬਾਪ,ਆਪਣੇ ਬੱਚਿਆਂ ਦੇ ਮੋਢਿਆਂ 'ਤੇ ਸ਼ਮਸ਼ਾਨ ਭੂਮੀ ਜਾਣ ਦੀ ਥਾਂ 'ਤੇ ਸਗੋਂ ਨਸ਼ੇ ਖਾਣ ਵਾਲੇ ਆਪਣੇ ਹੀ ਜੁਆਨ ਲਾਲਾਂ ਦੀਆਂ ਅਰਥੀਆਂ ਸ਼ਮਸ਼ਾਨ ਘਾਟ ਲਿਜਾ ਰਹੇ ਹਨ। ਪਸ਼ੂ-ਪੰਛੀ ਸਾਡੀ ਲੋਭ ਲਾਲਸਾ ਦੀ ਭੇਟ ਚੜ੍ਹ ਰਹੇ ਹਨ ਤੇ ਪੁਕਾਰਾਂ ਕਰ ਰਹੇ ਹਨ ਕਿ ਅਜਿਹੇ ਇਨਸਾਨੀਅਤ ਦੇ ਦੇਵਤੇ ਵੀਹ ਤੀਹ ਹੋਰ ਪੂਰਨ ਸਿੰਘ ਭੇਜ, ਤਾਂ ਕਿ ਉਹ ਸਾਡੇ ਦੁੱਖੜੇ ਆਪਣੀ ਝੋਲੀ ਪੁਆ ਸਕਦੇ ਹੋਣ। ਹਰ ਕੋਈ ਹੀਰੇ ਵਰਗੇ ਜਨਮ ਨੂੰ ਕੌਡੀਆਂ ਬਦਲੇ ਨਾ ਰੋੜ੍ਹੇ। ਭਗਤ ਪੂਰਨ ਸਿੰਘ ਵਰਗੀ ਪਾਕ ਰੂਹ ਨੂੰ ਸਿਦਕ ਦਾ ਸਿਜਦਾ ਹੈ।

## ਵਿਛੜੇ ਸਾਥੀ ਫਿਰ ਮਿਲੇ

ਭਗਤ ਪੂਰਨ ਸਿੰਘ ਜੀ ਦੇ ਨਾਲ ਭਾਈ ਨਰੈਣ ਸਿੰਘ ਜਿਹੜੇ ਭਾਈ ਮਨੀ ਸਿੰਘ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਸਿੰਘ ਦੀ ਸੇਵਾ ਨਿਭਾਉਂਦੇ ਸਨ, ਇਹ ਵੀ ਪਾਕਿਸਤਾਨੋਂ ਆ ਗਏ ਸਨ। ਦੂਜੇ ਭਾਈ ਗੁਰਬਚਨ ਸਿੰਘ ਕੁੰਢਾ (ਇਨ੍ਹਾਂ ਨੂੰ ਆਮ ਕਰਕੇ ਪਿੰਗਲਵਾੜੇ ਵਿੱਚ ਸਾਰੇ ਕੁੰਢਾ ਸਿੰਘ ਹੀ ਕਹਿੰਦੇ ਸਨ) ਇਹ ਵੀ ਇੱਧਰ ਭਾਰਤ ਆ ਗਏ ਤੇ ਇਹ ਦੋਵੇਂ ਹੀ ਭਗਤ ਜੀ ਕੋਲ ਫਿਰ ਆ ਕੇ ਸੇਵਾ ਕਰਨ ਲੱਗ ਗਏ ਸਨ।

'ਭਾਈ ਨਰੈਣ ਸਿੰਘ ਤਰਨ ਤਾਰਨ ਸਾਹਿਬ ਤੇ ਦਰਬਾਰ ਸਾਹਿਬ ਪਾਠ ਕਰਨ ਲੱਗ ਪਏ ਸਨ ਪਰ ਇਸ ਨਾਲ ਉਨ੍ਹਾਂ ਦੇ ਪਰਿਵਾਰ ਦਾ ਗੁਜ਼ਾਰਾ ਨਹੀਂ ਚੱਲਦਾ ਸੀ। ਚਾਰ ਕੁ ਮਹੀਨੇ ਮਗਰੋਂ ਭਾਈ ਨਰੈਣ ਸਿੰਘ ਭਗਤ ਜੀ ਕੋਲ ਆ ਗਏ ਤੇ ਭਗਤ ਜੀ ਨੂੰ ਕਹਿਣ ਲੱਗੇ ਕਿ ਮੇਰੇ ਸਿਰ ਤੇ ਦੁਕਾਨਦਾਰ ਦਾ ਚਾਲੀ ਰੁਪਏ ਦਾ ਕਰਜ਼ ਚੜ੍ਹ ਗਿਆ ਹੈ ਤੇ ਮੇਰੇ ਕੋਲ ਇਹ ਪੈਸੇ ਵਾਪਸ ਕਰਨ ਦਾ ਕੋਈ ਸਾਧਨ ਵੀ ਨਹੀਂ ਹੈ। ਭਗਤ ਜੀ ਨੇ ਜਿਹੜੇ ਪਾਕਿਸਤਾਨੋਂ ਆਏ ਬਾਬੇ ਕੋਲੋਂ ਬਾਰਾਂ ਸੌ ਰੁਪਏ ਨਿਕਲੇ ਸਨ, ਉਨ੍ਹਾਂ ਵਿੱਚੋਂ ਬਾਕੀ ਤਾਂ ਲੋੜਵੰਦਾਂ 'ਤੇ ਖ਼ਰਚਣ ਤੋਂ ਬਾਅਦ ਸੱਤਰ ਰੁਪਏ ਕਿਸੇ ਦੁਕਾਨਦਾਰ ਕੋਲ ਰੱਖੇ ਹੋਏ ਸਨ। ਉਨ੍ਹਾਂ ਵਿੱਚੋਂ ਚਾਲੀ ਰੁਪਏ ਭਾਈ ਨਰੈਣ ਸਿੰਘ ਨੂੰ ਦੇ ਦਿੱਤੇ ਸਨ। ਕੁਝ ਦਿਨਾਂ ਮਗਰੋਂ ਨਰੈਣ ਸਿੰਘ ਦੀ ਪਤਨੀ ਆਈ ਤੇ ਕਹਿਣ ਲੱਗੀ ਕਿ ਨਰੈਣ ਸਿੰਘ ਨੂੰ ਕੁੱਤੇ ਨੇ ਵੱਢਿਆ ਹੈ। ਇਸ ਕਰਕੇ ਉਸ ਦਾ ਇਲਾਜ ਕਰਵਾਉਣ ਲਈ ਵੀਹ ਰੁਪਏ ਦਿਓ। ਭਗਤ ਜੀ ਨੇ ਦੁਕਾਨਦਾਰ ਕੋਲ ਬਚੇ ਹੋਏ ਤੀਹਾਂ ਰੁਪਈਆਂ ਵਿੱਚੋਂ ਵੀਹ ਰੁਪਏ ਹੋਰ ਨਰੈਣ ਸਿੰਘ ਦੀ ਪਤਨੀ ਨੂੰ ਦੇ ਦਿੱਤੇ। ਕੁਝ ਦਿਨਾਂ ਮਗਰੋਂ ਨਰੈਣ ਸਿੰਘ ਖ਼ੁਦ ਹੀ ਫਿਰ ਹੋਰ ਪੈਸੇ ਲੈਣ ਆਏ ਤਾਂ ਭਗਤ ਜੀ ਨੇ ਬਾਕੀ ਦਸ ਰੁਪਏ ਵੀ ਦੇ ਦਿੱਤੇ। ਨਰੈਣ ਸਿੰਘ ਸੇਵਾ ਤਾਂ ਕਰਦੇ ਸਨ ਪਰ ਨਾਲ-ਨਾਲ ਘਰੋਗੀ ਖ਼ਰਚ ਵੀ ਭਗਤ ਜੀ ਤੋਂ ਲੈਂਦੇ ਰਹਿੰਦੇ ਸਨ।'

{ਸੰਪਾ: ਸਤਿੰਦਰ ਕੌਰ ਸ਼ੇਰਗਿੱਲ, ਕਲਮ ਦੇ ਰੰਗ, ਫੌਂਟ ਪਬਲਿਸ਼ਰਜ਼ ਪਟਿਆਲਾ, ੨੦੧੯, ਪੰਨਾ ੨੨}

ਗੁਰਬਚਨ ਸਿੰਘ ਕੁੰਢਾ ਤੇ ਨਰੈਣ ਸਿੰਘ ਇਹ ਦੋਵੇਂ ਪਹਿਲਾਂ ਵੀ ਭਗਤ ਜੀ ਕੋਲ ਬੜਾ ਦਿਲ ਲਾ ਕੇ ਸੇਵਾ ਕਰਦੇ ਸਨ। ਇੱਥੇ ਆ ਕੇ ਵੀ ਉਨ੍ਹਾਂ ਨੇ ਭਗਤ ਜੀ ਨਾਲ ਇਸ ਸੇਵਾ ਵਿੱਚ ਬਰਾਬਰ ਦੀ ਹਿੱਸੇਦਾਰੀ ਪਾਈ ਸੀ।

### ਪਿੰਗਲਵਾੜੇ ਦਾ ਪਹਿਲਾ ਟਿਕਾਣਾ

ਭਗਤ ਜੀ ਨੇ ਖ਼ਾਲਸਾ ਕਾਲਜ ਦੇ ਕੈਂਪ ਵਿੱਚ ਚਾਰ ਮਹੀਨੇ ਦਿਨ ਰਾਤ ਇੱਕ ਕਰਕੇ ਸੇਵਾ ਕੀਤੀ ਸੀ। ਭਾਈ ਜੋਧ ਸਿੰਘ ਜੀ ਨੇ ਵੀ ਭਗਤ ਜੀ ਨੂੰ ਸੇਵਾ ਕਰਦਿਆਂ ਦੇਖ ਕੇ ਅੰਦਰੋਂ ਪੜ੍ਹ ਲਿਆ ਸੀ। ਇਹ ਕੈਂਪ ਇਕੱਤੀ ਦਸੰਬਰ ਨੂੰ ਖ਼ਤਮ ਹੋ ਗਿਆ। ਕੈਂਪ ਵਿੱਚ ਆਏ ਹੋਏ ਲੋਕ ਡਾਢੇ ਦੀ ਖਿਲਾਰੀ ਚੋਗ ਚੁਗਣ ਲਈ ਕੋਈ ਨਾ ਕੋਈ ਟਿਕਾਣਾ ਬਣਾ ਕੇ ਆਸੇ ਪਾਸੇ ਟਿਕਦੇ ਚੱਲੇ ਗਏ। ਹੁਣ ਤਾਂ ਕੋਈ ਕੋਈ ਗੱਡੀ ਆਉਂਦੀ ਸੀ ਜਿਹੜੀ ਬਚੇ ਖੁਚੇ ਰਫ਼ਿਊਜੀਆਂ ਨੂੰ ਪਾਕਿਸਤਾਨੋਂ ਇੱਧਰ ਲੈ ਆਉਂਦੀ ਸੀ। ਬਾਕੀ ਤਾਂ ਸਾਰੇ ਚੱਲੇ ਗਏ ਸਨ ਪਰ ਜਿਹੜੇ ਲੋੜਵੰਦ, ਅਪਾਹਿਜ, ਜਾਂ ਜਿਨ੍ਹਾਂ ਦਾ ਕੋਈ ਵੀ ਨਹੀਂ ਸੀ ਉਹ ਹੀ ਬਚ ਗਏ ਸਨ। ਭਗਤ ਜੀ ਨੇ ਇਨ੍ਹਾਂ ਲੋਕਾਂ ਨਾਲ ਹੀ ਆਪਣਾ ਪਰਿਵਾਰ ਬਣਾ ਲਿਆ ਸੀ। ਜਿਹੜੇ ਹੁਣ ਵਿਰਲੇ-ਟਾਵੇਂ ਲੋਕ ਆਉਂਦੇ ਸਨ ਉਨ੍ਹਾਂ ਲਈ ਸਰਕਾਰ ਨੇ ਇੱਕ ਛੋਟਾ



ਜਿਹਾ ਮੋਟਰ-ਗੱਡੀਆਂ ਵਾਲਾ ਛੱਤਣਾ ਕੈਂਪ ਲਈ ਵਰਤ ਲਿਆ ਸੀ। ਸੋ ਭਗਤ ਜੀ ਨੇ ਵੀ ਆਪਣੇ ਅਪਾਹਿਜਾਂ ਨੂੰ ਲੈ ਕੇ ਆਪਣਾ ਆਰਜ਼ੀ ਜਿਹਾ ਟਿਕਾਣਾ, ਰੇਲਵੇ ਸਟੇਸ਼ਨ ਦੇ ਲਾਗੇ, ਚੀਫ ਖ਼ਾਲਸਾ ਦੀਵਾਨ ਦੀ ਬਾਹਰੀ ਕੰਧ ਤੋਂ ਬਾਹਰ, ਸੜਕ ਦੇ ਕਿਨਾਰੇ ਲਾ ਲਿਆ ਸੀ। ਇੱਥੇ ਭਗਤ ਜੀ ਦੇ ਲੋੜਵੰਦ ਤੇ ਅਪਾਹਿਜ ਪਰਿਵਾਰ ਦੇ ਪੰਜ ਕੁ ਮੈਂਬਰ ਸਨ। ਇੱਥੇ ਜਦੋਂ ਗਰਮੀ ਦਾ ਮੌਸਮ ਆਇਆ ਤਾਂ ਬਹੁਤ ਮੁਸੀਬਤ ਆਈ। ਸਾਰੇ ਦਿਨ ਦੀ ਤਪੀ ਹੋਈ ਧਰਤੀ 'ਤੇ ਬਿਨਾਂ ਕਿਸੇ ਮੰਜੇ ਬਿਸਤਰੇ ਦੇ ਹੀ ਸੌਣਾ ਹੁੰਦਾ ਸੀ। ਜਦੋਂ ਕਦੇ ਮੀਂਹ ਆ ਜਾਣਾ ਤਾਂ ਫਿਰ ਤਾਂ ਕਹਿਰ ਹੀ ਹੋ ਜਾਂਦਾ ਸੀ। ਡਾਕਖ਼ਾਨੇ ਦਾ ਇੱਕ ਛੋਟਾ ਜਿਹਾ ਆਮ ਲੋਕਾਂ ਲਈ ਬਾਥਰੂਮ ਸੀ। ਇਹ ਬਹੁਤਾ ਗੰਦਾ ਹੀ ਰਹਿੰਦਾ ਸੀ। ਜਦੋਂ ਵਰਖਾ ਹੋਣੀ ਤਾਂ ਸਾਰਿਆਂ ਨੂੰ ਇੱਕ ਛੋਟੇ ਜਿਹੇ ਬਾਥਰੂਮ ਵਿੱਚ ਹੀ ਵੜਨਾ ਪੈਂਦਾ ਸੀ। ਇੱਕ ਤਾਂ ਇਹ ਪਹਿਲਾਂ ਹੀ ਰੋਗੀ ਜਾਂ ਅਪਾਹਿਜ ਹੁੰਦੇ ਸਨ ਦੂਜਾ ਬਾਥਰੂਮ ਦੀ ਬਦਬੋ ਐਨੀ ਜ਼ਿਆਦਾ ਹੁੰਦੀ ਸੀ ਕਿ ਨਰਕ ਦਾ ਹੀ ਦੂਜਾ ਨਾਮ ਸੀ।

ਆਮ ਹਾਲਤਾਂ ਵਿੱਚ ਭਗਤ ਪੂਰਨ ਸਿੰਘ ਆਪਣੇ ਅਪਾਹਿਜਾਂ ਦੇ ਪਰਿਵਾਰ ਨੂੰ ਲੈ ਕੇ ਡਾਕਖ਼ਾਨੇ ਦੇ ਨੇੜੇ ਤੇੜੇ ਹੀ ਵਿਚਰਦੇ ਸਨ। ਇੱਕ ਰਾਤ ਭਗਤ ਜੀ ਇਨ੍ਹਾਂ ਅਪਾਹਿਜਾਂ ਦੇ ਨਾਲ ਹੀ ਰੇਲਵੇ ਹਸਪਤਾਲ ਦੇ ਬਰਾਂਡੇ ਵਿੱਚ ਪਏ ਸਨ। ਰਾਤ ਨੂੰ ਇਨ੍ਹਾਂ ਨੂੰ ਹਸਪਤਾਲ ਦੇ ਡਾਕਟਰ ਨੇ ਆ ਕੇ ਉਠਾ ਦਿੱਤਾ ਤੇ ਨਾਲ ਹੀ ਹਦਾਇਤ ਕੀਤੀ ਕਿ ਮੁੜ ਇੱਥੇ ਨਾ ਸੌਣਾ। ਭਗਤ ਜੀ ਦਾ ਰਹਿਣ ਸਹਿਣ ਤਾਂ ਬਹੁਤ ਹੀ ਸਾਦਾ ਸੀ। ਪੈਰੀਂ ਖੜਾਵਾਂ ਹੁੰਦੀਆਂ ਸਨ, ਲੱਕ ਨਾਲ ਕਛਹਿਰਾ ਹੁੰਦਾ ਸੀ, ਕੇਸ ਵੀ ਖਿਲਰੇ ਪੁੱਲਰੇ ਜਿਹੇ ਹੁੰਦੇ ਸਨ। ਇੱਕ ਕੰਬਲ ਜਾਂ ਕੋਈ ਚਾਦਰ ਸਰੀਰ ਦੁਆਲੇ ਲਪੇਟੀ ਹੁੰਦੀ ਸੀ। ਜੇ ਕੋਈ ਸੜਕ ਦੇ ਕਿਨਾਰੇ ਅਪਾਹਿਜਾਂ ਨਾਲ ਜੀਵਨ ਗੁਜ਼ਾਰਨ ਵਾਲਾ ਹੋਵੇ ਤੇ ਇਹ ਬਾਹਰੀ ਲਿਬਾਸ ਦੇਖ ਕੇ ਹਰ ਮਨੁੱਖ ਦਾ ਇਹ ਹੀ ਅੰਦਾਜ਼ਾ ਹੁੰਦਾ ਸੀ ਕਿ ਇਹ ਕੋਈ ਮੰਗਤਾ ਹੈ। ਜਦੋਂ ਭਗਤ ਜੀ ਜੀਵਨ ਦੇ ਗੁੱਝੇ ਰਹੱਸਾਂ ਬਾਰੇ ਜਾਂ ਅੰਗਰੇਜ਼ੀ ਵਿੱਚ ਦੁਨੀਆਂ ਦੇ ਵਿਦਵਾਨਾਂ ਦੇ ਬਚਨ ਬੋਲਦੇ ਸਨ ਤਾਂ ਹਰ ਕੋਈ ਹੈਰਾਨ ਰਹਿ ਜਾਂਦਾ ਸੀ ਕਿ ਇਹ ਕਹਾਣੀ ਕੀ ਹੈ?

ਇਸ ਤਰ੍ਹਾਂ ਹੀ ਇਸ ਡਾਕਟਰ ਨੇ ਸਮਝਿਆ ਸੀ ਕਿ ਇਹ ਤਾਂ ਕੋਈ ਖੁਫੀਆ ਪੁਲਿਸ ਦਾ ਆਦਮੀ ਹੈ ਤੇ ਸਾਡੇ ਇੱਥੇ ਡਿਊਟੀ 'ਤੇ ਲੋਕਾਂ ਦੀ ਇਨਕੁਆਰੀ ਕਰੇਗਾ। ਉਸ ਨੇ ਆਪਣਾ ਇੱਕ ਸਿਪਾਹੀ ਭੇਜ ਦਿੱਤਾ ਕਿ ਇਨ੍ਹਾਂ ਨੂੰ ਇੱਥੋਂ ਉਠਾ ਦੇਵੇ। ਜਦੋਂ ਉਹ ਭਗਤ ਜੀ ਨੂੰ ਉਠਾਉਣ ਆਇਆ ਤਾਂ ਕੁਦਰਤੀ ਉੱਥੇ ਹੀ ਰੇਲਵੇ ਦਾ ਸਭ ਤੋਂ ਵੱਡਾ ਸਟੇਸ਼ਨ ਮਾਸਟਰ ਵੀ ਭਗਤ ਜੀ ਕੋਲ ਖਲੋਤਾ ਸੀ। ਉਸ ਨੇ ਸਿਪਾਹੀ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਨੂੰ ਇੱਥੋਂ ਜਾਣ ਲਈ ਕਦੇ ਵੀ ਨਹੀਂ ਕਹਿਣਾ। ਇਹ ਸਟੇਸ਼ਨ ਮਾਸਟਰ ਅਸਲ ਵਿੱਚ ਭਗਤ ਜੀ ਨੂੰ

ਜਾਣਦਾ ਸੀ। ਉਸ ਨੇ ਕਈ ਵਾਰੀ ਭਗਤ ਜੀ ਨੂੰ ਆਪਣੇ ਦੁਆਲੇ ਇਕੱਠੇ ਹੋਏ ਲੋਕਾਂ ਨੂੰ ਅੰਗਰੇਜ਼ੀ ਵਿੱਚ ਭਾਸ਼ਣ ਦਿੰਦਿਆਂ ਹੋਇਆਂ ਦੇਖਿਆ ਸੀ। ਇਸ ਕਰਕੇ ਉਹ ਭਗਤ ਪੂਰਨ ਸਿੰਘ ਜੀ ਨੂੰ ਅੰਦਰੋਂ ਜਾਣਦਾ ਤੇ ਸਤਿਕਾਰ ਕਰਦਾ ਸੀ। ਜਦੋਂ ਡਾਕਟਰ ਨੂੰ ਵੀ ਭਗਤ ਜੀ ਦੀ ਅਸਲੀਅਤ ਪਤਾ ਲੱਗੀ ਤਾਂ ਉਹ ਮੁੜ ਪਿੰਗਲਵਾੜੇ ਆਇਆ ਤੇ ਉਸ ਨੇ ਆਪਣੀ ਕੀਤੀ ਗ਼ਲਤੀ ਦੀ ਪਛਤਾਵੇ ਸਮੇਤ ਭਗਤ ਜੀ ਤੋਂ ਮਾਫ਼ੀ ਮੰਗੀ। {ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ। (੨੦੧੩),ਪੰਨਾ ੧੨੦}।

ਗੁਰਬਾਣੀ ਦਾ ਇੱਕ ਬਚਨ ਹੈ ਕਿ ਸੇਵਕ ਉਹ ਹੁੰਦਾ ਹੈ ਜਿਸ ਕੋਲ ਗਿਆਨ ਧਿਆਨ ਦੀ ਦਾਤ ਹੋਵੇ, ਨਹੀਂ ਤਾਂ ਜਗਤ ਬੰਧਨਾਂ ਵਿੱਚ ਬੰਨ੍ਹਿਆ ਹੋਇਆ ਭਉਂਦਾ ਰਹਿੰਦਾ ਹੈ।

**ਗਿਆਨੁ ਧਿਆਨੁ ਸਭੁ ਕੋਈ ਰਵੈ॥**
**ਬਾਂਧਨਿ ਬਾਂਧਿਆ ਸਭੁ ਜਗੁ ਭਵੈ॥**
**ਸੇਵਾ ਕਰੇ ਸੁ ਚਾਕਰੁ ਹੋਇ॥** {ਅੰ:੭੮}

ਇਨ੍ਹਾਂ ਪੰਕਤੀਆਂ ਵਿੱਚ ਆਈਆਂ ਤਿੰਨ ਗੱਲਾਂ ਭਗਤ ਜੀ ਦੇ ਜੀਵਨ ’ਤੇ ਹੂ-ਬ-ਹੂ ਢੁਕਦੀਆਂ ਸਨ। ਭਗਤ ਜੀ ਨੂੰ ਗਿਆਨ ਗੁਰੂ ਗ੍ਰੰਥ ਸਾਹਿਬ ਜੀ ਦਾ ਸੀ ਤੇ ਧਿਆਨ ਇਨ੍ਹਾਂ ਦੁਖੀ ਲੋਕਾਂ ਦਾ ਸੀ। ਮਨੁੱਖਤਾ ਦੀ ਸੱਚੀ-ਸੁੱਚੀ ਸੇਵਾ ਹੀ ਉਨਾਂ ਦੇ ਜੀਵਨ ਦਾ ਨਿਸ਼ਾਨਾ ਸੀ। ਇਹ ਭਗਤ ਜੀ ਦੀ ਮਨੁੱਖਤਾ ਪ੍ਰਤੀ ਚਾਕਰੀ ਸੀ।

ਸਟੇਸ਼ਨ ਦੇ ਨੇੜੇ ਇਨ੍ਹਾਂ ਅਪਾਹਿਜਾਂ ਨੂੰ ਰੱਖਣ ਦੇ ਕਈ ਲਾਭ ਸਨ। ਸਭ ਤੋਂ ਵੱਡਾ ਲਾਭ ਇਹ ਸੀ ਕਿ ਇੱਥੇ ਲੋਕਾਂ ਦੀ ਖੁੱਲ੍ਹੀ ਆਵਾਜਾਈ ਹੋਣ ਕਰਕੇ ਪਿਆਰਾ ਸਿੰਘ ਦਾ ਮਨ ਲੱਗਾ ਰਹਿੰਦਾ ਸੀ। ਉਹ ਇਹ ਸਾਰੀ ਰੌਣਕ ਦੇਖ ਕੇ ਖੁਸ਼ ਹੁੰਦਾ ਰਹਿੰਦਾ ਸੀ। ਭਗਤ ਜੀ ਤਾਂ ਪਿਆਰੇ ਨੂੰ ਖੁਸ਼ ਦੇਖ ਕੇ ਆਪਣੀ ਸਾਰੀ ਹੀ ਖੇਚਲ ਭੁੱਲ ਜਾਂਦੇ ਸਨ। ਉਨ੍ਹਾਂ ਨੂੰ ਤਾਂ ਪਿਆਰੇ ਦੇ ਮੁਸਕਾਉਂਦੇ ਬੁੱਲ੍ਹ ਇਸ ਤਰ੍ਹਾਂ ਲੱਗਦੇ ਸਨ ਜਿਵੇਂ ਕਿਸੇ ਪੁਜਾਰੀ ਨੇ ਆਪਣੇ ਇਸ਼ਟ ਦੇ ਅੱਗੇ ਫੁੱਲ ਭੇਟ ਕੀਤੇ ਹੋਏ ਹੋਣ। ਦੂਜਾ ਇੱਥੇ ਕਈ ਪਾਸਿਆਂ ਤੋਂ ਲੋਕਾਂ ਦੀ ਆਵਾਜਾਈ ਦੇ ਕਾਰਨ ਪੈਸੇ ਵੀ ਆ ਜਾਂਦੇ ਸਨ ਤੇ ਹਮਦਰਦ ਲੋਕ ਇਨ੍ਹਾਂ ਗ਼ਰੀਬ ਅਨਾਥਾਂ ਦਾ ਦਰਦ ਸਮਝਣ ਵਾਲੇ ਵੀ ਮਿਲ ਜਾਂਦੇ ਸਨ। ਭਗਤ ਜੀ ਨਾਲ ਇੱਥੋਂ ਕਈ ਅਜਿਹੇ ਹਮਦਰਦੀ ਮਿਲੇ ਜਿਹੜੇ ਲੰਮਾ ਸਮਾਂ ਇਨ੍ਹਾਂ ਗ਼ਰੀਬਾਂ ਦੀ ਸੇਵਾ ਲਈ ਆਪਣੇ ਮਹੀਨਾ ਵਾਰ ਪੈਸੇ ਭੇਜਦੇ ਰਹਿੰਦੇ ਸਨ। ਕਈ ਅਜਿਹੇ ਵੀ ਮਿਲ ਜਾਂਦੇ ਸਨ ਜਿਹੜੇ ਭਗਤ ਜੀ ਦੀ ਮਦਦ ਕਰਨ ਦੀ ਥਾਂ ’ਤੇ ਆਪਣੇ ਹੰਕਾਰ ਦਾ ਬੀਜ ਖਿਲਾਰ ਜਾਂਦੇ ਸਨ; ਜਿਵੇਂ ਪਿੱਛੇ ਪ੍ਰਤਾਪ ਸਿੰਘ ਕੈਰੋਂ ਦਾ ਜ਼ਿਕਰ ਆ ਚੁੱਕਾ ਹੈ। ਉਹ ਵੀ ਜਦੋਂ ਵਜ਼ੀਰ ਬਣਿਆ ਸੀ ਤੇ ਇੱਥੇ ਹੀ ਕੈਰੋਂ ਦੇ ਨਾਲ ਭਗਤ ਜੀ ਇਨ੍ਹਾਂ



ਅਪਾਹਿਜਾਂ ਲਈ ਵਿਚਾਰ ਕਰਨ ਲੱਗੇ, ਤਾਂ ਕੈਰੋਂ ਇਹ ਕਹਿ ਕੇ ਚਲਾ ਗਿਆ ਕਿ ਮੰਗ ਕੇ ਨਹੀਂ ਕਮਾ ਕੇ ਖਾਣਾ ਚਾਹੀਦਾ ਹੈ। ਭਗਤ ਜੀ ਦੇ ਹਿਰਦੇ ਵਿੱਚ ਤਾਂ ਇਨ੍ਹਾਂ ਗ਼ਰੀਬ ਲੋਕਾਂ ਲਈ ਹਮਦਰਦੀ ਭਰੀ ਪਈ ਸੀ ਜਿਸ ਕਰਕੇ ਅਜਿਹੇ ਬੋਲ ਉਨ੍ਹਾਂ ਦੇ ਇਸ ਪਿਆਰ ਨਾਲ ਭਰੇ ਹਿਰਦੇ ਵਿੱਚ ਟਿਕਦੇ ਹੀ ਨਹੀਂ ਸਨ।

**ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥੧॥ਰਹਾਉ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥**

{ਅੰਗ ੫੨੮}

ਅਜਿਹੀਆਂ ਸਾਰੀਆਂ ਮੁਸ਼ਕਲਾਂ ਨਾਲ ਪਿੰਗਲਵਾੜਾ ਆਪਣੇ ਵਿਕਾਸ ਦੇ ਸ਼ੁਰੂਆਤੀ ਕਦਮ ਪੁੱਟ ਰਿਹਾ ਸੀ।

ਵਕਤ ਦੀਆਂ ਹਨੇਰੀਆਂ ਜਦੋਂ ਪੈਰ ਉਖਾੜ ਦਿੰਦੀਆਂ ਹਨ ਤਾਂ ਜ਼ਿੰਦਗੀ ਮੁੜ ਪੈਰ ਲਾਉਣ ਲਈ ਤਰਸਦੀ ਰਹਿੰਦੀ ਹੈ। ਸਿਆਣੇ ਕਹਿੰਦੇ ਹਨ ਕਿ ਮੁਸੀਬਤਾਂ ਕਦੇ ਇਕੱਲੀਆਂ ਨਹੀਂ ਆਉਂਦੀਆਂ ਸਗੋਂ ਮੁਸੀਬਤਾਂ ਦੇ ਵੀ ਕਾਫ਼ਲੇ ਹੁੰਦੇ ਹਨ। ਅਜਿਹੇ ਸਮੇਂ ਵਿੱਚ ਮਨੁੱਖ ਵੀ ਇਨਸਾਨੀਅਤ ਦੇ ਸਬਕਾਂ ਨੂੰ ਭੁੱਲ ਕੇ ਦਰਿੰਦੇ ਬਣ ਜਾਂਦੇ ਹਨ। ਇਹ ਦਰਿੰਦੇ ਫਿਰ ਵੱਸਦੇ ਰੱਸਦੇ ਘਰਾਂ ਨੂੰ ਵੀ ਉਜਾੜ ਦਿੰਦੇ ਹਨ। ਇਹ ਦਰਿੰਦੇ ਲੋਕਾਂ ਦੀ ਜ਼ਿੰਦਗੀ ਦਾ ਵੀ ਘਾਣ ਕਰ ਦਿੰਦੇ ਹਨ। ਭਗਤ ਜੀ ਦੀ ਜ਼ਿੰਦਗੀ ਵਿੱਚ ਵੀ ਕੁਝ ਲੋਕ ਅਜਿਹੇ ਆਉਂਦੇ ਰਹੇ ਹਨ ਜਿਹੜੇ ਬਣਦੇ ਕੰਮਾਂ ਨੂੰ ਵਿਗਾੜ ਕੇ ਰੁਕਾਵਟਾਂ ਹੀ ਖੜ੍ਹੀਆਂ ਕਰਦੇ ਸਨ। ਚੱਲੋ ਖ਼ੈਰ! ਚੰਗੇ ਲੋਕਾਂ ਜਾਂ ਰੱਬੀ ਦਰਵੇਸ਼ਾਂ ਦੀਆਂ ਗੱਲਾਂ ਲਿਖਦਿਆਂ ਅਜਿਹੇ ਲੋਕਾਂ ਦਾ ਬਹੁਤਾ ਜ਼ਿਕਰ ਕਰਨ ਦੀ ਲੋੜ ਨਹੀਂ ਹੈ। ਜਿੱਥੇ ਥੋੜ੍ਹੀ ਬਹੁਤੀ ਲੋੜ ਹੋਈ ਉਹ ਅੱਗੇ ਆ ਹੀ ਜਾਵੇਗਾ।

## ਨਿਓਟਿਆਂ ਦੀ ਓਟ ਭਗਤ ਪੂਰਨ ਸਿੰਘ ਜੀ

ਸੰਨ ੧੯੪੭ ਵਿੱਚ ਅਜਿਹੇ ਅਨੇਕਾਂ ਵਰਤਾਰੇ ਵਰਤੇ ਸਨ ਜਿਨ੍ਹਾਂ ਨਾਲ ਕਈ ਘਰ ਖੰਡਰਾਤ ਹੋ ਗਏ ਸਨ। ਜੀਵਨ ਲਾਸ਼ਾਂ ਬਣ ਗਏ, ਘਰਾਂ ਦੇ ਵਿਹੜੇ ਘਰ ਵਿੱਚ ਵੱਸਣ ਵਾਲਿਆਂ ਦੇ ਖ਼ੂਨ ਨਾਲ ਹੀ ਰੰਗ ਦਿੱਤੇ ਸਨ। ਹੈਵਾਨੀਅਤ ਦੇ ਹਥਿਆਰਾਂ ਦੀ ਭੁੱਖ ਕਈ-ਕਈ ਜ਼ਿੰਦਗੀਆਂ ਦੀ ਰੱਤ ਪੀ ਕੇ ਵੀ ਰੱਜਦੀ ਨਹੀਂ ਸੀ। ਮਰਨ ਵਾਲੇ ਤਾਂ ਮਰ ਜਾਂਦੇ ਹਨ ਪਰ ਬਚਣ ਵਾਲੇ ਮਰਨ ਵਾਲਿਆਂ ਤੋਂ ਵੀ ਬਦਤਰ ਜੀਵਨ ਜਿਉਂਦੇ ਹਨ, ਕਿਉਂਕਿ ਉਨ੍ਹਾਂ ਦੀਆਂ ਅੱਖਾਂ ਨੇ ਆਪਣਿਆਂ ਨੂੰ ਲਾਸ਼ਾਂ ਬਣਦਿਆਂ ਦੇਖਿਆ ਹੁੰਦਾ ਹੈ। ਪਰ ਜੀਵ, ਜੀਵਨ ਦੇ ਚੁੱਲ੍ਹੇ ਨੂੰ ਫਿਰ ਵੀ ਲੋੜਾਂ ਪੂਰੀਆਂ ਕਰਨ ਦਾ ਬਾਲਣ ਪਾਉਣ ਲਈ ਪਹਾੜਾਂ ਵਰਗੇ ਦੁੱਖੜਿਆਂ

ਦੀ ਪੰਡ ਚੁੱਕ ਤੁਰ ਪੈਂਦਾ ਹੈ। ਅਜਿਹੀ ਹੀ ਇੱਕ ਦੁੱਖਾਂ ਭਰੀ ਸੱਚੀ ਕਹਾਣੀ ਦੀ ਪਾਤਰ ਆਸ਼ਾ ਰਾਣੀ ਤੇ ਉਸ ਦਾ ਪੁੱਤਰ ਜਗਜੀਤ ਸਿੰਘ ਸੀ।

ਪੁਣਛ ਦੇ ਇਲਾਕੇ ਵਿੱਚ ਇੱਕ ਪਰਿਵਾਰ ਸੁੱਖਾਂ ਭਰਿਆ ਜੀਵਨ ਬਤੀਤ ਕਰ ਰਿਹਾ ਸੀ। ਕੁਝ ਕਬਾਇਲੀ ਦਰਿੰਦਿਆਂ ਨੇ ਇਸ ਹੱਸਦੇ ਵੱਸਦੇ ਪਰਿਵਾਰ ਨੂੰ ਦੁੱਖਾਂ ਦੀ ਭੱਠੀ ਵਿੱਚ ਅਜਿਹਾ ਝੋਕ ਦਿੱਤਾ ਕਿ ਜਿਸ ਦੀ ਇਹ ਦਰਦ ਭਰੀ ਵਿਚਾਰ ਲਿਖਦਿਆਂ ਵੀ ਸ਼ਬਦਾਂ ਵਿੱਚੋਂ ਦੁੱਖਾਂ ਦਾ ਸੇਕ ਮਹਿਸੂਸ ਹੁੰਦਾ ਹੈ। ਸ਼ਾਮ ਦਾ ਵਕਤ ਸੀ, ਆਸ਼ਾ ਰਾਣੀ ਨੇ ਦਾਲ ਸਬਜ਼ੀ ਤੇ ਚਾਵਲ ਬਣਾ ਕੇ ਰੱਖ ਦਿੱਤੇ ਸਨ ਤੇ ਰੋਟੀ ਪੱਕਾ ਰਹੀ ਸੀ। ਇੱਕ ਪੰਜੀ ਕੁ ਕਬਾਇਲੀਆਂ ਦਾ ਕਾਫ਼ਲਾ ਹਨੇਰੀ ਵਾਂਗ ਆਇਆ ਤੇ ਆਉਂਦਿਆਂ ਸਾਰ ਹੀ ਪਰਿਵਾਰ ’ਤੇ ਹਮਲਾਵਰ ਹੋ ਗਿਆ। ਜਿਨ੍ਹਾਂ ਨੇ ਬੜੀ ਬੇਦਰਦੀ ਨਾਲ ਆਸ਼ਾ ਰਾਣੀ ਦੀਆਂ ਅੱਖਾਂ ਦੇ ਸਾਹਮਣੇ ਉਸ ਦਾ ਪਤੀ, ਘਰ ਵਿੱਚੋਂ ਇੱਕ ਹੋਰ ਜੁਆਨ ਲੜਕੇ ਅਤੇ ਸੱਸ ਦਾ ਕਤਲ ਕਰ ਦਿੱਤਾ। ਉਨ੍ਹਾਂ ਲਈ ਦੋ ਅੱਥਰੂ ਵਹਾਉਣ ਦਾ ਸਮਾਂ ਵੀ ਨਾ ਦਿੱਤਾ, ਸਗੋਂ ਆਸ਼ਾ ਰਾਣੀ ਤੇ ਉਸ ਦੇ ਛੋਟੇ ਬੱਚੇ ਜੀਤੀ ਨੂੰ ਪਕੜ ਕੇ ਇੱਕ ਕਬਾਇਲੀ ਕੈਂਪ ਵਿੱਚ ਕੈਦ ਕਰ ਦਿੱਤਾ। ਆਸ਼ਾ ਰਾਣੀ ਤੇ ਉਸ ਦੇ ਪੁੱਤ ਨੇ ਇਸ ਕੈਂਪ ਦੀ ਕੈਦ ਦਾ ਅੱਠ ਮਹੀਨੇ ਦੁੱਖ ਭੋਗਿਆ ਸੀ। ਕੈਂਪ ਸਮਾਪਤ ਹੋ ਗਿਆ ਤੇ ਆਸ਼ਾ ਰਾਣੀ ਤੇ ਉਸ ਦੇ ਪੁੱਤਰ ਨੂੰ ਹੋਰ ਦੁੱਖ ਭੋਗਣ ਲਈ ਇੱਕ ਰੇਲ ਗੱਡੀ ਵਿੱਚ ਬਿਠਾ ਕੇ ਹੋਰ ਰਫਿਊਜੀਆਂ ਦੇ ਨਾਲ ਭਾਰਤ ਭੇਜ ਦਿੱਤਾ। ਭਾਰਤ ਆਉਂਦਿਆਂ ਸਾਰ ਹੀ ਪਹਿਲਾ ਸਟੇਸ਼ਨ ਅੰਮ੍ਰਿਤਸਰ ਹੀ ਆਉਂਦਾ ਸੀ। ਆਸ਼ਾ ਰਾਣੀ ਆਪਣੇ ਬੱਚੇ ਸਮੇਤ ਅੰਮ੍ਰਿਤਸਰ ਹੀ ਉੱਤਰ ਗਈ ।

ਜੀਵਨ ਲਈ ਹੋਰ ਭਾਵੇਂ ਕੁਝ ਵੀ ਨਾ ਹੋਏ ਤਾਂ ਵੀ ਪੇਟ ਨੂੰ ਤਾਂ ਰੋਟੀ ਚਾਹੀਦੀ ਹੀ ਹੈ। ਆਸ਼ਾ ਰਾਣੀ ਆਪਣਾ ਅਤੇ ਆਪਣੇ ਬੱਚੇ ਦਾ ਢਿੱਡ ਭਰਨ ਲਈ ਦਰਬਾਰ ਸਾਹਿਬ ਆ ਗਈ। ਇੱਕ ਰਸਤਾ ਪਹਿਲਾਂ ਬਾਬਾ ਅਟੱਲ ਜੀ ਵਾਲੇ ਪਾਸੇ ਤੋਂ ਦਰਬਾਰ ਸਾਹਿਬ ਨੂੰ ਜਾਂਦਾ ਸੀ। ਉਸ ਰਸਤੇ ’ਤੇ ਸੰਗਤਾਂ ਦੀ ਕਾਫ਼ੀ ਆਉਣੀ ਜਾਣੀ ਲੱਗੀ ਰਹਿੰਦੀ ਸੀ। ਇੱਥੇ ਅਕਸਰ ਮੰਗਤੇ ਮੰਗਤੀਆਂ ਬੈਠੇ ਰਹਿੰਦੇ ਸਨ ਤੇ ਇੱਥੋਂ ਲੰਘਣ ਵਾਲੇ ਕਈ ਦਰਦੀ ਕੁਝ ਨਾ ਕੁਝ ਦੇ ਵੀ ਜਾਂਦੇ ਸਨ। ਆਸ਼ਾ ਰਾਣੀ ਨੇ ਵੀ ਆਪਣੇ ਬੱਚੇ ਸਮੇਤ ਇੱਥੇ ਤਿੰਨ ਮਹੀਨੇ ਗੁਜ਼ਾਰੇ ਸਨ। ਇਹ ਬੱਚਾ ਜੀਤੀ ਗੁਰੂ ਸਾਹਿਬ ਜੀ ਦੇ ਲੰਗਰਾਂ ਵਿੱਚੋਂ ਪ੍ਰਸ਼ਾਦਾ ਆਪ ਛਕ ਕੇ ਤੇ ਆਪਣੀ ਮਾਂ ਵਾਸਤੇ ਲੈ ਆਉਂਦਾ ਸੀ। ਕਦੇ ਕਦਾਈਂ ਇਹ ਮਾਂ ਪੁੱਤ ਆਪ ਹੀ ਜਾ ਕੇ ਛਕ ਆਉਂਦੇ ਸਨ। ਇੱਥੇ ਇਸ਼ਨਾਨ ਕਰਨ ਦਾ ਕੋਈ ਸਾਧਨ ਨਹੀਂ ਸੀ। ਇਨ੍ਹਾਂ ਮੰਗਤਿਆਂ ਨੇ ਹਰ ਰੋਜ਼ ਥੱਲੇ ਹੀ ਬੈਠਣਾ ਤੇ ਉੱਥੇ ਹੀ ਲੇਟ ਜਾਣਾ। ਜਦੋਂ ਇਸ਼ਨਾਨ ਹੀ ਨਹੀਂ ਕਰਨਾ ਤਾਂ ਕੁਦਰਤੀ ਸੀ ਕਿ ਕੇਸਾਂ ਦੀ ਵੀ ਸੰਭਾਲ ਨਹੀਂ ਹੁੰਦੀ ਸੀ, ਜਿਸ ਕਰਕੇ ਆਸ਼ਾ ਰਾਣੀ ਦੇ ਸਿਰ ਵਿੱਚ ਜੂੰਆਂ ਪੈ ਗਈਆਂ।



ਬੱਚਾ ਜਗਜੀਤ ਵੀ ਤਾਂ ਚਾਰ ਸਾਲ ਦਾ ਹੋਣ ਕਰਕੇ ਮਾਂ ਕੋਲ ਹੀ ਰਹਿੰਦਾ ਸੀ ਤੇ ਉਸ ਦੀ ਵੀ ਹਾਲਤ ਇਹੋ ਜਿਹੀ ਹੀ ਸੀ। ਲੰਮੇ ਸਮੇਂ ਦੀ ਭਟਕਣਾ, ਆਪਣਿਆਂ ਦੇ ਵਿਛੋੜੇ ਦਾ ਗ਼ਮ, ਘਰ ਬਾਰ ਦਾ ਤਬਾਹ ਹੋ ਜਾਣਾ ਵੱਸਦਿਆਂ ਰਸਦਿਆਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਇਨ੍ਹਾਂ ਸਾਰੀਆਂ ਗੱਲਾਂ ਦੇ ਕਾਰਣ ਆਸ਼ਾ ਰਾਣੀ ਦੀ ਤਬੀਅਤ ਬਹੁਤ ਖ਼ਰਾਬ ਰਹਿਣ ਲੱਗ ਪਈ । ਗੱਲ-ਗੱਲ ’ਤੇ ਖੰਘ ਆ ਜਾਣੀ ਹੌਲੀ-ਹੌਲੀ ਇਹ ਹਾਲਤ ਬਣ ਗਈ ਸੀ ਕਿ ਕਈ ਵਾਰੀ ਆਪਣੀ ਸਰੀਰਕ ਕਿਰਿਆ ਕਰਨੀ ਵੀ ਔਖੀ ਸੀ। ਆਸ਼ਾ ਰਾਣੀ ਵੀ ਬਹੁਤ ਕਮਜ਼ੋਰ ਹੋ ਗਈ ਸੀ। ਉਸ ਨੂੰ ਹੱਡੀਆਂ ਦੀ ਮੁੱਠ ਬਣੀ ਹੋਈ ਦੇਖ ਕੇ ਕਈ ਲੋਕਾਂ ਨੇ ਇੱਥੋਂ ਲੰਘਦਿਆਂ ਕਿਸੇ ਹਸਪਤਾਲ ਜਾਣ ਲਈ ਕਹਿਣਾ ਪਰ ਉਸ ਨੇ ਆਪਣੇ ਬੱਚੇ ਦੀ ਜ਼ਿੰਦਗੀ ਬਾਰੇ ਤੇ ਰੋਟੀ ਦਾ ਖ਼ਿਆਲ ਕਰਕੇ ਇਸ ਗੱਲ ਨੂੰ ਆਈ ਗਈ ਕਰ ਦੇਣਾ। ਆਖਿਰ ਆਸ਼ਾ ਰਾਣੀ ਦੀ ਵਿਗੜੀ ਹਾਲਤ ਦੇਖ ਕੇ ਦਰਬਾਰ ਸਾਹਿਬ ਦੇ ਸੇਵਾਦਾਰ ਉਨ੍ਹਾਂ ਦੋਨੋਂ ਮਾਂ ਪੁੱਤ ਨੂੰ ਟਾਂਗੇ ’ਤੇ ਬਿਠਾ ਕੇ ਹਸਪਤਾਲ ਛੱਡ ਗਏ।

ਭਗਤ ਜੀ ਨਾਲ ਚਾਰ ਬੱਚੇ ਸਨ। ਇੱਕ ਅਧਰੰਗ ਵਾਲਾ, ਦੋ ਲੂਲ੍ਹੇ ਤੇ ਇੱਕ ਅਨਾਥ ਸੀ। ਇਨ੍ਹਾਂ ਵਾਸਤੇ ਭਗਤ ਜੀ ਨੇੜੇ-ਤੇੜੇ ਦੇ ਘਰਾਂ ਤੋਂ ਅਤੇ ਤੰਦੂਰਾਂ ਤੋਂ ਪ੍ਰਸ਼ਾਦੇ ਇਕੱਠੇ ਕਰ ਲਿਆਉਂਦੇ ਸਨ। ਜਿਹੜੇ ਪ੍ਰਸ਼ਾਦੇ ਇਨ੍ਹਾਂ ਦੀ ਵਰਤੋਂ ਮਗਰੋਂ ਬਚ ਜਾਂਦੇ ਸਨ ਉਨ੍ਹਾਂ ਨੂੰ ਲੈ ਕੇ ਭਗਤ ਜੀ ਹਸਪਤਾਲ ਚਲੇ ਜਾਂਦੇ ਸਨ ਤੇ ਬਾਹਰ ਬੈਠੇ ਰੋਗੀਆਂ ਜਾਂ ਹੋਰ ਲੋੜਵੰਦਾਂ ਨੂੰ ਦੇ ਦਿੰਦੇ ਸਨ। ਇੱਥੇ ਹੀ ਡਾਕਟਰ ਕੁਲਬੀਰ ਸਿੰਘ ਕੋਲੋਂ ਭਗਤ ਜੀ ਅੰਗਰੇਜ਼ੀ ਦਾ ਅਖ਼ਬਾਰ ਪੜ੍ਹ ਲੈਂਦੇ ਸਨ। ੨੮ ਜਾਂ ੨੯ ਅਗਸਤ ਦੀ ਗੱਲ ਹੈ ਕਿ ਉਸ ਦਿਨ ਸ਼ਾਮ ਨੂੰ ਭਗਤ ਪੂਰਨ ਸਿੰਘ ਪ੍ਰਸ਼ਾਦੇ ਲੈ ਕੇ ਗਏ ਤੇ ਉਹ ਲੋੜਵੰਦਾਂ ਵਿੱਚ ਵਰਤਾ ਦਿੱਤੇ। ਭਗਤ ਜੀ ਨੇ ਡਾਕਟਰ ਕੁਲਬੀਰ ਸਿੰਘ ਕੋਲੋਂ ਅਖ਼ਬਾਰ ਪੜ੍ਹਿਆ ਤੇ ਜਦੋਂ ਉੱਠ ਕੇ ਤੁਰਨ ਲੱਗੇ ਤਾਂ ਉਨ੍ਹਾਂ ਨੇ ਬਰਾਂਡੇ ਵਿੱਚ ਇੱਕ ਬੀਬੀ ਲੰਮੀ ਪਈ ਦੇਖੀ। ਕਹਿਣ ਲਈ ਤਾਂ ਉਹ ਧਰਤੀ ’ਤੇ ਪਈ ਸੀ ਪਰ ਉਸ ਦੀ ਹਾਲਤ ਦੇਖ ਕੇ ਲੱਗਦਾ ਸੀ ਕਿ ਇਹ ਤਾਂ ਮੌਤ ਦੇ ਬਿਸਤਰ ’ਤੇ ਹੀ ਪਈ ਸੀ। ਇਸ ਦੇ ਨਾਲ ਹੀ ਇਹ ਹੋਰ ਵੀ ਦੁਖਦਾਈ ਸੀ ਕਿ ਉਸ ਦਾ ਚਾਰ ਕੁ ਸਾਲ ਦਾ ਬੱਚਾ ਉਸ ਦੇ ਕੋਲ ਹੀ ਬਹੁਤ ਉਦਾਸ ਜਿਹਾ ਬੈਠ ਜਾਂਦਾ ਸੀ। ਉਹ ਚਾਰ ਸਾਲਾਂ ਦਾ ਹੋਣ ਦੇ ਬਾਵਜੂਦ ਵੀ ਮਾਂ ਦੀ ਦੇਖ ਭਾਲ ਕਰਦਾ ਸੀ। ਆਸ਼ਾ ਰਾਣੀ ਦੀ ਉਮਰ ਵੀ ਕੋਈ ਤੀਹ ਸਾਲਾਂ ਦੇ ਨੇੜੇ ਤੇੜੇ ਸੀ। ਉਹ ਬੈਠ ਕੇ ਹੀ ਅੱਗੇ-ਅੱਗੇ ਨੂੰ ਸਰਕ ਕੇ ਬਾਥਰੂਮ ਵਾਲੇ ਪਾਸੇ ਨੂੰ ਜਾ ਰਹੀ ਸੀ ਕਿਉਂਕਿ ਉਸ ਬੀਬੀ ਕੋਲੋਂ ਉੱਠਿਆ ਵੀ ਨਹੀਂ ਜਾਂਦਾ ਸੀ।

ਭਗਤ ਜੀ ਨੇ ਜਦੋਂ ਇਸ ਬੀਬੀ ਦੀ ਹਾਲਤ ਦੇਖੀ ਤਾਂ ਬੀਬੀ ਨੇ ਜ਼ਬਾਨੋਂ ਤਾਂ ਭਾਵੇਂ ਅਵਾਜ਼ ਨਹੀਂ ਮਾਰੀ ਪਰ ਬੀਬੀ ਦੇ ਦੁੱਖ ਨੇ ਭਗਤ ਜੀ ਨੂੰ ਅਵਾਜ਼ ਮਾਰ

ਕੇ ਮਾਨੋ ਕਿਹਾ ਸੀ ਕਿ ਓ ਮਾਨਵਤਾ ਦੇ ਦਰਦੀਆ! ਮੈਨੂੰ ਵੀ ਤੇਰੀ ਹਮਦਰਦੀ ਭਰੀ ਸੇਵਾ ਦੀ ਲੋੜ ਹੈ। ਭਗਤ ਜੀ ਤਾਂ ਅਜਿਹੇ ਦੁਖਿਆਰਿਆਂ ਨੂੰ ਦੇਖ ਕੇ ਪੂਰਨ ਤੌਰ 'ਤੇ ਦ੍ਰਵ ਜਾਂਦੇ ਸਨ। ਭਗਤ ਜੀ ਨੇ ਉਸ ਬੀਬੀ ਨੂੰ ਬਿਮਾਰੀ ਪੁੱਛੀ ਪਰ ਉਹ ਦੱਸ ਨਾ ਸਕੀ, ਤਾਂ ਭਗਤ ਜੀ ਨੇ ਉਸ ਦਾ ਕਾਰਡ ਦੇਖ ਲਿਆ। ਉਸ ਕਾਰਡ 'ਤੇ ਮਾਨੋ ਉਸ ਦੀ ਮੌਤ ਦਾ ਹੀ ਸੁਨੇਹਾ ਸੀ। ਉਸ ਬੀਬੀ ਨੂੰ ਆਖਰੀ ਪੜਾ ਵਾਲੀ ਟੀ. ਬੀ. ਹੋਈ ਸੀ। ਬੀਬੀ ਦਾ ਨਾਮ ਵੀ ਆਸ਼ਾ ਰਾਣੀ ਲਿਖਿਆ ਹੋਇਆ ਸੀ। ਇੱਥੇ ਤਾਂ ਸਿਰਫ਼ ਟੀ. ਬੀ. ਦੀ ਕਲੀਨਕ ਸੀ, ਜਿੱਥੋਂ ਸਿਰਫ਼ ਕੁਝ ਦਿਨਾਂ ਦੀ ਦਵਾਈ ਮਿਲ ਸਕਦੀ ਸੀ, ਪਰ ਬੀਬੀ ਨੂੰ ਤਾਂ ਪੂਰਨ ਤੌਰ 'ਤੇ ਹਸਪਤਾਲ ਦਾਖ਼ਲ ਕਰਵਾ ਕੇ ਇਲਾਜ ਦੀ ਲੋੜ ਸੀ। ਭਗਤ ਜੀ ਨੇ ਉਸ ਆਸ਼ਾ ਰਾਣੀ ਨੂੰ ਕਿਹਾ ਕਿ ਮੈਂ ਕੱਲ੍ਹ ਆ ਕੇ ਤੈਨੂੰ ਟੀ. ਬੀ. ਹਸਪਤਾਲ ਮਜੀਠਾ ਰੋਡ 'ਤੇ ਲੈ ਜਾਵਾਂਗਾ। ਭਗਤ ਜੀ ਨੇ ਉਸ ਵਕਤ ਹੀ ਬੱਚੇ ਨੂੰ ਚੁੱਕਿਆ ਤੇ ਸਾਹਮਣੇ ਦੀ ਦੁਕਾਨ ਤੋਂ ਦੁੱਧ ਲੈ ਕੇ ਤੇ ਪੈਸੇ ਕਿਸੇ ਰਾਹੀ ਕੋਲੋਂ ਮੰਗ ਕੇ ਦੁਕਾਨਦਾਰ ਨੂੰ ਦੇ ਦਿੱਤੇ।

ਭਗਤ ਜੀ ਵਾਪਸ ਆਪਣੇ ਅਪਾਹਿਜ ਬੱਚਿਆਂ ਦੇ ਪਰਿਵਾਰ ਕੋਲ ਆ ਗਏ ਸਨ। ਭਗਤ ਜੀ ਨੇ ਸਵੇਰੇ ਆਪਣੇ ਪਰਿਵਾਰ ਦੀ ਸਾਰੀ ਸਰੀਰਕ ਕਿਰਿਆ ਕਰਨੀ ਹੁੰਦੀ ਸੀ। ਕਿਸੇ ਦਾ ਮੂੰਹ ਧੋਣਾ ਕਿਸੇ ਦਾ ਮਲ-ਮੂਤਰ ਧੋਣਾ, ਕਿਸੇ ਨੂੰ ਕੁਝ ਖਾਣ ਨੂੰ ਦੇਣਾ, ਕਿਸੇ ਦੀ ਦਵਾਈ ਦੇਣੀ ਆਦਿਕ। ਇਨ੍ਹਾਂ ਕਾਰਨਾਂ ਕਰਕੇ ਭਗਤ ਜੀ ਉਸ ਬੀਬੀ ਆਸ਼ਾ ਰਾਣੀ ਕੋਲ ਵਕਤ ਨਾਲ ਨਾ ਜਾ ਸਕੇ। ਆਸ਼ਾ ਰਾਣੀ ਨੂੰ ਆਸ ਸੀ ਕਿ ਭਗਤ ਜੀ ਆ ਕੇ ਮੇਰੇ ਬੱਚੇ ਦੀ ਭੁੱਖ ਵਾਲੀ ਲੋੜ ਵੀ ਪੂਰੀ ਕਰਵਾ ਦੇਣਗੇ ਪਰ ਭਗਤ ਜੀ ਨੂੰ ਦੇਰੀ ਹੋ ਗਈ। ਆਸ਼ਾ ਰਾਣੀ ਨੂੰ ਇੱਕ ਇੱਕ ਕਦਮ ਪੁੱਟਣਾ ਵੀ ਮੌਤ ਦੇ ਦੁੱਖ ਨੂੰ ਸਹਾਰਨ ਵਰਗਾ ਹੀ ਸੀ। ਦੂਜੇ ਪਾਸੇ ਉਸ ਦਾ ਬੱਚਾ ਜਗਜੀਤ ਜਿਸ ਨੂੰ ਉਹ ਜੀਤੀ ਕਰਕੇ ਬੁਲਾਉਂਦੀ ਸੀ, ਭੁੱਖ ਨਾਲ ਤੜਫ ਰਿਹਾ ਸੀ। ਮਾਂ ਨੂੰ ਆਪਣੇ ਦੁੱਖ ਨਾਲੋਂ ਵੀ ਵੱਡਾ ਆਪਣੇ ਬੱਚੇ ਦਾ ਦੁੱਖ ਸੀ। ਉਹ ਡਿੱਗਦੀ ਢਹਿੰਦੀ ਪੌੜੀਆਂ ਵਿੱਚ ਬੈਠ ਗਈ ਜਿੱਥੇ ਹੋਰ ਰੋਗੀਆਂ ਦੇ ਨਾਲ ਦੇ ਲੋਕ ਬੈਠਦੇ ਸਨ। ਕਿਸੇ ਨੂੰ ਰੋਂਦਾ ਬੱਚਾ ਤੇ ਤੜਫਦੀ ਬੀਬੀ ਦੇਖ ਕੇ ਤਰਸ ਆ ਗਿਆ ਤੇ ਉਸ ਨੇ ਬੱਚੇ ਨੂੰ ਰੋਟੀ ਖੁਆ ਦਿੱਤੀ।

ਭਗਤ ਜੀ ਤੀਜੇ ਦਿਨ ਆਸ਼ਾ ਰਾਣੀ ਨੂੰ ਇੱਕ ਟਾਂਗੇ 'ਤੇ ਬਿਠਾ ਕੇ ਹਸਪਤਾਲ ਨੂੰ ਲੈ ਕੇ ਚੱਲ ਪਏ। ਆਸ਼ਾ ਰਾਣੀ ਨੂੰ ਵਾਰ-ਵਾਰ ਖੰਘ ਉੱਠਦੀ ਸੀ ਤੇ ਉਹ ਥੁੱਕੀ ਵੀ ਜਾਂਦੀ ਤੇ ਉਸ ਦੇ ਹੱਥਾਂ ਜਾਂ ਹੋਰ ਸਰੀਰਕ ਹਾਲਤ ਨੂੰ ਦੇਖਕੇ ਇਹ ਲੱਗਦਾ ਸੀ ਕਿ ਇਹ ਰੋਗ ਹੋਰ ਕਿਸੇ ਨੂੰ ਵੀ ਲੱਗ ਸਕਦਾ ਹੈ। ਸੋ, ਭਗਤ ਜੀ ਨੇ ਸੋਚਿਆ ਕਿ ਮੈਂ ਜਿਸ ਟਾਂਗੇ 'ਤੇ ਜਾ ਰਿਹਾ ਹਾਂ ਮੈਂ ਇਸ ਨੂੰ ਹੀ ਕੁਝ ਸਮਾਂ ਉੱਥੇ ਰੋਕ ਲਵਾਂਗਾ ਤਾਂ ਕਿ ਕਿਸੇ ਹੋਰ ਟਾਂਗੇ ਨੂੰ ਇਹ ਬਿਮਾਰੀ ਦੇ ਕੀਟਾਣੂ ਨਾ ਲੱਗਣ। ਭਗਤ ਜੀ ਦੀ ਸੋਚ ਤਾਂ ਚੰਗੀ ਸੀ ਪਰ ਦਵਾਈ ਲੈਂਦਿਆਂ, ਵਕਤ



ਲੱਗ ਗਿਆ ਸੀ। ਇਸ ਕਰਕੇ ਉਸ ਟਾਂਗੇ ਵਾਲੇ ਦਾ ਬਿੱਲ ਹੀ ਪੰਜ ਰੁਪਏ ਬਣ ਗਿਆ। ਉਸ ਵਕਤ ਇਹ ਪੰਜ ਰੁਪਏ ਕਾਫ਼ੀ ਹੁੰਦੇ ਸਨ। ਭਗਤ ਜੀ ਕੋਲ ਤਾਂ ਜੋ ਮਾਇਆ ਹੁੰਦੀ ਸੀ ਉਹ ਤਾਂ ਉਸੇ ਵਕਤ ਹੀ ਕਿਸੇ ਲੋੜਵੰਦ ਲਈ ਖ਼ਰਚ ਦਿੰਦੇ ਸਨ।ਹੁਣ ਇਨ੍ਹਾਂ ਪੈਸਿਆਂ ਦਾ ਪ੍ਰਬੰਧ ਵੀ ਕਰਨਾ ਸੀ। ਉਨ੍ਹਾਂ ਦੀ ਸੋਚ ਵਿੱਚ ਆਇਆ ਕਿ ਨੇੜੇ ਹੀ ਆਹਲੂਵਾਲੀਆ ਕਟੜਾ ਮੰਡੀ ਹੈ। ਇੱਥੇ ਦੋ ਬੰਦਿਆਂ ਦਾ ਕਾਰੋਬਾਰ ਬਹੁਤ ਵਧੀਆ ਸੀ। ਭਗਤ ਜੀ ਉਨ੍ਹਾਂ ਵਿੱਚੋਂ ਇੱਕ ਲਾਲੀ ਸ਼ਾਹ ਕੋਲ ਚਲੇ ਗਏ ਤੇ ਉਸ ਨੂੰ ਇਹ ਕਿਰਾਇਆ ਦੇਣ ਲਈ ਕਿਹਾ ਤਾਂ ਉਸ ਨੂੰ ਵੀ ਇਹ ਰਕਮ ਜ਼ਿਆਦਾ ਲੱਗੀ। ਉਸ ਨੇ ਭਗਤ ਜੀ ਨੂੰ ਕਿਹਾ ਕਿ ਤੁਸੀਂ ਇਹ ਟਾਂਗਾ ਲੰਮਾ ਸਮਾਂ ਖੜ੍ਹਾ ਕਰਕੇ ਜ਼ਿਆਦਾ ਪੈਸੇ ਬਰਬਾਦ ਕੀਤੇ ਹਨ। ਭਗਤ ਜੀ ਨੇ ਪਿਆਰ ਭਰਿਆ ਦਬਕਾ ਮਾਰਿਆ ਤੇ ਉਸ ਵਪਾਰੀ ਨੇ ਇਹ ਪੈਸੇ ਦੇ ਦਿੱਤੇ। ਭਗਤ ਜੀ ਦੀ ਸੇਵਾ ਤੇ ਸ਼ਖ਼ਸੀਅਤ ਬਾਰੇ ਸਾਰੇ ਜਾਣੂ ਹੋ ਗਏ ਸਨ। ਇਸ ਕਰਕੇ ਉਹ ਭਗਤ ਜੀ ਦੀ ਨਰਮੀ ਗਰਮੀ ਸਭ ਕੁਝ ਬਰਦਾਸ਼ਤ ਕਰ ਲੈਂਦੇ ਸਨ। ਭਗਤ ਜੀ ਆਸ਼ਾ ਰਾਣੀ ਤੇ ਜੀਤੀ ਨੂੰ ਲੈ ਕੇ ਗੁਰੂ ਤੇਗ ਬਹਾਦਰ ਹਸਪਤਾਲ ਵਾਪਸ ਲੈ ਆਏ। ਭਗਤ ਜੀ ਨੇ ਵਾਪਸ ਆ ਕੇ ਆਸ਼ਾ ਰਾਣੀ ਦੇ ਸੀਨੇ ਦਾ ਸਕਰੀਨ ਟੈਸਟ ਕਰਵਾਇਆ। ਡਾਕਟਰ ਮਨਮੋਹਣ ਸਿੰਘ ਪਹਿਲਾਂ ਦਾ ਹੀ ਵਾਕਫ਼ ਹੋਣ ਕਰਕੇ ਕੰਮ ਤਾਂ ਭਾਵੇਂ ਜਲਦੀ ਹੀ ਹੋ ਗਿਆ ਪਰ ਡਾਕਟਰ ਮਨਮੋਹਣ ਸਿੰਘ ਨੇ ਬੀਬੀ ਦੀ ਪਰਚੀ 'ਤੇ ਲਿਖ ਦਿੱਤਾ ਸੀ ਕਿ ਇਸ ਦੇ ਫੇਫੜੇ ਬਹੁਤ ਜ਼ਖ਼ਮੀ ਤੇ ਛਣਨੀ ਛਣਨੀ ਹੋ ਚੁੱਕੇ ਹਨ। ਉਹੋ ਹੀ ਪਰਚੀ ਲੈ ਕੇ ਭਗਤ ਜੀ ਹਸਪਤਾਲ ਦੇ ਡਾਕਟਰ ਕੋਲ ਜਾ ਕੇ ਪੁੱਛਣ ਲੱਗੇ ਕਿ ਤੁਸੀਂ ਇਸ ਬੀਬੀ ਨੂੰ ਹਸਪਤਾਲ ਵਿੱਚ ਦਾਖ਼ਲ ਕਰ ਸਕਦੇ ਹੋ? ਡਾਕਟਰ ਨੇ ਕਿਹਾ ਕਿ ਸਾਡੇ ਕੋਲ ਤਾਂ ਪਾਕਿਸਤਾਨ ਤੋਂ ਰਫ਼ਿਊਜੀ ਆ ਜਾਣ ਕਰਕੇ ਪਹਿਲਾਂ ਹੀ ਅੱਸੀ ਰੋਗੀ ਹਨ, ਪਰ ਇੱਥੇ ਤਾਂ ਸਿਰਫ਼ ਵੀਹ ਰੋਗੀਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਹੈ। ਇਸ ਕਰਕੇ ਅਸੀਂ ਤਾਂ ਸਗੋਂ ਆਪਣੇ ਕੋਲੋਂ ਵੀ ਟੀ. ਬੀ. ਦੇ ਰੋਗੀ ਘਟਾਉਣਾ ਚਾਹੁੰਦੇ ਹਾਂ। ਇਸ ਕਰਕੇ ਅਸੀਂ ਹੋਰ ਦਾਖ਼ਲ ਨਹੀਂ ਕਰ ਸਕਦੇ।

ਭਗਤ ਜੀ ਲਈ ਇਹ ਬਹੁਤ ਮਜ਼ਬੂਰੀ ਬਣ ਗਈ ਸੀ ਕਿ ਹੁਣ ਇਸ ਬੀਬੀ ਨੂੰ ਕਿੱਥੇ ਰੱਖਾਂ? ਭਗਤ ਜੀ ਦਾ ਤਾਂ ਆਪਣਾ ਹੀ ਪਰਿਵਾਰ ਰੇਲਵੇ ਸਟੇਸ਼ਨ ਦੀ ਵਲਗਣ ਵਿੱਚ ਸੜਕ ਕਿਨਾਰੇ ਸੀ। ਇੱਥੇ ਅਜਿਹੀ ਹਾਲਤ ਵਿੱਚ ਬੀਬੀ ਨੂੰ ਪਾਉਣਾ ਯੋਗ ਨਹੀਂ ਸੀ ਤੇ ਆਸ਼ਾ ਰਾਣੀ ਨੇ ਵੀ ਕਦੇ ਮਲ-ਮੂਤਰ ਲਈ ਜਾਣਾ ਸੀ ਤਾਂ ਇੱਕ ਤੀਹਾਂ ਸਾਲਾਂ ਦੀ ਜੁਆਨ ਲੜਕੀ ਲਈ ਇਹ ਸਭ ਕੁਝ ਸਹਾਰਨਾ ਔਖਾ ਸੀ। ਭਗਤ ਜੀ ਨੇ ਆਸ਼ਾ ਰਾਣੀ ਨੂੰ ਹਸਪਤਾਲ ਦੇ ਨੇੜੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਡਿਓਢੀ ਵਿੱਚ ਲੰਮਾ ਪਾ ਦਿੱਤਾ, ਪਰ ਇੱਥੋਂ ਵੀ ਬੇਦਰਦ ਚੌਕੀਦਾਰ ਨੇ ਉਠਾ ਦਿੱਤਾ ਤੇ ਆਖਿਰ ਭਗਤ ਜੀ ਆਪਣੇ ਕੋਲ ਹੀ

ਰੇਲਵੇ ਸਟੇਸ਼ਨ 'ਤੇ ਬਣੇ ਟਾਂਗਿਆਂ ਲਈ ਛੱਤਣੇ ਥੱਲੇ ਆਪਣੇ ਪਰਿਵਾਰ ਕੋਲ ਹੀ ਲੈ ਆਏ। ਛੱਤਣੇ ਦੇ ਨਾਲ ਲੱਗਦੀ ਖੁੱਲ੍ਹੀ ਜਿਹੀ ਥਾਂ 'ਤੇ ਇੱਕ ਤੰਬੂ ਲੱਗਾ ਹੋਇਆ ਸੀ ਤੇ ਇਹ ਹੈ ਵੀ ਖ਼ਾਲੀ ਸੀ। ਭਗਤ ਜੀ ਨੇ ਆਸ਼ਾ ਰਾਣੀ ਨੂੰ ਇੱਥੇ ਲਿਆ ਕੇ ਪਾ ਦਿੱਤਾ। ਬੀਬੀ ਦੀ ਹਾਲਤ ਦੇਖ ਕੇ ਭਗਤ ਜੀ ਨੇ ਉਸ ਲਈ ਮੰਜੇ ਦਾ ਪ੍ਰਬੰਧ ਵੀ ਕੀਤਾ। ਆਸ਼ਾ ਰਾਣੀ ਖੰਘ ਦੇ ਕਾਰਨ ਵਾਰ-ਵਾਰ ਥੁੱਕ ਦਿੰਦੀ ਸੀ ਪਰ ਉਸ ਲਈ ਦੂਰ ਜਾਣਾ ਵੀ ਸੌਖਾ ਨਹੀਂ ਸੀ। ਇਸ ਕਰਕੇ ਆਪਣੇ ਮੰਜੇ ਦੇ ਨੇੜੇ ਹੀ ਥੁੱਕ ਦਿੰਦੀ ਸੀ। ਭਗਤ ਜੀ ਉਸ ਦੀਆਂ ਥੁੱਕਾਂ 'ਤੇ ਵੀ ਮਿੱਟੀ ਪਾ ਦਿੰਦੇ ਸਨ। ਅਜਿਹੀ ਸੇਵਾ ਅਤਿ ਦੀ ਕਠਨ ਸੇਵਾ ਹੁੰਦੀ ਹੈ। ਇਸ ਨੂੰ ਤਾਂ ਕੋਈ ਗੁਰੂ ਬਖ਼ਸ਼ੀ ਰੂਹ ਹੀ ਕਰ ਸਕਦੀ ਹੈ।

**ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ॥**
**ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ॥** {ਅੰ: ੨੩੩}

ਜਦੋਂ ਭਗਤ ਜੀ ਪ੍ਰਸ਼ਾਦੇ ਇਕੱਠੇ ਕਰਕੇ ਲਿਆਉਂਦੇ ਸਨ ਤਾਂ ਨਰਮ ਨਰਮ ਪ੍ਰਸ਼ਾਦੇ ਆਸ਼ਾ ਰਾਣੀ ਨੂੰ ਦੇ ਦਿੰਦੇ ਸਨ। ਇੱਕ ਤਾਂ ਬੀਬੀ ਦੀ ਹਾਲਤ ਪਹਿਲਾਂ ਹੀ ਬਹੁਤ ਮਾੜੀ ਸੀ ਤੇ ਦੂਜਾ ਉਸ ਦੀ ਮੌਤ ਬਹੁਤ ਨਜ਼ਦੀਕ ਸੀ। ਇਸ ਕਰਕੇ ਉਹ ਬਾਕੀ ਜ਼ਿੰਦਗੀ ਦੇ ਦਿਨ ਤਾਂ ਕੁਝ ਸੌਖੇ ਕੱਟ ਸਕੇ, ਕਦੇ ਕਦਾਈਂ ਭਗਤ ਜੀ ਉਸ ਲਈ ਅੰਗੂਰ ਵੀ ਲਿਆਉਂਦੇ ਸਨ। ਭਗਤ ਜੀ ਹਰ ਵਕਤ ਉਸ ਦੇ ਬੱਚੇ ਜੀਤੀ ਨੂੰ ਆਪਣੇ ਕਲੇਜੇ ਨਾਲ ਲਾਈ ਰੱਖਦੇ ਸਨ। ਆਸ਼ਾ ਰਾਣੀ ਪਹਿਲਾਂ ਤਾਂ ਆਪਣੇ ਬੱਚੇ ਪ੍ਰਤੀ ਬਹੁਤ ਚਿੰਤਾ ਗ੍ਰਸਤ ਰਹਿੰਦੀ ਸੀ ਪਰ ਜਦੋਂ ਦੀ ਜੀਤੀ ਨੂੰ ਬਹੁਤ ਪਿਆਰ ਦੇਣ ਵਾਲੀ ਤੇ ਹਰ ਸਮੇਂ ਸੀਨੇ ਨਾਲ ਲਾ ਕੇ ਮਿੱਠੀਆਂ ਪਿਆਰੀਆਂ ਲੋਰੀਆਂ ਦੇਣ ਵਾਲੀ ਦੂਜੀ ਮਾਂ ਭਗਤ ਪੂਰਨ ਸਿੰਘ ਮਿਲ ਗਈ ਸੀ ਤਾਂ ਉਹ ਬਿਲਕੁਲ ਹੀ ਨਿਸ਼ਚਿੰਤ ਹੋ ਗਈ ਸੀ।

ਇੱਕ ਦਿਨ ਆਸ਼ਾ ਰਾਣੀ ਡੁੱਬਦੇ ਸੂਰਜ ਦੀਆਂ ਕਿਰਨਾਂ ਵਿੱਚੋਂ ਆਪਣੀ ਜ਼ਿੰਦਗੀ ਦੀ ਤਲਾਸ਼ ਕਰ ਰਹੀ ਸੀ। ਉਹ ਦੇਖ ਰਹੀ ਸੀ ਕਿ ਭਗਤ ਜੀ ਕਿਵੇਂ ਜੀਤੀ ਨੂੰ ਪਿਆਰ ਕਰ ਰਹੇ ਹਨ। ਭਗਤ ਜੀ ਜੀਤੀ ਨੂੰ ਆਪਣੇ ਸੀਨੇ ਨਾਲ ਲਾ ਕੇ ਲਾਡ ਲੁਡਾ ਰਹੇ ਸਨ। ਭਗਤ ਜੀ ਵੀ ਖੁਸ਼ ਸਨ ਤੇ ਜੀਤੀ ਵੀ ਬਹੁਤ ਖੁਸ਼ ਸੀ। ਆਸ਼ਾ ਰਾਣੀ ਸੋਚ ਰਹੀ ਸੀ ਕਿ ਪੁੱਤ ਜੀਤੀ! ਮੈਂ ਤਾਂ ਮਾਂ ਹੋ ਕੇ ਇਤਨਾ ਪਿਆਰ ਨਾ ਦੇ ਸਕੀ ਜਿਤਨਾ ਪਿਆਰ ਭਗਤ ਜੀ ਤੇਰੀ ਝੋਲੀ ਪਾ ਰਹੇ ਹਨ। ਮੈਂ ਤਾਂ ਪੁੱਤ ਵੇ ਤੈਨੂੰ ਦੋ ਪ੍ਰਸ਼ਾਦੇ ਵੀ ਸੁੱਖ ਦੇ ਨਾ ਦੇ ਸਕੀ, ਸਗੋਂ ਤੇਰੇ ਕੋਲੋਂ ਆਪ ਮੰਗਵਾ ਕੇ ਖਾਂਦੀ ਸੀ, ਕਦੇ ਤੇਰੇ ਨਾਲ ਅਜਿਹਾ ਪਿਆਰ ਨਹੀਂ ਕਰ ਸਕੀ। ਮੇਰੇ ਕੋਲ ਕੋਈ ਦੌਲਤ ਨਹੀਂ, ਕੋਈ ਘਰ ਨਹੀਂ, ਕੋਈ ਸੁੱਖ ਨਹੀਂ, ਬਲਕਿ ਮੈਂ ਤਾਂ ਆਪ ਹੀ ਤੇਰੇ ਚਾਰ ਸਾਲ ਦੇ ਬੱਚੇ ਦੇ ਸਿਰ 'ਤੇ ਭਾਰ ਬਣੀ ਹੋਈ ਸੀ। ਮੈਨੂੰ ਤਾਂ ਸਿਰਫ਼ ਇਹ ਹੀ ਲੱਗਦਾ ਸੀ ਕਿ ਮੈਂ ਤੈਨੂੰ ਸਿਰਫ਼ ਆਪਣੀ ਗੋਦ ਦਾ ਸੁੱਖ ਹੀ ਦੇ



ਰਹੀ ਹਾਂ। ਹੁਣ ਇਹ ਵੀ ਭਰਮ ਦੂਰ ਹੋ ਗਿਆ ਹੈ, ਕਿਉਂਕਿ ਜੀਤੀ ਲਈ ਆਸ਼ਾ ਰਾਣੀ ਨੂੰ ਅੱਜ ਆਪਣੀ ਗੋਦ ਛੋਟੀ ਤੇ ਭਗਤ ਪੂਰਨ ਸਿੰਘ ਦੀ ਸੁੱਖਾਂ ਭਰੀ ਗੋਦ ਵੱਡੀ ਲੱਗ ਰਹੀ ਸੀ। ਆਸ਼ਾ ਰਾਣੀ ਆਪਣੇ ਪੁੱਤ ਨੂੰ ਦੇਖ ਕੇ ਦੋ ਪਲ ਆਪਣਾ ਸਾਰਾ ਹੀ ਦੁੱਖ ਭੁੱਲ ਗਈ। ਉਹ ਆਪਣੇ ਮੰਜੇ 'ਤੇ ਪਈ ਇਹ ਸਭ ਕੁਝ ਦੇਖ ਰਹੀ ਸੀ।ਉਸ ਨੇ ਭਾਵੇਂ ਆਪਣੀਆਂ ਅੱਖਾਂ ਵਿੱਚ ਆਏ ਅੱਥਰੂ ਲੁਕਾਉਣ ਲਈ ਕਰਵਟ ਬਦਲੀ ਸੀ ਪਰ ਫਿਰ ਵੀ ਤਨੋ ਮਨੋ ਸੇਵਾ ਕਰਨ ਵਾਲੇ ਭਗਤ ਜੀ ਤੋਂ ਇਹ ਗੱਲ ਕਿਵੇਂ ਛੁਪੀ ਰਹਿ ਸਕਦੀ ਸੀ? ਭਗਤ ਜੀ ਉੱਠ ਕੇ ਉਸ ਦੇ ਕੋਲ ਚਲੇ ਗਏ ਤੇ ਪੁੱਛਣ ਲੱਗੇ ਕਿ ਕੀ ਗੱਲ ਹੋ ਗਈ ਆਸ਼ਾ, ਤੇਰੀਆਂ ਅੱਖਾਂ ਵਿੱਚ ਹੰਝੂ ਕਿਉਂ ਆਏ ਹਨ? ਠੰਡਾ ਜਿਹਾ ਸਾਹ ਲੈ ਕੇ ਪਿਆਰ ਭਰੀ ਅਵਾਜ਼ ਨਾਲ ਬੋਲੀ ਕਿ ਭਗਤ ਜੀ ਜਦੋਂ ਮੈਂ ਠੀਕ ਹੋ ਗਈ ਤਾਂ ਮੈਂ ਜੀਤੀ ਤਾਂ ਤੁਹਾਨੂੰ ਹੀ ਦੇ ਜਾਣਾ ਹੈ, ਕਿਉਂਕਿ ਇਤਨਾ ਖੁਸ਼ ਤਾਂ ਮੈਂ ਵੀ ਨਹੀਂ ਰੱਖ ਸਕਦੀ। ਮੈਂ ਠੀਕ ਹੋ ਕੇ ਦਰਬਾਰ ਸਾਹਿਬ ਵਿੱਚ ਸੰਗਤਾਂ ਦੇ ਭਾਂਡੇ ਮਾਂਜਿਆ ਕਰਾਂਗੀ। ਇਹ ਸਾਰੀ ਗੱਲ ਸੁਣ ਕੇ ਭਗਤ ਜੀ ਦੀਆਂ ਅੱਖਾਂ ਵੀ ਨਮ ਹੋ ਗਈਆਂ ਸਨ, ਕਿਉਂਕਿ ਭਗਤ ਜੀ ਨੂੰ ਤਾਂ ਪਤਾ ਸੀ ਕਿ ਹਾਂ ਤੂੰ ਦਰਬਾਰ ਸਾਹਿਬ ਤਾਂ ਜਾਣਾ ਹੈ, ਪਰ ਅਗਲੇ ਹੀ ਦਰਬਾਰ ਜਾਣਾ ਹੈ। ਭਲੀਏ! ਤੇਰੀ ਜ਼ਿੰਦਗੀ ਤਾਂ ਕੁਝ ਸਮੇਂ ਦੀ ਹੀ ਮਹਿਮਾਨ ਹੈ। ਤੇਰੇ ਤਾਂ ਸਾਰੇ ਹੀ ਲੰਗਜ਼ (ਫੇਫੜੇ) ਇਸ ਚੰਦਰੀ ਬਿਮਾਰੀ ਨੇ ਖਾ ਲਏ ਹਨ।ਆਖਿਰ ਉਹੋ ਕੁਝ ਹੀ ਹੋਇਆ ਜੋ ਇੱਕ ਬਿਮਾਰੀ ਦੇ ਡੰਨੇ ਮਰੀਜ਼ ਨਾਲ ਹੁੰਦਾ ਹੈ।ਬਿਮਾਰੀ ਜਿੱਤ ਜਾਂਦੀ ਹੈ ਤੇ ਮਰੀਜ਼ ਹਾਰ ਜਾਂਦਾ ਹੈ। ਇਹ ਆਸ਼ਾ ਰਾਣੀ ਵੀ ਚੜ੍ਹਾਈ ਕਰ ਗਈ ਸੀ। ਅੱਖਾਂ ਦੇ ਦਰਵਾਜ਼ੇ ਬੰਦ ਹੋ ਗਏ ਸਨ ਜਿਸ ਨਾਲ ਆਸ਼ਾ ਰਾਣੀ ਦੀ ਸੋਚ ਦੇ ਸੁਪਨੇ ਵੀ ਖ਼ਤਮ ਹੋ ਗਏ ਸਨ।

## ਭਗਤ ਪੂਰਨ ਸਿੰਘ ਜੀ ਦੀ ਨੈਤਿਕਤਾ

ਆਸ਼ਾ ਰਾਣੀ ਲਾਸ਼ ਬਣ ਕੇ ਮੰਜੇ 'ਤੇ ਪਈ ਸੀ। ਇਨ੍ਹਾਂ ਦਿਨਾਂ ਵਿੱਚ ਬਹੁਤ ਜ਼ਿਆਦਾ ਕਤਲੋਗਾਰਤ ਹੋਈ ਸੀ ਤੇ ਲਾਸ਼ਾਂ ਨੂੰ ਬੜੀ ਬੇਕਦਰੀ ਨਾਲ ਹੀ ਮਿਉਂਸਿਪਲ ਕਮੇਟੀ ਟਰੱਕ ਭਰ ਕੇ ਬਾਹਰ ਸੁੱਟ ਦਿੰਦੀ ਸੀ। ਵੈਸੇ ਤਾਂ ਭਗਤ ਜੀ ਸਭ ਨਾਲ ਹੀ ਅਥਾਹ ਸਨੇਹ ਕਰਦੇ ਸਨ ਪਰ ਆਸ਼ਾ ਰਾਣੀ ਦੇ ਆਖਰੀ ਬੋਲਾਂ ਨੇ ਭਗਤ ਜੀ ਦੇ ਦਿਲ ਵਿੱਚ ਅਥਾਹ ਪਿਆਰ ਪੈਦਾ ਕਰ ਦਿੱਤਾ ਸੀ। ਜਿਸ ਗੁਰੂ ਸਾਹਿਬ ਜੀ ਦੇ ਦਰ 'ਤੇ ਭਗਤ ਪੂਰਨ ਸਿੰਘ ਜੀ ਨੂੰ ਪੂਰਨ ਸਹਾਰਾ ਮਿਲਿਆ ਸੀ ਉਸ ਦਰ ਦਾ ਹੀ ਆਸਰਾ ਇਹ ਬੀਬੀ ਆਸ਼ਾ ਰਾਣੀ ਤੱਕਦੀ ਰਹੀ ਸੀ। ਭਗਤ ਜੀ ਨੇ ਵਿਚਾਰ ਬਣਾਇਆ ਕਿ ਮੈਂ ਆਸ਼ਾ ਰਾਣੀ ਦਾ ਪੂਰਨ ਸ਼ਰਧਾ ਭਾਵਨਾ ਨਾਲ ਸਸਕਾਰ ਕਰਨਾ ਹੈ। ਟਾਂਗਿਆਂ ਦੇ ਛੱਤਣੇ ਕੋਲ ਹੀ ਜਿੱਥੇ ਭਗਤ ਜੀ ਹੁਣ ਰਹਿੰਦੇ ਸਨ, ਉੱਥੇ ਇੱਕ ਸਫ਼ਾਈ ਮਜ਼ਦੂਰ ਰਹਿੰਦਾ ਸੀ ਤੇ ਉਸ ਦੀ ਘਰਵਾਲੀ ਵੀ ਇਹੋ ਹੀ ਸਫ਼ਾਈ ਦਾ ਕੰਮ ਕਰਦੀ ਸੀ। ਭਗਤ ਜੀ ਨੇ ਭਰੇ ਮਨ ਤੇ ਭਰੀਆਂ ਅੱਖਾਂ

ਨਾਲ ਕਿਹਾ ਕਿ ਬੀਬਾ ਜੀ ਇਹ ਮੇਰੀ ਧੀ ਆਸ਼ਾ ਰਾਣੀ ਮੈਨੂੰ ਛੱਡ ਕੇ ਚਲੀ ਗਈ ਹੈ। ਇਸ ਕਰਕੇ ਇਸ ਦਾ ਇਸ਼ਨਾਨ ਕਰਵਾਉਣਾ ਹੈ। ਕੋਈ ਵੀ ਬਾਪ ਆਪਣੀ ਜੁਆਨ ਧੀ ਦੀ ਇਹ ਸੇਵਾ ਨਹੀਂ ਕਰ ਸਕਦਾ, ਸੋ ਜੇਕਰ ਤੂੰ ਇਸ਼ਨਾਨ ਕਰਵਾ ਦੇਵੇਂ ਤਾਂ ਮੈਂ ਤੈਨੂੰ ਬਣਦੀ ਮਿਹਨਤ ਦਾ ਫਲ ਵੀ ਦੇ ਦਿਆਂਗਾ। ਉਸ ਬੀਬੀ ਨੂੰ ਪਤਾ ਸੀ ਕਿ ਆਸ਼ਾ ਰਾਣੀ ਤਪਦਿਕ ਨਾਲ ਮਰੀ ਹੈ ਤੇ ਇਹ ਬਿਮਾਰੀ ਛੂਤ ਦੀ ਬਿਮਾਰੀ ਹੈ, ਜੋ ਸੇਵਾ ਕਰਨ ਵਾਲੇ ਨੂੰ ਵੀ ਲੱਗ ਸਕਦੀ ਹੈ। ਇਸ ਕਰਕੇ ਉਸ ਸਫ਼ਾਈ ਵਾਲੀ ਮਜ਼ਦੂਰ ਬੀਬੀ ਨੇ ਸਾਫ਼ ਜੁਆਬ ਦੇ ਦਿੱਤਾ। ਭਗਤ ਜੀ ਦਾ ਬੜਾ ਹੀ ਵਫ਼ਾਦਾਰ ਤੇ ਪਿਆਰਾ ਸਾਥੀ ਨਰੈਣ ਸਿੰਘ ਬਾਲ ਬੱਚੇਦਾਰ ਸੀ। ਭਗਤ ਜੀ ਨੂੰ ਆਪਣੇ ਸਾਥੀ ਨਰੈਣ ਸਿੰਘ ਦਾ ਖ਼ਿਆਲ ਆਇਆ ਤੇ ਉਸ ਨੂੰ ਬੁਲਾ ਕੇ ਉਸ ਦੇ ਪਰਿਵਾਰ ਕੋਲੋਂ ਆਸ਼ਾ ਰਾਣੀ ਦਾ ਇਸ਼ਨਾਨ ਕਰਵਾ ਦਿੱਤਾ। ਭਗਤ ਜੀ ਨੇ ਆਸ਼ਾ ਰਾਣੀ ਨੂੰ ਕੇਵਲ ਜ਼ਬਾਨੋਂ ਹੀ ਧੀ ਨਹੀਂ ਕਿਹਾ ਸੀ, ਸਗੋਂ ਦਿਲ ਤੋਂ ਉਸ ਨਾਲ ਧੀਆਂ ਵਾਲਾ ਰਿਸ਼ਤਾ ਬਣਾਇਆ ਸੀ। ਜਿਸ ਬਾਪ ਨੂੰ ਆਪਣੀ ਧੀ ਅਰਥੀ ’ਤੇ ਪਾਉਣੀ ਪੈ ਜਾਵੇ, ਉਸ ਬਾਪ ਦਾ ਜੋ ਹਾਲ ਹੁੰਦਾ ਹੈ, ਉਹੋ ਹੀ ਹਾਲ ਭਗਤ ਪੂਰਨ ਸਿੰਘ ਜੀ ਦਾ ਸੀ। ਰੋਂਦਿਆਂ ਹੋਇਆਂ ਅਰਦਾਸ ਕੀਤੀ ਤੇ ਭਾਈ ਨਰੈਣ ਸਿੰਘ ਨੂੰ ਨਾਲ ਲੈ ਕੇ ਆਸ਼ਾ ਰਾਣੀ ਦੀ ਮੰਜੀ (ਅੱਗਿਓਂ ਨਰੈਣ ਸਿੰਘ ਤੇ ਪਿੱਛੋਂ ਭਗਤ ਜੀ) ਮੋਢਿਆਂ ’ਤੇ ਚੁੱਕ ਕੇ ਦੁਰਗਿਆਣਾ ਵਾਲੀ ਸ਼ਮਸ਼ਾਨ ਭੂਮੀ ਵੱਲ ਲੈ ਗਏ ਤੇ ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਆਸ਼ਾ ਰਾਣੀ ਭਗਤ ਜੀ ਕੋਲੋਂ ਮਣਾਂ ਮੂੰਹੀਂ ਧੀ ਵਾਲਾ ਪਿਆਰ ਲੈ ਕੇ ਫਾਨੀ ਦੁਨੀਆਂ ਨੂੰ ਛੱਡ ਚਲੀ ਗਈ।’ {ਡਾ. ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੪), ਪੰਨੇ ੭੫ ਤੋਂ ੭੭}।

**ਅਣਥੱਕ ਸੇਵਾ ਹੁੰਦਿਆਂ ਤੁਰ ਗਈ, ਬੀਬੀ ਆਸ਼ਾ ਰਾਣੀ।**
**ਮੌਤ ਵਲੂੰਧਰ ਗਈ ਭਗਤਾਂ ਨੂੰ, ਹਿੱਲ ਗਈ ਰੂਹ ਨਿਮਾਣੀ।**
**ਦੁੱਖਾਂ ਨਾਲ ਜੂਝਦੀ ਮੁੱਕ ਗਈ, ਸੁਹਣੀ ਭਰ ਜੁਆਨੀ।**
**ਜਿਉਂਦੇ ਜੀਅ ਸੌਂਪ ਗਈ ਜੀਤਾ, ਭਗਤ ਜੀ ਬ੍ਰਹਮ ਗਿਆਨੀ।**

{ਮਾ. ਸੇਵਾ ਸਿੰਘ ਸੋਹੀਆਂ ਖੁਰਦ, ਅਨਾਥਾਂ ਦਾ ਨਾਥ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੦੮), ਪੰਨਾ ੩੦}।

### ਭਗਤ ਪੂਰਨ ਸਿੰਘ ਇੱਕ ਸੁਚੱਜੀ ਮਾਂ

ਆਸ਼ਾ ਰਾਣੀ ਜਦੋਂ ਦੀ ਭਗਤ ਜੀ ਨੂੰ ਮਿਲ ਗਈ ਸੀ ਉਸ ਦਿਨ ਤੋਂ ਹੀ ਭਗਤ ਜੀ ਨੇ ਜੀਤੀ ਨੂੰ ਆਪ ਸੰਭਾਲ ਲਿਆ ਸੀ। ਇੱਕ ਤਾਂ ਆਸ਼ਾ ਰਾਣੀ ਬਹੁਤ ਕਮਜ਼ੋਰ ਸੀ, ਉਸ ਤੋਂ ਜੀਤੀ ਦੀ ਸੇਵਾ-ਸੰਭਾਲ ਹੁੰਦੀ ਹੀ ਨਹੀਂ ਸੀ। ਦੂਜਾ ਭਗਤ ਜੀ ਦੇ ਮਨ ਵਿੱਚ ਇਹ ਖ਼ਿਆਲ ਸੀ ਕਿ ਮੈਂ ਇਸ ਬੱਚੇ ਨੂੰ ਆਸ਼ਾ ਰਾਣੀ ਤੋਂ ਦੂਰ ਕਰ ਲਵਾਂ ਤਾਂ ਕਿ ਇਸ ਨੂੰ ਵੀ ਟੀ. ਬੀ. ਦੀ ਸ਼ਿਕਾਇਤ ਨਾ ਹੋ ਜਾਵੇ।



ਭਗਤ ਜੀ ਨੂੰ ਪਤਾ ਹੀ ਸੀ ਕਿ ਆਸ਼ਾ ਰਾਣੀ ਦੀ ਬਿਮਾਰੀ ਨੇ ਉਸ ਨੂੰ ਅੰਦਰੋਂ ਪੂਰਨ ਤੌਰ ’ਤੇ ਖੋਖਲਾ ਕਰ ਦਿੱਤਾ ਹੈ। ਇਸ ਕਰਕੇ ਇਹ ਤਾਂ ਕੁਝ ਸਮੇਂ ਦੀ ਹੀ ਮਹਿਮਾਨ ਹੈ ਪਰ ਜੀਤੀ ਨੂੰ ਚੰਗੀ ਤਰ੍ਹਾਂ ਪਾਲ ਪਲੋਸ ਕੇ, ਵੱਡਾ ਕਰਕੇ, ਚੰਗੀ ਪੜ੍ਹਾਈ ਕਰਾਵਾਂਗਾ। ਆਸ਼ਾ ਰਾਣੀ ਤਾਂ ਹੁਣ ਮੌਤ ਦੀ ਅਮਾਨਤ ਹੀ ਸੀ ਤੇ ਇੱਕ ਦਿਨ ਇਹ ਆਪਣੀ ਅਮਾਨਤ ਮੌਤ ਨੇ ਸਾਡੇ ਕੋਲੋਂ ਲੈਣੀ ਹੀ ਸੀ। ਸੋ ਆਸ਼ਾ ਰਾਣੀ ਤਾਂ ਚਲੀ ਗਈ ਪਰ ਇਸ ਪੁੱਤ ਨੂੰ ਮੈਂ ਆਪਣੀ ਧੀ ਦੀ ਆਖਰੀ ਨਿਸ਼ਾਨੀ ਜਾਣ ਕੇ ਪਿਆਰ ਨਾਲ ਪਾਲਾਂਗਾ।

ਬੱਚੇ ਨੂੰ ਤਾਂ ਪਿਆਰ ਚਾਹੀਦਾ ਹੁੰਦਾ ਹੈ। ਇਹ ਪਿਆਰ ਭਗਤ ਜੀ ਕੋਲੋਂ ਤਾਂ ਮਣਾਂ ਮੂੰਹੀਂ ਮਿਲ ਰਿਹਾ ਸੀ। ਆਸ਼ਾ ਰਾਣੀ ਤੋਂ ਮਗਰੋਂ ਜੀਤੀ ਨੇ ਭਗਤ ਜੀ ਨੂੰ ਪੂਰਨ ਤੌਰ ’ਤੇ ਆਪਣੀ ਮਾਂ ਮੰਨ ਲਿਆ ਸੀ। ਉਹ ਹਰ ਵਕਤ ਹੀ ਭਗਤ ਜੀ ਦੀ ਗੋਦ ਵਿੱਚ ਰਹਿੰਦਾ। ਭਗਤ ਜੀ ਨਾਲ ਹੀ ਸੌਂਦਾ। ਭਗਤ ਜੀ ਨੇ ਪਿਆਰਾ ਸਿੰਘ ਨੂੰ ਵੀ ਸਾਂਭਣਾ ਹੁੰਦਾ ਸੀ, ਕਿਉਂਕਿ ਪਿਆਰਾ ਸਿੰਘ ਤਾਂ ਨਿੱਕੀ ਜਿਹੀ ਗੱਲ ਤੋਂ ਹੀ ਭਗਤ ਜੀ ਨਾਲ ਰੁੱਸ ਜਾਂਦਾ ਸੀ ਤੇ ਭਗਤ ਜੀ ਨੂੰ ਬਹੁਤ ਮਿੰਨਤਾਂ ਕਰਕੇ ਮਨਾਉਣਾ ਪੈਂਦਾ ਸੀ। ਭਗਤ ਜੀ ਨੇ ਸੋਚਿਆ ਕਿ ਮੈਂ ਇਨ੍ਹਾਂ ਅਪਾਹਿਜਾਂ ਨੂੰ ਕੋਈ ਘਰ ਬਣਾ ਕੇ ਦੇਣਾ ਹੈ, ਇਸ ਕਰਕੇ ਮੇਰਾ ਤੰਦਰੁਸਤ ਰਹਿਣਾ ਵੀ ਜ਼ਰੂਰੀ ਹੈ। ਜੀਤੀ, ਭਗਤ ਜੀ ਦੇ ਸੀਨੇ ਨਾਲ ਲੱਗ ਕੇ ਹੀ ਸੌਂਦਾ ਸੀ ਤੇ ਕਈ ਵਾਰੀ ਉਸ ਦਾ ਨੱਕ ਭਗਤ ਜੀ ਦੇ ਨੱਕ ਦੇ ਬਿਲਕੁਲ ਨੇੜੇ ਆ ਜਾਂਦਾ ਸੀ। ਆਪਣੀ ਜ਼ਿੰਦਗੀ ਨੂੰ ਭਗਤ ਜੀ ਅਪਾਹਿਜਾਂ ਦੀ ਅਮਾਨਤ ਸਮਝ ਕੇ ਜੀਤੀ ਨਾਲ ਸੌਣ ਲੱਗੇ ਆਪਣੇ ਮੂੰਹ ’ਤੇ ਕੱਪੜਾ ਬੰਨ੍ਹ ਲੈਂਦੇ ਸਨ, ਤਾਂ ਕਿ ਜੇ ਇਸ ਬੱਚੇ ਨੂੰ ਕੋਈ ਮਾਂ ਵਾਲੀ ਸ਼ਿਕਾਇਤ ਵੀ ਹੋਈ ਤਾਂ ਕੁਝ ਬਚਾਅ ਕੀਤਾ ਜਾ ਸਕੇ।

ਜੀਤੀ ਰਾਤ ਦਿਨ ਕਈ ਵਾਰੀ ਆਪਣੇ ਸਿਰ ਵਿੱਚ ਖੁਰਕ ਕਰਦਾ ਰਹਿੰਦਾ ਸੀ। ਭਗਤ ਜੀ ਨੇ ਉਸ ਨੂੰ ਕੇਸੀਂ ਇਸ਼ਨਾਨ ਕਰਵਾ ਕੇ, ਮਾਂ ਵਾਂਗ ਹੀ ਉਸ ਦੇ ਕੇਸਾਂ ਵਿੱਚ ਤੇਲ ਲਾ ਕੇ ਕੰਘਾ ਕਰਨਾ। ਜੀਤੀ ਦੀ ਮਾਂ ਪੁਣਛ ਦੀ ਹੋਣ ਕਰਕੇ ਸੁੰਦਰ ਸੀ ਤੇ ਉਸ ਦਾ ਪੁੱਤ ਜੀਤੀ ਵੀ ਬਹੁਤ ਸੋਹਣਾ ਸੀ ਤੇ ਉਸ ਦੇ ਕੇਸ ਤਾਂ ਸੁਨਹਿਰੀ ਭਾਵ ਗੋਰਿਆਂ ਵਰਗੇ ਹੀ ਸਨ। ਭਗਤ ਜੀ ਨੇ ਜੀਤੀ ਨੂੰ ਪਿਆਰ ਕਰਦਿਆਂ ਕਈ ਵਾਰੀ ਉਸ ਦਾ ਮੂੰਹ ਚੁੰਮ ਲੈਣਾ, ਕਈ ਵਾਰੀ ਉਸ ਨੂੰ ਖਿਡਾਉਣ ਲੱਗ ਪੈਣਾ ਤੇ ਨਾਲ ਕਈ ਵਾਰੀ ਜੀਤੀ ਕੁੱਤੀ ਕੁਪੱਤੀ ਕਹਿੰਦੇ ਰਹਿਣਾ। ਇਹ ਜੀਤੀ ਕੁੱਤੀ ਕੁਪੱਤੀ ਭਗਤ ਜੀ ਦਾ ਜੀਤੀ ਨੂੰ ਦਿੱਤਾ ਹੋਇਆ ਇੱਕ ਦਿਲੋਂ ਪਿਆਰਾ ਨਾਮ ਸੀ।

ਇੱਕ ਦਿਨ ਭਗਤ ਜੀ ਨੇ ਜੀਤੀ ਨੂੰ ਕੇਸੀਂ ਇਸ਼ਨਾਨ ਕਰਵਾ ਕੇ ਧੁੱਪ ਵਿੱਚ ਬਿਠਾਇਆ ਹੋਇਆ ਸੀ, ਅਚਾਨਕ ਉਸ ਦੇ ਕੇਸਾਂ ਵਿੱਚ ਕੰਘਾ ਕਰਦਿਆਂ ਭਗਤ ਜੀ ਨੇ ਮਹਿਸੂਸ ਕੀਤਾ ਕਿ ਜਿਵੇਂ ਜੀਤੀ ਦਾ ਸਰੀਰ ਭਖ ਰਿਹਾ ਸੀ।

ਭਗਤ ਜੀ ਜਲਦੀ ਨਾਲ ਪ੍ਰਬੰਧ ਕਰਕੇ ਉਸ ਨੂੰ ਟੀ. ਬੀ. ਦੇ ਵੱਡੇ ਡਾਕਟਰ ਬੰਗਾਲੀ ਗੁਪਤਾ ਕੋਲ ਲੈ ਗਏ। ਉਨ੍ਹਾਂ ਨੇ ਬੱਚੇ ਨੂੰ ਚੰਗੀ ਤਰ੍ਹਾਂ ਦੇਖਿਆ ਤੇ ਇੱਕ ਪਰਚੀ ਭਗਤ ਜੀ ਨੂੰ ਪਕੜਾ ਦਿੱਤੀ। ਇਸ ਪਰਚੀ ਤੇ ਐਕਸਰੇ 'ਤੇ ਸਕਰੀਨਿੰਗ ਲਈ ਲਿਖਿਆ ਸੀ। ਭਗਤ ਜੀ ਨੇ ਉਹ ਕਰਵਾ ਕੇ ਜਦੋਂ ਡਾਕਟਰ ਨੂੰ ਫਿਰ ਦਿਖਾਇਆ ਤਾਂ ਡਾਕਟਰ ਨੇ ਕਿਹਾ ਕਿ ਇਸ ਬੱਚੇ ਨੂੰ ਵੀ ਟੀ. ਬੀ. ਹੈ ਤੇ ਇਸ ਦੇ ਇਲਾਜ ਦਾ ਸਮਾਂ ਵੀ ਲੰਘ ਗਿਆ ਹੈ। ਭਗਤ ਜੀ ਦਾ ਤਾਂ ਹਰ ਦੁਖੀਏ ਨਾਲ ਦਿਲ ਦਾ ਰਿਸ਼ਤਾ ਬਣ ਜਾਂਦਾ ਸੀ। ਜਦੋਂ ਜੀਤੀ ਬਾਰੇ ਵੀ ਇਹ ਖ਼ਬਰ ਸੁਣੀ ਤਾਂ ਇੱਕ ਪਲ ਦੁੱਖਾਂ ਦੀਆਂ ਲਹਿਰਾਂ ਨੇ ਭਗਤ ਜੀ ਦੇ ਦਿਲ ਨੂੰ ਘੇਰ ਲਿਆ।ਭਗਤ ਜੀ ਨੇ ਤਾਂ ਵਿਚਾਰਿਆ ਸੀ ਕਿ ਮੈਂ ਇਸ ਨੂੰ ਪੜ੍ਹਾ ਲਿਖਾ ਕੇ ਵੱਡਾ ਆਦਮੀ ਬਣਾਵਾਂਗਾ। ਇਹ ਫਿਰ ਆਪਣੀ ਜ਼ਿੰਦਗੀ ਦਾ ਹੀ ਭਾਰ ਨਹੀਂ ਸਗੋਂ ਹੋਰਾਂ ਦਾ ਵੀ ਭਾਰ ਚੁੱਕ ਲਵੇਗਾ। ਮੇਰੀਆਂ ਅੱਖਾਂ ਅੱਗੇ ਜਦੋਂ ਇਹ ਖੇਡਿਆ ਕਰੇਗਾ ਤਾਂ ਇਹ ਜੀਤੀ ਨਹੀਂ ਸਗੋਂ ਮੈਨੂੰ ਰੱਬ ਦੀ ਸੱਚੀ ਪ੍ਰੀਤੀ ਹੀ ਲੱਗੇਗਾ। ਇਸ ਖ਼ਬਰ ਨੇ ਭਗਤ ਜੀ ਦੇ ਹਿਰਦੇ ਨੂੰ ਕਾਫ਼ੀ ਠੇਸ ਪਹੁੰਚਾਈ ਸੀ। ਜੀਤੀ ਦੀ ਜ਼ਿੰਦਗੀ ਦੀ ਆਸ ਤਾਂ ਖ਼ਤਮ ਹੋ ਗਈ ਸੀ। ਹੁਣ ਤਾਂ ਮੌਤ ਦੀ ਹੀ ਉਡੀਕ ਸੀ। ਉੱਜੜੇ ਅਰਮਾਨਾਂ ਨਾਲ ਭਗਤ ਜੀ ਨੇ ਉਸ ਜੀਤੀ ਦੀ ਮੌਤ ਨੂੰ ਬਹੁਤ ਦੁਖੀ ਹਿਰਦੇ ਨਾਲ ਉਡੀਕਿਆ ਸੀ।

**ਜੀਤੀ ਦਾ ਚਲਾਣਾ**

ਕਈ ਦਿਨਾਂ ਤੋਂ ਜੀਤੀ ਕਾਫ਼ੀ ਬੇਅਰਾਮ ਸੀ। ਉਹ ਵੀ ਭਗਤ ਜੀ ਦੀ ਗੋਦ ਤੋਂ ਨਹੀਂ ਉੱਤਰਦਾ ਸੀ, ਨਾ ਹੀ ਭਗਤ ਜੀ ਉਸ ਨੂੰ ਆਪਣੇ ਤੋਂ ਪਾਸੇ ਕਰਦੇ ਸਨ। ਰਾਤ ਦੇ ਦਸ ਵੱਜਣ ਵਾਲੇ ਸਨ, ਜੀਤਾ ਭਗਤ ਜੀ ਦੀ ਗੋਦ ਵਿੱਚ ਪਿਆ ਸੀ। ਭਗਤ ਜੀ ਜੀਤੇ ਨੂੰ ਲੈ ਕੇ ਹੁਸੈਨਪੁਰਾ ਦੇ ਰੇਲਵੇ ਫਾਟਕ ਦੇ ਕੋਲ ਸੜਕ ਦੇ ਕਿਨਾਰੇ ਬੈਠੇ ਸਨ। ਜੀਤੇ ਨੂੰ ਨੀਂਦ ਨਹੀਂ ਆ ਰਹੀ ਸੀ। ਭਗਤ ਜੀ ਵੀ ਦੇਖ ਰਹੇ ਸਨ। ਪਰ ਇਹ ਨਹੀਂ ਪਤਾ ਸੀ ਕਿ ਅੱਜ ਜੀਤੇ ਨੇ ਇਹ ਨੀਂਦ ਨਹੀਂ ਸਗੋਂ ਲੰਮੀ ਨੀਂਦ ਹੀ ਸੌਂ ਜਾਣਾ ਹੈ। ਉਸ ਨੇ ਭਗਤ ਜੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਊਂ ਦੀ ਅਵਾਜ਼ ਕੱਢੀ ਸੀ ਜਿਸ ਦਾ ਅਰਥ ਭਗਤ ਪੂਰਨ ਸਿੰਘ ਵਰਗੀ ਮਾਂ ਨੇ ਸਮਝ ਲਿਆ ਸੀ ਕਿ ਇਹ ਸਿੱਧਾ ਬੈਠਣ ਨੂੰ ਕਹਿੰਦਾ ਹੈ।

ਆਖਿਰ ਚੰਦਰੀ ਮੌਤ ਨੇ ਜੀਤੀ ਨੂੰ ਭਗਤ ਜੀ ਦੀ ਗੋਦ ਵਿੱਚ ਪਏ ਹੋਏ ਨੂੰ ਚੁੱਕ ਹੀ ਲਿਆ। ਲਾਸ਼ ਭਗਤ ਜੀ ਦੀ ਗੋਦ ਵਿੱਚ ਪਈ ਸੀ ਤੇ ਜੀਤੀ ਦੀ ਜਾਨ ਮੌਤ ਨਾਲ ਚਲੀ ਗਈ ਸੀ। ਦੂਜਿਆਂ ਨੂੰ ਆਪਣਾ ਬਣਾਉਣਾ ਇੱਕ ਵੱਖਰੀ ਗੱਲ ਹੈ ਪਰ ਕਿਸੇ ਦੇ ਦਰਦ ਨੂੰ ਆਪਣਾ ਬਣਾ ਕੇ ਜਿਊਣਾ ਇਹ ਬਿਲਕੁਲ ਵੱਖਰੀ ਗੱਲ ਹੈ। ਭਗਤ ਜੀ ਨੂੰ ਲੱਗ ਰਿਹਾ ਸੀ ਕਿ ਆਸ਼ਾ ਰਾਣੀ ਇਹ ਤੇਰਾ ਪੁੱਤ ਨਹੀਂ ਮਰਿਆ ਇਹ ਹੁਣ ਪੂਰਨ ਸਿੰਘ ਮਾਂ ਦਾ ਪੁੱਤ ਮਰਿਆ ਸੀ। ਭਗਤ ਜੀ ਬਹੁਤ ਰੋਏ ਤੇ ਕਿਹਾ ਕਿ ਜੀਤਿਆ ਬੱਸ ਇੰਨਾ ਹੀ ਕੰਮ ਸੀ? ਮੈਂ ਵੀ ਤਾਂ



ਤੇਰੀ ਮਾਂ ਹੀ ਸੀ, ਪਰ ਤੈਨੂੰ ਮੇਰੀ ਗੋਦ ਪਸੰਦ ਨਹੀਂ ਆਈ ਤੇ ਤੂੰ ਮੇਰੀ ਗੋਦ ਖ਼ਾਲੀ ਕਰਕੇ ਆਸ਼ਾ ਰਾਣੀ ਦੀ ਗੋਦ ਵਿੱਚ ਹੀ ਚਲਾ ਗਿਆ ਹੈਂ। ਜੀਤਿਆ! ਤੇਰਾ ਤੇ ਤੇਰੀ ਮਾਂ ਦਾ ਜੀਅ ਤਾਂ ਲੱਗ ਜਾਏਗਾ ਪਰ ਮੇਰਾ ਜੀਅ ਤੇਰੇ ਤੋਂ ਬਿਨਾਂ ਨਹੀਂ ਲੱਗਣਾ। ਭਗਤ ਜੀ ਦਾ ਸਾਰਾ ਦਾਹੜਾ ਅੱਥਰੂਆਂ ਨਾਲ ਭਰ ਗਿਆ ਸੀ। ਭਗਤ ਜੀ ਵਰਗੀ ਇੱਕ ਪਵਿੱਤਰ ਰੂਹ ਦੇ ਅੱਥਰੂ ਕਿਸੇ ਅਨਾਥ ਨੂੰ ਆਪਣਿਆਂ ਦੇ ਪਿਆਰ ਤੋਂ ਵੀ ਵਧੀਕ ਪਿਆਰ ਭਿੱਜੀ ਵਿਦਾਇਗੀ ਦੇ ਰਹੇ ਸਨ।

ਜੀਤਾ ਤਾਂ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਕੇ ਸ਼ਾਂਤ ਭਗਤ ਜੀ ਦੀ ਗੋਦ ਵਿੱਚ ਪਿਆ ਸੀ, ਪਰ ਭਗਤ ਜੀ ਜੀਤੇ ਦੇ ਪਿਆਰ ਵਿੱਚ ਸਾਰੀ ਰਾਤ ਬੇਅਰਾਮ ਹੀ ਰਹੇ। ਸਵੇਰ ਹੋਈ ਕੁੰਢਾ ਸਿੰਘ ਵੀ ਆ ਗਿਆ। ਇਹ ਭਗਤ ਪੂਰਨ ਸਿੰਘ ਜੀ ਨਾਲ ਲਾਹੌਰ ਦਾ ਸੇਵਾ ਭਾਵਨਾ ਵਾਲਾ ਸਾਥੀ ਸੀ। ਦੇਸ਼ ਦੀ ਵੰਡ ਵੇਲੇ ਇਹ ਵੀ ਇੱਧਰ ਆ ਗਿਆ ਸੀ। ਜੀਤੇ ਦਾ ਇਸ਼ਨਾਨ ਭਗਤ ਜੀ ਨੇ ਆਪਣੇ ਹੱਥੀਂ ਕਰਵਾਇਆ। ਭਗਤ ਜੀ ਨੇ ਦੋ ਤਰ੍ਹਾਂ ਦੇ ਪਾਣੀ ਨਾਲ ਜੀਤੇ ਦਾ ਇਸ਼ਨਾਨ ਕਰਵਾਇਆ ਸੀ। ਇੱਕ ਪਾਸੇ ਬਾਲਟੀ ਵਿੱਚੋਂ ਡੱਬੇ ਭਰ-ਭਰ ਕੇ ਪਾ ਰਹੇ ਸਨ ਤੇ ਦੂਜੇ ਪਾਸੇ ਅੱਖਾਂ ਨਾਲ ਅੱਥਰੂਆਂ ਦਾ ਪਾਣੀ ਪਾ ਰਹੇ ਸਨ। ਕੁੰਢਾ ਸਿੰਘ ਨੂੰ ਨਾਲ ਲੈ ਕੇ ਦੋਵੇਂ ਜਣੇ ਜੀਤੇ ਦੀ ਲਾਸ਼ ਸ਼ਮਸ਼ਾਨ ਭੂਮੀ ਲੈ ਗਏ। ਜੀਤੇ ਦੀ ਮਾਂ ਦੀ ਅਰਥੀ ਨੂੰ ਵੀ ਚਾਰ ਬੰਦੇ ਨਾ ਮਿਲੇ ਤੇ ਜੀਤੇ ਦੀ ਅਰਥੀ ਨੂੰ ਵੀ ਚਾਰ ਬੰਦੇ ਨਾ ਮਿਲੇ। ਗ਼ਰੀਬ ਦੀ ਜ਼ਿੰਦਗੀ ਨੂੰ ਜਿਊਣ ਸਮੇਂ ਵੀ ਬਹੁਤੇ ਲੋਕਾਂ ਦਾ ਸਾਥ ਨਹੀਂ ਮਿਲਦਾ ਤੇ ਮਰਨ ਮਗਰੋਂ ਤਾਂ ਕਿਸੇ ਨੇ ਕੀ ਸਾਥ ਦੇਣਾ ਹੋਇਆ।

ਭਗਤ ਪੂਰਨ ਸਿੰਘ ਜੀ ਉਸ ਦੀ ਲਾਸ਼ ਦਾ ਸਸਕਾਰ ਹੋਣ ਤਕ ਉਸ ਦੀ ਚਿਖਾ ਕੋਲ ਹੀ ਬੈਠੇ ਰੋਈ ਗਏ। ਜਦੋਂ ਪੂਰਨ ਤੌਰ 'ਤੇ ਸਸਕਾਰ ਹੋ ਗਿਆ ਤਾਂ ਤੁਰਨ ਲੱਗਿਆਂ ਦਿਲ ਦੀ ਹਾਅ ਨਿਕਲ ਗਈ ਤੇ ਫਿਰ ਕਹਿਣ ਲੱਗੇ, ਜੈ ਵੱਢੀ ਜੀਤੀ, ਕੁੱਤੀ ਕੁਪੱਤੀ!!!!!!!!!!!!! ਇਹ ਉਹ ਨਾਂ ਸੀ ਜਿਹੜਾ ਭਗਤ ਜੀ ਜੀਤੀ ਨੂੰ ਬਹੁਤ ਪਿਆਰ ਕਰਦਿਆਂ ਕਿਹਾ ਕਰਦੇ ਸਨ। (ਮਾਲਵੇ ਦੇ ਇਲਾਕੇ ਵਿੱਚ ਜੈ ਵੱਢੀ ਇੱਕ ਪਿਆਰ ਤੇ ਮਮਤਾ ਭਰੀ ਗਾਲ ਹੈ, ਜਿਹੜੀ ਮਾਪੇ ਆਪਣੇ ਪਿਆਰੇ ਧੀਆਂ ਪੁੱਤਾਂ ਨੂੰ ਅਤਿ ਦਾ ਪਿਆਰ ਕਰਦਿਆਂ ਜੈ ਵੱਢੀ ਕਹਿ ਦਿੰਦੇ ਹਨ)।

ਜੀਤਾ ਇੱਕ ਗੱਲੋਂ ਤਾਂ ਬਹੁਤ ਸੁਭਾਗਾ ਸੀ ਕਿਉਂਕਿ ਆਮ ਲੋਕਾਂ ਨੂੰ ਕਫ਼ਨ ਤਾਂ ਸਾਰੇ ਹੀ ਪਾ ਦਿੰਦੇ ਹਨ ਪਰ ਜੀਤੇ ਨੂੰ ਤਾਂ ਭਗਤ ਪੂਰਨ ਸਿੰਘ ਵਰਗੀ ਮਹਾਨ ਦਰਵੇਸ਼ੀ ਰੂਹ ਦੀਆਂ ਲੋਰੀਆਂ ਵੀ ਮਿਲੀਆਂ ਸਨ।

ਹਰ ਬੰਦੇ ਦੇ ਜੀਵਨ ਦਾ ਚਿਰਾਗ਼ ਉਸ ਵਕਤ ਬੁੱਝ ਜਾਂਦਾ ਹੈ ਜਦੋਂ ਇਸ ਵਿੱਚੋਂ ਸੁਆਸਾਂ ਦਾ ਤੇਲ ਮੁੱਕ ਜਾਂਦਾ ਹੈ।

## ਮਮਤਾ ਭਰਿਆ ਦਿਲ

ਭਗਤ ਜੀ ਦਾ ਸਾਰਿਆਂ ਨਾਲ ਹੀ ਬਹੁਤ ਪਿਆਰ ਸੀ, ਪਰ ਜੀਤੀ ਛੋਟਾ ਜਿਹਾ ਸੀ ਤੇ ਇਸ ਦੀ ਮਾਂ ਬੜੀਆਂ ਉਮੀਦਾਂ ਨਾਲ ਭਗਤ ਜੀ ਦੀ ਝੋਲੀ ਪਾ ਕੇ ਗਈ ਸੀ। ਆਸ਼ਾ ਰਾਣੀ ਨੂੰ ਲੱਗਦਾ ਸੀ ਕਿ ਮੈਂ ਹੀ ਮਰ ਰਹੀ ਹਾਂ ਪਰ ਜੀਤੀ ਦੀ ਮਾਂ (ਭਗਤ ਜੀ) ਜੀਤੀ ਦੇ ਕੋਲ ਹੀ ਹਨ। ਇਹ ਮੇਰੇ ਤੋਂ ਵੀ ਵਧੀਕ ਪਿਆਰ ਨਾਲ ਰੱਖਦੇ ਹਨ। ਇਸ ਕਰਕੇ ਭਗਤ ਜੀ ਨੇ ਜੀਤੀ ਨੂੰ ਬਹੁਤ ਪਿਆਰ ਦੇ ਕੇ ਸੰਭਾਲਿਆ ਸੀ। ਭਗਤ ਜੀ ਦੇ ਆਪਣੇ ਮਨ ਵਿੱਚ ਇਹ ਖ਼ਿਆਲ ਵੀ ਆਉਂਦੇ ਸਨ ਕਿ ਜੇਕਰ ਜੀਤੀ ਦੀ ਸੰਭਾਲ ਦੇ ਕਾਰਨ ਮੈਨੂੰ ਵੀ ਇਹ ਰੋਗ ਲੱਗ ਗਿਆ ਤੇ ਮੇਰਾ ਵੀ ਅੰਤ ਹੋ ਗਿਆ ਤਾਂ ਮੈਨੂੰ ਮੇਰੀ ਮਾਂ ਪੁੱਛੇਗੀ ਕਿ ਤੂੰ ਤਾਂ ਮੇਰੇ ਨਾਲ ਇਨ੍ਹਾਂ ਗ਼ਰੀਬਾਂ ਅਪਾਹਿਜਾਂ ਨੂੰ ਸੰਭਾਲਣ ਦਾ ਵਾਅਦਾ ਕੀਤਾ ਸੀ, ਫਿਰ ਤੂੰ ਜੀਤੀ ਦੇ ਟੀ. ਬੀ. ਪਤਾ ਲੱਗਣ 'ਤੇ ਵੀ ਇਸ ਨੂੰ ਆਪਣੇ ਤੋਂ ਦੂਰ ਕਿਉਂ ਨਹੀਂ ਕੀਤਾ? ਤੂੰ ਇੱਕ ਬੱਚੇ ਲਈ ਆਪਣੀ ਜਾਨ ਗੁਆ ਦਿੱਤੀ ਹੈ, ਤਾਂ ਮੈਂ ਮਾਂ ਨੂੰ ਜਵਾਬ ਦਿਆਂਗਾ ਕਿ ਮਾਂ ਤੂੰ ਵੀ ਆਪਣੇ ਪੁੱਤਰ ਲਈ ਚੱਲਦੀਆਂ ਰੇਲ ਗੱਡੀਆਂ ਵਿੱਚੋਂ ਛਾਲ ਮਾਰ ਦਿੰਦੀ ਸੀ। ਤੂੰ ਤਾਂ ਮੇਰੇ ਲਈ ਦੋ ਪੂੜੀਆਂ ਵੀ ਲੈ ਕੇ ਸੱਤ ਅੱਠ ਮੀਲ ਦਾ ਪੈਂਡਾ ਕਰ ਕੇ ਮੈਨੂੰ ਖੁਆਉਣ ਆ ਜਾਂਦੀ ਸੀ। ਤੂੰ ਮੇਰੇ ਲਈ ਅਜਿਹੀਆਂ ਮੁਸ਼ਕਲਾਂ ਝੱਲਦੀ ਸੀ, ਤੂੰ ਕਿਉਂ ਨਹੀਂ ਮੈਨੂੰ ਆਪਣੀ ਸੋਚ ਤੋਂ ਦੂਰ ਕੀਤਾ ਸੀ? ਮੈਂ ਫਿਰ ਕਹਾਂਗਾ ਮਾਂ! ਮੈਂ ਆਪਣੀ ਮਾਂ ਦੀ ਗੋਦ ਦਾ ਸੁੱਖ ਹੀ ਮਾਣਿਆ ਹੈ, ਮੈਨੂੰ ਬਾਪੂ ਦਾ ਪਿਆਰ ਪੂਰਾ ਨਹੀਂ ਮਿਲਿਆ। ਇਸ ਕਰਕੇ ਮੈਂ ਵੀ ਪੂਰਨ ਸਿੰਘ ਨਹੀਂ ਸਗੋਂ ਇਨ੍ਹਾਂ ਦੀ ਮਾਂ ਹੀ ਬਣ ਗਿਆ ਹਾਂ। ਜਦੋਂ ਤੂੰ ਆਪਣੇ ਬੱਚੇ ਨੂੰ ਪਾਸੇ ਨਹੀਂ ਕਰਦੀ ਸੀ ਸਗੋਂ ਆਪਣੀ ਜਾਨ ਵਾਰ ਦਿੰਦੀ ਸੈਂ, ਤਾਂ ਮਾਂ ਮੈਂ ਕਿਵੇਂ ਜੀਤੀ ਨੂੰ ਆਪਣੇ ਤੋਂ ਦੂਰ ਕਰ ਸਕਦਾ ਸੀ। ਤੇਰੇ ਪੁੱਤ ਵਰਗਾ ਇਹ ਮੇਰਾ ਵੀ ਪੁੱਤ ਸੀ।

ਧਰਮ ਦੀ ਦੁਨੀਆਂ ਵਿੱਚ ਅੱਖਾਂ ਬੰਦ ਕਰਨ ਨੂੰ ਲੋਕ ਚੰਗਾ ਸਮਝਦੇ ਸਨ। ਉਹ ਸੋਚਦੇ ਸਨ ਕਿ ਇਸ ਦਾ ਪ੍ਰਮਾਤਮਾ ਵੱਲ ਖ਼ਿਆਲ ਹੈ; ਪਰ ਗੁਰਮਤਿ ਨੇ ਅੱਖਾਂ ਖੋਲ੍ਹ ਕੇ ਕਿਸੇ ਦੁਖਿਆਰੇ ਲੋੜਵੰਦ ਜਾਂ ਅਪਾਹਿਜ ਨੂੰ ਦੇਖਣ ਲਈ ਕਿਹਾ ਹੈ। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਵੀ ਧਿਆਨ ਧਰ ਕੇ ਦੇਖਿਆ ਸੀ ਤਾਂ ਸਾਰੀ ਸ੍ਰਿਸ਼ਟੀ ਦੁੱਖੀ ਨਜ਼ਰ ਆਈ ਸੀ। ਉਨ੍ਹਾਂ ਨੇ ਉਸ ਵਕਤ ਹੀ ਫ਼ੈਸਲਾ ਕਰ ਲਿਆ ਸੀ ਕਿ ਹੁਣ ਧਰਤ ਲੁਕਾਈ ਨੂੰ ਜੀਵਨ ਜਿਊਣ ਦੀ ਜਾਚ ਸਿਖਾਉਣੀ ਚਾਹੀਦੀ ਹੈ। ਸਿੱਖੀ ਨੂੰ ਸਮਝਣ ਵਾਲਾ ਤੇ ਕਮਾਉਣ ਵਾਲਾ ਅਸਲ ਸਿੱਖ ਉਹ ਹੁੰਦਾ ਹੈ ਜਿਹੜਾ ਕਿਸੇ ਦੂਜੇ ਦੇ ਜੀਵਨ ਦਾ ਸਹਾਰਾ ਬਣ ਕੇ ਜਿਊਂਦਾ ਹੈ। ਰੱਬ ਨਿਰਾ ਧਾਰਮਿਕ ਅਸਥਾਨਾਂ 'ਤੇ ਹੀ ਨਹੀਂ ਸਗੋਂ ਉਨ੍ਹਾਂ ਮਿਹਨਤ ਮੁਸ਼ੱਕਤਾਂ ਕਰਨ



ਵਾਲੇ ਲੋਕਾਂ ਕੋਲ ਜਾਂ ਗ਼ਰੀਬਾਂ, ਲੋੜਵੰਦ ਬੇਸਹਾਰਿਆਂ ਕੋਲ ਵੀ ਹੁੰਦਾ ਹੈ; ਜਿਵੇਂ ਧਾਰਮਿਕ ਅਸਥਾਨਾਂ 'ਤੇ ਲੋਕ ਜਾਂਦੇ ਹਨ ਇਸ ਤਰ੍ਹਾਂ ਹੀ ਗ਼ਰੀਬਾਂ ਦੇ ਸਾਥ ਰਹਿਣ ਵਾਲਾ ਰੱਬ ਵੀ ਉਡੀਕਦਾ ਹੈ ਕਿ ਕੋਈ ਮਾਨਵਤਾ ਦਾ ਪੁਜਾਰੀ ਇਨ੍ਹਾਂ ਗ਼ਰੀਬ, ਲੋੜਵੰਦ ਤੇ ਸੱਚੇ ਲੋਕਾਂ ਕੋਲ ਵੀ ਕੋਈ ਰੱਬੀ ਆਸ਼ਕ ਆਏਗਾ।

## ਆਦਿ ਜੁਗਾਦਿ ਭਗਤਨ ਕਾ ਰਾਖਾ

ਗੁਰਬਾਣੀ ਅਨੁਸਾਰ ਰੱਬ ਦਾ ਕੋਈ ਰੂਪ ਰੇਖ ਰੰਗ ਨਹੀਂ ਹੈ। ਰੱਬੀ ਹੋਂਦ ਦਾ ਪ੍ਰਗਟਾਵਾ ਉਸ ਦੇ ਭਗਤਾਂ ਰਾਹੀਂ ਹੁੰਦਾ ਹੈ। ਕਿਸੇ ਦਰਵੇਸ਼ ਦਾ ਜੀਵਨ, ਸਾਡੇ ਮਨਾਂ ਵਿੱਚ ਰੱਬ ਪ੍ਰਤੀ ਪਨਪੇ ਸੰਸਿਆਂ ਨੂੰ ਖ਼ਤਮ ਕਰਕੇ, ਰੱਬੀ ਹੋਂਦ ਦਾ ਅਹਿਸਾਸ ਕਰਵਾ ਦਿੰਦਾ ਹੈ। ਇਸ ਤਰ੍ਹਾਂ ਹੀ ਭਗਤ ਪੂਰਨ ਸਿੰਘ ਜੀ ਦਾ ਜੀਵਨ ਸਾਡੇ ਲਈ ਬਹੁਤ ਪ੍ਰੇਰਨਾਸਰੋਤ ਹੈ। ਆਮ ਕਰਕੇ ਬੰਦਾ ਕਿਸੇ ਛੂਤ ਦੇ ਰੋਗੀ ਕੋਲ ਜਾਣਾ ਵੀ ਮੁਨਾਸਬ ਨਹੀਂ ਸਮਝਦਾ। ਉਸ ਦੀ ਸੋਚ ਹੁੰਦੀ ਹੈ ਕਿ ਕਿਤੇ ਮੈਨੂੰ ਵੀ ਇਹ ਰੋਗ ਨਾ ਲੱਗ ਜਾਵੇ। ਕਈ ਵਾਰੀ ਛੂਤ ਦੇ ਰੋਗ ਕਾਰਨ ਬਹੁਤ ਨਜ਼ਦੀਕੀ ਰਿਸ਼ਤੇ ਵੀ ਦੂਰੀਆਂ ਬਣਾ ਲੈਂਦੇ ਹਨ।

ਭਗਤ ਪੂਰਨ ਸਿੰਘ ਹਰ ਰੋਜ਼ ਹੀ ਅਜਿਹੇ ਰੋਗੀਆਂ ਵਿੱਚ ਰਹਿ ਕੇ ਤਨ ਮਨ ਨਾਲ ਸੇਵਾ ਕਰਦੇ ਸਨ। ਉਹ ਸੇਵਾ ਵੀ ਬਿਖਮ ਗਾਖੜੀ ਹੁੰਦੀ ਸੀ। ਜਦੋਂ ਛੂਤ ਦੇ ਰੋਗੀ ਥੁੱਕ ਵੀ ਸੁੱਟਦੇ ਸਨ ਤਾਂ ਭਗਤ ਜੀ ਉਸ 'ਤੇ ਮਿੱਟੀ ਪਾ ਦਿੰਦੇ ਸਨ। ਜਿਨ੍ਹਾਂ ਦੇ ਕੋਈ ਕੋਲ ਵੀ ਨਹੀਂ ਖਲੋਣਾ ਚਾਹੁੰਦਾ, ਭਗਤ ਜੀ ਉਨ੍ਹਾਂ ਦੇ ਮਲ-ਮੂਤਰ ਵਾਲੇ ਕੱਪੜੇ ਧੋਂਦੇ ਸਨ। ਉਨ੍ਹਾਂ ਦੇ ਨਾਲ ਹੀ ਸੌਂ ਜਾਂਦੇ ਸਨ; ਜਿਵੇਂ ਕਿ ਜੀਤੀ ਨੂੰ ਸੰਭਾਲਿਆ ਸੀ ਤੇ ਉਸ ਨੂੰ ਆਪਣੇ ਨਾਲ ਹੀ ਸੁਆਉਂਦੇ ਸਨ। ਕਈ ਵਾਰੀ ਉਸ ਦਾ ਮੂੰਹ ਵੀ ਭਗਤ ਜੀ ਦੇ ਮੂੰਹ ਦੇ ਬਿਲਕੁਲ ਲਾਗੇ ਆ ਜਾਂਦਾ ਸੀ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਅਜਿਹੇ ਰੋਗੀਆਂ ਵਿੱਚ ਰਹਿ ਕੇ ਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਸੇਵਾ-ਸੰਭਾਲ ਕਰਕੇ ਵੀ ਭਗਤ ਜੀ ਨੂੰ ਕੋਈ ਅਜਿਹਾ ਰੋਗ ਨਹੀਂ ਲੱਗਦਾ ਸੀ। ਪ੍ਰਮੇਸ਼ਰ ਆਪਣੇ ਪਿਆਰਿਆਂ ਨੂੰ ਅਜਿਹੀ ਔਖੀ ਘੜੀ ਤੋਂ ਬਚਾਈ ਰੱਖਦਾ ਹੈ। ਇਸ ਕਰਕੇ ਹੀ ਗੁਰਬਾਣੀ ਦੇ ਪਾਵਨ ਬਚਨ ਹਨ ਕਿ

**ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ॥**
**ਜੀਆ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ॥**

{ਅੰਗ ੭੮੩}

## ਅਸਲੀ ਭਗਤੀ

ਭਗਤੀ ਦਾ ਅਰਥ ਜੰਗਲਾਂ ਵਿੱਚ ਜਾ ਕੇ ਕਸ਼ਟ ਸਹਾਰਨਾ ਨਹੀਂ ਹੁੰਦਾ, ਬਲਕਿ ਦੁਖਿਆਰਿਆਂ ਦੇ ਦੁੱਖ ਝੋਲੀ ਪੁਆ ਕੇ ਕਿਸੇ ਦੇ ਕਸ਼ਟਾਂ ਦੀ ਨਿਵਿਰਤੀ ਕਰਕੇ ਜੀਵਨ ਨੂੰ ਸੁਖਾਵਾਂ ਬਣਾਉਣਾ ਹੁੰਦਾ ਹੈ। ਭਗਤ ਜੀ ਆਪ ਹੀ ਲਿਖਦੇ ਹਨ ਕਿ "ਮੇਰਾ ਸੰਨਿਆਸ ਤਾਂ ਐਸਾ ਹੈ ਜੋ ਰੱਬ ਦੇ ਪਿਆਰਿਆਂ ਨੂੰ ਮੇਰੀ

ਵੱਲ ਇਉਂ ਖਿੱਚਦਾ ਰਹਿੰਦਾ ਹੈ ਜਿਵੇਂ ਚੁੰਬਕ ਲੋਹੇ ਨੂੰ ਖਿੱਚਦਾ ਹੈ।" {ਭਗਤ ਪੂਰਨ ਸਿੰਘ, ਤੇਰਾ ਸਦੜਾ ਸੁਣੀਜੈ ਭਾਈ, ਪਿੰਗਵਾੜਾ ਚੈਰੀਟੇਬਲ ਸੁਸਾਇਟੀ, (੨੦੧੪) ਪੰਨਾ ੩੫}

ਰਹਿਣ ਲਈ ਭਾਵੇਂ ਸੜਕ ਦਾ ਕਿਨਾਰਾ ਹੀ ਸੀ ਪਰ ਜੇ ਮਨ ਵਿੱਚ ਕਿਸੇ ਦਾ ਦਰਦ ਵੰਡਾਉਣ ਦੀ ਭਾਵਨਾ ਹੋਵੇ ਤਾਂ ਸੜਕ ਦਾ ਕਿਨਾਰਾ ਵੀ ਤਾਂ ਸਹਾਰਾ ਬਣ ਸਕਦਾ ਹੈ। ਇੱਥੇ ਫਿਰ ਇੱਕ ਹੋਰ ਬੇਸਹਾਰਾ ਬੱਚਾ, ਭਗਤ ਪੂਰਨ ਸਿੰਘ ਜੀ ਦੀ ਮੁਹੱਬਤ ਭਰੀ ਬੁੱਕਲ ਵਿੱਚ ਆ ਗਿਆ। ਅੰਮ੍ਰਿਤਸਰ ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਪਲੇਟ ਫਾਰਮ ਨੰਬਰ ੨ 'ਤੇ ਇੱਕ ਕਰੂਪ ਜਿਹਾ ਬੱਚਾ ਪਿਛਲੇ ਦੋ ਦਿਨਾਂ ਤੋਂ ਪਿਆ ਸੀ। ਇਸ ਦਾ ਰੰਗ ਗੂੜ੍ਹਾ ਕਾਲਾ ਸੀ। ਇਸ ਦੀ ਸਰੀਰਕ ਚਮੜੀ ਵੀ ਕਾਫ਼ੀ ਖੁਰਦਰੀ ਜਿਹੀ ਹੋਈ ਸੀ। ਇਸ ਦੇ ਸਰੀਰ ਵਿੱਚ ਕੋਈ ਲਚਕ ਨਹੀਂ ਸੀ ਤੇ ਨਾ ਹੀ ਇਹ ਆਪ ਉੱਠ ਬੈਠ ਸਕਦਾ ਸੀ। ਇਸ ਬੱਚੇ ਨੇ ਜਦੋਂ ਆਪਣੇ ਸਰੀਰ ਦੀ ਮਲ-ਮੂਤਰ ਵਾਲੀ ਕਿਰਿਆ ਵੀ ਕਰਨੀ ਹੁੰਦੀ ਸੀ ਤਾਂ ਇਹ ਲੰਮਾ ਪੈ ਕੇ ਹੀ ਕਰਦਾ ਸੀ। ਇਹ ਬੱਚਾ ਬੇਢੰਗੇ ਜਿਹੇ ਢੰਗ ਨਾਲ ਸਿਰਫ਼ ਦੋ ਹੀ ਸ਼ਬਦ ਬੋਲਦਾ ਸੀ। ਇੱਕ ਮਾਣੀ ਤੇ ਦੂਜਾ ਊਣੀ ਕਹਿੰਦਾ ਸੀ। ਮਾਣੀ ਤੋਂ ਭਾਵ ਪਾਣੀ ਸੀ ਤੇ ਊਣੀ ਦਾ ਭਾਵ ਰੋਟੀ ਸੀ।

ਅਜਿਹੇ ਲੋਕਾਂ ਲਈ ਤਾਂ ਭਗਤ ਜੀ ਆਪਣਾ ਆਪ ਲੁਟਾ ਦਿੰਦੇ ਸਨ। ਉਸ ਨੂੰ ਚੁੱਕ ਕੇ ਆਪਣੇ ਆਰਜ਼ੀ ਜਿਹੇ ਟਿਕਾਣੇ 'ਤੇ ਲੈ ਆਏ। ਉਸ ਦੀ ਗ਼ੰਦਗੀ ਨੂੰ ਸਾਫ਼ ਕੀਤਾ ਤੇ ਆਪਣੀ ਗੋਦ ਵਿੱਚ ਲੈ ਕੇ ਉਸ ਦਾ ਮੂੰਹ ਚੁੰਮ ਕੇ ਕਹਿਣ ਲੱਗੇ ਕਿ ਆ ਮੇਰਾ ਕਾਲੂ ਤੇਰੇ ਆਉਣ ਨਾਲ ਮੈਂ ਹੀ ਭਾਗਾਂ ਵਾਲਾ ਨਹੀਂ ਬਣਿਆ ਬਲਕਿ ਮੇਰੇ ਪਰਿਵਾਰ ਵਿੱਚ ਵੀ ਵਾਧਾ ਹੋ ਗਿਆ ਹੈ ਤੇ ਅਸੀਂ ਤਾਂ ਸਾਰੇ ਹੀ ਭਾਗਾਂ ਵਾਲੇ ਬਣ ਗਏ ਹਾਂ। ਭਗਤ ਜੀ ਹੱਥ ਜੋੜ ਕੇ ਰੱਬੀ ਪਿਆਰ ਵਿੱਚ ਆਪਣੀਆਂ ਅੱਖਾਂ ਬੰਦ ਕਰਕੇ ਕਹਿਣ ਲੱਗੇ ਕਿ ਹੇ ਰੱਬਾ! ਮੈਨੂੰ ਇੱਕ ਹੋਰ ਸੇਵਾ ਦਾ ਸਾਧਨ ਬਖ਼ਸ਼ਿਸ਼ ਕਰ ਦਿੱਤਾ ਹੈ। ਭਗਤ ਜੀ ਦੇ ਸੇਵਾ ਦੇ ਰੁਝੇਵੇਂ ਹੀ ਇੰਨੇ ਜ਼ਿਆਦਾ ਹੁੰਦੇ ਸਨ ਕਿ ਪਤਾ ਵੀ ਨਹੀਂ ਲੱਗਦਾ ਸੀ ਕਿ ਕਦੋਂ ਸਮੇਂ ਦੀ ਸੂਈ ਆਪਣਾ ਚੱਕਰ ਕੱਟ ਲੈਂਦੀ ਸੀ। ਭਗਤ ਜੀ ਨੇ ਹਰ ਰੋਜ਼ ਇਨ੍ਹਾਂ ਅਪਾਹਿਜਾਂ ਦੇ ਖ਼ਰਚੇ ਲਈ ਲੋਕਾਂ ਦੀਆਂ ਜੇਬਾਂ ਵਿੱਚੋਂ ਪੈਸੇ ਲੈਣੇ ਹੁੰਦੇ ਸਨ। ਇਸ ਕਰਕੇ ਬਾਟਾ ਚੁੱਕ ਕੇ ਗਲ ਵਿੱਚ ਟੱਲ ਪਾ ਕੇ ਕਦੇ ਪ੍ਰਸ਼ਾਦਿਆਂ ਦੀ ਉਗਰਾਹੀ ਕਰਨੀ, ਕਦੇ ਪੈਸਿਆਂ ਦਾ ਪ੍ਰਬੰਧ ਕਰਨਾ, ਕਦੇ ਕਿਸੇ ਲਈ ਦਵਾਈ ਲਿਆਉਣੀ ਹੁੰਦੀ ਸੀ। ਸਾਰਿਆਂ ਦਾ ਮਲ-ਮੂਤਰ ਵੀ ਸਾਫ਼ ਕਰਕੇ ਉਨ੍ਹਾਂ ਦੀ ਬਾਕੀ ਸੇਵਾ-ਸੰਭਾਲ ਵੀ ਕਰਨੀ ਹੁੰਦੀ ਸੀ।ਇਹ ਸਾਰੇ ਹੀ ਰੁਝੇਵੇਂ ਬਹੁਤ ਵਕਤ ਲੈ ਜਾਂਦੇ ਸਨ।

ਸਰਦੀ ਦਾ ਮੌਸਮ ਆ ਗਿਆ ਤੇ ਭਗਤ ਜੀ ਕੋਲ ਸਰਦੀ ਦਾ ਕੋਈ ਪ੍ਰਬੰਧ ਵੀ ਨਹੀਂ ਸੀ। ਉਹ ਆਪਣੇ ਇਸ ਪਿੰਗਲਵਾੜੇ ਦੇ ਪਰਿਵਾਰ ਨੂੰ ਸੜਕ



ਦੇ ਕਿਨਾਰੇ ਤੋਂ ਚੁੱਕ ਕੇ ਗੁਰੂ ਤੇਗ ਬਹਾਦਰ ਹਸਪਤਾਲ ਕੋਲ ਮਹਾਰਾਜਾ ਰਣਜੀਤ ਸਿੰਘ ਦੀ ਡਿਓਢੀ ਕੋਲ ਲੈ ਗਏ।

ਅਮੀਰਾਂ ਕੋਲ ਤਾਂ ਗਰਮੀ ਸਰਦੀ ਜਾਂ ਵਕਤੀ ਮੁਸ਼ਕਲਾਂ ਦਾ ਹੱਲ ਹੁੰਦਾ ਹੈ, ਪਰ ਗ਼ਰੀਬਾਂ ਨੂੰ ਮੌਸਮ ਦੀ ਵੀ ਮਾਰ ਪੈਂਦੀ ਹੈ। ਭਗਤ ਜੀ ਨੂੰ ਜਦੋਂ ਦਾ ਇਹ ਪਤਾ ਲੱਗਾ ਸੀ ਕਿ ਕੁਝ ਲੋਕੀਂ ਜਾਨਵਰਾਂ ਨੂੰ ਸਿਰਫ਼ ਇਸ ਲਈ ਮਾਰਦੇ ਹਨ ਕਿ ਉਨ੍ਹਾਂ ਦੀ ਖੱਲ ਨੂੰ ਵੇਚ ਕੇ ਉਸ ਦੇ ਕੱਪੜੇ ਜਾਂ ਜੁੱਤੀਆਂ ਬਣਾਈਆਂ ਜਾਂਦੀਆਂ ਹਨ ਤਾਂ ਭਗਤ ਜੀ ਨੇ ਖੱਦਰ ਦੇ ਕੱਪੜੇ ਤੇ ਪੈਰਾਂ ਵਿੱਚ ਖੜਾਵਾਂ ਪਹਿਨਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇੱਕ ਵਾਰੀ ਬਹੁਤ ਸਰਦੀ ਦਾ ਮੌਸਮ ਸੀ। ਭਗਤ ਜੀ ਕੋਲ ਸਰਦੀ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਸੀ। ਉਨ੍ਹਾਂ ਦੇ ਪੈਰ ਵੀ ਕਰੀਬ ਨੰਗੇ ਹੀ ਸਨ ਤੇ ਕੱਪੜੇ ਵੀ ਬਹੁਤੇ ਭਾਰੀ ਨਹੀਂ ਸਨ। ਸੌਣਾ ਵੀ ਠੰਡੀ ਜ਼ਮੀਨ 'ਤੇ ਹੀ ਹੁੰਦਾ ਸੀ ਤੇ ਉੱਪਰ ਨੂੰ ਹਲਕੀ ਜਿਹੀ ਰਜਾਈ ਸੀ। ਠੰਡ ਤਾਂ ਕਿਸੇ ਦੀਆਂ ਮਜ਼ਬੂਰੀਆਂ ਨਹੀਂ ਦੇਖਦੀ ਬਲਕਿ ਉਹ ਤਾਂ ਆਪਣਾ ਅਸਰ ਕਰਦੀ ਹੈ। ਇਸ ਠੰਡ ਕਰਕੇ ਭਗਤ ਜੀ ਸਖ਼ਤ ਬਿਮਾਰ ਹੋ ਗਏ। ਭਗਤ ਜੀ ਸਾਰੇ ਅਪਾਹਿਜਾਂ ਦਾ ਆਪਣੇ ਹੱਥੀਂ ਪ੍ਰਬੰਧ ਕਰਦੇ ਹੁੰਦੇ ਸਨ। ਸਖ਼ਤ ਸਰਦੀ ਲੱਗਣ ਦੇ ਕਾਰਨ,ਤੇਜ਼ ਬੁਖ਼ਾਰ ਵੀ ਹੋ ਗਿਆ ਸੀ। ਭਗਤ ਜੀ ਦਾ ਸਾਰਾ ਸਰੀਰ ਕੰਬ ਰਿਹਾ ਸੀ। ਉਨ੍ਹਾਂ ਨੇ ਆਪਣੇ ਨਜ਼ਦੀਕੀ ਸੇਵਕ ਭਾਈ ਨਰੈਣ ਸਿੰਘ ਨੂੰ ਕਿਹਾ ਕਿ ਅੱਜ ਮੈਥੋਂ ਉੱਠਿਆ ਨਹੀਂ ਜਾਂਦਾ। ਇਸ ਕਰਕੇ ਸਾਰੇ ਹੀ ਪਰਿਵਾਰ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰ ਲੈਣਾ। ਜਿਨ੍ਹਾਂ ਕੋਲੋਂ ਆਪਣੇ ਆਪ ਰਜਾਈ ਵੀ ਨਹੀਂ ਲਈ ਜਾਂਦੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਰਜਾਈ ਦੇ ਕੇ ਪਾ ਦੇਣਾ। ਨਰੈਣ ਸਿੰਘ ਵੈਸੇ ਤਾਂ ਲੰਮੇ ਸਮੇਂ ਦੇ ਵਫ਼ਾਦਾਰ ਸਾਥੀ ਸਨ ਪਰ ਫਿਰ ਵੀ ਉਸ ਦਿਨ ਕਾਲੂ 'ਤੇ ਚੰਗੀ ਤਰ੍ਹਾਂ ਕੱਪੜਾ ਨਾ ਦਿੱਤਾ ਜਾ ਸਕਿਆ। ਉਸ ਦੇ ਬਿਸਤਰੇ ਦਾ ਕੱਪੜਾ ਵੀ ਇਕੱਠਾ ਜਿਹਾ ਹੋ ਗਿਆ ਤੇ ਕਾਲੂ ਨੂੰ ਹੇਠੋਂ ਉੱਤੋਂ ਦੋਨਾਂ ਪਾਸਿਆਂ ਤੋਂ ਠੰਡ ਚੜ੍ਹ ਗਈ ਤੇ ਉਹ ਵੀ ਸਖ਼ਤ ਬਿਮਾਰ ਹੋ ਗਿਆ ।

ਜਦੋਂ ਭਗਤ ਜੀ ਸਵੇਰੇ ਹੀ ਉਸ ਨੂੰ ਦੇਖਣ ਲਈ ਗਏ ਤਾਂ ਉਹ ਸਖ਼ਤ ਬਿਮਾਰ ਸੀ। ਭਗਤ ਜੀ ਸਾਥੀਆਂ ਸਮੇਤ ਕਾਲੂ ਨੂੰ ਆਪਣੇ ਡੇਰੇ ਲੈ ਆਏ। ਕਾਲੂ ਨੂੰ ਕਾਫ਼ੀ ਸਰਦੀ ਲੱਗ ਜਾਣ ਕਰਕੇ ਉਹ ਕੰਬ ਵੀ ਰਿਹਾ ਸੀ। ਭਗਤ ਜੀ ਨੂੰ ਆਪਣਾ ਬੁਖ਼ਾਰ ਤਾਂ ਭੁੱਲ ਹੀ ਗਿਆ। ਉਹ ਤਾਂ ਕਾਲੂ ਲਈ ਜਲਦੀ ਨਾਲ ਓੜ੍ਹ-ਪੋੜ੍ਹ ਕਰਨ ਲੱਗ ਪਏ ਸਨ। ਭਗਤ ਜੀ ਨੇ ਕਾਫ਼ੀ ਸਾਰੀਆਂ ਲੱਕੜਾਂ ਦੀ ਅੱਗ ਬਾਲ ਕੇ ਕਾਲੂ ਦੀ ਸਰਦੀ ਨੂੰ ਹਟਾਉਣਾ ਚਾਹਿਆ ਪਰ ਕਾਮਯਾਬੀ ਨਾ ਮਿਲੀ।

ਇੱਕੋ ਰਾਤ ਦੀ ਸਰਦੀ ਨੇ ਕਾਲੂ ਨੂੰ ਕਾਫ਼ੀ ਬਿਮਾਰ ਕਰ ਦਿੱਤਾ ਸੀ। ਭਗਤ ਜੀ ਤੇ ਉਨ੍ਹਾਂ ਦੇ ਸਾਥੀ ਹਰ ਤਰ੍ਹਾਂ ਨਾਲ ਭੱਜ ਦੌੜ ਕਰ ਰਹੇ ਸਨ। ਜਦੋਂ ਆਪਣੇ ਕੀਤੇ ਉਪਰਾਲੇ ਸਾਕਾਰ ਨਾ ਹੁੰਦੇ ਦਿੱਸੇ ਤਾਂ ਹਸਪਤਾਲ ਲਿਜਾਣ ਦੀ

ਤਿਆਰੀ ਕਰਨ ਹੀ ਲੱਗੇ ਸਨ ਕਿ ਦੇਖਦਿਆਂ ਹੀ ਦੇਖਦਿਆਂ ਕਾਲੂ ਦਾ ਕਾਲ ਆ ਗਿਆ। ਉਹ ਸਾਰਿਆਂ ਦੇ ਸਾਹਮਣੇ ਹੀ ਆਪਣੇ ਸੁਆਸਾਂ ਦਾ ਅੰਤ ਕਰ ਗਿਆ। ਪਿੰਗਲਵਾੜੇ ਲਈ ਅਜਿਹੀ ਮੌਤ ਬਹੁਤ ਦੁਖਦਾਈ ਮੌਤ ਹੁੰਦੀ ਸੀ। ਪਿੰਗਲਵਾੜੇ ਦੇ ਸਾਰੇ ਹੀ ਸੇਵਾਦਾਰ ਕਿਸੇ ਦੀ ਜ਼ਿੰਦਗੀ ਬਚਾਉਣ ਲਈ ਹਰ ਤਰ੍ਹਾਂ ਨਾਲ ਆਪਣੀ ਪੂਰੀ ਵਾਹ ਲਾ ਦਿੰਦੇ ਸਨ। ਕਾਲੂ ਦੀ ਮੌਤ ਨੇ ਤਾਂ ਕਾਲੂ ਦੀ ਸੇਵਾ ਸੰਭਾਲ ਕਰਨ ਦਾ ਸਮਾਂ ਹੀ ਨਹੀਂ ਦਿੱਤਾ ਸੀ।

ਕੁਝ ਸਮਾਂ ਪਹਿਲਾਂ ਹੀ ਤਾਂ ਜੀਤੀ ਨੂੰ ਤੋਰਿਆ ਸੀ। ਹੁਣ ਇਹ ਕਾਲੂ ਵੀ ਭਗਤ ਜੀ ਦੇ ਸਾਹਮਣੇ ਹੀ ਚੜ੍ਹਾਈ ਕਰ ਗਿਆ ਸੀ। ਜੀਤੀ ਦੀ ਪ੍ਰੀਤੀ ਅਜਿਹੀ ਸੀ ਕਿ ਉਸ ਦੇ ਵਿਛੋੜੇ ਦੇ ਜ਼ਖ਼ਮ ਹਾਲੇ ਠੀਕ ਹੋਣ ਹੀ ਲੱਗੇ ਸਨ ਕਿ ਕਾਲੂ ਦੇ ਵਿਛੋੜੇ ਨੇ ਉਨ੍ਹਾਂ ਨੂੰ ਫਿਰ ਦੁਬਾਰਾ ਛਿੱਲ ਦਿੱਤਾ ਸੀ। ਭਗਤ ਜੀ ਨੂੰ ਕਾਲੂ ਦੀ ਮੌਤ ਦਾ ਵੀ ਬਹੁਤ ਗਹਿਰਾ ਸਦਮਾ ਲੱਗਾ ਸੀ। ਉਨ੍ਹਾਂ ਦੀਆਂ ਅੱਖਾਂ ਹੰਝੂ ਕੇਰਨ ਤੋਂ ਰੋਕਿਆਂ ਵੀ ਨਹੀਂ ਰੁੱਕਦੀਆਂ ਸਨ।

ਜਦੋਂ ਕਾਲੂ ਦਾ ਇਸ਼ਨਾਨ ਕਰਵਾਇਆ ਤਾਂ ਭਗਤ ਜੀ ਦਾ ਆਪਣੇ ਮਾਤਾ ਪਿਤਾ ਵੱਲੋਂ ਮਿਲੇ ਬਚਪਨ ਦੇ ਪਿਆਰ ਵੱਲ ਖ਼ਿਆਲ ਚਲਾ ਗਿਆ। ਇੱਕ ਤਾਂ ਭਗਤ ਜੀ ਦਾ ਮਨ ਕਾਲੂ ਦੀ ਮੌਤ ਕਰਕੇ ਵੈਸੇ ਵੀ ਦੁੱਖਿਆ ਪਿਆ ਸੀ। ਦੂਜਾ ਇਹ ਮਨ ਵਿੱਚ ਖ਼ਿਆਲ ਸੀ ਕਿ ਜੇਕਰ ਮੈਂ ਬਿਮਾਰ ਨਾ ਹੁੰਦਾ ਤਾਂ ਸ਼ਾਇਦ ਕਾਲੂ ਨੂੰ ਸਰਦੀ ਨਾ ਲੱਗਦੀ ਤੇ ਇਸ ਦੀ ਮੌਤ ਨਾ ਆਉਂਦੀ। ਤੀਜਾ, ਭਗਤ ਜੀ ਇਨ੍ਹਾਂ ਗ਼ਰੀਬਾਂ ਨੂੰ ਤਾਂ ਅਥਾਹ ਪਿਆਰ ਕਰਦੇ ਸਨ। ਪਿਆਰ ਦਾ ਰਿਸ਼ਤਾ ਤਾਂ ਹੁੰਦਾ ਹੀ ਦਿਲ ਦਾ ਰਿਸ਼ਤਾ ਹੈ। ਇਸ ਕਰਕੇ ਜਦੋਂ ਉਹ ਕਾਲੂ ਨੂੰ ਇਸ਼ਨਾਨ ਕਰਾਉਣ ਲੱਗੇ ਤਾਂ ਭਗਤ ਜੀ ਦਾ ਮਨ ਪ੍ਰੇਮ ਵੈਰਾਗ ਵਿੱਚ ਵਹਿ ਤੁਰਿਆ। ਇੱਕ ਪਾਸੇ ਭਗਤ ਜੀ ਦੀਆਂ ਆਪਣੀਆਂ ਅੱਖਾਂ ਦੇ ਅੱਥਰੂ ਸਨ ਤੇ ਦੂਜੇ ਪਾਸੇ ਉਨ੍ਹਾਂ ਦੇ ਬੋਲਾਂ ਨੇ ਬਾਕੀ ਸਾਰਿਆਂ ਦੇ ਹਿਰਦਿਆਂ ਨੂੰ ਵੀ ਪ੍ਰਭਾਵਿਤ ਕਰ ਦਿੱਤਾ ਤੇ ਹਰ ਕੋਈ ਕਾਲੂ ਨੂੰ ਅੱਥਰੂਆਂ ਭਰੀ ਵਿਦਾਇਗੀ ਦੇ ਰਿਹਾ ਸੀ।

ਭਗਤ ਜੀ ਕਾਲੂ ਦੇ ਪੈਰਾਂ ਵਾਲੇ ਪਾਸੇ ਬੈਠ ਕੇ ਕਹਿਣ ਲੱਗੇ ਕਿ "ਹੇ ਕਾਲੂ, ਸੰਸਾਰ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਤੇਰਾ ਕੋਈ ਮੁੱਲ ਨਹੀਂ ਸੀ। ਸੰਸਾਰ ਦਾ ਕੋਈ ਬੰਦਾ ਨਾ ਹੀ ਬੱਚੇ ਦੇ ਤੌਰ 'ਤੇ ਤੇਰੀ ਕੋਈ ਕਦਰ ਕਰਨ ਲਈ ਤਿਆਰ ਸੀ ਤੇ ਨਾ ਹੀ ਤੈਨੂੰ ਇੱਕ ਪੁੱਤ ਦੇ ਤੌਰ 'ਤੇ ਅਪਣਾਉਣ ਲਈ ਤਿਆਰ ਸੀ। ਮੇਰੇ ਪਰਿਵਾਰ ਵਿੱਚ ਤੇਰੀ ਬਹੁਤ ਨਿਵੇਕਲੀ ਥਾਂ ਸੀ। ਤੂੰ ਮੇਰੇ ਦਿਲ ਨੂੰ ਆਪਣੇ ਪਿਆਰ ਨਾਲ ਭਰ ਦਿੱਤਾ ਸੀ। ਮੇਰੇ ਗ਼ਰੀਬ ਪਰਿਵਾਰ ਨੂੰ ਭਾਗ ਲਾਇਆ। ਕਾਲਾ ਕਲੌਂਟਾ ਤੇ ਪਿੰਗਲਾ ਹੋਣ ਦੇ ਕਾਰਨ, ਤੂੰ ਮੈਨੂੰ ਆਪਣੀ ਸੇਵਾ ਦਾ ਅਵਸਰ ਦੇ ਕੇ ਮੈਨੂੰ ਇੱਕ ਭਗਤ ਦਾ ਦਰਜਾ ਵੀ ਦੇ ਚੱਲਿਆ ਹੈਂ। ਤੂੰ ਜਿਊਂਦਿਆਂ ਰਹਿ ਕੇ ਆਪਣੀ ਸੇਵਾ ਦੁਆਰਾ ਮੈਥੋਂ ਇੱਕ ਅਜਿਹਾ ਕੰਮ ਕਰਵਾ ਰਿਹਾ ਸੈਂ,



ਜਿਸ ਨਾਲ ਮੈਂ ਨਾ ਕੇਵਲ ਆਪਣੇ ਜੀਵਨ ਨੂੰ ਸਫਲ ਕਰ ਰਿਹਾ ਸਾਂ ਬਲਕਿ ਲੋਕਾਂ ਕੋਲੋਂ ਜੱਸ ਵੀ ਪ੍ਰਾਪਤ ਕਰ ਰਿਹਾ ਸਾਂ। ਤੇਰੀ ਸੰਭਾਲ ਵਿੱਚ ਮਕਾਨ ਤੇ ਮੰਜੇ ਬਿਸਤਰੇ ਦੀਆਂ ਜਿਨ੍ਹਾਂ ਥੁੜਾਂ ਨੂੰ ਦੂਰ ਕਰਨਾ ਮੇਰੀ ਸਮਰੱਥਾ ਤੋਂ ਬਾਹਰ ਦੀ ਗੱਲ ਸੀ। ਉਨ੍ਹਾਂ ਦੇ ਕਾਰਨ ਤੂੰ ਬਿਨ ਆਈ ਮੌਤ ਦਾ ਸ਼ਿਕਾਰ ਹੋ ਕੇ ਮੇਰੀ ਸੇਵਾ ਦੀ ਫੁੱਲਵਾੜੀ ਨੂੰ ਛੋਟਾ ਕਰਕੇ ਮੈਨੂੰ ਵਿਛੋੜਾ ਦੇ ਚੱਲਿਆ ਹੈਂ।ਤੂੰ ਆਪਣੇ ਸਿਰਜਣਹਾਰ ਪ੍ਰਮਾਤਮਾ ਦੀ ਗੋਦ ਵਿੱਚ ਪਹੁੰਚ ਕੇ ਮੈਨੂੰ ਸਦਾ ਹੀ ਅਸੀਸ ਭੇਜਦਾ ਰਹੀਂ ਕਿ ਮੈਂ ਦੀਨ-ਦੁਖੀਆਂ ਦੀ ਸੇਵਾ ਤੋਂ ਕਦੇ ਮੂੰਹ ਨਾ ਮੋੜਾਂ।ਭਾਵੇਂ ਮੈਨੂੰ ਤੇਰੇ ਵਰਗੇ ਰੱਬ ਦੇ ਲਾਡਲਿਆਂ ਦੀ ਸੇਵਾ ਕਰਦਿਆਂ ਹੋਇਆਂ ਆਪਣੀ ਸਾਰੀ ਉਮਰ ਸੜਕਾਂ ਦੇ ਕੰਢਿਆਂ ਉੱਤੇ ਤੇ ਰੁੱਖਾਂ ਦੇ ਹੇਠਾਂ ਆਪਣਾ ਡੇਰਾ ਰੱਖਣਾ ਪਵੇ।" {ਉਹੀ ਪੰਨਾ ੬੪}।

ਸੰਸਾਰ ਵਿੱਚ ਆ ਕੇ ਕਰੀਬ ਹਰੇਕ ਬੰਦਾ ਆਪਣੇ ਦਿਲ ਦੀ ਦੌਲਤ ਵਿਕਾਰਾਂ ਦੇ ਹੱਥੋਂ ਬਰਬਾਦ ਕਰ ਲੈਂਦਾ ਹੈ ਪਰ ਕੋਈ ਕੋਈ ਦਰਵੇਸ਼ੀ ਰੂਹ ਰੱਬੀ ਗੁਣਾਂ ਦੀ ਦੌਲਤ ਨੂੰ ਸਾਂਭ ਲੈਂਦੀ ਹੈ। ਇਨ੍ਹਾਂ ਰੱਬੀ ਗੁਣਾਂ ਵਿੱਚ ਵਿਕਾਰਾਂ ਦੀ ਭਾਵਨਾ ਨਹੀਂ ਹੁੰਦੀ ਸਗੋਂ ਦਇਆ ਦਾ ਮਹਾਨ ਗੁਣ ਹੁੰਦਾ ਹੈ। ਦਇਆ ਕਰਕੇ ਹੀ ਮਨੁੱਖ ਦੂਜੇ ਦੇ ਦੁੱਖ ਵੰਡਾਉਂਦਾ ਹੈ। ਉਹ ਸੰਸਾਰ ਵਿੱਚ ਜਦੋਂ ਵੀ ਕਿਸੇ ਨਾਲ ਮਿਲਵਰਤਣ ਕਰਦੇ ਹਨ ਤਾਂ ਉਨ੍ਹਾਂ ਦੇ ਮਿਲਵਰਤਣ ਵਿੱਚ ਸੁਆਰਥ ਨਹੀਂ ਹੁੰਦਾ। ਇਸ ਤਰ੍ਹਾਂ ਨਿਰਸੁਆਰਥ ਅਤੇ ਪਾਕਿ ਮੁਹੱਬਤ ਨਾਲ ਇੱਕ ਦੂਜੇ ਦੇ ਸਹਿਯੋਗ ਨੂੰ ਹੀ ਧਰਮ ਦੀ ਦੁਨੀਆਂ ਵਿੱਚ ਸੇਵਾ ਕਿਹਾ ਜਾਂਦਾ ਹੈ। ਅਜਿਹੀ ਸੇਵਾ ਕਰਨ ਵਾਲਾ ਧਰਮੀ ਜਿਊੜਾ ਹੋਰ ਕਿਸੇ ਕਿਸਮ ਦੇ ਅਖੌਤੀ ਧਾਰਮਿਕ ਅਡੰਬਰ ਜਾਂ ਪਾਖੰਡ ਕਰਨ ਦੀ ਥਾਂ ਤੇ ਇਸ ਤਰ੍ਹਾਂ ਦੀ ਨਿਸ਼ਕਾਮ ਸੇਵਾ ਨਾਲ ਆਪਣੇ ਪਿਆਰੇ ਨੂੰ ਪਾ ਲੈਂਦਾ ਹੈ।

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥**
**ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥**
**ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥**
**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**
{ਅੰਗ ੨੮੬}

### ਭਗਤ ਜੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਅਸਰ

ਪੁਰਾਣੇ ਸਮੇਂ ਵਿੱਚ ਕੀੜੇ ਪੈ ਕੇ ਮਰਨਾ ਇੱਕ ਬਹੁਤ ਦੁਖਦਾਈ ਮੌਤ ਮੰਨੀ ਜਾਂਦੀ ਸੀ। ਆਮ ਲੋਕਾਂ ਦੀ ਜ਼ਬਾਨ 'ਤੇ ਹੀ ਇਹ ਗੱਲਾਂ ਚੜ੍ਹੀਆਂ ਹੋਈਆਂ ਹੁੰਦੀਆਂ ਸਨ ਕਿ ਜਦੋਂ ਵੀ ਕਿਸੇ ਨੂੰ ਬਦਅਸੀਸ ਦੇਣੀ ਹੁੰਦੀ ਸੀ ਤਾਂ ਕਹਿ ਦਿੰਦੇ ਸਨ ਕਿ ਤੂੰ ਕੀੜੇ ਪੈ ਕੇ ਮਰੇਂ। ਕੀੜੇ ਪੈਣਾ ਜਾਂ ਕੀੜੇ ਪੈਣੀ ਇੱਕ ਗਾਲ ਹੁੰਦੀ ਸੀ। ਪੁਰਾਣੇ ਸਮੇਂ ਵਿੱਚ ਅਜੋਕੇ ਇਲਾਜ ਨਹੀਂ ਹੁੰਦੇ ਸਨ। ਇੱਕ ਨਿਹੰਗ

ਖੜਕ ਸਿੰਘ ਜਿਸ ਦੀ ਲੱਤ ’ਤੇ ਕਿਸੇ ਤਰ੍ਹਾਂ ਸੱਟ ਵੱਜ ਗਈ ਸੀ ਤੇ ਉਸਦਾ ਜ਼ਖ਼ਮ ਖ਼ਰਾਬ ਹੋ ਕੇ ਉਸ ਵਿੱਚ ਵੀ ਕੀੜੇ ਪੈ ਗਏ ਸਨ। ਜਦੋਂ ਭਗਤ ਜੀ ਦਾ ਡੇਰਾ ਰੇਲਵੇ ਸਟੇਸ਼ਨ ਦੇ ਕੋਲ ਸੀ ਤਾਂ ਭਗਤ ਜੀ ਕੁਝ ਪ੍ਰਸ਼ਾਦੇ ਲੈ ਕੇ ਇੱਥੇ ਗੁਰੂ ਤੇਗ ਬਹਾਦਰ ਹਸਪਤਾਲ ਵੀ ਦੇ ਜਾਂਦੇ ਸਨ। ਭਗਤ ਜੀ ਦੀ ਅੱਖ ਤਾਂ ਅਜਿਹੇ ਰੋਗੀ ਜਾਂ ਦੁਖਿਆਰਿਆਂ ਨੂੰ ਹੀ ਦੇਖਦੀ ਰਹਿੰਦੀ ਸੀ। ਇਸ ਕਰਕੇ ਇੱਥੇ ਬੈਠੇ ਇਸ ਨਿਹੰਗ ਸਿੰਘ ਨੂੰ ਭਗਤ ਜੀ ਦੇਖਿਆ ਕਰਦੇ ਸਨ ਕਿ ਇਸ ਦੀ ਇੱਕ ਲੱਤ ਦੀ ਤਕਲੀਫ਼ ਹੈ। ਜਦੋਂ ਪਿੰਗਲਵਾੜੇ ਦਾ ਟਿਕਾਣਾ ਹੀ ਅਕਤੂਬਰ ੧੯੪੮ ਨੂੰ ਹਸਪਤਾਲ ਦੇ ਸਾਹਮਣੇ ਇੱਕ ਬੋਹੜ ਥੱਲੇ ਆ ਗਿਆ ਸੀ ਤਾਂ ਇਸ ਨਿਹੰਗ ਸਿੰਘ ਦਾ ਹਾਲ ਦੇਖਣਾ ਹੋਰ ਵੀ ਸੌਖਾ ਹੋ ਗਿਆ ਸੀ। ਉਸ ਦੀ ਹਾਲਤ ਦਿਨ ਪ੍ਰਤੀ ਦਿਨ ਨਿਘਰਦੀ ਜਾ ਰਹੀ ਸੀ।

ਨਿਹੰਗ ਸਿੰਘ ਦੀ ਲੱਤ ’ਤੇ ਇੱਕ ਨਿੱਕੀ ਜਿਹੀ ਫਿਨਸੀ ਨਿਕਲੀ ਸੀ। ਇਸ ਦਾ ਇਲਾਜ ਵੀ ਜਲਦੀ ਹੀ ਸ਼ੁਰੂ ਕਰ ਦਿੱਤਾ ਸੀ ਪਰ ਫਿਰ ਵੀ ਇਹ ਦੁੱਖ ਇੱਕ ਨਿੱਕੀ ਜਿਹੀ ਫਿਨਸੀ ਤੋਂ ਵਧਦਾ ਹੋਇਆ, ਗਿੱਟੇ ਤੋਂ ਲੈ ਕੇ ਗੋਡੇ ਤਕ ਦੀ ਸਾਰੀ ਲੱਤ ਨੂੰ ਗਾਲਾ ਲੱਗ ਗਿਆ ਸੀ। ਉਸ ਦੀ ਲੱਤ ਵਿੱਚ ਕੀੜੇ ਪੈ ਚੁੱਕੇ ਸਨ। ਇਨ੍ਹਾਂ ਕੀੜਿਆਂ ਨੇ ਲੱਤ ਦਾ ਸਾਰਾ ਹੀ ਮਾਸ ਖਾ ਲਿਆ ਸੀ। ਇੱਕ ਲਹੂ ਦੀ ਵੱਡੀ ਨਾੜੀ ਹੀ ਨਜ਼ਰ ਆਉਂਦੀ ਸੀ। ਇਸ ਰੋਗ ਦੇ ਇਤਨਾ ਵਧ ਜਾਣ ਦੇ ਦੋ ਕਾਰਨ ਸਨ। ਇੱਕ ਤਾਂ ਇਹ ਸੀ ਕਿ ਉਸ ਹਸਪਤਾਲ ਵਿੱਚ ਪੱਟੀਆਂ ਕਰਨ ਵਾਲਾ ਇੱਕ ਹੀ ਕੰਪੋਡਰ ਰਾਮ ਲੁਭਾਇਆ ਸੀ। ਕਦੇ-ਕਦੇ ਉਸ ਨਾਲ ਟਰੇਨੀ ਵਿਦਿਆਰਥੀ ਆ ਜਾਂਦੇ ਸਨ ਪਰ ਉਹ ਵੀ ਨਵੇਂ ਹੋਣ ਕਰਕੇ ਕਿਸੇ ਦੇ ਜ਼ਖ਼ਮ ਨੂੰ ਬਹੁਤਾ ਗਲਿਆ ਦੇਖ ਕੇ ਉਸ ਤਰ੍ਹਾਂ ਦੀ ਸਾਫ਼ ਸਫ਼ਾਈ ਨਹੀਂ ਕਰਦੇ ਸਨ ਜਿਹੋ ਜਿਹੀ ਲੋੜ ਹੁੰਦੀ ਸੀ। ਇੱਕ ਤਾਂ ਇਹ ਜ਼ਖ਼ਮ ਦੀ ਪੱਟੀ ਵਿੱਚ ਹੋਈ ਅਣਗਹਿਲੀ ਦਾ ਕਾਰਨ ਸੀ।

ਦੂਜਾ ਕਾਰਨ ਸੀ ਕਿ ਡਾਕਟਰ ਦੀ ਹਦਾਇਤ ਸੀ ਕਿ ਤੁਸੀਂ ਕੋਈ ਹਿੱਲਜੁਲ ਨਹੀਂ ਕਰਨੀ, ਸਗੋਂ ਬਿਸਤਰ ’ਤੇ ਅਰਾਮ ਕਰਨਾ ਹੈ। ਜ਼ਖ਼ਮ ਦੀ ਸਾਫ਼ ਸਫ਼ਾਈ ਦਾ ਪੂਰਾ ਖ਼ਿਆਲ ਰੱਖਣਾ ਹੈ। ਇਹ ਗੱਲਾਂ ਤਾਂ ਕਿਸੇ ਆਮ ਬੰਦੇ ਦੀ ਜ਼ਿੰਦਗੀ ਵਿੱਚ ਹੋ ਸਕਦੀਆਂ ਸਨ ਪਰ ਇਹ ਨਿਹੰਗ ਖੜਕ ਸਿੰਘ ਤਾਂ ਵਿਚਾਰੇ ਸੜਕ ਦੇ ਕਿਨਾਰੇ ਦੋ ਵਕਤ ਦੀ ਰੋਟੀ ਵੀ ਮੰਗ ਕੇ ਖਾਂਦੇ ਸਨ। ਮਲ-ਮੂਤਰ ਦੀ ਕਿਰਿਆ ਵੀ ਬਹੁਤ ਔਖੇ ਹੋ ਕੇ ਕਰਦੇ ਸਨ। ਇੱਥੋਂ ਤਕ ਕਿ ਜਦੋਂ ਪੱਟੀ ਕਰਵਾਉਣ ਜਾਣਾ ਹੁੰਦਾ ਸੀ ਤਾਂ ਉਹ ਪਿੱਠ ਦੇ ਪਰਨੇ ਘਿਸਰ ਕੇ ਜਾਂਦੇ ਹੁੰਦੇ ਸਨ। ਸੜਕ ਦੇ ਕਿਨਾਰੇ ਹੀ ਰਾਤ ਨੂੰ ਸੌਣਾ, ਉੱਥੇ ਹੀ ਬੈਠ ਕੇ ਮੰਗਣਾ ਅਤੇ ਉੱਥੋਂ ਹੀ ਸਾਰੀਆਂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਸਨ। ਇਸ ਕਰਕੇ ਸਫ਼ਾਈ ਰੱਖਣੀ ਤਾਂ ਇੱਕ ਪਾਸੇ ਸਗੋਂ ਘੋੜਿਆਂ ਦੀ ਲਿੱਦ ਵਿੱਚ ਕਈ ਵਾਰੀ ਘਸਰਨਾ ਪੈਂਦਾ ਸੀ।



ਭਾਵ ਹੈ ਕਿ ਨਿਹੰਗ ਸਿੰਘ ਦੀਆਂ ਮਜ਼ਬੂਰੀਆਂ ਨੇ ਕੁਝ ਵੀ ਅਜਿਹਾ ਨਹੀਂ ਕਰਨ ਦਿੱਤਾ ਜਿਸ ਨਾਲ ਉਨ੍ਹਾਂ ਦਾ ਇਲਾਜ ਹੋ ਸਕਦਾ ਹੁੰਦਾ, ਬਲਕਿ ਜੀਵਨ ਮੌਤ ਦੇ ਨੇੜੇ ਕਰ ਦਿੱਤਾ ਸੀ।

ਭਗਤ ਪੂਰਨ ਸਿੰਘ ਕਿਸੇ ਦੇ ਦੁੱਖ ਦੇਖ ਕੇ ਕਿਨਾਰਾ ਕਰਨ ਦੀ ਥਾਂ ’ਤੇ ਸਗੋਂ ਉਸ ਰੋਗੀ ਦੇ ਇਲਾਜ ਬਾਰੇ ਪ੍ਰਬੰਧ ਕਰਨ ਲੱਗ ਪੈਂਦੇ ਸਨ। ਭਗਤ ਜੀ ਆਪ ਖ਼ੁਦ ਉਸ ਨਿਹੰਗ ਸਿੰਘ ਨੂੰ ਲੈ ਕੇ ਆਊਟਡੋਰ ਮਹਿਕਮੇ ਦੇ ਡਾ: ਇੰਦਰਜੀਤ ਸਿੰਘ ਕੋਲ ਗਏ ਤੇ ਜਾ ਕੇ ਨਿਹੰਗ ਖੜਕ ਸਿੰਘ ਦਾ ਸਾਰਾ ਹਾਲ ਦੱਸਿਆ। ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਇਹ ਗੱਲ ਹੁਣ ਮੇਰੇ ਵੱਸ ਦੀ ਨਹੀਂ ਹੈ। ਇਸ ਲੱਤ ਦਾ ਇਲਾਜ ਕਰਨ ਲਈ ਪਹਿਲਾਂ ਇਸ ਦਾ ਗਲਿਆ ਹੋਇਆ ਹਿੱਸਾ ਕੱਟਣਾ ਪੈਣਾ ਹੈ ਤਾਂ ਫਿਰ ਇਸ ਦਾ ਇਲਾਜ ਹੋ ਸਕਦਾ ਹੈ। ਇਸ ਕਰਕੇ ਤੁਸੀਂ ਡਾ: ਸੰਤੋਖ ਸਿੰਘ ਨੂੰ ਮਿਲੋ ਤਾਂ ਕਿ ਉਹ ਨਿਹੰਗ ਸਿੰਘ ਦੀ ਗਲ਼ੀ ਹੋਈ ਲੱਤ ਨੂੰ ਕੱਟ ਦੇਵੇ। ਜਦੋਂ ਡਾ: ਸੰਤੋਖ ਸਿੰਘ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਮੈਂ ਬਾਬਾ ਜੀ ਨੂੰ ਇਹ ਗੱਲ ਕਹੀ ਸੀ ਕਿ ਲੱਤ ਦਾ ਬਹੁਤ ਬੁਰਾ ਹਾਲ ਹੈ। ਇਸ ਨੂੰ ਕੱਟ ਦੇਣ ਵਿੱਚ ਹੀ ਭਲਾ ਹੈ ਪਰ ਬਾਬਾ ਜੀ ਇਹ ਗੱਲ ਨਹੀਂ ਮੰਨੇ। ਡਾ: ਸੰਤੋਖ ਸਿੰਘ ਨੇ ਭਗਤ ਜੀ ਨੂੰ ਕਿਹਾ ਕਿ ਤੁਸੀਂ ਵੀ ਕਹਿ ਕੇ ਦੇਖ ਲਵੋ ਤਾਂ ਕਿ ਲੱਤ ਕੱਟਣ ਨਾਲ ਇਨ੍ਹਾਂ ਦੀ ਬਾਕੀ ਜ਼ਿੰਦਗੀ ਬਚ ਸਕਦੀ ਹੈ। ਭਗਤ ਜੀ ਕਿਸੇ ਦੀ ਵੀ ਘਰ ਦੇ ਜੀਅ ਵਾਂਗ ਹੀ ਸੇਵਾ ਕਰਦੇ ਸਨ। ਇਸ ਨਿਹੰਗ ਸਿੰਘ ਦੀ ਸੇਵਾ ਵੀ ਪਿਆਰ ਨਾਲ ਕਰ ਰਹੇ ਸਨ। ਭਗਤ ਜੀ ਨੇ ਨਿਹੰਗ ਖੜਕ ਸਿੰਘ ਨੂੰ ਸਾਰੀ ਗੱਲ ਸਮਝਾਈ ਕਿ ਬਾਬਾ ਜੀ ਇੱਕ ਲੱਤ ਦੇ ਬਦਲੇ ਸਾਰੀ ਜ਼ਿੰਦਗੀ ਖ਼ਤਮ ਨਾ ਕਰੋ। ਸਾਨੂੰ ਲੱਤ ਕਟਵਾਉਣ ਵਿੱਚ ਹੀ ਫ਼ਾਇਦਾ ਹੈ। ਇੱਕ ਤਾਂ ਇਹ ਦੁੱਖ ਖ਼ਤਮ ਹੋ ਜਾਵੇਗਾ ਤੇ ਦੂਜਾ ਜੀਵਨ ਤਾਂ ਹੋਵੇਗਾ। ਭਗਤ ਜੀ ਦੀ ਸ਼ਖ਼ਸੀਅਤ ਦਾ ਵੀ ਕਾਫ਼ੀ ਪ੍ਰਭਾਵ ਪੈਂਦਾ ਸੀ। ਨਿਹੰਗ ਸਿੰਘ ਨੂੰ ਸਮਝਾਇਆ ਤਾਂ ਡਾਕਟਰ ਸਾਹਿਬ ਨੇ ਵੀ ਕਈ ਵਾਰੀ ਸੀ, ਪਰ ਇਸ ਦਾ ਮਨ ਨਹੀਂ ਮੰਨਦਾ ਸੀ। ਭਗਤ ਜੀ ਦੇ ਬੋਲਾਂ ਵਿੱਚ ਆਪਣਿਆਂ ਦੇ ਪਿਆਰ ਵਾਲਾ ਨਿੱਘ ਹੁੰਦਾ ਸੀ। ਇਸ ਕਰਕੇ ਹਰ ਬੰਦੇ ਦੇ ਮਨ ’ਤੇ ਇਨ੍ਹਾਂ ਦੇ ਬੋਲਾਂ ਦਾ ਅਨੋਖਾ ਜਿਹਾ ਅਸਰ ਹੋ ਜਾਂਦਾ ਸੀ। ਭਗਤ ਜੀ ਦੀ ਗੱਲ ਸੁਣ ਕੇ ਨਿਹੰਗ ਸਿੰਘ ਤਿਆਰ ਹੋ ਗਏ, ਪਰ ਸਾਰੀ ਤਿਆਰੀ ਕਰਦਿਆਂ ਪੰਜ ਛੇ ਦਿਨ ਲੱਗ ਗਏ ਸਨ, ਜਿਸ ਕਰਕੇ ਉਸ ਕੀੜਿਆਂ ਭਰੀ ਲੱਤ ਦੀ ਜ਼ਹਿਰ ਨਾਲ ਹੀ ਉਸ ਬਜ਼ੁਰਗ ਨਿਹੰਗ ਖੜਕ ਸਿੰਘ ਦੀ ਮੌਤ ਹੋ ਗਈ। ਉਸ ਨੇ ਦੁੱਖ ਤਾਂ ਭਾਵੇਂ ਬਹੁਤ ਭੋਗਿਆ ਸੀ, ਭਗਤ ਜੀ ਦੀ ਸਮਝਾਈ ਵਿਚਾਰ ਨਾਲ ਨਿਹੰਗ ਸਿੰਘ ਕਾਫ਼ੀ ਪ੍ਰਭਾਵਿਤ ਹੋਇਆ ਸੀ। ਬਾਣੀ ਪੜ੍ਹਦੇ ਰਹਿਣ ਕਰਕੇ ਤੇ ਰੱਬੀ ਰਜ਼ਾ ਵਿੱਚ ਅਰਦਾਸ ਕਰਦੇ ਰਹਿਣ ਕਰਕੇ ਉਹ ਆਖਰੀ ਦਿਨ ਤਕ ਵੀ ਚੜ੍ਹਦੀ ਕਲਾ ਵਿੱਚ ਰਹੇ ਸਨ। {ਭਗਤ ਪੂਰਨ ਸਿੰਘ ਕਹਾਣੀਆਂ,

ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ। (੨੦੧੩), ਪੰਨੇ ੧੫੬}।

ਇੱਥੇ ਇਹ ਵਿਚਾਰ ਬਹੁਤ ਜ਼ਰੂਰੀ ਹੈ ਕਿ ਇਸ ਵਕਤ ਪਿੰਗਲਵਾੜੇ ਦੇ ਮਰੀਜ਼ ਤਿੰਨ ਥਾਵਾਂ 'ਤੇ ਸਨ। ਇੱਕ ਹਸਪਤਾਲ ਦੇ ਲਾਗੇ ਜਿੱਥੇ ਅੱਜਕੱਲ੍ਹ ਰੈੱਡ ਕਰਾਸ ਦੀ ਇਮਾਰਤ ਹੈ। ਦੂਜਾ ਰਾਮ ਬਾਗ਼ ਦੇ ਲਾਗੇ ਜਿੱਥੇ ਮਹਾਰਾਜਾ ਰਣਜੀਤ ਸਿੰਘ ਦੀ ਡਿਓਢੀ ਵੀ ਹੈ। ਤੀਜਾ ਮੁਸਲਮਾਨਾਂ ਦੀਆਂ ਉਹ ਕੋਠੀਆਂ ਜਿਹੜੀਆਂ ਅੱਧ ਅਧੂਰੀਆਂ ਜਿਹੀਆਂ ਹੀ ਸਨ ਤੇ ਇਨ੍ਹਾਂ ਨੂੰ ਉਹ ਛੱਡ ਕੇ ਪਾਕਿਸਤਾਨ ਚਲੇ ਗਏ ਸਨ।

### ਬੋਹੜ ਥੱਲੇ ਟਿਕਾਣਾ

ਹਸਪਤਾਲ ਦੇ ਬੂਹੇ ਅੱਗੇ ਹੀ ਇੱਕ ਬੋਹੜ ਦਾ ਦਰਖ਼ਤ ਸੀ। ਇਸ ਦੇ ਥੱਲੇ ਹੀ ਭਗਤ ਜੀ ਆਪਣੇ ਬਾਰਾਂ ਤੇਰਾਂ ਅਪਾਹਿਜਾਂ ਦਾ ਪਰਿਵਾਰ ਲਈ ਬੈਠੇ ਸਨ। ਕਿਸੇ ਦੀ ਭੁੱਖ ਦੀ ਮੰਗ ਹੁੰਦੀ, ਕਿਸੇ ਦੀ ਦਵਾਈ ਦੀ ਲੋੜ ਹੁੰਦੀ ਸੀ, ਕਿਸੇ ਦਾ ਮਲ-ਮੂਤਰ ਸਾਫ਼ ਕਰਨਾ ਹੁੰਦਾ ਸੀ। ਇਹ ਸਾਰੀਆਂ ਹੀ ਲੋੜਾਂ ਭਗਤ ਜੀ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨਾਲ ਲੜਾਈ ਵੀ ਲੜਨੀ ਪੈਂਦੀ ਸੀ ਜਿਹੜੇ ਆਪ ਤਾਂ ਕਿਸੇ ਦਾ ਦੁੱਖ ਦਰਦ ਵੰਡਾ ਨਹੀਂ ਸਕਦੇ ਪਰ ਕਿਸੇ ਦੇ ਦੁੱਖਾਂ ਦਾ ਭਾਰ ਜਦੋਂ ਕੋਈ ਦੂਜਾ ਚੁੱਕਦਾ ਹੈ ਤਾਂ ਉਸ ਨੂੰ ਚੁੱਕਣ ਵੀ ਨਹੀਂ ਦਿੰਦੇ। ਇਸ ਤਰ੍ਹਾਂ ਹੀ ਭਗਤ ਜੀ ਦੇ ਇਸ ਅਪਾਹਿਜ ਪਰਿਵਾਰ ਨੂੰ ਉਜਾੜਨ ਲਈ ਮਿਉਂਸਿਪਲ ਕਮੇਟੀ ਦੇ ਮੈਂਬਰ ਆ ਗਏ, ਪਰ ਇੱਥੇ ਵੀ ਡਾ: ਖੁਸ਼ਵੰਤ ਲਾਲ ਵਿੱਗ ਨੇ ਕਹਿ ਦਿੱਤਾ ਸੀ ਕਿ ਅਜਿਹਾ ਨਹੀਂ ਕਰਨਾ ਹੈ। ਸੋ ਕੁਝ ਦਿਨ ਇਨ੍ਹਾਂ ਦੁਖਿਆਰਿਆਂ ਦਾ ਆਲ੍ਹਣਾ ਇਸ ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਸਾਹਮਣੇ ਹੀ ਰਿਹਾ। ਇੰਵ ਪ੍ਰਤੀਤ ਹੁੰਦਾ ਸੀ ਜਿਵੇਂ ਇੱਕ ਬੋਹੜ ਦੇ ਥੱਲੇ ਇੱਕ ਹੋਰ ਬੋਹੜ ਸੀ, ਭਾਵ ਬੋਹੜ ਦੇ ਦਰਖ਼ਤ ਥੱਲੇ ਇੱਕ ਹੋਰ ਦੁਖਿਆਰਿਆਂ, ਅਪਾਹਿਜਾਂ ਦਾ ਬਾਬਾ ਬੋਹੜ ਭਗਤ ਪੂਰਨ ਸਿੰਘ ਉਨ੍ਹਾਂ ਲਈ ਸੰਘਣੀ ਛਾਂ ਕਰੀ ਬੈਠਾ ਸੀ।

ਇਸ ਬੋਹੜ ਥੱਲੇ ਵੀ ਲੰਮੇਰਾ ਟਿਕਾਣਾ ਨਾ ਬਣ ਸਕਿਆ। ਇੱਥੋਂ ਵੀ ਭਗਤ ਜੀ ਆਪਣਾ ਆਸਣ ਚੁੱਕ ਕੇ ਜਿੱਥੇ ਅੱਜਕੱਲ੍ਹ ਰੈੱਡ-ਕਰਾਸ ਦੀ ਵਾਰਡ ਬਣੀ ਹੋਈ ਹੈ, ਹਸਪਤਾਲ ਦੇ ਨੇੜੇ ਹੀ ਖੁੱਲ੍ਹੀ ਥਾਂ 'ਤੇ ਲੈ ਗਏ। ਇੱਥੇ ਵੀ ਸਾਲਾਂ ਦਾ ਨਹੀਂ ਸਗੋਂ ਮਹੀਨਿਆਂ ਦਾ ਹੀ ਸਮਾਂ ਨਿਕਲਿਆ ਸੀ। ਮਹਾਤਮਾ ਗਾਂਧੀ ਨੇ ਆਪਣੇ ਯੰਗ ਇੰਡੀਆ ਅਖ਼ਬਾਰ ਵਿੱਚ ਖੱਦਰ ਦਾ ਕਾਫ਼ੀ ਪਰਚਾਰ ਕੀਤਾ ਸੀ। ਗਾਂਧੀ ਦੇ ਇਸ ਪ੍ਰਚਾਰ ਤੋਂ ਬਹੁਤ ਲੋਕੀਂ ਪ੍ਰਭਾਵਿਤ ਹੋਏ ਸਨ। ਪੰਜਾਬ ਦਾ ਮੁੱਖ ਮੰਤਰੀ ਡਾਕਟਰ ਗੋਪੀ ਚੰਦ ਤੇ ਭਗਤ ਜੀ ਵੀ ਗਾਂਧੀ ਜੀ ਦੇ ਪ੍ਰਚਾਰ ਤੋਂ ਪ੍ਰਭਾਵਿਤ ਸਨ। ਖੱਦਰ ਪਹਿਨਣ ਕਰਕੇ ਤੇ ਭਗਤ ਜੀ ਦੀ ਅਥਾਹ ਸੇਵਾ ਕਰਕੇ ਮੁੱਖ-ਮੰਤਰੀ ਡਾਕਟਰ ਗੋਪੀ ਚੰਦ ਜੀ ਭਗਤ ਜੀ ਦੀ ਕਾਫ਼ੀ ਇੱਜ਼ਤ ਕਰਦੇ



ਸਨ। ਉਨ੍ਹਾਂ ਨੂੰ ਹਸਪਤਾਲ ਆਉਣਾ ਪੈ ਗਿਆ। ਇੱਥੋਂ ਹੀ ਭਗਤ ਜੀ ਮੁੱਖ ਮੰਤਰੀ ਗੋਪੀ ਚੰਦ ਜੀ ਨੂੰ ਆਪਣੇ ਡੇਰੇ ਲੈ ਆਏ ਤੇ ਸਾਰੇ ਮਰੀਜ਼ਾਂ ਦਾ ਹਾਲ ਦਿਖਾਇਆ। ਉਨ੍ਹਾਂ ਦੇ ਨਾਲ ਹੀ ਡਿਪਟੀ ਕਮਿਸ਼ਨਰ ਨਰਿੰਦਰ ਸਿੰਘ ਵੀ ਸੀ। ਡਾਕਟਰ ਗੋਪੀ ਚੰਦ ਨੇ ਡਿਪਟੀ ਕਮਿਸ਼ਨਰ ਨੂੰ ਇਹ ਕਹਿ ਦਿੱਤਾ ਕਿ ਜਦੋਂ ਤਕ ਪਿੰਗਲਵਾੜੇ ਨੂੰ ਹੋਰ ਥਾਂ ਨਾ ਦਿੱਤੀ ਜਾਵੇ ਤਦ ਤਕ ਭਗਤ ਜੀ ਨੂੰ ਇੱਥੋਂ ਨਾ ਉਠਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਹੁਸੈਨਪੁਰੇ ਫਾਟਕ ਦੇ ਲਾਗੇ ਸਿਨਮੇ ਦੀ ਇਮਾਰਤ ਖ਼ਾਲੀ ਕਰਵਾ ਦਿੱਤੀ।

### ਰਾਮ ਬਾਗ਼ ਦੇ ਲਾਗੇ

ਇਹ ਥਾਵਾਂ ਇੱਕ ਦੂਜੇ ਦੇ ਨੇੜੇ-ਤੇੜੇ ਹੀ ਹਨ। ਭਗਤ ਜੀ ਨੇ ਹਸਪਤਾਲ ਦੇ ਲਾਗੇ ਵਾਲੀ ਥਾਂ 'ਤੇ ਕੁਝ ਤਪਦਿਕ (ਟੀ. ਬੀ.) ਦੇ ਮਰੀਜ਼ ਵੀ ਰੱਖੇ ਹੋਏ ਸਨ। ਤਪਦਿਕ ਦਾ ਰੋਗ ਛੂਤ ਦਾ ਰੋਗ ਹੋਣ ਕਰਕੇ ਹਰ ਬੰਦਾ ਤਪਦਿਕ ਦੇ ਰੋਗੀ ਦੇ ਨੇੜੇ ਨਹੀਂ ਜਾਣਾ ਚਾਹੁੰਦਾ। ਇੱਥੇ ਰਾਮ ਬਾਗ਼ ਦੇ ਲਾਗੇ ਹੀ ਕੁਝ ਮੌਜ ਮਸਤੀ ਕਰਨ ਵਾਲੇ ਅਮੀਰਾਂ ਨੇ ਇੱਕ ਲੰਬਜਡਨ ਨਾਮ ਦਾ ਕਲੱਬ ਬਣਾਇਆ ਹੋਇਆ ਸੀ। ਇੱਥੇ ਸ਼ਹਿਰ ਦੇ ਕੁਝ ਅਮੀਰ ਬੰਦੇ ਦਿਲ-ਪ੍ਰਚਾਵੇ ਲਈ ਆਉਂਦੇ ਜਾਂਦੇ ਸਨ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਭਗਤ ਜੀ ਨੇ ਲਾਗੇ ਹੀ ਤਪਦਿਕ ਦੇ ਮਰੀਜ਼ ਰੱਖੇ ਹੋਏ ਹਨ ਤਾਂ ਇਨ੍ਹਾਂ ਨੇ ਡਿਪਟੀ ਕਮਿਸ਼ਨਰ ਕੋਲ ਜਾ ਕੇ ਸ਼ਿਕਾਇਤ ਕੀਤੀ ਕਿ ਸਾਡੇ ਕਲੱਬ ਦੇ ਲਾਗੇ ਤਪਦਿਕ ਦੇ ਮਰੀਜ਼ ਨਹੀਂ ਹੋਣੇ ਚਾਹੀਦੇ। ਡਿਪਟੀ ਕਮਿਸ਼ਨਰ ਨੇ ਆਪਣੇ ਨਾਲ ਡਾ: ਵਿੱਗ, ਡਾ: ਤੁਲਸੀ ਦਾਸ, ਡਾ: ਗੋਪਾਲ ਦਾਸ ਤੇ ਸ਼੍ਰੀ ਪਦਮ ਚੰਦ ਭੰਡਾਰੀ ਨੂੰ ਲਿਆ ਕੇ ਭਗਤ ਜੀ ਨਾਲ ਗੱਲ ਕੀਤੀ। ਜਦੋਂ ਭਗਤ ਜੀ ਨੂੰ ਇਹ ਗੱਲ ਦੱਸੀ ਤਾਂ ਭਗਤ ਜੀ ਨੇ ਕਿਹਾ ਕਿ ਮੈਂ ਤੁਹਾਡੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਹਾਂ। ਜਿੱਥੇ ਵੀ ਕੋਈ ਸੜਕ 'ਤੇ ਤਪਦਿਕ ਦਾ ਮਰੀਜ਼ ਹੋਇਆ ਮੈਂ ਉਸ ਦੀ ਸੇਵਾ-ਸੰਭਾਲ ਕਰਾਂਗਾ। ਮੈਨੂੰ ਤੁਸੀਂ ਭਾਵੇਂ ਕੁਝ ਵੀ ਕਹੋ ਪਰ ਮੈਂ ਕਿਸੇ ਦੁਖਿਆਰੇ ਨੂੰ ਰੁਲਦਾ ਨਹੀਂ ਦੇਖ ਸਕਦਾ। ਮੈਂ ਉਸ ਦੀ ਹਰ ਹੀਲੇ ਬਣਦੀ ਸਰਦੀ ਮਦਦ ਜ਼ਰੂਰ ਕਰਾਂਗਾ। ਪਦਮ ਚੰਦ ਭੰਡਾਰੀ ਮਿਉਂਸਿਪਲ ਕਮੇਟੀ ਦਾ ਐਗਜ਼ੈਕਟਿਵ ਅਫ਼ਸਰ ਸੀ। ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਸਾਹਿਬ ਭਗਤ ਜੀ ਦੀ ਗੱਲ ਮੰਨੀ ਜਾਣ ਵਾਲੀ ਹੈ। ਸਾਨੂੰ ਭਗਤ ਜੀ ਨੂੰ ਮਿਉਂਸਿਪਲ ਕਮੇਟੀ ਵੱਲੋਂ ਇੱਕ ਇਮਾਰਤ ਬਣਾ ਕੇ ਦੇਣੀ ਚਾਹੀਦੀ ਹੈ। ਇਹ ਗੱਲ ਸੁਣ ਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਗਤ ਜੀ ਤੁਸੀਂ ਦੱਸੋ ਕਿ ਅਸੀਂ ਤੁਹਾਨੂੰ ਤਪਦਿਕ ਦੇ ਰੋਗੀਆਂ ਲਈ ਕਿੰਨੇ ਕਮਰੇ ਬਣਾ ਕੇ ਦੇਈਏ। ਭਗਤ ਜੀ ਨੇ ਕਿਹਾ ਕਿ ਦਸ ਰੋਗੀਆਂ ਲਈ ਘੱਟੋ ਘੱਟ ਪੰਜ ਕਮਰੇ ਤਾਂ ਚਾਹੀਦੇ ਹੀ ਹਨ। ਇਸ ਤਰ੍ਹਾਂ ਸਲਾਹ ਕਰਕੇ ਭਗਤ ਜੀ ਨੂੰ ਮਿਉਂਸਿਪਲ

ਕਮੇਟੀ ਨੇ ਪੰਜ ਕਮਰੇ ਬਣਵਾ ਦਿੱਤੇ।

{ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੧੬੪}।

### ਨਿਕਾਸੀ ਕੋਠੀਆਂ ਵਿੱਚ

ਇਸ ਤੋਂ ਮਗਰੋਂ ਕੁਝ ਦੂਰੀ 'ਤੇ ਉਹ ਕੋਠੀਆਂ ਖ਼ਾਲੀ ਪਈਆਂ ਸਨ ਜਿਨ੍ਹਾਂ ਨੂੰ ਮੁਸਲਮਾਨ ਪਾਕਿਸਤਾਨ ਨੂੰ ਜਾਂਦੇ ਹੋਏ ਖ਼ਾਲੀ ਕਰ ਗਏ ਸਨ। ਉਨ੍ਹਾਂ ਨਿਕਾਸੀ (ਖ਼ਾਲੀ) ਕੋਠੀਆਂ ਵਿੱਚ ਭਗਤ ਜੀ ਨੇ ਆਪਣੇ ਅਪਾਹਿਜ ਪਰਿਵਾਰ ਦਾ ਵਸੇਬਾ ਕਰ ਲਿਆ। ਇੱਥੇ ਵੀ ਇੱਕ ਵਕੀਲ ਆ ਗਿਆ ਤੇ ਉਸ ਨੇ ਕੁਝ ਕਾਨੂੰਨੀ ਦਾਓ ਪੇਚਾਂ ਦਾ ਡਰ ਦੇ ਕੇ ਭਗਤ ਜੀ ਨੂੰ ਇਹ ਡੰਡਾ ਡੇਰਾ ਇੱਥੋਂ ਚੁੱਕਣ ਲਈ ਕਿਹਾ। ਇਹ ਵਕੀਲ ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਸਰਕਾਰੀ ਵਕੀਲ ਹੁੰਦਾ ਸੀ ਤੇ ਇਸ ਦੇ ਦੋ ਲੜਕੇ ਵੀ ਡਿਪਟੀ ਕਮਿਸ਼ਨਰ ਸਨ। ਭਗਤ ਜੀ ਆਪ ਖ਼ੁਦ ਲਾਇਬ੍ਰੇਰੀਆਂ ਵਿੱਚੋਂ ਬਹੁਤ ਕੁਝ ਪੜ੍ਹ ਚੁੱਕੇ ਹੋਏ ਸਨ, ਇਸ ਕਰਕੇ ਉਨ੍ਹਾਂ ਨੂੰ ਖ਼ੁਦ ਨੂੰ ਕਾਫ਼ੀ ਗਿਆਨ ਸੀ। ਦੂਜਾ ਭਗਤ ਜੀ ਦਾ ਹੋਰ ਚੰਗੇ ਬੰਦਿਆਂ ਨਾਲ ਭਾਵ ਮਾਸਟਰ ਤਾਰਾ ਸਿੰਘ ਜਾਂ ਮੁੱਖ ਮੰਤਰੀ ਗੋਪੀ ਚੰਦ ਆਦਿਕ ਨਾਲ ਵੀ ਚੰਗਾ ਅਸਰ ਰਸੂਖ ਹੋਣ ਕਰਕੇ ਉਸ ਦੀਆਂ ਕਾਨੂੰਨੀ ਦਲੀਲਾਂ ਦਾ ਕੋਈ ਅਸਰ ਨਾ ਹੋਇਆ। {ਭਗਤ ਪੂਰਨ ਸਿੰਘ, ਪਿੰਗਲਵਾੜੇ ਦੀ ਵਿਥਿਆ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੬), ਪੰਨਾ ੬}।

ਭਗਤ ਜੀ ਆਪਣੇ ਪਰਿਵਾਰ ਨੂੰ ਲੈ ਕੇ ਇਨ੍ਹਾਂ ਨਿਕਾਸੀ ਕੋਠੀਆਂ ਵਿੱਚ ਟਿਕੇ ਹੋਏ ਸਨ। ਉਨ੍ਹਾਂ ਦੇ ਪਰਿਵਾਰ ਵਿੱਚ ਕਈ ਅਣਵਿਆਹੀਆਂ ਮਾਵਾਂ ਸਨ, ਕਈ ਟੀ. ਬੀ. ਦੇ ਮਰੀਜ਼ ਸਨ, ਕਈ ਲੱਤਾਂ ਬਾਹਵਾਂ ਦੇ ਜ਼ਖ਼ਮਾਂ ਕਾਰਨ ਆਪਣੀ ਕਿਰਿਆ ਕਰਨ ਤੋਂ ਅਸਮਰਥ ਲੋਕ ਜਾਂ ਬਜ਼ੁਰਗ ਸਨ। ਇਸ ਪਰਿਵਾਰ ਨੇ ਦਰ-ਬ-ਦਰ ਭਟਕਦਿਆਂ ਇੱਥੇ ਨਿਕਾਸੀ ਕੋਠੀਆਂ ਦਾ ਸਹਾਰਾ ਲਿਆ ਸੀ ਤੇ ਇਹ ਆਸ ਸੀ ਕਿ ਇਨ੍ਹਾਂ ਦੇ ਮਾਲਕ ਤਾਂ ਪਾਕਿਸਤਾਨ ਚਲੇ ਗਏ ਹਨ, ਸੋ ਹੋ ਸਕਦਾ ਹੈ ਕਿ ਇਹ ਸਾਡੇ ਲਈ ਸਹਾਰਾ ਬਣ ਜਾਣਗੀਆਂ। ਇਨ੍ਹਾਂ ਕੋਠੀਆਂ 'ਤੇ ਛੱਤਾਂ ਨਾ ਹੋਣ ਕਰਕੇ ਇਹ ਵੀ ਪੈਸੇ ਮੰਗਦੀਆਂ ਸਨ। ਇੱਕ ਦਿਨ ਭਗਤ ਜੀ ਸ਼ਾਮ ਦੇ ਵਕਤ ਸਾਰੀ ਦਿਹਾੜੀ ਦੇ ਰੁਝੇਵਿਆਂ ਤੋਂ ਵਿਹਲੇ ਹੋ ਕੇ ਆਏ ਤਾਂ ਅਚਾਨਕ ਬੱਦਲਾਂ ਦੀ ਗੜ ਗੜਾਹਟ ਤੇ ਬਿਜਲੀ ਦੀ ਲਿਸ਼ਕ ਨੇ ਭਗਤ ਜੀ ਦਾ ਧਿਆਨ ਕੋਠੀਆਂ ਦੀ ਛੱਤ ਵੱਲ ਕਰ ਦਿੱਤਾ। ਭਗਤ ਜੀ ਨੂੰ ਅਹਿਸਾਸ ਹੋਇਆ ਕਿ ਇਹ ਗ਼ਰੀਬ ਤਾਂ ਇਸ ਵਰਖਾ ਵਿੱਚ ਬਹੁਤ ਸੰਕਟ ਦਾ ਸਾਹਮਣਾ ਕਰਨਗੇ। ਮੈਂ ਇਨ੍ਹਾਂ ਦੀ ਜ਼ਿੰਮੇਵਾਰੀ ਚੁੱਕੀ ਹੋਈ ਹੈ ਤਾਂ ਮੈਨੂੰ ਇਨ੍ਹਾਂ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਮੈਨੂੰ ਤਾਂ ਇਨ੍ਹਾਂ ਦੀ ਮੌਤ ਤੋਂ ਪਹਿਲਾਂ ਆਪਣੀ ਮੌਤ ਕਬੂਲ ਕਰ



ਲੈਣੀ ਚਾਹੀਦੀ ਹੈ। ਭਗਤ ਜੀ ਨੇ ਸੋਚ ਵਿਚਾਰ ਕਰਕੇ ਲਾਲਾ ਦੇਸ ਰਾਜ ਜੀ ਨੂੰ ਸੱਦਿਆ। ਇਹ ਲਾਲਾ ਦੇਸ ਰਾਜ ਭਗਤ ਜੀ ਨੂੰ ਰਫ਼ਿਊਜੀ ਕੈਂਪ ਦੀ ਸੇਵਾ ਵੇਲੇ ਮਿਲਿਆ ਸੀ ਤੇ ਮਗਰੋਂ ਭਗਤ ਜੀ ਕੋਲ ਫਿਰ ਆ ਗਿਆ ਸੀ। ਭਗਤ ਪੂਰਨ ਸਿੰਘ ਨੇ ਦੇਸ ਰਾਜ ਨੂੰ ਕਿਹਾ ਕਿ ਮੈਂ ਮਰਨ ਵਰਤ ਰੱਖ ਲੈਣਾ ਹੈ। ਮੈਂ ਇਹ ਵਰਤ ਉਸ ਵਕਤ ਹੀ ਖੋਹਲਣਾ ਹੈ ਜਦੋਂ ਕੋਈ ਇਨ੍ਹਾਂ ਕੋਠੀਆਂ ਨੂੰ ਛੱਤ ਪੁਆਉਣੀ ਮੰਨ ਜਾਵੇਗਾ। ਦੇਸ ਰਾਜ ਨੇ ਸੋਚਿਆ ਕਿ ਕਿਹੜਾ ਅਜਿਹਾ ਪੁਰਖ ਹੈ ਜਿਹੜਾ ਇਨ੍ਹਾਂ ਕੋਠੀਆਂ ਦੀ ਛੱਤ ਪੁਆ ਸਕਦਾ ਹੈ। ਦੇਸ ਰਾਜ ਸੋਚ ਕੇ ਸੁਰਜੀਤ ਸਿੰਘ ਮਜੀਠੀਏ ਕੋਲ ਚਲੇ ਗਏ। ਉਨ੍ਹਾਂ ਨੇ ਸਾਰੀ ਗੱਲ ਬੜੇ ਪਿਆਰ ਨਾਲ ਸੁਣੀ ਤੇ ਕਿਹਾ ਕਿ ਠੀਕ ਹੈ ਮੈਂ ਇਹ ਛੱਤ ਪੁਆ ਦਿਆਂਗਾ।

ਛੱਤ ਦੀ ਤੇ ਹੋਰ ਮੁਰੰਮਤ ਦੀ ਗੱਲ ਕਰਨੀ ਹੀ ਸੀ ਕਿ ਇਸ ਦੇ ਦੌਰਾਨ ਹੀ ਡੀ. ਸੀ. ਸਾਹਿਬ ਆ ਗਏ ਤੇ ਕਹਿਣ ਲੱਗੇ ਕਿ ਭਗਤ ਜੀ ਤੁਸੀਂ ਇੱਥੇ ਕਬਜ਼ਾ ਨਾਜਾਇਜ਼ ਕੀਤਾ ਹੈ। ਇੱਥੇ ਤਾਂ ਰੈੱਡ-ਕਰਾਸ ਵਾਰਡ ਬਣਨਾ ਹੈ, ਸੋ ਤੁਹਾਨੂੰ ਇਹ ਥਾਂ ਖ਼ਾਲੀ ਕਰਨੀ ਪਵੇਗੀ। ਭਗਤ ਜੀ ਨੇ ਇਹ ਸੁਣ ਕੇ ਕਿਹਾ ਕਿ ਡੀ. ਸੀ. ਸਾਹਿਬ ਸਾਨੂੰ ਥਾਂ ਨਾਲ ਵਾਸਤਾ ਨਹੀਂ ਸਗੋਂ ਸਾਨੂੰ ਆਪਣੇ ਪਰਿਵਾਰ ਦੇ ਨਿਵਾਸ ਨਾਲ ਵਾਸਤਾ ਹੈ। ਜੇਕਰ ਤੁਹਾਨੂੰ ਇਹ ਥਾਂ ਚਾਹੀਦੀ ਹੈ ਤਾਂ ਸਾਡਾ ਕਿੱਧਰੇ ਹੋਰ ਪ੍ਰਬੰਧ ਕਰ ਦਿਓ, ਪਰ ਇਹ ਚੇਤਾ ਰੱਖਣਾ ਕਿ ਜਦੋਂ ਤਕ ਮੇਰੇ ਇਸ ਪਰਿਵਾਰ ਦਾ ਕੋਈ ਵਸੀਲਾ ਨਹੀਂ ਬਣਦਾ ਉਦੋਂ ਤਕ ਮੈਂ ਇਹ ਥਾਂ ਨਹੀਂ ਛੱਡਣੀ। ਡੀ. ਸੀ. ਨੇ ਕਿਹਾ ਕਿ ਹਾਂ ਭਗਤ ਜੀ ਤੁਹਾਨੂੰ ਇੱਥੋਂ ਦੀਆਂ ਕੋਠੀਆਂ ਤੋਂ ਵਧੀਆ ਪ੍ਰਬੰਧ ਕਰਕੇ ਦਿੱਤਾ ਹੈ। ਤੁਹਾਡੇ ਲਈ ਰਫ਼ਿਊਜੀਆਂ ਦੇ ਕੋਲੋਂ ਇੰਦਰ ਪੈਲਸ ਖ਼ਾਲੀ ਕਰਵਾਇਆ ਹੈ। ਤੁਸੀਂ ਆਪਣੇ ਇਨ੍ਹਾਂ ਅਪਾਹਿਜ ਲੋਕਾਂ ਦੇ ਨਾਲ ਉੱਥੇ ਤਬਦੀਲ ਹੋ ਜਾਵੋ। ਭਗਤ ਜੀ ਨੂੰ ਇਹ ਵਿਚਾਰ ਚੰਗੀ ਲੱਗੀ। ਉਹ ਆਪਣੇ ਇਨ੍ਹਾਂ ਦੁਖਿਆਰਿਆਂ ਨੂੰ ਲੈ ਕੇ ਇੰਦਰ ਪੈਲਿਸ ਸਿਨੇਮੇ ਵਿੱਚ ਆ ਗਏ। {ਪ੍ਰਿੰ: ਨਰਿੰਦਰ ਸਿੰਘ ਸੋਚ, ਭਗਤ ਜੀ ਦੀ ਸਫਲ ਭਈ ਯਾਤਰਾ, ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ। (੨੦੧੫), ਪੰਨਾ ੪੧}।

### ਭਗਤ ਜੀ ਦੇ ਕਿਰਦਾਰ ਦਾ ਸਿਖਰ

ਇਨ੍ਹਾਂ ਕੋਠੀਆਂ ਵਿੱਚ ਰਹਿੰਦਿਆਂ ਹੋਇਆਂ ਹੀ ਭਗਤ ਜੀ ਨੇ ਬਾਕੀ ਅਪਾਹਿਜਾਂ ਲਈ ਝੁੱਗੀਆਂ ਬਣਾ ਦਿੱਤੀਆਂ ਸਨ ਪਰ ਆਪ ਇੱਕ ਬਿਨਾਂ ਛੱਤ ਵਾਲੇ ਕਮਰੇ ਵਿੱਚ ਸੌਂ ਜਾਂਦੇ ਸਨ। ਇਸ ਦੌਰਾਨ ਭਗਤ ਜੀ ਲਈ ਇੱਕ ਹੋਰ ਬਹੁਤ ਖ਼ਤਰਨਾਕ ਪ੍ਰੀਖਿਆ ਪੈ ਗਈ। ਇਨ੍ਹਾਂ ਨਿਕਾਸੀ ਕੋਠੀਆਂ ਦੇ ਨਿਵਾਸ ਵੇਲੇ ਇੱਕ ਬੀਬੀ ਸਾਫ਼ ਸਫ਼ਾਈ ਦਾ ਕੰਮ ਕਰਨ ਆ ਜਾਂਦੀ ਸੀ। ਸਵੇਰ ਦਾ ਵਕਤ ਸੀ। ਬੀਬੀ ਨੇ ਭਗਤ ਜੀ ਕੋਲੋਂ ਆਗਿਆ ਮੰਗੀ ਕਿ ਮੈਂ ਇੱਥੇ ਝਾੜੂ ਦੇ ਦਿਆ ਕਰਾਂਗੀ। ਭਗਤ ਜੀ ਨੇ ਸੰਖੇਪ ਜਿਹੇ ਸ਼ਬਦਾਂ ਵਿੱਚ ਸੇਵਾ ਕਰਨ ਦੀ ਆਗਿਆ

ਦੇ ਦਿੱਤੀ। ਬੀਬੀ ਦੀ ਉਮਰ ਹਾਲੇ ਭਰ ਜੁਆਨੀ ਪਹਿਰੇ ਦੀ ਸੀ। ਕੁਝ ਦਿਨਾਂ ਬਾਅਦ ਉਹ ਵਕਤ ਦੇਖ ਕੇ ਭਗਤ ਜੀ ਕੋਲ ਬੈਠ ਗਈ ਤੇ ਕਹਿਣ ਲੱਗੀ ਕਿ ਭਗਤ ਜੀ ਤੁਸੀਂ ਇਨ੍ਹਾਂ ਗ਼ਰੀਬ ਅਨਾਥਾਂ ਦੀ ਗੱਲ ਸੁਣਦੇ ਹੋ ਤੇ ਮੇਰੀ ਵੀ ਇੱਕ ਪੁਕਾਰ ਸੁਣ ਲਵੋ। ਭਗਤ ਜੀ ਨੇ ਸੋਚਿਆ ਕਿ ਜਿਵੇਂ ਪਹਿਲਾਂ ਵੀ ਕਈ ਦੁਖੀ ਲੜਕੀਆਂ ਆਈਆਂ ਸਨ ਤੇ ਸ਼ਾਇਦ ਇਸ ਲੜਕੀ ਨੂੰ ਵੀ ਕੋਈ ਦੁੱਖ ਤਕਲੀਫ਼ ਹੋਵੇਗਾ। ਭਗਤ ਜੀ ਨੇ ਪਾਕ ਭਾਵਨਾ ਨਾਲ ਕਿਹਾ ਕਿ ਤੁਹਾਨੂੰ ਕੀ ਮੁਸ਼ਕਲ ਹੈ? ਬੀਬੀ ਨੇ ਬੜੀ ਭਾਵਕ ਜਿਹੀ ਹੋ ਕੇ ਕਿਹਾ ਕਿ ਭਗਤ ਜੀ ਮੇਰਾ ਪਤੀ ਬਹੁਤ ਉਦਾਸ ਰਹਿੰਦਾ ਹੈ। ਤੁਸੀਂ ਵੀ ਸ਼ਾਦੀ ਨਹੀਂ ਕਰਵਾਈ ਹੋਈ ਇਸ ਕਰਕੇ ਮੈਂ ਇੱਥੇ ਸੇਵਾ ਕਰਦੀ ਰਹਾਂਗੀ ਤੇ ਤੁਹਾਡੀ ਨੇੜਤਾ ਨਾਲ ਮੇਰੀ ਕੁੱਖ ਭਰ ਸਕਦੀ ਹੈ। ਇਹ ਗੱਲ ਵਿਚਾਰਨ ਯੋਗ ਹੈ ਕਿ ਜਿਸ ਦਰਖ਼ਤ ਦੀਆਂ ਜੜ੍ਹਾਂ ਡੂੰਘੀਆਂ ਹੋਣ ਤਾਂ ਉਸ ਨੂੰ ਹਵਾ ਤੇ ਹਨੇਰੀਆਂ ਝੱਖੜ ਕਦੇ ਡੁਲ੍ਹਾ ਨਹੀਂ ਸਕਦੇ। ਅਜਿਹੇ ਭੁਚਾਲ ਜਾਂ ਵਿਕਾਰੀ ਹਨੇਰੀਆਂ ਦੀ ਉਮਰ ਲੰਮੀ ਨਹੀਂ ਹੁੰਦੀ। ਭਗਤ ਜੀ ਦਾ ਤਾਂ ਨਿੱਕੀ ਉਮਰ ਤੋਂ ਹੀ ਗੁਰੂ ਘਰ ਨਾਲ ਸੰਬੰਧ ਸੀ। ਇਸ ਕਰਕੇ ਭਗਤ ਜੀ ਉੱਚੀ-ਉੱਚੀ ਰੌਲਾ ਪਾਉਣ ਲੱਗ ਪਏ—"**ਧੰਨ ਭਾਈ ਮਨੀ ਸਿੰਘ ਸ਼ਹੀਦ ਭਾਈ ਮਨੀ ਸਿੰਘ, ਸ਼ਹੀਦ! ਬਾਬਾ ਦੀਪ ਸਿੰਘ ਜੀ ਮੈਨੂੰ ਇਸ ਤੁਫ਼ਾਨ ਤੋਂ ਬਚਾ ਲਵੋ ਜੀ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮੈਨੂੰ ਆਪਣਾ ਆਸਰਾ ਦਿਓ ਜੀ।**" ਬੀਬੀ ਭਗਤ ਜੀ ਦਾ ਭਗਤੀ ਵਾਲਾ ਜੋਸ਼ ਦੇਖ ਕੇ ਡਰਦੀ ਹੋਈ ਚਲੀ ਗਈ।

**ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ॥**
**ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ॥ {ਅੰ:੩੦੦}**

ਵਿਕਾਰਾਂ ਦੇ ਬੰਧਨਾਂ ਤੋਂ ਮੁਕਤੀ ਹਾਸਲ ਕਰਨਾ ਕਿਸੇ ਸੂਰਬੀਰ ਦਾ ਕੰਮ ਹੀ ਹੁੰਦਾ ਹੈ। ਸਤਿਗੁਰੂ ਜੀ ਨੇ ਅਜਿਹੇ ਪੁਰਖ ਨੂੰ ਵੀ ਸੂਰਾ ਕਿਹਾ ਹੈ। ਇਹ ਨੈਤਿਕਤਾ ਦੀ ਬਹਾਦਰੀ ਹੁੰਦੀ ਹੈ। ਇਸ ਵਿੱਚ ਸਹੀ ਕੰਮ ਕਰਨੇ, ਸਹੀ ਵਿਚਾਰ ਦੇਣੇ, ਆਪਣੇ ਕਿਰਦਾਰ ਨੂੰ ਉੱਚਾ ਤੇ ਸੁੱਚਾ ਰੱਖਣਾ ਹੁੰਦਾ ਹੈ। ਇਸ ਦੇ ਨਾਲ ਹੀ ਇਸ ਵਿੱਚ ਸ਼ਰਮਿੰਦਗੀ, ਵਿਰੋਧਤਾ, ਦੂਜਿਆਂ ਦੀ ਅਸਹਿਮਤੀ ਦਾ ਖ਼ਤਰਾ ਵੀ ਸ਼ਾਮਲ ਹੁੰਦਾ ਹੈ। ਨੈਤਿਕ ਸੂਰਬੀਰਤਾ ਉਸ ਵਕਤ ਸਿੱਧ ਹੁੰਦੀ ਹੈ ਜਦੋਂ ਵਿਅਕਤੀ ਦੀ ਕਰਨੀ ਤੇ ਕਥਨੀ ਇੱਕ ਹੋ ਜਾਂਦੀ ਹੈ। ਉਸ ਵਿੱਚ ਉਸ ਦੇ ਉੱਚ-ਆਦਰਸ਼ਾਂ ਤੋਂ ਦੁਨਿਆਵੀ ਕਦਰਾਂ ਕੀਮਤਾਂ ਦੀ ਝਲਕ ਪਵੇ। ਇਨ੍ਹਾਂ ਕੀਮਤਾਂ ਦੇ ਪੁੰਜ ਭਗਤ ਪੂਰਨ ਸਿੰਘ ਜੀ ਸਿਰਮੌਰ ਹਸਤੀ ਹਨ।ਉਹ ਉਸ ਸੂਰਮੇ ਦੇ ਬਰਾਬਰ ਹਨ ਜੋ ਅੱਤਿਆਚਾਰ, ਜ਼ੁਲਮ, ਅਨਿਆਂ ਵਿਰੁੱਧ ਲੜਦਾ ਹੈ ਤੇ ਸ਼ਹਾਦਤ ਦਾ ਜਾਮ ਪੀਂਦਾ ਹੈ। ਸੂਰਮੇ ਦੀ ਬਹਾਦਰੀ ਨਿਰੋਲ ਸਰੀਰਕ, ਅਧਿਆਤਮਕ, ਸਮਾਜਿਕ, ਰਾਜਨੀਤਕ ਤਾਕਤ ਹੀ ਨਹੀਂ ਹੁੰਦੀ ਸਗੋਂ ਨੈਤਿਕ ਤਾਕਤ ਵੀ ਸੂਰਮੇ ਦੀ ਪਵਿੱਤਰ ਭਾਵਨਾ ਹੈ, ਜਿਸ ਦੇ ਧਾਰਨੀ ਭਗਤ ਪੂਰਨ



ਸਿੰਘ ਸਨ, ਜਿਨ੍ਹਾਂ ਦੇ ਕਾਰਨਾਮੇ ਕਿਸੇ ਜੁਝਾਰੂ ਸੂਰਮੇ ਤੋਂ ਰੱਤੀ ਵੀ ਘੱਟ ਨਹੀਂ ਸਨ। {ਡਾ: ਸ਼ੁਭ ਕਰਨ ਸਿੰਘ, ਰਿਸਰਚ ਸਕਾਲਰ, ਭਗਤ ਪੂਰਨ ਸਿੰਘ ਜੀ ਦੀ ਨੈਤਿਕ ਬਹਾਦਰੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ}।

## ਕੋਠੀਆਂ ਤੋਂ ਇੰਦਰ ਪੈਲਿਸ

ਡੀ. ਸੀ. ਦੇ ਕਹਿਣ 'ਤੇ ਭਗਤ ਜੀ ਆਪਣੇ ਪਰਿਵਾਰ ਨੂੰ ਇੰਦਰ ਪੈਲਿਸ ਲੈ ਗਏ ਸਨ। ਇਹ ਪਰਿਵਾਰ ਵੀ ਚੋਖਾ ਵਧ ਫੁੱਲ ਗਿਆ ਸੀ ਤੇ ਹੁਣ ਇਸ ਪਰਿਵਾਰ ਵਿੱਚ ਨੱਬੇ ਦੇ ਕਰੀਬ ਮਰੀਜ਼ ਸਨ। ਇਸ ਸਿਨਮੇ ਦੀ ਇਮਾਰਤ ਨੂੰ ਕਿਸੇ ਵੇਲੇ ਇਸ ਦੇ ਮਾਲਕ ਫਿਰੋਜ਼ਦੀਨ ਨੇ ਬੜੀਆਂ ਆਸਾਂ ਉਮੀਦਾਂ ਨਾਲ ਬਣਾਇਆ ਸੀ, ਪਰ ਉਹ ਦੇਸ਼ ਦੀ ਵੰਡ ਦੀਆਂ ਗੱਲਾਂ ਸੁਣ ਕੇ ਡਰਦਾ ਹੋਇਆ ਪਹਿਲਾਂ ਹੀ ਆਪਣੀ ਚੱਲ ਅਚੱਲ ਜਾਇਦਾਦ ਨੂੰ ਛੱਡ ਕੇ ਪਾਕਿਸਤਾਨ ਚਲਾ ਗਿਆ ਸੀ।

{ਹਰੀਸ਼ ਢਿੱਲੋਂ, ਪੰਜਾਬੀ ਅਨੁ: ਦਲੀਪ ਸਿੰਘ ਉੱਪਲ, ਨਿਥਾਵਿਆਂ ਦੇ ਥਾਵ, ਪੰਜਾਬੀ ਯੂਨੀਵਰਸਿਟੀ ਪਟਿਆਲਾ। (੨੦੧੨), ਪੰਨਾ ੫੩}।

ਜਦੋਂ ਦੋਨੇ ਪਾਸੇ ਦੇ ਵੰਡ ਵੰਡਾਰੇ ਹੋ ਗਏ ਸਨ ਤਾਂ ਮਗਰੋਂ ਜਾ ਕੇ ਸਿਨਮੇ ਦੇ ਮਾਲਕ ਨੇ ਇਸ ਨੂੰ ਵੇਚਣ 'ਤੇ ਲਾ ਦਿੱਤਾ ਸੀ। ਇਸ ਸਿਨਮੇ ਦੀ ਬੋਲੀ ਦੋ ਵਾਰੀ ਹੋਈ ਸੀ। ਪਹਿਲੀ ਵਾਰੀ ਬੋਲੀ ਕੇਵਲ ਪੈਂਤੀ ਹਜ਼ਾਰ ਵਿੱਚ ਹੋਈ ਸੀ ਤੇ ਬੋਲੀ ਦੇਣ ਵਾਲਾ ਲੁਧਿਆਣੇ ਦਾ ਥਾਪਰ ਨਾਮ ਦਾ ਬੰਦਾ ਸੀ। ਸਿਨਮੇ ਦੇ ਮਾਲਕ ਤੇ ਥਾਪਰ ਦੇ ਵਿਚਕਾਰ ਇਹ ਫ਼ੈਸਲਾ ਹੋਇਆ ਸੀ ਕਿ ਥਾਪਰ ਪਹਿਲਾਂ ਦਸ ਹਜ਼ਾਰ ਰੁਪਏ ਦੇਵੇਗਾ ਤੇ ਬਾਕੀ ਦੀ ਰਕਮ ਉਸ ਵਕਤ ਦਿੱਤੀ ਜਾਵੇਗੀ, ਜਦੋਂ ਮਾਲਕ ਇਸ ਨੂੰ ਖ਼ਾਲੀ ਕਰਵਾ ਕੇ ਦੇਵੇਗਾ ਤੇ ਥਾਪਰ ਦਾ ਮੁਕੰਮਲ ਕਬਜ਼ਾ ਹੋ ਜਾਵੇਗਾ। ਇਹ ਪ੍ਰਬੰਧ ਹਾਲੇ ਕਰਨਾ ਹੀ ਸੀ ਕਿ ਅਚਾਨਕ ਹੀ ਥਾਪਰ ਇਸ ਸਿਨਮੇ ਨੂੰ ਫਿਰ ਦੁਬਾਰਾ ਦੇਖਣ ਆ ਗਿਆ। ਥਾਪਰ ਦਾ ਭਗਤ ਜੀ ਨਾਲ ਮਿਲਾਪ ਵੀ ਹੋ ਗਿਆ। ਭਗਤ ਜੀ ਨੇ ਥਾਪਰ ਨੂੰ ਸਿੱਧੇ ਸ਼ਬਦਾਂ ਵਿੱਚ ਕਹਿ ਦਿੱਤਾ ਸੀ ਕਿ ਭਲਿਆ ਇੱਕ ਗੱਲ ਚੇਤਾ ਰੱਖਣਾ ਕਿ ਮੇਰੇ ਕੋਲ ਨੱਬੇ ਮਰੀਜ਼ ਹਨ।ਇਨ੍ਹਾਂ ਨੂੰ ਲੈ ਕੇ ਮੈਂ ਕਾਫ਼ੀ ਭਟਕਿਆ ਹਾਂ ਤੇ ਹੁਣ ਮੈਂ ਇਹ ਇਮਾਰਤ ਖ਼ਾਲੀ ਨਹੀਂ ਕਰਨੀ। ਇਸ ਸਿਨਮੇ ਦੀ ਇਮਾਰਤ ਨੂੰ ਸਾਨੂੰ ਦਿੱਤਾ ਵੀ ਡੀ. ਸੀ. ਨੇ ਹੈ। ਸੋ ਸਾਨੂੰ ਕੋਈ ਕੱਢ ਨਹੀਂ ਸਕਦਾ। ਇਸ ਕਰਕੇ ਥਾਪਰ ਜੀ ਤੁਸੀਂ ਇਸ ਤੋਂ ਅਗਲੇ ਫ਼ੈਸਲੇ ਸੋਚ ਕੇ ਲੈਣਾ। ਥਾਪਰ ਨੇ ਪਹਿਲਾਂ ਤਾਂ ਕਹਿ ਦਿੱਤਾ ਕਿ ਇਸ ਥਾਂ ਨਾਲ ਡੀ.ਸੀ. ਦਾ ਕੋਈ ਸੰਬੰਧ ਨਹੀਂ ਹੈ। ਇਹ ਤਾਂ ਮੇਰੇ ਤੇ ਇਸ ਸਿਨਮੇ ਦੇ ਮਾਲਕ ਦੀ ਗੱਲ ਹੈ, ਇਸ ਕਰਕੇ ਡੀ. ਸੀ. ਨੂੰ ਇਹ ਥਾਂ ਕਿਸੇ ਨੂੰ ਦੇਣ ਦਾ ਅਧਿਕਾਰ ਨਹੀਂ ਹੈ। ਉਸ ਵੱਲੋਂ ਅਦਾਲਤ ਵਿੱਚ ਕੇਸ ਵੀ ਕੀਤਾ ਗਿਆ, ਪਰ

ਅਦਾਲਤ ਨੇ ਦੋ ਸਾਲ ਦਾ ਸਮਾਂ ਇਸ ਸਿਨਮੇ ਦੀ ਇਮਾਰਤ ਨੂੰ ਖ਼ਾਲੀ ਕਰਨ ਦਾ ਦੇ ਦਿੱਤਾ। ਥਾਪਰ ਨੇ ਵੀ ਸੋਚ ਲਿਆ ਕਿ ਨਾ ਤਾਂ ਮੇਰੇ ਕੋਲ ਅਜਿਹਾ ਵਕਤ ਹੈ ਕਿ ਮੈਂ ਥਾਣੇ ਕਚਹਿਰੀਆਂ ਵਿੱਚ ਜਾ ਸਕਾਂ, ਦੂਜਾ ਮੈਂ ਇਨ੍ਹਾਂ ਦੁਖਿਆਰੇ ਲੋਕਾਂ ਜਾਂ ਭਗਤ ਜੀ ਵਰਗੇ ਦਰਵੇਸ਼ ਨਾਲ ਮੱਥਾ ਨਹੀਂ ਲਾਉਣਾ ਚਾਹੁੰਦਾ। ਇਸ ਕਰਕੇ ਥਾਪਰ ਇਸ ਨੂੰ ਛੱਡ ਗਿਆ। ਉਸ ਨੇ ਸੋਚ ਵਿਚਾਰ ਕਰਕੇ ਆਪਣਾ ਫ਼ੈਸਲਾ ਵਾਪਸ ਲੈ ਲਿਆ ਸੀ।' {ਪ੍ਰਿੰ: ਨਰਿੰਦਰ ਸਿੰਘ ਸੋਚ, ਭਗਤ ਜੀ ਦੀ ਸਫਲ ਭਈ ਯਾਤਰਾ, ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ। (੨੦੧੫), ਪੰਨਾ ੪੩}।

ਸਿਨਮੇ ਦੀ ਬੋਲੀ ਦੀ ਸਾਰੀ ਗੱਲ ਭਗਤ ਜੀ ਨੂੰ ਪਤਾ ਸੀ। ਉਨ੍ਹਾਂ ਨੇ ਇਹ ਥਾਂ ਖ਼ਰੀਦਣ ਲਈ ਕਈ ਤਰ੍ਹਾਂ ਦੇ ਯਤਨ ਕੀਤੇ। ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨੇ ਸੰਨ ੧੯੫੬ ਵਿੱਚ ਪਟਿਆਲੇ ਦੇ ਥਾਪਰ ਇੰਜੀਨੀਅਰਿੰਗ ਕਾਲਜ ਦਾ ਉਦਘਾਟਨ ਕਰਨ ਆਉਣਾ ਸੀ। ਉਸ ਦੇ ਨਾਲ ਹੀ ਕਰਮ ਚੰਦ ਥਾਪਰ ਨੇ ਵੀ ਆਉਣਾ ਸੀ ਜਿਹੜੇ ਕਿ ਭਾਰਤੀ ਲੋਕਾਂ ਵਿੱਚੋਂ ਗਿਣੇ ਚੁਣੇ ਅਮੀਰਾਂ ਵਿੱਚੋਂ ਇੱਕ ਸਨ। ਇਨ੍ਹਾਂ ਨੇ ਹੀ ਇਹ ਕਾਲਜ ਬਣਵਾਇਆ ਸੀ। ਭਗਤ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਇਹ ਆਸ ਰੱਖੀ ਕਿ ਸ਼ਾਇਦ ਅਜਿਹਾ ਬੰਦਾ ਕੋਈ ਨਿੱਤਰ ਸਕਦਾ ਹੈ ਜਿਹੜਾ ਸਾਨੂੰ ਇਹ ਇਮਾਰਤ ਖ਼ਰੀਦ ਦੇਵੇ। ਇਸ ਕਰਕੇ ਭਗਤ ਪੂਰਨ ਸਿੰਘ ਪਟਿਆਲੇ ਪਹੁੰਚ ਗਏ। ਇੱਥੇ ਕਿਸੇ ਨੇ ਵੀ ਭਗਤ ਜੀ ਨੂੰ ਪੈਸਾ ਤਾਂ ਕੀ ਦੇਣਾ ਸੀ ਸਗੋਂ ਉਨ੍ਹਾਂ ਵਿੱਚੋਂ ਕਿਸੇ ਨੇ ਗੱਲ ਵੀ ਧਿਆਨ ਨਾਲ ਨਹੀਂ ਸੁਣੀ।

ਇੱਕ ਅੰਮ੍ਰਿਤਸਰ ਸਾਹਿਬ ਦੇ ਵਿੱਚ ਹੀ ਬਹੁਤ ਵੱਡਾ ਅਮੀਰ ਬੰਦਾ ਰਹਿੰਦਾ ਸੀ। ਇਸ ਦੇ ਦਾਨ ਦੀ ਵੀ ਕਾਫ਼ੀ ਚਰਚਾ ਲੋਕਾਂ ਵਿੱਚ ਰਹਿੰਦੀ ਸੀ। ਇੱਕ ਵਾਰੀ ਜਵਾਹਰ ਲਾਲ ਨਹਿਰੂ ਨੇ ਅੰਮ੍ਰਿਤਸਰ ਸਾਹਿਬ ਦਾ ਦੌਰਾ ਕਰਨਾ ਸੀ। ਇਸ ਅਮੀਰ ਬੰਦੇ ਨੇ ਇਹ ਐਲਾਨ ਕਰ ਦਿੱਤਾ ਕਿ ਜੇਕਰ ਜਹਾਵਰ ਲਾਲ ਨਹਿਰੂ ਮੇਰੇ ਘਰ ਪ੍ਰਸ਼ਾਦਾ ਛਕ ਲੈਣ ਤਾਂ ਮੈਂ ਇੱਕ ਲੱਖ ਰੁਪਈਆ ਦੇ ਦਿਆਂਗਾ। ਜਵਾਹਰ ਲਾਲ ਨੇ ਉਸ ਦੇ ਘਰ ਪ੍ਰਸ਼ਾਦਾ ਛਕ ਲਿਆ ਸੀ ਤੇ ਉਸ ਅਮੀਰ ਬੰਦੇ ਨੇ ਇੱਕ ਲੱਖ ਰੁਪਈਆ ਉਸ ਨੂੰ ਦੇ ਵੀ ਦਿੱਤਾ ਸੀ। ਭਗਤ ਪੂਰਨ ਸਿੰਘ ਇਨ੍ਹਾਂ ਅਪਾਹਿਜ ਲੋਕਾਂ ਦੀ ਵੇਦਨਾ ਦਾ ਦਰਦ ਉਨ੍ਹਾਂ ਨੂੰ ਵੀ ਦੱਸਣ ਗਏ। ਗ਼ਰੀਬ ਅਨਾਥ ਲੋਕਾਂ ਲਈ ਪਿੰਗਲਵਾੜਾ ਬਣਾਉਣ ਲਈ ਬੇਨਤੀ ਕੀਤੀ, ਪਰ ਉਸ ਦਾਨੀ ਪੁਰਖ ਨੇ ਵੀ ਭਗਤ ਜੀ ਦੀ ਇੱਕ ਵੀ ਗੱਲ ਨਹੀਂ ਸੁਣੀ।

ਬੋਇਆ ਹੋਇਆ ਬੀਜ ਕਦੇ ਨਾ ਕਦੇ ਪੁੰਗਰ ਹੀ ਪੈਂਦਾ ਹੈ।ਭਗਤ ਪੂਰਨ ਸਿੰਘ ਜਦੋਂ ਮਾਂ ਦੇ ਪੇਟ ਵਿੱਚ ਸਨ ਤਾਂ ਮਾਤਾ ਮਹਿਤਾਬ ਕੌਰ ਤੇ ਲਾਲਾ ਸ਼ਿੱਬੂ ਮੱਲ ਦਰਬਾਰ ਸਾਹਿਬ ਆਏ ਸਨ। ਮਾਂ ਨੇ ਆਪਣੇ ਪੁੱਤਰ ਲਈ ਅਸੀਸਾਂ ਲੈਣ ਲਈ, ਅਰਦਾਸਾਂ ਵੀ ਕੀਤੀਆਂ ਸਨ। ਭਗਤ ਜੀ ਆਪ ਵੀ ਮੰਦਰ ਤੇ ਗੁਰਦੁਆਰਾ ਸਾਹਿਬ ਦਾ ਅੰਤਰ ਦੇਖ ਚੁੱਕੇ ਸਨ। ਜਦੋਂ ਮੰਦਰ ਵਿੱਚੋਂ ਤਾਂ ਸਾਰੀ



ਦਿਹਾੜੀ ਸੇਵਾ ਕਰਕੇ ਝਿੜਕਾਂ ਹੀ ਮਿਲੀਆਂ ਸਨ ਪਰ ਗੁਰੂ ਘਰ ਵਿੱਚ ਬਿਨਾਂ ਸੇਵਾ ਕਰਿਆਂ ਵੀ ਵੰਨ-ਸੁਵੰਨੇ ਪਦਾਰਥ ਮਿਲਦੇ ਸਨ। ਤੀਜਾ ਫ਼ਤਹਿਗੜ੍ਹ ਸਾਹਿਬ ਵਿਖੇ ਵੀ ਸਿੱਖੀ ਦੀ ਤਸਵੀਰ ਦੇਖ ਚੁੱਕੇ ਸਨ। ਜਦੋਂ ਭਗਤ ਜੀ ਨੇ ਮਹਾਰਾਜਾ ਭੁਪਿੰਦਰ ਸਿੰਘ ਨੂੰ ਨਿਰਮਾਣਤਾ ਨਾਲ ਸੇਵਾ ਕਰਦਿਆਂ ਤੱਕਿਆ ਸੀ ਤੇ ਉਸ ਦੇ ਅੰਗ ਰੱਖਿਅਕ ਦੀ ਖ਼ੂਬਸੂਰਤੀ ਨੇ ਭਗਤ ਜੀ ਦੇ ਮਨ ਵਿੱਚ ਸਿੱਖੀ ਵਾਲੀ ਸ਼ਕਲ ਸੂਰਤ ਬਣਾਉਣ ਦੀ ਲਾਲਸਾ ਪੈਦਾ ਕਰ ਦਿੱਤੀ ਸੀ। ਸੋ ਭਗਤ ਜੀ ਦੇ ਮਨ ਵਿੱਚ ਇਹ ਖ਼ਿਆਲ ਵੀ ਗੁਰੂ ਸਾਹਿਬ ਜੀ ਦੀ ਕਿਰਪਾ ਦਾ ਸਦਕਾ ਆ ਗਿਆ ਕਿ ਥਾਂ ਥਾਂ 'ਤੇ ਆਪਣੀ ਵੇਦਨਾ ਨੂੰ ਬਿਆਨ ਕਰਨ ਦੀ ਥਾਂ 'ਤੇ ਗੁਰੂ ਸਾਹਿਬ ਜੀ ਦਾ ਘਰ ਚੁਣ ਲੈਣਾ ਚਾਹੀਦਾ ਹੈ। ਉਹ ਦਰਬਾਰ ਸਾਹਿਬ ਜੀ ਦੇ ਦਰ 'ਤੇ ਆ ਕੇ ਬੈਠ ਗਏ ਤੇ ਜ਼ਿੰਦਗੀ ਭਰ ਇਸ ਦਰ ਦਾ ਹੀ ਆਸਰਾ ਤੱਕਦੇ ਰਹੇ। ਉਨ੍ਹਾਂ ਨੂੰ ਗੁਰਬਾਣੀ 'ਤੇ ਪੂਰਨ ਭਰੋਸਾ ਸੀ।

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ**
**ਅਰਦਾਸਿ॥ ਮੈ ਹੋਰੁ ਥਾਉ ਨਾਹੀ ਜਿਸੁ ਪਹਿ**
**ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥**

{ਅੰਗ ੭੩੫}

### ਸੋ ਦਰੁ

ਇੱਥੇ ਇੱਕ ਵਿਚਾਰ ਧਿਆਨ ਦੇਣ ਵਾਲੀ ਹੈ ਕਿ ਹਰੇਕ ਗੁਰੂ ਕਾ ਸਿੱਖ ਸੋ ਦਰੁ ਦਾ ਪਾਠ ਸਵੇਰੇ ਸ਼ਾਮ ਕਰਦਾ ਹੈ, ਪਰ ਉਹ ਸਿਰਫ਼ ਪੜ੍ਹਦਾ ਹੀ ਹੈ ਸੋ ਦਰੁ 'ਤੇ ਯਕੀਨ ਨਹੀਂ ਕਰਦਾ। ਇਸ ਕਰਕੇ ਹੀ ਦਰ ਦਰ 'ਤੇ ਭਟਕਦਾ ਰਹਿੰਦਾ ਹੈ। ਭਗਤ ਜੀ ਨੇ ਇਹ ਯਕੀਨ ਪੱਕਾ ਕਰ ਲਿਆ ਸੀ। ਇਸ ਕਰਕੇ ਉਨ੍ਹਾਂ ਨੇ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚੋਂ ਇਹ ਮਾਇਆ ਲੈਣੀ ਚਾਹੀ ਸੀ। ਭਗਤ ਜੀ ਨੇ ਬਾਕੀ ਦੀ ਸਾਰੀ ਜ਼ਿੰਦਗੀ ਗੁਰੂ ਸਾਹਿਬ ਜੀ ਦੇ ਦਰਬਾਰ ਸਾਹਿਬ ਦੇ ਬਰਕਤ ਭਰੇ ਪ੍ਰਛਾਵੇਂ ਥੱਲੇ ਹੀ ਗੁਜ਼ਾਰੀ ਸੀ। {ਭਗਤ ਪੂਰਨ ਸਿੰਘ, ਮਾਣਸੁ ਕਿਆ ਵੇਚਾਰਾ ਰਾਮ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੮), ਪੰਨਾ ੮੭}।

'ਭਗਤ ਪੂਰਨ ਸਿੰਘ ਜੀ ਨੂੰ ਨਿੱਕੇ ਹੁੰਦਿਆਂ ਮਾਤਾ ਮਹਿਤਾਬ ਕੌਰ ਕਈ ਵਾਰੀ ਸਾਖੀਆਂ ਜਾਂ ਕਥਾ ਕਹਾਣੀਆਂ ਸੁਣਾਉਂਦੀ ਰਹਿੰਦੀ ਸੀ। ਜਦੋਂ ਵੀ ਭਗਤ ਜੀ ਨੂੰ ਰਾਤ ਸੁਆਉਣ ਲੱਗਦੀ ਤਾਂ ਨਾਲ ਹੀ ਕੋਈ ਨਾ ਕੋਈ ਸਾਖੀ ਸ਼ੁਰੂ ਕਰ ਲੈਂਦੀ ਸੀ। ਸਾਖੀ ਨੂੰ ਸੁਣਦੇ-ਸੁਣਦੇ ਹੀ ਭਗਤ ਪੂਰਨ ਸਿੰਘ ਜੀ ਸੌਂ ਜਾਂਦੇ ਸਨ। ਮਾਤਾ ਮਹਿਤਾਬ ਕੌਰ ਦੀਆਂ ਇਨ੍ਹਾਂ ਸਾਖੀਆਂ ਦਾ ਭਗਤ ਜੀ 'ਤੇ ਅਸਰ ਵੀ ਕਾਫ਼ੀ ਹੁੰਦਾ ਸੀ। ਉਨ੍ਹਾਂ ਨੇ ਦਿਨੇ ਵੀ ਇਨ੍ਹਾਂ ਸਾਖੀਆਂ ਬਾਰੇ ਸੋਚਦੇ ਰਹਿਣਾ। ਮਾਂ ਦੇ ਮਨ ਦੀ ਲਾਲਸਾ ਹੁੰਦੀ ਸੀ ਕਿ ਮੈਂ ਹਰ ਤਰ੍ਹਾਂ ਦੀ ਨੇਕੀ ਆਪਣੇ ਪੁੱਤਰ

ਦੇ ਮਨ ਮੰਦਰ ਵਿੱਚ ਭਰ ਦੇਵਾਂ। ਮਾਂ ਨੇ ਕਈ ਵਾਰੀ ਧਰੂ ਭਗਤ ਦੀ ਸਾਖੀ ਸੁਣਾਉਣੀ ਕਿ ਭਗਤ ਧਰੂ ਦੀ ਭਗਤੀ ਤੋਂ ਰੱਬ ਨੇ ਖ਼ੁਸ਼ ਹੋ ਕੇ ਉਸ ਨੂੰ ਆਪਣੇ ਹੀ ਦਰ ਦਾ ਅਰਦਲੀ ਰੱਖ ਲਿਆ ਸੀ। ਮਾਂ ਨੇ ਕਈ ਵਾਰੀ ਤਾਂ ਆਪਣੀ ਉਂਗਲ ਨਾਲ ਅਕਾਸ਼ ਵੱਲ ਇਸ਼ਾਰਾ ਕਰਕੇ ਦੱਸਣਾ ਕਿ ਔਹ ਦੇਖ! ਧਰੂ ਹਾਲੇ ਵੀ ਰੱਬ ਦਾ ਅਰਦਲੀ ਹੈ। ਭਗਤ ਜੀ ਨੇ ਰਾਤ ਨੂੰ ਉਸ ਤਾਰੇ ਨੂੰ ਦੇਖ ਕੇ ਵਿਚਾਰ ਬਣਾਉਂਦੇ ਰਹਿਣਾ ਕਿ ਮਾਂ ਮੈਂ ਵੀ ਵੱਡਾ ਹੋ ਕੇ ਰੱਬ ਦੇ ਘਰ ਦਾ ਅਰਦਲੀ ਬਣਾਂਗਾ।

ਭਗਤ ਜੀ ਦੇ ਮਨ ਵਿੱਚ ਮਾਂ ਦਾ ਸਾਖੀਆਂ ਰਾਹੀਂ ਬੀਜ ਬੀਜਿਆ ਗਿਆ ਸੀ। ਇਸ ਨੂੰ ਭਗਤ ਜੀ ਦੀਆਂ ਭਾਵਨਾਵਾਂ ਦਾ ਪਾਣੀ ਵੀ ਆਉਂਦਾ ਰਿਹਾ। ਆਖਿਰ ਇੱਕ ਦਿਨ ਅਜਿਹਾ ਆਇਆ ਕਿ ਭਗਤ ਜੀ ਰੱਬ ਦੇ ਦਰ ਦੇ ਸੱਚੇ ਅਰਦਲੀ ਹੀ ਬਣ ਗਏ। ਉਹ ਦਰਬਾਰ ਸਾਹਿਬ ਨੂੰ ਹੀ ਆਪਣਾ ਸਾਰਾ ਕੁਝ ਮੰਨ ਕੇ ਉਸ ਦਰ ’ਤੇ ਹੀ ਭਰੋਸਾ ਕਰਕੇ ਬੈਠ ਗਏ ਸਨ। ਜਦੋਂ ਵੀ ਕੋਈ ਲੋੜ ਹੋਣੀ ਤਾਂ ਇਸ ਦਰ ਦਾ ਹੀ ਆਸਰਾ ਤੱਕਦੇ ਸਨ। ਗੁਰਬਾਣੀ ਪੜ੍ਹ ਸੁਣ ਕੇ ਕਮਾਉਣ ਵਾਲੇ ਅਜਿਹੇ ਹੀ ਮਰਦ ਸੂਰਮੇ ਹੁੰਦੇ ਹਨ। ਇਹੋ ਹੀ ਸੱਚੀ ਭਗਤੀ ਹੈ। ਭਗਤ ਪੂਰਨ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਮੱਥਾ ਹੀ ਨਹੀਂ ਟੇਕਦੇ ਸਨ, ਬਲਕਿ ਮਨੋ ਚਿਤੋਂ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਸਨ। ਉਨ੍ਹਾਂ ਦੇ ਹਰ ਬਚਨ ’ਤੇ ਪੂਰਨ ਭਰੋਸਾ ਕਰਕੇ ਆਪਣੇ ਜੀਵਨ ਦੇ ਅਮਲ ਵਿੱਚ ਲਿਆਉਂਦੇ ਸਨ। ਉਨ੍ਹਾਂ ਨੇ ਸਾਰੀ ਜ਼ਿੰਦਗੀ ਦਰਬਾਰ ਸਾਹਿਬ ਜੀ ਦੀ ਦਹਿਲੀਜ਼ ’ਤੇ ਹੀ ਸਵਰਗ ਮਾਣਿਆ ਸੀ।’ {ਮਿਸ਼ਨਰੀ ਸੇਧਾਂ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ, ਰੋਪੜ, ਜੁਲਾਈ ੨੦੧੭, ਪੰਨਾ ੧੫}।

**ਇੰਦਰ ਪੈਲਿਸ ਦੀ ਦੂਜੀ ਵਾਰ ਬੋਲੀ**

ਇੰਦਰ ਪੈਲਿਸ ਦੀ ਜਦੋਂ ਪਹਿਲੀ ਵਾਰੀ ਬੋਲੀ ਹੋਈ ਸੀ ਤਾਂ ਇਸ ਦੀ ਬੋਲੀ ਦੇਣ ਵਾਲੇ ਥਾਪਰ ਨੇ ਕਈ ਗੱਲਾਂ ਸੋਚ ਵਿਚਾਰ ਕੇ ਇਸ ਬੋਲੀ ਨੂੰ ਕੈਂਸਲ ਕਰ ਦਿੱਤਾ ਸੀ। ਦੂਜੀ ਵਾਰੀ ਫਿਰ ਬੋਲੀ ਹੋਣੀ ਸੀ ਤੇ ਇਹ ਹੋਣੀ ਵੀ ਬਹੁਤ ਮਹਿੰਗੀ ਸੀ, ਕਿਉਂਕਿ ਉਨ੍ਹਾਂ ਸਮਿਆਂ ਵਿੱਚ ਸਿਨਮਿਆਂ ਦੇ ਲਾਇਸੈਂਸ ਬਹੁਤ ਔਖੇ ਮਿਲਦੇ ਸਨ। ਇਸ ਇੰਦਰ ਪੈਲਿਸ ਨੂੰ ਸਿਨੇਮਾ ਚਲਾਉਣ ਦਾ ਲਾਇਸੈਂਸ ਮਿਲਿਆ ਹੋਇਆ ਸੀ। ਇਸ ਕਰਕੇ ਜਦੋਂ ਇਹ ਗੱਲ ਬਾਹਰ ਪ੍ਰਗਟ ਹੋਈ ਤਾਂ ਸਿਨਮੇ ਦੀ ਬੋਲੀ ਹੋਰ ਵੀ ਚੜ੍ਹ ਗਈ।

ਭਗਤ ਜੀ ਨੂੰ ਵੀ ਪਤਾ ਲੱਗ ਗਿਆ ਸੀ ਕਿ ਇਸ ਵਾਰੀ ਬੋਲੀ ਫਿਰ ਹੋਣੀ ਹੈ। ਭਗਤ ਜੀ ਨੇ ਇਹ ਵਿਚਾਰ ਤਾਂ ਪਹਿਲਾਂ ਹੀ ਬਣਾ ਲਿਆ ਸੀ ਕਿ ਮੈਂ ਜਦੋਂ ਵੀ ਕੋਈ ਅਜਿਹੀ ਚੀਜ਼ ਮੰਗਣੀ ਹੈ ਤਾਂ ਕੋਸ਼ਿਸ਼ ਕਰਨੀ ਹੈ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚੋਂ ਹੀ ਮੰਗਾਂ। ਇਸ ਕਰਕੇ ਭਗਤ ਜੀ ਨੇ ਮਨ



ਬਣਾਇਆ ਕਿ ਮੈਨੂੰ ਇਸ ਬਾਰੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਭਗਤ ਜੀ ਨੂੰ ਪਤਾ ਲੱਗਾ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੀ ਮੀਟਿੰਗ ਹੋ ਰਹੀ ਸੀ। ਭਗਤ ਪੂਰਨ ਸਿੰਘ ਜੀ ਮੀਟਿੰਗ ਵਾਲੇ ਸਥਾਨ ’ਤੇ ਪਹੁੰਚ ਗਏ। ਭਗਤ ਜੀ ਨੇ ਗਿਆਨੀ ਹਰਚਰਨ ਸਿੰਘ ਹੁਡਿਆਰਾ ਨੂੰ ਬਾਹਰ ਬੁਲਾ ਕੇ ਸਾਰੀ ਗੱਲਬਾਤ ਕੀਤੀ। ਅੱਗੇ ਗਿਆਨੀ ਜੀ ਨੇ ਮੀਟਿੰਗ ਵਿੱਚ ਜਾ ਕੇ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨਾਲ ਸਾਰੀ ਗੱਲਬਾਤ ਕੀਤੀ। ਭਗਤ ਜੀ ਦੀ ਇਹ ਮਨਸ਼ਾ ਹੈ ਕਿ ਮੈਂ ਤਾਂ ਪਿੰਗਲਵਾੜੇ ਦੀ ਇਹ ਸੰਸਥਾ ਇੱਕ ਬੇਪ੍ਰਵਾਹ ਸਾਧ ਦੇ ਰੂਪ ਵਿੱਚ ਰਹਿ ਕੇ ਬਣਾਈ ਹੈ। ਇਸ ਵਿੱਚ ਕਿਸੇ ਰਾਜਨੀਤਕ ਦਾ ਰਾਜਸੀ ਪ੍ਰਛਾਵਾਂ ਨਹੀਂ ਹੈ, ਸੋ ਮੈਂ ਨਾ ਤਾਂ ਕਿਸੇ ਰਾਜਨੀਤਕ ਦੀ ਸਹਾਇਤਾ ਲੈਣੀ ਹੈ ਅਤੇ ਨਾ ਹੀ ਕਿਸੇ ਹੋਰ ਸੁਆਰਥੀ ਬੰਦੇ ਦਾ ਸਹਾਰਾ ਲੈਣਾ ਹੈ। ਅਜਿਹੀਆਂ ਸੰਸਥਾਵਾਂ ਵਿੱਚ ਰਾਜਨੀਤਕ ਲੋਕਾਂ ਦਾ ਹੱਥ ਬਾਅਦ ਵਿੱਚ ਕਈ ਤਰ੍ਹਾਂ ਦੀਆਂ ਖੁਨਾਮੀਆਂ ਪੈਦਾ ਕਰ ਦਿੰਦਾ ਹੈ। ਇਸ ਕਰਕੇ ਮੈਂ ਇਹ ਚਾਹੁੰਦਾ ਹਾਂ ਕਿ ਮੈਨੂੰ ਇਸ ਦੀ ਬੋਲੀ ਵਾਸਤੇ ਪੰਜਾਹ ਹਜ਼ਾਰ ਰੁਪਏ ਗੁਰੂ ਘਰ ਦੇ ਖ਼ਜ਼ਾਨੇ ਵਿੱਚੋਂ ਦਿੱਤੇ ਜਾਣ। ਭਗਤ ਜੀ ਦੀ ਇਸ ਮੰਗ ਨੂੰ ਜਾਇਜ਼ ਮੰਗ ਸਮਝ ਕੇ ਸ਼੍ਰੋ: ਗੁ: ਪ੍ਰ: ਕਮੇਟੀ ਨੇ ਉਸ ਵਕਤ ਹੀ ਪੰਜਾਹ ਹਜ਼ਾਰ ਰੁਪਈਏ ਦੀ ਮਦਦ ਦੇਣ ਲਈ ਪਾਸ ਕਰ ਦਿੱਤੀ। ਭਗਤ ਜੀ ਦੀ ਸ਼ਖ਼ਸੀਅਤ ਹੀ ਅਜਿਹੀ ਸੀ ਜਿਸ ਨੂੰ ਹਰ ਦਰਦੀ ਦਿਲ ਪਿਆਰ ਕਰਦਾ ਸੀ। ਭਗਤ ਜੀ ਨੂੰ ਇਹ ਵਿਚਾਰ ਵਾਰ-ਵਾਰ ਆ ਰਹੀ ਸੀ ਕਿ ਇਹ ਇਮਾਰਤ ਪਿੰਗਲਵਾੜੇ ਲਈ ਤਾਂ ਬਹੁਤ ਵਧੀਆ ਹੈ ਪਰ ਇਸ ਦੀ ਬੋਲੀ ਬਹੁਤ ਵਧ ਜਾਣੀ ਹੈ। ਜਿਹੜੇ ਸ਼੍ਰੋ: ਗੁ: ਪ੍ਰ: ਕਮੇਟੀ ਨੇ ਮੈਨੂੰ ਪੈਸੇ ਦਿੱਤੇ ਹਨ ਇਹ ਉਸ ਬੋਲੀ ਲਈ ਥੋੜ੍ਹੇ ਹਨ। ਇਹ ਵਿਚਾਰ ਕਰਕੇ ਭਗਤ ਜੀ ਇੱਕ ਦਿਨ ਸਵੇਰੇ ਹੀ ਮਾਸਟਰ ਤਾਰਾ ਸਿੰਘ ਦੇ ਘਰ ਚਲੇ ਗਏ। ਮਾਸਟਰ ਤਾਰਾ ਸਿੰਘ ਦੀ ਰਹਿਣੀ ਬਹੁਤ ਸਾਦਾ ਜਿਹੀ ਸੀ। ਉਹ ਮੰਜੇ ’ਤੇ ਬੈਠੇ ਸਨ ਤੇ ਨਾਲ ਹੀ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਸੀ। ਭਗਤ ਜੀ ਨੇ ਕਿਹਾ ਕਿ ਮਾਸਟਰ ਜੀ ਸਿਨਮੇ ਦੀ ਬੋਲੀ ਬਹੁਤ ਚੜ੍ਹ ਜਾਣੀ ਹੈ। ਤੁਸੀਂ ਕਿਰਪਾ ਕਰਕੇ ਜਿੱਥੇ ਪੰਜਾਹ ਹਜ਼ਾਰ ਪਾਸ ਕੀਤੇ ਹਨ ਉੱਥੇ ਤੁਸੀਂ ਦਸ ਹਜ਼ਾਰ ਰੁਪਈਆ ਹੋਰ ਦੇ ਦੇਣਾ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਭਗਤ ਜੀ ਮੈਂ ਤਾਂ ਮੀਟਿੰਗ ਵਿੱਚ ਪੰਜਾਹ ਹਜ਼ਾਰ ਪਾਸ ਕਰਵਾਇਆ ਹੈ ਤੇ ਮੈਂ ਉਹੋ ਹੀ ਦੇ ਸਕਦਾ ਹਾਂ। ਇਸ ਗੱਲ ਵਿੱਚ ਸ਼ੱਕ ਨਹੀਂ ਕਿ ਜੇਕਰ ਮੈਂ ਖ਼ੁਦ ਹੀ ਦਸ ਹਜ਼ਾਰ ਰੁਪਈਆ ਹੋਰ ਪਾਸ ਕਰਕੇ ਤੁਹਾਨੂੰ ਦੇ ਦਿਆਂ ਤੇ ਮਗਰੋਂ ਮੈਂਬਰਾਂ ਕੋਲੋਂ ਪਾਸ ਕਰਵਾ ਲਵਾਂ ਤਾਂ ਉਹ ਪਾਸ ਵੀ ਕਰ ਦੇਣਗੇ। ਮੈਨੂੰ ਕਿਸੇ ਨੇ ਪੁੱਛਣਾ ਵੀ ਨਹੀਂ ਹੈ, ਪਰ ਇਹ ਕਾਰਵਾਈ ਠੀਕ ਨਹੀਂ ਹੈ। ਅੱਜ ਮੈਂ ਦਸ ਹਜ਼ਾਰ ਆਪ ਪਾਸ ਕਰ ਸਕਦਾ ਹਾਂ ਤਾਂ ਕੱਲ੍ਹ ਇਹ ਆਦਤ ਮੈਨੂੰ ਬਰਬਾਦ ਕਰ ਸਕਦੀ ਹੈ। ਸੋ, ਮੈਂ ਉਨ੍ਹਾਂ ਮੈਂਬਰਾਂ ਨਾਲ ਗੱਲ ਕਰਕੇ

ਹੀ ਅਜਿਹਾ ਕਰ ਸਕਦਾ ਹਾਂ। ਮਾਸਟਰ ਜੀ ਨੇ ਬਾਕੀਆਂ ਨਾਲ ਗੱਲਬਾਤ ਕਰਕੇ ਇਹ ਰਕਮ ਸੱਠ ਹਜ਼ਾਰ ਕਰ ਦਿੱਤੀ ਸੀ {ਉਹੀ ਪੰਨਾ ੮੫}।

ਇਸ ਵਾਰੀ ਬੋਲੀ ਦੇਣ ਲਈ ਭਗਤ ਜੀ ਵੱਲੋਂ ਗਿਆਨੀ ਹਰਚਰਨ ਸਿੰਘ ਹੁਡਿਆਰਾ ਆਏ ਸਨ, ਪਰ ਜਦੋਂ ਬੋਲੀ ਸੱਠ ਹਜ਼ਾਰ ਤੋਂ ਉੱਪਰ ਚਲੀ ਗਈ ਤਾਂ ਭਗਤ ਜੀ ਨੇ ਇਹ ਖ਼ਿਆਲ ਤਾਂ ਛੱਡ ਹੀ ਦਿੱਤਾ ਸੀ ਕਿ ਇਹ ਸਿਨਮੇ ਵਾਲੀ ਇਮਾਰਤ ਸਾਨੂੰ ਮਿਲ ਸਕਦੀ ਹੈ।

ਮਾਸਟਰ ਜੀ ਨੇ ਵੀ ਕਹਿ ਦਿੱਤਾ ਸੀ ਕਿ ਇਸ ਇਮਾਰਤ ਨਾਲ ਤੁਹਾਡਾ ਸਰਨਾ ਨਹੀਂ ਹੈ। ਇਸ ਕਰਕੇ ਹੋਰ ਖੁੱਲ੍ਹੀ ਜਿਹੀ ਥਾਂ ਸ਼ਹੀਦਾਂ ਦੇ ਨੇੜੇ ਤੇੜੇ ਦੇਖ ਕੇ ਲੈਂਦੇ ਹਾਂ। ਇਸ ਵਿੱਚ ਕਮੇਟੀ ਤੁਹਾਡੀ ਮਦਦ ਕਰੇਗੀ। ਭਗਤ ਜੀ ਨੂੰ ਇਹ ਵਿਚਾਰ ਚੰਗੀ ਲੱਗੀ ਕਿ ਸਾਨੂੰ ਖੁੱਲ੍ਹੀ ਥਾਂ ਪ੍ਰਾਪਤ ਕਰਨ ਲਈ ਕੁਝ ਨਾ ਕੁਝ ਤਾਂ ਕਰਨਾ ਹੀ ਪਵੇਗਾ। ਸੋ ਇਹ ਸਿਨਮੇ ਵਾਲੀ ਥਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੁਆਲ ਵੀ ਖੜ੍ਹਾ ਸੀ ਕਿ ਇਸ ਨੱਬੇ ਮਰੀਜ਼ਾਂ ਦੇ ਪਰਿਵਾਰ ਨੂੰ ਕਿੱਥੇ ਰੱਖਿਆ ਜਾਵੇ?

### ਰਾਮ ਤਲਾਈ ਸਰਾਂ

ਸਿਨੇਮਾ ਖ਼ਾਲੀ ਕਰਨਾ ਸੀ ਤੇ ਅਗਲੀ ਥਾਂ ਕੋਈ ਕੋਲ ਨਹੀਂ ਸੀ। ਅਸਲ ਵਿੱਚ ਲੋੜ ਮਨੁੱਖ ਨੂੰ ਸੋਚਣ 'ਤੇ ਮਜ਼ਬੂਰ ਕਰਦੀ ਹੈ। ਇਸ ਤਰ੍ਹਾਂ ਹੀ ਭਗਤ ਜੀ ਦੀ ਦਿਨ ਰਾਤ ਦੀ ਸੋਚ ਨੇ ਇਹ ਰਾਹ ਕੱਢਿਆ ਕਿ ਅੰਮ੍ਰਿਤਸਰ ਸਾਹਿਬ ਵਿੱਚ ਦੋ ਬੰਦੇ ਪ੍ਰਕਾਸ਼ ਚੰਦ ਤੇ ਰਤਨ ਚੰਦ ਬੜੇ ਗਿਣੇ ਚੁਣੇ ਹੋਏ ਸਨ ਤੇ ਇਨ੍ਹਾਂ ਦੀ ਅਮੀਰੀ, ਲੋਕਾਂ ਦੇ ਕੰਮ ਵੀ ਬੜੇ ਸੁਆਰਦੀ ਸੀ। ਇਨ੍ਹਾਂ ਦੇ ਬਜ਼ੁਰਗ ਪਿਤਾ ਰਾਏ ਬਹਾਦਰ ਕਲਿਆਣ ਜੀ ਨੇ ਇੱਕ ਰਾਮ ਤਲਾਈ ਸਰ੍ਹਾਂ ਬਣਾਈ ਸੀ, ਜਿਸ ਵਿੱਚ ਮੁਸਾਫ਼ਰ ਆ ਕੇ ਰੁਕਦੇ ਸਨ। ਸ਼ਹਿਰਾਂ ਦੀਆਂ ਸੁੱਖ ਸਹੂਲਤਾਂ ਵਧ ਜਾਣ ਕਰਕੇ ਹੁਣ ਇਸ ਸਰਾਂ ਵਿੱਚ ਲੋਕ ਘੱਟ ਵੱਧ ਹੀ ਆਉਂਦੇ ਸਨ। ਇਸ ਕਰਕੇ ਭਗਤ ਜੀ ਨੇ ਆਪਣੇ ਨਾਲ ਕੁਝ ਸਾਥੀ ਲੈ ਕੇ ਉਨ੍ਹਾਂ ਦੇ ਪੁੱਤਰਾਂ ਨਾਲ ਇਸ ਸਰਾਂ ਬਾਰੇ ਗੱਲਬਾਤ ਕੀਤੀ ਕਿ ਤੁਹਾਡੇ ਬਜ਼ੁਰਗਾਂ ਦੇ ਸਹਿਯੋਗ ਨਾਲ ਸ਼ਹਿਰ ਦੇ ਕਈ ਕੰਮ ਹੋਏ ਹਨ। ਹੁਣ ਵੀ ਤੁਹਾਡੇ ਵਿੱਚੋਂ ਤੁਹਾਡੇ ਬਜ਼ੁਰਗਾਂ ਦੇ ਪਾਏ ਹੋਏ ਨੇਕ ਗੁਣਾਂ ਦੇ ਕਾਰਨ ਹੀ ਅਸੀਂ ਇਹ ਆਸ ਰੱਖ ਕੇ ਆਏ ਹਾਂ ਕਿ ਸਾਡੇ ਇਸ ਗ਼ਰੀਬ ਪਰਿਵਾਰ ਦੀ ਅਰਜ਼ ਵੀ ਤੁਸੀਂ ਸੁਣੋਗੇ। ਸਾਨੂੰ ਇਹ ਸਰਾਂ ਚਾਹੀਦੀ ਹੈ। ਇਸ ਨਾਲ ਤੁਹਾਡੇ ਬਜ਼ੁਰਗਾਂ ਦਾ ਨਾਮ ਵੀ ਰਹਿ ਜਾਵੇਗਾ ਤੇ ਸਾਡਾ ਵੀ ਕੰਮ ਬਣ ਜਾਵੇਗਾ। ਉਨ੍ਹਾਂ ਦੋਨੋ ਪੁੱਤਰਾਂ ਨੇ ਸੋਚ ਵਿਚਾਰ ਕਰਕੇ ਉਹ ਸਰਾਂ ਭਗਤ ਪੂਰਨ ਸਿੰਘ ਜੀ ਨੂੰ ਦੇ ਦਿੱਤੀ । ਇਸ ਦੇ ਨਾਲ ਹੀ ਉਨ੍ਹਾਂ ਪੁੱਤਰਾਂ ਨੂੰ ਇਹ ਵੀ ਸ਼ੱਕ ਹੋ ਗਈ ਸੀ ਕਿ ਭਗਤ ਜੀ ਸਾਡੀਆਂ ਹੋਰ ਵੀ ਥਾਵਾਂ 'ਤੇ ਕਿੱਧਰੇ ਕਬਜ਼ਾ ਨਾ ਕਰ ਲੈਣ, ਇਸ ਲਈ ਉਨ੍ਹਾਂ ਨੇ ਇੱਕ ਕੇਸ ਵੀ ਕਰ ਦਿੱਤਾ ਸੀ। ਪਰ ਇਹ ਸਰਾਂ



ਭਗਤ ਜੀ ਦੇ ਕੋਲ ਹੀ ਰਹੀ ਤੇ ਅੱਜ ਵੀ ਇਹ ਸਰਾਂ ਰਾਮ ਤਲਾਈ ਵਾਰਡ ਦੇ ਨਾਮ 'ਤੇ ਉਸ ਪਰਉਪਕਾਰੀਆਂ ਦੇ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਥਾਂ ਪਿੰਗਲਵਾੜੇ ਲਈ ਪਹਿਲਾ ਅਸਲ ਟਿਕਾਣਾ ਸੀ। {ਪ੍ਰਿੰ: ਨਰਿੰਦਰ ਸਿੰਘ ਸੋਚ, ਭਗਤ ਜੀ ਦੀ ਸਫਲ ਭਈ ਯਾਤਰਾ, ਭਾਗ ੨, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੫), ਪੰਨਾ ੫੪}।

ਪਿੰਗਲਵਾੜਾ ਤਾਂ ਅਸਲ ਵਿੱਚ ਉਸ ਦਿਨ ਹੀ ਸ਼ੁਰੂ ਹੋ ਗਿਆ ਸੀ ਜਿਸ ਦਿਨ ਗੁਰੂ ਘਰ ਵਿੱਚੋਂ ਹੀ ਪਿਆਰਾ ਸਿੰਘ ਮਿਲਿਆ ਸੀ, ਪਰ ਫਿਰ ਵੀ ਕੋਈ ਪੱਕਾ ਟਿਕਾਣਾ ਨਾ ਹੋਣ ਕਰਕੇ ਕਈ ਥਾਵਾਂ ਨੂੰ ਬਦਲਣਾ ਪਿਆ ਸੀ। ਇਹ ਥਾਵਾਂ ਬਦਲਦਿਆਂ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਤੋਂ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਯਾਦ ਵਿੱਚ ਬਣੇ ਸ਼ਹੀਦ ਗੰਜ ਵਿੱਖੇ। ਇੱਥੋਂ ਵੀ ਫਿਰ ਅੰਮ੍ਰਿਤਸਰ ਸਾਹਿਬ ਵਿੱਚ ਖ਼ਾਲਸਾ ਕਾਲਜ, ਸੜਕਾਂ ਦੇ ਕਿਨਾਰੇ, ਗੁਰੂ ਤੇਗ ਬਹਾਦਰ ਹਸਪਤਾਲ ਕੋਲ, ਨਿਕਾਸੀ ਕੋਠੀਆਂ ਤੇ ਮਹਾਰਾਜਾ ਰਣਜੀਤ ਸਿੰਘ ਡਿਓਢੀ ਆਦਿਕ ਕਈ ਥਾਵਾਂ ਬਦਲ ਚੁੱਕਾ ਸੀ। ਹਰ ਥਾਂ 'ਤੇ ਭਗਤ ਜੀ ਚੰਗਾ ਪ੍ਰਬੰਧ ਕਰਕੇ ਸਿਲਸਿਲਾ ਤੋਰ ਲੈਂਦੇ ਸਨ ਪਰ ਫਿਰ ਕੋਈ ਨਾ ਕੋਈ ਕਾਰਨ ਬਣ ਜਾਂਦਾ ਸੀ ਕਿ ਉਸ ਥਾਂ ਨੂੰ ਵੀ ਛੱਡਣਾ ਪੈਂਦਾ ਸੀ। ਰਾਮ ਤਲਾਈ ਦੀ ਸਰਾਂ ਤਾਂ ਭਾਵੇਂ ਮਿਲ ਗਈ ਸੀ ਪਰ ਫਿਰ ਵੀ ਇਹ ਖ਼ਿਆਲ ਤਾਂ ਭਗਤ ਜੀ ਨੂੰ ਹਰ ਵਕਤ ਹੀ ਰਹਿੰਦਾ ਸੀ ਕਿ ਕੋਈ ਆਪਣੀ ਹੀ ਖ਼ਰੀਦੀ ਹੋਈ ਜ਼ਮੀਨ ਹੋਵੇ, ਜਿਸ 'ਤੇ ਆਪਣੇ ਪੈਰੀਂ ਹੋ ਕੇ ਇਨ੍ਹਾਂ ਗ਼ਰੀਬਾਂ ਅਨਾਥਾਂ ਦਾ ਕੋਈ ਆਲ੍ਹਣਾ ਹੋਵੇ। ਇਸ ਕਰਕੇ ਲੰਮੀ ਮਿਹਨਤ ਨੂੰ ਇੱਕ ਦਿਨ ਫਲ ਲੱਗ ਗਿਆ।

### ਪਿੰਗਲਵਾੜਾ ਸੁਸਾਇਟੀ ਦੀ ਰਜਿਸਟਰੇਸ਼ਨ

ਭਗਤ ਜੀ ਦੀ ਦੂਰ-ਅੰਦੇਸ਼ੀ ਸੋਚ ਨੇ ਇਹ ਸੋਚ ਪਹਿਲਾਂ ਹੀ ਸੋਚ ਲਈ ਸੀ ਕਿ ਜੇਕਰ ਮੈਂ ਅਜਿਹੀ ਕੋਈ ਸੰਸਥਾ ਬਣਾਉਣੀ ਹੈ ਤਾਂ ਮੈਨੂੰ ਇਸ ਦੀ ਲਿਖਤੀ ਕਾਰਵਾਈ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ ਤਾਂ ਕਿ ਇਸ ਨੂੰ ਮਨੁੱਖਤਾ ਦੀ ਅਮਾਨਤ ਵਜੋਂ ਹੀ ਵਰਤਿਆ ਜਾ ਸਕੇ। ਕਈ ਵਾਰੀ ਨਿੱਜੀ ਮਲਕੀਅਤ ਦਾ ਪ੍ਰਛਾਵਾਂ ਅਜਿਹੀਆਂ ਸੰਸਥਾਵਾਂ ਵਿੱਚੋਂ ਕਿਸੇ ਮਜ਼ਬੂਰ ਦੀਆਂ ਮਜ਼ਬੂਰੀਆਂ ਦਾ ਗ਼ਲਤ ਲਾਭ ਲੈਣ ਲੱਗ ਪੈਂਦਾ ਹੈ। ਸੋ ਭਗਤ ਜੀ ਨੇ "ਆਲ ਇੰਡੀਆ ਪਿੰਗਲਵਾੜਾ ਸੋਸਾਇਟੀ (ਰਜਿ.) ਅੰਮ੍ਰਿਤਸਰ" ਦੇ ਨਾਮ 'ਤੇ ਇਹ ਸੰਸਥਾ ੦੬-੦੩-੧੯੫੭ ਨੂੰ ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਪਾਸੋਂ ਪਹਿਲਾਂ ਹੀ ਰਜਿਸਟਰ ਕਰਵਾ ਲਈ ਸੀ। {ਮੁਖਤਾਰ ਸਿੰਘ ਗੁਰਾਇਆ, ਜਨਮ ਸ਼ਤਾਬਦੀ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। ੨੦੦੪}

**ਪਿੰਗਲਵਾੜੇ ਲਈ ਥਾਂ ਖ਼ਰੀਦੀ**

ਇਸ ਤੋਂ ਮਗਰੋਂ ਅਜੋਕੇ ਸਮੇਂ ਵਾਲੀ ਇਹ ਇਮਾਰਤ ਦੀ ਥਾਂ ਲਈ ਗਈ, ਜਿਹੜੀ ਕਿ ਅੰਮ੍ਰਿਤਸਰ ਸਾਹਿਬ ਜੀ ਦੇ ਬੱਸ ਅੱਡੇ ਦੇ ਲਾਗੇ ਹੀ ਅੰਮ੍ਰਿਤਸਰ ਤੋਂ ਜਲੰਧਰ ਰੋਡ 'ਤੇ ਹੈ। ਇਸ ਦੀ ਰਜਿਸਟਰੀ ਵੀ ੨੭-੧੧-੧੯੫੮ ਨੂੰ ੧੯੯੬੪ ਰੁਪਏ ਵਿੱਚ ਕਰਵਾਈ ਗਈ ਸੀ। ਭਗਤ ਜੀ ਦੀ ਤਾਂ ਇਹ ਵੀ ਲਾਲਸਾ ਸੀ ਕਿ ਇਹ "ਪਿੰਗਲ" ਸ਼ਬਦ ਕੇਵਲ ਇਸ ਸੰਸਥਾ ਦਾ ਰਾਖਵਾਂ ਹੀ ਹੋਵੇ ਤਾਂ ਕਿ ਕੋਈ ਹੋਰ ਪਾਖੰਡੀ ਅਜਿਹੇ ਸ਼ਬਦਾਂ ਦਾ ਇਸਤੇਮਾਲ ਕਰਕੇ ਨਾਜਾਇਜ਼ ਕਮਾਈ ਨਾ ਖਾ ਸਕੇ, ਪਰ ਇਹ ਹੋ ਨਹੀਂ ਸਕਿਆ। (ਇਸ ਦਾ ਜ਼ਿਕਰ ਅੱਗੇ ਵੀ ਆਏਗਾ)ਖ਼ੈਰ! ਪਿੰਗਲਵਾੜੇ ਦੀ ਇਸ ਇਮਾਰਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚੋਂ ਮਾਇਕੀ ਸਹਾਇਤਾ ਦਿੱਤੀ ਸੀ। {ਡਾ. ਰੂਪ ਸਿੰਘ, ਪ੍ਰਮੁੱਖ ਸਿੱਖ ਸ਼ਖ਼ਸੀਅਤਾਂ, ਸ਼੍ਰੋ: ਗੁ :ਪ੍ਰ: ਕਮੇਟੀ ਅੰਮ੍ਰਿਤਸਰ। (੨੦੧੦), ਪੰਨਾ ੩੧੧}। (ਇਹ ਨਹੀਂ ਲਿਖਿਆ ਕਿ ਕਿੰਨੇ ਪੈਸੇ ਦਿੱਤੇ ਸਨ)

**ਭਗਤ ਜੀ ਦੀ ਹੋਰ ਜ਼ਿੰਮੇਵਾਰੀ ਵਧੀ**

ਭਗਤ ਜੀ ਦੇ ਸਿਰ 'ਤੇ ਅੱਗੇ ਤਾਂ ਇਨ੍ਹਾਂ ਅਪਾਹਿਜਾਂ ਨੂੰ ਸਾਂਭਣ ਦੀ ਦੀ ਹੀ ਜ਼ਿੰਮੇਵਾਰੀ ਸੀ, ਪਰ ਹੁਣ ਤਾਂ ਪਿੰਗਲਵਾੜਾ ਪਰਿਵਾਰ ਦੇ ਨਾਲ-ਨਾਲ ਪਿੰਗਲਵਾੜਾ ਘਰ ਵੀ ਚਲਾਉਣਾ ਸੀ। ਇਸ ਕਰਕੇ ਭਗਤ ਜੀ ਬਹੁਤ ਸਖ਼ਤ ਮਿਹਨਤ ਕਰਦੇ ਸਨ। ਉਹ ਸਾਰਾ-ਸਾਰਾ ਦਿਨ ਦਰਬਾਰ ਸਾਹਿਬ ਦੇ ਸਾਹਮਣੇ ਬੈਠ ਕੇ ਸਾਹਿਤ ਲਿਖਦੇ ਰਹਿੰਦੇ ਸਨ। ਲੋਕਾਂ ਨੂੰ ਅਪਾਹਿਜਾਂ ਦੇ ਖ਼ਰਚ ਬਾਰੇ ਜਾਣਕਾਰੀ ਦਿੰਦੇ ਰਹਿੰਦੇ ਸਨ। ਸ਼ਾਮ ਨੂੰ ਜਦੋਂ ਪਿੰਗਲਵਾੜੇ ਨੂੰ ਜਾਂਦੇ ਸਨ ਤਾਂ ਇੱਕ ਨੇਕ ਪਿਤਾ ਵਾਂਗ ਉਨ੍ਹਾਂ ਬੱਚਿਆਂ ਲਈ ਕੁਝ ਨਾ ਕੁਝ ਖਾਣ ਲਈ ਲੈ ਕੇ ਜਾਂਦੇ ਸਨ। ਉਹ ਪਿੰਗਲਵਾੜੇ ਦੇ ਸਾਰੇ ਹੀ ਸੇਵਾਦਾਰਾਂ ਨੂੰ ਬਹੁਤ ਪਿਆਰ ਕਰਦੇ ਸਨ। ਸਮਰਪਿਤ ਬ੍ਰਿਤੀ ਵਾਲੇ ਸੇਵਾਦਾਰਾਂ ਤੇ ਹੋਰ ਪਿੰਗਲਵਾੜੇ ਦੇ ਖ਼ੈਰ ਖਵਾਹ ਲੋਕਾਂ ਦੇ ਸਹਿਯੋਗ ਨਾਲ ਹੌਲੀ-ਹੌਲੀ ਬਿਲਡਿੰਗ ਵੀ ਬਣਦੀ ਗਈ ਸੀ। ਕੁੰਢਾ ਸਿੰਘ ਤੇ ਨਰੈਣ ਸਿੰਘ ਦਾ ਬਹੁਤ ਜ਼ਿਆਦਾ ਸਹਿਯੋਗ ਰਿਹਾ ਸੀ। ਕਈ ਵਾਰੀ ਤਾਂ ਭਗਤ ਜੀ ਇਹ ਕਹਿ ਵੀ ਦਿੰਦੇ ਸਨ ਕਿ ਪਿਆਰਾ ਸਿੰਘ, ਨਰੈਣ ਸਿੰਘ ਤੇ ਕੁੰਢਾ ਸਿੰਘ ਨਾ ਹੁੰਦੇ ਤਾਂ ਸ਼ਾਇਦ ਪਿੰਗਲਵਾੜੇ ਦੀ ਅਜਿਹੀ ਹੋਂਦ ਹੀ ਨਾ ਹੁੰਦੀ।

**ਭਗਤ ਪੂਰਨ ਸਿੰਘ ਜੀ ਦੀ ਨੈਤਿਕਤਾ ਦਾ ਹੋਰ ਗੁਣ**

ਧਰਮ ਦੀ ਦੁਨੀਆਂ ਵਿੱਚ ਆਮ ਬੰਦਾ ਥੋੜ੍ਹੀ ਜਿਹੀ ਸੇਵਾ ਨੂੰ ਵੀ ਬਹੁਤ ਵੱਡੀ ਕਰਕੇ ਦੁਨੀਆਂ ਨੂੰ ਦੱਸਦਾ ਹੈ। ਸੇਵਾ ਵਿੱਚ ਆਪਣੀ ਹੋਂਦ ਦਾ ਵਿਸ਼ੇਸ਼ ਥਾਂ ਬਣਾ ਦਿੰਦਾ ਹੈ। ਭਗਤ ਜੀ ਦੀ ਇਹ ਖ਼ਾਸ ਖ਼ੂਬੀ ਸੀ ਕਿ ਉਹ ਪਿੰਗਲਵਾੜੇ ਦੀ ਹੋਂਦ ਦਾ ਸਿਹਰਾ ਆਪਣੇ ਸਿਰ 'ਤੇ ਨਹੀਂ ਸਗੋਂ ਆਪਣੇ ਨਾਲ ਦੇ ਸਹਿਯੋਗੀਆਂ



ਦੇ ਸਿਰ ਬੰਨ੍ਹ ਦਿੰਦੇ ਸਨ। ਉਨ੍ਹਾਂ ਨੇ ਤਾਂ ਪਿਆਰਾ ਸਿੰਘ ਨੂੰ ਹੀ ਪਿੰਗਲਵਾੜੇ ਦੀ ਹੋਂਦ ਦਾ ਸਾਥੀ ਮੰਨਿਆ ਹੈ। ਇਸ ਤਰ੍ਹਾਂ ਹੀ ਜਦੋਂ ਵੀ ਕਿਸੇ ਕੋਈ ਸਹਿਯੋਗ ਦਿੱਤਾ ਸੀ ਤਾਂ ਉਸ ਦਾ ਹਮੇਸ਼ਾਂ ਹੀ ਬਣਦਾ ਮਾਨ ਸਨਮਾਨ ਭਗਤ ਜੀ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਹਮੇਸ਼ਾਂ ਹੀ ਖ਼ਿਆਲ ਵਿੱਚ ਰੱਖਿਆ ਹੈ। ਇਨ੍ਹਾਂ ਸ਼ਬਦਾਂ ਵਿੱਚ ਅਪਣਤ ਦਾ ਕਿੰਨਾ ਨਿੱਘ ਮਹਿਸੂਸ ਹੁੰਦਾ ਹੈ ਕਿ ਜੇਕਰ ਇਹ ਮੇਰੇ ਸਾਥੀ ਮੇਰੇ ਨਾਲ ਸਹਿਯੋਗੀ ਨਾ ਹੁੰਦੇ ਤਾਂ ਪਿੰਗਲਵਾੜੇ ਦੀ ਹੋਂਦ ਨਾ ਹੁੰਦੀ। ਇਹ ਸੇਵਾ ਭਾਵਨਾ ਲਈ ਸੇਵਾਦਾਰਾਂ ਨੂੰ ਇੱਕ ਉਤਸ਼ਾਹ ਦੀ ਇੱਕ ਉਹ ਖ਼ੁਰਾਕ ਹੈ ਜਿਹੜੀ ਸੇਵਾਦਾਰਾਂ ਨੂੰ ਕਦੇ ਥੱਕਣ ਜਾਂ ਅੱਕਣ ਨਹੀਂ ਦਿੰਦੀ। ਸੋ, ਇੱਥੇ ਕੁੰਢਾ ਸਿੰਘ ਤੇ ਨਰੈਣ ਸਿੰਘ ਦੀ ਅਥਾਹ ਸੇਵਾ ਦੇ ਬਦਲੇ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਚੰਦ ਅੱਖਰ ਦੇਣੇ ਬਣਦੇ ਹਨ।

**ਗੁਰਬਚਨ ਸਿੰਘ ਕੁੰਢਾ**

'ਗੁਰਬਚਨ ਸਿੰਘ ਕੁੰਢਾ ਇੱਕ ਸਬਰ ਸੰਤੋਖ ਵਾਲੇ ਨਿਹੰਗ ਸਿੰਘ ਦਾ ਪੁੱਤਰ ਸੀ। ਕੁੰਢਾ ਸਿੰਘ ਵਿੱਚ ਵੀ ਪਿੱਤਰੀ ਗੁਣ ਦੇਖਣ ਨੂੰ ਮਿਲਦੇ ਸਨ। ਉਹ ਵੀ ਸਬਰ ਸੰਤੋਖ ਵਾਲੀ ਬ੍ਰਿਤੀ ਦੇ ਹੀ ਸਨ। ਖਾਣ ਪੀਣ ਦੇ ਸ਼ੌਕਾਂ ਤੋਂ ਉੱਪਰ ਉੱਠ ਕੇ ਉਸ ਨੂੰ ਸੇਵਾ ਦਾ ਹੀ ਸ਼ੌਕ ਸੀ। ਇਸ ਨੇ ਭਗਤ ਪੂਰਨ ਸਿੰਘ ਜੀ ਦਾ ਬਹੁਤ ਔਖੇ ਸਮਿਆਂ ਵਿੱਚ ਵੀ ਡੱਟ ਕੇ ਸਾਥ ਦਿੱਤਾ ਸੀ। ਜਦੋਂ ਤਪਦੀਆਂ ਸੜਕਾਂ 'ਤੇ ਸੌਣਾ ਪੈਂਦਾ ਸੀ। ਸਰਦੀਆਂ ਵਿੱਚ ਠੰਡ ਦਾ ਕਹਿਰ ਤੇ ਗਰਮੀਆਂ ਵਿੱਚ ਗਰਮੀ ਦਾ ਕਹਿਰ ਸਹਾਰਨਾ ਪੈਂਦਾ ਸੀ ਉਦੋਂ ਭਗਤ ਜੀ ਇਸ ਨੂੰ ਦੋ ਢਾਈ ਰੁਪਏ ਹੀ ਰੋਜ਼ ਦਿੰਦੇ ਸਨ। ਸੰਨ ੧੯੪੨ ਵਿੱਚ ਜਦੋਂ ਦੇਸ਼ ਭਰ ਦੇ ਪ੍ਰੇਮੀ ਆਪਣੇ ਦੇਸ਼ ਨੂੰ ਗੋਰਿਆਂ ਦੀ ਗ਼ੁਲਾਮੀ ਤੋਂ ਅਜ਼ਾਦ ਕਰਵਾਉਣ ਲਈ ਜੱਦੋ-ਜਹਿਦ ਕਰ ਰਹੇ ਸਨ। ਗੋਰੇ ਵੀ ਹਰ ਨਿੱਕੇ ਤੋਂ ਨਿੱਕੇ ਅੰਦੋਲਨਕਾਰੀ ਨੂੰ ਵੀ ਸਖ਼ਤ ਸਜ਼ਾਵਾਂ ਦੇ ਰਹੇ ਸਨ ਤਾਂ ਉਸ ਵਕਤ ਕੁੰਢਾ ਸਿੰਘ ਨੇ ਲਾਹੌਰ ਦੇ ਗਹਿ ਗੱਚ ਭਰੇ ਅਨਾਰਕਲੀ ਬਜ਼ਾਰ ਵਿੱਚ ਇਹ ਉੱਚੀ-ਉੱਚੀ ਨਾਅਰੇ ਲਾਏ ਸਨ ਕਿ ਅੰਗਰੇਜ਼ੋ ਸਾਡਾ ਦੇਸ਼ ਛੱਡ ਜਾਵੋ। ਇਸ ਗੱਲ ਕਰਕੇ ਕੁੰਢਾ ਸਿੰਘ ਨੇ ਸਜ਼ਾ ਵੀ ਕੱਟੀ ਸੀ ਤੇ ਇਸ ਸਜ਼ਾ ਵਿੱਚ ਉਸ ਨਾਲ ਪ੍ਰਤਾਪ ਸਿੰਘ ਕੈਰੋਂ ਵੀ ਸੀ। ਮਗਰੋਂ ਪ੍ਰਤਾਪ ਸਿੰਘ ਕੈਰੋਂ ਸਿਰ ਕੱਢ ਆਗੂ ਬਣ ਗਿਆ ਸੀ। ਉਸ ਨੇ ਕੁੰਢਾ ਸਿੰਘ ਨੂੰ ਇਹ ਕਈ ਵਾਰੀ ਕਿਹਾ ਸੀ ਕਿ ਤੂੰ ਦੋ ਢਾਈ ਰੁਪਏ ਲਈ ਥਾਂ-ਥਾਂ 'ਤੇ ਭਟਕਦਾ ਫਿਰਦਾ ਹੈਂ, ਮੈਂ ਤੈਨੂੰ ਇੱਕ ਚੰਗੀ ਸਰਕਾਰੀ ਨੌਕਰੀ ਲਗਵਾ ਦਿੰਦਾ ਹਾਂ।ਕੁੰਢਾ ਸਿੰਘ ਨੇ ਹਮੇਸ਼ਾ ਜਵਾਬ ਦਿੱਤਾ ਸੀ ਕਿ ਮੈਨੂੰ ਤਾਂ ਇਨ੍ਹਾਂ ਦੋ ਢਾਈ ਰੁਪਈਆਂ ਵਿੱਚ ਹੀ ਸਾਰੇ ਸੁੱਖ ਮਿਲ ਜਾਂਦੇ ਹਨ। ਸੋ ਮੈਂ ਤਾਂ ਕੋਈ ਨੌਕਰੀ ਨਹੀਂ ਕਰਨੀ ਸਗੋਂ ਸੇਵਾ ਹੀ ਕਰਨੀ ਹੈ। ਅਸਲ ਵਿੱਚ ਜਦੋਂ ਮਨੁੱਖ ਜੀਵਨ ਦੇ ਮਕਸਦ ਨੂੰ ਸਮਝ ਲੈਂਦਾ ਹੈ ਤਾਂ ਉਹ ਅਜਿਹੀਆਂ ਗੱਲਾਂ ਤੋਂ ਉੱਪਰ ਉੱਠ ਜਾਂਦਾ ਹੈ।

**ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥**
**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥**

{ਅੰਗ ੩੩੬}

ਸੋ ਕੁੰਢਾ ਸਿੰਘ ਵਰਗੇ ਸੇਵਾ ਭਾਵਨਾ ਵਰਗਿਆਂ ਦੇ ਸਹਿਯੋਗ ਨਾਲ ਹੀ ਅਹਿਮ ਕੰਮ ਨੇਪਰੇ ਚੜ੍ਹਿਆ ਕਰਦੇ ਹਨ। {ਭਗਤ ਪੂਰਨ ਸਿੰਘ, ਕਹਾਣੀਆਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੩), ਪੰਨਾ ੧੫੯}।

ਕੁੰਢਾ ਸਿੰਘ ਵਾਂਗ ਹੀ ਨਰੈਣ ਸਿੰਘ ਵੀ ਲਾਹੌਰ ਦੇ ਸਮੇਂ ਦਾ ਹੀ ਸਾਥੀ ਸੀ। ਇਹ ਗ੍ਰਿਹਸਤੀ ਸੀ ਤੇ ਨਿਤਨੇਮੀ ਸੀ। ਇਸ ਨੇ ਵੱਡੀ ਉਮਰ ਵਿੱਚ ਸ਼ਾਦੀ ਕਰਵਾਈ ਸੀ। ਇਸ ਦੇ ਅੰਦਰ ਵੀ ਗੁਰਸਿੱਖੀ ਵਾਲਾ ਹੀ ਜੋਸ਼ ਸੀ। ਇਸ ਕਰਕੇ ਹੀ ਸੰਨ ੧੯੧੯ ਦੇ ਮਾਰਸ਼ ਲਾਅ ਕਰਕੇ ਇਸ ਨੂੰ ਵੀ ਉਮਰ ਕੈਦ ਹੋਈ ਸੀ ਪਰ ਜਲਦੀ ਹੀ ਰਿਹਾਈ ਹੋ ਗਈ ਸੀ। ਗੁਰਦੁਆਰਾ ਸੁਧਾਰ ਲਹਿਰ ਵਿੱਚ ਵੀ ਕਾਫ਼ੀ ਸਰਗਰਮੀਆਂ ਵਿੱਚ ਹਿੱਸਾ ਲਿਆ ਸੀ। 'ਨਰੈਣ ਸਿੰਘ ਦੀ ਇਹ ਵੀ ਖ਼ਾਸ ਕਿਸਮ ਦੀ ਮਦਦ ਸੀ ਕਿ ਜਦੋਂ ਵੀ ਕੋਈ ਬਿਮਾਰ ਹੁੰਦਾ ਸੀ ਤੇ ਉਸ ਨੂੰ ਡਾਕਟਰ ਵੱਲੋਂ ਖ਼ਾਸ ਖਾਣ ਪੀਣ ਦੀ ਹਦਾਇਤ ਹੁੰਦੀ ਸੀ ਤਾਂ ਨਰੈਣ ਸਿੰਘ ਦਾ ਪਰਿਵਾਰ ਹੀ ਇਹ ਸੇਵਾ ਨਿਭਾਉਂਦਾ ਹੁੰਦਾ ਸੀ।'{ਉਹੀ ਪੰਨਾ ੧੬੧}।

ਸੰਨ ੧੯੬੦-੬੫ ਵਿੱਚ ਆਮ ਲੋਕੀਂ ਬੱਸਾਂ 'ਤੇ ਹੀ ਜ਼ਿਆਦਾ ਸਫ਼ਰ ਕਰਦੇ ਹੁੰਦੇ ਸਨ। ਬੱਸਾਂ ਵਿੱਚ ਬੈਠੀਆਂ ਸਵਾਰੀਆਂ ਨੂੰ ਕੁਝ ਲੋਕ ਨਿੱਕੀਆਂ ਮੋਟੀਆਂ ਚੀਜ਼ਾਂ ਦਾ ਪ੍ਰਚਾਰ ਕਰਕੇ ਵੇਚ ਦਿੰਦੇ ਸਨ। ਭਗਤ ਜੀ ਨੂੰ ਇਹ ਪ੍ਰਚਾਰ ਦਾ ਢੰਗ ਬਹੁਤ ਵਧੀਆ ਲੱਗਿਆ ਕਿਉਂਕਿ ਬੱਸ ਵਿੱਚ ਬੈਠੀ ਸਵਾਰੀ ਬੱਸ ਚੱਲਣ ਦੀ ਉਡੀਕ ਕਰ ਰਹੀ ਹੁੰਦੀ ਹੈ। ਇਸ ਕਰਕੇ ਉਹ ਬੱਸ ਵਿੱਚ ਕਿਸੇ ਵੀ ਬੋਲਣ ਵਾਲੇ ਨੂੰ ਧਿਆਨ ਨਾਲ ਸੁਣਦੀ ਹੈ। ਭਗਤ ਜੀ ਨੇ ਵੀ ਆਪਣੇ ਸਾਥੀਆਂ ਨਾਲ ਵਿਚਾਰ ਕੀਤੀ ਕਿ ਕਿਉਂ ਨਾ ਆਪਾਂ ਵੀ ਕੁਝ ਬਕਸੇ ਬਣਾ ਕੇ ਸੇਵਾਦਾਰਾਂ ਨੂੰ ਦੇ ਦਈਏ। ਉਹ ਨਾਲੇ ਤਾਂ ਪਿੰਗਲਵਾੜੇ ਦਾ ਪ੍ਰਚਾਰ ਕਰਨਗੇ ਤੇ ਨਾਲ ਹੀ ਲੋਕਾਂ ਵੱਲੋਂ ਆਈ ਮਾਇਆ ਦੇ ਨਾਲ ਪਿੰਗਲਵਾੜੇ ਦੇ ਖ਼ਰਚ ਦਾ ਪ੍ਰਬੰਧ ਵੀ ਹੋ ਜਾਏਗਾ।

ਕੁਝ ਚੋਣਵੇਂ ਸੇਵਾਦਾਰ ਲੈ ਕੇ ਉਨ੍ਹਾਂ ਨੂੰ ਕਾਲੇ ਰੰਗ ਦੇ ਲੋਹੇ ਦੇ ਚੌਰਸ ਬਕਸੇ (ਗੋਲਕਾਂ) ਬਣਾ ਕੇ ਦਿੱਤੇ ਸਨ। ਸੇਵਾਦਾਰ ਬਸ ਅੱਡਿਆਂ, ਰੇਲਵੇ ਸਟੇਸ਼ਨਾਂ 'ਤੇ ਜਾਂ ਹੋਰ ਪਬਲਿਕ ਥਾਵਾਂ ਤੋਂ ਉਗਰਾਹੀ ਕਰਨ ਲੱਗ ਪਏ। ਇਸ ਨਾਲ ਪਿੰਗਲਵਾੜੇ ਦਾ ਕੁਝ ਕੁ ਖ਼ਰਚ ਪਾਣੀ ਦਾ ਕੰਮ ਚੱਲ ਪਿਆ ਸੀ। ਭਗਤ ਜੀ ਕੁਝ ਹਿੱਸਾ ਇਨ੍ਹਾਂ ਸੇਵਾਦਾਰਾਂ ਨੂੰ ਵੀ ਦੇ ਦਿੰਦੇ ਸਨ। ਇਸ ਗੱਲ ਨੂੰ ਹੋਰ ਵੀ ਅੱਗੇ ਵਧਾ ਲਿਆ। ਕੁਝ ਸੇਵਾਦਾਰ ਰਿਕਸ਼ਾ ਰੇਹੜੀ ਲੈ ਕੇ ਪਿੰਡਾਂ ਜਾਂ ਸ਼ਹਿਰਾਂ ਮੁਹੱਲਿਆਂ ਵਿੱਚ ਵੀ ਨਾਲੇ ਤਾਂ ਉਗਰਾਹੀ ਕਰਦੇ ਸਨ ਤੇ ਨਾਲ ਹੀ ਪਿੰਗਲਵਾੜੇ



ਤੇ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਚਾਰ ਰੇਹੜੀਆਂ ਜਲੰਧਰ ਤੇ ਚਾਰ ਹੀ ਅੰਮ੍ਰਿਤਸਰ ਸਾਹਿਬ ਲਾਈਆਂ ਸਨ। ਇਸ ਕੰਮ ਲਈ ਲਾਲ ਬਚਨ ਤੇ ਚੈਨ ਮਸੀਹ ਦਾ ਨਾਮ ਜ਼ਿਕਰਯੋਗ ਹੈ।

### ਚੈਨ ਮਸੀਹ ਤੇ ਭਗਤ ਜੀ ਦੀ ਬਿਖੜੀ ਕਾਰ

'ਚੈਨ ਮਸੀਹ ਤਾਂ ਨਿੱਕੀ ਉਮਰ ਤੋਂ ਹੀ ਭਗਤ ਜੀ ਕੋਲ ਸੇਵਾ ਕਰਨ ਲੱਗ ਗਏ ਸਨ। ਇਸ ਕਰਕੇ ਇਨ੍ਹਾਂ ਨੇ ਵੀ ਪਿੰਗਲਵਾੜੇ ਦੇ ਕਾਫ਼ੀ ਦੁੱਖ ਦਰਦ ਆਪਣੇ ਪਿੰਡੇ 'ਤੇ ਹੰਢਾਏ ਹਨ। ਅੰਮ੍ਰਿਤਸਰ ਸਾਹਿਬ ਵਿੱਚ ਕੰਪਨੀ ਬਾਗ਼ ਅਮੀਰਾਂ ਦਾ ਇਲਾਕਾ ਹੈ। ਇੱਥੇ ਅਮੀਰ ਲੋਕਾਂ ਦਾ ਕਾਫ਼ੀ ਆਉਣ ਜਾਣ ਰਹਿੰਦਾ ਹੈ। ਭਗਤ ਜੀ ਦੀ ਅੱਖ ਤਾਂ ਅਜਿਹਾ ਜਲਦੀ ਹੀ ਦੇਖ ਲੈਂਦੀ ਸੀ। ਇਸ ਕਰਕੇ ਭਗਤ ਜੀ ਕਈ ਵਾਰੀ ਕਿਸੇ ਨਾ ਕਿਸੇ ਸੇਵਾਦਾਰ ਨੂੰ ਲੈ ਕੇ ਇੱਥੇ ਆ ਜਾਂਦੇ ਸਨ ਤੇ ਪਿੰਗਲਵਾੜੇ ਦੇ ਪਰਿਵਾਰ ਲਈ ਉਗਰਾਹੀ ਕਰਦੇ ਸਨ। ਭਗਤ ਜੀ ਚੈਨ ਮਸੀਹ ਜੀ ਨੂੰ ਲੈ ਕੇ ਕੰਪਨੀ ਬਾਗ਼ ਚਲੇ ਜਾਂਦੇ ਸਨ। ਕਈ ਵਾਰੀ ਦੇਖੀਦਾ ਹੈ ਕਿ ਆਮ ਪੀਰ ਫ਼ਕੀਰ ਆਦਿਕ ਕਈ ਤਰ੍ਹਾਂ ਦੇ ਤਸੀਹੇ ਝੱਲਦੇ ਹਨ। ਭਗਤ ਜੀ ਦੀ ਤਾਂ ਸੇਵਾ ਹੀ ਬਿਖਮ ਗਾਖੜੀ ਸੀ। ਉਨ੍ਹਾਂ ਨੇ ਆਪਣੀਆਂ ਲੋੜਾਂ ਨੂੰ ਬਹੁਤ ਸੰਕੋਚਿਆ ਹੋਇਆ ਸੀ। ਭਗਤ ਜੀ ਨੇ ਜੀਵਨ ਭਰ ਬੇਅੰਤ ਪੈਸਾ ਲਿਆਂਦਾ ਹੈ ਅਤੇ ਬੇਅੰਤ ਪੈਸਾ ਗ਼ਰੀਬਾਂ 'ਤੇ ਖ਼ਰਚਿਆ ਹੈ, ਪਰ ਆਪਣੇ ਲਈ ਕਦੇ ਵੀ ਸੁੱਖ ਅਰਾਮ ਲਈ ਪੈਸਾ ਨਹੀਂ ਸੀ ਖ਼ਰਚਿਆ। ਕਈ ਵਾਰੀ ਭਰ ਸਰਦੀ ਵਿੱਚ ਭਗਤ ਜੀ ਕੋਲ ਪੈਰਾਂ ਲਈ ਜੋੜਾ ਵੀ ਨਹੀਂ ਹੁੰਦਾ ਸੀ। ਉਨ੍ਹਾਂ ਨੇ ਨੰਗੇ ਪੈਰ ਖਲੋ ਕੇ ਮੰਗਣਾ ਤੇ ਪੈਰਾਂ ਵਿੱਚ ਸਰਦੀ ਕਰਕੇ ਦਰਦ ਹੋਣ ਲੱਗ ਪੈਣਾ। ਇੱਕ ਪੈਰ ਧਰਤੀ 'ਤੇ ਲਾ ਕੇ ਤੇ ਦੂਜਾ ਲੱਤ ਦੀ ਪਿੰਜਣੀ ਨਾਲ ਲਾ ਕੇ ਗਰਮ ਕਰਨਾ। ਅਜਿਹੀ ਹਾਲਤ ਦੇਖ ਕੇ ਲਾਉਡ ਸਪੀਕਰਾਂ ਦਾ ਕੰਮ ਕਰਨ ਵਾਲੇ ਅਮਰ ਸਿੰਘ ਤੇ ਗੁਰਜੀਤ ਸਿੰਘ ਨੇ ਕਿਹਾ ਕਿ ਤੁਸੀਂ ਸਪੀਕਰਾਂ ਰਾਹੀਂ ਪ੍ਰਚਾਰ ਕਰੋ। ਹੁਣ ਤਾਂ ਇਹ ਹੈ ਕਿ ਜਿਹੜਾ ਤੁਹਾਡੇ ਕੋਲ ਆ ਜਾਂਦਾ ਹੈ ਉਸ ਨੂੰ ਤਾਂ ਪਤਾ ਲੱਗ ਜਾਂਦਾ ਹੈ ਪਰ ਤੁਹਾਡੀ ਅਵਾਜ਼ ਬਹੁਤ ਨੇੜੇ ਜਿਹੇ ਹੀ ਰਹਿ ਜਾਂਦੀ ਹੈ। ਜੇਕਰ ਤੁਸੀਂ ਆਪਣੀ ਇਹੋ ਹੀ ਅਪੀਲ ਇਕੱਲੇ-ਇਕੱਲੇ ਨੂੰ ਕਰਨ ਦੀ ਥਾਂ 'ਤੇ ਸਪੀਕਰ ਲਾ ਕੇ ਕਰੋ ਤਾਂ ਇਹ ਅਪੀਲ ਕਈ ਹੋਰ ਲੋਕਾਂ ਕੋਲ ਵੀ ਜਾ ਸਕਦੀ ਹੈ। ਇਸ ਤਰ੍ਹਾਂ ਪ੍ਰਚਾਰ ਸੌਖਾ ਵੀ ਤੇ ਜ਼ਿਆਦਾ ਵੀ ਹੋਵੇਗਾ। ਭਗਤ ਜੀ ਦੀ ਇਹ ਵੀ ਖੂਬੀ ਸੀ ਕਿ ਉਹ ਕਦੇ ਵੀ ਕਿਸੇ ਦੀ ਸਿਆਣੀ ਗੱਲ ਨੂੰ ਮੰਨਣ ਵਿੱਚ ਢਿੱਲ ਮੱਠ ਨਹੀਂ ਕਰਦੇ ਸੀ। ਇਹੋ ਹੀ ਤਕਨੀਕ ਅਪਣਾਈ ਗਈ ਤੇ ਇਸ ਨਾਲ ਕਾਫ਼ੀ ਸੌਖਾ ਹੋ ਗਿਆ ਸੀ। ਚੈਨ ਮਸੀਹ ਨੇ ਕਰੀਬ ੩੦-੩੫ ਸਾਲ ਇਹ ਸੇਵਾ ਨਿਬਾਹੀ ਸੀ।' {ਡਾ:ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੪), ਪੰਨਾ ੧੦੫}।

## ਪੰਡਿਤ ਅਮਰਨਾਥ ਜੀ ਨੇ ਘਰ ਦੀ ਰਜਿਸਟਰੀ ਗਿਰਵੀ ਰੱਖੀ

ਪਿੰਗਲਵਾੜੇ ਦਾ ਹਰ ਰੋਜ਼ ਦਾ ਖ਼ਰਚ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਚੱਲਦਾ ਸੀ। ਪਿੰਗਲਵਾੜੇ ਵਿੱਚ ਭਗਤ ਜੀ ਕੋਲ ਕਈ ਸੇਵਾਦਾਰ ਵੀ ਬਹੁਤ ਸਮਰਪਿਤ ਬ੍ਰਿਤੀ ਵਾਲੇ ਸਨ। ਇਹ ਭਗਤ ਜੀ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਸਨ। ਕਈ ਵਾਰੀ ਬਾਪ ਵੀ ਆਪਣੀ ਜੰਮੀ ਔਲਾਦ ਲਈ ਸਖ਼ਤ ਮਿਹਨਤ ਕਰਦਾ ਹੋਇਆ ਆਪਣੇ ਬੱਚਿਆਂ ਨੂੰ ਇਸ ਗੱਲ ਦਾ ਇਜ਼ਹਾਰ ਕਰਦਾ ਹੈ। ਭਗਤ ਜੀ ਦਾ ਦਿਲ ਤਾਂ ਰੱਬੀ ਪਿਆਰ ਵਿੱਚ ਭਰਿਆ ਹੁੰਦਾ ਸੀ। ਉਹ ਤਾਂ ਹਰ ਤਰ੍ਹਾਂ ਨਾਲ ਯੋਗ ਉਪਰਾਲੇ ਕਰਕੇ ਦਿਨ ਰਾਤ ਪਿੰਗਲਵਾੜੇ ਦੇ ਖ਼ਰਚ ਦਾ ਤੋਰਾ ਤੋਰਦੇ ਸਨ, ਜਿਸ ਕਰਕੇ ਇਹ ਸੇਵਾਦਾਰ ਵੀ ਹਰ ਤਰ੍ਹਾਂ ਦੀ ਸੇਵਾ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ। ਇਨ੍ਹਾਂ ਹੀ ਸੇਵਾਦਾਰਾਂ ਵਿੱਚੋਂ ਇੱਕ ਸੇਵਾਦਾਰ ਪੰਡਤ ਅਮਰਨਾਥ ਸੀ। ਇਸ ਦਾ ਪਿੰਗਲਵਾੜੇ ਨਾਲ ਦਿਲੀ ਲਗਾਵ ਸੀ। ਭਗਤ ਜੀ ਦੀ ਬ੍ਰਿਤੀ ਅਜਿਹੀ ਸੀ ਕਿ ਕੋਈ ਮਰੀਜ਼ ਆਏ ਹੋਏ ਨੂੰ ਤਾਂ ਕੀ ਜਵਾਬ ਦੇਣਾ ਹੁੰਦਾ ਸੀ, ਬਲਕਿ ਕਈ ਵਾਰੀ ਬਿਮਾਰ ਜਾਂ ਜ਼ਖ਼ਮੀ ਪਸ਼ੂਆਂ ਦਾ ਵੀ ਇਲਾਜ ਕਰਕੇ ਤੋਰਦੇ ਸਨ। ਇਸ ਕਰਕੇ ਖ਼ਰਚ ਬਹੁਤਾ ਸੀ ਤੇ ਆਮਦਨ ਬਹੁਤ ਘੱਟ ਸੀ। ਇੱਕ ਸਾਡਾ ਕੌਮੀ ਦੁਖਾਂਤ ਹੈ ਕਿ ਅਸੀਂ ਇਮਾਰਤਾਂ 'ਤੇ ਤਾਂ ਸੋਨਾ ਲਾ ਦਿੰਦੇ ਹਾਂ ਪਰ ਕਿਸੇ ਗ਼ਰੀਬ ਦੀ ਕੋਈ ਮਦਦ ਨਹੀਂ ਕਰ ਸਕਦੇ। ਭਗਤ ਜੀ ਇੱਕ ਚੱਕੀ ਤੋਂ ਆਟਾ ਲੈਂਦੇ ਸਨ। ਇੱਕ ਵਾਰੀ ਪੰਡਤ ਅਮਰਨਾਥ ਆਟਾ ਲੈਣ ਗਿਆ ਤਾਂ ਚੱਕੀ ਵਾਲੇ ਨੇ ਕਿਹਾ ਕਿ ਤੁਹਾਡੇ ਵੱਲ ਤਾਂ ਕਾਫ਼ੀ ਉਧਾਰ ਹੋ ਗਿਆ ਹੈ। ਸੋ ਹੁਣ ਮੈਂ ਤੁਹਾਨੂੰ ਹੋਰ ਉਧਾਰ ਆਟਾ ਨਹੀਂ ਦੇ ਸਕਦਾ। ਅਮਰਨਾਥ ਨੂੰ ਫ਼ਿਕਰ ਪੈ ਗਿਆ ਕਿ ਹੁਣ ਕੀ ਹੋਏਗਾ? ਕੀ ਪਿੰਗਲਵਾੜੇ ਦੇ ਮਰੀਜ਼ ਭੁੱਖੇ ਹੀ ਰਹਿਣਗੇ? ਉਸ ਨੇ ਸੋਚ ਵਿਚਾਰ ਕਰਕੇ ਆਪਣੇ ਘਰ ਦੀ ਰਜਿਸਟਰੀ ਲਿਆ ਕੇ ਉਸ ਨੂੰ ਦੇ ਦਿੱਤੀ ਤੇ ਕਿਹਾ ਕਿ ਮੇਰੀ ਰਜਿਸਟਰੀ ਰੱਖ ਲਵੋ, ਪਰ ਮੈਨੂੰ ਪਿੰਗਲਵਾੜੇ ਦੇ ਮਰੀਜ਼ਾਂ ਲਈ ਆਟਾ ਜ਼ਰੂਰ ਦੇ ਦਿਓ। ਜਦੋਂ ਭਗਤ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਅਮਰਨਾਥ ਨਾਲ ਬਹੁਤ ਪਿਆਰ ਕੀਤਾ ਤੇ ਇਸ ਤਰ੍ਹਾਂ ਗ਼ਰੀਬਾਂ ਅਨਾਥਾਂ ਲਈ ਤਰਸ ਭਰਿਆ ਇਹ ਕਾਰਨਾਮਾ ਕਰਨ ਲਈ ਸ਼ੁਕਰ ਵੀ ਕੀਤਾ ਸੀ। 'ਮੁੜ ਕਦੇ ਅਜਿਹਾ ਨਾ ਹੋਵੇ ਤਾਂ ਉਨ੍ਹਾਂ ਨੇ ਦਰਬਾਰ ਸਾਹਿਬ ਵਿੱਖੇ ਲੰਗਰ ਲਈ ਬੇਨਤੀ ਕੀਤੀ। ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਕਿ ਜਦੋਂ ਵੀ ਸਾਨੂੰ ਬਹੁਤ ਜ਼ਿਆਦਾ ਮੁਸ਼ਕਲ ਬਣੇਗੀ ਤਾਂ ਅਸੀਂ ਧੰਨ ਗੁਰੂ ਰਾਮਦਾਸ ਜੀ ਦੇ ਲੰਗਰ ਵਿੱਚੋਂ ਪਿੰਗਲਵਾੜੇ ਦੇ ਇਨ੍ਹਾਂ ਲੋੜਵੰਦਾਂ ਲਈ ਪ੍ਰਸ਼ਾਦਾ ਲੈ ਲਿਆ ਕਰਾਂਗੇ। ਪ੍ਰਬੰਧਕਾਂ ਨੇ ਵੀ ਇਸ ਗੱਲ ਨੂੰ ਖੁਸ਼ੀ ਨਾਲ ਸਵੀਕਾਰ ਕਰ ਲਿਆ ਸੀ। ਭਗਤ ਜੀ ਨੇ ਇਸ ਦੇ ਨਾਲ ਹੀ ਘਰਾਂ ਵਿੱਚੋਂ ਵੀ ਪ੍ਰਸ਼ਾਦੇ ਉਗਰਾਹੁਣ ਦਾ ਪ੍ਰਬੰਧ ਕੀਤਾ ਸੀ।'{ਉਹੀ ਪੰਨਾ ੧੦੪}



## ਭਗਤ ਜੀ ਅਣਖ ਨਾਲ ਜਿਊਂਦੇ ਸਨ

ਭਗਤ ਪੂਰਨ ਸਿੰਘ ਜੀ ਦੀ ਜ਼ਿੰਦਗੀ ਵਿੱਚ ਅਥਾਹ ਗੁਣ ਸਨ। ਪੜ੍ਹਨਾ ਵੀ ਉਨ੍ਹਾਂ ਦੇ ਜੀਵਨ ਦਾ ਇੱਕ ਅਟੁੱਟ ਅੰਗ ਸੀ। ਇਸ ਕਰਕੇ ਉਨ੍ਹਾਂ ਨੂੰ ਗੁਰਮਤਿ ਦਾ ਵੀ ਪੂਰਨ ਗਿਆਨ ਸੀ। ਕਦੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਅਕਬਰ ਬਾਦਸ਼ਾਹ ਵੀ ਆਇਆ ਸੀ ਤੇ ਉਸ ਨੇ ਵੀ ਗੁਰੂ ਘਰ ਦੇ ਲੰਗਰਾਂ ਲਈ ਜਗੀਰ ਲਾਉਣੀ ਚਾਹੀ ਸੀ। ਗੁਰੂ ਅਮਰ ਦਾਸ ਜੀ ਨੇ ਮਨ੍ਹਾ ਕਰ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਅਕਬਰ ਨੂੰ ਸਮਝਾਇਆ ਸੀ ਕਿ ਇੱਕ ਰਾਜਾ ਜਗੀਰ ਲਾ ਗਿਆ ਤੇ ਕੱਲ੍ਹ ਸਾਡੀ ਦੂਜੇ ਰਾਜੇ ਨਾਲ ਨਾ ਬਣੀ ਤਾਂ ਉਹ ਜਗੀਰ ਤੋੜ ਦੇਵੇਗਾ। ਅਸੀਂ ਵੀ ਵਿਹਲੀਆਂ ਖਾਣ ਲੱਗ ਜਾਵਾਂਗੇ। ਇਨ੍ਹਾਂ ਜਗੀਰਾਂ ਦੀ ਖ਼ਾਤਰ ਸਾਨੂੰ ਵੀ ਹਾਕਮੀ ਗ਼ੁਲਾਮੀ ਕਰਨੀ ਪਵੇਗੀ। ਇਸ ਕਰਕੇ ਸਾਨੂੰ ਆਪਣੇ ਸਿੱਖਾਂ ਦੀ ਕਮਾਈ ਦਾ ਪਿਆਰ ਭੇਟਾ ਵਾਲਾ ਹਿੱਸਾ ਹੀ ਸਦੀਵੀ ਜਗੀਰ ਲੱਗਦਾ ਹੈ। ਸਾਨੂੰ ਹਾਕਮਾਂ ਦੀ ਗ਼ੁਲਾਮੀ ਭਰੀ ਜਾਗੀਰ ਦੀ ਲੋੜ ਨਹੀਂ ਹੈ। ਭਗਤ ਜੀ ਵੀ ਸਿੱਖੀ ਦੇ ਇਨ੍ਹਾਂ ਹੀ ਅਸੂਲਾਂ ਦੇ ਸਨ। ਉਹ ਵੀ ਕਿਸੇ ਹਾਕਮੀ ਗ਼ੁਲਾਮੀ ਵਾਲਾ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਕਰਨ ਨਾਲੋਂ ਸੰਗਤ ਕੋਲੋਂ ਮਾਇਆ ਮੰਗ ਕੇ ਗੁਜ਼ਾਰਾ ਕਰ ਲੈਂਦੇ ਸਨ। ਇਸ ਕਰਕੇ ਭਗਤ ਜੀ ਨੇ ਕਦੇ ਕਿਸੇ ਅਮੀਰ ਬੰਦੇ ਦੇ ਸੋਹਿਲੇ ਗਾ ਕੇ ਪੈਸੇ ਨਹੀਂ ਲਿਆਂਦੇ ਸੀ। ਭਗਤ ਜੀ ਬਾਟਾ ਲੈ ਕੇ ਇਨ੍ਹਾਂ ਗ਼ਰੀਬ ਅਨਾਥਾਂ ਲਈ ਮੰਗਦੇ ਜ਼ਰੂਰ ਸਨ ਪਰ ਉਨ੍ਹਾਂ ਨੇ ਕਦੇ ਆਪਣੀ ਅਣਖ ਤੇ ਗ਼ੈਰਤ ਦਾ ਰੁਤਬਾ ਨੀਵਾਂ ਨਹੀਂ ਹੋਣ ਦਿੱਤਾ ਸੀ। ਉਹ ਗ਼ਰੀਬਾਂ ਲਈ ਮੰਗ ਕੇ ਵੀ ਬਾਦਸ਼ਾਹਾਂ ਵਰਗੀ ਅਣਖ ਤੇ ਗ਼ੈਰਤ ਨਾਲ ਜਿਊਂਦੇ ਸਨ।

## ਡਾਕਟਰ ਇੰਦਰਜੀਤ ਕੌਰ

ਭਗਤ ਜੀ ਦੀ ਜ਼ਿੰਦਗੀ ਦੇ ਸਾਥੀਆਂ ਵਿੱਚੋਂ ਇੱਕ ਨਿਵੇਕਲਾ ਜਿਹਾ ਰਿਸ਼ਤਾ ਡਾਕਟਰ ਇੰਦਰਜੀਤ ਕੌਰ ਜੀ ਦਾ ਹੈ। ਭਗਤ ਜੀ ਕਦੇ ਤਾਂ ਇਸ ਨੂੰ ਧੀ ਰੂਪ ਵਿੱਚ ਦੇਖਦੇ ਸਨ ਤੇ ਕਦੇ ਸੇਵਾ ਕਰਦਿਆਂ ਦੇਖਕੇ ਮਾਂ ਵਾਂਗ ਪਿਆਰ ਕਰਦੇ ਸਨ। ਕਦੇ-ਕਦੇ ਭਗਤ ਜੀ ਨੂੰ ਇਸ ਤਰ੍ਹਾਂ ਲੱਗਦਾ ਸੀ ਕਿ ਇਹ ਮੇਰੇ ਦੁੱਖਾਂ ਦਰਦਾਂ ਦੀ ਸਾਂਝੀ ਪਾਕ ਪ੍ਰੀਤ ਹੈ। ਇਸ ਕਰਕੇ ਮੈਂ ਆਪਣੀ ਥਾਂ 'ਤੇ ਇਸ ਨੂੰ ਵਾਰਸ ਥਾਪ ਦੇਵਾਂ। ਮਨੁੱਖ ਦੇ ਸੁਭਾਅ ਤੇ ਘਰੋਗੀ ਹਾਲਾਤਾਂ ਦਾ ਵੀ ਕਾਫ਼ੀ ਅਸਰ ਹੁੰਦਾ ਹੈ। ਡਾ: ਇੰਦਰਜੀਤ ਕੌਰ ਅਸਲ ਵਿੱਚ ਅਜਿਹੇ ਹਾਲਾਤਾਂ ਵਿੱਚ ਪਲੇ ਸਨ ਕਿ ਉਨ੍ਹਾਂ ਨੂੰ ਕੁਝ ਗੁਣ ਵਿਰਾਸਤ ਵਿੱਚ ਹੀ ਮਿਲੇ ਸਨ। ਡਾ: ਇੰਦਰਜੀਤ ਕੌਰ ਡਾ: ਹਰਬੰਸ ਸਿੰਘ ਜੀ ਦੀ ਬੇਟੀ ਸੀ। ਡਾ: ਹਰਬੰਸ ਸਿੰਘ ਸੰਗਰੂਰ ਵਿੱਚ ਹੀ ਆਪਣੀ ਇੱਕ ਕਲੀਨਿਕ ਚਲਾਉਂਦੇ ਸਨ। ਡਾ: ਹਰਬੰਸ ਸਿੰਘ ਦੇ ਅੰਦਰ ਵੀ ਡਾਕਟਰੀ ਦੇ ਨਾਲ-ਨਾਲ ਇਨਸਾਨੀਅਤ ਵਾਲਾ ਪੱਖ ਬਹੁਤ ਬਲਵਾਨ ਸੀ। ਜਦੋਂ ਕਿਸੇ ਨੂੰ ਦਵਾਈ ਦਿੰਦੇ ਸਨ ਤੇ ਉਹ ਠੀਕ ਨਹੀਂ ਹੋ ਰਿਹਾ ਹੁੰਦਾ ਤਾਂ ਦਵਾਈ

ਦੇ ਨਾਲ-ਨਾਲ ਅਰਦਾਸ ਵੀ ਕਰ ਦਿੰਦੇ ਸਨ। ਉਹ ਵੀ ਭਗਤ ਪੂਰਨ ਸਿੰਘ ਜੀ ਦੇ ਲੇਖਾਂ ਤੋਂ ਜਾਂ ਉਨ੍ਹਾਂ ਦੀ ਜ਼ਿੰਦਗੀ ਦੇ ਕਾਰਨਮਿਆਂ ਤੋਂ ਕਾਫ਼ੀ ਪ੍ਰਭਾਵਿਤ ਸਨ। ਉਹਨਾਂ ਨੇ ਕਈ ਵਾਰੀ ਡਾ: ਇੰਦਰਜੀਤ ਕੌਰ ਨੂੰ ਵੀ ਕੋਈ ਨਸੀਹਤ ਦੇਣੀ ਹੁੰਦੀ ਸੀ, ਤਾਂ ਉਹ ਭਗਤ ਪੂਰਨ ਸਿੰਘ ਦੇ ਬਾਰੇ ਹੀ ਕਹਿੰਦੇ ਸਨ ਕਿ ਤੁਸੀਂ ਉਨ੍ਹਾਂ ਦੀ ਜ਼ਿੰਦਗੀ ਤੋਂ ਪ੍ਰੇਰਨਾ ਲਵੋ, ਜਿਹੜੇ ਅਪਹਿਜਾਂ ਦੇ ਮਲ-ਮੂਤਰ ਵਾਲੇ ਕੱਪੜੇ ਵੀ ਆਪਣੇ ਹੱਥੀਂ ਧੋਣ ਤੋਂ ਸੰਕੋਚ ਨਹੀਂ ਕਰਦੇ। ਘਰ ਵਿੱਚ ਭਗਤ ਪੂਰਨ ਸਿੰਘ ਦੀ ਗੱਲ ਅਕਸਰ ਚੱਲਦੀ ਹੀ ਰਹਿੰਦੀ ਸੀ। ਡਾ: ਇੰਦਰਜੀਤ ਕੌਰ ਨੇ ਵੀ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜ ਤੋਂ ਐਮ. ਬੀ. ਬੀ. ਐਸ. ਕੀਤੀ ਹੋਈ ਸੀ। ਉਹ ਸਰਕਾਰੀ ਗਜ਼ਟਡ ਡਾਕਟਰ ਵਜੋਂ ਡਿਊਟੀ ਨਿਭਾ ਰਹੇ ਸਨ। ਡਾਕਟਰ ਇੰਦਰਜੀਤ ਕੌਰ ’ਤੇ ਵੀ ਭਗਤ ਪੂਰਨ ਸਿੰਘ ਜੀ ਦਾ ਕਾਫ਼ੀ ਪ੍ਰਭਾਵ ਹੋ ਗਿਆ ਸੀ। ਇਸ ਕਰਕੇ ਉਨ੍ਹਾਂ ਦੇ ਮਨ ਵਿੱਚ ਭਗਤ ਪੂਰਨ ਸਿੰਘ ਦੇ ਦਰਸ਼ਨ ਕਰਨ ਦੀ ਬਹੁਤ ਤਮੰਨਾ ਸੀ।

‘ਇੱਕ ਵਾਰੀ ਉਹ ਆਪਣੇ ਨਾਲ ਦੇ ਸਾਥੀਆਂ ਨਾਲ ਮੈਡੀਕਲ ਦੀ ਟਰੇਨਿੰਗ ਲਈ ਹੀ ਅੰਮ੍ਰਿਤਸਰ ਸਾਹਿਬ ਆਏ ਸਨ ਤਾਂ ਭਗਤ ਜੀ ਦੇ ਦਰਸ਼ਨ ਕਰਨ ਲਈ ਗਏ। ਪਿੰਗਲਵਾੜੇ ਲਈ ਕੁਝ ਪਸ਼ੂ ਰੱਖੇ ਹੋਏ ਸਨ। ਵੈਸੇ ਤਾਂ ਡਾ: ਹਰਬੰਸ ਸਿੰਘ ਹੋਰਾਂ ਨੇ ਵੀ ਪਸ਼ੂ ਰੱਖੇ ਹੋਏ ਸਨ ਪਰ ਉਨ੍ਹਾਂ ਕੋਲ ਤਾਂ ਘਰੋਗੀ ਦੁੱਧ ਦੀ ਲੋੜ ਪੂਰੀ ਕਰਨ ਲਈ ਇੱਕ ਦੋ ਮੱਝਾਂ ਗਾਵਾਂ ਹੀ ਹੁੰਦੀਆਂ ਸਨ। ਜਦੋਂ ਡਾਕਟਰ ਇੰਦਰਜੀਤ ਕੌਰ ਜੀ ਪਿੰਗਲਵਾੜੇ ਆਏ ਤਾਂ ਇੱਥੇ ਕਾਫ਼ੀ ਗਿਣਤੀ ਵਿੱਚ ਪਸ਼ੂ ਰੱਖੇ ਹੋਏ ਸਨ। ਇਸ ਕਰਕੇ ਗੋਹਾ ਵੀ ਐਨਾ ਜ਼ਿਆਦਾ ਸੀ ਕਿ ਲੰਘਣ ਲਈ ਰਸਤਾ ਹੀ ਨਾ ਮਿਲਿਆ। ਇਹ ਵੀ ਹੋ ਸਕਦਾ ਹੈ ਕਿ ਸੇਵਾਦਾਰਾਂ ਨੇ ਹਾਲੇ ਪਸ਼ੂਆਂ ਦੀ ਥਾਂ ’ਤੇ ਸਫ਼ਾਈ ਕਰਨੀ ਹੋਵੇ। ਡਾ: ਇੰਦਰਜੀਤ ਕੌਰ ਪਿੰਗਲਵਾੜੇ ਪਹੁੰਚ ਹੀ ਨਹੀਂ ਸਕੇ ਤੇ ਬਿਨਾਂ ਮਿਲੇ ਤੋਂ ਹੀ ਵਾਪਸ ਚਲੇ ਗਏ। ਇਹ ਘਟਨਾ ਸ਼ਾਇਦ ਸੰਨ ੧੯੭੦-੭੧ ਦੀ ਹੈ।’ {ਹਰੀਸ਼ ਢਿੱਲੋਂ, ਅਨੁ: ਦਲੀਪ ਸਿੰਘ ਉੱਪਲ, ਨਿਥਾਵਿਆਂ ਦਾ ਥਾਵ ਭਗਤ ਪੂਰਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੧੨, ਪੰਨਾ ੮੦}

ਡਾ: ਇੰਦਰਜੀਤ ਕੌਰ ਜੀ ਦੇ ਅੰਦਰ ਤਾਂ ਭਗਤ ਜੀ ਦਾ ਬਹੁਤ ਸਤਿਕਾਰ ਸੀ ਇਸ ਕਰਕੇ ਉਨ੍ਹਾਂ ਦੇ ਅੰਦਰ ਭਗਤ ਪੂਰਨ ਸਿੰਘ ਜੀ ਦੇ ਮਿਲਾਪ ਦੀ ਭਾਵਨਾ ਵਾਰ-ਵਾਰ ਉੱਠਦੀ ਸੀ। ਕੁਝ ਸਮੇਂ ਮਗਰੋਂ ਡਾ: ਇੰਦਰਜੀਤ ਕੌਰ ਫਿਰ ਕਿਸੇ ਦੇ ਨਾਲ ਅੰਮ੍ਰਿਤਸਰ ਕਿਸੇ ਦੀ ਸ਼ਾਦੀ ਵਿੱਚ ਆਏ। ਹੁਣ ਤਕ ਉਨ੍ਹਾਂ ’ਤੇ ਭਗਤ ਜੀ ਦੇ ਜੀਵਨ ਦਾ ਹੋਰ ਵੀ ਅਸਰ ਹੋ ਗਿਆ ਸੀ। ਇਸ ਕਰਕੇ ਨਾਲ ਆਏ ਹੋਰ ਸਾਥੀ ਤਾਂ ਵਿਆਹ ਸ਼ਾਦੀ ਵਿੱਚ ਸ਼ਾਮਲ ਹੋ ਕੇ ਖੁਸ਼ੀਆਂ ਮਨਾ ਰਹੇ ਸਨ ਪਰ ਡਾਕਟਰ ਇੰਦਰਜੀਤ ਕੌਰ ਜੀ ਭਗਤ ਪੂਰਨ ਸਿੰਘ ਜੀ ਨੂੰ ਆ ਮਿਲੇ।



ਸ਼ਬਦਾਂ ਦਾ ਮਿਲਾਪ ਤਾਂ ਬਹੁਤ ਪੁਰਾਣਾ ਸੀ। ਸਿਰਫ਼ ਚਿਹਰਿਆਂ ਨੇ ਇੱਕ ਦੂਜੇ ਨੂੰ ਹੁਣ ਦੇਖਿਆ ਸੀ। ਇਸ ਕਰਕੇ ਸ਼ਬਦਾਂ ਦੇ ਮਿਲਾਪ ਤੋਂ ਮਗਰੋਂ ਸ਼ਖ਼ਸੀਅਤ ਦਾ ਅਸਰ ਹੁੰਦਾ ਹੈ। ਭਗਤ ਜੀ ਦੇ ਸ਼ਬਦਾਂ ਅਨੁਸਾਰ ਹੀ ਉਨ੍ਹਾਂ ਦਾ ਆਪਣਾ ਜੀਵਨ ਸੀ। ਇਸ ਕਰਕੇ ਇਹ ਪਾਕ ਪ੍ਰੀਤ ਬਹੁਤ ਗਹਿਰੇ ਰੂਪ ਵਿੱਚ ਵਧ ਗਈ ਸੀ। ਜਦੋਂ ਵੀ ਡਾਕਟਰ ਇੰਦਰਜੀਤ ਕੌਰ ਨੂੰ ਸਮਾਂ ਮਿਲਦਾ ਸੀ ਤਾਂ ਉਹ ਝੱਟ ਹੀ ਪਿੰਗਲਵਾੜੇ ਪਹੁੰਚ ਜਾਂਦੇ ਸਨ। ਕਾਫ਼ੀ ਸਮਾਂ ਭਗਤ ਜੀ ਨਾਲ ਗੁਜ਼ਾਰਦੇ ਸਨ। ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦੇਖਦੇ ਸਨ। ਸਾਰਿਆਂ ਦੇ ਇਲਾਜ ਦਾ ਪ੍ਰਬੰਧ ਕਰਦੇ ਸਨ। ਭਗਤ ਜੀ ਦੀਆਂ ਲਿਖਤਾਂ ਨੂੰ ਵੀ ਬਹੁਤ ਧਿਆਨ ਨਾਲ ਪੜ੍ਹਦੇ ਸਨ। ਉਨ੍ਹਾਂ ਨੂੰ ਇੱਕ ਲਾਈਨ ਨੇ ਬਹੁਤ ਪ੍ਰਭਾਵਿਤ ਕੀਤਾ ਸੀ। ਉਹ ਲਾਈਨ ਸੀ ਕਿ **“ਕਿੱਤਾ ਮਨੁੱਖ ਨੂੰ ਪ੍ਰਤਿਸ਼ਟਾ ਪ੍ਰਦਾਨ ਨਹੀਂ ਕਰਦਾ, ਇਹ ਮਨੁੱਖ ਹੀ ਹੁੰਦਾ ਹੈ ਜਿਹੜਾ ਕਿਸੇ ਕਿੱਤੇ ਨੂੰ ਪ੍ਰਤਿਸ਼ਟਾ ਪ੍ਰਦਾਨ ਕਰਦਾ ਹੈ।”** ‘ਜਦੋਂ ਡਾ: ਇੰਦਰਜੀਤ ਕੌਰ ਨੇ ਇਹ ਗੱਲ ਭਗਤ ਜੀ ਨਾਲ ਵੀ ਸਾਂਝੀ ਕੀਤੀ ਤਾਂ ਉਹ ਖ਼ੁਦ ਹੀ ਹੱਥ ’ਤੇ ਹੱਥ ਦੀ ਤਾਲੀ ਮਾਰ ਕੇ ਬਹੁਤ ਜ਼ੋਰ ਨਾਲ ਹੱਸਣ ਲੱਗ ਪਏ।ਭਗਤ ਜੀ ਨੇ ਡਾਕਟਰ ਸਾਹਿਬ ਨੂੰ ਐਨੀ ਛੋਟੀ ਉਮਰ ਵਿੱਚ ਐਨੀ ਵੱਡੀ ਸਿੱਖਿਆ ਦੇ ਧਾਰਨੀ ਹੋਣ ਦੀ ਵਧਾਈ ਦਿੱਤੀ। ਭਗਤ ਜੀ ਨੇ ਇਹ ਵੀ ਸੋਚ ਲਿਆ ਸੀ ਕਿ ਡਾ: ਇੰਦਰਜੀਤ ਕੌਰ ਦੇ ਅੰਦਰ ਸੇਵਾ ਭਾਵਨਾ ਦੀ ਚੰਗਿਆੜੀ ਜਗ ਪਈ ਹੈ ਤੇ ਬਸ ਹੁਣ ਇਸ ਨੂੰ ਹੋਰ ਭਖਾਉਣ ਦੀ ਲੋੜ ਹੈ। ਇਨ੍ਹਾਂ ਦੋ ਪਾਕ ਰੂਹਾਂ ਦਾ ਇੱਕ ਸੱਚਾ ਸੁੱਚਾ ਪਿਓ ਧੀ ਵਾਲਾ ਰਿਸ਼ਤਾ ਬਣ ਗਿਆ ਸੀ।’{ਉਹੀ ਪੰਨਾ ੮੦}

ਡਾ: ਹਰਬੰਸ ਸਿੰਘ ਹਰ ਪੱਖ ਤੋਂ ਪਿੰਗਲਵਾੜੇ ਨਾਲ ਤੇ ਭਗਤ ਜੀ ਨਾਲ ਜੁੜੇ ਹੋਏ ਸਨ। ਅਸਲ ਵਿੱਚ ਡਾ: ਹਰਬੰਸ ਸਿੰਘ ਹੋਰਾਂ ਦਾ ਸੁਭਾਅ ਵੀ ਅਜਿਹਾ ਹੀ ਪਰਉਪਕਾਰੀ ਸੀ। ਇਸ ਕਰਕੇ ਜਿੱਥੇ ਵਿਚਾਰ ਰਲਦੇ ਹੋਣ ਉੱਥੇ ਦੋਸਤੀ ਜਲਦੀ ਪੱਲਰਦੀ ਹੈ। ਭਗਤ ਜੀ ਦੀਆਂ ਲਿਖਤਾਂ ਨੂੰ ਡਾ: ਹਰਬੰਸ ਸਿੰਘ ਆਪ ਵੀ ਪੜ੍ਹਦੇ ਤੇ ਲੋਕਾਂ ਨੂੰ ਵੀ ਪੜ੍ਹਨ ਦੀ ਪ੍ਰੇਰਨਾ ਦਿੰਦੇ ਸਨ। ਇਹ ਸਮੇਂ ਦੀ ਅਜੀਬ ਖੇਡ ਸੀ ਕਿ ਐਨੀ ਨੇੜਤਾ ਹੋਣ ਦੇ ਬਾਵਜੂਦ ਵੀ ਕਦੇ ਡਾ: ਹਰਬੰਸ ਸਿੰਘ ਤੇ ਭਗਤ ਜੀ ਇੱਕ ਦੂਜੇ ਨੂੰ ਆਹਮੋ ਸਾਹਮਣੇ ਮਿਲੇ ਨਹੀਂ ਸਨ। ਸੰਨ ੧੯੭੫ ਵਿੱਚ ਡਾ: ਹਰਬੰਸ ਸਿੰਘ ਨੂੰ ਅਕਾਲ ਪੁਰਖ ਦਾ ਸੱਦੜਾ ਆ ਗਿਆ। ਡਾ: ਇੰਦਰਜੀਤ ਕੌਰ ਆਪਣੇ ਸਾਰੇ ਹੀ ਭੈਣ ਭਰਾਵਾਂ ਵਿੱਚੋਂ ਵੱਡੇ ਸਨ ਤੇ ਇਨ੍ਹਾਂ ਨੇ ਸ਼ਾਦੀ ਵੀ ਨਹੀਂ ਕਰਵਾਈ ਸੀ। ਇਸ ਕਰਕੇ ਸਾਰੀ ਜ਼ਿੰਮੇਵਾਰੀ ਦਾ ਭਾਰ ਇਨ੍ਹਾਂ ਦੇ ਮੋਢਿਆਂ ’ਤੇ ਆ ਗਿਆ। ਡਾ: ਇੰਦਰਜੀਤ ਕੌਰ ਨੇ ਆਪਣੇ ਪਿਤਾ ਜੀ ਕੋਲੋਂ ਸੰਸਾਰਿਕ ਤੇ ਧਾਰਮਿਕ ਸਾਰੀ ਸਿੱਖਿਆ ਪ੍ਰਾਪਤ ਕੀਤੀ ਸੀ। ਉਹ ਆਪਣੇ ਪਿਤਾ ਜੀ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਜ਼ਿੰਮੇਵਾਰੀ ਵੱਡੀ ਹੋਵੇ ਪਰ ਸਹਾਰਾ ਦੇਣ ਵਾਲਾ ਚਲਾ ਜਾਵੇ ਤਾਂ ਜ਼ਿੰਮੇਵਾਰੀ ਦਾ ਭਾਰ ਹੋਰ ਵੀ ਜ਼ਿਆਦਾ

ਮਹਿਸੂਸ ਹੁੰਦਾ ਹੈ। ਮਨ ਦੀ ਲਾਲਸਾ ਹੁੰਦੀ ਹੈ ਕਿ ਕੋਈ ਮੇਰੇ ਸਿਰ 'ਤੇ ਹੱਥ ਰੱਖ ਪਿਤਾ ਵਰਗਾ ਪਿਆਰ ਦੇ ਦੇਵੇ। ਡਾ: ਇੰਦਰਜੀਤ ਕੌਰ ਦਾ ਤਾਂ ਪਿਤਾ ਜੀ ਤੇ ਭਗਤ ਪੂਰਨ ਸਿੰਘ ਨਾਲ ਹੀ ਅਜਿਹਾ ਸਨੇਹ ਸੀ। ਸੋ ਕੁਦਰਤੀ ਗੱਲ ਸੀ ਕਿ ਇਹ ਵਿਚਾਰ ਬਣਿਆ ਕਿ ਭਗਤ ਜੀ ਸਾਰੀ ਦੁਨੀਆਂ ਨਾਲ ਭਾਵੇਂ ਹਿਤੈਸ਼ੀ ਹੋ ਕੇ ਵਿਚਰਦੇ ਹਨ ਪਰ ਸਾਨੂੰ ਤਾਂ ਉਨ੍ਹਾਂ ਕੋਲੋਂ ਪਿਤਾ ਜੀ ਵਾਲਾ ਪਿਆਰ ਚਾਹੀਦਾ ਹੈ।

ਜਦੋਂ ਵੀ ਕਦੇ ਮਨੁੱਖ ਉੱਤੇ ਕੋਈ ਮੁਸੀਬਤ ਪੈਂਦੀ ਹੈ ਤਾਂ ਉਸ ਨੂੰ ਆਪਣਾ (ਨਜ਼ਦੀਕੀ) ਹੀ ਚੇਤੇ ਆਉਂਦਾ ਹੈ। ਜਿਸ ਦਾ ਜਿਸ ਨਾਲ ਸਨੇਹ ਹੁੰਦਾ ਹੈ ਉਹ ਉਸ ਕੋਲ ਹੀ ਜਾਂਦਾ ਹੈ। ਅਸਲ ਵਿੱਚ ਕਿਸੇ ਆਪਣੇ ਕੋਲ ਹੀ ਦੁੱਖ ਸੁੱਖ ਤੇ ਦਿਲ ਦੇ ਦਰਦ ਫੋਲੇ ਜਾਂਦੇ ਹਨ।

**ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ॥ ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ॥ਰਹਾਉ॥ ਅਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪਨੇ ਹੀ ਪਹਿ ਬਿਰਥਾ॥ ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ॥**

{ਅੰ: ੧੨੧੫}

### ਭਗਤ ਪੂਰਨ ਸਿੰਘ ਨੇਕ ਪਿਤਾ ਸਨ

ਡਾਕਟਰ ਹਰਬੰਸ ਸਿੰਘ ਜੀ ਦੇ ਚਲਾਣੇ ਤੋਂ ਮਗਰੋਂ ਭਗਤ ਜੀ ਨੂੰ ਵੀ ਇਸ ਘੜੀ ਦਾ ਸੁਨੇਹਾ ਦਿੱਤਾ ਗਿਆ। ਜਦੋਂ ਭਗਤ ਜੀ ਡਾਕਟਰ ਸਾਹਿਬ ਦੇ ਘਰ ਗਏ ਤਾਂ ਭਗਤ ਪੂਰਨ ਸਿੰਘ ਨੂੰ ਇਹ ਬੇਨਤੀ ਕੀਤੀ ਗਈ ਕਿ ਕਿਰਪਾ ਕਰਕੇ ਅਜਿਹੇ ਵਕਤ ਸਾਡੇ ਸਿਰਾਂ 'ਤੇ ਆਪਣਾ ਪਿਆਰ ਭਰਿਆ ਹੱਥ ਰੱਖੋ। ਅਸੀਂ ਤੁਹਾਨੂੰ ਆਪਣੇ ਪਰਿਵਾਰ ਦਾ ਪਿਤਾਮਾ ਸਮਝ ਕੇ ਬੇਨਤੀ ਕਰਦੇ ਹਾਂ ਕਿ ਸਾਨੂੰ ਤੁਹਾਡੇ ਸਹਾਰੇ ਦੀ ਜ਼ਰੂਰਤ ਹੈ। ਭਗਤ ਪੂਰਨ ਸਿੰਘ ਵੀ ਇਸ ਭੋਗ 'ਤੇ ਆਏ ਤੇ ਉਨ੍ਹਾਂ ਨੇ ਪਰਿਵਾਰ ਨੂੰ ਬਹੁਤ ਪਿਆਰ ਦਿੱਤਾ। ਜਦੋਂ ਭਗਤ ਜੀ ਵਾਪਸ ਪਿੰਗਲਵਾੜੇ ਆ ਗਏ ਤਾਂ ਉਹ ਇਸ ਪਰਿਵਾਰ ਤੋਂ ਮਿਲੇ ਹੋਏ ਸਨੇਹ ਨੂੰ ਪਹਿਚਾਣ ਚੁੱਕੇ ਸੀ। ਇਹ ਸਨੇਹ ਆਮ ਲੋਕਾਂ ਵਾਲਾ ਨਹੀਂ ਸੀ ਬਲਕਿ ਇੱਕ ਬਾਪ ਨੂੰ ਉਸ ਦੀ ਔਲਾਦ ਵੱਲੋਂ ਦਿੱਤਾ ਹੋਇਆ ਮੁਹੱਬਤਾਂ ਭਰਿਆ ਪਵਿੱਤਰ ਤੋਹਫ਼ਾ ਸੀ। ਇਸ ਨਾਲ ਭਗਤ ਜੀ ਨੂੰ ਵੀ ਲੱਗਿਆ ਕਿ ਮੇਰਾ ਪਿੰਗਲਵਾੜੇ ਦੇ ਪਰਿਵਾਰ ਦੇ ਨਾਲ-ਨਾਲ ਇਹ ਵੀ ਪਰਿਵਾਰ ਹੈ। ਉਨ੍ਹਾਂ ਨੇ ਵਾਪਸ ਆ ਕੇ ਆਪਣੇ ਦਿਲੀ ਵਲਵਲੇ ਇੱਕ ਲਿਖਤੀ ਰੂਪ ਵਿੱਚ ਭੇਜੇ।

"ਮੈਂ ਤੁਹਾਡੇ ਘਰ ਤੁਹਾਡੇ ਪਿਤਾ ਜੀ ਦੀਆਂ ਰਸਮਾਂ ਵਿੱਚ ਸ਼ਾਮਲ ਹੋਣ ਲਈ ਆਇਆ ਸੀ। ਮੈਂ ਦੇਖਿਆ ਕਿ ਤੁਹਾਡਾ ਘਰ ਤਾਂ ਰੱਬ ਦੇ ਰੰਗਾਂ ਵਿੱਚ ਰੰਗਿਆ ਹੋਇਆ ਹੈ। ਇਸ ਮਾਹੌਲ ਨੇ ਮੇਰੇ ਵਿੱਚ ਸਤਿਕਾਰ ਦੀ ਉਹ ਭਾਵਨਾ ਜਗਾਈ ਜਿਹੜੀ ਮੈਂ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਦਾਖ਼ਲ ਹੋਣ



ਸਮੇਂ ਮਹਿਸੂਸ ਕਰਦਾ ਹਾਂ। ਤੁਹਾਡੇ ਭੈਣਾਂ-ਭਰਾਵਾਂ ਤੇ ਸਮੁੱਚੇ ਪਰਿਵਾਰ ਨੇ ਮੈਨੂੰ ਦਿਲੋਂ ਜੀ ਆਇਆਂ ਕਿਹਾ ਅਤੇ ਆਪਣੇ ਪਰਿਵਾਰ ਦੇ ਜੀਅ ਦੀ ਤਰ੍ਹਾਂ ਪਿਆਰ ਸਤਿਕਾਰ ਦਿੱਤਾ।ਅੱਜ ਤੋਂ ਬਾਅਦ ਮੈਂ ਆਪਣੇ ਆਪ ਨੂੰ ਤੁਹਾਡੇ ਪਰਿਵਾਰ ਦਾ ਮੈਂਬਰ ਹੀ ਸਮਝਾਂਗਾ।"{ਉਹੀ ਪੰਨਾ ੮੧}।

ਡਾ: ਇੰਦਰਜੀਤ ਕੌਰ ਦੇ ਸਿਰ 'ਤੇ ਘਰ ਦੀ ਵੀ ਜ਼ਿੰਮੇਵਾਰੀ ਸੀ ਤੇ ਪਿਤਾ ਜੀ ਦੀ ਕਲੀਨਿਕ ਨੂੰ ਵੀ ਸੰਭਾਲਣਾ ਸੀ। ਡਾ: ਹਰਬੰਸ ਸਿੰਘ ਨੇ ਮਰੀਜ਼ਾਂ ਨਾਲ ਅਜਿਹਾ ਪਿਆਰ ਬਣਾਇਆ ਹੋਇਆ ਸੀ ਕਿ ਹਰ ਕੋਈ ਉਨ੍ਹਾਂ ਨੂੰ ਆਪਣਾ ਹੀ ਸਮਝਦਾ ਸੀ। ਸੋ ਡਾ: ਇੰਦਰਜੀਤ ਕੌਰ ਇੱਕ ਐਤਵਾਰ ਛੱਡ ਕੇ ਸੰਗਰੂਰ ਤੋਂ ਪਿੰਗਲਵਾੜੇ ਆਉਂਦੇ, ਮਰੀਜ਼ਾਂ ਦੀ ਸੇਵਾ ਕਰਦੇ, ਭਗਤ ਜੀ ਨਾਲ ਵਿਚਾਰਾਂ ਕਰਦੇ ਤੇ ਵਾਪਸ ਚਲੇ ਜਾਂਦੇ। ਭਗਤ ਜੀ ਵੀ ਇੱਕ ਸਿਆਣੀ ਧੀ ਵਾਂਗ ਡਾ: ਇੰਦਰਜੀਤ ਕੌਰ ਨੂੰ ਪਿਆਰ ਦਿੰਦੇ ਸਨ। ਸਟੇਸ਼ਨ 'ਤੇ ਆਪ ਛੱਡਣ ਵਾਸਤੇ ਜਾਂਦੇ। ਰਾਹ ਵਿੱਚ ਜਾਂਦੇ ਹੋਏ ਵੀ ਕੁਝ ਨਸੀਹਤਾਂ, ਕੁਝ ਸਿੱਖਿਆ ਤੇ ਨਾਲ ਹੀ ਕੁਝ ਸਲਾਹਾਂ ਆਪਸ ਵਿੱਚ ਸਾਂਝੀਆਂ ਕਰਦੇ ਰਹਿੰਦੇ ਸਨ, ਜਿਸ ਨਾਲ ਡਾ: ਇੰਦਰਜੀਤ ਕੌਰ ਹੋਰ ਵੀ ਬੁਲੰਦ ਹੌਸਲੇ ਨਾਲ ਜਿੱਥੇ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਿਤ ਹੁੰਦੇ ਉੱਥੇ ਨਾਲ ਹੀ ਸਾਹਸ ਤੇ ਹਿੰਮਤ ਨਾਲ ਜਿਊਣ ਦੀ ਪ੍ਰੇਰਨਾ ਲੈਂਦੇ ਸਨ।

ਇੱਕ ਵਾਰੀ ਭਗਤ ਪੂਰਨ ਸਿੰਘ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਡਾਕਟਰ ਨੂੰ ਚੈੱਕ ਅੱਪ ਕਰਵਾਇਆ ਤਾਂ ਪਤਾ ਲੱਗਾ ਕਿ ਗਦੂਦਾਂ ਵਧ ਗਈਆਂ ਹਨ ਤੇ ਓਪਰੇਸ਼ਨ ਕਰਨਾ ਪੈਣਾ ਹੈ। ਭਗਤ ਜੀ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਡਾ: ਇੰਦਰਜੀਤ ਕੌਰ ਨੂੰ ਵੀ ਕਿਸੇ ਸੇਵਾਦਾਰ ਨੇ ਟੈਲੀਫ਼ੋਨ ਕਰ ਦਿੱਤਾ। ਡਾ: ਜੀ ਨੇ ਤਾਂ ਸਭ ਕੁਝ ਛੱਡ ਛੁਡਾ ਕੇ ਝੱਟ ਅੰਮ੍ਰਿਤਸਰ ਸਾਹਿਬ ਪਹੁੰਚਣ ਦੀ ਕੀਤੀ। ਓਪਰੇਸ਼ਨ ਤੋਂ ਪਹਿਲਾਂ ਮਰੀਜ਼ ਦਾ ਅਨੀਮਾ ਕੀਤਾ ਜਾਂਦਾ ਹੈ। ਜਦੋਂ ਭਗਤ ਜੀ ਦਾ ਅਨੀਮਾ ਕੀਤਾ ਸੀ ਤਾਂ ਸਾਬਣ ਵਧੀਆ ਨਾ ਹੋਣ ਕਰਕੇ ਭਗਤ ਜੀ ਨੂੰ ਖ਼ੂਨ ਦੀਆਂ ਟੱਟੀਆਂ ਲੱਗ ਗਈਆਂ ਸਨ। ਭਗਤ ਜੀ ਦੀ ਹਾਲਤ ਬਹੁਤ ਨਾਜ਼ਕ ਜਿਹੀ ਹੋ ਗਈ ਸੀ। ਕਈਆਂ ਨੂੰ ਤਾਂ ਇਸ ਤਰ੍ਹਾਂ ਵੀ ਲੱਗ ਰਿਹਾ ਸੀ ਕਿ ਇਹ ਗ਼ਰੀਬਾਂ ਅਨਾਥਾਂ ਦਾ ਮਸੀਹਾ ਸਾਨੂੰ ਇਕੱਲਿਆਂ ਹੀ ਨਾ ਛੱਡ ਜਾਵੇ। ਭਗਤ ਪੂਰਨ ਸਿੰਘ ਨੂੰ ਬਾਕੀ ਡਾਕਟਰਾਂ ਨੇ ਵੀ ਚੰਗੀ ਤਰ੍ਹਾਂ ਸੰਭਾਲਿਆ ਸੀ ਪਰ ਜਿਹੜੀ ਸੇਵਾ ਡਾ: ਇੰਦਰਜੀਤ ਕੌਰ ਨੇ ਕੀਤੀ ਸੀ ਉਹ ਤਾਂ ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਉਨ੍ਹਾਂ ਦੇ ਪਿਤਾ ਡਾ: ਹਰਬੰਸ ਸਿੰਘ ਦੇ ਅਕਾਲ ਚਲਾਣੇ ਵੇਲੇ, ਉਹ ਮੌਤ ਦੇ ਹੱਥਾਂ ਨੂੰ ਰੋਕ ਨਹੀਂ ਸਕੇ ਸਨ ਪਰ ਇਸ ਵਾਰੀ ਉਨ੍ਹਾਂ ਨੇ ਮੌਤ ਨੂੰ ਵੀ ਡੱਕ ਦਿੱਤਾ ਸੀ। ਸਾਰਿਆਂ ਦੀ ਨਾਉਮੀਦੀ ਉਮੀਦੀ ਵਿੱਚ ਬਦਲ ਕੇ ਖ਼ੁਸ਼ੀਆਂ ਤੇ ਖੇੜਿਆਂ ਭਰੀ ਬਣ ਗਈ ਸੀ। ਇਨ੍ਹਾਂ ਪਾਕ

ਰੂਹਾਂ ਦੀ ਸਾਂਝ ਹੋਰ ਵੀ ਗਹਿਰੀ ਹੋ ਗਈ। ਭਗਤ ਜੀ ਨੇ ਤਾਂ ਡਾ: ਇੰਦਰਜੀਤ ਕੌਰ ਨੂੰ ਇਹ ਸ਼ਬਦ ਵੀ ਕਹਿ ਦਿੱਤੇ ਸਨ ਕਿ ਰਿਸ਼ਤੇ ਪੱਖੋਂ ਤਾਂ ਤੂੰ ਮੇਰੀ ਧੀ ਹੈਂ ਪਰ ਅੱਜ ਮੇਰੀ ਅਥਾਹ ਸੇਵਾ ਕਰਦਿਆਂ ਦੇਖ ਕੇ, ਮੈਨੂੰ ਤੇਰੇ ਵਿੱਚ ਆਪਣੀ ਮਾਂ ਵੀ ਦਿੱਸਦੀ ਸੀ—ਤੇ ਭਗਤ ਜੀ ਇਸ ਸੇਵਾ ਮਗਰੋਂ ਕਈ ਵਾਰੀ ਮਾਂ ਕਹਿ ਵੀ ਦਿੰਦੇ ਸਨ ਕਿ ਅਜਿਹੀ ਪਿਆਰ ਭਾਵਨਾ ਵਾਲੀ ਸੇਵਾ ਤਾਂ ਮਾਂ ਹੀ ਕਰ ਸਕਦੀ ਹੈ। ਡਾ: ਇੰਦਰਜੀਤ ਕੌਰ ਨੇ ਪਿਆਰ ਨਾਲ ਕਿਹਾ ਕਿ ਬਾਬਾ ਜੀ ਜਿੰਨੀ ਮੈਨੂੰ ਪਿਓ ਧੀ ਵਾਲੇ ਰਿਸ਼ਤੇ ਵਿੱਚ ਪ੍ਰੇਮ ਭਾਵਨਾ ਬਣਦੀ ਹੈ ਉਤਨਾ ਮੈਨੂੰ ਇਹ ਮਾਂ ਵਾਲਾ ਸ਼ਬਦ ਪਿਆਰਾ ਨਹੀਂ ਲੱਗਦਾ। ਭਗਤ ਪੂਰਨ ਸਿੰਘ ਜੀ ਹਰ ਕਿਸੇ ਦੀਆਂ ਭਾਵਨਾਵਾਂ ਦਾ ਬਹੁਤ ਖ਼ਿਆਲ ਕਰਦੇ ਸਨ।ਇਹ ਤਾਂ ਰਿਸ਼ਤਾ ਹੀ ਬਹੁਤ ਨਿਵੇਕਲਾ ਧੀ ਵਾਲਾ ਸੀ। ਇਸ ਕਰਕੇ ਭਗਤ ਜੀ ਨੇ ਮੁੜ ਡਾਕਟਰ ਇੰਦਰਜੀਤ ਕੌਰ ਨੂੰ ਕਦੇ ਵੀ ਮਾਂ ਨਹੀਂ ਸੀ ਕਿਹਾ ਸਗੋਂ ਧੀ ਕਹਿ ਕੇ ਹੀ ਬੁਲਾਉਂਦੇ ਸਨ।

ਭਗਤ ਜੀ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਸਾਰੇ ਹੀ ਸਨੇਹੀਆਂ ਦੀ ਦੁਨੀਆਂ ਵਿੱਚ ਜਿਵੇਂ ਭੁਚਾਲ ਜਿਹਾ ਹੀ ਆ ਗਿਆ ਸੀ।ਹਰ ਕੋਈ ਆਮ ਤੇ ਖ਼ਾਸ ਅਸਰ ਰਸੂਖ ਵਾਲੇ ਲੱਗਦੀ ਵਾਹ ਭਗਤ ਜੀ ਦੀ ਖ਼ਬਰ ਲੈਣ ਲਈ ਆਏ। ਜਦੋਂ ਇਹ ਖ਼ਬਰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵੀ ਪਤਾ ਲੱਗੀ ਤਾਂ ਉਹ ਵੀ ਖ਼ਬਰ ਲੈਣ ਆਏ। ਉਨ੍ਹਾਂ ਦੇ ਨਾਲ ਸਕਿਉਰਟੀ ਵਾਲੇ ਵੀ ਸਨ। ਉਹ ਭਗਤ ਜੀ ਦੇ ਕੋਲ ਸਕਿਉਰਟੀ ਵਾਲਿਆਂ ਦੇ ਸਮੇਤ ਹੀ ਆ ਗਏ ਤੇ ਕੁਰਸੀ 'ਤੇ ਬੈਠ ਗਏ ਸਨ। ਬਾਬਾ ਜਰਨੈਲ ਸਿੰਘ ਜੀ ਨੇ ਤਾਂ ਬਚਨਾਂ ਦੀ ਸਾਂਝ ਨਾ ਕੀਤੀ ਪਰ ਉਨ੍ਹਾਂ ਨਾਲ ਆਏ ਸਕਿਉਰਟੀ ਵਾਲੇ ਸੇਵਾਦਾਰ ਨੇ ਹੀ ਭਗਤ ਜੀ ਦੀ ਖ਼ਬਰਸਾਰ ਡਾਕਟਰ ਇੰਦਰਜੀਤ ਕੌਰ ਤੋਂ ਪੁੱਛੀ। ਸੇਵਾਦਾਰ ਨੇ ਹੋਰ ਕਿਸੇ ਸੇਵਾ ਦੀ ਲੋੜ ਬਾਰੇ ਵੀ ਪੁੱਛਿਆ ਤਾਂ ਡਾਕਟਰ ਜੀ ਨੇ ਧੰਨਵਾਦ ਕੀਤਾ। ਇਸ ਨਾਲ ਬਾਬਾ ਜਰਨੈਲ ਸਿੰਘ ਵਾਪਸ ਚਲੇ ਗਏ। ਡਾ: ਇੰਦਰਜੀਤ ਕੌਰ ਜੀ ਨੇ ਧੰਨਵਾਦ ਕੀਤਾ ਤੇ ਉਹ ਚਲੇ ਗਏ। {ਡਾ:ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੧੪), ਪੰਨਾ ੧੨੯}।

ਭਗਤ ਜੀ ਨੇ ਆਪਣੀ ਮਾਤਾ ਮਹਿਤਾਬ ਕੌਰ ਨਾਲ ਚੜ੍ਹਾਈ ਕਰਨ ਵੇਲੇ ਜੋ ਪ੍ਰਣ ਕੀਤੇ ਸਨ। ਉਨ੍ਹਾਂ ਪ੍ਰਣਾਂ ਵਿੱਚੋਂ ਹੀ ਪੈਦਾ ਹੋਇਆ ਪਿੰਗਲਵਾੜਾ ਸੀ। ਪਿੰਗਲਵਾੜਾ ਭਗਤ ਜੀ ਦੀਆਂ ਭਾਵਨਾਵਾਂ ਦੀਆਂ ਲੋਰੀਆਂ ਲੈ ਕੇ ਪਲਿਆ ਸੀ। ਇਹ ਭਗਤ ਜੀ ਦੇ ਦਿਲ ਦਾ ਚਾਉ ਸੀ। ਗ਼ਰੀਬਾਂ ਅਨਾਥਾਂ ਲਈ ਸੁੱਖਾਂ ਦਾ ਆਲ੍ਹਣਾ ਬਣਾਉਣਾ ਉਨ੍ਹਾਂ ਦਾ ਸੁਪਨਾ ਸੀ। ਭਗਤ ਜੀ ਤੇ ਪਿਆਰੇ ਦੇ ਪਿਆਰ ਵਿੱਚੋਂ ਜਨਮਿਆ ਪਿੰਗਲਵਾੜਾ ਸੀ। ਇਸ ਕਰਕੇ ਭਗਤ ਜੀ ਹਮੇਸ਼ਾਂ ਹੀ ਪਿੰਗਲਵਾੜੇ ਦੀ ਸਫਲਤਾ ਲਈ ਸੋਚਦੇ ਰਹਿੰਦੇ ਸਨ। ਜਦੋਂ ਭਗਤ ਜੀ ਬਹੁਤ ਬਿਮਾਰ ਹੋਏ ਸਨ ਤਾਂ ਇਨ੍ਹਾਂ ਦਿਨਾਂ ਨੇ ਇਹ ਸੋਚ ਵੀ ਪੈਦਾ ਕਰ ਦਿੱਤੀ



ਸੀ ਕਿ ਜੇਕਰ ਮੈਨੂੰ ਕੁਝ ਹੋ ਜਾਂਦਾ ਹੈ ਤਾਂ ਇਸ ਪਿੰਗਲਵਾੜੇ ਦਾ ਕੀ ਹੋਵੇਗਾ? ਗਹਿਰੀ ਸੋਚ ਨਾਲ ਤੇ ਜੀਵਨ ਭਰ ਦੇ ਤਜਰਬੇ ਨਾਲ ਇਹ ਸੋਚਣਾ ਸ਼ੁਰੂ ਕੀਤਾ ਕਿ ਹੁਣ ਮੈਨੂੰ ਆਪਣੀ ਥਾਂ 'ਤੇ ਸੰਭਾਲਣ ਵਾਲਾ ਵੀ ਲੱਭ ਲੈਣਾ ਚਾਹੀਦਾ ਹੈ।ਸੋਚ ਨੇ ਕਈ ਤਸਵੀਰਾਂ ਸਾਹਮਣੇ ਲਿਆਂਦੀਆਂ, ਪਰ ਸਭ ਤੋਂ ਜ਼ਿਆਦਾ ਤਸਵੀਰ ਡਾ: ਇੰਦਰਜੀਤ ਕੌਰ ਦੀ ਸਪੱਸ਼ਟ ਸੀ। ਉਨ੍ਹਾਂ ਨੇ ਮਨ ਹੀ ਮਨ ਇਹ ਫ਼ੈਸਲਾ ਕਰ ਲਿਆ ਕਿ ਡਾ: ਇੰਦਰਜੀਤ ਕੌਰ ਨੂੰ ਪਿੰਗਲਵਾੜੇ ਦੀ ਸੇਵਾ ਸੰਭਾਲ ਸੌਂਪ ਦੇਣੀ ਹੈ। ਭਗਤ ਜੀ ਦੀ ਚੋਣ ਹਮੇਸ਼ਾਂ ਹੀ ਨਿਵੇਕਲੀ ਹੁੰਦੀ ਸੀ। ਇਹ ਚੋਣ ਭਾਵੇਂ ਕਿਸੇ ਕਿਤਾਬ ਨੂੰ ਚੁਣਨਾ ਹੋਵੇ, ਕਿਸੇ ਦਾਨੀ ਪੁਰਖ ਦੀ ਚੋਣ ਹੋਵੇ ਜਾਂ ਕਿਸੇ ਨੂੰ ਕੁਝ ਦੇਣ ਦੀ ਵੀ ਚੋਣ ਹੋਵੇ ਤਾਂ ਵੀ ਨਿਰਾਲੀ ਹੀ ਸੋਚ ਹੁੰਦੀ ਸੀ। ਡਾ: ਇੰਦਰਜੀਤ ਕੌਰ ਦੀ ਚੋਣ ਤਾਂ ਫਿਰ ਕਮਾਲ ਦੀ ਹੀ ਚੋਣ ਸੀ। ਇਸ ਦੀ ਸੋਚ ਵੀ ਸ਼ਾਇਦ ਭਗਤ ਜੀ ਨੂੰ ਸਿੱਖੀ ਵਿਰਸੇ ਵਿੱਚੋਂ ਹੀ ਲੱਭੀ ਹੋਵੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਵਿੱਚ ਪਾਇਆ ਸੀ। ਇਸ ਤਰ੍ਹਾਂ ਹੀ ਹੋ ਸਕਦਾ ਹੈ ਕਿ ਭਗਤ ਜੀ ਨੇ ਸੋਚਿਆ ਹੋਵੇ ਕਿ ਡਾ: ਇੰਦਰਜੀਤ ਕੌਰ ਨੇ ਆਪਣੇ ਹੀ ਖ਼ਿਆਲਾਂ ਅਨੁਸਾਰ ਸ਼ਾਦੀ ਨਹੀਂ ਕਰਵਾਈ ਸੀ ਤੇ ਇਸ ਸੁੱਚੀ ਗੋਦ ਵਿੱਚ ਪਿੰਗਲਵਾੜੇ ਦੇ ਬੱਚਿਆਂ ਨੂੰ ਪਾ ਦਿਆਂ ਤਾਂ ਕਿ ਸੱਚਾ ਤੇ ਨਿੱਘਾ ਪਿਆਰ ਮਿਲਦਾ ਰਹੇ।

### ਭਗਤ ਪੂਰਨ ਸਿੰਘ ਜੀ ਅਨੋਖੀ ਕਿਸਮ ਦੇ ਕਦਰਦਾਨ ਸਨ

ਭਗਤ ਜੀ ਦੀ ਹਰ ਗੱਲ ਤੋਂ ਸ਼ਖ਼ਸੀਅਤ ਵੱਖਰੀ ਕਿਸਮ ਦੀ ਸੀ।ਉਹ ਪਿੰਗਲਵਾੜੇ ਨੂੰ ਦਾਨ ਦੇਣ ਵਾਲੇ ਹਰ ਬੰਦੇ ਦੀ ਕਦਰ ਕਰਦੇ ਸਨ।ਆਮ ਲੋਕੀਂ ਤਾਂ ਜ਼ਿਆਦਾ ਪੈਸਾ ਦੇਣ ਵਾਲੇ ਨੂੰ ਮਹਾਨਤਾ ਦਿੰਦੇ ਹਨ ਜਾਂ ਅਮੀਰ ਲੋਕਾਂ ਦੀ ਖੁਸ਼ਾਮਦੀ ਕਰਦੇ ਹਨ ਪਰ ਭਗਤ ਜੀ ਸਾਰਿਆਂ ਨੂੰ ਹੀ ਇੱਕ ਅੱਖ ਨਾਲ ਦੇਖਦੇ ਸਨ। ਭਗਤ ਜੀ ਦੇਖ ਲੈਂਦੇ ਸਨ ਕਿ ਕੋਈ ਕਿਵੇਂ ਤੇ ਕਿੱਥੇ ਸੌਖੇ ਜਿਹੇ ਢੰਗ ਨਾਲ ਦਾਨ ਦੇ ਸਕਦਾ ਹੈ ਤੇ ਆਪਣੇ ਆਪ ਨੂੰ ਉਸ ਅਨੁਸਾਰੀ ਹੀ ਕਰ ਲੈਂਦੇ ਸਨ। ਭਗਤ ਜੀ ਨੂੰ ਕੈਪਟਨ ਤੇਜਰਜਿੰਦਰ ਸਿੰਘ ਸਵੇਰੇ ਸੱਤ ਵਜੇ ਪ੍ਰਚਾਰ ਅਸਥਾਨ ਘੰਟਾ ਘਰ ਕੋਲ ਮਿਲਿਆ ਕਰਦੇ ਸਨ। ਇੱਕ ਵਾਰੀ ਭਗਤ ਜੀ ਪ੍ਰਚਾਰ ਅਸਥਾਨ 'ਤੇ ਬਹੁਤ ਦੇਰ ਨਾਲ ਆਏ। ਤੇਜਰਜਿੰਦਰ ਸਿੰਘ ਨੂੰ ਇਹ ਫ਼ਿਕਰ ਲੱਗਾ ਕਿ ਭਗਤ ਜੀ ਤਾਂ ਕਦੇ ਲੇਟ ਨਹੀਂ ਹੁੰਦੇ। ਇਸ ਕਰਕੇ ਉਹ ਸੋਚਣ ਲੱਗ ਪਏ ਕਿ ਰੱਬ ਕਿਰਪਾ ਕਰੇ ਭਗਤ ਜੀ ਦੀ ਸਿਹਤ ਠੀਕ ਠਾਕ ਹੋਵੇ। ਕੁਝ ਸਮੇਂ ਮਗਰੋਂ ਹੀ ਭਗਤ ਜੀ ਵੀ ਆ ਗਏ, ਤਾਂ ਉਨ੍ਹਾਂ ਨੂੰ ਲੇਟ ਹੋਣ ਦੇ ਕਾਰਨ ਸੰਬੰਧੀ ਪਿਆਰ ਨਾਲ ਪੁੱਛਿਆ ਕਿ ਕੀ ਗੱਲ ਹੋ ਗਈ ਸੀ? ਭਗਤ ਜੀ ਕਹਿਣ ਲੱਗੇ ਕਿ ਦਰਬਾਰ ਸਾਹਿਬ ਦੇ ਝੰਡਿਆਂ ਬੁੰਗਿਆਂ ਦੇ ਕੋਲ ਇੱਕ ਦਾਨੀ ਹਰ ਰੋਜ਼ ਹੀ ਪਿੰਗਲਵਾੜੇ ਲਈ ਦਾਨ ਦਿੰਦਾ ਹੈ ਤੇ ਅੱਜ ਉਹ ਲੇਟ ਹੋ ਗਿਆ ਸੀ। ਉਸ ਦੀ ਉਡੀਕ ਵਿੱਚ ਮੈਂ ਵੀ ਲੇਟ

ਹੋ ਗਿਆ ਹਾਂ। ਸਾਰਿਆਂ ਦੇ ਮਨ ਵਿੱਚ ਉਤਸੁਕਤਾ ਸੀ ਕਿ ਉਹ ਦਾਨੀ ਬਹੁਤ ਕੁਝ ਦਾਨ ਕਰਦਾ ਹੋਵੇਗਾ ਤਦ ਕਰਕੇ ਹੀ ਭਗਤ ਜੀ ਨੇ ਉਸ ਨੂੰ ਉਡੀਕਿਆ ਹੈ। ਸੇਵਕ ਨੇ ਕਿਹਾ ਕਿ ਉਹ ਕਿੰਨੇ ਪੈਸੇ ਦਿੰਦਾ ਹੈ? ਪਹਿਲਾਂ ਤਾਂ ਭਗਤ ਜੀ ਚੁੱਪ ਹੀ ਰਹੇ ਪਰ ਮਗਰੋਂ ਸੇਵਾਦਾਰਾਂ ਦੀ ਉਤਸੁਕਤਾ ਨੂੰ ਦੇਖਦਿਆਂ ਆਪਣੀ ਜੇਬ ਵਿੱਚੋਂ ਪੱਚੀ ਪੈਸੇ ਤਲੀ 'ਤੇ ਰੱਖ ਕੇ ਕਹਿਣ ਲੱਗੇ ਕਿ ਉਹ ਐਨੇ ਪੈਸੇ ਦਿੰਦਾ ਹੈ। ਇਨ੍ਹਾਂ ਦੇ ਸਹਿਯੋਗ ਨਾਲ ਹੀ ਪਿੰਗਲਵਾੜੇ ਦਾ ਖ਼ਰਚ ਚੱਲਦਾ ਹੈ। ਸਾਰੇ ਹੀ ਹੈਰਾਨ ਸਨ ਕਿ ਪੱਚੀ ਪੈਸੇ ਪਿੱਛੇ ਵੀ ਕਿੰਨੀ ਦੇਰ ਲਗਾ ਦਿੱਤੀ ਸੀ। ਭਗਤ ਜੀ ਦਾਨੀ ਦੇ ਲੇਟ ਹੋਣ ਦੇ ਬਾਵਜੂਦ ਵੀ ਕੁਝ ਸਮਾਂ ਉਸ ਨੂੰ ਉਡੀਕ ਕੇ ਆਏ ਸਨ। ਭਗਤ ਜੀ ਦਾ ਇਸ ਤਰ੍ਹਾਂ ਕਿਸੇ ਨੂੰ ਉਡੀਕਣਾ ਇਹ ਅਸਲ ਵਿੱਚ ਭਗਤ ਜੀ ਦਾ ਉਸ ਦਾਨੀ ਨੂੰ ਦਿੱਤਾ ਹੋਇਆ ਅਥਾਹ ਸਤਿਕਾਰ ਸੀ। {ਜਨਮ ਸ਼ਤਾਬਦੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੦੪), ਪੰਨਾ ੩੬}।

ਆਮ ਸੰਸਾਰੀ ਭਗਤਾਂ ਨੂੰ ਦੇਖੀਏ ਤਾਂ ਕਿਸੇ ਬਾਰੇ ਸੁਣੀਂਦਾ ਹੈ ਕਿ ਇਹ ਜੰਗਲਾਂ ਵਿੱਚੋਂ ਕੁਝ ਲੱਭ ਕੇ ਲਿਆਏ ਹਨ। ਭਾਵ ਜੰਗਲੀਂ ਸਮਾਧੀਆਂ ਲਾਈਆਂ ਹਨ।ਕਿਸੇ ਬਾਰੇ ਇਹ ਚਰਚਾ ਹੁੰਦੀ ਹੈ ਕਿ ਇਹ ਭੋਰੇ ਵਿੱਚ ਕਠਨ ਤਪੱਸਿਆ ਕਰਨ ਵਾਲੇ ਹਨ। ਕਿਸੇ ਬਾਰੇ ਕੁਝ ਸੁਣੀਂਦਾ ਹੈ ਤੇ ਕਿਸੇ ਬਾਰੇ ਕੁਝ ਹੋਰ ਹੀ ਕਥਾ ਕਹਾਣੀਆਂ ਹੁੰਦੀਆਂ ਹਨ। ਭਗਤ ਜੀ ਦੀ ਤਾਂ ਹਰ ਗੱਲ ਹੀ ਅਨੋਖੇ ਢੰਗ ਦੀ ਹੁੰਦੀ ਸੀ। ਇਨ੍ਹਾਂ ਨੇ ਭੋਰਿਆਂ ਜਾਂ ਜੰਗਲਾਂ ਵਿੱਚ ਸਮਾਧੀਆਂ ਲਾਉਣ ਦੀ ਥਾਂ 'ਤੇ ਸਗੋਂ ਲਾਇਬਰੇਰੀਆਂ ਵਿੱਚੋਂ ਕਿਤਾਬਾਂ ਦਾ ਮੰਥਨ ਕੀਤਾ ਹੁੰਦਾ ਸੀ। ਕਿਤਾਬਾਂ ਵਿੱਚ ਪਏ ਗਿਆਨ ਦੇ ਮੋਤੀ ਲੋਕਾਂ ਦੀਆਂ ਝੋਲੀਆਂ ਵਿੱਚ ਪਾਉਣ ਲਈ ਇਕੱਤਰ ਕੀਤੇ ਸਨ। ਕਈ ਕਦਰਦਾਨ ਫਿਰ ਇਨ੍ਹਾਂ ਨਾਲ ਨੇੜਤਾ ਵੀ ਰੱਖਦੇ ਸਨ। ਭਗਤ ਜੀ ਨੂੰ ਸਕੂਲਾਂ ਕਾਲਜਾਂ ਵਿੱਚ ਲੈਕਚਰ ਕਰਨ ਲਈ ਸੱਦਦੇ ਰਹਿੰਦੇ ਸਨ। ਇੱਕ ਵਾਰੀ ਗੁਰੂ ਤੇਗ ਬਹਾਦਰ ਕਾਲਜ ਮੰਡਿਆਲੇ, ਬੁਤਾਲੇ ਪ੍ਰਿੰਸੀਪਲ ਸ਼ੇਰਗਿੱਲ ਨੇ ਸੱਦਿਆ। ਭਗਤ ਜੀ ਇਕੱਲੇ ਹੀ ਚਲੇ ਗਏ। ਉਨ੍ਹਾਂ ਨੇ ਨਿੱਘਾ ਸੁਆਗਤ ਕੀਤਾ ਤੇ ਭਗਤ ਜੀ ਦੇ ਗਲੇ ਵਿੱਚ ਫੁੱਲਾਂ ਦੇ ਹਾਰ ਪਾਏ। ਭਗਤ ਜੀ ਨੇ ਉਸ ਵਕਤ ਹੀ ਆਪਣਾ ਗਿਆਨ ਵੰਡਣਾ ਸ਼ੁਰੂ ਕਰ ਦਿੱਤਾ ਤੇ ਸਾਰਿਆਂ ਨੂੰ ਪਿਆਰ ਨਾਲ ਸਮਝਾਇਆ ਕਿ ਇਸ ਤਰ੍ਹਾਂ ਫੁੱਲਾਂ ਨੂੰ ਉਜਾੜਨ ਦੀ ਥਾਂ 'ਤੇ ਇਨ੍ਹਾਂ ਵੱਲੋਂ ਲਾਈ ਮਹਿਕ ਦੀ ਹੱਟ ਤੋਂ ਹਰ ਰੋਜ਼ ਹੀ ਸਾਨੂੰ ਅਨੰਦ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਫੁੱਲ ਤੋੜ ਕੇ ਭੇਟਾ ਕਰਨ ਨਾਲੋਂ ਜ਼ਿਆਦਾ ਚੰਗਾ ਹੈ ਕਿ ਇਨ੍ਹਾਂ ਨੂੰ ਰੱਬੀ ਮੌਜ ਵਿੱਚ ਖਿੜੇ ਰਹਿਣ ਦੇਈਏ।

### ਸਹੁ ਦਾ ਬਉਰਾਨਾ

ਜਦੋਂ ਕੋਈ ਸਹੁ ਦਾ ਦੀਵਾਨਾ ਬਣ ਜਾਂਦਾ ਹੈ ਤਾਂ ਉਹ ਦੁਨੀਆਂ ਲਈ ਬਉਰਾਨਾ ਹੀ ਬਣ ਜਾਂਦਾ ਹੈ। ਉਸ ਨੂੰ ਕਦੇ ਇਸ ਗੱਲ ਦਾ ਖ਼ਿਆਲ ਹੀ ਨਹੀਂ



ਹੁੰਦਾ ਕਿ ਮੈਂ ਕਿਹੋ ਜਿਹਾ ਹਾਂ ਤੇ ਮੈਂ ਕਿਹੋ ਜਿਹਾ ਬਣ ਕੇ ਰਹਿਣਾ ਹੈ। ਦੀਵਾਨਾ ਤਾਂ ਆਪਣੇ ਪਿਆਰੇ ਮਾਲਕ ਦੀ ਪ੍ਰੀਤ ਵਿੱਚ ਗੁਆਚਿਆ ਰਹਿੰਦਾ ਹੈ। ਭਗਤ ਜੀ ਨੇ ਕਾਲਜ ਵਿੱਚ ਲੈਕਚਰ ਦਿੱਤਾ ਤੇ ਵਾਪਸ ਆ ਗਏ।ਜਦੋਂ ਉਹ ਮੁੜ ਪਿੰਗਲਵਾੜੇ ਆਏ ਤਾਂ ਉਨ੍ਹਾਂ ਨੂੰ ਪੁੱਛਿਆ ਕਿ ਕਿੱਧਰ ਗਏ ਸੀ? ਕਿਉਂਕਿ ਤੁਹਾਡੇ ਫੁੱਲਾਂ ਦੇ ਹਾਰ ਪਾਏ ਹੋਏ ਹਨ। ਭਗਤ ਜੀ ਨੂੰ ਉਸ ਵਕਤ ਪਤਾ ਲੱਗਾ ਤੇ ਉਨ੍ਹਾਂ ਨੇ ਹਾਰ ਉਤਾਰ ਦਿੱਤੇ। ਕਾਲਜ ਵਿੱਚ ਵਿਚਰਦਿਆਂ, ਲੈਕਚਰ ਕਰਦਿਆਂ ਜਾਂ ਰਾਹ ਵਿੱਚ ਆਉਂਦਿਆਂ ਇਹ ਖ਼ਿਆਲ ਤਕ ਨਹੀਂ ਆਇਆ ਕਿ ਮੇਰੇ ਗੱਲ ਵਿੱਚ ਹਾਰ ਪਾਏ ਹੋਏ ਹਨ। ਉਨ੍ਹਾਂ ਦੀ ਪਰਉਪਕਾਰੀ ਸੋਚ ਆਪਣੇ ਬਾਰੇ ਨਹੀਂ ਸਗੋਂ ਦੂਜਿਆਂ ਦੇ ਭਲੇ ਲਈ ਸੋਚਦੀ ਰਹਿੰਦੀ ਸੀ।{ਉਹੀ ਪੰਨਾ ੪੩}।

### ਭਗਤ ਜੀ ਦਾ ਪਿਆਰ ਭਰਿਆ ਵਿਹਾਰ

ਇੱਕ ਵਾਰੀ ਇੱਕ ਚੋਰ ਆ ਗਿਆ ਤੇ ਉਸ ਨੇ ਰਾਤ ਨੂੰ ਪਿੰਗਲਵਾੜੇ ਤੋਂ ਕੁਝ ਆਟਾ ਚੋਰੀ ਕਰ ਲਿਆ। ਸਾਰੇ ਹੀ ਸੁੱਤੇ ਹੋਏ ਸਨ, ਪਰ ਪਹਿਰੇਦਾਰਾਂ ਨੇ ਉਸ ਨੂੰ ਪਕੜ ਲਿਆ। ਉਸ ਕੋਲੋਂ ਆਟਾ ਖੋਹਦਿਆਂ ਤੇ ਉਸ ਨਾਲ ਖਿੱਚਾ ਧੂਹੀ ਕਰਦਿਆਂ ਰੌਲਾ ਪੈ ਗਿਆ। ਇਸ ਰੌਲੇ ਨੂੰ ਸੁਣ ਕੇ ਭਗਤ ਜੀ ਵੀ ਉੱਠ ਖਲੋਤੇ ਤੇ ਉਸ ਰੌਲੇ ਵਾਲੀ ਥਾਂ 'ਤੇ ਆ ਗਏ। ਉਨ੍ਹਾਂ ਨੇ ਆ ਕੇ ਸਾਰੀ ਗੱਲ ਦੀ ਜਾਣਕਾਰੀ ਲਈ ਤੇ ਚੋਰ ਦੀ ਬਾਂਹ ਪਕੜ ਕੇ ਬਾਕੀਆਂ ਨੂੰ ਕਹਿਣ ਲੱਗੇ ਕਿ ਸ਼ਾਬਾਸ਼ ਤੁਸੀਂ ਬਹੁਤ ਚੰਗਾ ਕੀਤਾ ਹੈ। ਇਸ ਨੂੰ ਹੁਣ ਮੈਂ ਆਪੇ ਹੀ ਸਜ਼ਾ ਦਿਆਂਗਾ। ਭਗਤ ਜੀ ਉਸ ਨੂੰ ਅੰਦਰ ਲੈ ਗਏ ਤੇ ਪਿਆਰ ਨਾਲ ਕਹਿਣ ਲੱਗੇ ਕਿ ਭਲਿਆ ਤੂੰ ਚੋਰੀ ਕਿਉਂ ਕੀਤੀ? ਉਸ ਚੋਰ ਨੇ ਦੱਸਿਆ ਕਿ ਮੇਰੇ ਕੋਲ ਪੈਸੇ ਨਹੀਂ ਹਨ ਤੇ ਮੇਰੀ ਮਾਂ ਬਹੁਤ ਭੁੱਖੀ ਹੈ। ਮੈਂ ਉਸ ਵਾਸਤੇ ਆਟਾ ਲੈ ਕੇ ਚੱਲਿਆ ਸਾਂ। ਭਗਤ ਜੀ ਨੇ ਉਸ ਨੂੰ ਅੱਗੇ ਵਾਸਤੇ ਸਮਝਾਇਆ ਕਿ ਜੇਕਰ ਅੱਗੇ ਨੂੰ ਕੋਈ ਅਜਿਹੀ ਮਜ਼ਬੂਰੀ ਹੋਈ ਤਾਂ ਮੈਨੂੰ ਦੱਸ ਦੇਵੀਂ ਪਰ ਚੋਰੀ ਨਾ ਕਰੀਂ। ਚੋਰ ਨੂੰ ਵੀ ਕਾਫ਼ੀ ਪਛਤਾਵਾ ਹੋਇਆ। ਭਗਤ ਜੀ ਨੇ ਉਸ ਨੂੰ ਸਮਝਾ ਬੁਝਾ ਕੇ ਤੇ ਆਟਾ ਦੇ ਕੇ ਤੋਰ ਦਿੱਤਾ। ਇਸ ਮਜ਼ਬੂਰੀ ਵਿੱਚ ਚੋਰੀ ਕਰਨ ਵਾਲੇ ਤੇ ਭਗਤ ਜੀ ਦੇ ਪਿਆਰ ਭਰੇ ਵਿਹਾਰ ਦਾ ਅਜਿਹਾ ਅਸਰ ਹੋਇਆ ਕਿ ਉਹ ਭਿੱਜੇ ਨੇਤਰਾਂ ਨਾਲ ਭਗਤ ਜੀ ਨਾਲ ਅੱਗੇ ਵਾਸਤੇ ਅਜਿਹਾ ਕੰਮ ਨਾ ਕਰਨ ਦਾ ਵਾਅਦਾ ਕਰਕੇ ਗਿਆ।

ਇਸ ਤਰ੍ਹਾਂ ਹੀ ਇੱਕ ਹੋਰ ਪੂਰਬੀਆ ਪਿੰਗਲਵਾੜੇ ਆ ਗਿਆ ਤੇ ਸੇਵਾ ਕਰਨ ਲੱਗ ਗਿਆ। ਕੁਝ ਦਿਨਾਂ ਵਿੱਚ ਹੀ ਭੇਦ ਪਾ ਕੇ ਉਸ ਨੇ ਵੀ ਕੁਝ ਭਾਂਡੇ ਚੋਰੀ ਕਰ ਲਏ। ਜਦੋਂ ਭਗਤ ਜੀ ਨੂੰ ਇਸ ਬਾਰੇ ਵੀ ਪਤਾ ਲੱਗਾ ਤਾਂ ਇਸ ਨੂੰ ਵੀ ਅਜਿਹੇ ਤਰੀਕੇ ਨਾਲ ਸਮਝਾਇਆ ਕਿ ਇਸ ਨੇ ਵੀ ਸਦਾ ਲਈ ਚੋਰੀ ਨੂੰ ਤਿਆਗਣ ਦਾ ਪ੍ਰਣ ਕੀਤਾ ਸੀ। ਭਗਤ ਜੀ ਦੇ ਉਦਾਰ ਹਿਰਦੇ ਨੇ ਅਜਿਹੇ ਲੋਕਾਂ ਨੂੰ ਵੀ ਸਿਰਫ਼ ਨਸੀਹਤ ਦੀ ਹੀ ਸਜ਼ਾ ਦਿੱਤੀ ਸੀ।

## (ਸ) ਭਗਤ ਪੂਰਨ ਸਿੰਘ ਨੇਕੀ ਦਾ ਮੁਜੱਸਮਾ

### ਨੇਕੀ ਦਾ ਮੁਜੱਸਮਾ

ਇੱਕ ਗੱਲ ਸਾਨੂੰ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਸਾਡੇ ਸੁਭਾਅ ਦੀ ਘਾੜਤ ਵਿੱਚ ਸਾਡੇ ਚੌਗਿਰਦੇ ਦਾ ਬਹੁਤ ਅਸਰ ਹੁੰਦਾ ਹੈ। ਜਿਨ੍ਹਾਂ ਨੂੰ ਬਚਪਨ ਵਿੱਚ ਮਾਹੌਲ ਚੰਗਾ ਨਾ ਮਿਲਿਆ ਹੋਵੇ ਤਾਂ ਉਨ੍ਹਾਂ ਦਾ ਸੁਭਾਅ ਆਮ ਕਰਕੇ ਸਖ਼ਤ ਮਿਜ਼ਾਜ ਵਾਲਾ ਹੋ ਜਾਂਦਾ ਹੈ। ਜਦੋਂ ਕਦੇ ਮਾਨਵ ਬਸਤੀ ਵਿੱਚ ਕੋਈ ਅਜੀਬ ਕ੍ਰਿਸ਼ਮਾ ਵਰਤ ਜਾਂਦਾ ਹੈ ਤਾਂ ਇਹ ਰੱਬੀ ਹੋਂਦ ਦਾ ਪ੍ਰਗਟਾਵਾ ਹੀ ਹੁੰਦਾ ਹੈ। ਭਗਤ ਜੀ ਨੂੰ ਬਚਪਨ ਤੋਂ ਹੀ ਮਾਂ ਤੋਂ ਬਿਨਾਂ ਬਾਕੀ ਲੋਕਾਂ ਨੇ ਕੋਈ ਬਹੁਤਾ ਪਿਆਰ ਨਹੀਂ ਦਿੱਤਾ ਸੀ। ਬਾਕੀ ਥਾਵਾਂ ਤੋਂ ਕਰੀਬ ਨਫ਼ਰਤ ਹੀ ਮਿਲੀ ਸੀ। ਇਹ ਰੱਬੀ ਕ੍ਰਿਸ਼ਮਾ ਹੀ ਹੈ ਕਿ ਉਨ੍ਹਾਂ ਨੂੰ ਮਿਲੀ ਤਾਂ ਨਫ਼ਰਤ ਹੀ ਸੀ ਪਰ ਉਨ੍ਹਾਂ ਨੇ ਸਾਰੀ ਜ਼ਿੰਦਗੀ ਮਾਨਵਤਾ ਨੂੰ ਪਿਆਰ ਹੀ ਵੰਡਿਆ ਹੈ। ਭਗਤ ਜੀ ਨੇ ਨਫ਼ਰਤ ਕਰਨ ਵਾਲਿਆਂ ਨੂੰ ਵੀ ਕਦੇ ਨਫ਼ਰਤ ਨਹੀਂ ਕੀਤੀ ਸੀ। ਭਗਤ ਜੀ ਨਾਲ ਕਿਸੇ ਨੇ ਭਾਵੇਂ ਕਿਸੇ ਤਰ੍ਹਾਂ ਦਾ ਵੀ ਵਿਹਾਰ ਕੀਤਾ ਸੀ ਪਰ ਉਹ ਹਰ ਇੱਕ ਨਾਲ ਨੇਕੀ ਹੀ ਕਰਦੇ ਸਨ। ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਂ ਨੇ ਵੀ ਇਹੋ ਹੀ ਸਿਖਾਇਆ ਸੀ ਤੇ ਸਿੱਖਿਆ ਦੇਣ ਵਾਲੀ ਗੁਰਬਾਣੀ ਮਾਂ ਨੇ ਵੀ ਨੇਕੀ ਕਰਨੀ ਹੀ ਸਿਖਾਈ ਸੀ।

**ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥**
**ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ॥**{ਅੰ:੧੩੮੪}

### ਭਲੇ ਵਣਜਾਰੇ

ਜਿਨ੍ਹਾਂ ਨੇ ਜਨਮ ਰਤਨ ਖੱਟਿਆ ਹੈ ਉਹ ਭਲੇ ਵਣਜਾਰੇ ਹੁੰਦੇ ਹਨ। ਜਨਮ ਰਤਨ ਦੀ ਖੱਟੀ ਵੀ ਉਹੋ ਲੋਕ ਖੱਟਦੇ ਹਨ ਜਿਹੜੇ ਅੰਦਰੋਂ ਬਾਹਰੋਂ ਨਿਰਮਲ ਹੁੰਦੇ ਹਨ। ਉਨ੍ਹਾਂ ਨੇ ਆਪਣੇ ਜੀਵਨ ਦੀ ਕਮਾਈ ਸਤਿਗੁਰੂ ਜੀ ਦੇ ਪਾਵਨ ਉਪਦੇਸ਼ਾਂ ਅਨੁਸਾਰ ਕੀਤੀ ਹੁੰਦੀ ਹੈ। ਅਜਿਹੇ ਹਿਰਦੇ ਵਿੱਚ ਕੂੜ ਦਾ ਟਿਕਣਾ ਤਾਂ ਇੱਕ ਪਾਸੇ ਉੱਥੇ ਤਾਂ ਕੂੜ ਦੀ ਸੋਇ ਵੀ ਨਹੀਂ ਪਹੁੰਚਦੀ। ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਝਲਕਾਂ ਵਿੱਚੋਂ ਅਜਿਹੀਆਂ ਅਨੇਕਾਂ ਹੀ ਗੱਲਾਂ ਪ੍ਰਤੱਖ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ। ਭਗਤ ਜੀ ਨੇ ਨਿਰਭਉ ਦਾ ਕੇਵਲ ਪਾਠ ਹੀ ਨਹੀਂ ਕੀਤਾ ਸਗੋਂ ਨਿਰਭਉ ਨੂੰ ਆਪਣੇ ਜੀਵਨ ਦਾ ਅਟੁੱਟ ਅੰਗ ਬਣਾ ਕੇ ਰੱਖਿਆ ਹੈ।

ਅੰਮ੍ਰਿਤਸਰ ਸ਼ਹਿਰ ਵਿੱਚ ਰੇਲਵੇ ਸਟੇਸ਼ਨ ਦੇ ਲਾਗੇ ਹੀ ਭੰਡਾਰੀ ਪੁਲ ਤੋਂ ਉਤਰਦਿਆਂ ਸਾਰ ਹੀ ਐਮ. ਐਲ. ਏ. ਦਾ ਘਰ ਸੀ। ਉਸ ਨੇ ਆਪਣੀ ਗੱਡੀ ਜਦੋਂ ਵੀ ਖੜ੍ਹੀ ਕਰਨੀ ਤਾਂ ਉਹ ਆਮ ਲੋਕਾਂ ਦੇ ਲੰਘਣ ਵਾਲੇ ਫੁੱਟ ਪਾਥ 'ਤੇ ਖੜ੍ਹੀ ਕਰ ਦੇਣੀ। ਭਗਤ ਜੀ ਨੇ ਕਈ ਵਾਰੀ ਉਸ ਨੂੰ ਪਿਆਰ ਨਾਲ ਸੁਨੇਹਾ ਭੇਜਿਆ



ਕਿ ਆਉਣ ਜਾਣ ਵਾਲੇ ਰਾਹੀਆਂ ਨੂੰ ਲੰਘਣ ਵਿੱਚ ਬਹੁਤ ਦਿੱਕਤ ਆਉਂਦੀ ਹੈ। ਸੜਕ ਤੋਂ ਮੋਟਰਾਂ ਗੱਡੀਆਂ ਲੰਘਦੀਆਂ ਹਨ। ਇਸ ਕਰਕੇ ਕਿਸੇ ਦਾ ਜਾਨੀ ਨੁਕਸਾਨ ਵੀ ਹੋ ਸਕਦਾ ਹੈ ਪਰ ਐਮ. ਐਲ. ਏ. ਨੂੰ ਤਾਂ ਆਪਣੀ ਹਾਕਮੀ ਦਾ ਨਸ਼ਾ ਸੀ। ਉਸ ਨੇ ਕੋਈ ਪ੍ਰਵਾਹ ਨਾ ਕੀਤੀ। ਇੱਕ ਦਿਨ ਭਗਤ ਜੀ ਨੇ ਪੁਲਿਸ ਵਾਲੇ ਨੂੰ ਕਿਹਾ ਕਿ ਐਮ. ਐਲ. ਏ. ਦੀ ਕਾਰ ਦਾ ਚਲਾਨ ਕਰ। ਜਦੋਂ ਪੁਲਿਸ ਵਾਲਾ ਡਰਨ ਤੇ ਝਿਜਕਣ ਲੱਗਾ ਤਾਂ ਭਗਤ ਜੀ ਨੇ ਤਾੜਨਾ ਕੀਤੀ ਕਿ ਇਹ ਤੁਹਾਡੀ ਡਿਊਟੀ ਹੈ। ਇਸ ਲਈ ਸੱਚ ਦੇ ਰਾਹ ਤੁਰਨ ਵਾਲੇ ਨੂੰ ਡਰਨਾ ਨਹੀਂ ਚਾਹੀਦਾ। ਪੁਲਿਸ ਵਾਲੇ ਨੇ ਚਲਾਨ ਕਰ ਦਿੱਤਾ। ਜਦੋਂ ਇਸ ਗੱਲ ਦਾ ਪਤਾ ਐਮ. ਐਲ. ਏ. ਨੂੰ ਲੱਗਾ ਤਾਂ ਉਹ ਝੱਟ ਹੀ ਭਗਤ ਜੀ ਕੋਲ ਚਲਾ ਗਿਆ ਤੇ ਕਹਿਣ ਲੱਗਾ ਕਿ ਮੇਰੀ ਵੀ ਗੱਡੀ ਦਾ ਚਲਾਨ ਕਰਵਾ ਦਿੱਤਾ ਹੈ? ਭਗਤ ਜੀ ਨੇ ਬੜੇ ਮਾਣ ਨਾਲ ਕਿਹਾ ਕਿ ਐਮ. ਐਲ. ਏ. ਸਾਹਿਬ ਤੁਸੀਂ ਇੱਕ ਤਾਂ ਅੱਗੇ ਵਾਸਤੇ ਸਬਕ ਲਵੋ ਕਿ ਅੱਗੇ ਵਾਸਤੇ ਕਦੇ ਫੁੱਟ ਪਾਥ 'ਤੇ ਗੱਡੀ ਖੜ੍ਹੀ ਨਹੀਂ ਕਰਨੀ। ਦੂਜਾ ਤੁਸੀਂ ਉਹ ਮਾਣ ਮਹਿਸੂਸ ਕਰੋ ਕਿ ਮੈਂ ਕਾਨੂੰਨ ਦੀ ਪਾਲਣਾ ਕਰਦਿਆਂ ਐਮ. ਐਲ. ਏ. ਹੁੰਦਿਆਂ ਵੀ ਕਾਰ ਦਾ ਚਲਾਨ ਕਰਵਾਇਆ ਸੀ। ਇਸ ਤਰ੍ਹਾਂ ਭਗਤ ਜੀ ਨੇ ਕਈ ਵਾਰੀ ਬਿਖੜੇ ਮਾਰਗ 'ਤੇ ਚੱਲਦਿਆਂ ਮੁਸੀਬਤਾਂ ਦਾ ਸਾਹਮਣਾ ਤਾਂ ਕਰ ਲਿਆ ਸੀ ਪਰ ਕਦੇ ਸੱਚ ਦਾ ਦਾਮਨ ਆਪਣੇ ਹੱਥੋਂ ਖਿਸਕਣ ਨਹੀਂ ਸੀ ਦਿੱਤਾ।

### ਮਨ ਦਾ ਬੋਝ

ਭਗਤ ਪੂਰਨ ਸਿੰਘ ਜੀ ਸੋਚ ਪੱਖੋਂ ਬਹੁਤ ਦੂਰ ਅੰਦੇਸ਼ ਸਨ। ਉਹ ਹਰ ਕਰਮ ਨਾਲ ਕਿਸੇ ਨਾ ਕਿਸੇ ਦਾ ਭਲਾ ਕਰਨਾ ਹੀ ਚਾਹੁੰਦੇ ਸਨ। ਗੁਰਬਾਣੀ ਦੇ ਵੀ ਪਾਵਨ ਬਚਨ ਹਨ ਕਿ ਬ੍ਰਹਮ ਗਿਆਨੀ ਆਪ ਤਾਂ ਅਤਿ ਦੀ ਨਿਮ੍ਰਤਾ ਰੂਪੀ ਗ਼ਰੀਬੀ ਵਿੱਚ ਰਹਿੰਦਾ ਹੈ ਅਤੇ ਉਸ ਨੂੰ ਦੂਜਿਆਂ ਦੀ ਭਲਾਈ ਕਰਨ ਦਾ ਸਦਾ ਚਾਅ ਚੜ੍ਹਿਆ ਰਹਿੰਦਾ ਹੈ।

**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥**
**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥** {ਅੰ: ੨੭੩}

ਭਗਤ ਜੀ ਪਿਆਰਾ ਸਿੰਘ ਦੇ ਵੇਲੇ ਤੋਂ ਹੀ ਘਰਾਂ ਵਿੱਚੋਂ ਪ੍ਰਸ਼ਾਦਾ ਉਗਰਾਹ ਕੇ ਛਕਾਉਣ ਲੱਗ ਪਏ ਸਨ। ਇਸ ਨਾਲ ਕਈ ਘਰਾਂ ਵਿੱਚ ਵੀ ਸੇਵਾ ਦਾ ਭਾਵ ਪੈਦਾ ਹੋ ਜਾਂਦਾ ਸੀ ਤੇ ਤਿਣਕਾ ਮਾਤਰ ਸਾਰਿਆਂ ਦੀ ਸੇਵਾ ਲੇਖੇ ਵੀ ਲੱਗ ਜਾਂਦੀ ਸੀ। ਦੂਜਾ ਭਗਤ ਜੀ ਆਪ ਆਪਣਾ ਵਕਤ ਇਨ੍ਹਾਂ ਅਪਾਹਿਜਾਂ ਨੂੰ ਸੰਭਾਲਣ 'ਤੇ ਜ਼ਿਆਦਾ ਲਾ ਸਕਦੇ ਸਨ। ਤੀਜਾ ਘਰਾਂ ਦੇ ਸੁੱਖ ਅਰਾਮ ਮਾਣ ਰਹੇ ਲੋਕਾਂ ਨੂੰ ਇਨ੍ਹਾਂ ਗ਼ਰੀਬੜਿਆਂ ਦੇ ਦੁੱਖ ਦਰਦ ਦਾ ਵੀ ਅਹਿਸਾਸ ਹੋ ਜਾਂਦਾ ਹੈ। ਪਿੰਗਲਵਾੜੇ ਵਿੱਚ ਘਰਾਂ ਵਿੱਚੋਂ ਇਹ ਪ੍ਰਸ਼ਾਦੇ ਉਗਰਾਹੁਣ ਦਾ ਕਾਰਜ ਅੱਜ ਵੀ ਨਿਰਵਿਘਨ ਚੱਲਦਾ ਹੈ।

ਭਗਤ ਜੀ ਦੀ ਹਯਾਤੀ ਵੇਲੇ ਪ੍ਰਸ਼ਾਦੇ ਉਗਰਾਹੁਣ ਦੀ ਸੇਵਾ ਇੱਕ ਕਪਿਲ ਦੇਵ ਦੇ ਨਾਂ ਦਾ ਲੜਕਾ ਕਰਦਾ ਹੁੰਦਾ ਸੀ। ਉਸ ਨੂੰ ਭਗਤ ਜੀ ਨੇ ਹੀ ਇਸ ਸੇਵਾ 'ਤੇ ਲਾਇਆ ਸੀ, ਕਿਉਂਕਿ ਉਸ ਦੀ ਕਿਸੇ ਦੁਰਘਟਨਾ ਵਿੱਚ ਇੱਕ ਬਾਂਹ ਕੱਟੀ ਗਈ ਸੀ। ਕਪਿਲ ਦੇਵ ਹਰ ਰੋਜ਼ ਪ੍ਰਸ਼ਾਦੇ ਲਿਆ ਕੇ ਰਾਮ ਤਲਾਈ ਵਾਰਡ {ਹੁਣ ਮਾਤਾ ਮਹਿਤਾਬ ਕੌਰ ਵਾਰਡ} ਵਿੱਚ ਵੰਡਦਾ ਹੁੰਦਾ ਸੀ। ਇੱਕ ਦਿਨ ਉਹ ਪ੍ਰਸ਼ਾਦੇ ਲੈ ਕੇ ਆਇਆ ਤਾਂ ਇੱਕ ਨਿਹੰਗ ਗੁਰਨਾਮ ਸਿੰਘ, ਜਿਹੜਾ ਕਈ ਵਾਰੀ ਪ੍ਰਸ਼ਾਦੇ ਲੈਣ ਆ ਜਾਂਦਾ ਸੀ ਉਹ ਵੀ ਉਸ ਦਿਨ ਆ ਗਿਆ, ਪਰ ਕਪਿਲ ਦੇਵ ਨੇ ਪ੍ਰਸ਼ਾਦੇ ਦੇਣ ਤੋਂ ਨਾਂਹ ਕਰ ਦਿੱਤੀ। {ਸ਼ਾਇਦ ਪ੍ਰਸ਼ਾਦੇ ਇਤਨੇ ਨਹੀਂ ਸਨ} ਨਿਹੰਗ ਸਿੰਘ ਗੱਲ ਸਮਝਣ ਦੀ ਥਾਂ 'ਤੇ ਸਗੋਂ ਕਪਿਲ ਦੇਵ ਨਾਲ ਝਗੜਨ ਲੱਗ ਪਿਆ। ਨਿਹੰਗ ਗੁਰਨਾਮ ਸਿੰਘ ਕ੍ਰੋਧਿਤ ਹੋ ਗਿਆ ਤੇ ਉਸ ਨੇ ਗਾਤਰੇ ਪਾਈ ਕਿਰਪਾਨ ਕਪਿਲ ਦੇਵ ਦੇ ਢਿੱਡ ਵਿੱਚ ਮਾਰ ਦਿੱਤੀ।

ਕਪਿਲ ਦੇਵ ਲਹੂ ਲੁਹਾਣ ਹੋ ਗਿਆ ਸੀ। ਸੇਵਾਦਾਰਾਂ ਨੇ ਭੱਜ ਦੌੜ ਕਰਕੇ ਕਪਿਲ ਦੇਵ ਨੂੰ ਹਸਪਤਾਲ ਪਹੁੰਚਾਇਆ। ਇਹ ਝਗੜੇ ਵਾਲਾ ਕੇਸ ਸੀ, ਇਸ ਕਰਕੇ ਪੁਲਿਸ ਕੇਸ ਬਣ ਗਿਆ।

ਪਿੰਗਲਵਾੜੇ ਦੇ ਸੀਨੀਅਰ ਮੈਨੇਜਰ ਨੇ ਸੋਚਿਆ ਕਿ ਇਸ ਨਾਲ ਕਿੱਧਰੇ ਪਿੰਗਲਵਾੜੇ ਦੀ ਬਦਨਾਮੀ ਨਾ ਹੋਵੇ। ਇਸ ਕਰਕੇ ਉਸ ਨੇ ਆਪਣੇ ਨਾਲ ਦੂਜੇ ਮੈਨੇਜਰ ਸ. ਸੁਰਜੀਤ ਸਿੰਘ ਰਾਹੀ ਨੂੰ ਲਿਆ ਤੇ ਥਾਣੇ ਜਾ ਕੇ ਇਹ ਲਿਖਵਾ ਦਿੱਤਾ ਕਿ ਨਿਹੰਗ ਗੁਰਨਾਮ ਸਿੰਘ ਨੇ ਕਪਿਲ ਦੇਵ ਦੇ ਕਿਰਪਾਨ ਨਹੀਂ ਮਾਰੀ ਸਗੋਂ ਇਹ ਤਾਂ ਸਰੀਆ ਵੱਜ ਗਿਆ ਸੀ। ਦੂਜੇ ਮੈਨੇਜਰ, ਸ. ਸੁਰਜੀਤ ਸਿੰਘ ਰਾਹੀ ਨੇ ਵਾਪਸ ਆ ਕੇ ਭਗਤ ਜੀ ਨੂੰ ਵੀ ਇਹ ਸਾਰੀ ਗੱਲਬਾਤ ਦੱਸ ਦਿੱਤੀ।

ਪਿੰਗਲਵਾੜੇ ਦੇ ਮੈਨੇਜਰ ਵੱਲੋਂ ਇਸ ਤਰ੍ਹਾਂ ਝੂਠ ਬੋਲਣ 'ਤੇ ਭਗਤ ਜੀ ਨੂੰ ਬਹੁਤ ਬੁਰਾ ਲੱਗਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਤਾਂ ਮੈਨੇਜਰ ਨੂੰ ਹੀ ਇਸ ਗੱਲ ਲਈ ਝਿੜਕਿਆ ਕਿ ਤੁਸੀਂ ਮੈਨੂੰ ਝੂਠਾ ਸਾਬਤ ਕੀਤਾ ਹੈ। ਦੂਜਾ ਭਗਤ ਜੀ ਝੱਟ ਟਾਂਗਾ ਕਰਕੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਵਕੀਲ ਸ. ਗੁਰਦਿਆਲ ਸਿੰਘ ਮੂੰਗਾ ਦੇ ਘਰ ਚੱਲੇ ਗਏ ਤੇ ਉਨ੍ਹਾਂ ਨੂੰ ਇਹ ਸਾਰੀ ਘਟਨਾ ਬਾਰੇ ਦੱਸਿਆ। ਸ. ਗੁਰਦਿਆਲ ਸਿੰਘ ਆਪ ਵੀ ਬਹੁਤ ਨੇਕ ਇਨਸਾਨ ਸਨ। ਉਹ ਇੱਕ ਨੇਕ ਇਨਸਾਨ ਦੇ ਅੰਦਰ ਦੀ ਭਾਵਨਾ ਨੂੰ ਚੰਗੀ ਤਰਾਂ ਸਮਝਦੇ ਸਨ। ਇਸ ਕਰਕੇ ਉਨ੍ਹਾਂ ਨੂੰ ਭਗਤ ਜੀ ਦੇ ਅੰਦਰ ਦੀ ਹਾਲਤ ਚੰਗੀ ਤਰ੍ਹਾਂ ਸਮਝ ਵਿੱਚ ਆ ਰਹੀ ਸੀ ਕਿ ਸੱਚ ਦੇ ਪਾਂਧੀ, ਕਦੇ ਆਪਣੇ ਮਨ ਮੰਦਰ ਨੂੰ ਕੂੜ ਦੀ ਸੋਇ ਨਾਲ ਮੈਲਾ ਨਹੀਂ ਕਰਦੇ। ਸੱਚ ਵਿੱਚ ਰਤੀ ਮਾਤਰ ਵੀ ਕੂੜ ਸਮਾਅ ਨਹੀਂ ਸਕਦਾ।

**ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥** {ਅੰ:੩੧੪}

ਸ. ਗੁਰਦਿਆਲ ਸਿੰਘ ਮੂੰਗਾ ਨੇ ਭਗਤ ਜੀ ਨੂੰ ਪਿਆਰ ਨਾਲ ਕਿਹਾ



ਕਿ ਭਗਤ ਜੀ, ਮੈਂ ਤੁਹਾਡੇ ਹਿਰਦੇ ਦੀ ਤੜਫ ਚੰਗੀ ਤਰ੍ਹਾਂ ਜਾਣਦਾ ਹਾਂ। ਇਸ ਕਰਕੇ ਤੁਸੀਂ ਥਾਣੇ ਜਾ ਕੇ ਇਹ ਲਿਖ ਕੇ ਦੇ ਆਵੋ ਕਿ

ਸੇਵਾ ਵਿਖੇ,

ਥਾਣੇਦਾਰ ਰਾਮਬਾਗ
ਅੰਮ੍ਰਿਤਸਰ।

ਬੇਨਤੀ ਹੈ ਕਿ ਸੀਨੀਅਰ ਮੈਨੇਜਰ ਨੇ ਝੂਠ ਬੋਲਿਆ ਹੈ ਕਿ ਕਪਿਲ ਦੇਵ ਦੇ ਸਰੀਆ ਨਹੀਂ ਵਜਿਆ, ਬਲਕਿ ਗੁਰਨਾਮ ਸਿੰਘ ਨੇ ਕਿਰਪਾਨ ਮਾਰੀ ਹੈ। ਹੇਠਾਂ ਆਪਣੇ ਦਸਤਖ਼ਤ ਕਰ ਦੇਣਾ। ਜੋ ਕੁਝ ਗੁਰਦਿਆਲ ਸਿੰਘ ਮੂੰਗਾ ਨੇ ਕਿਹਾ ਸੀ ਭਗਤ ਜੀ ਨੇ ਉਸ ਤਰ੍ਹਾਂ ਹੀ ਕੀਤਾ, ਤਾਂ ਜਾ ਕੇ ਭਗਤ ਜੀ ਦੇ ਮਨ ਦਾ ਬੋਝ ਹਲਕਾ ਹੋਇਆ।

ਕਪਿਲ ਦੇਵ ਦੇ ਇਹ ਕਿਰਪਾਨ ਕਾਫ਼ੀ ਡੂੰਘੀ ਵੱਜੀ ਸੀ। ਇਸ ਕਰਕੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦਾ ਹੋਇਆ ਚੜ੍ਹਾਈ ਕਰ ਗਿਆ। ਨਿਹੰਗ ਗੁਰਨਾਮ ਸਿੰਘ ਨੂੰ ਜੇਲ੍ਹ ਹੋ ਗਈ ਸੀ।

ਭਗਤ ਜੀ ਨੂੰ ਰੱਬ ਨੇ ਉਹ ਅੱਖਾਂ ਹੀ ਨਹੀਂ ਸਨ ਦਿੱਤੀਆਂ ਜਿਹੜੀਆਂ ਕਿਸੇ ਦੇ ਦੁੱਖ ਨੂੰ ਦੇਖ ਕੇ ਛੱਡ ਦੇਣ। ਭਗਤ ਪੂਰਨ ਸਿੰਘ ਜੀ ਨੇ ਕਪਿਲ ਦੇਵ ਦੀ ਘਰਵਾਲੀ ਨੂੰ ਪਿੰਗਲਵਾੜੇ ਵਿੱਚ ਸੇਵਾਦਾਰ ਦੀ ਨੌਕਰੀ ਦਿੱਤੀ ਤਾਂ ਕਿ ਇਹ ਆਪਣੇ ਪਤੀ ਦੇ ਵਿਛੋੜੇ ਪਿੱਛੋਂ ਆਪਣੇ ਗੁਜ਼ਰਾਨ ਲਈ ਕਿੱਧਰੇ ਹੋਰ ਨਾ ਭਟਕੇ। ਇਸ ਬੀਬੀ ਨੇ ਇਹ ਨੌਕਰੀ ਤਾਂ ਬਹੁਤਾ ਸਮਾਂ ਨਾ ਕੀਤੀ ਪਰ ਭਗਤ ਜੀ ਨੇ ਫਿਰ ਵੀ ਇਸ ਦੇ ਗੁਜ਼ਾਰੇ ਲਈ ਪੈਨਸ਼ਨ ਲਾ ਦਿੱਤੀ ਤੇ ਇਹ ਪੈਨਸ਼ਨ ਉਸ ਬੀਬੀ ਨੂੰ ਹਾਲੇ ਤਕ ਵੀ ਮਿਲਦੀ ਹੈ।

ਉਹ ਨਿਹੰਗ ਗੁਰਨਾਮ ਸਿੰਘ ਥੋੜ੍ਹੀ ਜਿਹੀ ਕੈਦ ਕੱਟ ਕੇ ਫਿਰ ਆ ਗਿਆ। ਉਸ ਨੂੰ ਦੇਖ ਕੇ ਭਗਤ ਜੀ ਨੂੰ ਲੱਗਿਆ ਕਿ ਇਹ ਇਨਸਾਫ਼ ਨਹੀਂ ਹੋਇਆ। ਭਗਤ ਜੀ ਤਾਂ ਗੁਰਬਾਣੀ ਤੇ ਬਹੁਤ ਭਰੋਸਾ ਕਰਦੇ ਸਨ; ਇਸ ਕਰਕੇ ਉਨ੍ਹਾਂ ਦੇ ਸਾਹਮਣੇ ਗੁਰਬਾਣੀ ਦੀ ਇੱਕ ਪੰਕਤੀ ਆ ਗਈ ਕਿ

**ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ**
**ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ॥** {ਅੰ: ੫੯੧}

ਇਹ ਦਸ਼ਾ ਦੇਖ ਕੇ ਭਗਤ ਜੀ ਦੀ ਪਾਵਨ ਰਸਨਾ ਤੋਂ ਵੀ ਇਹ ਬਚਨ ਨਿਕਲਿਆ ਕਿ ਭਲਿਆ ਇਹ ਤਾਂ ਮਨੁੱਖਾਂ ਦੀਆਂ ਅਦਾਲਤਾਂ ਦਾ ਫ਼ੈਸਲਾ ਹੈ ਪਰ ਰੱਬੀ ਫ਼ੈਸਲੇ ਬੜੇ ਅਵੱਲੇ ਹੁੰਦੇ ਹਨ। ਜਿਹੜੇ ਹੱਥਾਂ ਨੇ ਕਿਸੇ ਗ਼ਰੀਬ ਦੀ ਜਾਨ ਲਈ ਉਨ੍ਹਾਂ ਹੱਥਾਂ ਦਾ ਹਾਲ ਵੇਖੀਂ ਡਾਢਾ ਕੀ ਕਰਦਾ ਹੈ।

**ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥**
**ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥**
**{ਅੰਗ ੧੨੦੪}**

ਨਿਹੰਗ ਗੁਰਨਾਮ ਸਿੰਘ ਦੇ ਹੱਥਾਂ ਨੂੰ ਡਾਢੇ ਦੀ ਅਜਿਹੀ ਮਾਰ ਪਈ ਕਿ ਉਸ ਦੀਆਂ ਉਂਗਲਾਂ ਟੇਡੀਆਂ ਮੇਡੀਆਂ ਜਿਹੀਆਂ ਹੋ ਗਈਆਂ ਤੇ ਉਹ ਇਨ੍ਹਾਂ ਹੱਥਾਂ ਦੇ ਦਰਦ ਨਾਲ ਹੀ ਕਰਲਾਉਂਦਾ ਰਹਿੰਦਾ ਸੀ। ਆਮ ਲੋਕੀਂ ਵੀ ਰੱਬੀ ਇਨਸਾਫ਼ ਨੂੰ ਆਪਣੀਆਂ ਅੱਖਾਂ ਨਾਲ ਦੇਖਦੇ ਸਨ ਕਿ

**ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥**
**ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥**

{ਅੰਗ ੧੪੨੫}

**ਸਾਜ਼ਦਾ ਦਾ ਇਲਾਜ**

ਭਗਤ ਪੂਰਨ ਸਿੰਘ ਜੀ ਬਹੁ ਗੁਣੀ ਸ਼ਖ਼ਸੀਅਤ ਸਨ। ਉਨ੍ਹਾਂ ਕੋਲ ਕੁਝ ਸਮਾਂ ਵੀ ਰਹਿਣ ਵਾਲਾ ਬੰਦਾ ਇਨਸਾਨੀਅਤ ਦਾ ਸਬਕ ਪੜ੍ਹ ਲੈਂਦਾ ਸੀ। ਭਗਤ ਜੀ ਦਾ ਵਰਤ ਵਿਹਾਰ ਹੀ ਮਿਲਣ ਵਾਲੇ ਮਨੁੱਖ ਦੇ ਅੰਦਰ ਨੇਕੀ ਦਾ ਬੀਜ ਬੀਜ ਦਿੰਦਾ ਸੀ। ਹਰਦਿੱਤ ਸਿੰਘ ਕੁਝ ਸਮਾਂ ਭਗਤ ਜੀ ਨਾਲ ਪਿੰਗਲਵਾੜੇ ਵਿੱਚ ਸੇਵਾ ਕਰਦਾ ਰਿਹਾ ਸੀ। ਮਗਰੋਂ ਉਹ ਰਿਕਸ਼ਾ ਚਲਾ ਕੇ ਆਪਣੇ ਘਰੋਗੀ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਸੀ ਤੇ ਕਦੇ-ਕਦੇ ਪਿੰਗਲਵਾੜੇ ਆ ਕੇ ਸੇਵਾ ਕਰ ਜਾਂਦਾ ਸੀ। ਭਗਤ ਜੀ ਦੀ ਛੋਹ ਨੇ ਹਰਦਿੱਤ ਸਿੰਘ ਦੇ ਦਿਲ ਵਿੱਚ ਦੂਜਿਆਂ ਦਾ ਭਲਾ ਕਰਨ ਦਾ ਦਰਦ ਪੈਦਾ ਕਰ ਦਿੱਤਾ ਸੀ। ਇਹ ਗੁਣ ਹਰਦਿੱਤ ਸਿੰਘ ਦੇ ਸੁਭਾਅ ਦਾ ਅੰਗ ਬਣ ਗਿਆ ਸੀ। ਇੱਕ ਦਿਨ ਹਰਦਿੱਤ ਸਿੰਘ ਨੇ ਦੇਖਿਆ ਕਿ ਕੋਈ ਲਾਚਾਰ ਤੇ ਦੁਖੀ ਜਿਹੀ ਲੜਕੀ ਨੂੰ ਕੁਝ ਹੋਰ ਰਿਕਸ਼ਾ ਚਾਲਕ, ਕੋਲ ਖਿਲਾਰ ਕੇ ਆਪਣੀ ਮਾੜੀ ਨੀਅਤ ਦਾ ਪ੍ਰਗਟਾਵਾ, ਆਪਣੀ ਮਾੜੀ ਸ਼ਬਦਾਵਲੀ ਰਾਹੀਂ ਕਰ ਰਹੇ ਸਨ। ਹਰਦਿੱਤ ਸਿੰਘ ਕੋਲੋਂ ਇਹ ਬਰਦਾਸ਼ਤ ਨਾ ਹੋਇਆ ਤੇ ਉਸ ਨੇ ਉਸ ਲੜਕੀ ਨੂੰ ਆਪਣੇ ਰਿਕਸ਼ੇ 'ਤੇ ਬਿਠਾ ਕੇ ਪਿੰਗਲਵਾੜੇ ਲਿਆਂਦਾ। ਉਸ ਲੜਕੀ ਦੀ ਹਾਲਤ ਬਹੁਤ ਹੀ ਨਾਜ਼ਕ ਸੀ। ਉਸ ਨੂੰ ਇਸਤਰੀਆਂ ਵਾਲਾ ਰੋਗ ਸੁਜ਼ਾਕ ਦੀ ਸ਼ਿਕਾਇਤ ਸੀ। ਉਸ ਨੇ ਆਪਣੇ ਜਣੇਪੇ ਅੰਗ ਨੂੰ ਵਾਰ-ਵਾਰ ਖੁਰਕ ਕਰ ਕੇ ਅਜਿਹਾ ਜ਼ਖ਼ਮੀ ਕਰ ਲਿਆ ਸੀ ਕਿ ਉਸ ਵਿੱਚ ਪਾਕ ਪੈ ਗਈ ਸੀ। ਉਸ ਦਾ ਹੱਥ ਇੱਕ ਪਲ ਲਈ ਵੀ ਖੁਰਕ ਤੋਂ ਵਿਹਲਾ ਨਹੀਂ ਹੁੰਦਾ ਸੀ। ਜੇਕਰ ਇਹ ਵਕਤ ਨਾਲ ਸੰਭਾਲੀ ਨਾ ਜਾਂਦੀ ਤਾਂ ਇਸ ਵਿੱਚ ਕੀੜੇ ਪੈ ਜਾਣੇ ਸਨ ਤੇ ਇਸ ਲੜਕੀ ਨੇ ਤੜਫ-ਤੜਫ ਕੇ ਜਾਨ ਦੇਣੀ ਸੀ। ਉਸ ਵਕਤ ਪਿੰਗਲਵਾੜਾ ਵੀ ਬਹੁਤ ਮੁਸ਼ਕਲਾਂ ਭਰੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਇੱਕ ਪਾਸੇ ਰਾਮ ਤਲਾਈ ਵਾਰਡ ਸੀ, ਦੂਜੇ ਪਾਸੇ ਪਿੰਗਲਵਾੜੇ ਲਈ ਆਪਣੀ ਖ਼ਰੀਦੀ ਜ਼ਮੀਨ ਵਿੱਚ ਝੁੱਗੀਆਂ ਪਾਈਆਂ ਹੋਈਆਂ ਸਨ ਤੇ ਤੀਜੇ ਪਾਸੇ ਕੁਝ ਤਪਦਿਕ ਦੇ ਮਰੀਜ਼ ਰੱਖੇ ਹੋਏ ਸਨ। ਹਰ ਥਾਂ 'ਤੇ ਹੀ ਜ਼ਰੂਰਤ ਤੋਂ ਜ਼ਿਆਦਾ ਮਰੀਜ਼ ਰੱਖੇ ਹੋਏ ਸਨ। ਇਸ ਬੀਬੀ ਨੂੰ ਇੱਕ ਵੱਖਰੇ ਛੱਤਣੇ ਜਿਹੇ ਦੇ ਥੱਲੇ ਰੱਖਿਆ ਗਿਆ ਸੀ।



ਪਿੰਗਲਵਾੜੇ ਵਿੱਚ ਇੱਕ ਬਹੁਤ ਵੱਡੀ ਮਜ਼ਬੂਰੀ ਇਹ ਸੀ ਕਿ ਕਈ ਦਿਮਾਗ਼ੀ ਮਰੀਜ਼ ਸਨ। ਇਨ੍ਹਾਂ ਦੇ ਬਾਹਰ ਨਿਕਲ ਜਾਣ ਜਾਂ ਕਿੱਧਰੇ ਚਲੇ ਜਾਣ ਦਾ ਬਹੁਤ ਡਰ ਹੁੰਦਾ ਹੈ। ਇਹ ਬੀਬੀ ਵੀ ਦਿਮਾਗ਼ੀ ਤੌਰ 'ਤੇ ਅਰੋਗ ਨਹੀਂ ਸੀ। ਇਸ ਕਰਕੇ ਬਾਕੀ ਸੇਵਾ-ਸੰਭਾਲ ਦੇ ਨਾਲ-ਨਾਲ ਇਸ ਦੀ ਰਾਖੀ ਕਰਨੀ ਵੀ ਜ਼ਰੂਰੀ ਸੀ। ਭਗਤ ਜੀ ਕੋਲ ਐਨੇ ਸੇਵਾਦਾਰ ਨਹੀਂ ਸਨ ਕਿ ਚੌਵੀ ਘੰਟੇ ਇਨ੍ਹਾਂ ਮਰੀਜ਼ਾਂ 'ਤੇ ਪਹਿਰਾ ਦਿੱਤਾ ਜਾ ਸਕਦਾ ਹੋਵੇ। ਭਗਤ ਜੀ ਨੂੰ ਇਸ ਬੀਬੀ ਨਾਲ ਦਿਲੋਂ ਬਹੁਤ ਹਮਦਰਦੀ ਸੀ। ਜਿਵੇਂ ਹਰਦਿੱਤ ਸਿੰਘ ਨੇ ਆ ਕੇ ਭਗਤ ਜੀ ਨੂੰ ਰਿਕਸ਼ੇ ਵਾਲਿਆਂ ਦੀਆਂ ਮਾੜੀਆਂ ਹਰਕਤਾਂ ਦੱਸੀਆਂ ਸਨ ਤੇ ਦੂਜਾ ਇਸ ਬੀਬੀ ਦੀ ਬਿਮਾਰੀ ਕਰਕੇ ਤੇ ਤੀਜਾ ਦਿਮਾਗ਼ੀ ਤੌਰ 'ਤੇ ਵੀ ਠੀਕ ਨਾ ਹੋਣ ਕਰਕੇ ਹਾਲਤ ਬਹੁਤ ਤਰਸਯੋਗ ਸੀ। ਭਗਤ ਜੀ ਸੋਚਦੇ ਸਨ ਕਿ ਜੇਕਰ ਇਹ ਲੜਕੀ ਕਿਸੇ ਕਾਰਨ ਕਰਕੇ ਪਿੰਗਲਵਾੜੇ ਵਿੱਚੋਂ ਚਲੀ ਗਈ ਤਾਂ ਇਹ ਬੀਬੀ ਬਹੁਤ ਤੜਫ-ਤੜਫ ਕੇ ਮਰੇਗੀ। ਕੋਈ ਵਿਕਾਰਾਂ ਦੀ ਭੁੱਖ ਵਾਲਾ ਅਕਲ ਦਾ ਅੰਨ੍ਹਾ ਇਸ ਬੀਬੀ ਨਾਲ ਗ਼ਲਤ ਕਰਮ ਕਰਕੇ ਆਪਣੀ ਵੀ ਜ਼ਿੰਦਗੀ ਬਰਬਾਦ ਕਰ ਸਕਦਾ ਸੀ। ਇਸ ਕਰਕੇ ਉਸ ਬੀਬੀ ਨੂੰ ਲੱਤ ਨਾਲ ਸੰਗਲੀ ਬੰਨ੍ਹ ਕੇ ਤੇ ਦੂਜੇ ਪਾਸੇ ਮੰਜੇ ਨਾਲ ਬੰਨ੍ਹ ਕੇ ਰੱਖਣਾ ਪੈਂਦਾ ਸੀ। ਪਿੰਗਲਵਾੜੇ ਵਿੱਚ ਆਉਣ ਵੇਲੇ ਸਾਜ਼ਦਾ ਦੀ ਹਾਲਤ ਬਹੁਤ ਹੀ ਗੰਭੀਰ ਸੀ। ਜਣੇਪੇ ਦੇ ਅੰਗ ਤੇ ਵਾਰ-ਵਾਰ ਖੁਰਕ ਕਰਕੇ ਉਹ ਆਪਣੇ ਹੱਥ ਵੀ ਪਾਕ (ਰੇਸ਼ੇ) ਨਾਲ ਭਰ ਲੈਂਦੀ ਸੀ। ਹਰ ਵਕਤ ਖ਼ਿਆਲ ਰੱਖਣ ਦੇ ਬਾਵਜੂਦ ਵੀ ਮੱਖੀਆਂ ਇਸ ਦੇ ਆਲੇ-ਦੁਆਲੇ ਘੁੰਮਦੀਆਂ ਰਹਿੰਦੀਆਂ ਸਨ। ਇੱਥੋਂ ਤਕ ਕਿ ਉਹ ਤਾਂ ਵਿਚਾਰੀ ਸਲਵਾਰ ਵੀ ਨਹੀਂ ਪਹਿਨ ਸਕਦੀ ਸੀ। ਸਾਜ਼ਦਾ ਦਾ ਵੀ. ਜੇ. ਹਸਪਤਾਲ ਤੋਂ ਇਲਾਜ ਕਰਵਾਇਆ ਗਿਆ। ਸਭ ਤੋਂ ਪਹਿਲਾਂ ਤਾਂ ਰੋਗ ਦੀ ਚੰਗੀ ਤਰ੍ਹਾਂ ਪਰਖ ਕਰਨ ਲਈ ਬਲੱਡ ਟੈਸਟ ਕੀਤਾ ਗਿਆ। ਇਲਾਜ ਲਈ ਹਸਪਤਾਲ ਤੋਂ ਦਸ ਟੀਕੇ ਪਾਮ ਦਵਾਈ ਦੇ ਤੇ ਗਿਆਰਾਂ ਟੀਕੇ ਵਿਸਮਥ ਦਵਾਈ ਦੇ ਲਾਏ ਗਏ। ਇਸ ਦੇ ਨਾਲ ਹੀ ਬੀਬੀ ਦੇ ਦਿਮਾਗ਼ੀ ਇਲਾਜ ਲਈ ਵੀ ਬਿਜਲੀ ਦੇ ਝਟਕੇ ਲਗਵਾਏ ਗਏ। ਇਹ ਸਾਜ਼ਦਾ ਪਿੰਗਲਵਾੜੇ ਕਰੀਬ ਪੌਣੇ ਕੁ ਨੌ ਮਹੀਨੇ ਰਹੀ ਸੀ। ਜਦੋਂ ਇਹ ਬੀਬੀ ਕੁਝ ਠੀਕ ਹੋਈ ਤਾਂ ਭਗਤ ਜੀ ਦੇ ਪੁੱਛਣ 'ਤੇ ਇਸ ਨੇ ਆਪਣਾ ਨਾਮ ਸਾਜ਼ਦਾ ਖਤੂਨ ਦੱਸਿਆ ਸੀ ਤੇ ਇਸ ਦੇ ਭਰਾ ਦਾ ਨਾਮ ਵੀ ਅਬਦੁਲ ਗਫ਼ੂਰ ਸੀ। ਇਸ ਤਰ੍ਹਾਂ ਸਾਜ਼ਦਾ ਨੂੰ ਨਰਕ ਦੀ ਜ਼ਿੰਦਗੀ ਵਿੱਚੋਂ ਕੱਢ ਕੇ ਆਪਣੇ ਪੈਰਾਂ 'ਤੇ ਖਲੋਣ ਵਾਲੀ ਕੀਤਾ ਸੀ।{ਭਗਤ ਪੂਰਨ ਸਿੰਘ, ਤੇਰਾ ਸਦੜਾ ਸੁਣੀਜੈ ਭਾਈ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, ੨੦੧੪, ਪੰਨਾ ੧੩}।

ਭਾਈ ਗੁਰਦਾਸ ਜੀ ਨੇ ਮਿਥਿਹਾਸਿਕ ਜਨਕ ਦੀ ਮਿਸਾਲ ਦਿੱਤੀ ਹੈ।

ਇਹ ਮਿਥਲਾਪੁਰੀ ਦਾ ਰਾਜਾ ਸੀ ਤੇ ਰਾਮ ਚੰਦਰ ਜੀ ਦੀ ਘਰਵਾਲੀ ਸੀਤਾ ਜੀ ਦਾ ਪਿਤਾ ਸੀ। ਜਨਕ ਨੇ ਰਾਜਾ ਹੋ ਕੇ ਵੀ ਮਾਇਆ ਦੀ ਪਕੜ ਤੋਂ ਅਜ਼ਾਦ ਹੋ ਕੇ ਜੀਵਨ ਗੁਜ਼ਾਰਿਆ ਸੀ। ਇਸ ਕਰਕੇ ਕਹਾਣੀ ਇਹ ਕਹਿੰਦੀ ਹੈ ਕਿ ਜਦੋਂ ਇਹ ਸੰਸਾਰ ਤੋਂ ਦੇਵ ਲੋਕ ਨੂੰ ਚੱਲਿਆ ਤਾਂ ਰਾਹ ਵਿੱਚ ਕੁਝ ਦਰਦ ਭਰੀਆਂ ਅਵਾਜ਼ਾਂ ਸੁਣ ਕੇ ਰੁੱਕ ਗਿਆ। ਮੌਤ ਦੇ ਦੂਤਾਂ ਤੋਂ ਪੁੱਛਿਆ ਕਿ ਇਹ ਦਰਦ ਭਰੀਆਂ ਅਵਾਜ਼ਾਂ ਕਿੱਥੋਂ ਆਉਂਦੀਆਂ ਹਨ ਤਾਂ ਪਤਾ ਲੱਗਾ ਕਿ ਇਹ ਜੀਵ ਨਰਕ ਨਿਵਾਸੀ ਹਨ। ਇਨ੍ਹਾਂ ਨੂੰ ਕੀਤੇ ਮਾੜੇ ਕਰਮਾਂ ਦੇ ਦਿੱਤੇ ਜਾਂਦੇ ਦੁੱਖਾਂ ਦੇ ਕਾਰਨ ਇਹ ਜੀਵ ਕੁਰਲਾ ਰਹੇ ਹਨ। ਰਾਜਾ ਜਨਕ ਨੇ ਆਪਣੇ ਕੀਤੇ ਚੰਗੇ ਕੰਮਾਂ ਦੇ ਬਦਲੇ ਨਰਕ ਖ਼ਾਲੀ ਕਰਵਾ ਦਿੱਤੇ ਸਨ।

**ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ। ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ। ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ। ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ। ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ। ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲਿ ਕਰੈ ਨਿਰਜਾਸੀ। ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ। ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ। ਮੁਕਤਿ ਜੁਗਤਿ ਨਾਵੈ ਦੀ ਦਾਸੀ।**
{ਵਾਰ ੧੦ ਪਉੜੀ ੫}

ਇਹ ਤਾਂ ਇੱਕ ਮਿਥਿਹਾਸਿਕ ਗਾਥਾ ਹੈ ਜਿਹੜੀ ਲੋਕਾਂ ਨੇ ਗ੍ਰੰਥਾਂ ਵਿੱਚੋਂ ਪੜ੍ਹੀ ਜਾਂ ਸੁਣੀ ਸੀ, ਪਰ ਭਗਤ ਪੂਰਨ ਸਿੰਘ ਜੀ ਨੇ ਇਹ ਸਭ ਕੁਝ ਸੰਸਾਰ ਦੀਆਂ ਅੱਖਾਂ ਦੇ ਸਾਹਮਣੇ ਕਰਕੇ ਦਿਖਾ ਦਿੱਤਾ ਹੈ। ਉਸ ਦੇ ਕੰਨਾਂ ਨੇ ਦੁੱਖੀਆਂ ਦੀਆਂ ਅਵਾਜ਼ਾਂ ਸੁਣ ਕੇ ਉਨ੍ਹਾਂ ਦੇ ਦੁੱਖਾਂ ਤੋਂ ਛੁਟਕਾਰੇ ਦਾ ਹਰ ਸੰਭਵ ਯਤਨ ਕੀਤਾ। ਨਰਕ ਦੀ ਜ਼ਿੰਦਗੀ ਭੋਗਦੇ ਅਨੇਕਾਂ ਲੋਕਾਂ ਨੂੰ ਨਰਕਾਂ ਭਰੇ ਜੀਵਨ ਤੋਂ ਹੀ ਮੁਕਤ ਨਹੀਂ ਕੀਤਾ ਬਲਕਿ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸੇਵਾ ਸੰਭਾਲ ਕਰਕੇ ਉਨ੍ਹਾਂ ਨੂੰ ਆਪਣੇ ਕਦਮੀ ਚੱਲਣਯੋਗ ਕੀਤਾ ਸੀ। ਭਗਤ ਪੂਰਨ ਸਿੰਘ ਅਜੋਕੇ ਸਮੇਂ ਦਾ ਤੇ ਹਕੀਕਤ ਦਾ ਰਾਜਾ ਜਨਕ ਸੀ। ਰਾਜਾ ਜਨਕ ਨੇ ਤਾਂ ਇੱਕ ਵਾਰੀ ਅਖੌਤੀ ਨਰਕ ਨੂੰ ਖ਼ਾਲੀ ਕਰ ਦਿੱਤਾ ਸੀ ਪਰ ਭਗਤ ਪੂਰਨ ਸਿੰਘ ਜੀ ਦੀ ਚਲਾਈ ਹੋਈ ਇਹ ਪਿੰਗਲਵਾੜੇ ਦੀ ਸੰਸਥਾ ਅੱਜ ਵੀ ਡਾਕਟਰ ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੁੱਖਾਂ ਰੂਪ ਨਰਕਾਂ ਦੇ ਜੀਵਾਂ ਨੂੰ ਸੁੱਖਾਂ ਰੂਪ ਸਵਰਗ ਦੇ ਰਹੀ ਹੈ।

ਗੁਰਬਾਣੀ ਦਾ ਪਾਵਨ ਫ਼ਰਮਾਨ ਹੈ:



**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥** {ਅੰ: ੨੬}

ਜੇ ਰੱਬੀ ਚਰਨਾਂ ਵਿੱਚ ਆਪਣੀ ਜ਼ਿੰਦਗੀ ਦੀ ਅਭੇਦਤਾ ਚਾਹੁੰਦੇ ਹਾਂ ਤਾਂ ਸਾਨੂੰ ਦੁਨੀਆਂ ਵਿੱਚ ਸੇਵਾ ਕਰਨੀ ਚਾਹੀਦੀ ਹੈ। ਰੱਬ ਕਿਸੇ ਨਿਵੇਕਲੀ ਥਾਂ ’ਤੇ ਨਹੀਂ ਸਗੋਂ ਇਸ ਜੱਗ ਨੂੰ ਹੀ ਆਪਣੀ ਰਿਹਾਇਸ਼ੀ ਕੋਠੜੀ ਬਣਾ ਕੇ ਬੈਠਾ ਹੋਇਆ ਹੈ। ਇਸ ਕਰਕੇ ਦੁਨੀਆਂ ਵਿੱਚ ਦੁਖਿਆਰਿਆਂ ਦੀ ਸੇਵਾ ਕਰਨਾ ਰੱਬੀ ਮਿਹਰ ਦੇ ਪਾਤਰ ਬਣਨ ਵਾਲੀ ਪ੍ਰਤੱਖ ਬਾਤ ਹੈ। ਧੰਨ ਹੈ ਭਗਤ ਪੂਰਨ ਸਿੰਘ ਜੀ ਤੇ ਧੰਨ ਹੈ ਉਹਨਾਂ ਦੀ ਕਮਾਈ। ਪਿੰਗਲਵਾੜੇ ਵਿੱਚ ਚਾਰ ਕੰਮ ਪ੍ਰਮੁੱਖ ਤੌਰ ’ਤੇ ਹੁੰਦੇ ਸਨ। ਸਭ ਤੋਂ ਪਹਿਲਾ ਮਰੀਜ਼ਾਂ ਨੂੰ ਸਾਂਭਣਾ; ਦੂਜਾ ਮਰੀਜ਼ਾਂ ਦਾ ਇਲਾਜ ਕਰਵਾਉਣਾ; ਤੀਜਾ ਉਨ੍ਹਾਂ ਨੂੰ ਪੜ੍ਹਾਉਣਾ ਜਾਂ ਸਿੱਖਿਅਤ ਕਰਨਾ ਤੇ ਚੌਥਾ ਸੀ ਕਿ ਜਿਹੜੇ ਕੰਮ ਕਰ ਸਕਦੇ ਸਨ ਉਨ੍ਹਾਂ ਨੂੰ ਰੁਜ਼ਗਾਰ ਵੀ ਦਿੱਤਾ ਜਾਂਦਾ ਸੀ ਜਾਂ ਆਪਣੇ ਪੈਰਾਂ ’ਤੇ ਖਲੋਣ ਦੇ ਕਾਬਲ ਬਣਾ ਦਿੱਤਾ ਜਾਂਦਾ ਸੀ। ਇੱਕ ਬੰਦੇ ਦੁਆਰਾ ਰੱਬੀ ਸਹਾਰਾ ਲੈ ਕੇ ਅਜਿਹੇ ਸਾਰੇ ਕੰਮ ਕਰਨੇ ਇਹ ਭਗਤ ਪੂਰਨ ਸਿੰਘ ਤੇ ਪ੍ਰਮੇਸ਼ਰ ਦੀ ਰਹਿਮਤ ਦੀ ਪ੍ਰਤੱਖ ਮਿਸਾਲ ਸੀ।

### ਭਗਤ ਜੀ ਦੀ ਸੇਵਾ ਦਾ ਮਹਾਨ ਰੁਤਬਾ ਹੈ

ਦੁਨੀਆਂ ਵਿੱਚ ਸੇਵਾ ਕਰਨ ਦਾ ਹੋਕਾ ਤਾਂ ਗੁਰੂ ਸਾਹਿਬ ਜੀ ਨੇ ਲਾਇਆ ਸੀ ਪਰ ਇਸ ਨੂੰ ਇਸਾਈ ਧਰਮ ਵਾਲਿਆਂ ਨੇ ਅਮਲੀ ਰੂਪ ਦੇ ਦਿੱਤਾ ਹੈ। ਜਦੋਂ ਸੇਵਾ ਦਾ ਜ਼ਿਕਰ ਆਉਂਦਾ ਹੈ ਤਾਂ ਆਮ ਲੋਕਾਂ ਦੀਆਂ ਨਜ਼ਰਾਂ ਸਾਹਮਣੇ ਮਦਰ ਟਰੇਸਾ ਦਾ ਨਾਮ ਆ ਜਾਂਦਾ ਹੈ। ਜਦੋਂ ਕੋਈ ਇਮਾਨਦਾਰੀ ਦੀ ਨਜ਼ਰ ਨਾਲ ਦੇਖਦਾ ਹੈ ਤਾਂ ਉਸ ਨੂੰ ਮਦਰ ਟਰੇਸਾ ਤੋਂ ਵੀ ਉੱਪਰ ਭਗਤ ਪੂਰਨ ਸਿੰਘ ਦਾ ਨਾਮ ਦਿੱਸਦਾ ਹੈ। ਮਦਰ ਟਰੇਸਾ ਤਾਂ ਯੂਰਪ ਤੋਂ ਉੱਠੀ ਸੀ ਤੇ ਉਸ ਨੂੰ ਤਾਂ ਇਸਾਈ ਧਰਮ ਦੀ ਹੀ ਬਹੁਤ ਵੱਡੀ ਮਦਦ ਸੀ। ਉਸ ਨੂੰ ਪੈਸੇ ਦੀ ਜਾਂ ਸੇਵਾ ਕਰਨ ਲਈ ਕਿਸੇ ਵਸੀਲੇ ਦੀ ਕੋਈ ਚਿੰਤਾ ਨਹੀਂ ਸੀ। ਇਸਾਈ ਧਰਮ ਨੇ ਉਸ ਦਾ ਪ੍ਰਚਾਰ ਵੀ ਅਜਿਹਾ ਕੀਤਾ ਹੈ ਕਿ ਮਦਰ ਟਰੇਸਾ ਨੋਬਲ ਪੁਰਸਕਾਰ ਦੀ ਵਿਜੈਤਾ ਹੋ ਗਈ ਸੀ। ਮਦਰ ਟਰੇਸਾ ਨੇ ਤਾਂ ਆਪਣੀ ਬੁੱਕਲ ਵਿੱਚੋਂ ਪਿਆਰ ਹੀ ਦਿੱਤਾ ਸੀ। ਉਸ ਨੂੰ ਬਾਕੀ ਵਸੀਲੇ ਤਾਂ ਬਣੇ ਬਣਾਏ ਮਿਲ ਜਾਂਦੇ ਸਨ। ਇਸ ਦੇ ਨਾਲ ਹੀ ਮਦਰ ਟਰੇਸਾ ਉਨ੍ਹਾਂ ਲੋੜਵੰਦ ਲੋਕਾਂ ਦਾ ਧਿਆਨ ਵੀ ਇਸਾਈ ਧਰਮ ਵਾਲੇ ਪਾਸੇ ਪ੍ਰੇਰਿਤ ਕਰਦੀ ਰਹਿੰਦੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮਦਰ ਟਰੇਸਾ ਦੀ ਸੇਵਾ ਵੀ ਮਹਾਨ ਹੈ ਪਰ ਭਗਤ ਪੂਰਨ ਸਿੰਘ ਦੀ ਸੇਵਾ ਹੋਰ ਵੀ ਮਹਾਨ ਹੈ, ਕਿਉਂਕਿ ਉਨ੍ਹਾਂ ਕੋਲ ਤਾਂ ਕੋਈ ਵਸੀਲਾ ਵੀ ਨਹੀਂ ਸੀ। ਭਗਤ ਜੀ ਨੇ ਤਾਂ ਸਾਰੇ ਹੀ ਵਸੀਲੇ ਆਪ ਹੀ ਪੈਦਾ ਕੀਤੇ ਸਨ ਤੇ ਨਾਲ ਹੀ ਪਿਆਰ ਵੀ ਦਿੱਤਾ।

ਉਨ੍ਹਾਂ ਸਮਿਆਂ ਵਿੱਚ ਅਜੋਕੇ ਸਮੇਂ ਵਾਂਗ ਟੋਇਲਟਾਂ ਨਹੀਂ ਹੁੰਦੀਆਂ ਸਨ। ਭਗਤ ਜੀ ਕੋਲ ਤਾਂ ਪਿਆਰਾ ਹੁੰਦਾ ਸੀ, ਜਿਸ ਨੂੰ ਕਈ ਵਾਰੀ ਸਰੀਰਕ ਕਿਰਿਆ ਦੀ ਲੋੜ ਪੈਂਦੀ ਸੀ। ਇਸ ਕਰਕੇ ਭਗਤ ਜੀ ਨੇ ਤਾਂ ਕਦੇ ਕਿਸੇ ਕਮਰੇ ਦੀ ਵੀ ਮੰਗ ਨਹੀਂ ਸੀ ਕੀਤੀ। ਭਗਤ ਜੀ ਬਾਰੇ ਇਹ ਪੜ੍ਹ ਕੇ ਰੂਹ ਕੰਬ ਜਾਂਦੀ ਹੈ ਕਿ ਇਤਨੀ ਸੇਵਾ ਕਰਨ ਵਾਲਿਆਂ ਕੋਲ ਕਰੀਬ ਇੱਕ ਕਮਰਾ ਤਾਂ ਕੀ ਅਲਮਾਰੀ ਵੀ ਨਹੀਂ ਸੀ। ਉਨ੍ਹਾਂ ਕੋਲ ਤਾਂ ਕਈ ਵਾਰੀ ਮੌਸਮ ਅਨੁਸਾਰ ਲੈਣ ਲਈ ਕੋਈ ਕੱਪੜਾ ਵੀ ਨਹੀਂ ਹੁੰਦਾ ਸੀ। ਅੰਮ੍ਰਿਤਸਰ ਸਾਹਿਬ ਪਿੰਗਲਵਾੜੇ ਵਿੱਚ ਵੀ ਉਨ੍ਹਾਂ ਨੇ ਕਦੇ ਆਪਣਾ ਕਮਰਾ ਨਹੀਂ ਰੱਖਿਆ ਸੀ। ਜਿੱਥੇ ਵੀ ਥਾਂ ਮਿਲਦੀ ਸੀ, ਉੱਥੇ ਹੀ ਕੁਝ ਸਮਾਂ ਅਰਾਮ ਕਰ ਲੈਂਦੇ ਸਨ। ਕਈ ਵਾਰੀ ਤਾਂ ਉਨ੍ਹਾਂ ਨੂੰ ਰਾਤਰੀ ਸਮੇਂ ਲੰਗਰ ਬਣਾਉਣ ਵਾਲ਼ੀ ਭੱਠੀ ਕੋਲ ਗੁੱਛਾ ਮੁੱਛਾ ਜਿਹਾ ਹੋ ਕੇ ਪਏ ਹੁੰਦੇ ਦੇਖਿਆ ਜਾਂਦਾ ਸੀ। ਉਨ੍ਹਾਂ ਨੇ ਕਦੇ ਕਿਸੇ ਨੂੰ ਸਿੱਖ ਧਰਮ ਦੇ ਪ੍ਰਤੀ ਲਾਲਚ ਵੀ ਨਹੀਂ ਦਿੱਤਾ ਸੀ। ਆਪਣੇ ਹੱਥਾਂ ਨਾਲ ਕਿਸੇ ਦੀ ਗ਼ੰਦਗੀ ਨੂੰ ਧੋ ਕੇ ਫਿਰ ਉਸ ਨੂੰ ਸਾਰੀ ਲੋੜੀਂਦੀ ਸੇਵਾ ਦੇ ਕੇ ਪਿਆਰ ਦਿੰਦੇ ਸਨ। ਜਦੋਂ ਕਦੇ ਇੱਕ ਕਾਲੂ ਨਾਮ ਦਾ ਅਨਾਥ ਲੜਕਾ ਚੜ੍ਹਾਈ ਕਰ ਗਿਆ ਸੀ ਤਾਂ ਉਸ ਦੀ ਪੈਂਦੀਂ (ਪੈਰਾਂ ਵਾਲੇ ਪਾਸੇ) ਬੈਠ ਕੇ ਰੋਂਦਿਆਂ ਹੋਇਆਂ ਇਹ ਸ਼ਬਦ ਕਹਿਣੇ ਕਿ ਕਾਲੂ ਮੈਨੂੰ ਮਾਫ਼ ਕਰੀਂ ਮੇਰੇ ਕੋਲ ਵਸੀਲਿਆਂ ਦੀ ਘਾਟ ਹੋਣ ਕਰਕੇ ਮੈਂ ਤੇਰੀ ਪੂਰੀ ਸੇਵਾ ਨਹੀਂ ਕਰ ਸਕਿਆ।ਇਹ ਕਿਸੇ ਦਰਦਾਂ ਭਰੇ ਦਿਲ ਦੀ ਹੀ ਪੁਕਾਰ ਹੋ ਸਕਦੀ ਹੈ।

ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਵਿੱਚ ਭਗਤ ਜੀ ਆਪ ਖ਼ੁਦ ਬੈਠ ਕੇ ਪਿੰਗਲਵਾੜੇ ਲਈ ਦਾਨ ਇਕੱਠਾ ਕਰਦੇ ਹੁੰਦੇ ਸਨ। ਮਦਰ ਟਰੇਸਾ ਦੀ ਤਾਂ ਇਸਾਈ ਧਰਮ ਵਾਲਿਆਂ ਨੇ ਐਨੀ ਮਸ਼ਹੂਰੀ ਕੀਤੀ ਕਿ ਬੰਦੇ-ਬੰਦੇ ਦੀ ਜ਼ਬਾਨ 'ਤੇ ਉਸ ਦਾ ਨਾਮ ਚੜ੍ਹ ਗਿਆ; ਪਰ ਭਗਤ ਜੀ ਦਾ ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਬੈਠਣ ਦੇ ਬਾਵਜੂਦ ਵੀ ਸਿੱਖਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਇਹ ਕਿਸ ਮਹਾਨ ਕਾਰਜ ਨੂੰ ਕਰਦੇ ਹਨ। ਉਸ ਦੀਆਂ ਪ੍ਰਤੱਖ ਮਿਸਾਲਾਂ ਹਨ। ਇੱਕ ਸਰਦਾਰ ਨੇ ਭਗਤ ਜੀ ਕੋਲ ਆ ਕੇ ਖ਼ੁਦ ਹੀ ਅਫ਼ਸੋਸ ਜ਼ਾਹਰ ਕੀਤਾ ਸੀ ਕਿ "ਮੈਨੂੰ ਪਤਾ ਹੁੰਦਾ ਕਿ ਭਗਤ ਜੀ ਅਜਿਹਾ ਪਿੰਗਲਵਾੜਾ ਚਲਾਉਣ ਦਾ ਕਾਰਜ ਕਰਦੇ ਹਨ ਤਾਂ ਮੈਂ ਆਪਣੇ ਵੱਲੋਂ ਮਾਇਆ ਦੀ ਸੇਵਾ ਕਲਕੱਤੇ ਵਿੱਚ ਚੱਲਦੇ ਇਸਾਈ ਧਰਮ ਦੇ ਮਦਰ ਟਰੇਸਾ ਦੇ ਚਲਾਏ ਹੋਏ ਆਸ਼ਰਮ ਨੂੰ ਕਦੇ ਨਾ ਭੇਜਦਾ।" {ਭਗਤ ਪੂਰਨ ਸਿੰਘ, ਪਿੰਗਲਵਾੜੇ ਦੀ ਵਿਥਿਆ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, (੨੦੧੬), ਪੰਨਾ ੧੨}।

## ਮਦਰ ਟਰੇਸਾ ਅਤੇ ਭਗਤ ਜੀ

ਮਦਰ ਟਰੇਸਾ ਨੇ ਥਾਂ-ਥਾਂ 'ਤੇ ਵਿਦੇਸ਼ੀ ਪ੍ਰਚਾਰਕਾਂ ਦੇ ਸਦਕਾ ਤੇ ਵਿਦੇਸ਼ੀ ਪੈਸੇ ਦੇ ਸਹਿਯੋਗ ਨਾਲ ਆਸ਼ਰਮ ਖੋਲ੍ਹੇ ਸਨ, ਜਿਸ ਨਾਲ ਲੋਕ ਇਸਾਈ



ਬਣਦੇ ਜਾ ਰਹੇ ਸਨ। ਇਸ ਗੱਲ ਨਾਲ ਵੱਡੀਆਂ-ਵੱਡੀਆਂ ਸਭਾਵਾਂ ਨੂੰ ਵੀ ਫ਼ਿਕਰ ਪੈ ਗਿਆ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਦਾ ਦਫ਼ਤਰ ਦਿੱਲੀ ਵਿੱਚ ਹੈ ਤੇ ਉਨ੍ਹਾਂ ਨੂੰ ਵੀ ਇਹ ਫ਼ਿਕਰ ਪੈ ਗਿਆ ਸੀ ਕਿ ਹਿੰਦੂ ਧੜਾ-ਧੜ ਇਸਾਈ ਬਣਨ ਲੱਗ ਪਏ ਸਨ। ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਭਗਤ ਪੂਰਨ ਸਿੰਘ ਸੜਕਾਂ 'ਤੇ ਰੁਲਦੇ ਲੋਕਾਂ ਨੂੰ ਤੇ ਬਿਮਾਰ ਲੋਕਾਂ ਨੂੰ ਚੁੱਕ ਕੇ ਆਪਣੇ ਹੱਥੀਂ ਉਨ੍ਹਾਂ ਦੀ ਸੇਵਾ ਸੰਭਾਲ ਕਰ ਰਹੇ ਹਨ ਤਾਂ ਉਨ੍ਹਾਂ ਨੇ ਭਗਤ ਜੀ ਨੂੰ ਦਿੱਲੀ ਸੱਦਿਆ। ਇਕ ਬਹੁਤ ਵਧੀਆ ਪ੍ਰੋਗਰਾਮ ਕੀਤਾ ਤੇ ਉਸ ਪ੍ਰੋਗਰਾਮ ਦਾ ਮੁੱਖ ਮਹਿਮਾਨ ਸੁਪਰੀਮ ਕੋਰਟ ਦੇ ਰਹਿ ਚੁੱਕੇ ਜੱਜ ਸ੍ਰੀ ਹੰਸ ਰਾਜ ਖੰਨਾ ਨੂੰ ਵੀ ਬੁਲਾਇਆ। ਉਨ੍ਹਾਂ ਨੇ ਵੀ ਭਗਤ ਜੀ ਦੀ ਹੱਥੀਂ ਸੇਵਾ ਬਾਰੇ ਇਹ ਸ਼ਬਦ ਕਹੇ ਸਨ ਕਿ **'ਅੱਜ ਮੈਨੂੰ ਬਹੁਤ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਭਗਤ ਪੂਰਨ ਸਿੰਘ ਜੀ ਦਿੱਲੀ ਇਸ ਸਮਾਗਮ ਵਿੱਚ ਆਏ ਹਨ ਤੇ ਇੱਥੇ ਉਨ੍ਹਾਂ ਨੂੰ ਸਨਮਾਨਿਤ ਕਰਨਾ ਹੈ। ਮਦਰ ਟਰੇਸਾ ਨੇ ਤਾਂ ਕਈ ਸੰਸਥਾਵਾਂ ਕੋਲੋਂ ਮਦਦ ਲੈ ਕੇ ਅਨਾਥਾਂ ਨੂੰ ਸੰਭਾਲਣ ਦਾ ਕੰਮ ਕੀਤਾ ਹੈ ਪਰ ਭਗਤ ਜੀ ਨੇ ਇਕੱਲਿਆਂ ਹੀ ਅਜਿਹਾ ਕੰਮ ਕੀਤਾ ਹੈ ਕਿ ਇਹ ਖ਼ੁਦ ਹੀ ਸੰਸਥਾ ਬਣ ਗਏ ਹਨ। ਬਾਕੀ ਤਾਂ ਕੰਮ ਚਲਾਉਣ ਲਈ ਕਮੇਟੀਆਂ ਵੀ ਬਣਾਉਂਦੇ ਹਨ ਪਰ ਇਨ੍ਹਾਂ ਨੇ ਖ਼ੁਦ ਹੀ ਸਾਰਾ ਕੰਮ ਸੰਭਾਲਿਆ ਹੈ।'{ਉਹੀ ਪੰਨਾ ੧੦। ਸੋ ਇਨਸਾਨੀਅਤ ਦੇ ਇਤਿਹਾਸ ਵਿੱਚ ਭਗਤ ਜੀ ਦਾ ਇੱਕ ਨਿਵੇਕਲਾ ਤੇ ਸ਼ਾਨਦਾਰ ਰੁਤਬਾ ਹੈ।**

## ਮਾਨਵਤਾ ਦਾ ਦਰਦੀ

ਪਿੱਛੇ ਜ਼ਿਕਰ ਆ ਚੁੱਕਾ ਹੈ ਕਿ ਗੁਰਬਖ਼ਸ਼ ਸਿੰਘ ਤੋਂ ਭਗਤ ਜੀ ਨੇ ਪੈਸੇ ਲੈ ਕੇ ਕਿਸੇ ਗ਼ਰੀਬ ਲੜਕੇ ਨੂੰ ਕਿਤਾਬਾਂ ਦਿਵਾਈਆਂ ਸਨ। ਇਸ ਕਰਕੇ ਗੁਰਬਖ਼ਸ਼ ਸਿੰਘ ਨਿੱਕੜੀ ਉਮਰ ਤੋਂ ਹੀ ਭਗਤ ਜੀ ਦੀ ਸੋਚ ਨਾਲ ਜੁੜ ਗਏ ਸਨ। ਉਹ ਗਾਹੇ ਬਗਾਹੇ ਭਗਤ ਜੀ ਨੂੰ ਅੰਮ੍ਰਿਤਸਰ ਸਾਹਿਬ ਮਿਲਣ ਆਉਂਦੇ ਰਹਿੰਦੇ ਸਨ। ਇੱਕ ਵਾਰੀ ਗੁਰਬਖ਼ਸ਼ ਸਿੰਘ ਤੇ ਭਗਤ ਜੀ ਕਿੱਧਰੇ ਜਾ ਰਹੇ ਸਨ ਤਾਂ ਭਗਤ ਜੀ ਨੇ ਦੇਖਿਆ ਕਿ ਰਸਤੇ ਵਿੱਚ ਇੱਕ ਡੂੰਘਾ ਜਿਹਾ ਟੋਆ ਹੈ। ਇਸ ਨਾਲ ਕਿਸੇ ਦਾ ਵੀ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਨੇ ਗੁਰਬਖ਼ਸ਼ ਸਿੰਘ ਨੂੰ ਕਿਹਾ ਕਿ ਪਹਿਲਾਂ ਤਾਂ ਆਪਾਂ ਡੀ. ਸੀ. ਦਫ਼ਤਰ ਚੱਲੀਏ ਤੇ ਰਾਹ ਵਿੱਚਲੇ ਇਸ ਟੋਏ ਨੂੰ ਭਰਨ ਲਈ ਬੇਨਤੀ ਕਰੀਏ। ਉਨ੍ਹਾਂ ਨੇ ਇੱਕ ਰਿਕਸ਼ਾ ਕਿਰਾਏ 'ਤੇ ਕੀਤਾ। ਰਿਕਸ਼ੇ ਵਾਲਾ ਤਿੰਨ ਰੁਪਏ ਵਿੱਚ ਉਨ੍ਹਾਂ ਨੂੰ ਲੈ ਕੇ ਜਾਣਾ ਮੰਨ ਗਿਆ। ਭਗਤ ਜੀ ਰਿਕਸ਼ੇ 'ਤੇ ਬੈਠੇ ਹੋਏ ਇਹ ਸੋਚ ਰਹੇ ਸਨ ਕਿ ਇਹ ਵਿਚਾਰਾ ਮਾੜਕੂ ਜਿਹਾ, ਕਿੰਨਾ ਮਜ਼ਬੂਰ ਹੋਵੇਗਾ, ਸ਼ਾਇਦ ਇਸ ਨੂੰ ਪੂਰੀ ਖ਼ੁਰਾਕ ਵੀ ਨਾ ਮਿਲਦੀ ਹੋਵੇ। ਇਸ ਕਰਕੇ ਰਿਕਸ਼ਾ ਵੀ ਬਹੁਤ ਔਖਾ ਜਿਹਾ ਹੋ ਕੇ ਚਲਾਉਂਦਾ ਹੈ। ਜਦੋਂ ਭਗਤ ਜੀ ਉਸ ਬਾਰੇ ਹੀ ਸੋਚ ਰਹੇ ਸਨ ਤਾਂ ਉਸ ਰਿਕਸ਼ਾ ਚਾਲਕ ਦੀ ਇੱਕ ਲੱਤ 'ਤੇ

ਪੱਟੀ ਬੰਨ੍ਹੀ ਹੋਈ ਨਜ਼ਰ ਆਈ। ਭਗਤ ਜੀ ਲੱਤ 'ਤੇ ਪੱਟੀ ਬੰਨ੍ਹੀ ਦੇਖ ਕੇ ਕਹਿਣ ਲੱਗੇ ਕਿ ਤੇਰੀ ਲੱਤ 'ਤੇ ਕੀ ਹੋਇਆ ਹੈ? ਰਿਕਸ਼ੇ ਵਾਲੇ ਨੇ ਕਿਹਾ ਕਿ ਲੱਤ 'ਤੇ ਸੱਟ ਲੱਗੀ ਹੋਈ ਹੈ। ਭਗਤ ਜੀ ਨੇ ਫਿਰ ਕਿਹਾ ਕਿ ਤੇਰੀ ਲੱਤ ਦਾ ਬੁਰਾ ਹਾਲ ਹੈ, ਤੂੰ ਅਰਾਮ ਕਿਉਂ ਨਹੀਂ ਕਰਦਾ? ਰਿਕਸ਼ੇ ਵਾਲੇ ਦੀ ਬੋਲੀ ਵਿੱਚ ਬੜੀ ਲਾਚਾਰਗੀ ਜਿਹੀ ਝਲਕਦੀ ਸੀ। ਉਸ ਨੇ ਕਿਹਾ ਕਿ ਮੇਰੇ ਬੱਚਿਆਂ ਦੇ ਗੁਜ਼ਰਾਨ ਦਾ ਹੋਰ ਕੋਈ ਵਸੀਲਾ ਨਹੀਂ ਹੈ। ਸੋ ਮੈਨੂੰ ਮਜ਼ਬੂਰੀ ਵੱਸ ਇਹ ਸਭ ਕੁਝ ਕਰਨਾ ਪੈਂਦਾ ਹੈ। ਭਗਤ ਜੀ ਨੇ ਰਿਕਸ਼ਾ ਰੁਕਵਾ ਕੇ ਉਸ ਰਿਕਸ਼ੇ ਵਾਲੇ ਨੂੰ ਤਾਂ ਪਿੱਛੇ ਬਿਠਾ ਦਿੱਤਾ ਤੇ ਆਪ ਰਿਕਸ਼ਾ ਚਲਾਉਣ ਲੱਗ ਗਏ। ਜਦੋਂ ਸਿਰੇ ਪਹੁੰਚ ਗਏ ਤਾਂ ਤਿੰਨ ਰੁਪਏ ਦੇਣ ਦੀ ਥਾਂ ਤੇ ਉਸ ਨੂੰ ਪੰਜਾਹ ਰੁਪਏ ਦੇ ਕੇ ਕਹਿਣ ਲੱਗੇ ਕਿ ਆਪਣੀ ਲੱਤ ਦਾ ਇਲਾਜ ਕਰਵਾ। ਤੂੰ ਕੁਝ ਦਿਨ ਅਰਾਮ ਵੀ ਕਰ ਤੇ ਇਨ੍ਹਾਂ ਪੈਸਿਆਂ ਨਾਲ ਆਪਣੇ ਘਰ ਦਾ ਗੁਜ਼ਾਰਾ ਵੀ ਕਰ ਲਵੀਂ, ਨਹੀਂ ਤਾਂ ਤੇਰੀ ਲੱਤ ਦਾ ਬਹੁਤਾ ਨੁਕਸਾਨ ਹੋ ਸਕਦਾ ਹੈ। ਭਗਤ ਜੀ ਨੇ ਤਾਂ ਪਹਿਲਾਂ ਵੀ ਦੋ ਅਜਿਹੇ ਬੰਦੇ ਹਸਪਤਾਲ ਪਹੁੰਚਾਏ ਸਨ, ਜਿਹੜੇ ਅਣਗਹਿਲੀ ਕਾਰਨ ਲੱਤ ਦੀ ਸੱਟ ਨਾਲ ਹੀ ਆਪਣੀ ਜਾਨ ਗਵਾ ਬੈਠੇ ਸਨ। {ਜਨਮ ਸ਼ਤਾਬਦੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, (੨੦੦੪), ਪੰਨਾ ੪੮}।

**ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥**
**ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥**
{ਅੰ:੯੮੦}

### ਸਮੇਂ ਦੀ ਯੋਗ ਵਰਤੋਂ ਤੇ ਕਦਰ ਕਰਨ ਵਾਲੇ

ਇੱਕ ਜ਼ਿੰਮੇਵਾਰ ਬੰਦਾ ਹਰ ਵਕਤ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਰਹਿੰਦਾ ਹੈ ਕਿ ਮੈਂ ਇਸ ਜ਼ਿੰਮੇਵਾਰੀ ਨੂੰ ਕਿਵੇਂ ਨਿਭਾਉਣਾ ਹੈ।ਭਗਤ ਪੂਰਨ ਸਿੰਘ ਜੀ ਦਾ ਪਰਿਵਾਰ ਹੀ ਐਡਾ ਵੱਡਾ ਸੀ ਕਿ ਉਨ੍ਹਾਂ ਨੂੰ ਤਾਂ ਹਰ ਵਕਤ ਹੀ ਇਹ ਸੋਚ ਰੱਖਣੀ ਪੈਂਦੀ ਸੀ ਕਿ ਪਿੰਗਲਵਾੜੇ ਦਾ ਸਾਰੇ ਮਹੀਨੇ ਦਾ ਖ਼ਰਚ ਕਿਵੇਂ ਪੂਰਾ ਕਰਨਾ ਹੈ? ਇਸ ਕਰਕੇ ਉਨ੍ਹਾਂ ਨੂੰ ਜਦੋਂ ਵੀ ਕੋਈ ਮੌਕਾ ਮਿਲਦਾ ਸੀ ਤਾਂ ਉਹ ਸਮੇਂ ਦੀ ਸੰਭਾਲ ਕਰ ਲੈਂਦੇ ਸਨ। 'ਪ੍ਰਿਥਵੀ ਰਾਜ ਕਪੂਰ ਦੀ ਫ਼ਿਲਮ **ਮੁਗ਼ਲੇ ਆਜ਼ਮ** ਨਵੀਂ-ਨਵੀਂ ਆਈ ਸੀ। ਇਹ ਫ਼ਿਲਮ ਲੋਕਾਂ ਵਿੱਚ ਮਸ਼ਹੂਰ ਵੀ ਬਹੁਤ ਹੋਈ ਸੀ। ਇਸ ਫ਼ਿਲਮ ਦੀ ਸ਼ੁਰੂਆਤ ਵੇਲੇ ਪ੍ਰਿਥਵੀ ਰਾਜ ਕਪੂਰ ਆਪ ਖ਼ੁਦ ਹੀ ਅੰਮ੍ਰਿਤਸਰ ਸਾਹਿਬ ਆਏ ਸਨ। ਇੱਕ ਤਾਂ ਫ਼ਿਲਮ ਚੰਗੀ ਸੀ ਦੂਜਾ ਪ੍ਰਿਥਵੀ ਰਾਜ ਕਪੂਰ ਆਪ ਆਏ ਸਨ, ਇਸ ਕਰਕੇ ਲੋਕਾਂ ਦਾ ਡਾਢਾ ਇਕੱਠ ਹੋ ਗਿਆ ਸੀ। ਭਗਤ ਜੀ ਲਈ ਤਾਂ ਇਹ ਸੁਨਹਿਰੀ ਮੌਕਾ ਸੀ ਕਿ ਇਤਨੇ ਲੋਕਾਂ ਨੂੰ ਗੁਰਮਤਿ ਦਾ ਗਿਆਨ ਤੇ ਪਿੰਗਲਵਾੜੇ ਬਾਰੇ ਦੱਸਣਾ ਹੈ। ਉਨ੍ਹਾਂ ਅਪਾਹਿਜ ਲੋਕਾਂ



ਲਈ ਕੁਝ ਮੰਗਣਾ ਵੀ ਸੀ। ਭਗਤ ਜੀ ਪਿੰਗਲਵਾੜੇ ਦੇ ਵਫ਼ਾਦਾਰ ਸੇਵਾਦਾਰ ਚੈਨ ਮਸੀਹ ਨੂੰ ਨਾਲ ਲੈ ਕੇ ਉਸ ਇਕੱਠ ਵਿੱਚ ਚਲੇ ਗਏ। ਕੁਝ ਲੋਕ ਤਾਂ ਭਗਤ ਜੀ ਬਾਰੇ ਜਾਣਦੇ ਸਨ ਤੇ ਕੁਝ ਲੋਕ ਉਨ੍ਹਾਂ ਦੇ ਪਹਿਰਾਵੇ ਆਦਿ ਨੂੰ ਦੇਖਕੇ ਉਨ੍ਹਾਂ ਪ੍ਰਤੀ ਆਕਰਸ਼ਿਤ ਹੋ ਗਏ ਸਨ ਕਿ ਇਹ ਦਰਵੇਸ਼ ਜਿਹਾ ਬੰਦਾ ਇੱਥੇ ਸਿਨਮੇ ਵਿੱਚ ਕੀ ਕਰਨ ਆਇਆ ਹੈ? ਭਗਤ ਜੀ ਕੋਈ ਨਾ ਕੋਈ ਵਸੀਲਾ ਬਣਾ ਕੇ ਪ੍ਰਿਥਵੀ ਰਾਜ ਕਪੂਰ ਨੂੰ ਜਾ ਮਿਲੇ ਤੇ ਉਸ ਨੂੰ ਪਿੰਗਲਵਾੜੇ ਬਾਰੇ ਜਾਣੂੰ ਕਰਵਾਇਆ। ਪ੍ਰਿਥਵੀ ਰਾਜ ਕਪੂਰ ਖ਼ੁਦ ਹੀ ਐਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਖ਼ੁਦ ਹੀ ਝੋਲੀ ਅੱਡ ਕੇ ਪਿੰਗਲਵਾੜੇ ਲਈ ਦਾਨ ਮੰਗਿਆ ਸੀ। ਇਸ ਦੇ ਨਾਲ ਹੀ ਕਪੂਰ ਨੇ ਭਗਤ ਜੀ ਨੂੰ ਚੰਦ ਸ਼ਬਦ ਬੋਲਣ ਲਈ ਵੀ ਕਿਹਾ ਭਗਤ ਜੀ ਨੇ ਬਹੁਤ ਹੀ ਗਿਆਨ ਭਰਪੂਰ ਗੱਲਾਂ ਕੀਤੀਆਂ। ਵਕਤ ਦਾ ਪਤਾ ਵੀ ਨਾ ਲੱਗਾ। ਉਸ ਸਮੇਂ ਹੀ ਖ਼ਿਆਲ ਆਇਆ ਜਦੋਂ ਕੁਝ ਫ਼ਿਲਮ ਦੇ ਸ਼ੌਕੀਨ ਲੋਕਾਂ ਨੇ ਰੌਲਾ ਪਾਇਆ ਕਿ ਫ਼ਿਲਮ ਦੇ ਸ਼ੁਰੂ ਹੋਣ ਦਾ ਵਕਤ ਹੋ ਗਿਆ ਹੈ। ਭਗਤ ਜੀ ਦੀਆਂ ਦੋਵੇਂ ਗੱਲਾਂ ਪੂਰੀਆਂ ਹੋ ਗਈਆਂ ਸਨ। ਇੱਕ ਤਾਂ ਭਗਤ ਜੀ ਦੀ ਗਿਆਨ ਵੰਡਣ ਦੀ ਭੁੱਖ ਪੂਰੀ ਹੋ ਗਈ ਸੀ ਤੇ ਦੂਜਾ ਉਨ੍ਹਾਂ ਗ਼ਰੀਬ ਅਨਾਥਾਂ ਲਈ ਵੀ ਭੁੱਖ ਮਿਟਾਉਣ ਲਈ ਕੁਝ ਪੈਸੇ ਮਿਲ ਗਏ ਸਨ।' {ਡਾ: ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, ੨੦੧੪, ਪੰਨਾ ੧੦੬}।

### ਗੁਰੂ ਨਾਨਕ ਸਾਹਿਬ ਜੀ ਦੇ ਪੰਜ ਸੌ ਸਾਲਾ ਸਮਾਗਮ ਤੇ ਗੋਰੀ ਵੱਲੋਂ ਰੋਸ

ਇਹੋ ਜਿਹੀਆਂ ਘਟਨਾਵਾਂ ਤਾਂ ਭਾਵੇਂ ਕਈ ਵਰਤੀਆਂ ਸਨ, ਪਰ ਆਪਾਂ ਇੱਕ ਹੋਰ ਘਟਨਾ ਦੇਖਦੇ ਹਾਂ 'ਗੁਰੂ ਨਾਨਕ ਸਾਹਿਬ ਜੀ ਦੇ ੧੯੬੯ ਨੂੰ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਦੀ ਸ਼ਤਾਬਦੀ ਦੀ। ਗੁਰੂ ਨਾਨਕ ਸਾਹਿਬ ਜੀ ਨਾਲ ਸਨੇਹ ਕਰਨ ਵਾਲੀ ਹਰ ਰੂਹ ਨੇ ਇਸ ਨੂੰ ਕਿਸੇ ਨਾ ਕਿਸੇ ਢੰਗ ਨਾਲ ਮਨਾਇਆ ਸੀ। ਇੱਕ ਅੰਗਰੇਜ਼ ਬੀਬੀ ਉਨ੍ਹਾਂ ਦਿਨਾਂ ਵਿੱਚ ਇੰਡੀਆ ਆਈ ਸੀ ਤੇ ਉਸ ਨੇ ਵੀ ਘੁੰਮ ਫਿਰ ਕੇ ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਵਿਰਸੇ ਨੂੰ ਜਾਣਿਆ ਤੇ ਮਾਣਿਆ ਸੀ। ਉਹ ਜਦੋਂ ਵਾਪਸ ਇੰਗਲੈਂਡ ਗਈ ਤਾਂ ਦੱਖਣੀ ਪੂਰਬੀ ਇੰਗਲੈਂਡ ਵਿੱਚ ਵੱਸਦੇ ਸਟਰੂਡ ਸ਼ਹਿਰ ਵਿੱਚ ਹੋ ਰਹੇ ਸਮਾਗਮ ਵਿੱਚ ਗੁਰੂ ਨਾਨਕ ਸਾਹਿਬ ਜੀ ਬਾਰੇ ਕਾਫ਼ੀ ਗਿਆਨ ਭਰਪੂਰ ਸ਼ਬਦਾਂ ਵਿੱਚ ਬੋਲੀ। ਇਸ ਦੇ ਨਾਲ ਹੀ ਉਸ ਨੇ ਭਗਤ ਪੂਰਨ ਸਿੰਘ ਜੀ ਵੱਲੋਂ ਚਲਾਏ ਹੋਏ ਮਾਨਵ ਮੰਦਰ ਪਿੰਗਲਵਾੜੇ ਬਾਰੇ ਵੀ ਦੱਸਿਆ ਤੇ ਸਿੱਖਾਂ ਵੱਲੋਂ ਵਰਤੀ ਜਾਂਦੀ ਅਣਗਹਿਲੀ ਪ੍ਰਤੀ ਆਪਣੇ ਸ਼ਬਦਾਂ ਵਿੱਚ ਰੋਸ ਜਤਾਇਆ। ਇਸ ਸਮਾਗਮ ਵਿੱਚ ਗੁਰਬਖ਼ਸ਼ ਸਿੰਘ ਇੰਗਲੈਂਡ ਨਿਵਾਸੀ ਵੀ ਗਏ ਸਨ। ਉਨ੍ਹਾਂ ਨੂੰ ਇਸ ਗੋਰੀ ਦੇ ਸ਼ਬਦਾਂ ਨੇ ਟੁੰਬਿਆ। ਮਾਨਵਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ। ਉਹ ਜਦੋਂ (ਗੁਰਬਖ਼ਸ਼

ਸਿੰਘ) ੧੯੭੦ ਵਿੱਚ ਇੰਡੀਆ ਆਏ ਤਾਂ ਉਨ੍ਹਾਂ ਨੇ ਭਗਤ ਜੀ ਨੂੰ ਮਿਲਣ ਦਾ ਮਨ ਵੀ ਬਣਾਇਆ ਹੋਇਆ ਸੀ। ਇਸ ਕਰਕੇ ਬਾਕੀ ਰੁਝੇਵੇਂ ਨਿਬੇੜ ਕੇ ਉਹ ਦਰਬਾਰ ਸਾਹਿਬ ਦਰਸ਼ਨ ਦੀਦਾਰਿਆਂ ਲਈ ਪਹੁੰਚੇ। ਇੱਥੋਂ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈ ਕੇ ਪਿੰਗਲਵਾੜੇ ਪਹੁੰਚੇ। ਇੱਕ ਬਜ਼ੁਰਗ ਆਪਣੀਆਂ ਲੱਤਾਂ ਤੇ ਕਿਸੇ ਅਪਾਹਿਜ ਨੂੰ ਪਾਈ ਆਪ ਕਿਸੇ ਪੇਪਰਾਂ ਨੂੰ ਬੜੀ ਨੀਝ ਲਾ ਕੇ ਪੜ੍ਹ ਰਹੇ ਸਨ। ਗੁਰਬਖ਼ਸ਼ ਸਿੰਘ ਨੇ ਉਸ ਬਜ਼ੁਰਗ ਨੂੰ ਪਿੰਗਲਵਾੜੇ ਦਾ ਸੇਵਕ ਸਮਝ ਕੇ ਭਗਤ ਜੀ ਬਾਰੇ ਪੁੱਛਿਆ। ਅੱਗੋਂ ਮਿੱਠੇ ਜਿਹੇ ਸ਼ਬਦਾਂ ਨੇ ਜਵਾਬ ਦਿੱਤਾ ਕਿ ਸੇਵਾਦਾਰ ਹਾਜ਼ਰ ਹੈ, ਹੁਕਮ ਦੱਸੋ ਜੀ। ਮਨ ਝੰਜੋੜਿਆ ਗਿਆ ਕਿ ਇਹੋ ਹੀ ਤਾਂ ਭਗਤ ਪੂਰਨ ਸਿੰਘ ਜੀ ਹਨ ਜਿਨ੍ਹਾਂ ਬਾਰੇ ਬੋਲੇ ਹੋਏ ਕਿਸੇ ਗੋਰੀ ਦੇ ਚੰਦ ਸ਼ਬਦਾਂ ਨੇ ਇੰਗਲੈਂਡ ਤੋਂ ਇੰਡੀਆ ਲਿਆਂਦਾ ਸੀ। ਭਗਤ ਜੀ ਕੋਲ ਬੈਠ ਕੇ ਗੁਰਬਖ਼ਸ਼ ਸਿੰਘ ਦੇ ਮਨ ਨੇ ਇਹ ਫ਼ੈਸਲਾ ਹੀ ਕਰ ਲਿਆ ਸੀ ਕਿ ਅੱਜ ਤੋਂ ਬਾਅਦ ਮੈਂ ਵੀ ਪਿੰਗਲਵਾੜੇ ਲਈ ਕੰਮ ਕਰਾਂਗਾ। ਗੁਰਬਖ਼ਸ਼ ਸਿੰਘ ਹੈਰਾਨ ਹੋ ਗਏ ਸਨ ਕਿ ਐਨੀ ਵੱਡੀ ਮਹਾਨ ਸੇਵਾ ਕਰਨ ਵਾਲਿਆਂ ਪ੍ਰਤੀ ਗੋਰੀ ਦੇ ਇੱਕ ਇੱਕ ਸ਼ਬਦ ਵਿੱਚ ਸਚਾਈ ਸੀ। ਉਨ੍ਹਾਂ ਨੂੰ ਆਪਣੀ ਅਣਗਹਿਲੀ ਦਾ ਖ਼ਿਆਲ ਵੀ ਆਇਆ ਕਿ ਅਸੀਂ ਕੁਝ ਪੈਸੇ ਅਜਿਹੀਆਂ ਥਾਵਾਂ 'ਤੇ ਧਰਮ ਦੇ ਨਾਂ ਦੇ ਕੇ ਚੱਲੇ ਜਾਂਦੇ ਹਾਂ ਜਿੱਥੇ ਇਨ੍ਹਾਂ ਦੀ ਲੋੜ ਵੀ ਨਹੀਂ ਹੁੰਦੀ। ਕੁਝ ਅਸਲ ਵਿੱਚ ਲੋੜ ਵਾਲੀਆਂ ਥਾਵਾਂ ਵਾਂਝੀਆਂ ਰਹਿ ਜਾਂਦੀਆਂ ਹਨ।

ਭਗਤ ਜੀ ਦੀ ਸ਼ਖ਼ਸੀਅਤ ਕਰਕੇ ਉਸ ਵਕਤ ਤਾਂ ਮਨ ਨੇ ਫ਼ੈਸਲਾ ਕਰ ਲਿਆ, ਪਰ ਮਗਰੋਂ ਇੰਗਲੈਂਡ ਜਾ ਕੇ ਪਿੰਗਲਵਾੜੇ ਲਈ ਮੰਗਣ ਦੀ ਗੱਲ ਆਈ ਤਾਂ ਲੋਕਾਂ ਕੋਲੋਂ ਮੰਗਣ ਲਈ ਬੜੀ ਝਿਜਕ ਆਉਣ ਲੱਗੀ। ਇਸ ਝਿਜਕ ਦੀ ਗੱਲ ਜਦੋਂ ਗੁਰਬਖ਼ਸ਼ ਸਿੰਘ ਨੇ ਆਪਣੇ ਨਜ਼ਦੀਕੀ ਸਾਥੀ ਸਰਦਾਰਾ ਸਿੰਘ ਪਿੰਡ ਮੱਝਾ ਨੰਗਲ ਨਾਲ ਸਾਂਝੀ ਕੀਤੀ ਜੋ ਕਿ ਪਹਿਲਾਂ ਹੀ ਅਜਿਹੀ ਭਾਵਨਾ ਵਾਲੇ ਬੰਦੇ ਸਨ, ਤਾਂ ਉਨ੍ਹਾਂ ਨੇ ਆਪਣੀ ਖੁੰਡੀ ਸੰਭਾਲ ਕੇ ਉਸ ਵਕਤ ਹੀ ਅਜਿਹਾ ਉਤਸ਼ਾਹ ਦਿਖਾਇਆ ਕਿ ਗੁਰਬਖ਼ਸ਼ ਸਿੰਘ ਦੀ ਸਦਾ ਲਈ ਝਿਜਕ ਲੱਥ ਗਈ। ਗੁਰਬਖ਼ਸ਼ ਸਿੰਘ ਨੇ ਲੋਕਾਂ ਕੋਲੋਂ ਮੰਗ ਕੇ ਦੁਖਿਆਰਿਆਂ ਦੇ ਦੁੱਖ ਵੰਡਾਉਣ ਲਈ ਲੱਖਾਂ ਪੌਂਡ ਪਿੰਗਲਵਾੜੇ ਭੇਜੇ ਤੇ ਹੋਰਨਾਂ ਨੂੰ ਵੀ ਆਪਣਾ ਦਸਵੰਧ ਅਜਿਹੀਆਂ ਥਾਵਾਂ 'ਤੇ ਖ਼ਰਚਣ ਲਈ ਪ੍ਰੇਰਨਾ ਦਿੱਤੀ।' {ਜਨਮ ਸ਼ਤਾਬਦੀ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, (੨੦੦੪), ਪੰਨਾ ੨੧}।

ਆਪਣੇ ਦੁੱਖਾਂ ਨੂੰ ਤਾਂ ਹਰ ਕੋਈ ਮਹਿਸੂਸ ਕਰ ਲੈਂਦਾ ਹੈ ਪਰ ਅਸਲ ਇਨਸਾਨ ਉਹ ਹੁੰਦਾ ਹੈ ਜਿਹੜਾ ਕਿਸੇ ਦੂਜੇ ਦੇ ਦੁੱਖਾਂ ਨੂੰ ਵੀ ਆਪਣੇ ਦੁੱਖ ਸਮਝਦਾ ਹੋਵੇ। ਇਸ ਤਰ੍ਹਾਂ ਭਗਤ ਜੀ ਦੀ ਪ੍ਰੇਰਨਾ ਵੱਡਿਆਂ-ਵੱਡਿਆਂ ਨੂੰ ਲੋੜਵੰਦਾਂ ਲਈ ਮੰਗਣ ਦੀ ਜਾਚ ਸਿਖਾ ਦਿੰਦੀ ਸੀ। ਉਹ ਮੰਗਦਾ ਤਾਂ ਭਾਵੇਂ ਇਨ੍ਹਾਂ ਅਪਾਹਿਜ



ਲੋਕਾਂ ਲਈ ਹੁੰਦਾ ਸੀ ਪਰ ਉਸ ਦੇ ਆਪਣੇ ਅੰਦਰ ਵੀ ਇਨਸਾਨੀਅਤ ਦੇ ਗੁਣ ਅਤੇ ਦਇਆ ਦੀ ਦੌਲਤ ਇਕੱਠੀ ਹੋ ਜਾਂਦੀ ਸੀ।

ਅਸਲ ਵਿੱਚ ਅਜਿਹੇ ਕਾਰਜਾਂ ਲਈ ਕਿਸੇ ਦਰਵੇਸ਼ ਨੂੰ ਕੁਰਬਾਨੀ ਦੇਣੀ ਪੈਂਦੀ ਹੈ। ਆਪਣੇ ਆਪ ਨੂੰ ਜਿਉਂਦੇ ਜੀਅ ਹੀ ਮਾਰਨਾ ਪੈਂਦਾ ਹੈ।ਭਗਤ ਜੀ ਕੋਲ ਜਿੰਨਾ ਗਿਆਨ ਸੀ ਉਸ ਨਾਲ ਉਹ ਆਪ ਕਿੱਧਰੇ ਵੀ ਸੁੱਖਾਂ ਭਰੀ ਜ਼ਿੰਦਗੀ ਗੁਜ਼ਾਰ ਸਕਦੇ ਸਨ। ਗੁਰਬਾਣੀ ਨੂੰ ਪੜ੍ਹ ਕੇ ਬੰਦੇ ਦੇ ਅੰਦਰ ਧਰਮੀ ਗੁਣਾਂ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਸ ਦੇ ਅੰਦਰ ਦੂਜਿਆਂ ਦੀ ਸੇਵਾ ਕਰਨ ਦਾ ਜਾਂ ਪਰਉਪਕਾਰ ਕਰਨ ਦਾ ਚਾਉ ਪੈਦਾ ਹੋ ਜਾਂਦਾ ਹੈ; ਇਸ ਕਰਕੇ ਉਹ ਤਾਂ ਆਪਣਾ ਆਪ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਹੀ ਕਰ ਦਿੰਦਾ ਹੈ।

**ਭਗਤ ਪੂਰਨ ਸਿੰਘ ਜੀ ਦੀ ਦ੍ਰਿੜ੍ਹਤਾ**

'ਇੱਕ ਵਾਰੀ ਦੀ ਘਟਨਾ ਹੈ ਕਿ ਭਗਤ ਜੀ ਚੈਨ ਮਸੀਹ ਦੇ ਨਾਲ ਕਿਸੇ ਦੇ ਘਰੋਂ ਉਗਰਾਹੀ ਲੈਣ ਲਈ ਗਏ। ਉਸ ਕੋਲ ਮਾਇਆ ਤਾਂ ਬਹੁਤ ਸੀ ਪਰ ਉਸ ਦਾ ਸੁਭਾਅ ਵੀ ਮਾਇਆਧਾਰੀਆਂ ਵਾਲਾ ਹੀ ਸੀ। ਗੁਰਬਾਣੀ ਵਿੱਚ ਮਾਇਆ ਦੀ ਬ੍ਰਿਤੀ ਬਾਰੇ ਜ਼ਿਕਰ ਹੈ ਕਿ

**"ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥**
**ਬੋਲੈ ਕਉੜਾ ਜਿਹਬਾ ਕੀ ਫੂੜਿ॥"**{ਅੰ: ੩੯੪}

ਮਾਇਆ ਆਪਣੇ ਦਾਸ ਦੀ ਵੀ ਬ੍ਰਿਤੀ ਕਰੀਬ ਇਸੇ ਤਰ੍ਹਾਂ ਦੀ ਹੀ ਕਰ ਦਿੰਦੀ ਹੈ। ਭਗਤ ਜੀ ਨੇ ਉਸ ਅਮੀਰ ਬੰਦੇ ਦੇ ਬੂਹੇ 'ਤੇ ਜਾ ਕੇ ਟੱਲ ਖੜਕਾ ਦਿੱਤਾ। ਉਹ ਅਮੀਰ ਬੰਦਾ ਬਹੁਤ ਕਠੋਰ ਬ੍ਰਿਤੀ ਦਾ ਮਾਲਕ ਸੀ। ਉਸ ਨੇ ਕਈ ਤਰ੍ਹਾਂ ਦੇ ਕੌੜੇ ਸ਼ਬਦ ਭਗਤ ਜੀ ਨੂੰ ਬੋਲੇ ਤੇ ਕੁਝ ਵੀ ਨਾ ਦੇਣ ਦੀ ਗੱਲ ਆਖੀ। ਭਗਤ ਜੀ ਗੁੱਸਾ ਕਰਨ ਦੀ ਥਾਂ 'ਤੇ ਸਗੋਂ ਉਸ ਦੇ ਬੂਹੇ ਅੱਗੇ ਹੀ ਬੈਠ ਗਏ ਕਿ ਜਦੋਂ ਵੀ ਕੁਝ ਨਾ ਕੁਝ ਦੇਵੋਗੇ ਤਦ ਹੀ ਮੈਂ ਇੱਥੋਂ ਜਾਣਾ ਹੈ। ਉਹ ਵੀ ਅਜੀਬ ਬੰਦਾ ਸੀ, ਉਸ ਨੇ ਭਗਤ ਜੀ ਨੂੰ ਚੁੱਕਿਆ ਤੇ ਕੁਝ ਦੂਰੀ 'ਤੇ ਛੱਡ ਦਿੱਤਾ। ਭਗਤ ਜੀ ਫਿਰ ਆ ਗਏ ਤੇ ਪਿਆਰ ਨਾਲ ਕਹਿਣ ਲੱਗੇ ਕਿ ਜੇਕਰ ਕਿਸੇ ਕੋਲ ਕੁਝ ਨਾ ਹੋਵੇ ਤਾਂ ਉਸ ਨੂੰ ਕੁਝ ਨਾ ਕੁਝ ਦੇਣਾ ਸਾਡਾ ਫ਼ਰਜ਼ ਬਣਦਾ ਹੈ, ਪਰ ਜਿਸ ਕੋਲ ਕਮੀ ਹੀ ਕੋਈ ਨਾ ਹੋਵੇ ਤਾਂ ਉਸ ਕੋਲੋਂ ਲੈ ਕੇ ਅਪਾਹਿਜ ਲੋਕਾਂ ਨੂੰ ਦੇਣਾ ਵੀ ਦੋਨਾਂ ਦਾ ਭਲਾ ਕਰਨ ਦੇ ਬਰਾਬਰ ਹੀ ਹੈ। ਅਮੀਰ ਬੰਦਾ ਬੇਲੋੜੀਆਂ ਚੀਜ਼ਾਂ 'ਤੇ ਖ਼ਰਚ ਦਿੰਦਾ ਹੈ ਤੇ ਗ਼ਰੀਬ ਲੋੜ ਵਾਲੀਆਂ ਚੀਜ਼ਾਂ ਵੀ ਖ਼ਰੀਦ ਨਹੀਂ ਸਕਦਾ। ਇਸ ਕਰਕੇ ਅਸੀਂ ਤਾਂ ਕੁਝ ਨਾ ਕੁਝ ਲੈ ਕੇ ਜਾਵਾਂਗੇ, ਜਿਸ ਨਾਲ ਤੁਹਾਡੇ ਹਿਰਦੇ ਵਿੱਚ ਦਇਆ ਵਰਗਾ ਪਵਿੱਤਰ ਗੁਣ ਵੀ ਪੈਦਾ ਹੋ ਜਾਵੇਗਾ। ਆਖਿਰ ਉਹ ਕਿਰਪਨ ਬੰਦਾ ਵੀ ਭਗਤ ਜੀ ਦੀ ਅਜਿਹੀ ਲਗਨ ਤੇ ਦ੍ਰਿੜ੍ਹਤਾ ਦੇਖ ਕੇ ਬਹੁਤ ਹੈਰਾਨ ਹੋਇਆ। ਉਸ ਨੇ ਖ਼ੁਸ਼ ਹੋ ਕੇ ਕਾਫ਼ੀ ਸਾਰੀ ਮਦਦ ਕੀਤੀ। ਭਗਤ ਜੀ

ਆਪਣੀ ਸ਼ੁੱਭ ਭਾਵਨਾ ਤੇ ਦ੍ਰਿੜ੍ਹਤਾ ਦੇ ਕਾਰਨ ਜਿੱਤ ਜਾਂਦੇ ਸਨ। ਇਸ ਤਰ੍ਹਾਂ ਦਾ ਹੀ ਸੇਵਕ ਨਿਰੰਕਾਰ ਨੂੰ ਪ੍ਰਵਾਨ ਹੋ ਸਕਦਾ ਹੈ।' {ਉਹੀ}

**ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥**
**ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥**

(ਅੰਗ ੧੨੪੭}

ਪਿਆਰ ਇੱਕ ਕੋਮਲ ਭਾਵਨਾ ਵਾਲਾ ਰਿਸ਼ਤਾ ਹੈ। ਇਹ ਦੂਜਿਆਂ ਨੂੰ ਵੀ ਆਪਣਿਆਂ ਤੋਂ ਜ਼ਿਆਦਾ ਪਿਆਰਾ ਲੱਗਣ ਲਾ ਦਿੰਦਾ ਹੈ। ਪਿਆਰ ਦੀ ਖ਼ਾਤਰ ਬੰਦਾ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕਰਦਾ। ਭਗਤ ਪੂਰਨ ਸਿੰਘ ਜੀ ਦੀ ਮਾਤਾ ਵੱਲੋਂ ਮਿਲਿਆ ਪਿਆਰ ਭਗਤ ਜੀ ਲਈ ਕੀਮਤੀ ਵਿਰਾਸਤ ਸੀ। ਭਗਤ ਜੀ ਜਿੱਥੇ ਆਪਣੇ ਪਿੰਗਲਵਾੜੇ ਦੇ ਪਰਿਵਾਰ ਨੂੰ ਬਹੁਤ ਪਿਆਰ ਕਰਦੇ ਸਨ ਉੱਥੇ ਭਾਵਨਾ ਵਾਲੇ ਹੋਣ ਕਰਕੇ ਹਰ ਬੰਦੇ ਦਾ ਦੁੱਖ ਆਪਣਾ ਦੁੱਖ ਹੀ ਸਮਝਦੇ ਸਨ। ਉਨ੍ਹਾਂ ਦਾ ਮਨ ਜਲਦੀ ਹੀ ਵੈਰਾਗੀ ਹੋ ਜਾਂਦਾ ਸੀ ਤੇ ਨੈਣਾਂ ਦਾ ਨੀਰ ਆਪ ਮੁਹਾਰੇ ਵਗ ਪੈਂਦਾ ਸੀ।

### ਭਗਤ ਜੀ ਦਾ ਦਿਲ ਦਇਆ ਦਾ ਮੰਦਰ ਸੀ

ਸਰਵਣ ਸਿੰਘ ਇੱਕ ਮਜ਼ਦੂਰ ਮਾਤਾ ਪਿਤਾ ਦਾ ਬੇਟਾ ਸੀ। ਇਸ ਦੇ ਮਾਤਾ ਪਿਤਾ ਜੀ ਕਲਕੱਤੇ ਵਿੱਚ ਮਜ਼ਦੂਰੀ ਕਰਦੇ ਸਨ। ਮਜ਼ਦੂਰਾਂ ਨੂੰ ਕਈ ਵਾਰੀ ਆਪਣੇ ਸਰੀਰ ਨਾਲ ਧੱਕਾ ਕਰਨਾ ਪੈਂਦਾ ਹੈ। ਇਸ ਕਰਕੇ ਬਹੁਤ ਵਾਰੀ ਮਜ਼ਦੂਰ ਨਸ਼ਿਆਂ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਸ ਤਰ੍ਹਾਂ ਹੀ ਸਰਵਣ ਸਿੰਘ ਦੇ ਪਿਤਾ ਨੇ ਵੀ ਨਸ਼ਿਆਂ ਨੂੰ ਆਪਣੇ ਦੁੱਖਾਂ ਦਾ ਇਲਾਜ ਸਮਝ ਲਿਆ ਸੀ। ਮਜ਼ਦੂਰਾਂ ਦੀ ਜ਼ਿੰਦਗੀ ਵਿੱਚ ਗ਼ਰੀਬੀ ਤਾਂ ਪਹਿਲਾਂ ਹੀ ਆਪਣਾ ਡੇਰਾ ਜਮਾਈ ਬੈਠੀ ਹੁੰਦੀ ਹੈ ਤੇ ਉਸ ਦੇ ਨਾਲ ਹੀ ਨਸ਼ਾ ਵੀ ਆ ਜਾਵੇ ਤਾਂ ਮਜ਼ਬੂਰੀਆਂ ਵਿੱਚ ਪੀਸਿਆ ਬੰਦਾ ਆਪਣੇ ਅੰਦਰ ਦੇ ਕ੍ਰੋਧ ਨੂੰ ਬੱਚਿਆਂ ਨਾਲ ਮਾਰ ਕੁੱਟ ਕੇ ਜਾਂ ਝਿੜਕ ਕੇ ਸ਼ਾਂਤ ਕਰਦਾ ਹੈ। ਇਸ ਤਰ੍ਹਾਂ ਹੀ ਸਰਵਣ ਸਿੰਘ ਦੇ ਮਾਤਾ ਪਿਤਾ ਉਸ ਨਾਲ ਕਈ ਵਾਰੀ ਸਖ਼ਤ ਭਾਸ਼ਾ ਵਿੱਚ ਗੱਲਬਾਤ ਕਰਦੇ ਸਨ। ਬੱਚਾ ਤਾਂ ਬਹੁਤ ਸੰਵੇਦਨਸ਼ੀਲ ਹੁੰਦਾ ਹੈ। ਉਹ ਤਾਂ ਆਪਣੇ ਮਾਤਾ ਪਿਤਾ ਜੀ ਕੋਲੋਂ ਪਿਆਰ ਦੀ ਦਾਤ ਚਾਹੁੰਦਾ ਹੈ, ਪਰ ਅੱਗੇ ਤੋਂ ਚੰਗਾ ਵਿਹਾਰ ਨਾ ਹੋਵੇ ਤਾਂ ਬੱਚੇ ਕਈ ਵਾਰੀ ਅਣਜਾਣਪੁਣੇ ਵਿੱਚ ਗ਼ਲਤ ਕਦਮ ਵੀ ਚੁੱਕ ਲੈਂਦੇ ਹਨ। ਇੱਕ ਦਿਨ ਸਰਵਣ ਸਿੰਘ ਦਾ ਚਾਚਾ ਉਨ੍ਹਾਂ ਨੂੰ ਮਿਲਣ ਆਇਆ ਹੋਇਆ ਸੀ। ਉਸ ਦਿਨ ਹੀ ਫਿਰ ਮਾਤਾ ਪਿਤਾ ਨੇ ਸਰਵਣ ਸਿੰਘ ਨੂੰ ਝਿੜਕਾਂ ਮਾਰੀਆਂ। ਉਸ ਨੇ ਰੋਸ ਵਿੱਚ ਘਰ ਛੱਡ ਦਿੱਤਾ ਤੇ ਬਿਨਾਂ ਕਿਸੇ ਨੂੰ ਦੱਸੇ ਤੋਂ ਆਪਣੇ ਚਾਚੇ ਦੇ ਮਗਰ ਮਗਰ ਰੇਲਵੇ ਸਟੇਸ਼ਨ 'ਤੇ ਆ ਗਿਆ। ਚਾਚੇ ਦੇ ਡਰ ਕਾਰਨ ਚਾਚੇ ਦੀ ਗੱਡੀ ਦੇ ਨਾਲ ਖੜ੍ਹੀ



ਇੱਕ ਹੋਰ ਗੱਡੀ ਵਿੱਚ ਚੜ੍ਹ ਗਿਆ। ਉਸ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੱਡੀਆਂ ਤਾਂ ਵੱਖੋ ਵੱਖਰੀ ਥਾਂ 'ਤੇ ਜਾਣੀਆਂ ਹਨ। ਇਸ ਗੱਡੀ ਵਿੱਚ ਕੁਝ ਸਮਾਂ ਸਫ਼ਰ ਕਰਕੇ ਸਬੱਬੀਂ ਪਟਨਾ ਸਾਹਿਬ ਪਹੁੰਚ ਗਿਆ। ਬੇਟਿਕਟ ਹੋਣ ਕਰਕੇ ਪੁਲਿਸ ਨੇ ਪਕੜ ਲਿਆ ਤੇ ਜੇਲ੍ਹ ਦੇ ਲਾਂਗਰੀ ਨਾਲ ਸੇਵਾ ਕਰਨ ਲਈ ਲਾ ਦਿੱਤਾ। ਕੁਝ ਦਿਨਾਂ ਮਗਰੋਂ ਜਦੋਂ ਪੁਲਿਸ ਨੇ ਛੱਡਿਆ ਤਾਂ ਫਿਰ ਟ੍ਰੇਨ ਪਕੜ ਲਈ ਤੇ ਅੰਮ੍ਰਿਤਸਰ ਆ ਗਿਆ। ਇੱਥੇ ਵੀ ਇੱਕ ਚਾਹ ਦੀ ਦੁਕਾਨ ਕਰਨ ਵਾਲੇ ਨੇ ਪ੍ਰਸ਼ਾਦਾ ਪਾਣੀ ਦੇ ਦੇਣਾ ਤੇ ਸਾਰੀ ਦਿਹਾੜੀ ਕੰਮ ਕਰਵਾਉਣਾ। ਅਚਾਨਕ ਕਿਸੇ ਨੇ ਦੁਕਾਨਦਾਰ ਨੂੰ ਦੱਸ ਦਿੱਤਾ ਕਿ ਪੁਲਿਸ ਨੂੰ ਦੱਸਣ ਤੋਂ ਬਿਨਾਂ ਇਸ ਤਰ੍ਹਾਂ ਕਿਸੇ ਬੱਚੇ ਨੂੰ ਨੌਕਰ ਨਹੀਂ ਰੱਖਿਆ ਜਾ ਸਕਦਾ। ਉਹ ਚਾਹ ਦੀ ਦੁਕਾਨ ਵਾਲੇ ਨੇ ਸਰਵਣ ਸਿੰਘ ਨੂੰ ਪਿੰਗਲਵਾੜੇ ਭਗਤ ਪੂਰਨ ਸਿੰਘ ਕੋਲ ਛੱਡ ਦਿੱਤਾ। ਭਗਤ ਜੀ ਨੇ ਪਹਿਲਾਂ ਤਾਂ ਉਸ ਨੂੰ ਸਮਝਾਇਆ ਕਿ ਕੋਈ ਗੱਲ ਨਹੀਂ ਤੂੰ ਆਪਣੇ ਮਾਂ ਬਾਪ ਕੋਲ ਚਲਾ ਜਾ। ਸਰਵਣ ਸਿੰਘ ਨੇ ਜਦੋਂ ਉੱਥੇ ਜਾਣਾ ਪ੍ਰਵਾਨ ਨਾ ਕੀਤਾ ਤਾਂ ਭਗਤ ਜੀ ਨੇ ਇਹ ਸੋਚ ਕੇ ਆਪਣੇ ਕੋਲ ਹੀ ਰੱਖ ਲਿਆ ਕਿ ਜੇ ਫਿਰ ਹੁਣ ਕਿੱਧਰੇ ਹੋਰ ਗੱਡੀ ਚੜ੍ਹ ਕੇ ਚਲਾ ਗਿਆ ਤਾਂ ਸ਼ਾਇਦ ਹੋਰ ਵੀ ਨਾ ਭਟਕ ਜਾਵੇ। ਇੱਥੇ ਭਗਤ ਜੀ ਨੇ ਉਸ ਨੂੰ ਬਹੁਤ ਪਿਆਰ ਦਿੱਤਾ ਤੇ ਨਾਲ ਹੀ ਸਕੂਲ ਵੀ ਪਾ ਦਿੱਤਾ। ਸਰਵਣ ਸਿੰਘ ਭਗਤ ਜੀ ਨੂੰ ਮਿਲ ਕੇ ਸਾਰੇ ਦੁੱਖ ਭੁੱਲ ਗਿਆ ਸੀ ਤੇ ਇੱਥੇ ਪਿੰਗਲਵਾੜੇ ਦੇ ਪਰਿਵਾਰ ਨਾਲ ਮਿਲ ਕੇ ਰਹਿਣ ਲੱਗ ਪਿਆ ਸੀ।

ਇੱਕ ਦਿਨ ਸਕੂਲ ਵਿੱਚ ਕਿਸੇ ਕਾਰਨ ਲੜਾਈ ਹੋ ਗਈ ਤੇ ਸਰਵਣ ਸਿੰਘ ਕੋਲੋਂ ਆਪਣੇ ਜਮਾਤੀ ਦੇ ਸਿਰ ਵਿੱਚ ਸੱਟ ਵੱਜ ਗਈ। ਸਰਵਣ ਸਿੰਘ ਡਰ ਗਿਆ ਤੇ ਇਸ ਵਾਰੀ ਫਿਰ ਗੱਡੀ ਚੜ੍ਹ ਗਿਆ ਤੇ ਦਿੱਲੀ ਪਹੁੰਚ ਗਿਆ। ਹੁਣ ਸਰਵਣ ਸਿੰਘ ਥੋੜ੍ਹਾ ਵੱਡਾ ਤੇ ਸਿਆਣਾ ਹੋ ਗਿਆ ਸੀ। ਕੁਝ ਪੜ੍ਹ ਵੀ ਲੈਂਦਾ ਸੀ ਪਰ ਦਿੱਲੀ ਉਤਰਦਿਆਂ ਸਾਰ ਹੀ ਫਿਰ ਪੁਲਿਸ ਨੇ ਫੜ ਲਿਆ ਤੇ ਜੇਲ੍ਹ ਭੇਜ ਦਿੱਤਾ। ਵੱਡਾ ਹੋਣ ਕਰਕੇ ਇੱਥੇ ਪੁਲਿਸ ਵਾਲੇ ਕੰਮ ਵੀ ਚੋਖਾ ਕਰਾਉਂਦੇ ਸਨ ਤੇ ਤੰਗ ਵੀ ਜ਼ਿਆਦਾ ਕਰਦੇ ਸਨ। ਸਰਵਣ ਸਿੰਘ ਨੂੰ ਭਗਤ ਜੀ ਕੋਲੋਂ ਬਹੁਤ ਪਿਆਰ ਮਿਲ ਚੁੱਕਾ ਸੀ। ਇਸ ਕਰਕੇ ਉਸ ਨੂੰ ਭਗਤ ਜੀ ਦੀ ਯਾਦ ਵਾਰ-ਵਾਰ ਆਉਂਦੀ ਸੀ। ਉਸ ਨੇ ਇੱਕ ਦਿਨ ਦਿਲ ਕਰੜਾ ਜਿਹਾ ਕਰਕੇ ਭਗਤ ਜੀ ਨੂੰ ਚਿੱਠੀ ਲਿਖ ਕੇ ਆਪਣਾ ਸਾਰਾ ਹੀ ਹਾਲ ਦੱਸ ਦਿੱਤਾ। ਭਗਤ ਜੀ ਕੋਲ ਚਿੱਠੀ ਗਈ ਤਾਂ ਉਨ੍ਹਾਂ ਨੇ ਚਿੱਠੀ ਪੜ੍ਹ ਕੇ ਜਲਦੀ ਨਾਲ ਇੱਕ ਸਿਆਣੇ ਸੇਵਾਦਾਰ ਮਨੋਹਰ ਸਿੰਘ ਨੂੰ ਸਰਵਣ ਸਿੰਘ ਨੂੰ ਛਡਾਉਣ ਲਈ ਭੇਜ ਦਿੱਤਾ। ਜੇਲ੍ਹ ਅਧਿਕਾਰੀਆਂ ਨੇ ਮਨੋਹਰ ਸਿੰਘ ਦੀ ਇੱਕ ਨਾ ਸੁਣੀ ਤੇ ਸਰਵਣ ਸਿੰਘ ਨੂੰ ਛੱਡਣ ਤੋਂ ਜਵਾਬ ਦੇ ਦਿੱਤਾ। ਮਨੋਹਰ ਸਿੰਘ ਨੇ ਆ ਕੇ ਦੱਸਿਆ ਕਿ ਜੇਲ੍ਹ ਅਧਿਕਾਰੀ

ਕੋਈ ਗੱਲ ਸੁਣਨ ਲਈ ਤਿਆਰ ਨਹੀਂ ਹੈ। ਇਹ ਸਰਵਣ ਸਿੰਘ ਦੀ ਹੀ ਗ਼ਲਤੀ ਹੈ, ਹੁਣ ਅਸੀਂ ਕੀ ਕਰ ਸਕਦੇ ਹਾਂ। ਭਗਤ ਜੀ ਨੇ ਸਾਰੀ ਗੱਲ ਸੁਣੀ ਤੇ ਦਿੱਲੀ ਲਈ ਤਿਆਰੇ ਖਿੱਚ ਦਿੱਤੇ।

ਦਿੱਲੀ ਪਹੁੰਚ ਕੇ ਜੇਲ੍ਹ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਪਰ ਉਨ੍ਹਾਂ ਦਾ ਸਖ਼ਤ ਸੁਭਾਅ ਕੋਈ ਗੱਲ ਨਹੀਂ ਸੁਣਦਾ ਸੀ। ਭਗਤ ਜੀ ਅਲੀਪੁਰ ਦੇ ਜੇਲ੍ਹ ਅਧਿਕਾਰੀ ਦੀ ਗੱਡੀ ਅੱਗੇ ਲੰਮੇ ਪੈ ਗਏ ਤੇ ਕਹਿਣ ਲੱਗੇ ਮੈਂ ਉਦੋਂ ਤਕ ਨਹੀਂ ਉੱਠਣਾ ਜਦੋਂ ਤਕ ਤੁਸੀਂ ਸਰਵਣ ਸਿੰਘ ਨੂੰ ਨਹੀਂ ਛੱਡਦੇ। ਇਹ ਮੇਰੇ ਪਰਿਵਾਰ ਦਾ ਬੱਚਾ ਹੈ, ਮੈਂ ਇਸ ਨੂੰ ਇਸ ਤਰ੍ਹਾਂ ਕਿਵੇਂ ਛੱਡ ਸਕਦਾ ਹਾਂ। ਭਗਤ ਜੀ ਦੇ ਵਿਸ਼ਵਾਸ ਭਰੇ ਬੋਲ ਤੇ ਦ੍ਰਿੜ੍ਹਤਾ ਦੇ ਸਦਕਾ ਸਰਵਣ ਸਿੰਘ ਮੁੜ ਪਿੰਗਲਵਾੜੇ ਆ ਗਿਆ ਤੇ ਭਗਤ ਜੀ ਕੋਲੋਂ ਮਾਫ਼ੀ ਮੰਗ ਕੇ ਮੁੜ ਖੁਸ਼ੀ ਨਾਲ ਰਹਿਣ ਲੱਗ ਪਿਆ। ਇਹ ਸਰਵਣ ਸਿੰਘ ਪੱਕੇ ਤੌਰ ’ਤੇ ਹੀ ਪਿੰਗਲਵਾੜੇ ਰਹਿ ਕੇ ਸੇਵਾ ਕਰਦਾ ਹੈ। ਪਿੰਗਲਵਾੜੇ ਵੱਲੋਂ ਤਿਆਰ ਕੀਤੇ ਜਾਂਦੇ ਨਕਲੀ ਅੰਗਾਂ ਨੂੰ ਬਣਾਉਣ ਦੀ ਸੇਵਾ ਕਰਦਾ ਹੈ। {ਉਹੀ ਪੰਨਾ ੯੭}।

## ਦੂਜਿਆਂ ਦਾ ਹੱਕ ਨਹੀਂ ਖਾਣਾ

ਦਇਆ, ਇਨਸਾਨੀਅਤ ਦੇ ਸ਼ਿੰਗਾਰੇ ਹੋਏ ਗੁਣਾਂ ਵਿੱਚੋਂ ਇੱਕ ਮਹਾਨ ਗੁਣ ਹੈ। ਦਇਆ ਦੀ ਤਾਕਤ ਨਾਲ ਬੰਦੇ ਦੇ ਮਨ ਵਿੱਚ ਹੋਰ ਵੀ ਸ਼ੁੱਭ ਗੁਣ ਆ ਜਾਂਦੇ ਹਨ। ਇਨ੍ਹਾਂ ਸ਼ੁੱਭ ਗੁਣਾਂ ਨਾਲ ਉਹ ਹੋਰਾਂ ਦਾ ਵੀ ਭਲਾ ਕਰ ਦਿੰਦਾ ਹੈ। ਭਗਤ ਜੀ ਦੇ ਹਿਰਦੇ ਵਿੱਚ ਇਹ ਦਇਆ ਦਾ ਗੁਣ ਰੱਬ ਨੇ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਇਸ ਕਰਕੇ ਹੀ ਕਦੇ ਕਿਸੇ ਪਸ਼ੂ ਪੰਛੀ ਨੂੰ ਵੀ ਦੁਖੀ ਦੇਖਦੇ ਤਾਂ ਉਸ ਦਾ ਵੀ ਦੁੱਖ ਵੰਡਾਉਣ ਦੀ ਕੋਸ਼ਿਸ਼ ਕਰਦੇ ਸਨ। ਅਸੀਂ ਤਾਂ ਸਿਰਫ਼ ਕਿਸੇ ਕੋਲੋਂ ਗ਼ਲਤ ਤਰੀਕੇ ਨਾਲ ਪੈਸੇ ਲੈਣਾ ਹੀ ਪਰਾਇਆ ਹੱਕ ਸਮਝਦੇ ਹਾਂ, ਪਰ ਭਗਤ ਜੀ ਹਰ ਚੀਜ਼ ਦੀ ਨਾਜਾਇਜ਼ ਵਰਤੋਂ ਨੂੰ ਪਰਾਇਆ ਹੱਕ ਹੀ ਸਮਝਦੇ ਸਨ। ਇਸ ਗੱਲ ਲਈ ਕਿਸੇ ਨੂੰ ਕੁਝ ਕਹਿਣਾ ਹੁੰਦਾ ਸੀ ਤਾਂ ਇਸ ਤੋਂ ਵੀ ਉਹ ਕਦੇ ਝਿਜਕਦੇ ਨਹੀਂ ਹੁੰਦੇ ਸਨ। ਇੱਕ ਵਾਰੀ ਭਗਤ ਜੀ ਨੂੰ ਪਤਾ ਲੱਗਾ ਕਿ ਦਰਬਾਰ ਸਾਹਿਬ ਦੀਆਂ ਪਰਕਰਮਾ ਵਿੱਚ ਬਣੇ ਹੋਏ ਕਮਰਿਆਂ ਵਿੱਚ ਬਾਬਾ ਜਰਨੈਲ ਸਿੰਘ ਦੇ ਨਾਲ ਦੇ ਸਾਥੀ ਸਿੰਘ ਹੀਟਰ ’ਤੇ ਪ੍ਰਸ਼ਾਦੇ ਗਰਮ ਕਰਦੇ ਹਨ ਤੇ ਤੜਕਾ ਲਾਉਂਦੇ ਹਨ। ਪਹਿਲਾਂ ਤਾਂ ਭਗਤ ਜੀ ਨੇ ਪਿੰਗਲਵਾੜੇ ਦੇ ਸੇਵਾਦਾਰ ਸੁਰਜੀਤ ਸਿੰਘ ਰਾਹੀ ਨੂੰ ਭੇਜਿਆ ਕਿ ਉਹ ਗੱਲ ਕਰਕੇ ਆਵੇ ਕਿ ਇਸ ਤਰ੍ਹਾਂ ਬਿਜਲੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਨੂੰ ਇਹ ਗੱਲ ਕਹਿ ਕੇ ਆਵੇ ਕਿ ਉਹ ਬਾਬਾ ਜਰਨੈਲ ਸਿੰਘ ਨਾਲ



ਗੱਲ ਕਰਕੇ ਇਸ ਨੂੰ ਬੰਦ ਕਰਵਾ ਦੇਣ। ਬਾਬਾ ਜਰਨੈਲ ਸਿੰਘ ਦਾ ਸਿੱਖ ਸੰਗਤ ਵਿੱਚ ਬਹੁਤ ਪ੍ਰਭਾਵ ਸੀ, ਇਸ ਕਰਕੇ ਉਨ੍ਹਾਂ ਨੂੰ ਕੋਈ ਕਹਿਣ ਦੀ ਜ਼ੁਰਅਤ ਨਹੀਂ ਕਰਦਾ ਸੀ। ਕੁਝ ਸਮਾਂ ਉਡੀਕ ਕੇ ਜਦੋਂ ਕੋਈ ਨਾ ਗਿਆ ਤਾਂ ਭਗਤ ਜੀ ਖ਼ੁਦ ਹੀ ਬਾਬਾ ਜਰਨੈਲ ਸਿੰਘ ਨੂੰ ਮਿਲਣ ਚਲੇ ਗਏ। ਭਗਤ ਜੀ ਬਾਬਾ ਜਰਨੈਲ ਸਿੰਘ ਦੇ ਕੋਲ ਥੱਲੇ ਹੀ ਧਰਤੀ ’ਤੇ ਬੈਠ ਗਏ, ਪਰ ਬਾਬਾ ਜੀ ਨੇ ਕਹਿ ਕੇ ਉਨ੍ਹਾਂ ਨੂੰ ਉੱਪਰ ਬੈਠਾ ਲਿਆ। ਬਾਬਾ ਜਰਨੈਲ ਸਿੰਘ ਨੇ ਇੱਕ ਤੇਲ ਦੀ ਬੋਤਲ ਦਿੱਤੀ। ਭਗਤ ਜੀ ਨੇ ਸਤਿਕਾਰ ਨਾਲ ਸਵੀਕਾਰ ਕਰ ਲਈ ਤੇ ਕਿਹਾ ਕਿ ਮੈਂ ਤੇ ਪਿਆਰਾ ਇਸ ਨਾਲ ਮਾਲਸ਼ ਕਰਿਆ ਕਰਾਂਗੇ। ਬਾਬਾ ਜਰਨੈਲ ਸਿੰਘ ਨੇ ਭਗਤ ਜੀ ਨੂੰ ਇਸ ਤਰ੍ਹਾਂ ਆਉਣ ਦਾ ਕਾਰਨ ਪੁੱਛਿਆ ਤਾਂ ਭਗਤ ਜੀ ਨੇ ਕਿਹਾ ਕਿ ਬਾਬਾ ਜੀ ਤੁਹਾਡੇ ਕੁਝ ਸਾਥੀ ਹੀਟਰ ਬਾਲ ਕੇ ਪ੍ਰਕਰਮਾ ਦੇ ਕਮਰਿਆਂ ਵਿੱਚ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਕਰਦੇ ਹਨ। ਸਾਨੂੰ ਬਿਜਲੀ ਇਸ ਤਰ੍ਹਾਂ ਨਹੀਂ ਖ਼ਰਚਣੀ ਚਾਹੀਦੀ। ਸੋ ਤੁਸੀਂ ਕਿਰਪਾ ਕਰਕੇ ਉਨ੍ਹਾਂ ਨੂੰ ਗੈਸ ਦਾ ਪ੍ਰਬੰਧ ਕਰ ਦਿਓ ਤਾਂ ਕਿ ਬਿਜਲੀ ਦੀ ਬੱਚਤ ਹੋ ਸਕੇ। ਬਾਬਾ ਜਰਨੈਲ ਸਿੰਘ ਜੀ ਨੇ ਇਹ ਗੱਲ ਸਹਿਜੇ ਹੀ ਮੰਨ ਲਈ ਸੀ। ਭਗਤ ਜੀ ਦੇ ਹਿਰਦੇ ਵਿੱਚ ਸੱਚ ਹੋਣ ਕਰਕੇ ਉਨ੍ਹਾਂ ਦੇ ਬੋਲਾਂ ਦਾ ਅਸਰ ਵੀ ਨਿਵੇਕਲਾ ਹੁੰਦਾ ਸੀ। {ਉਹੀ ਪੰਨਾ ੧੬੬}।

## ਸੱਚ ਤੇ ਅਡੋਲ ਨਿਸ਼ਚਾ

‘ਸੱਚ ਆਖਿਰ ਨੂੰ ਭਾਵੇਂ ਜਿੱਤ ਜਾਂਦਾ ਹੈ, ਪਰ ਜਿੱਤ ਤਕ ਪਹੁੰਚਣ ਲਈ ਸੱਚ ਨੂੰ ਬਹੁਤ ਬਿਖੜੇ ਪੈਂਡਿਆਂ ਵਿੱਚੋਂ ਦੀ ਲੰਘਣਾ ਪੈਂਦਾ ਹੈ। ਕੁਝ ਮੁਤਅੱਸਬੀ ਲੋਕ ਭਗਤ ਜੀ ਨੂੰ ਸਿੱਖੀ ਸਰੂਪ ਵਿੱਚ ਦੇਖ ਕੇ ਵੀ ਬਰਦਾਸ਼ਤ ਨਹੀਂ ਕਰਦੇ ਸਨ। ਉਨ੍ਹਾਂ ਦੇ ਮਨਾਂ ਵਿੱਚ ਭਗਤ ਜੀ ਬਾਰੇ ਐਵੇਂ ਹੀ ਕੱਟੜਤਾ ਕਰਕੇ ਨਫ਼ਰਤ ਭਰੀ ਹੋਈ ਸੀ। ਉਹ ਹਰ ਤਰ੍ਹਾਂ ਨਾਲ ਆਪਣੀ ਵਾਹ ਭਗਤ ਜੀ ਨੂੰ ਕਿਸੇ ਨਾ ਕਿਸੇ ਤਰੀਕੇ ਉਲਝਾਉਣ ਲਈ ਲਾਉਂਦੇ ਰਹਿੰਦੇ ਸਨ। ਭਗਤ ਜੀ ਦਾ ਇੱਕ ਨਜ਼ਦੀਕੀ ਸਾਥੀ ਸੁਰਜੀਤ ਸਿੰਘ ਰਾਹੀ ਸੀ। ਇੱਕ ਵਾਰੀ ਵੀਰ ਪ੍ਰਤਾਪ ਅਖ਼ਬਾਰ ਨੇ ਉਸ ਬਾਰੇ ਖ਼ਬਰ ਛਾਪ ਦਿੱਤੀ ਕਿ ਉਹ ਤਾਂ ਗਊਆਂ ਦੇ ਸਿਰ ਵੱਢਦਾ ਹੈ। ਇਸ ਖ਼ਬਰ ਦੀ ਚਰਚਾ ਵੀ ਸਾਰੇ ਪਾਸੇ ਫੈਲ ਗਈ। ਭਗਤ ਜੀ ਨੇ ਇਹ ਖਬਰ ਦੇਖੀ ਤੇ ਸੁਰਜੀਤ ਸਿੰਘ ਰਾਹੀ ਨੂੰ ਤੇ ਪਿੰਗਲਵਾੜੇ ਵੱਲੋਂ ਗਊ ਹੱਤਿਆ ਦੇ ਸੰਬੰਧ ਵਿੱਚ ਛਾਪੇ ਗਏ ਕਿਤਾਬਚੇ ਵੀ ਨਾਲ ਲੈ ਕੇ ਅਖ਼ਬਾਰ ਵਾਲੇ ਵਰਿੰਦਰ ਦੇ ਕੋਲ ਚਲੇ ਗਏ। ਉਨ੍ਹਾਂ ਨੂੰ ਸਮਝਾਇਆ ਕਿ ਅਸੀਂ ਤਾਂ ਪਸ਼ੂਆਂ ਪੰਛੀਆਂ ਦੀ ਕਦਰ ਕਰਦੇ ਹਾਂ। ਇਹ ਕਦੇ ਵੀ ਨਹੀਂ ਹੋ ਸਕਦਾ ਕਿ ਸੁਰਜੀਤ ਸਿੰਘ ਰਾਹੀ ਵਰਗਾ ਬੰਦਾ ਕਦੇ ਗਊ ਹੱਤਿਆ ਦਾ ਦੋਸ਼ੀ ਹੋਵੇ। ਭਗਤ ਜੀ ਨੇ ਸਾਰੀ ਜਾਣਕਾਰੀ ਦਿੱਤੀ ਕਿ ਤੁਹਾਡੀ ਨਿੱਕੀ ਜਿਹੀ ਗ਼ਲਤੀ ਨੇ ਸਾਡਾ ਬਹੁਤ

ਨੁਕਸਾਨ ਕੀਤਾ ਹੈ। ਪਿੰਗਲਵਾੜੇ ਦੀ ਉਗਰਾਹੀ ਵਿੱਚ ਬਹੁਤ ਫ਼ਰਕ ਆ ਗਿਆ ਹੈ। ਵਰਿੰਦਰ ਨੇ ਆਪਣੀ ਇਸ ਗੱਲ ਦੀ ਮਾਫ਼ੀ ਮੰਗੀ ਤੇ ਅੱਗੇ ਵਾਸਤੇ ਅਜਿਹੀ ਗ਼ਲਤੀ ਨਾ ਕਰਨ ਦਾ ਵਾਅਦਾ ਕੀਤਾ।

ਇਹ ਗੱਲ ਹਾਲੇ ਠੰਡੀ ਵੀ ਨਹੀਂ ਹੋਈ ਸੀ ਕਿ ਮਿਲਾਪ ਅਖ਼ਬਾਰ ਵਾਲੇ ਨੇ ਭਗਤ ਜੀ ਦੇ ਚਾਲ ਚਲਣ ਬਾਰੇ ਗ਼ਲਤ ਖ਼ਬਰ ਛਾਪ ਦਿੱਤੀ। ਇਹ ਤਾਂ ਸਿਰ ਤੋਂ ਪਾਣੀ ਲੰਘ ਜਾਣ ਵਾਲੀ ਗੱਲ ਸੀ। ਭਗਤ ਜੀ ਨੇ ਇਸ ਗੱਲ ਦਾ ਨਾ ਤਾਂ ਕੋਈ ਖੰਡਨ ਕੀਤਾ ਅਤੇ ਨਾ ਹੀ ਕੋਈ ਸਪਸ਼ਟੀਕਰਨ ਦਿੱਤਾ, ਸਗੋਂ ਉਨ੍ਹਾਂ ਨੇ ਕਚਹਿਰੀਆਂ ਵਿੱਚ ਇੱਜ਼ਤ ਹੱਤਕ ਦਾ ਦਾਵਾ ਕਰ ਦਿੱਤਾ। ਖ਼ਬਰ ਝੂਠੀ ਸੀ, ਇਸ ਕਰਕੇ ਅਖ਼ਬਾਰ ਵਾਲਾ ਯਸ਼ ਮੁਕੱਦਮਾ ਹਾਰ ਗਿਆ। ਅਦਾਲਤ ਨੇ ਉਸ ਦੀ ਜ਼ਮੀਨ ਜਾਇਦਾਦ ਦੀ ਕੁਰਕੀ ਦੇ ਆਰਡਰ ਦੇ ਦਿੱਤੇ। ਹੈਰਾਨੀ ਦੀ ਗੱਲ ਹੈ ਕਿ ਭਗਤ ਜੀ ਨੇ ਉਸ ਕੋਲ ਜਾ ਕੇ ਉਸ ਨੂੰ ਫਿਰ ਵੀ ਮਾਫ਼ ਕਰ ਦਿੱਤਾ ਤੇ ਕਿਹਾ ਕਿ ਮੈਂ ਕੁਰਕੀ ਕਰਵਾਉਣ ਲਈ ਦਾਵਾ ਨਹੀਂ ਕੀਤਾ ਸੀ ਸਗੋਂ ਇਹ ਤਾਂ ਤੁਹਾਨੂੰ ਅਹਿਸਾਸ ਹੀ ਕਰਵਾਉਣਾ ਸੀ। ਇਹ ਸੀ ਅਸਲ ਵਿੱਚ ਭਗਤੀ ਤੇ ਅਜਿਹੀ ਭਗਤੀ ਨਾਲ ਨਿਵਾਜ਼ੇ ਹੋਏ ਭਗਤ ਪੂਰਨ ਸਿੰਘ ਜੀ।{ਉਹੀ ਪੰਨਾ ੧੬੭}।

**ਭਗਤ ਪੂਰਨ ਸਿੰਘ ਵਿਗਿਆਨਿਕ ਸੋਚ ਦੇ ਧਾਰਨੀ ਸਨ**

ਗੁਰਬਾਣੀ ਨੂੰ ਦਿਲੋਂ ਮੁਹੱਬਤ ਕਰਨ ਵਾਲੇ ਦੀ ਸੋਚ ਵਹਿਮਾਂ ਭਰਮਾਂ ਵਾਲੀ ਨਹੀਂ ਸਗੋਂ ਵਿਗਿਆਨਿਕ ਸੋਚ ਬਣ ਜਾਂਦੀ ਹੈ। ਉਹ ਕਿਸੇ ਵੀ ਕਿਸਮ ਦੇ ਕਰਮ-ਕਾਂਡ ਨਹੀਂ ਕਰਦਾ। ਧਰਮ ਦੀ ਦੁਨੀਆਂ ਵਿੱਚ ਬ੍ਰਹਮ ਗਿਆਨੀ, ਭਗਤ, ਦਰਵੇਸ਼, ਸਾਧੂ ਸੰਤ ਆਦਿਕ ਸ਼ਬਦ ਬਹੁਤ ਸਤਿਕਾਰਯੋਗ ਹਨ। ਇਨ੍ਹਾਂ ਸ਼ਬਦਾਂ ਦੇ ਓਟ ਆਸਰੇ ਵਿੱਚ ਪਾਖੰਡੀ ਲੋਕ ਬਹੁਤ ਕੁਝ ਅਜਿਹਾ ਕਰਦੇ ਹਨ ਜੋ ਗੁਰਮਤਿ ਤਾਂ ਕੀ ਹੋਣੀ ਹੈ ਸਗੋਂ ਉਹ ਪਾਪ ਹੀ ਹੁੰਦੇ ਹਨ। ਕਿਸੇ ਦੀ ਕੋਈ ਬਿਮਾਰੀ ਹੁੰਦੀ ਹੈ ਤਾਂ ਉਸ ਦਾ ਸਹੀ ਇਲਾਜ ਕਰਵਾਉਣ ਦੀ ਥਾਂ ’ਤੇ ਅਖੌਤੀ ਸਾਧੂ ਭਗਤ, ਪਰਿਵਾਰ ਨੂੰ ਜਾਦੂ ਟੂਣਿਆਂ ਦੀ ਝੂਠੀ ਕਿਰਿਆ ਵਿੱਚ ਉਲਝਾ ਦਿੰਦੇ ਹਨ। ਉਨ੍ਹਾਂ ਨੂੰ ਦਵਾਈ ਦੇਣ ਦੀ ਥਾਂ ’ਤੇ ਧਾਗੇ ਤਵੀਤ ਦਿੰਦੇ ਹਨ। ਕਿਸੇ ਵਿਸ਼ੇਸ਼ ਥਾਂ ਦਾ ਜਲ ਦੇ ਕੇ ਉਸ ਨੂੰ ਪੀਣ ਜਾਂ ਛਿੜਕਣ ਲਈ ਦਿੰਦੇ ਹਨ। ਕਿਸੇ ਥਾਂ ਦੀ ਚਰਨਧੂੜ ਸਰੀਰ ’ਤੇ ਲਾਉਣ ਲਈ ਕਹਿੰਦੇ ਹਨ, ਹੱਥ ਹਉਲੇ ਕਰਨੇ, ਪੁੱਛਾਂ ਦੇਣੀਆਂ, ਫੂਕਾਂ ਮਾਰਨੀਆਂ ਆਦਿਕ ਪਾਖੰਡ ਕਰਕੇ ਲੱਖਾਂ ਰੁਪਏ ਲੋਕਾਂ ਦੇ ਲੁੱਟ ਲੈਂਦੇ ਹਨ। ਭਗਤ ਪੂਰਨ ਸਿੰਘ ਨੇ ਕੋਈ ਵੀ ਅਜਿਹਾ ਕਰਮਕਾਂਡ ਕਰਕੇ ਲੋਕਾਂ ਤੋਂ ਪੈਸਾ ਇਕੱਤਰ ਨਹੀਂ ਕੀਤਾ। ਉਨ੍ਹਾਂ ਨੇ ਤਾਂ ਲੋਕਾਂ ਨੂੰ ਕਹਿ ਕੇ ਤੇ ਦੱਸ ਕੇ ਪੈਸਾ ਲਿਆ ਸੀ। ਉਨ੍ਹਾਂ ਦੀ ਸੋਚ ਤਾਂ ਪੂਰਨ ਤੌਰ ’ਤੇ ਵਿਗਿਆਨਿਕ ਸੀ, ਕਿਉਂਕਿ ਉਨ੍ਹਾਂ ਨੇ ਆਪ ਸਾਹਿਤ ਬਹੁਤ ਪੜ੍ਹਿਆ ਹੋਇਆ ਸੀ। ਉਹ ਦਰਬਾਰ



ਸਾਹਿਬ ਜੀ ਦੇ ਸਾਹਮਣੇ ਬੈਠ ਕੇ ਵੀ ਆਪਣੀ ਵਿਗਿਆਨਿਕ ਸੋਚ ਨਾਲ ਗੁਰਬਾਣੀ ਦੀ ਕਮਾਈ ਕਰਦੇ ਸਨ। ਜੋ ਗੁਰੂ ਜੀ ਦੀ ਸਿੱਖਿਆ ਹੈ ਉਸ ਨਾਲ ਹੀ ਆਪਣੇ ਕੋਲ ਆਏ ਮਰੀਜ਼ਾਂ ਜਾਂ ਅਪਾਹਿਜਾਂ ਦਾ ਇਲਾਜ ਕਰਦੇ ਸਨ। ਉਨ੍ਹਾਂ ਨੇ ਨਾ ਤਾਂ ਕਿਸੇ ਨੂੰ ਕੋਈ ਧਾਗਾ ਤਵੀਤ ਦਿੱਤਾ ਸੀ ਤੇ ਨਾ ਹੀ ਕਿਸੇ ਨੂੰ ਕੋਈ ਅਜਿਹੇ ਕਰਮਕਾਂਡ ਲਈ ਪ੍ਰੇਰਿਆ ਸੀ। ਇਹ ਧਰਮ ਤੇ ਵਿਗਿਆਨ ਦਾ ਅਨੋਖਾ ਮੇਲ ਸੀ।

**ਗਿਆਨ ਦੇ ਸ਼ੌਕੀਨ**

ਆਮ ਸੰਸਾਰੀ ਬੰਦਿਆਂ ਵਿੱਚੋਂ ਕੋਈ ਖਾਣ ਪੀਣ ਦਾ ਸ਼ੌਕੀਨ, ਕੋਈ ਘੁੰਮਣ ਫਿਰਨ ਦਾ ਸ਼ੌਕੀਨ, ਕੋਈ ਪਹਿਨਣ ਦਾ ਸ਼ੌਕੀਨ ਜਾਂ ਅਜਿਹੇ ਕਈ ਹੋਰ ਸ਼ੌਕ ਲੋਕਾਂ ਨੇ ਪਾਲੇ ਹੁੰਦੇ ਹਨ। ਕਈ ਵਾਰੀ ਇੰਵ ਜਾਪਦਾ ਹੈ ਕਿ ਭਗਤ ਪੂਰਨ ਸਿੰਘ ਜੀ ਕਿਸੇ ਵੱਖਰੀ ਹੀ ਮਿੱਟੀ ਦੇ ਬਣੇ ਹੋਏ ਸਨ। ਉਨ੍ਹਾਂ ਨੂੰ ਨਾ ਤਾਂ ਖਾਣ ਦਾ ਸ਼ੌਕ, ਨਾ ਕਿਸੇ ਵਿਸ਼ੇਸ਼ ਪਹਿਨਣ ਦਾ ਸ਼ੌਕ, ਬਲਕਿ ਜੋ ਮਿਲ ਜਾਂਦਾ ਸੀ ਉਹ ਖਾ ਲੈਂਦੇ ਸਨ ਤੇ ਉਹ ਸਾਦਾ ਜਿਹਾ ਖੱਦਰ ਹੀ ਪਹਿਨ ਲੈਂਦੇ ਸਨ। ਉਨ੍ਹਾਂ ਨੂੰ ਤਾਂ ਗਿਆਨ ਦਾ ਬਹੁਤ ਸ਼ੌਕ ਸੀ। ਗਿਆਨ ਪ੍ਰਾਪਤੀ ਲਈ ਵੀ ਉਨ੍ਹਾਂ ਦੇ ਮਨ ਵਿੱਚ ਬਹੁਤ ਲਾਲਸਾ ਸੀ ਤੇ ਗਿਆਨ ਵੰਡਣ ਦੀ ਵੀ ਬਹੁਤ ਭੁੱਖ ਹੁੰਦੀ ਸੀ। ਭਗਤ ਜੀ ਗਿਆਨ ਪ੍ਰਾਪਤੀ ਲਈ ਜਾਂ ਗਿਆਨ ਵੰਡਣ ਲਈ, ਜਦੋਂ ਵੀ ਵਕਤ ਮਿਲਦਾ ਸੀ ਤਾਂ ਉਹ ਇਸ ਦਾ ਪੂਰਾ-ਪੂਰਾ ਲਾਭ ਉਠਾਉਂਦੇ ਸਨ। ਉਨ੍ਹਾਂ ਦੀ ਪੜ੍ਹਾਈ ਦੇ ਸ਼ੌਕ ਤੋਂ ਲੋਕ ਵੀ ਹੈਰਾਨ ਹੋ ਜਾਂਦੇ ਸਨ। ‘ਦਿੱਲੀ ਦੇ ਪ੍ਰਗਤੀ ਮੈਦਾਨ ਵਿੱਚ ਵਿਸ਼ਵ ਪੁਸਤਕ ਮੇਲਾ ਲੱਗਿਆ ਹੋਇਆ ਸੀ। ਇੱਥੇ ਪੁਸਤਕਾਂ ਪੜ੍ਹਨ ਦੇ ਸ਼ੌਕੀਨ ਤੇ ਪਬਲੀਸ਼ਰ ਆਦਿਕ ਬਹੁਤ ਆਉਂਦੇ ਹਨ। ਇੱਥੇ ਹੀ ਭਗਤ ਪੂਰਨ ਸਿੰਘ ਵੀ ਚਲੇ ਗਏ। ਉਨ੍ਹਾਂ ਨੇ ਕਿਤਾਬਾਂ ਦੀ ਕਾਫ਼ੀ ਫੋਲਾ-ਫਾਲੀ ਕੀਤੀ ਤੇ ਕਈ ਕਿਤਾਬਾਂ ਚੁਣ ਲਈਆਂ। ਇਤਨੀਆਂ ਕਿਤਾਬਾਂ ਇਕੱਠੀਆਂ ਕਰਕੇ ਰੱਖਦਿਆਂ ਨੂੰ ਦੇਖ ਕੇ ਦੁਕਾਨਦਾਰ ਵੀ ਗੱਲਾਂ ਕਰਨ ਲੱਗ ਪੈਂਦੇ ਸਨ ਕਿ ਇਹ ਬਾਬਾ ਤਾਂ ਆਪਣਾ ਕੋਈ ਭੁੱਸ ਪੂਰਾ ਕਰਦਾ ਹੈ। ਨਾ ਤਾਂ ਇਹ ਪੜ੍ਹਿਆ ਲਿਖਿਆ ਹੈ ਅਤੇ ਨਾ ਹੀ ਇਸ ਕੋਲ ਅਜਿਹੀਆਂ ਕਿਤਾਬਾਂ ਖ਼ਰੀਦਣ ਵਾਸਤੇ ਪੈਸੇ ਹੋਣਗੇ। ਜਦੋਂ ਕਿਤਾਬਾਂ ਦੀ ਸਾਰੀ ਖ਼ਰੀਦਦਾਰੀ ਹੋ ਗਈ ਤਾਂ ਭਗਤ ਜੀ ਨੇ ਆਪਣੇ ਸਾਦੇ ਜਿਹੇ ਚੋਲੇ ਦੇ ਬੋਝੇ ਵਿੱਚ ਰੁੱਗ ਭਰ ਕੇ ਪੈਸੇ ਕੱਢ-ਕੱਢ ਕੇ ਦੁਕਾਨਦਾਰਾਂ ਨੂੰ ਦਿੱਤੇ ਤਾਂ ਸਾਰੇ ਹੀ ਹੈਰਾਨ ਹੋ ਗਏ। ਇਸ ਪ੍ਰਗਤੀ ਮੈਦਾਨ ਵਿੱਚ ਹੀ ਭਗਤ ਜੀ ਦੀ ਜਗਜੀਤ ਸਿੰਘ ਵਾਲੀਆ ਨਾਲ ਮੁਲਾਕਾਤ ਹੋਈ ਸੀ ਜਿਹੜੇ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਾਹਿਬ ਦੇ ਪ੍ਰੈਸ ਤੇ ਪ੍ਰਕਾਸ਼ਨ ਵਿਭਾਗ ਦੇ ਡਾਇਰੈਕਟਰ ਸਨ। ਇਹ ਇੱਕ ਵਾਰੀ ਭਗਤ ਜੀ ਨੂੰ ਅੰਮ੍ਰਿਤਸਰ ਸਾਹਿਬ ਵੀ ਮਿਲਣ ਆਏ ਸਨ ਤਾਂ ਇਨ੍ਹਾਂ ਨੇ ਭਗਤ ਜੀ ਨੂੰ ਕਿਹਾ ਕਿ ਮੈਨੂੰ ਵੀ ਕੋਈ ਸੇਵਾ ਦੱਸੋ। ਭਗਤ ਜੀ ਨੇ ਕਿਹਾ ਕਿ ਮੈਨੂੰ “ਦਾ ਲਿਮਟਜ਼ ਔਫ ਗਰੋਥ ਬਾਏ ਡੋਨੀਲਾ. ਐੱਚ ਮੀਡੋਜ਼” ਇਹ ਕਿਤਾਬ

ਲੱਭ ਕੇ ਦਿਓ। ਉਨ੍ਹਾਂ ਨੇ ਜਾ ਕੇ ਯੂਨੀਵਰਸਿਟੀ ਵਿੱਚੋਂ ਇਹ ਕਿਤਾਬ ਲਈ ਤੇ ਹੈਰਾਨ ਹੋ ਗਏ ਸਨ ਕਿ ਇਹ ਕਿਤਾਬ ਪੰਜ ਸਾਲ ਪਹਿਲਾਂ ਲਾਇਬਰੇਰੀ ਵਾਲਿਆਂ ਨੇ ਖ਼ਰੀਦੀ ਸੀ, ਪਰ ਹੁਣ ਤਕ ਇਹ ਸਿਰਫ਼ ਲਾਇਬਰੇਰੀ ਦੀ ਸ਼ੈਲਫ ਦਾ ਸ਼ਿੰਗਾਰ ਹੀ ਸੀ। ਇਹ ਪੰਜ ਸਾਲ ਵਿੱਚ ਪਹਿਲੀ ਵਾਰੀ ਭਗਤ ਜੀ ਲਈ ਇਸ਼ੂ ਕਰਵਾਈ ਸੀ।' {ਜਨਮ ਸ਼ਤਾਬਦੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (੨੦੦੪), ਪੰਨਾ ੩੫}।

## ਅਣਥੱਕ ਸੇਵਾਦਾਰ

ਭਗਤ ਜੀ ਦੀ ਖ਼ੁਦ ਦੀ ਪੜ੍ਹਾਈ ਜ਼ਿਆਦਾ ਹੋਣ ਕਰਕੇ ਉਨ੍ਹਾਂ ਦਾ ਗੁਰਬਾਣੀ ਨੂੰ ਸਮਝਣ ਦਾ ਤਰੀਕਾ ਵਿਗਿਆਨਿਕ ਹੀ ਸੀ। ਆਮ ਪਾਖੰਡੀ ਲੋਕ ਤਾਂ ਲੌਂਗ ਲਾਚੀਆਂ, ਮਿਸ਼ਰੀ ਜਾਂ ਪਤਾਸਿਆਂ ਦਾ ਪ੍ਰਸ਼ਾਦ ਦਿੰਦੇ ਹਨ ਤੇ ਲੰਗਰ ਵਿੱਚ ਪ੍ਰਸ਼ਾਦਾ ਪਾਣੀ ਛਕਾ ਦਿੰਦੇ ਹਨ। ਭਗਤ ਜੀ ਨੇ ਦੁਨੀਆਂ ਤੋਂ ਨਿਆਰੀ ਕਿਸਮ ਦੇ ਛੇ ਲੰਗਰ ਲਾਏ ਸਨ। ਪਹਿਲਾ ਗਿਆਨ ਦਾ ਲੰਗਰ ਲਾਇਆ। ਦੂਜਾ "ਲੰਗਰ ਚਲੈ ਗੁਰ ਸ਼ਬਦ" ਅਨੁਸਾਰ ਗੁਰੂ ਸ਼ਬਦਾਂ ਦਾ ਭਾਵ ਗੁਰਬਾਣੀ ਵਿਚਾਰ ਦਾ ਲੰਗਰ ਲਾਇਆ ਸੀ। ਤੀਜਾ ਆਮ ਸਾਹਿਤ ਦਾ ਲੰਗਰ, ਚੌਥਾ ਦਵਾਈਆਂ ਦਾ ਲੰਗਰ ਅਤੇ ਪੰਜਵਾਂ ਦਰਖ਼ਤਾਂ ਦਾ ਲੰਗਰ ਤੇ ਛੇਵਾਂ ਸਭ ਤੋਂ ਅਨੋਖਾ ਪਿਆਰ ਦਾ ਲੰਗਰ ਲਾਇਆ ਹੋਇਆ ਸੀ। ਹੈਰਾਨੀ ਹੁੰਦੀ ਹੈ ਕਿ ਵੱਡੀਆਂ-ਵੱਡੀਆਂ ਸੰਸਥਾਵਾਂ ਵੀ ਮੁਫ਼ਤ ਕਿਤਾਬਾਂ ਨਹੀਂ ਵੰਡਦੀਆਂ ਪਰ ਹੱਥ ਵਿੱਚ ਇੱਕ ਬਾਟਾ, ਗਲ ਵਿੱਚ ਟੱਲ ਪਾਇਆ ਤੇ ਪਿੱਠ ਪਿੱਛੇ ਪਿਆਰਾ ਸਿੰਘ ਨੂੰ ਚੁੱਕ ਕੇ, ਹੋਰ ਸੈਂਕੜੇ ਅਪਾਹਿਜਾਂ ਲਈ ਪੈਸੇ ਮੰਗ ਕੇ ਗੁਜ਼ਾਰਾ ਕਰਨ ਵਾਲਾ ਮੁਫ਼ਤ ਕਿਤਾਬਾਂ ਵੰਡਦਾ ਸੀ। ਇਨ੍ਹਾਂ ਕਿਤਾਬਾਂ ਦਾ ਲੰਗਰ ਬੰਦ ਨਾ ਹੋ ਜਾਵੇ ਇਸ ਲਈ ਉਨ੍ਹਾਂ ਨੇ ਆਪਣੀ ਹੀ ਪ੍ਰੈਸ ਲਾਈ ਹੋਈ ਸੀ। ਪ੍ਰੈਸ ਵਿੱਚ ਵੀ ਕਾਫ਼ੀ ਗਿਣਤੀ ਵਿੱਚ ਸੇਵਾਦਾਰ ਤੇ ਸੇਵਾਦਾਰਨੀਆਂ ਕੰਮ ਕਰਦੀਆਂ ਸਨ। ਭਗਤ ਜੀ ਆਪ ਵੀ ਹੱਥੀਂ ਲਿਖਦੇ ਰਹਿੰਦੇ ਸਨ। ਇੱਥੋਂ ਤਕ ਕੇ ਕਈ ਵਾਰੀ ਤਾਂ ਸੇਵਾਦਾਰ ਰਾਤ ਨੂੰ ਆਪਣੀ ਥਾਂ ਛੱਡ ਕੇ ਲੁਕ ਕੇ ਸੌਂ ਜਾਂਦੇ ਸਨ, ਕਿਉਂਕਿ ਭਗਤ ਜੀ ਰਾਤ ਨੂੰ ਉਠਾ ਕੇ ਲਿਖਣ ਜਾਂ ਪੜ੍ਹਨ ਦਾ ਕੰਮ ਦੇ ਦਿੰਦੇ ਸਨ। ਰੇਲਵੇ ਸਟੇਸ਼ਨਾਂ 'ਤੇ ਜਦੋਂ ਕੋਈ ਗੱਡੀ ਉਡੀਕਣੀ ਹੁੰਦੀ ਸੀ ਤਾਂ ਉੱਥੇ ਹੀ ਬੈਠ ਕੇ ਲਿਖਣ ਲੱਗ ਜਾਂਦੇ ਸਨ।

ਭਗਤ ਜੀ ਸਾਰਿਆਂ ਨਾਲ ਹੀ ਹੱਦੋਂ ਵੱਧ ਪਿਆਰ ਕਰਦੇ ਸਨ। ਇਸ ਤੋਂ ਵੱਧ ਕੋਈ ਕੀ ਮਿਸਾਲ ਦੇ ਸਕਦਾ ਹੈ ਕਿ ਜਿਸ ਅਪਾਹਿਜ ਨੂੰ ਭਗਤ ਜੀ ਡੇਹਰਾ ਸਾਹਿਬ ਤੋਂ ਲੈ ਕੇ ਆਏ ਸਨ ਉਸ ਦਾ ਨਾਮ ਹੀ ਪਿਆਰਾ ਸਿੰਘ ਰੱਖਿਆ ਸੀ ਤੇ ਉਸ ਨੂੰ ਅਥਾਹ ਪਿਆਰ ਕਰਦੇ ਸਨ। ਪਿਆਰਾ ਸਿੰਘ ਦੀ ਹਰ ਸੇਵਾ ਭਗਤ ਜੀ ਆਪ ਕਰਦੇ ਸਨ ਤੇ ਕਦੇ ਨਰਾਜ਼ ਨਹੀਂ ਹੁੰਦੇ ਸਨ, ਉਲਟਾ ਪਿਆਰਾ ਸਿੰਘ ਬਹੁਤ ਵਾਰੀ ਰੁੱਸ ਜਾਂਦਾ ਸੀ ਤੇ ਭਗਤ ਜੀ ਉਸ ਨੂੰ ਮਨਾਏ ਤੋਂ ਬਿਨਾਂ



ਪ੍ਰਸ਼ਾਦਾ ਪਾਣੀ ਨਹੀਂ ਛਕਦੇ ਸਨ। ਇਹੋ ਜਿਹੀ ਮਿਸਾਲ ਕਿ ਇੱਕ ਹੱਥਾਂ ਪੈਰਾਂ ਤੋਂ ਨਕਾਰੇ ਲਈ, ਉਸ ਦੀ ਗ਼ੰਦਗੀ ਧੋ ਕੇ ਵੀ, ਉਸ ਰੁੱਸੇ ਨੂੰ ਮਨਾਉਣ ਲਈ, ਜੇ ਹੋ ਸਕਦੀ ਹੈ ਤਾਂ ਭਗਤ ਪੂਰਨ ਸਿੰਘ ਜੀ ਹੀ ਆਪਣੀ ਮਿਸਾਲ ਆਪ ਹੀ ਸਨ। ਭਗਤ ਜੀ ਦਾ ਬਾਕੀ ਲੋਕਾਂ ਲਈ ਵਗਦਾ ਅਥਾਹ ਪਿਆਰ ਦਾ ਸਮੁੰਦਰ ਅੱਖਰਾਂ ਦੀ ਸੀਮਾ ਵਿੱਚ ਬਿਆਨ ਕਰਨਾ ਔਖਾ ਹੈ। ਜਿਵੇਂ ਪਿੱਛੇ ਵੀ ਬਹੁਤ ਵਾਰੀ ਜ਼ਿਕਰ ਆ ਚੁੱਕਾ ਹੈ ਕਿ ਐਨਾ ਪਿਆਰ ਕਰਨ ਵਾਲੇ ਨੂੰ ਵੀ ਬਹੁਤ ਵਾਰੀ ਨਫ਼ਰਤ ਕਰਨ ਵਾਲੇ ਜਲਦੀ ਮਿਲ ਜਾਂਦੇ ਸਨ।

## ਨਿਆਸਰਿਆਂ ਦਾ ਆਸਰਾ

ਇਹ ਮਨੁੱਖੀ ਫਿਤਰਤ ਹੈ ਕਿ ਉਹ ਹਰ ਕੰਮ ਵਿੱਚੋਂ ਆਪਣੀ ਹੋਂਦ ਬਣਾ ਲੈਂਦਾ ਹੈ। ਇਹ ਅਸਲ ਵਿੱਚ ਹੰਕਾਰ ਦੀ ਹੀ ਖ਼ੁਰਾਕ ਹੁੰਦੀ ਹੈ।ਹੰਕਾਰ ਦੇ ਕਾਰਨ ਮਨੁੱਖ ਵਿੱਚੋਂ ਸੇਵਾ ਭਾਵਨਾ ਖ਼ਤਮ ਹੋ ਜਾਂਦੀ ਹੈ। ਸੇਵਾ ਭਾਵਨਾ ਵਾਲਾ ਬੰਦਾ ਹਮੇਸ਼ਾਂ ਆਪਣੇ ਫ਼ਰਜ਼ ਨੂੰ ਅੱਗੇ ਰੱਖਦਾ ਹੈ, ਪਰ ਆਪਣੀ ਹੋਂਦ ਦੇ ਅਹਿਸਾਸ ਵਾਲਾ ਬੰਦਾ ਆਪਣੇ ਹੱਕ ਨੂੰ ਅੱਗੇ ਰੱਖਦਾ ਹੈ। ਉਸ ਲਈ ਫ਼ਰਜ਼ ਨਿਭਾਉਣਾ ਜ਼ਰੂਰੀ ਨਹੀਂ ਹੁੰਦਾ ਪਰ ਹੱਕ ਲੈਣਾ ਜ਼ਰੂਰੀ ਹੁੰਦਾ ਹੈ। ਇਸ ਲਈ ਭਾਵੇਂ ਕੋਈ ਸੰਘਰਸ਼ ਵੀ ਕਰਨਾ ਪਵੇ ਤਾਂ ਉਹ ਕੋਈ ਸੰਕੋਚ ਨਹੀਂ ਕਰਦੇ। ਇਸ ਤਰ੍ਹਾਂ ਹੀ ਭਗਤ ਜੀ ਨੇ ਜਿਹੜੀ ਸ਼ਬਦਾਂ ਦੇ ਲੰਗਰ ਲਈ ਆਪਣੀ ਹੀ ਪ੍ਰੈਸ ਲਾਈ ਹੋਈ ਸੀ, ਉਸ ਪ੍ਰੈਸ ਵਿੱਚ ਕੰਮ ਕਰਨ ਵਾਲੇ ਕੁਝ ਬੰਦੇ ਸੇਵਾ ਭਾਵਨਾ ਤੋਂ ਸੱਖਣੀ ਬ੍ਰਿਤੀ ਵਾਲੇ ਸਨ।ਪਿੰਗਲਵਾੜੇ ਦੀ ਇਸ ਪ੍ਰੈਸ ਵਿੱਚ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ ਤਿੰਨ ਰਸਾਲੇ ਹਰੇਕ ਮਹੀਨੇ ਛਪਦੇ ਸਨ। ਭਗਤ ਜੀ ਪ੍ਰੈੱਸ ਵਿੱਚ ਕੰਮ ਕਰਨ ਵਾਲਿਆਂ ਨੂੰ ਉਨ੍ਹਾਂ ਦਾ ਬਣਦਾ ਮਿਹਨਤਾਨਾ ਲਗਾਤਾਰ ਦਿੰਦੇ ਰਹਿੰਦੇ ਸਨ।ਇਨ੍ਹਾਂ ਮੈਗਜ਼ੀਨਾਂ ਨੂੰ ਪਾਠਕਾਂ ਤਕ ਡਾਕ ਰਾਹੀਂ ਭੇਜਿਆ ਜਾਂਦਾ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਪਿੰਗਲਵਾੜੇ ਵਿੱਚ ਸਭ ਤੋਂ ਜ਼ਰੂਰੀ ਤੇ ਜ਼ਿਆਦਾ ਕੰਮ ਪ੍ਰੈੱਸ ਵਾਲਿਆਂ ਦਾ ਹੀ ਹੈ। ਇੱਕ ਵਾਰੀ ਵਜ਼ੀਰ ਸੰਤੋਖ ਸਿੰਘ ਰੰਧਾਵੇ ਨੇ ਪਿੰਗਲਵਾੜੇ ਆਉਣਾ ਸੀ। ਇਹ ਵੀ ਪਤਾ ਨਹੀਂ ਸ਼ਾਇਦ ਕੁਝ ਵਰਕਰਾਂ ਨੇ ਹੀ ਸੱਦਿਆ ਹੋਵੇ। ਵਰਕਰਾਂ ਦੀ ਇਹ ਤਮੰਨਾ ਸੀ ਕਿ ਸੰਤੋਖ ਸਿੰਘ ਨੂੰ ਫੁੱਲਾਂ ਦੇ ਹਾਰ ਪਾ ਕੇ ਸਤਿਕਾਰ ਕੀਤਾ ਜਾਵੇ, ਪਰ ਬਾਬਾ ਜੀ ਇਹ ਪਿਰਤ ਨਹੀਂ ਪੈਣ ਦੇਣਾ ਚਾਹੁੰਦੇ ਸਨ, ਕਿਉਂਕਿ ਫਿਰ ਬਾਕੀ ਲੋਕਾਂ ਲਈ ਵੀ ਵਿਸ਼ੇਸ਼ ਸਨਮਾਨ ਦਾ ਪ੍ਰਬੰਧ ਕਰਨਾ ਪਿਆ ਕਰੇਗਾ। ਭਗਤ ਜੀ ਤਾਂ ਸਾਰਿਆਂ ਨੂੰ ਹੀ ਇੱਕੋ ਅੱਖ ਨਾਲ ਦੇਖਦੇ ਸਨ। ਪ੍ਰੈੱਸ ਵਿੱਚ ਕੰਮ ਕਰਨ ਵਾਲੇ ਸੇਵਾਦਾਰ ਆਪਣੇ ਆਪ ਨੂੰ ਪ੍ਰੈਸ ਵਿੱਚ ਕੰਮ ਕਰਨ ਵਾਲੇ ਕਾਮੇ ਜਾਂ ਮੁਲਾਜ਼ਮ ਸਮਝਣ ਲੱਗ ਪਏ ਸਨ। ਇਸ ਕਰਕੇ ਉਹ ਚਾਹੁੰਦੇ ਸਨ ਕਿ ਸਾਨੂੰ ਵੀ ਸਰਕਾਰੀ ਨੌਕਰਾਂ ਵਾਂਗ ਛੁੱਟੀਆਂ ਤੇ ਹੋਰ ਸੁੱਖ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਹ ਸੰਤੋਖ ਸਿੰਘ ਨਾਲ

ਗੱਲਬਾਤ ਕਰਕੇ ਪਿੰਗਲਵਾੜੇ ਵਿੱਚ ਯੂਨੀਅਨ ਬਣਾਉਣੀ ਚਾਹੁੰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਭਗਤ ਜੀ ਇਹ ਤਿੰਨੇ ਰਸਾਲੇ ਬੰਦ ਨਹੀਂ ਕਰਨਗੇ ਤੇ ਸਾਡੀਆਂ ਮੰਗਾਂ ਮੰਨੀਆਂ ਜਾਣੀਆਂ ਹਨ। ਉਨ੍ਹਾਂ ਨੇ ਭਗਤ ਜੀ ਦੇ ਵਿਰੁੱਧ ਹੀ ਹੜਤਾਲ ਕਰ ਦਿੱਤੀ। ਭਗਤ ਜੀ ਨੇ ਤਾਂ ਸਾਰੀ ਹੀ ਜ਼ਿੰਦਗੀ ਮਾਨਵਤਾ ਦੀ ਸੇਵਾ ਲਈ ਸਮਰਪਿਤ ਕੀਤੀ ਹੋਈ ਸੀ। ਇਸ ਕਰਕੇ ਉਹ ਤਾਂ ਕਦੇ ਇਨ੍ਹਾਂ ਗ਼ਰੀਬਾਂ ਨੂੰ ਹੱਕ ਦਿਵਾਉਣ ਲਈ ਤਾਂ ਲੜਦੇ ਸਨ ਪਰ ਇਹ ਨਹੀਂ ਸੀ ਪਤਾ ਕਿ ਇਨ੍ਹਾਂ ਗ਼ਰੀਬ ਅਪਾਹਿਜਾਂ ਕੋਲੋਂ ਵੀ ਕੋਈ ਹੱਕ ਮੰਗਣ ਲੱਗ ਪਵੇਗਾ।

ਇਹ ਕੁਦਰਤ ਦਾ ਅਸੂਲ ਹੈ ਕਿ ਰੱਬੀ ਭਰੋਸੇ 'ਤੇ ਰਹਿਣ ਵਾਲਿਆਂ ਦੇ ਕਾਰਜ ਮਾਲਕ ਆਪ ਹੀ ਰਾਸ ਕਰ ਦਿੰਦਾ ਹੈ। ਜੇ ਇੱਕ ਪਾਸੇ ਹੜਤਾਲ ਕਰਨ ਵਾਲੇ ਸਨ ਤਾਂ ਦੂਜੇ ਪਾਸੇ ਹਮਦਰਦੀ ਵੀ ਸਨ। ਭਗਤ ਜੀ ਕੋਲ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਲੜਕੇ, ਇੰਦਰਜੀਤ ਸਿੰਘ ਬਾਗ਼ੀ ਅਤੇ ਸ਼ਹੀਦ ਭਾਈ ਫੌਜਾ ਸਿੰਘ ਦੀ ਪਤਨੀ ਬੀਬੀ ਅਮਰਜੀਤ ਕੌਰ ਇਹ ਸਾਰੇ ਆ ਗਏ ਤੇ ਇਨ੍ਹਾਂ ਨੇ ਸਾਰਾ ਕੰਮ ਸੰਭਾਲ ਲਿਆ। ਪ੍ਰੈੱਸ ਵਾਲੇ ਸੇਵਾਦਾਰਾਂ ਵੱਲੋਂ ਕੀਤੀ ਇਸ ਸਾਰੀ ਘਟਨਾ ਨਾਲ ਭਗਤ ਜੀ ਦੇ ਦਿਲ 'ਤੇ ਬੜੀ ਗਹਿਰੀ ਸੱਟ ਲੱਗੀ ਕਿ ਅਸੀਂ ਕੀ ਕਰ ਰਹੇ ਹਾਂ ਤੇ ਇਹ ਸਾਥ ਦੇਣ ਦੀ ਥਾਂ 'ਤੇ ਇਨ੍ਹਾਂ ਅਪਾਹਿਜ ਲੋਕਾਂ ਦੇ ਹੱਕਾਂ ਵਿੱਚੋਂ ਆਪਣੇ ਹੱਕਾਂ ਦੀ ਮੰਗ ਕਰ ਰਹੇ ਹਨ।ਇਹ ਤਾਂ ਸਾਰੇ ਹੀ ਨਿਆਸਰੇ ਲੋਕ ਹਨ ਤੇ ਭਗਤ ਜੀ ਇਨ੍ਹਾਂ ਨਿਆਸਰਿਆਂ ਦੇ ਆਸਰੇ ਸਨ। ਉਹ ਤਾਂ ਇਹ ਆਸ ਕਰਦੇ ਸਨ ਕਿ ਇਨ੍ਹਾਂ ਗ਼ਰੀਬਾਂ ਦੀ ਜ਼ਿੰਦਗੀ ਲਈ ਸਾਨੂੰ ਸਹਾਰਾ ਬਣਨਾ ਚਾਹੀਦਾ ਹੈ। ਇਹ ਲੋਕ ਤਾਂ ਸਾਡੇ ਨਾਲੋਂ ਸਰੀਰਕ ਤੌਰ 'ਤੇ ਵੀ ਅਧੂਰੇ ਹਨ। ਸਾਨੂੰ ਤਾਂ ਰੱਬ ਦਾ ਵੈਸੇ ਹੀ ਸ਼ੁਕਰ ਕਰਨਾ ਚਾਹੀਦਾ ਹੈ ਜਿਸ ਨੇ ਸਾਡੀ ਅਰੋਗ ਕੰਚਨ ਦੇਹੀ ਬਣਾਈ ਹੈ। ਵਰਕਰਾਂ ਦੀ ਇਸ ਘਟਨਾ ਤੋਂ ਮਗਰੋਂ ਜਲਦੀ ਹੀ ਭਗਤ ਜੀ ਬਿਮਾਰ ਹੋ ਗਏ ਸਨ।

{ਡਾ: ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2014), ਪੰਨਾ 141}।

### ਸੇਵਾ ਦਾ ਹੱਕ ਮੰਗਣਾ

'ਮਸਲਾ ਹੜਤਾਲ ਦਾ ਵੀ ਨਹੀਂ ਸੀ ਸਗੋਂ ਵਰਤ ਵਿਹਾਰ ਦਾ ਸੀ।ਹੜਤਾਲ ਤਾਂ ਪਹਿਲਾਂ ਵੀ ਇੱਕ ਵਾਰੀ ਸੇਵਾਦਾਰਾਂ ਨੇ ਕਿਸੇ ਭੈੜੀ ਬ੍ਰਿਤੀ ਵਾਲੇ ਦੇ ਆਖੇ ਲੱਗ ਕੇ ਕਰ ਦਿੱਤੀ ਸੀ ਤੇ ਉਹ ਵੀ ਸਪੀਕਰ ਲਾ ਕੇ ਭਗਤ ਜੀ ਬਾਰੇ ਬਹੁਤ ਕੁਝ ਊਲ-ਜਲੂਲ ਬੋਲ ਰਹੇ ਸਨ। ਭਗਤ ਜੀ ਬਾਰੇ ਅਜਿਹੀ ਸ਼ਬਦਾਵਲੀ ਸੁਣ ਕੇ ਇੱਕ ਸ਼ਰਧਾਲੂ ਨੇ ਆ ਕੇ ਬੜੇ ਰੋਹ ਵਿੱਚ ਮਾਇਕ ਖੋਹ ਲਿਆ। ਉਸ ਨੇ ਮਾਇਕ 'ਤੇ ਉਨ੍ਹਾਂ ਬੱਚਿਆਂ ਨੂੰ ਭਗਤ ਜੀ ਵੱਲੋਂ ਕੀਤੇ ਪਰਉਪਕਾਰ ਚੇਤੇ ਕਰਵਾ ਕੇ ਉਨ੍ਹਾਂ ਨੂੰ ਤਾੜਨਾ ਕੀਤੀ। ਭਗਤ ਜੀ ਅੰਦਰ ਬੈਠੇ ਇਨ੍ਹਾਂ ਸੇਵਾਦਾਰਾਂ ਦੀਆਂ ਅਵਾਜ਼ਾਂ ਵੀ ਸੁਣ ਰਹੇ ਸਨ। ਉਨ੍ਹਾਂ ਨੇ ਕੋਈ ਗਿਲਾ ਸ਼ਿਕਵਾ ਜ਼ਾਹਰ ਨਹੀਂ



ਸੀ ਕੀਤਾ, ਪਰ ਜਦੋਂ ਕਿਸੇ ਸ਼ਰਧਾਲੂ ਨੇ ਸੇਵਾਦਾਰਾਂ ਨੂੰ ਕੁਝ ਕਿਹਾ ਤਾਂ ਭੱਜ ਕੇ ਬਾਹਰ ਆ ਗਏ। ਸੇਵਾਦਾਰਾਂ ਨੂੰ ਤਾਂ ਕੁਝ ਨਾ ਕਿਹਾ ਉਲਟਾ ਉਸ ਸ਼ਰਧਾਲੂ ਨੂੰ ਹੀ ਤਾੜਨਾ ਕਰਨ ਲੱਗ ਪਏ। ਇਹ ਸਾਡੇ ਆਪਸੀ ਪਿਆਰ ਦਾ ਮਾਮਲਾ ਹੈ। ਇਸ ਵਿੱਚ ਤੁਹਾਨੂੰ ਦਖ਼ਲ-ਅੰਦਾਜ਼ੀ ਦਾ ਕੋਈ ਹੱਕ ਨਹੀਂ ਹੈ। ਇਹ ਮੇਰੇ ਬੱਚੇ ਹਨ ਤੇ ਇਹ ਮੈਨੂੰ ਜੋ ਮਰਜ਼ੀ ਕਹਿ ਸਕਦੇ ਹਨ। ਉਸ ਸ਼ਰਧਾਲੂ ਨੇ ਭਗਤ ਜੀ ਕੋਲੋਂ ਭਰੇ ਮਨ ਨਾਲ ਮਾਫ਼ੀ ਮੰਗੀ ਕਿ ਮੈਨੂੰ ਵੀ ਹੁਣ ਪਤਾ ਲੱਗ ਗਿਆ ਹੈ ਕਿ ਭਗਤ ਜੀ ਇਨ੍ਹਾਂ ਸੇਵਾਦਾਰਾਂ ਨੂੰ ਕਿੰਨਾ ਪਿਆਰ ਕਰਦੇ ਹਨ। ਉਨ੍ਹਾਂ ਸੇਵਾਦਾਰਾਂ ਨੂੰ ਵੀ ਅਜਿਹਾ ਅਹਿਸਾਸ ਹੋਇਆ ਕਿ ਉਹ ਆਪ ਹੀ ਸ਼ਰਮਿੰਦੇ ਜਿਹੇ ਹੋ ਕੇ ਅੰਦਰ ਚਲੇ ਗਏ।'{ਉਹੀ ਪੰਨਾ 65} (ਇਹ ਯਾਦ ਰੱਖਣਯੋਗ ਹੈ ਕਿ ਭਗਤ ਜੀ ਪਿੰਗਲਵਾੜੇ ਦੇ ਸਾਰੇ ਹੀ ਕਰਮਚਾਰੀਆਂ ਨੂੰ ਪਿਆਰ ਨਾਲ ਸੇਵਾਦਾਰ ਹੀ ਕਹਿੰਦੇ ਹੁੰਦੇ ਸਨ)।

ਭਗਤ ਜੀ ਦੀ ਹਰ ਗੱਲ ਹੀ ਕੋਈ ਨਾ ਕੋਈ ਸਿੱਖਿਆ ਜ਼ਰੂਰ ਦਿੰਦੀ ਹੈ। ਕਈ ਵਾਰੀ ਮਾਪੇ ਵੀ ਆਪਣੇ ਬੱਚਿਆਂ ਦੇ ਨਿਹੋਰੇ ਸੁਣਨ ਤੋਂ ਆਕੀ ਹੋ ਜਾਂਦੇ ਹਨ, ਪਰ ਭਗਤ ਜੀ ਨੇ ਇਨ੍ਹਾਂ ਬੱਚਿਆਂ ਦੇ ਨਿਹੋਰਿਆਂ ਨੂੰ ਵੀ ਪਿਆਰ ਨਾਲ ਸੁਣਿਆ ਸੀ। ਬਾਹਰੋਂ ਹਰ ਬੰਦੇ ਨੂੰ ਦੇਖਣ ਵਿੱਚ ਇਸ ਤਰ੍ਹਾਂ ਹੀ ਲੱਗਦਾ ਹੈ ਕਿ ਇਹ ਬੱਚੇ ਤਾਂ ਅਨਾਥ ਹੀ ਹਨ ਪਰ ਜਦੋਂ ਅਜਿਹੇ ਮੌਕੇ ਭਗਤ ਜੀ ਦਾ ਮਮਤਾ ਭਰਿਆ ਦਿਲ ਇਨ੍ਹਾਂ ਬੱਚਿਆਂ ਲਈ ਪਿਆਰ ਦੀ ਦੌਲਤ ਲੁਟਾਉਂਦਾ ਸੀ ਤਾਂ ਹਰ ਬੰਦਾ ਦੇਖ ਕੇ ਹੈਰਾਨ ਹੋ ਜਾਂਦਾ ਸੀ। ਇਹ ਬੱਚੇ ਲੋਕਾਂ ਦੀਆਂ ਨਜ਼ਰਾਂ ਵਿੱਚ ਅਨਾਥ ਹੋ ਸਕਦੇ ਹਨ ਪਰ ਭਗਤ ਜੀ ਤਾਂ ਇਨ੍ਹਾਂ ਨੂੰ ਮਾਤਾ ਪਿਤਾ ਵਾਲਾ ਅਥਾਹ ਪਿਆਰ ਦਿੰਦੇ ਸਨ।ਇਸ ਕਰਕੇ ਪਰਿਵਾਰਕ ਨਿੱਕੇ ਮੋਟੇ ਝਗੜਿਆਂ ਨੂੰ ਪਿਆਰ ਨਾਲ ਹੀ ਸੁਲਝਾ ਲੈਂਦੇ ਸਨ।

ਸਾਡੀ ਕੌਮੀ ਪੱਧਰ ਦੀ ਅਣਗਹਿਲੀ ਦੇ ਕਾਰਨ ਸਾਡੀਆਂ ਬਾਕੀ ਧਰਮਾਂ ਦੇ ਅਨੁਸਾਰ ਵੱਡੀਆਂ ਸੰਸਥਾਵਾਂ ਨਹੀਂ ਬਣ ਸਕੀਆਂ। ਜਿਹੜੀਆਂ ਬਣੀਆਂ ਵੀ ਹਨ ਅਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੰਭਾਲ ਨਹੀਂ ਸਕੇ। ਇਸ ਤਰ੍ਹਾਂ ਹੀ ਸਾਡੀ ਕੌਮੀ ਵਿਰਾਸਤ ਪਿੰਗਲਵਾੜਾ ਸੀ ਪਰ ਸਾਡੀ ਅਣਦੇਖੀ ਦੇ ਕਾਰਨ ਇਸ ਦੇ ਬਾਨੀ ਨੇ ਬਹੁਤ ਔਖਾ ਪੈਂਡਾ ਤਹਿ ਕੀਤਾ ਹੈ। ਭਗਤ ਪੂਰਨ ਸਿੰਘ ਇੱਕ ਇਕੱਲਾ ਮਨੁੱਖ ਨਹੀਂ ਸੀ ਸਗੋਂ ਉਹ ਤਾਂ ਇੱਕ ਚੱਲਦੀ ਫਿਰਦੀ ਸੰਸਥਾ ਸੀ।ਹਰ ਵੱਡੀ ਥਾਂ 'ਤੇ ਭਗਤ ਪੂਰਨ ਸਿੰਘ ਜੀ ਦੀ ਤਸਵੀਰ ਲਾ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੇਧ ਦੇਣੀ ਚਾਹੀਦੀ ਹੈ। ਭਗਤ ਜੀ ਦੇ ਸਰੀਰਕ ਹਯਾਤੀ ਹੰਢਾਉਂਦਿਆਂ ਹੋਇਆਂ ਵੀ ਉਨ੍ਹਾਂ ਨਾਲ ਬਹੁਤ ਬੇਇਨਸਾਫ਼ੀ ਹੋਈ ਹੈ।ਇਹ ਬੇਇਨਸਾਫ਼ੀ ਕਰਨ ਵਾਲੇ ਵੀ ਕੁਝ ਆਪਣੇ ਹੀ ਸਨ ਤੇ ਕੁਝ ਪਰਾਏ । ਉਨ੍ਹਾਂ ਦੇ ਹੱਡਾਂ ਦਾ ਹੰਢਾਇਆ ਦਰਦ ਉਨ੍ਹਾਂ ਦੇ ਲਿਖੇ ਅੱਖਰਾਂ ਤੋਂ ਮਹਿਸੂਸਿਆ ਜਾ ਸਕਦਾ ਹੈ। ਉਨ੍ਹਾਂ ਦੀ ਕਲਮ ਦੀ

ਕੁਰਬਾਨੀ ਵੀ ਸੰਸਾਰ ਲਈ ਅਦੁੱਤੀ ਦੇਣ ਸੀ।

ਭਗਤ ਪੂਰਨ ਸਿੰਘ ਜੀ ਬਾਰੇ ਬਹੁਤ ਕੁਝ ਅਣਦੇਖਿਆ ਹੀ ਰਹਿ ਗਿਆ ਹੈ। ਭਗਤ ਜੀ ਨੇ ਬਹੁਤ ਕੁਝ ਲਿਖ ਕੇ ਦਰਬਾਰ ਸਾਹਿਬ ਵਿਖੇ ਆਪਣੇ ਟਿਕਾਣੇ 'ਤੇ ਵੀ ਰੱਖਿਆ ਹੋਇਆ ਸੀ ਪਰ ਉਹ ਸਭ ਕੁਝ ਬਿਨਾਂ ਦੇਖੇ ਵਿਚਾਰੇ ਤੋਂ ਹੀ ਚੁੱਕ ਕੇ ਸਾੜ ਦਿੱਤਾ ਗਿਆ। ਜਦੋਂ ਉਸ ਬਾਰੇ ਸ਼੍ਰੋ:ਗੁ:ਪ੍ਰ: ਕਮੇਟੀ ਨੂੰ ਪੁੱਛਿਆ ਗਿਆ ਤਾਂ ਨਿਰਾਸ਼ਾਜਨਕ ਜਵਾਬ ਮਿਲਿਆ। ਕੁਝ ਕੁ ਅੱਧ ਅਧੂਰਾ ਜਿਹਾ ਜਿਹੜਾ ਮਿਲਿਆ ਵੀ ਹੈ ਉਸ ਵਿੱਚ ਭਗਤ ਜੀ ਦੇ ਦੁੱਖਾਂ ਨਾਲ ਵਿੰਨ੍ਹਿਆ ਹੋਇਆ ਇੱਕ-ਇੱਕ ਅੱਖਰ ਹੈ। ਹੈਰਾਨੀ ਹੁੰਦੀ ਹੈ ਕਿ ਜਿਸ ਨੇ ਜ਼ਿੰਦਗੀ ਭਰ ਲੋਕਾਂ ਦੇ ਰਾਹਾਂ ਵਿੱਚੋਂ ਕੰਡੇ, ਇੱਟਾਂ, ਰੋੜੇ ਤੇ ਕਿੱਲਾਂ ਚੁੱਕੀਆਂ ਹੋਣ ਉਸ ਦੇ ਖ਼ੁਦ ਦੇ ਰਾਹਾਂ ਵਿੱਚ ਕੋਈ ਕੰਡੇ ਖਿਲਾਰਨ ਵਾਲਾ ਹੋਵੇਗਾ? ਜੀ ਹਾਂ, ਅਜਿਹਾ ਬਹੁਤ ਕੁਝ ਹੋਇਆ ਜਿਸ ਨੂੰ ਪੜ੍ਹ ਕੇ ਰੂਹ ਕੰਬ ਜਾਂਦੀ ਹੈ।

### ਆਪਣਿਆਂ ਦੇ ਖਿਲਾਰੇ ਕੰਡੇ

ਹਿੰਦੂ ਧਰਮ ਉੱਤੇ ਸਿੱਖ ਧਰਮ ਦੇ ਬਹੁਤ ਪਰਉਪਕਾਰ ਹਨ। ਸਾਰੇ ਧਰਮਾਂ ਵਿੱਚ ਕੁਝ ਕੁ ਮੁਤਅੱਸਬੀ ਲੋਕ ਹੁੰਦੇ ਹਨ ਜਿਨ੍ਹਾਂ ਦੇ ਕਰਮਾਂ ਦੇ ਕਾਰਨ ਇਨਸਾਨੀਅਤ ਸ਼ਰਮਿੰਦੀ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਹੀ ਕੁਝ ਹਿੰਦੂ ਮੁਤਅੱਸਬੀ ਲੋਕ ਜਲੰਧਰ ਵਿੱਚ ਭਗਤ ਜੀ ਨਾਲ ਇਸ ਕਰਕੇ ਈਰਖਾ ਕਰਨ ਲੱਗ ਪਏ ਸਨ ਕਿ ਇਨ੍ਹਾਂ ਦੇ ਸਿਰ 'ਤੇ ਦਸਤਾਰ ਹੈ ਅਤੇ ਮੁੱਖ 'ਤੇ ਦਾਹੜੀ ਹੈ। ਉਨ੍ਹਾਂ ਨੇ ਹਰ ਸੰਭਵ ਤੇ ਅਸੰਭਵ ਯਤਨ ਕੀਤੇ ਕਿ ਕਿਸੇ ਤਰ੍ਹਾਂ ਇਸ ਵਜੂਦ ਵਿੱਚੋਂ ਸਾਹਾਂ ਦੀ ਲੜੀ ਨੂੰ ਤੋੜਿਆ ਜਾ ਸਕੇ। ਰੱਬੀ ਮਿਹਰ ਨਾਲ ਇਹ ਸਾਰੀਆਂ ਹੀ ਕੋਸ਼ਿਸ਼ਾਂ ਬੇਕਾਰ ਹੋ ਜਾਂਦੀਆਂ ਸਨ। ਭਗਤ ਜੀ ਤਾਂ ਰੱਬੀ ਟੇਕ ਦੇ ਆਸਰੇ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਹੀ ਰਹਿੰਦੇ ਸਨ। ਸਾਰੀ ਦੁੱਖਾਂ ਭਰੀ ਦਾਸਤਾਂ ਇਸ ਤਰ੍ਹਾਂ ਹੈ:

ਦੁਖੀਆਂ ਦਾ ਕੋਈ ਟਿਕਾਣਾ ਨਹੀਂ ਹੁੰਦਾ। ਦੁਖੀਏ ਤਾਂ ਹਰ ਥਾਂ 'ਤੇ ਦੇਖੇ ਜਾ ਸਕਦੇ ਹਨ।ਇਸ ਕਰਕੇ ਭਗਤ ਜੀ ਦੀ ਇਹ ਤਮੰਨਾ ਸੀ ਕਿ ਪਿੰਗਲਵਾੜਾ ਇੱਕ ਥਾਂ 'ਤੇ ਹੀ ਨਹੀਂ ਸਗੋਂ ਥਾਂ-ਥਾਂ 'ਤੇ ਖੋਲ੍ਹਣਾ ਚਾਹੀਦਾ ਹੈ। ਇਸ ਕਰਕੇ ਭਗਤ ਪੂਰਨ ਸਿੰਘ ਜੀ ਨੇ ਪਿੰਗਲਵਾੜੇ ਦੀ ਇੱਕ ਸ਼ਾਖਾ ਸੰਨ 1950-51 ਵਿੱਚ ਜਲੰਧਰ ਸ਼ਹਿਰ ਵਿੱਚ ਵੀ ਖੋਲ੍ਹੀ ਪਰ ਕੁਝ ਫਿਰਕਾ-ਪ੍ਰਸਤ ਲੋਕਾਂ ਨੇ ਇਹ ਛਲ ਕਪਟ ਨਾਲ ਭਗਤ ਜੀ ਤੋਂ ਹੱਥਿਆ ਲਈ। ਜਲੰਧਰ ਦਾ ਇੱਕ ਲਾਲ ਚੰਦ ਵਕੀਲ ਸੀ। ਲਾਲ ਚੰਦ ਨੇ ਐਮ. ਐਲ. ਏ. ਦੀ ਚੋਣ ਲਈ ਖੜ੍ਹਾ ਹੋਣਾ ਸੀ। ਲੋਕਾਂ ਦੇ ਮਨਾਂ ਵਿੱਚ ਮੇਰੇ ਬਾਰੇ ਵਿੱਚ ਚੰਗੀ ਸੋਚ ਬਣ ਸਕੇ ਇਸ ਕਰਕੇ ਉਹ ਪਿੰਗਲਵਾੜੇ ਦੀ ਸੰਸਥਾ ਦਾ ਮੈਂਬਰ ਬਣ ਕੇ ਆਮ ਲੋਕਾਂ ਵਿੱਚ ਨੇਕ ਇਨਸਾਨ ਹੋਣ ਦਾ ਭਰਮ ਦਾ ਪਰਦਾ ਪਾਉਣਾ ਚਾਹੁੰਦਾ ਸੀ। ਲਾਲ ਚੰਦ ਦੀ ਲਾਲਸਾ ਸੀ ਕਿ ਮੈਂ ਸਲਾਨਾ ਚੋਣਾਂ ਨੂੰ ਜਿੱਤ ਕੇ ਇਸ ਸੰਸਥਾ ਦਾ ਸੈਕਟਰੀ ਬਣ ਜਾਵਾਂ ਤਾਂ ਕਿ ਲੋਕਾਂ ਦੇ ਦਿਲਾਂ



ਵਿੱਚ ਮੇਰੀ ਚੰਗੀ ਛਾਪ ਲੱਗ ਜਾਵੇ। ਜਿਸ ਦਿਨ ਸੰਸਥਾ ਦੀ ਚੋਣ ਦਾ ਦਿਨ ਸੀ ਉਸ ਦਿਨ ਲਾਲ ਚੰਦ ਸਭਰਵਾਲ ਜਿਨ੍ਹਾਂ ਲੋਕਾਂ ਨੂੰ ਨਾਲ ਲੈ ਕੇ ਆਇਆ ਸੀ, ਉਨ੍ਹਾਂ ਨੇ ਭਗਤ ਜੀ ਦੀ ਬਹੁਤ ਬੇਇਜ਼ਤੀ ਕੀਤੀ। ਉਹ ਰਾਸ਼ਟਰੀ ਸੇਵਾ ਸੰਘ ਦੇ ਕੁਝ ਨੌਜੁਆਨਾਂ ਨੂੰ ਭਰਮਾ ਕੇ ਆਪਣੀਆਂ ਵੋਟਾਂ ਦੀ ਗਿਣਤੀ ਵਧਾਉਣਾ ਚਾਹੁੰਦਾ ਸੀ। ਇਸ ਕਰਕੇ ਉਸ ਨੇ ਪਿੰਗਲਵਾੜੇ ਦੀ ਸੰਸਥਾ 'ਤੇ ਜ਼ਬਰੀ ਕਬਜ਼ਾ ਹੀ ਕਰ ਲਿਆ। ਉਸ ਨੇ ਭਗਤ ਜੀ ਨੂੰ ਕਿਹਾ ਕਿ ਤੂੰ ਇੱਕ ਸੁਸਾਇਟੀ ਬਣਾ ਲੈ ਫਿਰ ਮੈਂ ਤੈਨੂੰ ਇਹ ਸੰਸਥਾ ਵਾਪਸ ਕਰ ਦਿਆਂਗਾ। ਇਹ ਸ਼ਾਖਾ ਡੀ. ਏ. ਵੀ. ਕਾਲਜ ਦੇ ਨਜ਼ਦੀਕ ਜਲੰਧਰ ਵਿੱਚ ਸੀ।

ਭਗਤ ਜੀ ਦਾ ਸੁਭਾਅ ਝਗੜਾਲੂ ਬ੍ਰਿਤੀ ਵਾਲਾ ਨਹੀਂ ਸੀ। ਉਨ੍ਹਾਂ ਨੇ ਆਪਸੀ ਲੜਾਈ ਝਗੜਿਆਂ ਦੀ ਥਾਂ 'ਤੇ ਆਪਣਾ ਟਿਕਾਣਾ ਕਬਰਸਥਾਨ ਵਿੱਚ ਕਰ ਲਿਆ। ਇਸ ਤਰ੍ਹਾਂ ਮਿਹਨਤ ਕਰਕੇ ਪਿੰਗਲਵਾੜਾ ਸੰਸਥਾ ਨੂੰ ਫਿਰ ਦੁਬਾਰਾ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਲੱਕ ਤੋੜਵੀਂ ਮਿਹਨਤ ਕੀਤੀ। ਇਨ੍ਹਾਂ ਲੋਕਾਂ ਨੂੰ ਫਿਰ ਵੀ ਚੈਨ ਨਾ ਆਈ ਤੇ ਉਨ੍ਹਾਂ ਦੋਖੀਆਂ ਨੇ ਇਸ ਗੱਲ ਨੂੰ ਧਾਰਮਿਕ ਰੰਗਤ ਦੇ ਕੇ ਫਿਰ ਲੋਕਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਗਲੀ ਮੁਹੱਲਿਆਂ ਵਿੱਚ ਫਿਰ ਕੇ ਇਹ ਪ੍ਰਚਾਰ ਕੀਤਾ ਕਿ ਜਿਹੜਾ ਆਸ਼ਰਮ ਕਬਰਸਥਾਨ ਵਿੱਚ ਚੱਲ ਰਿਹਾ ਹੈ ਇਹ ਅਸਲ ਵਿੱਚ ਸਿੱਖਾਂ ਦਾ ਹੈ ਅਤੇ ਦੂਜਾ ਹਿੰਦੂਆਂ ਦਾ ਹੈ। ਇਸ ਕਰਕੇ ਸਾਨੂੰ ਕਬਰਸਤਾਨ ਵਾਲੇ ਪਿੰਗਲਵਾੜੇ ਦੀ ਮਦਦ ਕਰਨ ਦੀ ਥਾਂ 'ਤੇ ਸਗੋਂ ਉਸ ਦਾ ਵਿਰੋਧ ਕਰਨਾ ਚਾਹੀਦਾ ਹੈ।ਇੱਥੇ ਹੀ ਅਕਾਲੀਆਂ ਦਾ ਦਫ਼ਤਰ ਸੀ। ਉਹ ਅਕਾਲੀਆਂ ਦੇ ਦਫ਼ਤਰ ਨੂੰ ਵੀ ਭਗਤ ਜੀ ਨਾਲ ਜੋੜ ਕੇ ਦੱਸਦੇ ਸਨ। ਭਗਤ ਜੀ ਨੇ ਜ਼ਿੰਦਗੀ ਭਰ ਕਦੇ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਪੱਕੇ ਤੌਰ 'ਤੇ ਆਪਣਾ ਰਿਸ਼ਤਾ ਨਹੀਂ ਸੀ ਜੋੜਿਆ। ਉਹ ਤਾਂ ਇਨਸਾਨੀਅਤ ਨਾਤੇ ਸਾਰਿਆਂ ਨਾਲ ਹੀ ਇੱਕੋ ਜਿਹਾ ਪਿਆਰ ਕਰਦੇ ਸਨ। ਇਨ੍ਹਾਂ ਕੱਟੜਵਾਦੀਆਂ ਦੀਆਂ ਸਾਰੀਆਂ ਹੀ ਵਧੀਕੀਆਂ ਨੂੰ ਭਗਤ ਜੀ ਨੇ ਸਹਾਰ ਲਿਆ ਸੀ ਤਾਂ ਕਿ ਜਿਹੜੇ ਅਪਾਹਿਜ ਸੜਕਾਂ ਦੇ ਕੰਢਿਆਂ 'ਤੇ ਰੁਲਦੇ ਫਿਰਦੇ ਹਨ ਉਨ੍ਹਾਂ ਦੀ ਦੁੱਖਾਂ ਭਰੀ ਜ਼ਿੰਦਗੀ ਨੂੰ ਮੈਂ ਕੁਝ ਸੁੱਖ ਦੇ ਸਕਾਂ। ਆਪਣੀ ਮਾਂ ਦੀ ਪਾਕ ਰੂਹ ਨਾਲ ਕੀਤੇ ਹੋਏ ਵਾਅਦੇ ਪੂਰੇ ਕਰ ਸਕਾਂ।

ਪਹਿਲੀ ਸੰਸਥਾ ਦੇ ਖੋਹੇ ਜਾਣ 'ਤੇ ਭਗਤ ਜੀ ਨੇ ਦੂਜੀ ਵਾਰੀ ਫਿਰ ਸੰਸਥਾ ਖੜ੍ਹੀ ਕਰ ਲਈ ਸੀ ਅਤੇ ਇਸ ਨੂੰ 7-8 ਸਾਲ ਦੀ ਕਰੜੀ ਮਿਹਨਤ ਦਾ ਸਦਕਾ ਆਪਣੇ ਪੈਰਾਂ 'ਤੇ ਤੋਰ ਲਿਆ ਸੀ।ਦੋਖੀਆਂ ਨੂੰ ਇਹ ਗੱਲ ਕਿਵੇਂ ਬਰਦਾਸ਼ਤ ਹੋ ਸਕਦੀ ਸੀ। ਉਨ੍ਹਾਂ ਨੇ ਆਪਣੀ ਕੁਟਿਲ ਨੀਤੀਆਂ ਨਾਲ ਇਹ ਸੰਸਥਾ ਵੀ ਹਥਿਆ ਲਈ ਸੀ। ਇੱਥੇ ਤਾਂ ਮਰੀਜ਼ ਜਾਂ ਅਪਾਹਿਜ ਵੀ ਕਰੀਬ ਸੌ ਦੇ ਨੇੜੇ-ਤੇੜੇ ਸੀ।ਇਸ ਵਾਰੀ ਤਾਂ ਸੰਸਥਾ ਨੂੰ ਖੋਹਣ ਵਾਲਾ ਸਿੱਖੀ ਦੇ ਪਹਿਰਾਵੇ

ਵਿੱਚ ਬਾਵਾ ਸਰੂਪ ਸਿੰਘ ਸੀ। ਇਹ ਮਾਇਆ ਪੱਖੋਂ ਵੀ ਚੰਗਾ ਰੱਜਿਆ ਪੁੱਜਿਆ ਸੀ। ਇਹ ਸੀ. ਆਈ. ਡੀ. ਵਿੱਚ ਇੰਸਪੈਕਟਰ ਰਹਿ ਚੁੱਕਾ ਸੀ। ਸਰੂਪ ਸਿੰਘ ਬਹੁਤ ਜ਼ਿਆਦਾ ਚਲਾਕ-ਚੁਸਤ ਸੀ। ਭਗਤ ਜੀ ਅੰਮ੍ਰਿਤਸਰ ਸਾਹਿਬ ਵਾਲੀ ਸੰਸਥਾ ਨੂੰ ਤੇ ਜਲੰਧਰ ਵਾਲੀ ਪਿੰਗਲਵਾੜੇ ਦੀ ਸੰਸਥਾ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਸਨ। ਅੰਮ੍ਰਿਤਸਰ ਸਾਹਿਬ ਦਰਬਾਰ ਸਾਹਿਬ ਕਰਕੇ ਸਿੱਖ ਸੰਗਤਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਜਲੰਧਰ ਵਿੱਚ ਲੋਕਾਂ ਦਾ ਆਮ ਰੋਜ਼ਾਨਾ ਦਾ ਜੀਵਨ ਹੈ ਪਰ ਦਰਬਾਰ ਸਾਹਿਬ ਤਾਂ ਹਰ ਰੋਜ਼ ਹੀ ਸ਼ਰਧਾਲੂ ਆਉਂਦੇ ਰਹਿੰਦੇ ਹਨ। ਇਸ ਕਰਕੇ, ਭਗਤ ਜੀ ਨੇ ਪਿੰਗਲਵਾੜੇ ਦਾ ਖ਼ਰਚਾ ਵੀ ਪੂਰਾ ਕਰਨਾ ਹੁੰਦਾ ਸੀ ਤੇ ਦੂਜਾ ਗਿਆਨ ਦਾ ਲੰਗਰ ਵੀ ਵੰਡਣਾ ਹੁੰਦਾ ਸੀ। ਇਸ ਕਰਕੇ ਭਗਤ ਜੀ ਜ਼ਿਆਦਾ ਸਮਾਂ ਅੰਮ੍ਰਿਤਸਰ ਰਹਿੰਦੇ ਸਨ। ਕੁਝ ਸਮੇਂ ਮਗਰੋਂ ਜਲੰਧਰ ਵਾਲੀ ਬ੍ਰਾਂਚ ਨੂੰ ਦੇਖ ਕੇ ਫਿਰ ਅੰਮ੍ਰਿਤਸਰ ਸਾਹਿਬ ਆ ਜਾਂਦੇ ਸਨ। ਭਗਤ ਜੀ ਇਸ ਜਲੰਧਰ ਵਾਲੀ ਬ੍ਰਾਂਚ ਦਾ ਪੂਰਾ ਹਿਸਾਬ ਕਿਤਾਬ ਰੱਖਦੇ ਸਨ। ਉਹ ਹਰ ਮਹੀਨੇ ਸ੍ਰੀ ਅੰਮ੍ਰਿਤਸਰ ਤੋਂ ਇਸ ਸ਼ਾਖਾ ਦਾ ਹਿਸਾਬ ਕਿਤਾਬ ਦੇਖਣ ਲਈ ਇੱਕ ਬੰਦੇ ਨੂੰ ਭੇਜਦੇ ਹੁੰਦੇ ਸੀ। ਇਨ੍ਹਾਂ ਹੀ ਦਿਨਾਂ ਵਿੱਚ ਭਗਤ ਜੀ ਦਾ ਸੰਬੰਧ ਬਾਵਾ ਸਰੂਪ ਸਿੰਘ ਨਾਲ ਹੋ ਗਿਆ। ਇਹ ਦੇਖਣ ਨੂੰ ਤਾਂ ਬਹੁਤ ਸ਼ਰਧਾਲੂ ਤੇ ਸੇਵਾ ਭਾਵਨਾ ਵਾਲਾ ਲੱਗਦਾ ਸੀ ਪਰ ਮਨ ਅੰਦਰ ਕਪਟ ਪਾਲ ਰਿਹਾ ਸੀ। ਇਹ ਪੜ੍ਹਿਆ ਲਿਖਿਆ ਵੀ ਸੀ। ਭਗਤ ਜੀ ਨੇ ਸਰੂਪ ਸਿੰਘ ਦੀ ਹਿਸਾਬ ਕਿਤਾਬ ਦੇਖਣ ਦੀ ਡਿਊਟੀ ਲਾ ਦਿੱਤੀ, ਤਾਂ ਕਿ ਜਿਹੜਾ ਬੰਦਾ ਸ੍ਰੀ ਅੰਮ੍ਰਿਤਸਰ ਤੋਂ ਆ ਕੇ ਹਿਸਾਬ ਕਿਤਾਬ ਦੇਖਦਾ ਹੈ ਉਸ ਦਾ ਖ਼ਰਚ ਤੇ ਕਿਰਾਇਆ ਬਚ ਜਾਵੇ ਤੇ ਇਹ ਬਚਿਆ ਪੈਸਾ ਗ਼ਰੀਬਾਂ ’ਤੇ ਖ਼ਰਚ ਕੀਤਾ ਜਾ ਸਕੇ। ਇਹ ਹਿਸਾਬ ਕਿਤਾਬ ਦੇਖਦਾ-ਦੇਖਦਾ ਇਸ ਬ੍ਰਾਂਚ ਦਾ ਕਾਫ਼ੀ ਕੰਮ ਆਪ ਹੀ ਦੇਖਣ ਲੱਗ ਪਿਆ ਸੀ। ਹੌਲੀ-ਹੌਲੀ ਇਹ ਸੋਚਣ ਲੱਗਾ ਕਿ ਮੈਂ ਹੀ ਇਸ ਸੰਸਥਾ ਦਾ ਮੈਂਬਰ ਬਣ ਜਾਵਾਂ। ਜਿਵੇਂ ਪਹਿਲੀ ਸੰਸਥਾ ਭਗਤ ਜੀ ਤੋਂ ਸਨਾਤਨੀ ਲੋਕਾਂ ਨੇ ਖੋਹ ਲਈ ਹੈ, ਇਸ ਤਰ੍ਹਾਂ ਹੀ ਮੈਂ ਵੀ ਇਸ ’ਤੇ ਪੂਰਾ ਕਬਜ਼ਾ ਕਰ ਲਵਾਂ।

ਜਲੰਧਰ ਪਿੰਗਲਵਾੜੇ ਦੀ ਸ਼ਾਖਾ ਵਿੱਚ ਦਲੀਪ ਸਿੰਘ ਮੈਨੇਜਰ ਸੀ। ਬਾਵਾ ਸਰੂਪ ਸਿੰਘ ਨੇ ਮੈਨੇਜਰ ਦਲੀਪ ਸਿੰਘ ਰਾਹੀਂ ਭਗਤ ਪੂਰਨ ਸਿੰਘ ਜੀ ਕੋਲੋਂ ਇਹ ਪੁੱਛਿਆ ਕਿ ਇਸ ਸੰਸਥਾ ਵਿੱਚ ਮੇਰਾ ਰੁਤਬਾ ਕੀ ਹੈ? ਭਗਤ ਜੀ ਨੇ ਜਦੋਂ ਇਹ ਗੱਲ ਸੁਣੀ ਤਾਂ ਉਨ੍ਹਾਂ ਨੂੰ ਸ਼ੱਕ ਹੋ ਗਿਆ ਕਿ ਇਹ ਵੀ ਕੋਈ ਨਾ ਕੋਈ ਆਪਣੀ ਲੱਤ ਅੜਾਉਣੀ ਚਾਹੁੰਦਾ ਹੈ। ਜਿਸ ਨੇ ਸੇਵਾ ਕਰਨੀ ਹੁੰਦੀ ਹੈ ਉਸ ਨੂੰ ਅਹੁਦਿਆਂ ’ਤੇ ਨਾਵਾਂ ਦੀ ਲੋੜ ਨਹੀਂ ਹੁੰਦੀ। ਸਰੂਪ ਸਿੰਘ ਦਾ ਹੋਰ ਤਾਂ ਕੋਈ ਚਾਰਾ ਨਹੀਂ ਚੱਲਿਆ ਪਰ ਉਸ ਨੇ ਜਲੰਧਰ ਦੇ ਮੈਨੇਜਰ ਦਲੀਪ ਸਿੰਘ ਦੀ ਤੇ ਅੰਮ੍ਰਿਤਸਰ ਦੇ ਮੈਨੇਜਰ ਦੇਸ ਰਾਜ ਦੀ ਇੱਧਰ ਉੱਧਰ ਦੀਆਂ ਗੱਲਾਂ ਕਰਕੇ



ਲੜਾਈ ਕਰਵਾ ਦਿੱਤੀ। ਇਸ ਨਾਲ ਜਲੰਧਰ ਵਾਲਾ ਮੈਨੇਜਰ ਦਲੀਪ ਸਿੰਘ ਸਰੂਪ ਸਿੰਘ ਦੀਆਂ ਗੱਲਾਂ ਵਿੱਚ ਆ ਗਿਆ। ਉਸ ਨੇ ਬਦਲੇ ਦੀ ਭਾਵਨਾ ਨਾਲ ਜਲੰਧਰ ਦੇ ਸੇਵਾਦਾਰਾਂ ਨੂੰ ਭਗਤ ਜੀ ਤੋਂ ਹੀ ਬਾਗ਼ੀ ਕਰਵਾ ਦਿੱਤਾ। ਉਸ ਨੇ ਸੇਵਾਦਾਰਾਂ ਨੂੰ ਆਖਿਆ ਕਿ ਤੁਸੀਂ ਤਾਂ ਕੰਮ ਕਰਦੇ ਹੋ ਤੇ ਤੁਹਾਡੇ ਨਾਲ ਸਾਰਾ ਵਰਤ ਵਿਹਾਰ ਕਾਮਿਆਂ ਵਾਲਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਬਾਹਰ ਕੰਮ ਕਰਨ ਵਾਲਿਆਂ ਨੂੰ ਤਨਖ਼ਾਹ ਉਨ੍ਹਾਂ ਦੇ ਵਕਤ ਦੇ ਹਿਸਾਬ ਨਾਲ ਮਿਲਦੀ ਹੈ ਤੇ ਹੋਰ ਵੀ ਸੁੱਖ ਸਹੂਲਤਾਂ ਮੁਲਾਜ਼ਮਾਂ ਵਾਲੀਆਂ ਮਿਲਦੀਆਂ ਹਨ। ਇਸ ਤਰ੍ਹਾਂ ਹੀ ਤੁਹਾਨੂੰ ਵੀ ਮਿਲਣੀਆਂ ਚਾਹੀਦੀਆਂ ਹਨ। ਇਹ ਅਸਲ ਵਿੱਚ ਤੁਹਾਡਾ ਹੱਕ ਬਣਦਾ ਹੈ। ਤੁਸੀਂ ਹੜਤਾਲ ਕਰੋ ਤੇ ਯੂਨੀਅਨ ਬਣਵਾ ਕੇ ਮਾਲਕ ਤੇ ਕਾਮੇ ਵਾਲੇ ਕਨੂੰਨ ਲਾਗੂ ਕਰਾਵੋ। ਉਸ ਦੀਆਂ ਗੱਲਾਂ ਦਾ ਸੇਵਾਦਾਰਾਂ ’ਤੇ ਵੀ ਅਸਰ ਹੋ ਗਿਆ। ਉਨ੍ਹਾਂ ਨੇ ਭਗਤ ਜੀ ਨੂੰ ਨੋਟਿਸ ਭੇਜ ਦਿੱਤਾ ਕਿ ਸਾਡੀ ਡਿਊਟੀ ਅੱਠ ਘੰਟੇ ਦੀ ਕੀਤੀ ਜਾਵੇ। ਐਤਵਾਰ ਦੀ ਛੁੱਟੀ ਦੇ ਨਾਲ ਸਾਡਾ ਪ੍ਰਾਵੀਡੈਂਟ ਫੰਡ ਵੀ ਕੱਟਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੇਵਾਦਾਰਾਂ ਨੇ ਜਲੂਸ ਕੱਢਿਆ, ਜਿਸ ਵਿੱਚ ਸਰੂਪ ਸਿੰਘ ਸਿੱਧਾ ਤਾਂ ਸਾਹਮਣੇ ਨਹੀਂ ਆਇਆ ਪਰ ਇਸ ਕਾਰਨਾਮੇ ਪਿੱਛੇ ਉਸ ਦਾ ਪੂਰਾ-ਪੂਰਾ ਹੱਥ ਸੀ। ਇਹ ਸੇਵਾਦਾਰ ਜਲੂਸ ਵਿੱਚ ਭਗਤ ਜੀ ਨੂੰ ਬਹੁਤ ਮਾੜਾ ਚੰਗਾ ਬੋਲ ਰਹੇ ਸਨ। (ਭਗਤ ਜੀ ਹਰ ਇੱਕ ਨੂੰ ਪਿਆਰ ਨਾਲ ਸੇਵਾਦਾਰ ਹੀ ਕਹਿੰਦੇ ਸਨ ਤੇ ਆਪਣੇ ਆਪ ਨੂੰ ਵੀ ਪਿੰਗਲਵਾੜੇ ਜਾਂ ਗੁਰੂ ਘਰ ਦਾ ਸੇਵਾਦਾਰ ਹੀ ਲਿਖਿਆ ਕਰਦੇ ਸਨ) ਭਗਤ ਜੀ ਦਾ ਦਿਲ ਤਾਂ ਪਿਆਰ ਦੇ ਦਰਿਆ ਵਾਂਗ ਸੀ।ਉਹ ਤਾਂ ਪਿਆਰ ਨਾਲ ਇਸ ਨੂੰ ਨਿਬੇੜਨਾ ਚਾਹੁੰਦੇ ਸਨ ਪਰ ਜਦੋਂ ਮਨੁੱਖ ਕਿਸੇ ਦੋਖੀਆਂ ਦੇ ਹੱਥਾਂ ਵਿੱਚ ਖੇਡਣ ਲੱਗ ਜਾਂਦਾ ਹੈ ਤਾਂ ਉਸ ਨੂੰ ਸਾਰੇ ਪਰਉਪਕਾਰ ਭੁੱਲ ਜਾਂਦੇ ਹਨ। ਉਸ ਨੂੰ ਸੁਆਰਥ ਹੀ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਹੀ ਇਨ੍ਹਾਂ ਸੇਵਾਦਾਰਾਂ ਨੇ ਭਗਤ ਜੀ ਦਾ ਦਰਦ ਨਾ ਪਹਿਚਾਣਿਆ, ਸਗੋਂ ਇਹ ਵੀ ਭਗਤ ਜੀ ਲਈ ਇੱਕ ਨਵੀਂ ਸਿਰ ਦਰਦੀ ਖੜ੍ਹੀ ਕਰ ਰਹੇ ਸਨ।

ਅੰਮ੍ਰਿਤਸਰ ਸਾਹਿਬ ਵਿੱਖੇ ਵੀ ਇੱਕ ਹੋਰ ਸ਼ਰਾਰਤੀ ਅਨਸਰ ਹਰਦਿੱਤ ਸਿੰਘ ਨਾਮ ਦਾ ਬੰਦਾ ਸੀ ਇਸ ਨੇ ਵੀ ਭਗਤ ਜੀ ਨਾਲ ਗ਼ਦਾਰੀ ਹੀ ਕੀਤੀ ਸੀ। ਇਹ ਵੀ ਪਿੰਗਲਵਾੜੇ ਲਈ ਉਗਰਾਹੀ ਕਰਦਾ ਹੁੰਦਾ ਸੀ। ਜਦੋਂ ਅੰਮ੍ਰਿਤਸਰ ਸਾਹਿਬ ਵਿਖੇ ਸਿਨਮੇ ਦੀ ਇਮਾਰਤ ਦੀ ਬੋਲੀ ਹੋਈ ਸੀ ਤਾਂ ਇਸ ਨੇ ਇੱਥੋਂ ਅਪਾਹਿਜਾਂ ਨੂੰ ਕਢਾਉਣ ਵਿੱਚ ਵਿਰੋਧੀਆਂ ਦਾ ਸਾਥ ਦਿੱਤਾ ਸੀ। ਹਰਦਿੱਤ ਸਿੰਘ ਨੇ ਭਗਤ ਜੀ ਦੇ ਖ਼ਿਲਾਫ਼ ਇਸ਼ਤਿਹਾਰ ਵੀ ਛਪਵਾ ਕੇ ਵੰਡੇ ਸਨ। ਇਹ ਦੂਜਿਆਂ ਦੀਆਂ ਗੱਲਾਂ ਵਿੱਚ ਆ ਕੇ ਭਗਤ ਜੀ ਕੋਲੋਂ ਚਲਾ ਗਿਆ। ਜਦੋਂ ਭੁੱਖਾ ਮਰਨ ਲੱਗਾ ਤਾਂ ਭਗਤ ਜੀ ਕੋਲੋਂ ਫਿਰ ਮਾਫ਼ੀ ਮੰਗਣ ਆ ਗਿਆ। ਭਗਤ ਜੀ

ਦਾ ਹਿਰਦਾ ਤਾਂ ਗੁਰਬਾਣੀ ਵਿਚਲੇ ਬਾਪ ਵਰਗਾ ਸੀ ਜਿਹੜਾ ਆਪਣੇ ਬੱਚੇ ਦੇ ਲੱਖਾਂ ਅਪਰਾਧ ਵੀ ਨਜ਼ਰ-ਅੰਦਾਜ਼ ਕਰਕੇ ਉਸ ਨੂੰ ਅੱਗੇ ਵਾਸਤੇ ਹਦਾਇਤ ਦੇ ਕੇ ਫਿਰ ਗਲੇ ਨਾਲ ਲਾ ਲੈਂਦਾ ਹੈ। ਸਤਿਗੁਰੂ ਜੀ ਦੀ ਬਾਣੀ ਦਾ ਪਾਵਨ ਬਚਨ ਹੈ ਕਿ ਮਨਮੁਖਾਂ ਦੀ ਦੋਸਤੀ ਅਸਲ ਵਿੱਚ ਮਾਇਆ ਦਾ ਸੰਬੰਧ ਹੀ ਹੁੰਦੀ ਹੈ। ਉਨ੍ਹਾਂ ਨੂੰ ਜਦੋਂ ਤਕ ਖਾਣ ਪਹਿਨਣ ਨੂੰ ਮਿਲਦਾ ਹੈ, ਉਹ ਉਸ ਸਮੇਂ ਤਕ ਹੀ ਦੋਸਤੀ ਰੱਖਦੇ ਹਨ। ਜਿਸ ਦਿਨ ਸੁਆਰਥ ਦੀ ਪੂਰਤੀ ਨਾ ਹੋਈ ਉਸ ਦਿਨ ਹੀ ਪਾਸਾ ਪਲਟ ਜਾਂਦੇ ਹਨ।

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥**
**ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥**
**ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ॥**
**ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥**
**ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥**

{ਅੰਗ ੯੫੯}

ਇਹ ਹਰਦਿੱਤ ਸਿੰਘ ਵੀ ਅਜਿਹਾ ਹੀ ਸੁਆਰਥੀ ਸੀ। ਭਗਤ ਜੀ ਤਾਂ ਇਹ ਸੋਚਦੇ ਸਨ ਕਿ ਹਰ ਬੰਦੇ ਨੂੰ ਸੁਧਰਨ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਕਰਕੇ ਫਿਰ ਦੁਬਾਰਾ ਨੌਕਰੀ ’ਤੇ ਰੱਖ ਲਿਆ ਸੀ। ਅਜਿਹੇ ਲੋਕ ਕਿਸੇ ਦੇ ਪਰਉਪਕਾਰਾਂ ਨੂੰ ਦੇਖਣ ਦੀ ਥਾਂ ’ਤੇ ਸਗੋਂ ਆਪਣੀਆਂ ਚਲਾਕੀਆਂ ਤੋਂ ਬਾਜ਼ ਨਹੀਂ ਆਉਂਦੇ। ਇਹ ਰਹਿੰਦਾ ਤੇ ਕੰਮਕਾਰ ਭਗਤ ਜੀ ਕੋਲ ਕਰਦਾ ਸੀ ਪਰ ਅੰਦਰੋਂ ਇਹ ਸਰੂਪ ਸਿੰਘ ਨਾਲ ਹੀ ਸੀ।

### ਭਗਤ ਜੀ ਦੇ ਰਾਹ ਵਿੱਚ ਦੋਖੀਆਂ ਦੀਆਂ ਰੁਕਾਵਟਾਂ

ਮੁੱਖ ਮੰਤਰੀ ਕੈਰੋਂ ਦੇ ਭਤੀਜੇ ਨੇ ਇੱਕ ਕੋਠੀ ਦੀ ਨਿਲਾਮੀ ਕਰਾਈ ਸੀ ਤੇ ਇਸ ਵਿੱਚ ਕਾਫ਼ੀ ਸਾਰਾ ਬੇਈਮਾਨਾ ਹੋਇਆ ਸੀ। ਇਸ ਬੇਈਮਾਨੇ ਨੂੰ ਭਗਤ ਜੀ ਨੇ ਨੰਗਾ ਕਰ ਦਿੱਤਾ ਸੀ। ਇਸ ਕਰਕੇ ਕੈਰੋਂ ਵੈਸੇ ਤਾਂ ਭਗਤ ਜੀ ਦਾ ਸਤਿਕਾਰ ਕਰਦਾ ਸੀ ਪਰ ਉਹ ਆਪਣੇ ਭਤੀਜੇ ਦਾ ਪੱਖ ਵੀ ਦੇਖਣ ਕਰਕੇ ਖੁੱਲ੍ਹ ਕੇ ਭਗਤ ਜੀ ਦੀ ਮਦਦ ਨਹੀਂ ਸੀ ਕਰਦਾ। ਮੁੱਖ ਮੰਤਰੀ ਦੀ ਗੱਲ ਡੀ. ਸੀ. ਜਾਂ ਹੋਰ ਅਫ਼ਸਰ ਵੀ ਮੋੜ ਨਹੀਂ ਸਕਦੇ ਸੀ। ਇਸ ਗੱਲ ਦਾ ਸਰੂਪ ਸਿੰਘ ਨੇ ਵੀ ਕਾਫ਼ੀ ਲਾਹਾ ਲਿਆ ਤੇ ਇਸ ਕਮਜ਼ੋਰੀ ਨੂੰ ਕਾਫ਼ੀ ਵਰਤਿਆ ਸੀ।

ਇੱਕ ਦਿਨ ਭਗਤ ਜੀ ਜਲੰਧਰ ਗਏ ਤਾਂ ਬੱਸ ਅੱਡੇ ’ਤੇ ਕੁਝ ਸੇਵਾਦਾਰ ਉਗਰਾਹੀ ਕਰ ਰਹੇ ਸਨ। ਉਨ੍ਹਾਂ ਦੇ ਡੱਬਿਆਂ ’ਤੇ ਪਿੰਗਲਾ-ਘਰ ਸ਼ਬਦ ਲਿਖਿਆ ਹੋਇਆ ਸੀ। ਪੁੱਛਣ ’ਤੇ ਸੇਵਾਦਾਰ ਨੇ ਕਿਹਾ ਕਿ ਬਾਬਾ ਸਰੂਪ ਸਿੰਘ ਨੇ ਇਹ ਸੰਸਥਾ ਦੀ ਨਵੀਂ ਕਮੇਟੀ ਬਣਾਈ ਹੈ ਤੇ ਇਹ ਉਗਰਾਹੀ ਵੀ ਉਸ ਵਾਸਤੇ ਹੀ ਹੈ। ਭਗਤ ਜੀ ਨੂੰ “ਪਿੰਗਲਾ” ਸ਼ਬਦ ਵਰਤਿਆ ਦੇਖ ਕੇ ਬਹੁਤ ਰੋਸ ਆਇਆ,



ਕਿਉਂਕਿ ਉਨ੍ਹਾਂ ਨੇ ਇਹ ਸ਼ਬਦ ਪਿੰਗਲਵਾੜੇ ਲਈ ਵਰਤਿਆ ਹੋਇਆ ਸੀ। ਇਸ ਕਰਕੇ ਇਸ ਸ਼ਬਦ ਨੂੰ ਹੋਰ ਕੋਈ ਵਰਤ ਨਹੀਂ ਸਕਦਾ ਸੀ। ਭਗਤ ਜੀ ਡੀ. ਸੀ. ਨੂੰ ਸ਼ਿਕਾਇਤ ਕਰਨ ਲਈ ਤੁਰ ਪਏ।

ਹਰਦਿੱਤ ਸਿੰਘ ਅੰਦਰੋਂ ਤਾਂ ਸਰੂਪ ਸਿੰਘ ਦਾ ਹੀ ਬੰਦਾ ਸੀ। ਆਪਣੇ ਨਾਲ ਕੁਝ ਸੇਵਾਦਾਰਾਂ ਨੂੰ ਲੈ ਕੇ ਭਗਤ ਜੀ ਦੇ ਪਿੱਛੇ-ਪਿੱਛੇ ਜਲੂਸ ਜਿਹੇ ਵਾਂਗੂੰ ਤੁਰ ਪਿਆ। ਉਹ ਸੇਵਾਦਾਰਾਂ ਪਾਸੋਂ ਰੌਲਾ ਪੁਆ ਰਿਹਾ ਸੀ ਕਿ ਇਹ ਭਗਤ ਪੂਰਨ ਸਿੰਘ ਹੈ ਜਿਸ ਦੀ ਸੰਸਥਾ ਵਿੱਚ ਬੀਬੀਆਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ। ਲੋਕ ਭਾਵੇਂ ਭਗਤ ਜੀ ਬਾਰੇ ਜਾਣਦੇ ਸਨ ਤੇ ਉਨ੍ਹਾਂ ਦੇ ਕਿਰਦਾਰ ਨੂੰ ਸਾਰੇ ਹੀ ਸਲਾਮਾਂ ਵੀ ਕਰਦੇ ਸਨ ਪਰ ਸਰਕਾਰੀ ਕਹਿਰ ਤੋਂ ਵੀ ਲੋਕ ਡਰ ਜਾਂਦੇ ਹਨ। ਭਗਤ ਜੀ ਜਦੋਂ ਡੀ. ਸੀ. ਦੀ ਕੋਠੀ ’ਤੇ ਗਏ ਤਾਂ ਅੱਗੇ ਪਹਿਰਾ ਲੱਗਾ ਹੋਇਆ ਸੀ। ਕਿਸੇ ਨੂੰ ਵੀ ਅੱਗੇ ਜਾਣ ਦੀ ਮਨਾਹੀ ਸੀ। ਭਗਤ ਪੂਰਨ ਸਿੰਘ ਜੀ ਕੇਵਲ ਸੱਚ ਬੋਲਦੇ ਹੀ ਨਹੀਂ ਸਨ ਬਲਕਿ ਸੱਚ ’ਤੇ ਨਿਸ਼ਚਾ ਤੇ ਦ੍ਰਿੜ੍ਹਤਾ ਵੀ ਰੱਖਦੇ ਸਨ। ਉਹ ਨਿੱਡਰ ਹੋ ਕੇ ਪਹਿਰੇਦਾਰ ਨੂੰ ਪਾਸੇ ਕਰਕੇ ਅੰਦਰ ਚੱਲੇ ਗਏ। ਅੰਦਰ ਜਾ ਕੇ ਦੇਖਿਆ ਕਿ ਅਚਾਨਕ ਡੀ. ਸੀ. ਦੀ ਪਤਨੀ ਘੋੜੇ ਤੋਂ ਡਿੱਗ ਪਈ ਸੀ ਤੇ ਉਸ ਦੇ ਸੱਟ ਲੱਗ ਗਈ ਸੀ। ਭਗਤ ਜੀ ਨੇ ਡੀ. ਸੀ. ਦੀ ਪਤਨੀ ਦੀ ਖ਼ਬਰਸਾਰ ਪੁੱਛ ਕੇ ਆਪਣੀ ਗੱਲ ਵੀ ਦੱਸੀ। ਭਗਤ ਜੀ ਨੇ ਕਿਹਾ ਕਿ ਇਹ ਦੇਖੋ ਪਿੰਗਲਵਾੜੇ ਦੇ ਸ਼ਬਦ ਨੂੰ ਤੋੜ ਮਰੋੜ ਕੇ ਗ਼ਲਤ ਤਰੀਕੇ ਨਾਲ ਵਰਤ ਰਹੇ ਹਨ। ਆਮ ਲੋਕਾਂ ਕੋਲੋਂ ਪਿੰਗਲਵਾੜੇ ਦੇ ਨਾਮ ਤੇ ਕਮਾਈ ਇਕੱਠੀ ਕਰਕੇ ਗ਼ਲਤ ਪਾਸੇ ਲਾ ਰਹੇ ਹਨ। ਇਸ ਨਾਲ ਲੋਕਾਂ ਦਾ ਵਿਸ਼ਵਾਸ ਹੀ ਨਹੀਂ ਟੁੱਟੇਗਾ ਬਲਕਿ ਅਸਲ ਪਿੰਗਲਵਾੜੇ ਦੀ ਸੰਸਥਾ ਵੀ ਬਦਨਾਮ ਹੋਵੇਗੀ। ਇਸ ਕਰਕੇ ਤੁਹਾਨੂੰ ਇਨ੍ਹਾਂ ਲੋਕਾਂ ਨੂੰ ਇਹ ਗ਼ਲਤ ਕੰਮ ਕਰਨ ਤੋਂ ਰੋਕਣਾ ਚਾਹੀਦਾ ਹੈ। ਡੀ. ਸੀ. ਨੇ ਵੀ ਜਵਾਬ ਨੂੰ ਗੋਲ ਮੋਲ ਜਿਹਾ ਬਣਾ ਕੇ ਕਿਹਾ ਕਿ ਭਗਤ ਜੀ ਰੌਲਾ ਤਾਂ ਦੋਨੇ ਪਾਸੇ ਤੋਂ ਪੈ ਰਿਹਾ ਹੈ, ਜਿਹੜੇ ਇਹ ਲੋਕ ਤੁਹਾਡੇ ਬਾਰੇ ਰੌਲਾ ਪਾਉਂਦੇ ਹਨ ਮੈਂ ਇਨ੍ਹਾਂ ਨੂੰ ਕਿਹੜੇ ਜ਼ੁਰਮ ਵਿੱਚ ਪਕੜਾਂ? ਇਸ ਕਰਕੇ ਇਹ ਮੇਰੇ ਵੱਸ ਦੀ ਗੱਲ ਨਹੀਂ ਹੈ। ਤੁਸੀਂ ਇਨ੍ਹਾਂ ਲੋਕਾਂ ਵਿੱਚ ਜਾ ਕੇ ਆਪ ਹੀ ਆਪਣਾ ਝਗੜਾ ਨਿਬੇੜੋ। ਸੋ ਇਹ ਜ਼ਿੰਦਗੀ ਦਾ ਉਹ ਸਮਾਂ ਸੀ ਜਦੋਂ ਸੱਚ ਦੇ ਰਾਹ ’ਤੇ ਤੁਰਨ ਵਾਲੇ ਭਗਤ ਪੂਰਨ ਸਿੰਘ ਜੀ ਨਾਲ ਕਈ ਪਾਸਿਆਂ ਤੋਂ ਨਿਰਾਸਤਾ ਵਾਲੀ ਹਵਾ ਚੱਲ ਰਹੀ ਸੀ। ਦੋਖੀਆਂ ਨੇ ਭਾਵੇਂ ਬਹੁਤ ਕਹਿਰ ਕੀਤਾ ਹੋਇਆ ਸੀ ਪਰ ਭਗਤ ਜੀ ਦੀ ਜ਼ਿੰਦਗੀ ਤਾਂ ਇਨ੍ਹਾਂ ਗ਼ਰੀਬਾਂ ਅਨਾਥਾਂ ਦੇ ਦੁੱਖੜੇ ਵੰਡਣ ਲਈ ਸਮਰਪਿਤ ਕੀਤੀ ਹੋਈ ਸੀ। ਜਦੋਂ ਇਨ੍ਹਾਂ ਹਾਲਾਤਾਂ ਨੂੰ ਘੋਖਵੀਂ ਨਜ਼ਰ ਨਾਲ ਦੇਖਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਇੱਕ ਪਾਸੇ ਗਲ ਵਿੱਚ ਟੱਲ ਪਾ ਕੇ ਗ਼ਰੀਬਾਂ ਅਨਾਥਾਂ ਲਈ ਮੰਗਣਾ, ਦੂਜਾ ਲੋਕਾਂ ਦੇ ਤਿੱਖੇ ਤਾਹਨੇ ਮਿਹਣੇ ਸਹਾਰਨੇ, ਤੀਜਾ ਕੁਝ ਸਮਾਜਿਕ ਦੋਖੀ

ਬਣੀ ਬਣਾਈ ਸੰਸਥਾ ਨੂੰ ਹਥਿਆ ਜਾਂਦੇ ਸਨ।ਚੌਥਾ ਭਗਤ ਜੀ 'ਤੇ ਅਜਿਹੇ ਦੋਸ਼ ਲਾਉਣੇ ਜਿਹੜੇ ਨਿਰਮਲ ਜਾਮੇ ਤੇ ਦਾਗ ਲਾਉਣ ਦੀ ਕੋਝੀ ਹਰਕਤ ਹੁੰਦੀ ਸੀ। ਪੰਜਵਾਂ ਜਿਨ੍ਹਾਂ ਕੋਲ ਜਾ ਕੇ ਆਪਣਾ ਦੁੱਖ ਦੱਸਣਾ ਤਾਂ ਉਨ੍ਹਾਂ ਨੇ ਵੀ ਦੋਖੀਆਂ ਦਾ ਹੀ ਸਾਥ ਦੇਣਾ।ਇਹ ਸਭ ਕੁਝ ਜ਼ਿੰਦਗੀ ਦੇ ਕਦਮਾਂ ਨੂੰ ਡਾਵਾਂਡੋਲ ਕਰ ਦਿੰਦਾ ਹੈ। ਭਗਤ ਜੀ ਨੂੰ ਤਾਂ ਰੱਬ ਦਾ ਤੇ ਗੁਰਬਾਣੀ ਦਾ ਹੀ ਆਸਰਾ ਹੁੰਦਾ ਸੀ । ਇਸ ਕਰਕੇ ਭਗਤ ਜੀ ਆਪਣਾ ਹੌਸਲਾ ਨਹੀਂ ਡੋਲਣ ਦਿੰਦੇ ਸਨ।ਉਹ ਹੋਰ ਵੀ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਨ ਲਈ ਤੁਰ ਪੈਂਦੇ ਸਨ। ਇਹ ਹੀ ਤਾਂ ਪੂਰੇ ਨਾਲ ਜੁੜੇ ਪੂਰਨ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ।

**ਅੰਗੀਕਾਰੁ ਕੀਆ ਪ੍ਰਭਿ ਅਪਨੈ ਬੈਰੀ ਸਗਲੇ ਸਾਧੇ॥**
**ਜਿਨਿ ਬੈਰੀ ਹੈ ਇਹੁ ਜਗੁ ਲੂਟਿਆ ਤੇ ਬੈਰੀ ਲੈ ਬਾਧੇ॥**
**ਸਤਿਗੁਰੁ ਪਰਮੇਸਰੁ ਮੇਰਾ॥ ਅਨਿਕ ਰਾਜ ਭੋਗ ਰਸ**
**ਮਾਣੀ ਨਾਉ ਜਪੀ ਭਰਵਾਸਾ ਤੇਰਾ॥੧॥ਰਹਾਉ॥ ਚੀਤਿ**
**ਨ ਆਵਸਿ ਦੂਜੀ ਬਾਤਾ ਸਿਰ ਊਪਰਿ ਰਖਵਾਰਾ॥**
**ਬੇਪਰਵਾਹੁ ਰਹਤ ਹੈ ਸੁਆਮੀ ਇਕ ਨਾਮ ਕੈ ਆਧਾਰਾ॥੨॥**
**ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ॥**
**ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ॥੩॥**
**ਬਰਨਿ ਨ ਸਾਕਉ ਜੈਸਾ ਤੂ ਹੈ ਸਾਚੇ ਅਲਖ ਅਪਾਰਾ॥**
**ਅਤੁਲਅਥਾਹਅਡੋਲਸੁਆਮੀਨਾਨਕਖਸਮੁਹਮਾਰਾ॥੪॥੫॥**

{ਅੰਗ ੮੮੪}

ਇਨ੍ਹਾਂ ਦੋਖੀਆਂ ਦੇ ਨਾਲ ਹੀ ਇੱਕ ਵਰਿੰਦਰ ਨਾਮ ਦਾ ਬੰਦਾ ਵੀ ਸੀ। ਇਸ ਦੀ ਕੋਠੀ ਕਬਰਸਥਾਨ ਤੋਂ ਕੁਝ ਦੂਰੀ 'ਤੇ ਸੀ। ਇਹ ਵੀ ਚਾਹੁੰਦਾ ਸੀ ਕਿ ਇੱਥੇ ਪਿੰਗਲਵਾੜੇ ਦੀ ਸ਼ਾਖਾ ਨਾ ਹੋਵੇ। ਇਸ ਨੇ ਵੀ ਜਲੰਧਰ ਵਾਲੀ ਸ਼ਾਖਾ ਨੂੰ ਬਰਬਾਦ ਕਰਨ ਲਈ ਕਾਫ਼ੀ ਚਾਲਾਂ ਚੱਲੀਆਂ ਸਨ। ਹਰ ਪਾਸੇ ਤੋਂ ਇਹ ਮੁਤਅੱਸਬੀ ਲੋਕ ਭਗਤ ਜੀ ਨੂੰ ਪ੍ਰੇਸ਼ਾਨ ਹੀ ਕਰਦੇ ਸਨ। ਮਿਲਾਪ ਅਖ਼ਬਾਰ ਦਾ ਮਾਲਕ ਯਸ਼, ਲਾਲਾ ਜਗਤ ਨਰਾਇਣ, ਵਰਿੰਦਰ ਤੇ ਸ਼ਿਰੀ ਚੰਦ ਛਾਬੜਾ ਇਹ ਸਾਰੇ ਹੀ ਹਿੰਦੂਆਂ ਦੇ ਉੱਘੇ ਲੀਡਰ ਸਨ। ਜਦੋਂ ਭਗਤ ਜੀ ਨਾਲ ਕੋਈ ਧੱਕਾ ਹੁੰਦਾ ਸੀ ਤਾਂ ਇਹ ਅਖ਼ਬਾਰਾਂ ਵਿੱਚ ਇਕ ਅੱਖਰ ਵੀ ਨਹੀਂ ਲਿਖਦੇ ਸਨ, ਪਰ ਜਦੋਂ ਕੋਈ ਹੜਤਾਲ ਕਰਦਾ ਸੀ ਜਾਂ ਭਗਤ ਜੀ ਦੇ ਖ਼ਿਲਾਫ਼ ਬੋਲਦਾ ਸੀ ਤਾਂ ਇਹ ਵਧਾ ਚੜ੍ਹਾ ਕੇ ਲਿਖਦੇ ਸਨ।ਇਨ੍ਹਾਂ ਨੇ ਵੀ ਪਿੰਗਲਵਾੜੇ ਦੇ ਉਜਾੜੇ ਲਈ ਹਰ ਤਰੀਕੇ ਦਾ ਯਤਨ ਕੀਤਾ ਸੀ।

ਦੋਖੀਆਂ ਨੇ ਕਈ ਵਸੀਲੇ ਬਣਾਏ, ਪਰ ਉਨ੍ਹਾਂ ਦੇ ਵਸੀਲੇ ਨਾਲ ਰੱਬ ਕੋਈ ਨਾ ਕੋਈ ਹੀਲਾ ਕਰ ਹੀ ਦਿੰਦਾ ਸੀ। ਇਸ ਨਾਲ ਦੋਖੀਆਂ ਦੀਆਂ ਵਿਉਂਤਾਂ



ਅਧੂਰੀਆਂ ਹੀ ਰਹਿ ਜਾਂਦੀਆਂ ਸਨ। ਜਦੋਂ ਹੋਰ ਕੋਈ ਚਾਰਾ ਨਾ ਚੱਲਿਆ ਤਾਂ ਇਹ ਵਿਚਾਰ ਬਣਾਈ ਕਿ ਇਸ ਇਲਾਕੇ ਨੂੰ ਇੱਕ ਪਾਰਕ ਚਾਹੀਦਾ ਹੈ। ਇਸ ਕਰਕੇ ਇਹ ਕਬਰਸਥਾਨ ਵਾਲੀ ਥਾਂ ਨੂੰ ਇੱਕ ਪਾਰਕ ਬਣਾ ਲਈਏ ਤੇ ਕਬਰਸਥਾਨ ਵੀ ਕਿੱਧਰੇ ਦੂਰ ਕਰ ਲਈਏ। ਇਸ ਦੇ ਸੰਬੰਧ ਵਿੱਚ ਇੱਕ ਮੀਟਿੰਗ ਬੁਲਾਈ ਗਈ ਸੀ।

ਮੁੱਖ ਮੰਤਰੀ ਨੇ ਜਲੰਧਰ ਦੇ ਟਾਊਨ ਹਾਲ ਵਿੱਚ ਇਹ ਮੀਟਿੰਗ ਸੱਦੀ।ਇਸ ਵਿੱਚ ਬਾਕੀ ਲੋਕਾਂ ਸਮੇਤ ਸਾਧੂ ਸਿੰਘ ਹਮਦਰਦ ਅਜੀਤ ਅਖ਼ਬਾਰ ਵਾਲੇ ਵੀ ਗਏ ਸਨ। ਇਹ ਭਗਤ ਜੀ ਨਾਲ ਬੜੀ ਹਮਦਰਦੀ ਰੱਖਦੇ ਸਨ। ਕੇਵਲ ਇਹ ਹੀ ਸਨ ਜਿਹੜੇ ਕਦੇ-ਕਦੇ ਭਗਤ ਜੀ ਨਾਲ ਹੋ ਰਹੇ ਧੱਕੇ ਦਾ ਜ਼ਿਕਰ ਆਪਣੀ ਅਖ਼ਬਾਰ ਅਜੀਤ ਵਿੱਚ ਛਾਪਦੇ ਸਨ। ਮੀਟਿੰਗ ਤੋਂ ਮਗਰੋਂ ਸਾਧੂ ਸਿੰਘ ਹਮਦਰਦ ਨੇ ਭਗਤ ਜੀ ਨੂੰ ਦੱਸਿਆ ਕਿ ਮੀਟਿੰਗ ਵਿੱਚ ਇਹ ਫ਼ੈਸਲਾ ਹੋ ਰਿਹਾ ਹੈ ਕਿ ਕਬਰਸਥਾਨ ਵਾਲੀ ਥਾਂ 'ਤੇ ਟੈਗੋਰ ਗਾਰਡਨ ਬਣਾਇਆ ਜਾਵੇ।ਪਾਰਕਾਂ ਵਿੱਚ ਲੋਕੀਂ ਘਾਹ 'ਤੇ ਆ ਕੇ ਬੈਠਦੇ ਹਨ, ਬੱਚੇ ਖੇਡਦੇ ਹਨ। ਇਸ ਕਰਕੇ ਇੱਥੇ ਪਿੰਗਲਵਾੜਾ ਨਹੀਂ ਹੋਣਾ ਚਾਹੀਦਾ। ਪਿੰਗਲਵਾੜੇ ਵਿੱਚ ਤਾਂ ਮਰੀਜ਼ ਜਾਂ ਅਪਾਹਿਜ ਲੋਕ ਹੁੰਦੇ ਹਨ। ਇਨ੍ਹਾਂ ਦਾ ਪਾਰਕਾਂ ਦੇ ਲਾਗੇ ਹੋਣਾ ਠੀਕ ਨਹੀਂ ਹੈ।

ਜਦੋਂ ਭਗਤ ਜੀ ਨੂੰ ਇਹ ਪਤਾ ਲੱਗਾ ਤਾਂ ਉਨ੍ਹਾਂ ਨੇ ਡੀ. ਸੀ. ਨੂੰ ਇੱਕ ਚਿੱਠੀ ਲਿਖੀ ਕਿ ਮੈਨੂੰ ਇਹ ਦੱਸਿਆ ਜਾਵੇ ਕਿ ਇਹ 100 ਦੇ ਕਰੀਬ ਅਪਾਹਿਜ ਲੋਕਾਂ ਨੂੰ ਲੈ ਕੇ ਮੈਂ ਕਿੱਥੇ ਜਾਵਾਂ? ਮੈਂ ਜਿੱਥੇ ਵੀ ਜਾਂਦਾ ਹਾਂ ਕੋਈ ਨਾ ਕੋਈ ਬਹਾਨਾ ਬਣਾ ਕੇ ਮੈਨੂੰ ਫਿਰ ਉਜਾੜ ਦਿੱਤਾ ਜਾਂਦਾ ਹੈ। ਮੈਨੂੰ ਮੇਰੇ ਉੱਜੜਣ ਦਾ ਦੁੱਖ ਨਹੀਂ ਹੁੰਦਾ, ਪਰ ਜਿਨ੍ਹਾਂ ਨੂੰ ਜੰਮਣ ਵਾਲੇ ਵੀ ਛੱਡ ਜਾਂਦੇ ਹਨ ਮੈਂ ਉਨ੍ਹਾਂ ਨੂੰ ਲੈ ਕੇ ਕਿੱਥੇ ਜਾਵਾਂ ਤੁਸੀਂ ਹੀ ਦੱਸ ਦਿਓ, ਤਾਂ ਕਿ ਮੈਨੂੰ ਤੇ ਮੇਰੇ ਇਸ ਪਰਿਵਾਰ ਨੂੰ ਵਾਰ-ਵਾਰ ਉਜਾੜਿਆ ਨਾ ਜਾਵੇ। ਡੀ. ਸੀ. ਨੇ ਭਗਤ ਜੀ ਦੀ ਇਸ ਚਿੱਠੀ ਦਾ ਜਵਾਬ ਚਿੱਠੀ ਰਾਹੀਂ ਇਹ ਲਿਖਿਆ ਕਿ ਮੈਂ ਇੱਕ ਮੀਟਿੰਗ ਕਰ ਰਿਹਾ ਹਾਂ। ਇਸ ਮੀਟਿੰਗ ਵਿੱਚ ਮੈਂ ਤੁਹਾਨੂੰ ਵੀ ਸੱਦਾ ਦਿੰਦਾ ਹਾਂ, ਤੁਸੀਂ ਸਾਰਿਆਂ ਦੇ ਸਾਹਮਣੇ ਆਪਣੀ ਮੁਸ਼ਕਲ ਦੱਸ ਦੇਣਾ। ਜਿਹੜਾ ਵੀ ਯੋਗ ਤਰੀਕਾ ਹੋ ਸਕਿਆ ਅਸੀਂ ਉਹ ਯਤਨ ਜ਼ਰੂਰ ਕਰਾਂਗੇ। ਭਗਤ ਜੀ ਉਸ ਚਿੱਠੀ ਰਾਹੀਂ ਮਿਲੇ ਹੋਏ ਸੱਦੇ ਅਨੁਸਾਰ ਮੀਟਿੰਗ ਵਾਲੀ ਤਰੀਕ ਨੂੰ ਸਮੇਂ ਤੋਂ ਪਹਿਲਾਂ ਹੀ ਮੀਟਿੰਗ ਵਾਲੀ ਥਾਂ 'ਤੇ ਪਹੁੰਚ ਗਏ।

ਭਗਤ ਜੀ ਨੂੰ ਡੀ. ਸੀ. ਦੇ ਵਰਤ ਵਰਤਾਰੇ ਦਾ ਤਾਂ ਪਹਿਲਾਂ ਹੀ ਪਤਾ ਸੀ ਕਿਉਂਕਿ ਉਸ ਨੇ ਹਰਦਿੱਤ ਸਿੰਘ ਦੇ ਕਹਿਣ ਤੇ ਭਟਕਾਏ ਹੋਏ ਲੋਕਾਂ ਵੱਲੋਂ ਭਗਤ ਜੀ ਨੂੰ ਊਲ ਜਲੂਲ ਕਹਿਣ ਵਾਲਿਆਂ ਨੂੰ ਕੁਝ ਨਹੀਂ ਸੀ ਕਿਹਾ ਤਾਂ ਫਿਰ ਹੁਣ ਵੀ ਡੀ.ਸੀ. ਦਾ ਝੁਕਾਅ ਉਨ੍ਹਾਂ ਲੋਕਾਂ ਵੱਲ ਹੀ ਸੀ। ਭਗਤ ਜੀ ਨੂੰ ਇਹ

ਸਭ ਕੁਝ ਦਾ ਗਿਆਨ ਸੀ ਕਿ ਇਹ ਦੋਖੀਆਂ ਦਾ ਟੋਲਾ ਰਲ ਕੇ ਹੀ ਸਭ ਕੁਝ ਕਰ ਰਿਹਾ ਹੈ। ਭਗਤ ਜੀ ਨੇ ਫਿਰ ਵੀ ਇੱਕ ਵਾਰੀ ਡੀ. ਸੀ. ਦੀ ਜ਼ਮੀਰ ਨੂੰ ਝੰਜੋੜਨਾ ਚਾਹਿਆ। ਉਹ ਡੀ.ਸੀ. ਦੇ ਕੋਲ ਚੱਲੇ ਗਏ । ਉਨ੍ਹਾਂ ਨੇ ਡੀ. ਸੀ. ਕੋਲ ਜਾ ਕੇ ਇੱਕ ਬੜੀ ਦੁੱਖ ਭਰੀ ਦਾਸਤਾਂ ਸੁਣਾਈ।

ਇੱਕ ਖ਼ੂਬਸੂਰਤ ਬੀਬੀ ਜਿਹੜੀ ਪਹਿਲਾਂ ਕਦੇ ਅਭਿਨੇਤਰੀ ਹੁੰਦੀ ਸੀ ਪਰ ਉਸ ਦੇ ਦਿਮਾਗ਼ ਵਿੱਚ ਕੋਈ ਨੁਕਸ ਪੈ ਜਾਣ ਕਰਕੇ ਇੱਥੇ ਭਗਤ ਜੀ ਦੇ ਪਿੰਗਲਵਾੜੇ ਦੀ ਸੰਸਥਾ ਵਿੱਚ ਆਈ ਸੀ। ਇਹ ਸੰਸਥਾ ਜਦੋਂ ਭਗਤ ਜੀ ਕੋਲੋਂ ਖੋਹੀ ਗਈ ਤਾਂ ਇਸ ਅਭਿਨੇਤਰੀ ਦੇ ਨਾਲ ਜ਼ਾਲਮਾਂ ਨੇ ਬਹੁਤ ਗ਼ਲਤ ਕੰਮ ਕੀਤੇ ਸਨ। ਉਹ ਪ੍ਰੇਸ਼ਾਨ ਹੋਈ ਨੇ ਰੇਲ ਗੱਡੀ ਦੇ ਥੱਲੇ ਆਪਣੀ ਜਾਨ ਦੇ ਦਿੱਤੀ ਸੀ। ਕੁਝ ਰੌਲਾ ਤਾਂ ਪਿਆ ਸੀ ਪਰ ਸਕਤੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ। ਇਸ ਕਰਕੇ ਇਹੋ ਜਿਹੀਆਂ ਘਟਨਾਵਾਂ ਨੂੰ ਅਖ਼ਬਾਰ ਵੀ ਨਹੀਂ ਸੀ ਛਾਪਦੇ ਤੇ ਹੋਰ ਲੋਕਾਂ ਵਿੱਚ ਵੀ ਇਹ ਚਰਚਾ ਨਹੀਂ ਛਿੜਦੀ ਸੀ। ਜਿਵੇਂ-ਕਿਵੇਂ ਕਰਕੇ ਅਜਿਹੀਆਂ ਗੱਲਾਂ ਨੂੰ ਦਬਾ ਲਿਆ ਜਾਂਦਾ ਸੀ। ਜਿਸ ਥਾਂ ’ਤੇ ਇਸ ਦੁਖਿਆਰੀ ਅਭਿਨੇਤਰੀ ਨੇ ਗੱਡੀ ਥੱਲੇ ਆ ਕੇ ਆਤਮ-ਹੱਤਿਆ ਕੀਤੀ ਸੀ, ਉਸ ਥਾਂ ’ਤੇ ਹੀ ਡੀ. ਸੀ. ਦੇ ਲੜਕੇ ਦੀ ਰੇਲਵੇ ਲਾਈਨ ਵਿੱਚ ਪੈਰ ਫਸ ਜਾਣ ਕਰਕੇ ਮੌਤ ਹੋ ਗਈ ਸੀ। ਭਗਤ ਜੀ ਨੂੰ ਇਹ ਲੋਕ ਐਨਾ ਸਤਾ ਰਹੇ ਸਨ ਕਿ ਭਗਤ ਜੀ ਦੀਆਂ ਅੱਖਾਂ ਵਿੱਚ ਪਾਣੀ ਭਰਿਆ ਹੋਇਆ ਸੀ। ਜਦੋਂ ਭਗਤ ਜੀ ਨੇ ਡੀ. ਸੀ. ਨੂੰ ਇਹ ਬੇਨਤੀ ਕੀਤੀ ਕਿ ਡੀ. ਸੀ. ਸਾਹਿਬ ਇੱਥੇ ਹੀ ਤੁਹਾਡੇ ਲੜਕੇ ਦੀ ਵੀ ਮੌਤ ਹੋਈ ਸੀ ਤੇ ਇੱਥੇ ਹੀ ਇੱਕ ਬੇਇਨਸਾਫ਼ੀ ਦੀ ਸ਼ਿਕਾਰ ਅਭਿਨੇਤਰੀ ਬੀਬੀ ਦੀ ਮੌਤ ਹੋਈ ਹੈ। ਇਨ੍ਹਾਂ ਦੀਆਂ ਰੂਹਾਂ ਕੁਰਲਾ ਕੇ ਤੁਹਾਨੂੰ ਇਨਸਾਫ਼ ਕਰਨ ਲਈ ਪ੍ਰੇਰ ਰਹੀਆਂ ਹਨ।ਸੋ ਤੁਸੀਂ ਹੋ ਰਹੇ ਧੱਕੇ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਨਿਭਾਓ।ਗੁਰਬਾਣੀ ਦੇ ਪਾਵਨ ਬਚਨ ਹਨ ਕਿ ਪਾਪ ਹੁੰਦਾ ਤਾਂ ਬੁਰਾ ਹੀ ਹੈ ਪਰ ਇਹ ਪਾਪੀ ਨੂੰ ਪਿਆਰਾ ਲੱਗਦਾ ਹੈ। ਇਸ ਕਰਕੇ ਉਹ ਪਾਪ ਕਰਨ ਤੋਂ ਬਾਜ਼ ਨਹੀਂ ਆਉਂਦਾ। ਦੋਖ ਪਾਪ ਦੀ ਸੰਗਤ ਕਰਕੇ ਕਈ ਵਾਰੀ ਲੋਕਾਂ ਦੀ ਜ਼ਮੀਰ ਮਰ ਜਾਂਦੀ ਹੈ। ਮੁਰਦੇ ਨੂੰ ਕਦੇ ਰਿਸ਼ਤਿਆਂ ਦਾ ਅਹਿਸਾਸ ਨਹੀਂ ਹੁੰਦਾ। ਸੋ, ਡੀ. ਸੀ. ਨੇ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਉਨ੍ਹਾਂ ਦੁਸ਼ਟ ਲੋਕਾਂ ਦਾ ਹੀ ਸਾਥ ਦਿੱਤਾ ਸੀ।

ਇੱਥੋਂ ਮੰਗਤਿਆਂ ਲਈ ਮੰਗਣ ਵਾਲੇ ਦਰਵੇਸ਼ ਨੂੰ ਜਦੋਂ ਡੀ. ਸੀ. ਕੋਲੋਂ ਇਨਸਾਫ਼ ਦੀ ਖ਼ੈਰ ਨਾ ਮਿਲੀ ਤਾਂ ਭਗਤ ਜੀ ਲਾਲਾ ਜਗਤ ਨਰਾਇਣ ਕੋਲ ਗਏ ਤੇ ਜਾ ਕੇ ਆਪਣੀ ਸਾਰੀ ਗੱਲਬਾਤ ਦੱਸੀ। ਲਾਲੇ ਨੇ ਕਿਹਾ ਕਿ ਬਾਵਾ ਸਰੂਪ ਸਿੰਘ ਨੂੰ ਮੇਰੇ ਪਾਸ ਬੁਲਾਓ। ਭਗਤ ਜੀ ਨੇ ਇੱਕ ਸੇਵਾਦਾਰ ਭੇਜ ਕੇ ਰਿਕਸ਼ੇ ’ਤੇ ਪੰਦਰਾਂ ਮਿੰਟਾਂ ਵਿੱਚ ਹੀ ਸਰੂਪ ਸਿੰਘ ਨੂੰ ਬੁਲਾ ਲਿਆ। ਸਰੂਪ ਸਿੰਘ ਨੇ ਲਾਲੇ ਨੂੰ ਇਸ਼ਾਰਾ ਕੀਤਾ ਕਿ ਆਪਾਂ ਇਕੱਲੇ ਹੀ ਗੱਲ ਕਰਾਂਗੇ। ਲਾਲੇ ਨੇ ਵੀ ਭਗਤ



ਜੀ ਨੂੰ ਕਿਹਾ ਕਿ ਤੁਸੀਂ ਬੈਠੋ ਪਹਿਲਾਂ ਮੈਂ ਇਨ੍ਹਾਂ ਨਾਲ ਗੱਲਬਾਤ ਕਰਦਾ ਹਾਂ ਤੇ ਫਿਰ ਤੁਹਾਨੂੰ ਬੁਲਾ ਕੇ ਸਾਰੀ ਗੱਲਬਾਤ ਕਰਦਾ ਹਾਂ।ਸਰੂਪ ਸਿੰਘ ਆਪਣੀ ਗੱਲ ਕਰਕੇ ਚਲਾ ਗਿਆ।ਭਗਤ ਜੀ ਉਡੀਕਦੇ ਰਹੇ ਪਰ ਕਿਸੇ ਨੇ ਨਾ ਬੁਲਇਆ ਤਾਂ ਭਗਤ ਜੀ ਨੇ ਆਪ ਹੀ ਜਾ ਕੇ ਲਾਲਾ ਜੀ ਨੂੰ ਕਿਹਾ ਕਿ ਤੁਸੀਂ ਮੈਨੂੰ ਬੁਲਾਇਆ ਹੀ ਨਹੀਂ ਹੈ ਤੇ ਸਰੂਪ ਸਿੰਘ ਤਾਂ ਚਲਾ ਗਿਆ ਹੈ? ਲਾਲਾ ਜੀ ਨੇ ਕਿਹਾ ਕਿ ਅਸੀਂ ਤਾਂ ਅਵਾਜ਼ਾਂ ਮਾਰਦੇ ਸੀ ਪਰ ਤੁਸੀਂ ਹੀ ਨਹੀਂ ਆਏ ਤੇ ਇਸ ਕਰਕੇ ਸਰੂਪ ਸਿੰਘ ਚਲਾ ਗਿਆ ਹੈ। ਭਗਤ ਜੀ ਨੇ ਕਿਹਾ ਕਿ ਲਾਲਾ ਜੀ ਜੇ ਮੈਂ ਸਰੂਪ ਸਿੰਘ ਨੂੰ ਰਿਕਸ਼ੇ ’ਤੇ ਬੁਲਾ ਸਕਦਾ ਹਾਂ ਤਾਂ ਤੁਸੀਂ ਮੈਨੂੰ ਕਿਸੇ ਸੇਵਾਦਾਰ ਰਾਹੀਂ ਹੀ ਬੁਲਾ ਲੈਣਾ ਸੀ।ਮੈਂ ਤਾਂ ਤੁਹਾਡੇ ਬਿਲਕੁਲ ਸਾਹਮਣੇ ਹੀ ਬੈਠਾ ਤੁਹਾਡੇ ਸੱਦੇ ਨੂੰ ਉਡੀਕਦਾ ਰਿਹਾ ਹਾਂ। ਲਾਲਾ ਜੀ ਨੇ ਕਿਹਾ ਕਿ ਇਸ ਗੱਲ ਨੂੰ ਛੱਡੋ, ਪਰ ਤੁਸੀਂ ਪਿਛਲੀ ਮੀਟਿੰਗ ਦੇ ਕਾਰਨ ਬੁਰੀ ਤਰ੍ਹਾਂ ਫਸ ਗਏ ਹੋ। ਤੁਹਾਨੂੰ ਕਾਨੂੰਨੀ ਦਾਇਰਿਆਂ ਵਿੱਚ ਫਸਾ ਲਿਆ ਹੈ।ਇਸ ਕਰਕੇ ਇਹ ਕਬਰਸਥਾਨ ਵਿੱਚ ਖੋਲ੍ਹੀ ਹੋਈ ਪਿੰਗਲਵਾੜੇ ਦੀ ਇਹ ਸੰਸਥਾ ਤੁਹਾਨੂੰ ਨਹੀਂ ਮਿਲ ਸਕਦੀ। ਬਾਬਾ ਸਰੂਪ ਸਿੰਘ ਨੂੰ ਸਰਕਾਰ ਨੇ ਸਰਵਣ ਸਿੰਘ ਵਜ਼ੀਰ ਦੇ ਰਾਹੀਂ ਗੁਲਾਬ ਦੇਵੀ ਹਸਪਤਾਲ ਕੋਲ ਨਵੀਂ ਥਾਂ ਦੇ ਦਿੱਤੀ ਹੈ। ਇਮਾਰਤ ਬਣਾਉਣ ਲਈ ਵੀ ਇੱਕ ਲੱਖ ਰੁਪਈਆ ਦੇ ਦਿੱਤਾ ਹੈ।ਇਸ ਕਰਕੇ ਤੁਹਾਡੇ ਵਾਲੀ ਪਿੰਗਲਵਾੜਾ ਸੰਸਥਾ ਦੀ ਹੁਣ ਕੋਈ ਲੋੜ ਨਹੀਂ ਹੈ।ਸਰੂਪ ਸਿੰਘ ਨੇ ਭਗਤ ਜੀ ਵਾਲੀ ਸੰਸਥਾ ਨੂੰ ਤਾਂ ਬੰਦ ਕਰਵਾ ਦਿੱਤਾ ਸੀ ਤੇ ਆਪਣੀ ਸੰਸਥਾ ਬਣਾ ਲਈ ਸੀ ਜਾਂ ਇਹ ਵੀ ਕਹਿ ਸਕਦੇ ਹਾਂ ਕਿ ਭਗਤ ਜੀ ਵਾਲੀ ਸੰਸਥਾ ਹੀ ਨਵੇਂ ਰੂਪ ਵਿੱਚ ਸ਼ੁਰੂ ਕਰ ਲਈ ਸੀ। ਭਗਤ ਜੀ ਵਾਲੀ ਸੰਸਥਾ ਦਾ ਸਮੁੱਚਾ ਹੀ ਖੁਰਾ ਖੋਜ ਮਿਟਾਉਣ ਲਈ ਸਰੂਪ ਸਿੰਘ ਸਾਰਾ ਸਾਜ਼ੋ ਸਮਾਨ ਵੀ ਚੁੱਕ ਕੇ ਲੈ ਗਿਆ ਸੀ।ਧੱਕੇ ਖਾਂਦੇ ਲੋਕਾਂ ਦੇ ਧੱਕੇ ਖ਼ਤਮ ਕਰਨ ਲਈ, ਦਰਦਾਂ ਭਰੇ ਦਿਲ ਨੂੰ ਵੀ ਅਜਿਹੇ ਲੋਕਾਂ ਦੇ ਧੱਕਿਆਂ ਦਾ ਸ਼ਿਕਾਰ ਹੋਣਾ ਪਿਆ ਸੀ।

**ਭਗਤ ਜੀ ਮਗਰੋਂ ਇਸ ਖੋਹੀ ਸੰਸਥਾ ਦਾ ਹਾਲ**

ਇਹ ਸ਼ਾਖਾ ਭਗਤ ਜੀ ਕੋਲੋਂ ਖੋਹ ਲਈ ਗਈ ਸੀ।ਇਸ ਵਿੱਚ ਚੱਲ ਅਚੱਲ ਜਾਇਦਾਦ ਕਰੀਬ 40 ਹਜ਼ਾਰ ਦੀ ਸੀ।ਜਿਸ ਨੇ ਗਲ ਵਿੱਚ ਟੱਲ ਪਾ ਕੇ ਤੇ ਹੱਥ ਵਿੱਚ ਬਾਟਾ ਪਕੜ ਕੇ ਪੈਸਾ-ਪੈਸਾ ਮੰਗਿਆ ਸੀ ਉਸ ਲਈ ਤਾਂ ਇਹ ਰਕਮ ਕਰੋੜਾਂ ਰੁਪਈਆਂ ਵਰਗੀ ਸੀ। ਅਜਿਹੇ ਅਦਾਰੇ ਧਾਰਮਿਕ ਭਾਵਨਾਵਾਂ ਵਾਲੇ ਲੋਕਾਂ ਜਾਂ ਗ਼ਰੀਬਾਂ ਨਾਲ ਅਥਾਹ ਪਿਆਰ ਕਰਨ ਵਾਲੇ ਲੋਕਾਂ ਦੀ ਸਮਰਪਿਤ ਬ੍ਰਿਤੀ ਨਾਲ ਹੀ ਚੱਲਦੇ ਹਨ। ਮੈਨੇਜਰ ਦਲੀਪ ਸਿੰਘ ਤਾਂ ਸਗੋਂ ਕਠੋਰ ਦਿਲ ਦਾ ਮਾਲਕ ਸੀ। ਇਸ ਨੂੰ ਤਾਂ ਭਗਤ ਜੀ ਵਰਗੀ ਪਵਿੱਤਰ ਰੂਹ ਕੋਲ ਰਹਿ ਕੇ ਇਨਸਾਨੀਅਤ ਵਾਲਾ ਪਿਆਰ ਨਹੀਂ ਜਾਗਿਆ ਸੀ। ਇਸ ਨੇ ਤਾਂ ਆਪਣੀ

ਘਰਵਾਲੀ ਦੇ ਸਿਰ ਵਿੱਚ ਕੁਝ ਮਾਰ ਕੇ ਉਸ ਨੂੰ ਮਾਰ ਦਿੱਤਾ ਸੀ ਤੇ ਉਸ ਨੂੰ ਵੀ ਜੇਲ੍ਹ ਹੋ ਗਈ ਸੀ। ਦਲੀਪ ਸਿੰਘ ਦੀ ਥਾਂ 'ਤੇ ਇੱਕ ਹੋਰ ਫੌਜੀ ਮੈਨੇਜਰ ਰੱਖਿਆ ਸੀ। ਇਸ ਸੰਸਥਾ ਦੇ ਤੇ ਇਸ ਦੇ ਪ੍ਰਬੰਧਕਾਂ ਦੇ ਸਾਰੇ ਭੇਦ ਖੁੱਲ੍ਹ ਜਾਣ ਕਰਕੇ ਉਗਰਾਹੀ ਨਹੀਂ ਆਉਂਦੀ ਸੀ। ਇਸ ਕਰਕੇ ਪਿੰਗਲਵਾੜੇ ਦੇ ਖ਼ਰਚੇ ਕਿਵੇਂ ਪੂਰੇ ਕਰਨੇ ਸਨ? ਇੱਥੇ ਤਾਂ ਕੋਈ ਗਲ ਵਿੱਚ ਟੱਲ ਪਾ ਕੇ, ਹੱਥ ਵਿੱਚ ਬਾਟਾ ਪਕੜ ਕੇ ਮੰਗਣ ਨਹੀਂ ਸੀ। ਇਸ ਕਰਕੇ ਇਹ ਫੌਜੀ ਵੀ ਵਿੱਚੇ ਛੱਡ ਕੇ ਭੱਜ ਗਿਆ ਸੀ। ਭਗਤ ਜੀ ਤੋਂ ਬਾਅਦ ਇਸ ਸੰਸਥਾ ਦਾ ਬਹੁਤ ਬੁਰਾ ਹਾਲ ਹੋਇਆ।

**ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥**
**ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥**
**ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥**
**ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥**
**ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥**

{ਅੰਗ ੬੪੯}

ਇਸ ਤਰ੍ਹਾਂ ਬਿਖਮ ਮਾਰਗ ਦੇ ਪਾਂਧੀ ਨੇ ਲੱਖਾਂ ਹੀ ਮੁਸੀਬਤਾਂ ਝੱਲ ਕੇ ਮਨੁੱਖਤਾ ਦੀ ਝੋਲੀ ਵਿੱਚ ਸੁੱਖ ਪਾਇਆ ਸੀ।

### ਜਿਨ ਪਟੁ ਅੰਦਰਿ ਬਾਹਰਿ ਗੁਦੜੁ

ਪ੍ਰਮੇਸ਼ਰ ਜੀਵ ਨੂੰ ਰੱਬੀ ਗੁਣਾਂ ਨਾਲ ਸ਼ਿੰਗਾਰ ਕੇ ਸੰਸਾਰ ਵਿੱਚ ਭੇਜਦਾ ਹੈ। ਪ੍ਰਕਿਰਤੀ ਵੀ ਇਸ ਨੂੰ ਰੱਬੀ ਰਜ਼ਾ ਵਿੱਚ ਚੱਲਣ ਦਾ ਸਬਕ ਸਿਖਾਉਂਦੀ ਹੈ ਪਰ ਵਿਕਾਰੀ ਤਾਕਤਾਂ ਇਸ ਨੂੰ ਰੱਬੀ ਰਜ਼ਾ ਤੋਂ ਬਾਗ਼ੀ ਕਰ ਦਿੰਦੀਆਂ ਹਨ। ਇਸ ਕਰਕੇ ਮਨੁੱਖ ਦੀ ਯਾਦ ਵਿੱਚੋਂ ਰੱਬੀ ਵਿਛੋੜਾ, ਕਈ ਤਰ੍ਹਾਂ ਦੇ ਰੋਗ ਤੇ ਐਬ ਪੈਦਾ ਕਰ ਦਿੰਦਾ ਹੈ।ਐਬੀ ਮਨੁੱਖ ਇੱਕ ਲਗਨ ਵਿੱਚ ਲੱਗ ਜਾਂਦਾ ਹੈ ਕਿ ਜੋ ਕੁਝ ਮੈਂ ਹਾਂ ਇਹ ਬਾਹਰ ਨਹੀਂ ਦਿੱਸਣ ਦੇਣਾ। ਇਸ ਕਰਕੇ ਫਿਰ ਉਹ ਕਈ ਤਰ੍ਹਾਂ ਦੇ ਅਡੰਬਰੀ ਪਹਿਰਾਵਿਆਂ ਦਾ ਸਹਾਰਾ ਲੈਂਦਾ ਰਹਿੰਦਾ ਹੈ। ਇਨ੍ਹਾਂ ਪਹਿਰਾਵਿਆਂ ਦੇ ਅੰਦਰ ਉਹ ਆਪਣੇ ਜੀਅਹੁ ਮੈਲੇ ਜੀਵਨ ਨੂੰ ਛੁਪਾ ਕੇ ਰੱਖਦਾ ਹੈ, ਪਰ ਬਾਹਰੀ ਤੌਰ 'ਤੇ ਬਾਹਰਹੁ ਨਿਰਮਲ ਦਿੱਸਦਾ ਹੈ। ਜਿਹੜੇ ਦਰਵੇਸ਼ੀ ਲੋਕ ਦਿਲ ਦਰਵਾਨੀ (ਰਾਖੀ) ਕਰਦੇ ਹਨ ਉਨ੍ਹਾਂ ਨੂੰ ਇਨ੍ਹਾਂ ਅਡੰਬਰੀ ਪਹਿਰਾਵਿਆਂ ਦੀ ਲੋੜ ਨਹੀਂ ਹੁੰਦੀ। ਭਗਤ ਪੂਰਨ ਸਿੰਘ ਜੀ ਵੀ ਇੱਕ ਅਜਿਹੇ ਹੀ ਦਰਵੇਸ਼ ਹਨ, ਜਿਨ੍ਹਾਂ ਦਾ ਜੀਅਹੁ ਤਾਂ ਨਿਰਮਲ ਹੁੰਦਾ ਹੈ ਅਤੇ ਬਾਹਰੀ ਤੌਰ 'ਤੇ ਵੀ ਸਾਦਗੀ ਹੁੰਦੀ ਹੈ। ਭਗਤ ਜੀ ਦਾ ਪਹਿਰਾਵਾ ਦੇਖ ਕੇ ਬਹੁਤ ਲੋਕ ਧੋਖਾ ਖਾ ਜਾਂਦੇ ਹਨ। ਇੱਕ ਵਾਰੀ ਸੁਰਜੀਤ ਸਿੰਘ ਬਰਨਾਲਾ, (ਸਾਬਕਾ ਮੁੱਖ ਮੰਤਰੀ ਪੰਜਾਬ ਤੇ ਆਂਧਰਾ ਪ੍ਰਦੇਸ ਦੇ ਗਵਰਨਰ) ਬਰਨਾਲੇ ਤੋਂ ਟਰੇਨ ਰਾਹੀਂ ਦਿੱਲੀ ਜਾ ਰਹੇ ਸਨ। ਬਰਨਾਲੇ ਤੋਂ ਦਿੱਲੀ ਜਾਣ ਲਈ ਅੰਬਾਲੇ ਰਾਹੀਂ ਜਾਣਾ ਪੈਂਦਾ ਸੀ ਤੇ ਅੰਬਾਲੇ ਤੋਂ ਹੀ ਗੱਡੀ ਬਦਲਣੀ



ਪੈਂਦੀ ਸੀ। ਸੁਰਜੀਤ ਸਿੰਘ ਬਰਨਾਲੇ ਤੋਂ ਅੰਬਾਲੇ ਆ ਗਏ, ਪਰ ਜਦੋਂ ਅੰਬਾਲੇ ਤੋਂ ਦਿੱਲੀ ਵਾਲੀ ਗੱਡੀ ਫੜਨੀ ਸੀ ਤਾਂ ਬਹੁਤ ਮੁਸ਼ਕਲ ਆਈ, ਕਿਉਂਕਿ ਉਨ੍ਹਾਂ ਦੇ ਕੋਲ ਤੀਜੇ ਦਰਜੇ ਦੀ ਟਿਕਟ ਸੀ ਜਿਸ ਵਿੱਚ ਆਮ ਲੋਕੀਂ ਸਫ਼ਰ ਕਰਦੇ ਹਨ। ਇਹ ਘਟਨਾ ਸੰਨ 1951 ਦੀ ਹੈ ਉਨ੍ਹਾਂ ਸਮਿਆਂ ਵਿੱਚ ਤਾਂ ਇਹ ਹੋਰ ਵੀ ਕਠਨ ਸੀ।

ਭੀੜ ਬਹੁਤ ਜ਼ਿਆਦਾ ਤੇ ਬੇਤਰਤੀਬੀ ਸੀ।ਹਰ ਕੋਈ ਗੱਡੀ ਚੜ੍ਹਨ ਲਈ ਧੱਕਾ-ਮੁੱਕੀ ਕਰ ਰਿਹਾ ਸੀ। ਜਿਵੇਂ ਕਿਵੇਂ ਔਖ-ਸੌਖ ਨਾਲ ਸੁਰਜੀਤ ਸਿੰਘ ਬਰਨਾਲਾ ਵੀ ਗੱਡੀ ਚੜ੍ਹ ਗਏ। ਹੱਥ ਵਿੱਚ ਬੈਗ ਸੀ ਤੇ ਜਿਸ ਦੇ ਕਿੱਧਰੇ ਰੱਖਣ ਵਾਸਤੇ ਭੋਰਾ ਭਰ ਥਾਂ ਨਹੀਂ ਸੀ, ਉਹ ਇੱਕ ਸੀਟ ਦੇ ਸਹਾਰੇ ਜਿਹੇ ਨਾਲ ਖਲੋ ਗਏ। ਇਸ ਡੱਬੇ ਵਿੱਚ ਗ਼ਰੀਬੜੇ ਜਿਹੇ ਤਾਂ ਬਹੁਤ ਸਨ ਪਰ ਇੱਕ ਬਹੁਤਾ ਹੀ ਗ਼ਰੀਬੜਾ ਜਿਹਾ ਤੇ ਮਸਤਾਨਾ ਜਿਹਾ ਲੱਗਦਾ ਸੀ। ਬਾਕੀ ਲੋਕਾਂ ਨੂੰ ਆਪੋ ਆਪਣੀ ਸੀ ਪਰ ਇਸ ਮਸਤਾਨੇ ਜਿਹੇ ਨੇ ਆਪਣੇ ਆਪ ਨੂੰ ਸੰਗੋੜ ਜਿਹਾ ਲਿਆ ਤੇ ਥੋੜ੍ਹੀ ਜਿਹੀ ਥਾਂ ਬਣਾ ਲਈ। ਸੁਰਜੀਤ ਸਿੰਘ ਬਰਨਾਲੇ ਨੂੰ ਇਸ਼ਾਰੇ ਨਾਲ ਹੀ ਬੈਠਣ ਲਈ ਕਹਿ ਦਿੱਤਾ। ਸੁਰਜੀਤ ਸਿੰਘ ਬਰਨਾਲੇ ਨੇ ਇਸ ਦਰਵੇਸ਼ ਨੂੰ ਦੇਖਿਆ ਤੇ ਉਸ ਦਾ ਬੈਠਣ ਨੂੰ ਜੀਅ ਨਹੀਂ ਕੀਤਾ। ਦਰਵੇਸ਼ ਦੇ ਸਾਦੇ ਜਿਹੇ ਕੱਪੜੇ, ਗਲ ਵਿੱਚ ਪਾਇਆ ਹੋਇਆ ਟੱਲ, ਤੇ ਮੋਟੇ ਜਿਹੇ ਖੱਦਰ ਦਾ ਹੀ ਇੱਕ ਸਾਫ਼ਾ ਸਿਰ 'ਤੇ ਲਪੇਟਿਆ ਹੋਇਆ ਸੀ। ਮਸਤਾਨੇ ਨੇ ਇੱਕ ਥੈਲਾ ਪਕੜਿਆ ਹੋਇਆ ਸੀ। ਥੈਲੇ ਦੀ ਪਕੜ ਵਿੱਚੋਂ ਅੰਦਾਜ਼ਾ ਲੱਗ ਜਾਂਦਾ ਸੀ ਕਿ ਥੈਲੇ ਵਿੱਚ ਇੱਕ ਬਾਟਾ ਜਿਹਾ ਹੈ। ਇਸ ਦੇ ਨਾਲ ਹੀ ਥੈਲੇ ਵਿੱਚ ਕੁਝ ਕਾਗ਼ਜ਼ ਜਿਹੇ ਪਾਏ ਹੋਏ ਸਨ। ਇਹ ਵੀ ਕੋਈ ਨਵੇਂ ਪੁਰਾਣੇ ਜਿਹੇ ਬੇਤਰਤੀਬੇ ਜਿਹੇ ਜਾਪੇ। ਸੁਰਜੀਤ ਸਿੰਘ, ਉਸ ਮਸਤਾਨੇ ਦੀ ਬਣਾਈ ਥਾਂ ਦੇ ਪਰਉਪਕਾਰ ਕਰਕੇ ਤੇ ਲੋਕ ਦਿਖਾਵੇ ਲਈ ਕਿ ਗ਼ਰੀਬਾਂ ਨਾਲ ਨਫ਼ਰਤ ਕਰਦਾ ਹੈ ਦੀ ਸੋਚ ਤੋਂ ਬਚਾਅ ਲਈ, ਉਹ ਨਾ-ਮੰਨੇ ਜਿਹੇ ਮਨ ਨਾਲ ਉਸ ਕੋਲ ਬੈਠ ਗਏ। ਸੁਰਜੀਤ ਸਿੰਘ ਨੇ ਇਸ ਦੇ ਬਦਲੇ ਉਨ੍ਹਾਂ ਦਾ ਧੰਨਵਾਦ ਕਹਿਣਾ ਵੀ ਮੁਨਾਸਬ ਨਾ ਸਮਝਿਆ। ਥਾਂ ਤਾਂ ਥੋੜ੍ਹੀ ਜਿਹੀ ਹੀ ਸੀ ਪਰ ਲੰਮੇ ਸਫ਼ਰ ਕਰਕੇ ਉਹ ਬੈਠ ਗਏ ਸਨ। ਕੁਝ ਦੂਰੀ 'ਤੇ ਹੀ ਗਏ ਸਨ ਕਿ ਉਸ ਮਸਤਾਨੇ ਨੇ ਆਪਣੇ ਆਪ ਨੂੰ ਹੋਰ ਵੀ ਸੰਗੋੜ ਕੇ ਸੁਰਜੀਤ ਸਿੰਘ ਲਈ ਹੋਰ ਥਾਂ ਬਣਾ ਦਿੱਤੀ ਤੇ ਕਮਾਲ ਦੇ ਅੰਦਾਜ਼ ਤੇ ਨਰਮ ਜਿਹੀ ਅਵਾਜ਼ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਕਿਹਾ ਕਿ "young man feel comfortable" (ਹੇ ਨੌਜੁਆਨ ਤੁਸੀਂ ਅਰਾਮ ਨਾਲ ਬੈਠੋ) ਇਨ੍ਹਾਂ ਸ਼ਬਦਾਂ ਨੇ ਸੁਰਜੀਤ ਸਿੰਘ ਦੀ ਸੋਚ 'ਤੇ ਕਾਫ਼ੀ ਸੱਟ ਮਾਰੀ ਕਿ ਮੈਂ ਤਾਂ ਕੀ ਸਮਝਦਾ ਸੀ ਪਰ ਇਹ ਤਾਂ ਕੋਈ ਹੋਰ ਹੀ ਹੈ। ਸੁਰਜੀਤ ਸਿੰਘ ਹੋਰ ਵੀ ਸੌਖੇ ਜਿਹੇ ਹੋ ਕੇ ਬੈਠ ਗਏ ਤੇ ਨਾਲ ਹੀ ਧੰਨਵਾਦ ਦੇ ਸ਼ਬਦ ਵੀ ਕਹੇ। ਸੁਰਜੀਤ ਸਿੰਘ ਬਰਨਾਲਾ, ਮਨ ਵਿੱਚ ਇਹ ਸੋਚ ਹੀ ਰਿਹਾ ਸੀ ਕਿ ਸ਼ਾਇਦ ਦੋ ਚਾਰ ਅੱਖਰ ਹੀ ਹੋਣਗੇ ਪਰ ਉਨ੍ਹਾਂ ਨੇ ਅੰਗਰੇਜ਼ੀ ਵਿੱਚ ਹੀ ਮੁੜ ਫਿਰ ਕਿਹਾ ਕਿ "I have been sitting

all the way from Amritsar. I can stand up so that you may sit more comfortable." (ਮੈਂ ਤਾਂ ਅੰਮ੍ਰਿਤਸਰ ਸਾਹਿਬ ਤੋਂ ਹੀ ਬੈਠਾ ਆਇਆ ਹਾਂ। ਮੈਂ ਖੜ੍ਹਾ ਹੋ ਸਕਦਾ ਹਾਂ ਤੇ ਤੁਸੀਂ ਹੋਰ ਵੀ ਅਰਾਮ ਨਾਲ ਬੈਠੋ) ਤੇ ਉਹ ਉੱਠ ਕੇ ਖੜ੍ਹੇ ਹੋਣ ਹੀ ਲੱਗੇ ਸਨ ਕਿ ਸੁਰਜੀਤ ਸਿੰਘ ਨੇ ਉਨ੍ਹਾਂ ਦਾ ਹੱਥ ਪਕੜ ਲਿਆ ਤੇ ਨਾਲ ਹੀ ਬੈਠਣ ਲਈ ਕਿਹਾ।

ਸੁਰਜੀਤ ਸਿੰਘ ਦੇ ਮਨ ਵਿੱਚ ਪੈਦਾ ਹੋਇਆ ਇਹ ਸੁਆਲ ਉਨ੍ਹਾਂ ਨੂੰ ਕਾਫ਼ੀ ਪ੍ਰੇਸ਼ਾਨ ਕਰ ਰਿਹਾ ਸੀ ਕਿ ਇਹ ਆਖ਼ਿਰ ਕੌਣ ਦਰਵੇਸ਼ ਹੈ? ਆਪਣੇ ਬੇਚੈਨ ਮਨ ਦੀ ਤਸੱਲੀ ਲਈ ਉਨ੍ਹਾਂ ਨੇ ਪੁੱਛਿਆ ਕਿ ਤੁਸੀ ਇਹ ਟੱਲ ਆਪਣੇ ਗਲੇ ਵਿੱਚ ਕਿਉਂ ਪਾਇਆ ਹੈ? ਉਸ ਦਰਵੇਸ਼ ਨੇ ਬੜੇ ਪਿਆਰ ਨਾਲ ਮਜ਼ਾਕੀਆ ਜਿਹੇ ਅੰਦਾਜ਼ ਨਾਲ ਕਿਹਾ ਕਿ ਕੋਈ ਮੈਨੂੰ ਪੁੱਛੇ ਕਿ ਟੱਲ ਕਿਉਂ ਪਾਇਆ ਹੈ? ਫਿਰ ਆਪ ਹੀ ਗੰਭੀਰ ਹੋ ਕੇ ਆਪਣੀ ਕਹਾਣੀ ਸੁਣਾਉਣ ਲੱਗ ਪਏ। ਮੁਸਾਫ਼ਰ ਗੱਡੀ ਦੇ ਸਫ਼ਰ ਦੇ ਨਾਲ-ਨਾਲ ਉਸ ਦਰਵੇਸ਼ ਦੀ ਜ਼ਿੰਦਗੀ ਦੇ ਸਫ਼ਰ ਦੀ ਕਹਾਣੀ ਵੀ ਸੁਣ ਰਹੇ ਸੀ। ਉਨ੍ਹਾਂ ਦਾ ਇੱਕ-ਇੱਕ ਸ਼ਬਦ ਮਨ ਵਿੱਚ ਝੁਣਝਣੀ ਜਿਹੀ ਛੇੜਨ ਵਾਲਾ ਸੀ। ਇਹ ਜ਼ਿੰਦਗੀ ਦਾ ਸਫ਼ਰ ਖੰਨੇ ਦੇ ਇੱਕ ਪਿੰਡ ਰਾਜੇਵਾਲ ਤੋਂ ਸ਼ੁਰੂ ਹੋ ਕੇ ਵਕਤ ਤੇ ਦੁੱਖਾਂ ਦੀਆਂ ਉਤਰਾਈਆਂ ਚੜ੍ਹਾਈਆਂ ਨੂੰ ਬਿਆਨਦਾ ਲਾਹੌਰ, ਡੇਹਰਾ ਸਾਹਿਬ ਤੋਂ ਹੁੰਦਾ ਹੋਇਆ ਇੱਕ ਪਿਆਰੇ ਨੂੰ ਗੋਦੀ ਚੁੱਕ ਅੰਮ੍ਰਿਤਸਰ ਆ ਗਿਆ ਸੀ। ਉਸ ਦਰਵੇਸ਼ ਦੇ ਜੀਵਨ ਦੀ ਸਫ਼ਰ ਕਹਾਣੀ ਨੇ ਗੱਡੀ ਵਿੱਚ ਸਫ਼ਰ ਕਰ ਰਹੇ ਕਿਤਨੇ ਹੀ ਲੋਕਾਂ ਦਾ ਦਿਲ ਜਿੱਤ ਲਿਆ ਤੇ ਹਮਦਰਦੀ ਦੇ ਰੂਪ ਕਈਆਂ ਨੇ ਤਾਂ ਆਪਣੀਆਂ ਅੱਖਾਂ ਵਿੱਚ ਸਾਂਭੇ ਅੱਥਰੂ ਵੀ ਭੇਟਾ ਕਰ ਦਿੱਤੇ ਸਨ। ਜਿਸ ਬੰਦੇ ਕੋਲ ਬੈਠਣ ਤੋਂ ਮਨ ਕਰੀਚਦਾ ਸੀ ਤੇ ਹੁਣ ਉਸ ਕੋਲ ਬੈਠਣ ਦਾ ਮਾਣ ਮਹਿਸੂਸ ਹੋ ਰਿਹਾ ਸੀ। ਪਹਿਲਾਂ ਤਾਂ ਉਸ ਦਾ ਵੀ ਕੋਲ ਬਿਠਾਉਣ ਲਈ ਧੰਨਵਾਦ ਨਹੀਂ ਕੀਤਾ ਸੀ ਪਰ ਹੁਣ ਦਰਵੇਸ਼ ਦੇ ਨਾਲ-ਨਾਲ ਰੱਬ ਦਾ ਧੰਨਵਾਦ ਵੀ ਕੀਤਾ ਜਾ ਰਿਹਾ ਸੀ। ਸੁਰਜੀਤ ਸਿੰਘ ਨੂੰ ਪਤਾ ਲੱਗ ਗਿਆ ਸੀ ਕਿ ਜਿਸ ਬਾਰੇ ਸਿਰਫ਼ ਸੁਣਿਆ ਸੀ ਪਰ ਹੁਣ ਪਤਾ ਲੱਗ ਗਿਆ ਹੈ ਕਿ ਇਹੋ ਹੀ ਪਿੰਗਲਵਾੜੇ ਵਾਲੇ ਭਗਤ ਪੂਰਨ ਸਿੰਘ ਜੀ ਹਨ। ਕਈ ਬੰਦੇ ਜੀਵਨ ਵਿੱਚ ਕਈ ਵਾਰੀ ਮਿਲਦੇ ਹਨ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ ਪਰ ਕਿਸੇ ਦੀ ਥੋੜ੍ਹੇ ਜਿਹੇ ਸਮੇਂ ਦੀ ਮਿਲਣੀ ਵੀ ਅਭੁੱਲ ਯਾਦ ਬਣ ਜਾਂਦੀ ਹੈ।'

{ਜਨਮ ਸ਼ਤਾਬਦੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2004), ਪੰਨਾ 19}।

## ਅਜੀਬ ਕਿਸਮ ਦਾ ਤੋਹਫ਼ਾ

ਜਦੋਂ ਕੋਈ ਅਕਲ ਲਤੀਫ਼ ਕਾਲੇ ਲੇਖ ਲਿਖਦਾ ਹੈ ਤਾਂ ਉਸ ਨੂੰ ਹੀ ਭੇਖ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਲੇਖ ਅਤੇ ਭੇਖ ਦਾ ਮਿਲਾਪ ਹੁੰਦਾ ਹੈ। ਜਿਹੜੇ



ਸਚਿਆਰ ਜੀਵਨ ਵਾਲੇ ਹੁੰਦੇ ਹਨ ਉਹ ਤਾਂ ਭਗਤ ਜੀ ਵਾਂਗ ਗੋਦੜੀ (ਸਾਦੇ ਕੱਪੜਿਆਂ) ਵਿੱਚ ਵੀ ਸ਼ੋਭਨੀਕ ਹੁੰਦੇ ਹਨ।

ਗੁਰੂ ਅਮਰਦਾਸ ਜੀ ਨੇ ਭਗਤਾਂ ਦੀ ਜੀਵਨ ਸ਼ੈਲੀ ਨੂੰ ਬਿਖਮ ਮਾਰਗ ਦੱਸਿਆ ਹੈ।ਇਸ ਤਰ੍ਹਾਂ ਦੀ ਜੀਵਨ ਮਰਿਆਦਾ ਵਿੱਚ ਲਬ, ਲੋਭ, ਹੰਕਾਰ ਦਾ ਤਿਆਗ ਕਰਕੇ ਬਹੁਤੇ ਗਿਲੇ ਸ਼ਿਕਵਿਆਂ ਵਾਲੀ ਭਾਸ਼ਾ ਵਿੱਚ ਨਹੀਂ ਬੋਲਣਾ ਹੁੰਦਾ ਸਗੋਂ ਭਲੇ ਵਾਸਤੇ ਹੀ ਬੋਲਣਾ ਹੁੰਦਾ ਹੈ। ਇਹ ਮਾਰਗ ਪਾਸਿਆਂ ਤੋਂ ਤਿੱਖਾ ਤੇ ਵਾਲਹੋਂ ਨਿੱਕਾ ਹੁੰਦਾ ਹੈ। ਇਸ ਮਾਰਗ 'ਤੇ ਕੋਈ ਆਪੇ ਦਾ ਤਿਆਗੀ ਹੀ ਪੈਰ ਪੁੱਟਦਾ ਹੈ।

**ਭਗਤਾ ਕੀ ਚਾਲ ਨਿਰਾਲੀ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥ ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥ ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥**

{ਅੰਗ ੯੧੮}

'ਭਗਤ ਪੂਰਨ ਸਿੰਘ ਜੀ ਦੀ ਜੀਵਨੀ ਪੜ੍ਹਿਆਂ ਕਈ ਕੰਮ ਦੁਨੀਆਂ ਤੋਂ ਨਿਆਰੇ ਹੀ ਜਾਪਦੇ ਹਨ।ਆਮ ਬੰਦਾ ਕਿਸੇ ਦੇ ਘਰ ਮਿਲਣ ਜਾਂਦਾ ਹੈ ਤਾਂ ਉਹ ਕੁਝ ਨਾ ਕੁਝ ਤੋਹਫ਼ਾ ਲੈ ਕੇ ਜਾਂਦਾ ਹੈ।ਭਗਤ ਜੀ ਜਦੋਂ ਵੀ ਕਿਸੇ ਅਤਿ ਦੇ ਪਿਆਰੇ ਦੇ ਘਰ ਜਾਂਦੇ ਸਨ ਤਾਂ ਉਹ ਅਜੀਬ ਕਿਸਮ ਦਾ ਤੋਹਫ਼ਾ ਲਿਜਾਂਦੇ ਸਨ।ਡਾਕਟਰ ਇੰਦਰਜੀਤ ਕੌਰ ਦੇ ਸਨੇਹ ਨੇ ਆਪਣਾ ਘਰ ਭਗਤ ਜੀ ਦੇ ਹਿਰਦੇ ਵਿੱਚ ਬਣਾ ਲਿਆ ਸੀ। ਭਗਤ ਜੀ ਨੇ ਵੀ ਇਹ ਪਿੰਗਲਵਾੜੇ ਵਾਲਾ ਪਰਿਵਾਰ ਤਾਂ ਕਦੋਂ ਦਾ ਬਣਾਇਆ ਹੋਇਆ ਸੀ ਪਰ ਡਾਕਟਰ ਇੰਦਰਜੀਤ ਕੌਰ ਦੇ ਧੀ ਵਾਲੇ ਪਿਆਰ ਨੇ ਭਗਤ ਜੀ ਨੂੰ ਇੱਕ ਹੋਰ ਨਜ਼ਦੀਕੀ ਪਰਿਵਾਰ ਦਾ ਅਹਿਸਾਸ ਕਰਵਾ ਦਿੱਤਾ ਸੀ। ਇਸ ਕਰਕੇ ਸੰਗਰੂਰ ਨਾਲ ਇੱਕ ਵੱਖਰੀ ਕਿਸਮ ਦਾ ਸਨੇਹ ਬਣ ਗਿਆ ਸੀ। ਭਗਤ ਜੀ ਜਦੋਂ ਵੀ ਸੰਗਰੂਰ ਜਾਂਦੇ ਤਾਂ ਅਤਿ ਦੇ ਸਨੇਹੀਆਂ ਵਾਸਤੇ ਅਜੀਬ ਕਿਸਮ ਦਾ ਤੋਹਫ਼ਾ ਲੈ ਜਾਂਦੇ ਸਨ।ਉਹ ਆਪਣਾ ਬਾਟਾ ਰਸਤੇ ਵਿੱਚ ਪਏ ਹੋਏ ਮੱਝਾਂ ਗਾਵਾਂ ਦੇ ਗੋਹੇ ਨਾਲ ਭਰ ਕੇ ਲੈ ਜਾਂਦੇ ਸਨ ਤੇ ਉਨ੍ਹਾਂ ਦੀ ਫੁੱਲਵਾੜੀ ਨੂੰ ਪਾ ਦਿੰਦੇ ਸਨ। ਇਸ ਨਾਲ ਇੱਕ ਤਾਂ ਰਾਹਾਂ ਵਿੱਚ ਪਿਆ ਹੋਇਆ ਗੰਦ ਖ਼ਤਮ ਹੋ ਜਾਂਦਾ ਸੀ ਤੇ ਦੂਜਾ ਉਨ੍ਹਾਂ ਫੁੱਲਾਂ ਨੂੰ ਤੋੜ ਕੇ ਧਾਰਮਿਕ ਅਸਥਾਨਾਂ 'ਤੇ ਚੜ੍ਹਾਉਣ ਵਾਲੇ ਤਾਂ ਬਹੁਤ ਮਿਲਦੇ ਹਨ ਪਰ ਫੁੱਲਾਂ ਵਿੱਚ ਪਿਆਰੇ ਦੇ ਦੀਦਾਰ ਕਰਕੇ ਉਨ੍ਹਾਂ ਨੂੰ ਖ਼ੁਰਾਕ ਕੋਈ ਵਿਰਲਾ ਹੀ ਪਾਉਂਦਾ ਹੈ। ਅਜਿਹਾ ਕਾਰਜ ਕੋਈ ਨਿਰਾਲੀ ਚਾਲ ਵਾਲਾ ਭਗਤ ਹੀ ਕਰ ਸਕਦਾ ਹੈ।'

{ਜਨਮ ਸ਼ਤਾਬਦੀ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। 2004, ਪੰਨਾ 72 ਤੇ ਪਿਆਰ ਦੀਆਂ ਤੰਦਾਂ ਪੰਨਾ 193}।

ਗ਼ਰੀਬ ਲੋਕਾਂ ਦੇ ਸਾਹੀਂ ਜਿਊਣ ਵਾਲੇ, ਅਪਾਹਿਜ ਲੋਕਾਂ ਦੇ ਮਲ-ਮੂਤਰ ਸਾਫ਼ ਕਰਨ ਵਾਲੇ, ਲੋਕਾਂ ਤੋਂ ਮੰਗ-ਮੰਗ ਕੇ ਇਨ੍ਹਾਂ ਅਪਹਿਜ ਲੋਕਾਂ ਨੂੰ ਰੋਟੀਆਂ ਖੁਆਉਣ ਵਾਲੇ ਸਿਦਕੀ ਤੇ ਸੱਚੇ-ਸੁੱਚੇ ਧਰਮੀ, ਇਨਸਾਨੀਅਤ ਦੇ ਪੁਜਾਰੀ ਭਗਤ ਪੂਰਨ ਸਿੰਘ ਜੀ ਲੋਕਾਂ ਨਾਲ ਹਮਦਰਦੀ ਕਰਦੇ ਸਨ। ਇਹ ਤਾਂ ਫੁੱਲ ਬੂਟਿਆਂ ਨਾਲ ਵੀ ਸਨੇਹ ਪਾ ਲੈਂਦੇ ਸਨ।

ਦੇਖਣ ਲਈ ਤਾਂ ਕੂੜ ਦੀ ਭੱਜ ਦੌੜ ਬਹੁਤ ਹੁੰਦੀ ਹੈ, ਪਰ ਆਖਿਰ ਨੂੰ ਕੂੜ ਹਾਰ ਹੀ ਜਾਂਦਾ ਹੈ ਅਤੇ ਸੱਚ ਦੀ ਜਿੱਤ ਹੋ ਜਾਂਦੀ ਹੈ।ਕਈ ਵਾਰੀ ਸੱਚ ਕੁਝ ਸਮੇਂ ਲਈ ਨਿਮਾਣਾ, ਨਿਤਾਣਾ ਤੇ ਸ਼ਰਮਿੰਦਾ ਜਿਹਾ ਹੋਇਆ ਲੱਗਣ ਲੱਗ ਜਾਂਦਾ ਹੈ। ਜਦੋਂ ਸੱਚ ਆਪਣੀ ਸਦੀਵੀ ਜਿੱਤ ਕਰਕੇ ਸਦਾ ਲਈ ਸਤਿਕਾਰਿਆ ਜਾਂਦਾ ਹੈ ਤਾਂ ਕੂੜ ਸਦਾ ਲਈ ਹੀ ਨਿਮਾਣਾ, ਨਿਤਾਣਾ ਤੇ ਸ਼ਰਮਿੰਦਾ ਹੁੰਦਾ ਰਹਿੰਦਾ ਹੈ। ਸੰਸਾਰ ਦੇ ਪਿਛੋਕੜ ਦੇ ਸਾਰੇ ਇਤਿਹਾਸ ਵਿੱਚੋਂ ਇਹੋ ਗੱਲ ਦੁਹਰਾਈ ਗਈ ਹੈ ਕਿ ਸੱਚ ਦੀ ਕਿਵੇਂ ਸਦੀਵੀ ਜਿੱਤ ਹੁੰਦੀ ਹੈ ਤੇ ਉਹ ਸਦਾ ਹੀ ਇਤਿਹਾਸ ਦਾ ਚਮਕਦਾ ਸਿਤਾਰਾ ਬਣ ਜਾਂਦਾ ਹੈ ਤੇ ਕੂੜ ਨੂੰ ਕਿਸ ਤਰ੍ਹਾਂ ਲਾਹਣਤਾਂ ਪੈਂਦੀਆਂ ਰਹਿੰਦੀਆਂ ਹਨ।ਭਗਤ ਪੂਰਨ ਸਿੰਘ ਜੀ ਨੇ ਅਥਾਹ ਮੁਸ਼ਕਲਾਂ ਝੱਲੀਆਂ ਸਨ, ਵਕਤ ਦੇ ਵਿਰੋਧੀਆਂ ਨੇ ਹਰ ਉਹ ਉਪਰਾਲਾ ਕੀਤਾ ਸੀ, ਜਿਸ ਨਾਲ ਭਗਤ ਜੀ ਦੀ ਵਡਿਆਈ ਦਾ ਚੜ੍ਹਦਾ ਸੂਰਜ, ਅਸੀਂ ਆਪਣੀਆਂ ਅਕਲਾਂ ਦੀਆਂ ਥਾਲੀਆਂ ਨਾਲ ਢੱਕ ਲਈਏ, ਪਰ ਚੜ੍ਹਦੇ ਸੂਰਜ ਕਦੇ ਥਾਲੀਆਂ ਨਾਲ ਨਹੀਂ ਢੱਕੇ ਜਾਂਦੇ, ਸਗੋਂ ਥਾਲੀ ਨਾਲ ਢੱਕਣ ਵਾਲਾ ਆਪਣਾ ਹੀ ਮੂੰਹ ਢੱਕ ਲੈਂਦਾ ਹੈ। ਭਗਤ ਜੀ ਦੀ ਨਿਮਰਤਾ, ਲਗਨ, ਮਿਹਨਤ ਅਤੇ ਸਿਦਕ ਦਿਲੀ ਸਾਰੀਆਂ ਹੱਦਾਂ ਬੰਨ੍ਹੇ ਪਾਰ ਕਰਕੇ ਉਸ ਮੁਕਾਮ 'ਤੇ ਪਹੁੰਚ ਗਈ ਜਿੱਥੇ ਕੋਈ ਵਿਰਲਾ ਹੀ ਪਹੁੰਚਦਾ ਹੈ। ਭਗਤ ਜੀ ਦੀ ਸੇਵਾ ਦੇਖ ਕੇ ਇਨ੍ਹਾਂ ਨੂੰ ਭਾਰਤ ਸਰਕਾਰ ਨੇ ਪਦਮ ਸ਼੍ਰੀ ਅਵਾਰਡ ਨਾਲ ਸਨਮਾਨਿਤ ਕੀਤਾ। ਭਗਤ ਜੀ ਨੂੰ ਪਿਆਰ ਕਰਨ ਵਾਲਾ ਹਰ ਹਿਰਦਾ ਮਉਲ ਉੱਠਿਆ ਸੀ।

### ਮਨੁੱਖਤਾ ਦਾ ਦਰਦ ਤੇ ਅਵਾਰਡ ਵਾਪਸ

ਲੰਮੇਰੇ ਸਮੇਂ ਤੋਂ ਸਰਕਾਰਾਂ ਪੰਜਾਬੀਆਂ ਤੇ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਦੇ ਬਦਲੇ ਇਸ ਦੇ ਬਣਦੇ ਹੱਕ ਵੀ ਨਹੀਂ ਦੇ ਰਹੀਆਂ ਸਨ। ਇਸ ਕਰਕੇ ਆਪਣੇ ਹੱਕਾਂ ਦੀ ਪ੍ਰਾਪਤੀ ਤੇ ਲੀਡਰਾਂ ਦੇ ਕੀਤੇ ਵਾਅਦੇ ਪੂਰੇ ਕਰਵਾਉਣ ਲਈ, ਪੰਜਾਬ ਨੇ ਕੁਝ ਸਮਾਂ ਸੰਘਰਸ਼ ਭਰਿਆ ਹੰਢਾਇਆ ਹੈ। ਸਰਕਾਰ ਨੇ ਇਨ੍ਹਾਂ ਦੀਆਂ ਮੰਗਾਂ ਮੰਨਣ ਦੀ ਥਾਂ 'ਤੇ ਸਗੋਂ ਤਸ਼ੱਦਦ ਨਾਲ ਪੰਜਾਬ ਦੀ ਜੁਆਨੀ ਨੂੰ ਖ਼ਤਮ ਕਰਕੇ, ਇਸ ਨੂੰ ਫਿਰ ਦੁਬਾਰਾ ਦਬਾ ਦਿੱਤਾ ਗਿਆ। ਇਸ ਸੰਘਰਸ਼ ਦੇ ਦੌਰਾਨ ਹੀ ਸਰਕਾਰ ਨੇ ਦਰਬਾਰ ਸਾਹਿਬ ਅਤੇ ਹੋਰ ਕਈ ਗੁਰਦੁਆਰਿਆਂ 'ਤੇ ਹਮਲੇ ਕੀਤੇ ਤੇ ਗੁਰੂ ਘਰਾਂ ਦੀ ਬੇਅਦਬੀ ਕੀਤੀ। ਗੁਰੂ ਘਰਾਂ ਵਿੱਚ ਬਹੁਤ ਕਹਿਰ



ਬੀਤਿਆ। ਬੱਚਿਆਂ, ਬੀਬੀਆਂ, ਬਜ਼ੁਰਗਾਂ ਤੇ ਬੇਕਸੂਰਾਂ ਨੂੰ ਬੜੀ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਭਗਤ ਜੀ ਦਾ ਤਾਂ ਸਾਰਾ ਕੁਝ ਹੀ ਦਰਬਾਰ ਸਾਹਿਬ ਹੈ ਜਿਸ ਦੀ ਦਹਿਲੀਜ਼ 'ਤੇ ਉਨ੍ਹਾਂ ਨੇ ਜ਼ਿੰਦਗੀ ਦਾ ਬਹੁਤ ਅਰਸ਼ਾ ਬਿਤਾਇਆ ਸੀ। ਦਰਬਾਰ ਸਾਹਿਬ ਤੇ ਸਰਕਾਰੀ ਫੌਜਾਂ ਦਾ ਹੋਇਆ ਅਟੈਕ ਤੇ ਇਨਸਾਨੀਅਤ 'ਤੇ ਹੋਇਆ ਇਹ ਕਹਿਰ ਦੇਖ ਕੇ ਉਨ੍ਹਾਂ ਨੇ ਕੁਝ ਦਿਨਾਂ ਬਾਅਦ ਸਰਕਾਰ ਨੂੰ ਚਿੱਠੀ ਲਿਖ ਕੇ ਪਦਮ ਸ਼੍ਰੀ ਅਵਾਰਡ ਮੋੜ ਦਿੱਤਾ।ਉਨ੍ਹਾਂ ਦਾ ਕਿਸੇ ਵੀ ਇੱਕ ਧਿਰ ਨਾਲ ਲਗਾਵ ਨਹੀਂ ਸੀ। ਉਹ ਤਾਂ ਇਨਸਾਨੀਅਤ ਦੇ ਪੁਜਾਰੀ ਸਨ। ਇਸ ਕਰਕੇ ਉਨ੍ਹਾਂ ਨੇ ਅਵਾਰਡ ਮੋੜਨ ਦਾ ਫ਼ੈਸਲਾ ਕਿਸੇ ਇੱਕ ਧਿਰ ਪੱਖੀ ਹੋ ਕੇ ਨਹੀਂ ਲਿਆ ਸੀ, ਬਲਕਿ ਉਨ੍ਹਾਂ ਨੇ ਆਪਣੀ ਰੂਹ ਦੀ ਅਵਾਜ਼ ਨੂੰ ਪਹਿਚਾਣਿਆ ਸੀ।ਭਗਤ ਪੂਰਨ ਸਿੰਘ ਜੀ ਵੱਲੋਂ ਭਾਰਤ ਸਰਕਾਰ ਨੂੰ ਲਿਖੀ ਹੋਈ ਚਿੱਠੀ ਇਹ ਹੈ:
" ਸੇਵਾ ਵਿਖੇ

ਰਾਸ਼ਟਰਪਤੀ ਭਾਰਤ,
ਰਾਸ਼ਟਰਪਤੀ ਭਵਨ,
ਦਿੱਲੀ।

ਵਿਸ਼ਾ:-ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ 'ਤੇ ਹੋਈ ਇਨਸਾਨੀਅਤ ਤੋਂ ਗਿਰੀ ਫੌਜੀ ਕਾਰਵਾਈ ਵਿਰੁੱਧ ਰੋਸ ਵਜੋਂ "ਪਦਮ ਸ਼੍ਰੀ" ਅਵਾਰਡ ਦਾ ਮੋੜਿਆ ਜਾਣਾ।
ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਸ਼੍ਰੀ ਦਰਬਾਰ ਸਾਹਿਬ ਦੇ ਅੰਦਰ ਫੌਜ ਨੂੰ ਕਾਰਵਾਈ ਲਈ ਭੇਜਿਆ ਜਾਣਾ ਕਿੰਨੇ ਹੀ ਦੁੱਖਦਾਈ ਨਤੀਜੇ ਪੈਦਾ ਕਰ ਚੁੱਕਾ ਹੈ।ਉਸ ਫੌਜੀ ਕਾਰਵਾਈ ਦੇ ਨਤੀਜਿਆਂ ਤੋਂ ਸਿੱਖ ਜਗਤ ਤੜਫ ਉੱਠਿਆ ਹੈ। ਇਸ ਘਟਨਾ ਦਾ ਜੋ ਦੁੱਖਦਾਈ ਅਸਰ ਸ਼੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਓਢੀ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ 'ਤੇ ਪਿਆ ਹੈ ਉਹ ਆਪ ਨੇ ਦੇਖ ਹੀ ਲਿਆ ਹੈ।ਫੌਜੀਆਂ ਹੱਥੋਂ ਬਹੁਤ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ ਜਿਨ੍ਹਾਂ ਦਾ ਆਪ ਜੀ ਨੂੰ ਪਤਾ ਨਹੀਂ ਹੋ ਸਕਦਾ, ਜੋ ਮੈਨੂੰ ਸੁਣਾਈਆਂ ਹਨ ਤੇ ਮੈਂ ਉਹਨਾਂ ਦੀ ਪੜਤਾਲ ਮਿਤੀ 9-9-84 ਤਕ ਕਰਦਾ ਰਿਹਾ ਹਾਂ।ਮੈਂ ਜਲਦੀ ਨਹੀਂ ਕੀਤੀ ਅਤੇ ਬੜੇ ਧੀਰਜ ਤੋਂ ਕੰਮ ਲਿਆ ਹੈ।ਉਹਨਾਂ ਵਿੱਚੋਂ ਮੈਂ ਕੁਝ ਘਟਨਾਵਾਂ ਬਿਆਨ ਕਰਦਾ ਹਾਂ।

1. ਸ਼੍ਰੀ ਦਰਬਾਰ ਸਾਹਿਬ ਦੇ ਇੱਕ ਗ੍ਰੰਥੀ ਨੂੰ ਫੌਜੀ ਸਿਪਾਹੀ ਪਰਿਵਾਰ ਸਮੇਤ ਗ੍ਰਿਫ਼ਤਾਰ ਕਰਕੇ ਲੈ ਗਏ ਅਤੇ ਉਸ ਪਰਿਵਾਰ ਨੂੰ ਉਹਨਾਂ ਨੇ ਸਾਰਾ ਦਿਨ ਭੁੱਖਾ ਪਿਆਸਾ ਰੱਖਿਆ। ਗ੍ਰੰਥੀ ਸਿੰਘ ਦੇ ਹੱਥਾਂ ਤੇ ਬੰਦੂਕ ਦੇ ਬੱਟ ਮਾਰ ਕੇ ਫੌਜੀਆਂ ਨੇ ਉਸ ਦੀ ਮਾਰ ਕੁੱਟ ਕੀਤੀ। ਸ਼੍ਰੀ ਦਰਬਾਰ ਸਾਹਿਬ ਦੇ ਇੱਕ ਹੋਰ ਗ੍ਰੰਥੀ ਦੇ ਬੱਟ ਮਾਰੇ ਅਤੇ ਉਸਦੇ ਹੱਥਾਂ ਨੂੰ ਸੋਜਾਂ ਚੜਾਈਆਂ।

2. ਦਰਬਾਰ ਸਾਹਿਬ ਸਮੂਹ ਵਿੱਚ ਆਈਆਂ ਸੰਗਤਾਂ, ਇਸਤਰੀਆਂ, ਮਰਦਾਂ ਤੇ ਬੱਚਿਆਂ 'ਤੇ ਇਸ ਤਰ੍ਹਾਂ ਗੋਲੀ ਚਲਾਈ ਜਾਂਦੀ ਰਹੀ ਹੈ ਜਿਸ ਤਰ੍ਹਾਂ ਜ਼ਹਿਰੀਲੀ ਦਵਾਈ ਨਾਲ ਮੱਛਰ ਮਾਰੀਦਾ ਹੈ।
3. ਜਿਹੜੇ ਯਾਤਰੂ ਸ਼੍ਰੀ ਦਰਬਾਰ ਸਾਹਿਬ ਤੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਮੰਗਲਵਾਰ ਨੂੰ 12 ਵਜੇ ਕੈਦ ਕੀਤੇ ਗਏ ਸਨ, ਉਹਨਾਂ ਨੂੰ ਪਾਣੀ ਨਾ ਦਿੱਤਾ ਗਿਆ, ਉਹਨਾਂ ਨੂੰ ਬੁੱਧਵਾਰ 30 ਘੰਟਿਆਂ ਪਿੱਛੋਂ ਸਿੱਖ ਫੌਜੀਆਂ ਨੇ ਪਾਣੀ ਦਿੱਤਾ।ਬੱਚਿਆਂ ਦੀਆਂ ਪਿਆਸ ਨਾਲ ਅੱਖਾਂ ਬਾਹਰ ਨਿਕਲ ਰਹੀਆਂ ਸਨ।ਬੀਬੀਆਂ ਨੇ ਪਸੀਨੇ ਪੂੰਝ ਕੇ ਬੱਚਿਆਂ ਦੇ ਮੂੰਹ ਗਿੱਲੇ ਕੀਤੇ।ਜੇ ਬੀਬੀਆਂ ਬੱਚਿਆਂ ਲਈ ਪਾਣੀ ਮੰਗਦੀਆਂ ਸਨ ਤਾਂ ਫੌਜੀ ਕਹਿੰਦੇ ਸਨ ਕਿ ਇਹ ਵੱਡੇ ਹੋ ਕੇ ਸਾਨੂੰ ਮਾਰਨਗੇ, ਇਸ ਲਈ ਅਸੀਂ ਇਹਨਾਂ ਨੂੰ ਪਾਣੀ ਕਿਉਂ ਦਈਏ। ਮੰਗਲਵਾਰ ਵਾਲੇ ਦਿਨ ਬੱਚਿਆਂ ਨੂੰ ਵੀ ਜਿਹੜਾ ਥੋੜ੍ਹਾ ਜਿਹਾ ਪਾਣੀ ਫੌਜੀਆਂ ਨੇ ਦਿੱਤਾ ਸੀ ਉਸ ਵਿੱਚ ਉਹਨਾਂ ਨੇ ਸਿਗਰਟਾਂ ਦਾ ਪਾਣੀ ਘੋਲ ਕੇ ਕਿਹਾ ਕਿ ਇਹ ਤੁਹਾਡੇ ਗੁਰੂ ਦਾ ਪ੍ਰਸ਼ਾਦ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਫੌਜੀਆਂ ਨੇ ਸਿਗਰਟਾਂ ਪੀਤੀਆਂ ਅਤੇ ਸਿਗਰਟਾਂ ਦਾ ਧੂੰਆਂ ਸਿੱਖਾਂ ਵੱਲ ਛੱਡਦੇ ਰਹੇ। ਜਿਹੜਾ ਸਲੂਕ ਫੌਜੀ ਕਾਰਵਾਈ ਦੇ ਨਾਮ 'ਤੇ ਸਿੱਖਾਂ ਨਾਲ ਹੋਇਆ ਉਸਨੇ ਸਿੱਖਾਂ ਦੇ ਹਿਰਦਿਆਂ 'ਤੇ ਭਾਰੀ ਸੱਟ ਮਾਰੀ ਹੈ। ਦਰਬਾਰ ਸਾਹਿਬ ਵਿੱਚੋਂ ਫੜੇ ਯਾਤਰੂ ਜੁਆਨ ਮੁੰਡਿਆਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਬੰਨ੍ਹੇ ਗਏ ਅਤੇ ਉਹਨਾਂ ਦੇ ਕੇਸ ਖੋਲ੍ਹ ਕੇ ਉਹਨਾਂ ਦੀਆਂ ਅੱਖਾਂ ਦੁਆਲੇ ਲਪੇਟ ਕੇ ਉਹਨਾਂ ਨੂੰ ਗਰਮ ਫ਼ਰਸ਼ 'ਤੇ ਗੋਡਿਆਂ ਭਾਰ ਚੱਲਣ ਲਈ ਮਜ਼ਬੂਰ ਕੀਤਾ ਗਿਆ। ਮੁੰਡਿਆਂ ਨੂੰ ਪਿੱਛੋਂ ਬੰਨ੍ਹ ਕੇ ਮੱਥੇ ਵਿੱਚ ਗੋਲੀਆਂ ਮਾਰ ਕੇ ਮਾਰਿਆ ਗਿਆ।
4. ਪਹਿਲੀ ਜੂਨ 1984 ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਸੀ. ਆਰ. ਪੀ. ਨੇ ਗੋਲੀ ਚਲਾਣੀਆਂ ਆਰੰਭ ਕਰ ਦਿੱਤੀ ਸੀ।ਪਹਿਲੀ ਜੂਨ ਫੌਜਾਂ ਦੇ ਆਉਣ ਤੋਂ ਪਹਿਲਾਂ ਸੀ. ਆਰ. ਪੀ. ਵੱਲੋਂ ਹਰਿਮੰਦਰ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੂੰ ਗੋਲੀ ਮਾਰ ਦਿੱਤੀ ਸੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਸੀ। ਸਾਰੀਆਂ ਵਾਰਦਾਤਾਂ ਹੋਣ ਦੇ ਪਿੱਛੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਸਿੱਖ ਅਜਾਇਬ ਘਰ ਮਿੱਥ ਕੇ ਵੈਰ ਭਾਵਨਾ ਨਾਲ ਸਾੜ ਦਿੱਤੇ। 3 ਜੂਨ 1984 ਵਾਲੇ ਦਿਨ ਪੀਲੀਆਂ ਪੱਗਾਂ ਅਤੇ ਕ੍ਰਿਪਾਨਾਂ ਲਾਹੁਣ ਲਈ ਕਿਹਾ ਪਰ ਉਹਨਾਂ ਕ੍ਰਿਪਾਨਾਂ ਲਾਹੁਣ ਤੋਂ ਇਨਕਾਰ ਕਰ ਦਿੱਤਾ, ਉਸ ਵੇਲੇ ਫੌਜੀਆਂ ਨੇ ਉਹਨਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇੱਕ ਨਿਹੰਗ ਸਿੰਘ ਨੂੰ ਗੁਮਟਾਲਾ ਜੇਲ੍ਹ ਦੇ ਲਾਗੇ ਇਸ ਲਈ ਗੋਲੀ ਨਾਲ



ਮਾਰ ਦਿੱਤਾ ਗਿਆ ਕਿਉਂਕਿ ਉਸ ਨੇ ਕ੍ਰਿਪਾਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇੱਕ ਤਿਆਰ ਬਰ ਤਿਆਰ ਸਿੰਘ ਕਿੱਤਿਆਂ (ਅੰਮ੍ਰਿਤਸਰ ਦਾ ਇਕ ਇਲਾਕਾ) ਵਿੱਚ ਆਪਣੇ ਮਕਾਨ ਦੀ ਛੱਤ 'ਤੇ ਖੜ੍ਹਾ ਸੀ।ਉਸ ਨੂੰ ਫੌਜੀਆਂ ਨੇ ਇਸ ਲਈ ਗੋਲੀ ਮਾਰ ਦਿੱਤੀ ਕਿਉਂਕਿ ਉਸ ਨੇ ਪੀਲੀ ਪੱਗ ਬੰਨ੍ਹੀ ਹੋਈ ਸੀ।
5. ਤਿੰਨ ਜੁਲਾਈ ਵਾਲੇ ਦਿਨ ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਦੇ ਡਾਕਟਰ ਕਿਚਲੂ ਵਾਲੇ ਗੋਲ ਚੱਕਰ ਦੇ ਲਾਗੇ ਇੱਕ ਕਾਲੀ ਪੱਗ ਤੇ ਕ੍ਰਿਪਾਨ ਵਾਲਾ 25 ਕੁ ਸਾਲਾਂ ਦੀ ਉਮਰ ਦਾ ਸਿੰਘ ਜਾ ਰਿਹਾ ਸੀ, ਇਸ ਪਾਸੇ ਤੋਂ ਫੌਜੀਆਂ ਦੀ ਜੀਪ ਆ ਗਈ, ਉਸ ਪਾਸੋਂ ਕੁਝ ਨਹੀਂ ਨਿਕਲਿਆ ਸੀ। ਜਿਸ ਵੇਲੇ ਫੌਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚੋਂ ਗ੍ਰਿਫ਼ਤਾਰ ਕਰਨ ਗਏ ਤਾਂ ਇੱਕ ਫੌਜੀ ਸਿਗਰਟ ਪੀ ਰਿਹਾ ਸੀ। ਸਰਦਾਰ ਟੌਹੜਾ ਨੇ ਉਸ ਨੂੰ ਕਿਹਾ ਕਿ ਤੂੰ ਸਿਗਰਟ ਨਾ ਪੀ, ਤਾਂ ਉਸ ਫੌਜੀ ਨੇ ਕਿਹਾ ਕਿ ਚੱਲ ਓਏ ਬੁੱਢੇ ਚੁੱਪ ਕਰ, ਨਹੀਂ ਤਾਂ ਗੋਲੀ ਮਾਰ ਦਿਆਂਗਾ।ਸਰਦਾਰ ਟੌਹੜਾ ਨੇ ਕਿਹਾ ਕਿ ਮੈਂ ਇੱਥੋਂ ਦਾ ਪ੍ਰਧਾਨ ਹਾਂ ਤਾਂ ਫੌਜੀ ਚੁੱਪ ਕਰ ਗਏ।
6. ਸ਼੍ਰੀ ਦਰਬਾਰ ਸਾਹਿਬ ਮੁਕਤਸਰ ਵਿੱਚੋਂ ਸਾਰੇ ਸੇਵਾਦਾਰ ਕੱਢ ਕੇ ਸਰੋਵਰ ਦੀ ਪ੍ਰਕਰਮਾ ਵਿੱਚ ਧੁੱਪ ਵਿੱਚ ਮੂਧੇ ਲੰਮੇ ਪਾਏ ਗਏ, ਜਿਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਉਹਨਾਂ ਵਿੱਚੋਂ ਇੱਕ ਮਰ ਗਿਆ।ਪਿੰਡਾਂ ਵਿੱਚੋਂ ਉਹ ਮੁੰਡੇ ਕੱਢ ਕੇ ਬਾਹਰ ਲਿਆਂਦੇ ਗਏ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਸੀ ਤੇ ਉਨ੍ਹਾਂ ਨੂੰ ਬਹੁਤ ਕੁੱਟਿਆ ਗਿਆ।
7. ਮੈਂ ਇਹ ਕਹਿਣ ਲਈ ਮਜ਼ਬੂਰ ਹਾਂ ਕਿ ਫੌਜ ਨੇ ਇਖ਼ਲਾਕੀ ਗਿਰਾਵਟ ਦਾ ਸਬੂਤ ਦਿੱਤਾ ਹੈ ਤੇ ਵੈਰ ਭਾਵਨਾ ਨਾਲ ਇਸ ਤਰ੍ਹਾਂ ਕਾਰਵਾਈ ਕੀਤੀ ਹੈ ਕਿ ਫੌਜੀ ਐਕਸ਼ਨ ਤੋਂ ਪਿੱਛੋਂ ਪਿੰਡਾਂ ਵਿੱਚ ਨੌਜਵਾਨਾਂ ਨੂੰ ਤੰਗ ਕੀਤਾ ਜਾਂਦਾ ਰਿਹਾ ਹੈ।

ਉਪਰੋਕਤ ਅਸਲੀਅਤ ਤੋਂ ਇਲਾਵਾ ਕੁਝ ਐਸੀਆਂ ਸ਼ਰਮਨਾਕ ਘਟਨਾਵਾਂ ਬਾਰੇ ਜਾਣਕਾਰੀ ਮਿਲੀ ਹੈ ਜਿਨ੍ਹਾਂ ਨੂੰ ਲਿਖਣ ਲਈ ਤਹਿਜ਼ੀਬ ਆਗਿਆ ਨਹੀਂ ਦਿੰਦੀ।

ਮੈਂ ਅਜਿਹੇ ਹਾਲਾਤ ਦੇਖ ਸੁਣ ਕੇ ਸਰਕਾਰ ਨੂੰ ਆਪਣਾ ਰੋਸ ਪ੍ਰਗਟ ਕਰਨ ਲਈ ਆਪਣਾ "ਪਦਮ ਸ਼੍ਰੀ" ਅਵਾਰਡ ਵਾਪਸ ਕਰਦਾ ਹਾਂ।"

{ਸੰਪਾਦਕ, ਪ੍ਰਭਸ਼ਰਨਬੀਰ ਸਿੰਘ, ਸਾਕਾ 84, ਸਿੱਖ ਸਟੂਡੈਂਟਸ ਫੈਡਰੇਸ਼ਨ ਸਾਹਮਣੇ ਪੰਜਾਬੀ ਯੂਨੀਵਰਸਿਟੀ, ਸੁੱਖ ਸਾਗਰ ਕੰਪਲੈਕਸ ਪਟਿਆਲਾ, 2004, ਪੰਨਾ 177}

ਜਿਨ੍ਹਾਂ ਨੇ ਭਗਤ ਜੀ ਨੂੰ ਸਤਿਕਾਰਿਆ ਸੀ, ਉਨ੍ਹਾਂ (ਭਾਰਤ ਸਰਕਾਰ) ਨੂੰ ਵੀ ਮਨੁੱਖਤਾ ਦਾ ਘਾਣ ਕਰਦਿਆਂ ਦੇਖ ਕੇ ਸਰਕਾਰ ਦਾ ਸਤਿਕਾਰ ਪਦਮ ਸ਼੍ਰੀ ਹੀ ਵਾਪਸ ਕਰ ਦਿੱਤਾ ਸੀ। ਅਜਿਹੇ ਫ਼ਰਿਸ਼ਤਿਆਂ ਨੂੰ ਸਮਝਣ ਲਈ ਸਾਡੀ ਅਕਲ ਤਾਂ ਅਲਪਗ (Ignorant) ਹੈ ਪਰ ਗੁਰਬਾਣੀ ਅਜਿਹੇ ਲੋਕਾਂ ਦੇ ਦਿਲ ਦੀ ਅਵਸਥਾ ਦਾ ਬਿਆਨ ਕਰਦੀ ਹੈ।

**ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥**
**ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥**

{ਅੰਗ ੧੯੧}

ਭਗਤ ਪੂਰਨ ਸਿੰਘ ਰੱਬ ਦੀ ਘੜੀ ਹੋਈ ਅਦੁੱਤੀ ਸ਼ਖ਼ਸੀਅਤ ਸੀ। ਆਮ ਮਨੁੱਖ ਦੇ ਅੰਦਰ ਸਤਿਕਾਰ ਦੀ ਬਹੁਤ ਭੁੱਖ ਹੁੰਦੀ ਹੈ। ਉਹ ਆਪਣਾ ਜੱਸ ਕਰਾਉਣ ਲਈ ਕਈ ਤਰ੍ਹਾਂ ਦੇ ਡਰਾਮੇ ਵੀ ਕਰਦੇ ਹਨ। ਭਗਤ ਜੀ ਨੇ ਜਿਨ੍ਹਾਂ ਦੀ ਖ਼ਾਤਰ ਆਪਣਾ ਸਾਰਾ ਜੀਵਨ ਲਾ ਦਿੱਤਾ ਸੀ, ਉਨ੍ਹਾਂ ਵਿੱਚੋਂ ਵੀ ਕਈਆਂ ਨੇ ਸਤਿਕਾਰਨ ਦੀ ਥਾਂ 'ਤੇ ਸਗੋਂ ਦੁਰਕਾਰਿਆ ਹੀ ਸੀ। ਜਿਨ੍ਹਾਂ ਨੂੰ ਆਪਣੇ ਸਮਝਿਆ ਸੀ ਉਨ੍ਹਾਂ ਨੇ ਹੀ ਬਿਗਾਨਿਆਂ ਵਾਂਗ ਹੜਤਾਲਾਂ ਕੀਤੀਆਂ ਸਨ, ਭਗਤ ਜੀ ਨੂੰ ਕਈ ਤਰ੍ਹਾਂ ਦੀਆਂ ਕਾਨੂੰਨੀ ਉਲਝਣਾਂ ਵਿੱਚ ਉਲਝਾਇਆ ਸੀ; ਪਰ ਪ੍ਰਮੇਸ਼ਰ ਦੀ ਤਰਫ਼ਦਾਰੀ ਨੇ ਸੱਚ ਦੀ ਹੀ ਜਿੱਤ ਕਰਵਾਈ ਸੀ।

## ਅਨੋਖੀ ਯਾਦਗਾਰ

ਸਿੱਖ ਕੌਮ, ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ।ਸਿੱਖਾਂ ਨੇ ਬਹੁਤ ਸਾਰੇ ਪਰਉਪਕਾਰੀ ਕੰਮਾਂ ਦੇ ਨਾਲ-ਨਾਲ ਦੇਸ਼ ਦੀ ਅਜ਼ਾਦੀ ਵਿੱਚ ਵੀ ਅਹਿਮ ਰੋਲ ਨਿਭਾਇਆ ਸੀ।ਸਿੱਖ ਕੌਮ ਗਿਣਤੀ ਪੱਖੋਂ ਤਾਂ ਭਾਵੇਂ ਘੱਟ ਗਿਣਤੀ ਕੌਮ ਹੈ ਪਰ ਇਸ ਕੌਮ ਨੇ ਸੰਨ 1947 ਨੂੰ ਗੋਰਿਆਂ ਤੋਂ ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਸਨ।ਵਕਤ ਦੇ ਹਾਕਮਾਂ ਨੇ ਵੀ ਸਿੱਖਾਂ ਨੂੰ ਕਈ ਤਰ੍ਹਾਂ ਦੀਆਂ ਖ਼ਾਸ ਸਹੂਲਤਾਂ ਦੇਣ ਦੇ ਵਾਅਦੇ ਕੀਤੇ ਸਨ, ਪਰ ਮਗਰੋਂ ਹਾਕਮਾਂ ਦੀ ਬਦਨੀਤੀ ਹੋ ਗਈ।ਉਨ੍ਹਾਂ ਨੇ ਆਪਣੇ ਵਾਅਦੇ ਅਨੁਸਾਰ ਖ਼ਾਸ ਰਿਆਇਤਾਂ ਤਾਂ ਕੀ ਦੇਣੀਆਂ ਸਨ ਬਲਕਿ ਸਿੱਖ ਕੌਮ ਨਾਲ ਹਰ ਤਰੀਕੇ ਬੇਇਨਸਾਫ਼ੀ ਕੀਤੀ, ਜਿਸ ਕਰਕੇ ਸਿੱਖ ਕੌਮ ਅੰਦਰ ਇੱਕ ਰੋਸ ਪੈਦਾ ਹੋ ਗਿਆ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਖਾੜਕੂਵਾਦ ਸੰਘਰਸ਼ ਦੇ ਰਾਹ ਪੈ ਗਿਆ।ਇਨ੍ਹਾਂ ਦਿਨਾਂ ਵਿੱਚ ਸਿੱਖ ਕੌਮ ਦੇ ਦਰਵੇਸ਼ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਸਨ। ਇਨ੍ਹਾਂ ਦਾ ਰਾਬਤਾ ਰਾਜੀਵ ਗਾਂਧੀ ਨਾਲ ਹੋਇਆ ਤੇ ਰਾਜੀਵ ਗਾਂਧੀ ਨੇ ਲੌਂਗੋਵਾਲ ਨਾਲ ਕੁਝ ਸ਼ਰਤਾਂ ਮੰਨ ਲੈਣ ਦੇ ਨਾਮ 'ਤੇ 23 ਜੁਲਾਈ 1985 ਨੂੰ ਇੱਕ ਸਮਝੌਤਾ ਕਰ ਲਿਆ।ਇਸ ਸਮਝੌਤੇ ਦਾ 24 ਜੁਲਾਈ 1985 ਨੂੰ ਐਲਾਨ ਵੀ ਕਰ ਦਿੱਤਾ। ਇਹ ਸਮਝੌਤਾ ਸੰਘਰਸ਼ ਕਰ ਰਹੇ ਖਾੜਕੂਆਂ ਨੂੰ ਪ੍ਰਵਾਨ ਨਾ ਹੋਇਆ। ਆਖ਼ਿਰ 20 ਅਗਸਤ



1985 ਨੂੰ ਜ਼ਿਲ੍ਹਾ ਸੰਗਰੂਰ ਪਿੰਡ ਸ਼ੇਰਪੁਰ ਵਿੱਚ ਇੱਕ ਰੈਲੀ ਦੇ ਦੌਰਾਨ ਹਰਚੰਦ ਸਿੰਘ ਲੌਂਗੋਵਾਲ ਨੂੰ ਖਾੜਕੂਆਂ ਨੇ ਗੋਲੀ ਮਾਰ ਦਿੱਤੀ।

'ਸੰਤ ਲੌਂਗੋਵਾਲ ਜੀ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਵਾਲੇ ਵਿਅਕਤੀ ਸਨ। ਸੰਤ ਜੀ ਆਪ ਹੀ ਗੁਰਬਾਣੀ ਦਾ ਰਸਭਿੰਨਾ ਕੀਰਤਨ ਗਾ ਕੇ ਕਰਦੇ ਸਨ । ਜਦ ਉਹ ਕੀਰਤਨ ਵਿੱਚ ਲੀਨ ਹੋ ਜਾਂਦੇ ਸਨ ਤਾਂ ਉਨ੍ਹਾਂ ਨੂੰ ਹੋਰ ਸਭ ਕੁਝ ਭੁੱਲ ਜਾਂਦਾ ਸੀ। ਡਾਕਟਰ ਇੰਦਰਜੀਤ ਕੌਰ ਜੀ ਨੇ ਵੀ ਸੰਤ ਜੀ ਪਾਸੋਂ ਹੀ ਗੁਰਬਾਣੀ ਦਾ ਪਾਠ ਕਰਨ ਦਾ ਅਸਰ ਕਬੂਲ ਕੀਤਾ ਤੇ ਉਹ ਕਈ-ਕਈ ਘੰਟੇ ਲਗਾਤਾਰ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਕਰਦੇ ਹਨ ਤੇ ਇਸ ਬਾਣੀ ਦਾ ਡਾਕਟਰ ਸਾਹਿਬ ਜੀ ਦੇ ਜੀਵਨ 'ਤੇ ਪ੍ਰਤੱਖ ਅਸਰ ਦੇਖਿਆ ਵੀ ਜਾ ਸਕਦਾ ਹੈ। ਸੰਤ ਜੀ ਦਾ ਬਾਕੀ ਸਿੱਖ ਕੌਮ ਵਿੱਚ ਵੀ ਇੱਕ ਨਿਵੇਕਲਾ ਜਿਹਾ ਸਤਿਕਾਰ ਸੀ। ਇਸ ਖ਼ਬਰ ਦੇ ਫੈਲਣ ਨਾਲ ਸੰਗਰੂਰ ਦੇ ਹਸਪਤਾਲ ਲਾਗੇ ਲੋਕਾਂ ਦਾ ਹੜ੍ਹ ਜਿਹਾ ਆ ਗਿਆ ਸੀ। ਡਾਕਟਰ ਇੰਦਰਜੀਤ ਕੌਰ ਜੀ ਤੇ ਭਗਤ ਪੂਰਨ ਸਿੰਘ ਜੀ ਵੀ ਉੱਥੇ ਪਹੁੰਚ ਗਏ ਸਨ। ਡਾਕਟਰ ਇੰਦਰਜੀਤ ਕੌਰ ਤਾਂ ਸੰਤ ਜੀ ਦੇ ਮ੍ਰਿਤਕ ਸਰੀਰ ਦੇ ਬਿਲਕੁਲ ਕੋਲ ਬੈਠੇ ਸਨ ਤੇ ਡਾਕਟਰ ਸਾਹਿਬ ਜੀ ਨੂੰ ਸੰਤ ਜੀ ਨਾਲ ਬਿਤਾਏ ਸਮੇਂ ਦੀਆਂ ਯਾਦਾਂ ਕਰਕੇ ਅੱਖਾਂ ਵਿੱਚੋਂ ਅੱਥਰੂ ਹੜ੍ਹ ਵਾਂਗ ਆਪ ਮੁਹਾਰੇ ਹੀ ਚੱਲੀ ਜਾ ਰਹੇ ਸਨ। ਜਦੋਂ ਸੰਤ ਜੀ ਦੀ ਅਖ਼ਬਾਰ ਵਿੱਚ ਫੋਟੋ ਵੀ ਆਈ ਸੀ ਤਾਂ ਵੀ ਡਾਕਟਰ ਇੰਦਰਜੀਤ ਕੌਰ ਜੀ ਕੋਲ ਹੀ ਨਜ਼ਰ ਆ ਰਹੇ ਸਨ। ਜਦੋਂ ਸੰਤ ਜੀ ਦੀ ਮ੍ਰਿਤਕ ਦੇਹ ਸੰਗਰੂਰ ਤੋਂ ਲੌਂਗੋਵਾਲ ਲਿਜਾਈ ਗਈ ਤਾਂ ਮ੍ਰਿਤਕ ਦੇਹੀ ਵਾਲੀ ਗੱਡੀ ਵਿੱਚ ਹੀ ਭਗਤ ਪੂਰਨ ਸਿੰਘ ਜੀ ਵੀ ਨਾਲ ਹੀ ਗਏ ਸਨ। ਸਸਕਾਰ ਕਰਨ ਮਗਰੋਂ ਭੋਗ ਦੇ ਦਿਨ ਵੀ ਲੋਕਾਂ ਦਾ ਲੱਖਾਂ ਦੀ ਗਿਣਤੀ ਵਿੱਚ ਠਾਠਾਂ ਮਾਰਦਾ ਹੜ੍ਹ ਆਇਆ ਹੋਇਆ ਸੀ। ਭਗਤ ਜੀ ਨੇ ਬੀਬੀ ਇੰਦਰਜੀਤ ਕੌਰ ਜੀ ਨਾਲ ਤੇ ਹੋਰਾਂ ਨਾਲ ਇੱਕ ਵਿਚਾਰ ਕੀਤੀ ਕਿ ਜਿਸ ਨੇ ਆਪਣੀ ਜਾਨ ਇਸ ਤਰ੍ਹਾਂ ਲੇਖੇ ਲਾਈ ਹੋਵੇ ਤਾਂ ਉਸ ਦੀ ਯਾਦਗਾਰ ਬਣਨੀ ਚਾਹੀਦੀ ਹੈ। ਇਹ ਯਾਦਗਾਰ ਵੀ ਆਮ ਕਿਸੇ ਮੂਰਤੀ ਜਾਂ ਬੁੱਤ ਦੇ ਰੂਪ ਵਿੱਚ ਨਹੀਂ ਸਗੋਂ "ਗੁਰੂ ਕੁਲ ਕਾਂਗੜੀ" ਦੇ ਨਮੂਨੇ ਦਾ ਕੋਈ ਗੁਰਮਤਿ ਵਿਦਿਆਲਾ ਹੋਣਾ ਚਾਹੀਦਾ ਹੈ।ਗੁਰਬਾਣੀ ਕੀਰਤਨ ਭਵਨ ਬਣਾਉਣਾ ਚਾਹੀਦਾ ਹੈ।'

{ਸੰਪਾ: ਸਤਿੰਦਰ ਕੌਰ ਸ਼ੇਰਗਿੱਲ, ਕਲਮ ਦੇ ਰੰਗ, ਫੌਂਟ ਪਬਲਿਸ਼ਰਜ਼ ਪਟਿਆਲਾ, 2016, ਪੰਨੇ 53-55}।

ਭਗਤ ਪੂਰਨ ਸਿੰਘ ਜੀ ਦੀ ਵਿਲੱਖਣ ਸੋਚ ਹਰ ਗੱਲ ਦਾ ਉਹ ਨਿਰਣਾ ਕਰਦੀ ਸੀ ਜਿਸ ਨਾਲ ਸੰਸਾਰ ਦੀ ਬਗ਼ੀਚੀ ਸਦਾ ਸ਼ੁੱਭ ਗੁਣਾਂ ਨਾਲ ਟਹਿਕਦੀ ਰਹੇ।ਭਗਤ ਜੀ ਦੀ ਇਸ ਗੱਲ ਨੂੰ ਵੀ ਉਸ ਵਕਤ ਦੇ ਖਾੜਕੂਵਾਦ ਨੇ ਚੰਗਾ ਨਹੀਂ ਸਮਝਿਆ ਸੀ, ਪਰ ਜਦੋਂ ਵਿਚਾਰ ਹੋਈ ਤਾਂ ਭਗਤ ਜੀ ਦੀਆਂ ਨਿਡਰ

ਤੇ ਨਿਰਪੱਖ ਗੱਲਾਂ ਨੇ ਸਭ ਨੂੰ ਚੁੱਪ ਕਰਵਾ ਦਿੱਤਾ ਸੀ। ਭਗਤ ਜੀ ਦੀ ਸੋਚ ਨੂੰ ਆਖ਼ਿਰ ਰੰਗ ਲੱਗਾ 'ਤੇ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜ਼ੀ' ਸਥਾਪਿਤ ਹੋ ਗਿਆ ਹੈ।

**ਭਗਤ ਜੀ ਬਿਮਾਰ**

ਭਗਤ ਜੀ, ਆਪਣਿਆਂ ਵੱਲੋਂ ਹੀ ਖਿਲਾਰੇ ਕੰਡਿਆਂ ਨੂੰ ਲਿਤਾੜ ਕੇ ਤੇ ਦੂਜਿਆਂ ਦੇ ਰਾਹਾਂ ਦੇ ਕੰਡਿਆਂ ਨੂੰ ਚੁੱਗਦੇ ਰਹੇ। ਅਨਾਥਾਂ ਦਾ ਨਾਥ ਬਣ ਕੇ ਮਜ਼ਬੂਰੀ ਦੇ ਅੱਥਰੂਆਂ ਨੂੰ ਪੂੰਝਦੇ ਰਹੇ। ਆਪਣੇ ਹੱਥਾਂ ਨਾਲ ਅਪਾਹਿਜਾਂ ਦੇ ਮਲ-ਮੂਤਰ ਸਾਫ਼ ਕਰਦਿਆਂ, ਕਦੇ ਸਾਦੇ ਜਿਹੇ ਕਾਗ਼ਜ਼ਾਂ 'ਤੇ ਕੀਮਤੀ ਗੱਲਾਂ ਲਿਖ-ਲਿਖ ਕੇ ਵੰਡਦਿਆਂ ਹੋਇਆਂ, ਸਿਰੜੀ ਇਰਾਦੇ ਨਾਲ ਮੰਗ-ਮੰਗ ਕੇ ਭੁੱਖਿਆਂ ਦੇ ਪੇਟ ਭਰਦੇ ਰਹੇ। ਬੇਵੱਸ ਔਰਤਾਂ ਦੇ ਇਲਾਜ ਕਰਵਾਉਂਦਿਆਂ ਤੇ ਉਨ੍ਹਾਂ ਨੂੰ ਦਰਿੰਦਿਆਂ ਦੇ ਵਿਕਾਰੀ ਪੰਜਿਆਂ ਤੋਂ ਛੁਡਵਾਉਂਦਿਆਂ, ਪਿੰਗਲਵਾੜਾ ਬਣਾਉਂਦਿਆਂ ਹੋਇਆਂ ਜ਼ਿੰਦਗੀ ਨੇ 88 ਸਾਲ ਪੂਰੇ ਕਰ ਲਏ ਸਨ। 'ਦਿਨ ਰਾਤ ਦੀ ਸਖ਼ਤ ਮਿਹਨਤ ਕਰਨ ਕਰਕੇ, ਕੁਝ ਧੋਖੇ ਧੜਿਆਂ ਕਾਰਨ ਵੀ ਭਗਤ ਜੀ 20 ਜੂਨ 1992 ਨੂੰ ਸਖ਼ਤ ਬਿਮਾਰ ਹੋ ਗਏ। ਇਨ੍ਹਾਂ ਨੂੰ ਵਰਿਆਮ ਸਿੰਘ ਨਰਸਿੰਗ ਹੋਮ ਅੰਮ੍ਰਿਤਸਰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਭਗਤ ਜੀ ਦਾ 23 ਜੂਨ 1992 ਨੂੰ ਓਪ੍ਰੇਸ਼ਨ ਕੀਤਾ ਗਿਆ। ਓਪ੍ਰੇਸ਼ਨ ਤਾਂ ਸਫਲ ਹੋ ਗਿਆ ਸੀ ਤੇ ਸਾਰਿਆਂ ਦੇ ਚਿਹਰਿਆਂ ਤੇ ਗੁਆਚੀ ਹੋਈ ਰੌਣਕ ਮੁੜ ਆਈ ਸੀ। ਭਗਤ ਜੀ ਦਾ ਪਤਾ ਲੈਣ ਵਾਸਤੇ ਉਸ ਵਕਤ ਦਾ ਮੁੱਖ-ਮੰਤਰੀ ਬੇਅੰਤ ਸਿੰਘ ਵੀ ਆਇਆ। ਜਦੋਂ ਉਸ ਨੇ ਭਗਤ ਜੀ ਬਾਰੇ ਖ਼ਬਰਸਾਰ ਪੁੱਛੀ ਤਾਂ ਹੈਰਾਨੀ ਦੀ ਗੱਲ ਹੈ ਕਿ ਭਗਤ ਜੀ ਨੇ ਆਪਣੇ ਬਾਰੇ ਤਾਂ ਕੁਝ ਵੀ ਨਾ ਦੱਸਿਆ; ਪਰ ਇਹ ਬੇਨਤੀ ਕੀਤੀ ਕਿ ਤੁਹਾਡੀ ਸਰਕਾਰ ਰੁੱਖ ਲਾਉਣ ਬਾਰੇ ਕੀ ਕਰ ਰਹੀ ਹੈ। ਦੂਜੀ ਗੱਲ ਕਹੀ ਸੀ ਕਿ ਮਾਨਸਿਕ ਰੋਗੀਆਂ ਦੇ ਹਸਪਤਾਲ ਵਿੱਚ ਮਰੀਜ਼ਾਂ ਲਈ ਖਾਣੇ ਦਾ ਬਜਟ ਬਹੁਤ ਘੱਟ ਹੈ ਤੇ ਇਸਨੂੰ ਵਧਾਇਆ ਜਾਵੇ। ਅਨਾਥ ਲੋਕਾਂ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ। ਉਨ੍ਹਾਂ ਦਾ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਇਹ ਕਿਸੇ ਦੇ ਰਹਿਮੋ ਕਰਮ 'ਤੇ ਨਾ ਪਲਦੇ ਹੋਣ।

ਸਾਰੇ ਹੀ ਹੈਰਾਨ ਸਨ ਕਿ ਦਰਦਾਂ ਭਰੇ ਮਾਹੌਲ ਵਿੱਚ ਵੀ ਭਗਤ ਜੀ ਨੂੰ ਆਪਣਾ ਦਰਦ ਨਹੀਂ ਸਗੋਂ ਮਨੁੱਖਤਾ ਦਾ ਤੇ ਇਨ੍ਹਾਂ ਰੋਗੀਆਂ ਦੇ ਦਰਦ ਦਾ ਅਹਿਸਾਸ ਸੀ। ਮਾਨਵ ਪਿੰਜਰ ਵਿੱਚ ਦਿਲ ਤਾਂ ਸਾਰਿਆਂ ਦੇ ਹੁੰਦਾ ਹੈ ਪਰ ਹਰ ਦਿਲ ਵਿੱਚ ਮਨੁੱਖਤਾ ਲਈ ਪਿਆਰ ਤੇ ਦਰਦ ਨਹੀਂ ਹੁੰਦਾ। ਅਜਿਹੇ ਰੱਬੀ ਬਖ਼ਸ਼ਿਸ਼ਾਂ ਨਾਲ ਨਿਵਾਜ਼ੇ ਵਿਰਲੇ ਹੀ ਦਰਵੇਸ਼ ਤੇ ਨੇਕ ਦਿਲ ਹੁੰਦੇ ਹਨ।



**ਡਾ: ਇੰਦਰਜੀਤ ਕੌਰ ਜੀ ਮੁੱਖੀ**

ਭਗਤ ਜੀ ਨੇ ਜਿਹੜਾ ਆਪਣਿਆਂ ਦੇ ਹੀ ਸਤਾਉਣ ਦਾ ਸਬਕ ਸਿੱਖਿਆ ਸੀ ਉਸ ਦਾ ਹੱਲ ਇਹ ਕੱਢਿਆ ਕਿ ਉਨ੍ਹਾਂ ਨੇ ਆਪਣੇ ਜਿਊਂਦੇ ਜੀ 31 ਅਗਸਤ 1986 ਨੂੰ ਹੀ ਪੱਕੀ ਰਜਿ: ਵਿੱਲ ਕਰਵਾ ਦਿੱਤੀ। ਭਗਤ ਜੀ ਨੇ ਡਾਕਟਰ ਇੰਦਰਜੀਤ ਕੌਰ ਨੂੰ ਪਹਿਲਾਂ ਹੀ ਸਾਰੀ ਜ਼ਿੰਮੇਵਾਰੀ ਸੰਭਾਲ ਦਿੱਤੀ ਸੀ।ਇਸ ਵਿੱਚ ਉਨ੍ਹਾਂ ਨੇ ਬੀਬੀ ਇੰਦਰਜੀਤ ਕੌਰ ਨੂੰ ਮੁਖੀ ਥਾਪ ਦਿੱਤਾ ਸੀ—

ਇਹ ਪਿੰਗਲਵਾੜਾ ਅੱਜ ਸਾਰਾ ਮੈਂ ਆਪ ਦੇ ਹਵਾਲੇ ਕਰ ਚੱਲਿਆਂ।
ਅਮਾਨਤ ਹੈ ਜੋ ਦੁਖੀਆਂ ਦੀ ਤੁਹਾਡੇ ਕੋਲ ਧਰ ਚੱਲਿਆਂ।
ਜੋ ਸੇਵਾ ਕਰਦੇ ਅਪਾਹਿਜਾਂ ਦੀ ਰਹਿ ਜਾਂਦੀ ਅਮਰ ਕਾਹਣੀ ਏ।
ਐ ਡਾਕਟਰ ਇੰਦਰਜੀਤ ਕੌਰ ਜੀ ਹੁਣ ਸੇਵਾ ਤੁਸੀਂ ਨਿਭਾਉਣੀ ਏ।
ਜੋ ਮੈਥੋਂ ਰਹਿ ਗਈ ਏ ਸੇਵਾ ਉਹ ਤੁਸਾਂ ਨੇ ਸਿਰੇ ਚੜ੍ਹਾਉਣੀ ਏ।
ਇੱਕ ਗੱਲ ਪੱਲੇ ਬੰਨ੍ਹ ਲੈਣੀ ਕਿ ਸਭ ਨਾਲ ਪਿਆਰ ਹੈ ਕਰਨਾ।
ਹੈ ਬਣਨਾ ਬੇਆਸਰਿਆਂ ਦਾ ਆਸਰਾ ਐਨਾ ਉਪਕਾਰ ਹੈ ਕਰਨਾ।
ਮੈਨੂੰ ਹੁਣ ਆ ਗਿਆ ਬੁਲਾਵਾ ਤਾਹੀਓਂ ਗੱਲ ਪਈ ਦੁਹਰਾਉਣੀ ਏ।
ਐ ਡਾਕਟਰ ਇੰਦਰਜੀਤ ਕੌਰ ਜੀ ਹੁਣ ਸੇਵਾ ਤੁਸੀਂ ਨਿਭਾਉਣੀ ਏ।
ਜੋ ਮੈਥੋਂ ਰਹਿ ਗਈ ਏ ਸੇਵਾ ਉਹ ਤੁਸਾਂ ਨੇ ਸਿਰੇ ਚੜ੍ਹਾਉਣੀ ਏ।

{ਦਲੀਪ ਸਿੰਘ ਦੀਪ, ਹੀਰਾ ਬੇ ਮਿਸਾਲ ਏ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2002), ਪੰਨਾ 35}।

ਭਗਤ ਜੀ ਨੇ ਇੱਕ ਹੋਰ ਵੀ ਬਹੁਤ ਵਧੀਆ ਕਾਰਜ ਕੀਤਾ ਕਿ ਪ੍ਰਧਾਨ ਨੂੰ ਕੋਈ ਤਬਦੀਲ ਨਹੀਂ ਕਰ ਸਕਦਾ। ਇਹ ਸੰਵਿਧਾਨ ਵਿੱਚ ਪੱਕਾ ਹੀ ਪਾ ਦਿੱਤਾ ਕਿ ਪ੍ਰਧਾਨ ਸਾਰੀ ਜ਼ਿੰਦਗੀ ਲਈ ਮੁਖੀ ਹੋਵੇਗਾ।

**ਜਾਇ ਸੁਤੇ ਜੀਰਾਣਿ**

'ਭਗਤ ਜੀ ਦੀ ਸਿਹਤ ਮੁੜ ਕੇ ਫਿਰ ਖ਼ਰਾਬ ਹੋ ਗਈ। ਉਨ੍ਹਾਂ ਨੂੰ ਜਲਦੀ ਨਾਲ ਪ੍ਰਬੰਧ ਕਰਕੇ ਜਹਾਜ਼ ਰਾਹੀਂ ਅੰਮ੍ਰਿਤਸਰ ਤੋਂ ਚੰਡੀਗੜ੍ਹ ਪੀ. ਜੀ. ਆਈ. ਤਬਦੀਲ ਕੀਤਾ ਗਿਆ। ਇੱਥੇ ਇੱਕ ਹੋਰ ਓਪਰੇਸ਼ਨ ਕੀਤਾ ਗਿਆ, ਪਰ ਇਸ ਦੇ ਨਾਲ ਹੀ ਫੇਫੜੇ ਅਤੇ ਦਿਲ ਦੀ ਤਕਲੀਫ਼ ਹੋਰ ਹੋ ਗਈ। ਡਾਕਟਰ ਇੰਦਰਜੀਤ ਕੌਰ ਅਤੇ ਹੋਰ ਭਗਤ ਜੀ ਦੇ ਸਨੇਹੀਆਂ ਅਤੇ ਡਾਕਟਰਾਂ ਨੇ ਹਰ ਤਰ੍ਹਾਂ ਦੀ ਵਾਹ ਲਾਈ ਸੀ ਕਿ ਮੌਤ ਦਾ ਠੂਠਾ ਖ਼ਾਲੀ ਮੋੜਿਆ ਜਾ ਸਕੇ। ਸੰਸਾਰ ਕਰਤੇ ਦੇ ਨਿਯਮਾਂ ਅਨੁਸਾਰ ਹੀ ਚੱਲਦਾ ਹੈ।ਆਖਿਰ 5 ਅਗਸਤ 1992 ਨੂੰ ਲੱਖਾਂ ਹੀ ਦੁੱਖੀ ਲੋਕਾਂ ਦਾ ਮਸੀਹਾ ਇਨਸਾਨੀਅਤ ਜਾਮੇ ਵਿੱਚ ਦੇਵਤਾ, ਗੁਰਬਾਣੀ ਦਾ ਘੜਿਆ ਹੋਇਆ ਸਚਿਆਰਾ ਭਗਤ ਸਦੀਵੀ ਵਿਛੋੜਾ ਦੇ ਗਇਆ ।'

{ਮੁਖਤਾਰ ਸਿੰਘ ਗੁਰਾਇਆ, ਪਿੰਗਲਵਾੜੇ ਦੀ ਗਾਥਾ ਵਿੱਚੋਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2016), ਪੰਨਾ 51}।

**ਮਹਾਂ ਮਾਨਵ ਮਹਾਨ ਮਨੁੱਖ ਜਾ, ਜੱਗ ਤੋਂ ਰੁਖ਼ਸਤ ਹੋਇਆ।**
**ਪਿੰਗਲੇ ਪਾਗਲ ਬਿਨ ਸੁਧ ਬੁੱਧ ਜੋ, ਹਰ ਕੋਈ ਫੁੱਟ ਫੁੱਟ ਰੋਇਆ।**
**ਪਿਆਰਾ ਸਿੰਘ ਦੇ ਭਾਅ ਦਾ ਜਾਪੇ, ਜਿਉਂ ਜੱਗ ਸੁੰਞਾ ਹੋਇਆ।**
**ਸਾਰੀ ਤੜਫ ਲੋਕਾਈ ਉੱਠੀ, ਜਦ ਓਹ ਮਸੀਹਾ ਮੋਇਆ।**

{ਮਾਸਟਰ ਸੇਵਾ ਸਿੰਘ ਸੋਹੀਆਂ ਖੁਰਦ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2008), ਪੰਨਾ 43}।

ਭਗਤ ਜੀ ਦੇ ਚਲਾਣੇ ਦੀ ਖ਼ਬਰ ਸਾਰੇ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਜਿਸ ਨੂੰ ਜਿਸ ਤਰ੍ਹਾਂ ਦਾ ਸਾਧਨ ਮਿਲਿਆ ਉਹ ਪ੍ਰਬੰਧ ਕਰਕੇ ਅੰਮ੍ਰਿਤਸਰ ਸਾਹਿਬ ਪਹੁੰਚਿਆ ਸੀ। ਜਿਹੜੇ ਸੰਸਾਰ ਵਿੱਚ ਦੂਰ ਪਾਰ ਵਿਦੇਸ਼ਾਂ ਵਿੱਚ ਬੈਠੇ ਸਨ, ਉਨ੍ਹਾਂ ਨੇ ਵੀ ਦਿਲ ਦੇ ਹਉਕਿਆਂ ਨਾਲ ਮਾਨੋ ਇਹ ਅਹਿਸਾਸ ਕੀਤਾ ਸੀ ਕਿ ਅੱਜ ਇੱਕ ਦਰਵੇਸ਼ ਸੰਸਾਰ ਦੀ ਨਗਰੀ ਨੂੰ ਖ਼ਾਲੀ ਕਰ ਚੱਲਿਆ ਹੈ।

ਸ਼ਾਇਦ ਹੀ ਕਿਸੇ ਨੂੰ ਐਨੀ ਹੰਝੂਆਂ ਭਰੀ ਵਿਦਾਇਗੀ ਮਿਲੀ ਹੋਵੇ ਜਿੰਨੀ ਭਗਤ ਪੂਰਨ ਸਿੰਘ ਜੀ ਨੂੰ ਮਿਲੀ ਸੀ। ਭਗਤ ਜੀ ਦੇ ਜੀਵਨ ਨੇ ਗੁਰਬਾਣੀ ਦੇ ਕਈ ਸ਼ਬਦਾਂ ਦੀ ਵਿਆਖਿਆ ਮਾਨੋ ਆਪਣੇ ਜੀਵਨ ਦੇ ਕਰਤੱਵਾਂ ਨਾਲ ਕੀਤੀ ਸੀ।ਸੰਸਾਰ ਤੋਂ ਜਾਣ ਲੱਗਿਆਂ ਵੀ ਉਨ੍ਹਾਂ ਨੇ ਆਪਣੀਆਂ ਤਕਲੀਫ਼ਾਂ ਦੀ ਹਾਲ ਦੁਹਾਈ ਕਰਨ ਦੀ ਥਾਂ 'ਤੇ ਸਗੋਂ ਰੱਬੀ ਪਿਆਰ ਵਿੱਚ ਸੁਆਸਾਂ ਦਾ ਤਿਆਗ ਕੀਤਾ ਸੀ।

**ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥**
**ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥**
**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥**
**ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥**
**ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥**
**ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥**
**ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥੩॥**
**ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥**
**ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥**

{ਅੰਗ ੧੦੦੦}

ਭਗਤ ਪੂਰਨ ਸਿੰਘ ਜੀ ਆਪਣੇ ਆਪ ਨੂੰ ਹਮੇਸ਼ਾਂ ਹੀ ਗੁਰੂ ਘਰ ਦਾ ਸੇਵਾਦਾਰ ਕਹਿੰਦੇ ਹੁੰਦੇ ਸਨ। ਇੱਕ ਵਾਰੀ ਤਾਂ ਡਾ: ਇੰਦਰਜੀਤ ਕੌਰ ਨਾਲ ਆਪਣੀ ਦਿਲ ਦੀ ਗੱਲ ਸਾਂਝੀ ਕਰਦਿਆਂ ਇੱਥੋਂ ਤਕ ਵੀ ਕਹਿ ਦਿੱਤਾ ਸੀ ਕਿ ਮੇਰੇ ਤਾਂ ਦਿਲ ਦੀ ਰੀਝ ਹੈ ਕਿ ਜਦੋਂ ਮੈਂ ਇਸ ਦੁਨੀਆਂ ਤੋਂ ਜਾਵਾਂ ਤਾਂ ਮੇਰੀ



ਅਰਥੀ ਨੂੰ ਦਰਬਾਰ ਸਾਹਿਬ ਹੀ ਲਿਆਂਦਾ ਜਾਵੇ ਤੇ ਮੇਰੀ ਅਰਥੀ ਦੇ ਨਾਲ ਹੀ ਇੱਕ ਝਾੜੂ ਰੱਖ ਦਿੱਤਾ ਜਾਵੇ ਤਾਂ ਕਿ ਦੁਨੀਆਂ ਨੂੰ ਇਹ ਸੁਨੇਹਾ ਮਿਲੇ ਕਿ ਸ੍ਰੀ ਦਰਬਾਰ ਸਾਹਿਬ ਜੀ ਦਾ ਝਾੜੂ ਬਰਦਾਰ ਦੁਨੀਆਂ ਤੋਂ ਜਾ ਰਿਹਾ ਹੈ।

{ਡਾ:ਇੰਦਰਜੀਤ ਕੌਰ, ਪਿਆਰ ਦੀਆਂ ਤੰਦਾਂ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2014), ਪੰਨਾ 183}।

## ਭਗਤ ਪੂਰਨ ਸਿੰਘ ਜੀ ਦੀ ਸ਼ਖ਼ਸੀਅਤ

ਆਮ ਨਜ਼ਰਾਂ ਵਿੱਚ ਦੁੱਖ ਨੂੰ ਹਮੇਸ਼ਾਂ ਮਾੜਾ ਹੀ ਗਿਣਿਆ ਗਿਆ ਹੈ ਪਰ ਗੁਰਮਤਿ ਨੇ ਇਸ ਨੂੰ ਦਾਤਾਰ ਦੀ ਦਾਤ ਆਖਿਆ ਹੈ। ਇਸ ਕਰਕੇ ਹੀ ਦੁੱਖ ਦਾਰੂ ਬਣ ਜਾਂਦੇ ਹਨ ਤੇ ਦੁੱਖਾਂ ਦੀ ਘਾੜਤ ਨਾਲ ਹੀ ਕਿਸੇ ਦੀ ਸ਼ਖ਼ਸੀਅਤ ਦੀ ਘਾੜਤ ਘੜੀ ਜਾਂਦੀ ਹੈ। ਅਮੀਰ ਮਾਪਿਆਂ ਦੀ ਲਾਡਲੀ ਮਹਿਤਾਬ ਕੌਰ ਚੰਗੇ ਘਰ ਵਿੱਚ ਵਿਆਹੀ ਗਈ ਸੀ। ਵਿਆਹੀ ਹੋਣ ਦੇ ਬਾਵਜੂਦ ਵੀ ਉਸ ਨੂੰ ਸੁਹਾਗਣਾਂ ਵਾਲਾ ਜੀਵਨ ਨਹੀਂ ਮਿਲਿਆ ਸੀ। ਪਤੀ ਸਖ਼ਤ ਬਿਮਾਰ ਸੀ ਇਸ ਕਰਕੇ ਮਿਲਾਪ ਦੀ ਥਾਂ 'ਤੇ ਸਗੋਂ ਵਿਛੋੜੇ ਦਾ ਦੁੱਖ ਪੱਲੇ ਪੈ ਗਿਆ ਸੀ। ਮੁੜ ਰਾਜੇਵਾਲ ਵਿੱਚ ਹੀ ਸੇਠ ਸ਼ਿੱਬੂ ਮੱਲ ਦੇ ਘਰ ਜਾ ਕੇ ਵੀ ਸੇਠਾਣੀ ਤਾਂ ਨਾ ਬਣ ਸਕੀ, ਪਰ ਮਾਂ ਬਣ ਗਈ ਸੀ। ਇੱਕ ਪੁੱਤਰ ਨੂੰ ਜਨਮ ਦਿੱਤਾ ਤੇ ਨਾਮ ਰਾਮ ਜੀ ਦਾਸ ਰੱਖਿਆ ਗਿਆ ਸੀ ਪਰ ਉਹ ਵੀ ਸੁੱਖਾਂ ਦੇ ਪਘੂੰੜਿਆਂ ਨੂੰ ਲੰਮਾ ਸਮਾਂ ਨਾ ਮਾਣ ਸਕਿਆ ਸਗੋਂ ਮੀਂਹ ਨਾ ਪੈਣ ਕਰਕੇ ਪਏ ਹੋਏ ਕਾਲ ਨੇ ਅਜਿਹਾ ਘਾਟਾ ਪਾਇਆ ਕਿ ਰਾਮਜੀ ਦਾਸ ਦਾ ਰਿਸ਼ਤਾ ਵੀ ਦੁੱਖਾਂ ਵਾਲਾ ਹੀ ਬਣ ਗਿਆ ਸੀ। ਮਾਂ ਨੇ (ਮਾਨੋ ਅੱਥਰੂਆਂ ਦਾ) ਪਾਣੀ ਭਾਂਡਿਆਂ ਵਿੱਚ ਪਾ ਕੇ ਪਸ਼ੂ ਪੰਛੀਆਂ ਨੂੰ ਪਿਲਾਉਣਾ ਸ਼ੁਰੂ ਕਰ ਦਿੱਤਾ ਸੀ। ਸਖ਼ਤ ਮਿਹਨਤ ਨਾਲ ਲੋਕਾਂ ਦੇ ਘਰ ਨੌਕਰੀਆਂ ਕਰਕੇ ਵੀ ਆਪਣੇ ਪੁੱਤਰ ਦੀ ਝੋਲੀ ਸ਼ੁੱਭ ਗੁਣਾਂ ਨਾਲ ਭਰ ਦਿੱਤੀ ਸੀ। ਪਰਿਵਾਰਕ ਮਾਹੌਲ ਵਿੱਚੋਂ ਮਿਲੇ ਧਾਰਮਿਕ ਸੰਸਕਾਰਾਂ ਕਰਕੇ, ਜਦੋਂ ਧਰਮ ਦੇ ਬੂਹੇ ਜਾ ਕੇ ਧਰਮ ਦੀ ਅਸਲੀਅਤ ਨੂੰ ਦੇਖਣਾ ਚਾਹਿਆ ਤਾਂ ਦਿਖਾਵੇ ਦੇ ਧਰਮ ਨੇ ਤਸੱਲੀ ਨਾ ਕਰਵਾਈ। ਮੰਦਰਾਂ ਬਾਰੇ ਕਈ ਕੁਝ ਕਿਹਾ ਗਿਆ ਸੀ ਪਰ ਸੱਚ ਨਜ਼ਰ ਨਾ ਆਇਆ। ਸਿੱਖ ਧਰਮ ਵਿੱਚ ਸ਼ੁੱਭ ਅਮਲਾਂ ਨੇ ਆਪਣੇ ਪਾਸੇ ਵੱਲ ਖਿੱਚ ਲਿਆ।ਇੱਥੋਂ ਮਾਂ ਦੀ ਸਿੱਖਿਆ ਅਤੇ ਗੁਰੂ ਘਰ ਦੀ ਪ੍ਰੇਰਨਾ ਨੇ ਸੇਵਾ ਵਾਲਾ ਪੱਖ ਭਾਰੂ ਕਰ ਦਿੱਤਾ। ਲੋਕੀਂ ਪਵਿੱਤਰ ਹੋਣ ਲਈ ਕਈ ਤਰ੍ਹਾਂ ਦੇ ਤੀਰਥੀਂ ਇਸ਼ਨਾਨਾਂ ਵਾਲੇ ਕਰਮਕਾਂਡ ਕਰਦੇ ਹਨ ਪਰ ਭਗਤ ਜੀ ਨੇ ਤਾਂ ਦੁੱਖੀਆਂ ਦੇ ਮਲ-ਮੂਤਰ ਸਾਫ਼ ਕਰਕੇ ਆਪਣੇ ਆਪ ਨੂੰ ਪਵਿੱਤਰ ਕਰ ਲਿਆ ਸੀ। ਲੋਕ ਕਈ ਤਰ੍ਹਾਂ ਦੀ ਧਰਮੀ ਕਿਰਿਆ ਕਰਮ ਕਰਦੇ ਹਨ, ਕੋਈ ਪੂਜਾ ਪਾਠ ਕਰਦਾ ਹੈ, ਕੋਈ ਭੋਰਿਆਂ ਵਿੱਚ ਬੈਠਦਾ ਹੈ, ਕੋਈ ਇਕਾਂਤਵਾਸੀ ਹੋ ਜਾਂਦਾ ਹੈ ਤਾਂ ਕਿ ਮੈਨੂੰ ਕਿਸੇ ਦੀ ਅਵਾਜ਼ ਨਾ ਸੁਣੇ ਤੇ ਮੈਂ ਆਪਣੇ ਮਨ ਨੂੰ ਇਕਾਗਰ ਕਰ ਸਕਾਂ।

ਇਨ੍ਹਾਂ ਨੇ ਤਾਂ ਦੁੱਖੀ ਲੋਕਾਂ ਦੀ ਹਾਲ ਦੁਹਾਈ ਸੁਣ ਕੇ ਉਨ੍ਹਾਂ ਦੀ ਸੇਵਾ ਕਰਕੇ, ਇਹੋ ਹੀ ਨਿਤਨੇਮ ਤੇ ਭਗਤੀ ਕੀਤੀ ਸੀ ਤੇ ਇਸ ਨਿਤਨੇਮ ਨੇ ਹੀ ਉਨ੍ਹਾਂ ਨੂੰ ਉੱਜਲੇ ਮੁੱਖ ਵਾਲੇ ਬਣਾ ਦਿੱਤਾ ਸੀ। ਇਸ ਨਾਲ ਹੀ ਉਹ ਕੇਤੀ ਛੁਟੀ ਨਾਲਿ ਵਾਲੀ ਘਾਲਣਾ ਘਾਲਦੇ ਸਨ। ਗੁਰੂ ਘਰ ਦੇ ਪਿਆਰ ਨੇ ਰਾਮਜੀ ਦਾਸ ਨੂੰ ਪੂਰਨ ਸਿੰਘ ਬਣਾ ਦਿੱਤਾ ਸੀ।

ਭਗਤ ਜੀ ਨੇ ਸਾਦਗੀ ਦੇ ਬਾਣੇ ਵਿੱਚ ਹੀ ਪ੍ਰਭੂ ਪ੍ਰੀਤ ਦੀਆਂ ਲੋਰੀਆਂ ਦਾ ਅਨੰਦ ਮਾਣ ਲਿਆ ਸੀ। ਗ਼ਰੀਬੀ ਨੇ ਲੋਕਾਂ ਦੇ ਦਿਲਾਂ ਦਾ ਰਾਜਾ ਬਣਾ ਦਿੱਤਾ ਸੀ। ਮੋਹ ਮਮਤਾ, ਆਪਣਿਆਂ ਦੇ ਚੌਗਿਰਦੇ ਵਿੱਚੋਂ ਅਜ਼ਾਦ ਹੋ ਕੇ ਹੋਰਾਂ ਦੇ ਦੁੱਖ ਦਰਦ ਜਾਣਨ ਪਹਿਚਾਣਨ ਲੱਗ ਪਈ ਸੀ। ਉਨ੍ਹਾਂ ਨੇ ਰੁੱਖਾਂ ਅਤੇ ਦੁੱਖਾਂ ਦੀ ਭਾਸ਼ਾ ਨੂੰ ਸਮਝ ਲਿਆ ਸੀ। ਜਦੋਂ ਮਨੁੱਖ ਚੰਗੇ ਕੰਮ ਕਰਦਾ ਹੈ ਤਾਂ ਉਸ ਨੂੰ ਤੋਹਫ਼ੇ ਮਿਲਦੇ ਹਨ। ਇਸ ਤਰ੍ਹਾਂ ਹੀ ਪੂਰਨ ਸਿੰਘ ਨੂੰ ਭਗਤ ਬਣਾਉਣ ਲਈ ਕੁਦਰਤ ਨੇ ਉਸ ਨੂੰ ਗੁਰੂ ਘਰ ਵਿੱਚੋਂ ਹੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਇੱਕ ਪਿੰਗਲੇ ਦਾ ਤੋਹਫ਼ਾ ਦਿੱਤਾ ਸੀ।ਪੂਰਨ ਸਿੰਘ ਇਸ ਪਿੰਗਲੇ ਦੀ ਸਵਾਰੀ ਬਣ ਗਿਆ ਸੀ ਤੇ ਉਸ ਦਾ ਨਾਮ ਵੀ ਉਨਾਂ ਨੇ ਪਿਆਰਾ ਸਿੰਘ ਰੱਖ ਦਿੱਤਾ ਸੀ।

ਇਸ ਪਿਆਰੇ ਦੇ ਪਿਆਰ ਵਿੱਚੋਂ ਹੀ ਨਿਕਲਿਆ ਹੋਇਆ ਪਿੰਗਲਵਾੜਾ ਹੈ।ਦੇਸ਼ ਦੀ ਵੰਡ ਵੇਲੇ ਕੋਈ ਧਨ ਦੌਲਤ, ਕੋਈ ਆਪਣੇ ਰਿਸ਼ਤੇਦਾਰਾਂ ਨੂੰ, ਕੋਈ ਧੀਆਂ ਪੁੱਤਰਾਂ ਨੂੰ ਨਾਲ ਲਿਆ ਰਿਹਾ ਸੀ ਪਰ ਭਗਤ ਪੂਰਨ ਸਿੰਘ ਜੀ ਆਪਣੀ ਪਿੱਠ 'ਤੇ ਪਿਆਰੇ ਨੂੰ ਚੁੱਕ ਕੇ ਤੇ ਆਪਣੇ ਬੋਝੇ 'ਚ ਇਕ ਰੁਪਿਆ ਪੰਜ ਆਨੇ ਪਾ ਕੇ ਪਾਕਿਸਤਾਨ ਤੋਂ ਭਾਰਤ ਆ ਗਏ ਸਨ।ਇਨ੍ਹਾਂ ਦੀ ਦੌਲਤ ਤਾਂ ਇੱਧਰ ਦੁੱਖੀਆਂ ਰੋਗੀਆਂ ਅਤੇ ਅਪਾਹਿਜਾਂ ਦੇ ਰੂਪ ਵਿੱਚ ਭਗਤ ਜੀ ਨੂੰ ਉਡੀਕ ਰਹੀ ਸੀ। ਇਸ ਕਰਕੇ ਆਉਂਦਿਆਂ ਹੀ ਉਸ ਦੌਲਤ ਦੀ ਸੰਭਾਲ ਵੀ ਕਰਨੀ ਸ਼ੁਰੂ ਕਰ ਦਿੱਤੀ ਸੀ, ਭਾਵ ਆਉਂਦਿਆਂ ਹੀ ਭਗਤ ਜੀ ਪਾਕਿਸਤਾਨੋਂ ਆਏ ਦੁੱਖੀ ਲੋਕਾਂ ਦੀ ਸੇਵਾ ਸੰਭਾਲ ਕਰਨ ਲੱਗ ਪਏ ਸਨ। ਲੋਕਾਂ ਦੇ ਤਾਹਨੇ ਮਿਹਣੇ ਸਹਾਰ ਕੇ ਮੰਗ-ਮੰਗ ਕੇ ਲੋੜਵੰਦਾਂ ਦੇ ਰੋਟੀ ਪਾਣੀ ਦਾ ਪ੍ਰਬੰਧ ਕਰਦੇ ਸਨ। ਹੱਥੀਂ ਸੇਵਾ ਕਰਦਿਆਂ ਹੋਇਆਂ ਜਦੋਂ ਕਿਸੇ ਲੜਕੀ ਦੀ ਸੇਵਾ ਕਰਨੀ ਹੁੰਦੀ ਸੀ ਤਾਂ ਉਨ੍ਹਾਂ ਦੀਆਂ ਅੱਖਾਂ ਅੱਗੇ ਆਪਣੀ ਹੀ ਮਾਂ ਦੀ ਤਸਵੀਰ ਆ ਜਾਂਦੀ ਸੀ। ਪਾਕ ਰੂਹ ਨੇ ਕਦੇ ਵਿਕਾਰੀ ਖ਼ਿਆਲ ਵੀ ਨਹੀਂ ਆਉਣ ਦਿੱਤੇ। ਕਰੂਪਤਾ ਦਾ ਸ਼ਿੰਗਾਰ ਕਰਕੇ ਆਇਆ ਕਾਲੂ ਮਾਪਿਆਂ ਨੇ ਵੀ ਆਪਣੀ ਗੋਦ ਤੋਂ ਨਿਆਰਾ ਕਰਕੇ ਸੁੱਟ ਦਿੱਤਾ ਸੀ।ਉਸ ਦੀ ਹਾਲਤ ਨੇ ਭਗਤ ਪੂਰਨ ਸਿੰਘ ਜੀ ਦੀ ਗੋਦ ਵਿੱਚ ਆਪਣੀ ਥਾਂ ਬਣਾ ਲਈ ਸੀ, ਪਰ ਕਾਲ ਨੇ ਕਾਲੂ ਨੂੰ ਜਿਉਣ ਦਾ ਮੌਕਾ ਨਾ ਦਿੱਤਾ। ਪਰ ਜਦੋਂ ਕਾਲੂ ਦਾ ਸਸਕਾਰ ਕੀਤਾ ਤਾਂ ਉਸ ਦੇ ਪੈਰਾਂ ਵਾਲੇ ਪਾਸੇ ਬੈਠ ਕੇ ਭਗਤ ਪੂਰਨ ਸਿੰਘ ਜੀ ਰੱਜ ਕੇ ਰੋਏ ਤੇ ਮਾਫ਼ੀਆਂ ਮੰਗੀਆਂ "ਕਾਲੂ ਤੇਰੇ ਬਾਪੂ ਦੀ ਗ਼ਰੀਬੀ ਦੇ



ਕਾਰਨ ਤੇਰਾ ਸ਼ਾਇਦ ਮੈਂ ਪੂਰਾ ਇਲਾਜ ਨਾ ਕਰਵਾ ਪਾਇਆ, ਮੈਨੂੰ ਮਾਫ਼ ਕਰ ਦੇਵੀਂ ਪੁੱਤ ਵੇ।" ਇਨ੍ਹਾਂ ਅੱਥਰੂਆਂ ਤੇ ਤਰਲਿਆਂ ਕਾਰਨ ਇਸ ਤਰ੍ਹਾਂ ਲੱਗਾ ਸੀ ਕਿ ਸ਼ਾਇਦ ਧਰਤੀ ਤੇ ਅੰਬਰ ਵੀ ਰੋਣ ਲਾ ਦਿੱਤੇ ਸਨ।

ਸਕੂਲੀ ਪੜ੍ਹਾਈ ਦੌਰਾਨ ਗਿਆਨ ਦੀ ਭੁੱਖ ਪੂਰੀ ਨਹੀਂ ਹੋ ਸਕੀ ਤਾਂ ਬਾਕੀ ਰਹੇ ਅਧੂਰੇਪਣ ਨੂੰ ਮੁੜ ਲਾਇਬਰੇਰੀਆਂ ਵਿੱਚ ਜਾ ਕੇ ਪੂਰਾ ਕੀਤਾ ਸੀ। ਇਹ ਗਿਆਨ ਮੁੜ ਸਾਦੇ ਜਿਹੇ ਕਾਗ਼ਜ਼ਾਂ 'ਤੇ ਕੀਮਤੀ ਗਿਆਨ ਦੇ ਮੋਤੀ ਬਣਾ ਕੇ ਬਿਖੇਰਿਆ ਸੀ। ਭਗਤ ਜੀ ਜਦੋਂ ਵੀ ਕੋਈ ਮਿਲਣ ਆਉਂਦਾ ਸੀ ਤਾਂ ਉਸ ਨੂੰ ਚੰਗਾ ਸਾਹਿਤ ਦੇ ਕੇ ਜ਼ਿੰਦਗੀ ਦੇ ਵਿਹੜੇ ਵਿੱਚ ਪਏ ਹਨੇਰੇ ਨੂੰ ਦੂਰ ਕਰਨ ਦਾ ਮਸ਼ਵਰਾ ਦਿੰਦੇ ਸਨ। ਇਸ ਗਿਆਨ ਨਾਲ ਅਨੇਕਾਂ ਹੀ ਲੋਕੀਂ ਆਪਣੀ ਦੌਲਤ ਨੂੰ ਸ਼ੈਤਾਨਾਂ ਵਾਂਗ ਵਰਤਣ ਦੀ ਥਾਂ 'ਤੇ ਸਗੋਂ ਇਨਸਾਨਾਂ ਵਾਂਗ ਦੂਜਿਆਂ ਦੇ ਦੁੱਖ ਦਰਦ ਵੰਡਾਉਣ ਲਈ ਵਰਤਣ ਲੱਗ ਜਾਂਦੇ ਸਨ।ਹਰ ਸਫਲਤਾ ਦੀ ਨੀਂਹ ਵਿੱਚ ਅਨੇਕਾਂ ਅਸਫਲਤਾਵਾਂ ਦੱਬੀਆਂ ਹੁੰਦੀਆਂ ਹਨ। ਸਿਆਣਾ ਬੰਦਾ ਇਨ੍ਹਾਂ ਅਸਫਲਤਾਵਾਂ ਨੂੰ ਵੀ ਇੱਕ ਤਜਰਬਾ ਮੰਨ ਕੇ ਉਸ ਵਿੱਚੋਂ ਸਿੱਖਿਆ ਗ੍ਰਹਿਣ ਕਰ ਲੈਂਦਾ ਹੈ।ਭਗਤ ਜੀ ਨੇ ਆਪਣੇ ਸੱਚੇ ਮਿੱਤਰਾਂ ਵਿੱਚੋਂ ਕਿਤਾਬਾਂ ਨੂੰ ਵੀ ਸੱਚੇ ਮਿੱਤਰ ਬਣਾਇਆ ਸੀ।ਉਨ੍ਹਾਂ ਨੇ ਧਾਰਮਿਕ ਸਾਹਿਤ ਦੇ ਨਾਲ-ਨਾਲ ਬਹੁਤ ਕੁਝ ਅਜਿਹਾ ਵੀ ਪੜ੍ਹਿਆ ਸੀ ਜਿਸ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦੀ ਵੱਖਰੀ ਕਿਸਮ ਦੀ ਘਾੜਤ ਘੜੀ ਗਈ ਸੀ।

ਭਗਤ ਪੂਰਨ ਸਿੰਘ ਜੀ ਕਈ ਵਾਰੀ ਸਾਹਿਤ ਦੇ ਅਮੀਰ ਵਿਰਸੇ ਵਿੱਚੋਂ ਮਿਸਾਲਾਂ ਵੀ ਦਿੰਦੇ ਸਨ।ਉਨ੍ਹਾਂ ਦੀ ਆਪਣੀ ਹੀ ਲਿਖਤ ਵਿੱਚੋਂ ਦ੍ਰਿਸ਼ਟਾਂਤ ਹੈ।

'ਇੰਗਲੈਂਡ ਦਾ ਇੱਕ ਬਹੁਤ ਅਮੀਰ ਘਰਾਣਾ ਸੀ ਤੇ ਇਸ ਦੀ ਨੇੜਤਾ ਸ਼ਾਹੀ ਘਰਾਣੇ ਨਾਲ ਵੀ ਸੀ। ਇਸ ਪਰਿਵਾਰ ਵਿੱਚ ਜੰਮੀ ਪਲੀ ਇੱਕ ਲੜਕੀ ਜਿਸ ਦਾ ਨਾਮ ਫਲੋਰੈਂਸ ਨਾਈਟਿੰਗੇਲ ਸੀ। ਇਹ ਸੁੰਦਰ ਵੀ ਸੀ ਤੇ ਸਿਆਣੀ ਵੀ ਬਹੁਤ ਸੀ। ਇਸ ਨੂੰ ਪਤਾ ਲੱਗਾ ਕਿ ਜੰਗ ਵਿੱਚ ਜ਼ਖ਼ਮੀ ਸਿਪਾਹੀਆਂ ਨਾਲ ਚੰਗਾ ਵਿਹਾਰ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਉਨ੍ਹਾਂ ਦਾ ਚੰਗਾ ਇਲਾਜ ਕੀਤਾ ਜਾਂਦਾ ਹੈ।ਉਸ ਦੇ ਅੰਦਰਲੀ ਇਨਸਾਨੀਅਤ ਨੇ ਉਬਾਲਾ ਖਾਧਾ ਤੇ ਉਸ ਨੇ ਫ਼ੈਸਲਾ ਕਰ ਲਿਆ ਕਿ ਮੈਂ ਉਨ੍ਹਾਂ ਜ਼ਖਮੀ ਸਿਪਾਹੀਆਂ ਦੀ ਦੇਖਭਾਲ ਕਰਾਂਗੀ। ਉਸ ਨੇ ਆਪਣੇ ਪਰਿਵਾਰ ਨੂੰ ਕਿਹਾ ਕਿ ਮੈਂ ਨਰਸ ਬਣਨ ਲੱਗੀ ਹਾਂ। ਇਹ ਗੱਲ ਸੁਣ ਕੇ ਸਾਰਾ ਹੀ ਪਰਿਵਾਰ ਹੈਰਾਨ ਹੋ ਗਿਆ ਸੀ।ਉਨ੍ਹਾਂ ਸਮਿਆਂ ਵਿੱਚ ਨਰਸ ਦਾ ਕੰਮ ਉਹ ਇਸਤਰੀਆਂ ਕਰਦੀਆਂ ਸਨ ਜਿਨ੍ਹਾਂ ਦੀ ਪਹਿਲੀ ਜ਼ਿੰਦਗੀ ਵੇਸ਼ਵਾ ਦੀ ਹੁੰਦੀ ਸੀ। ਜਦੋਂ ਰੰਗ ਰੂਪ ਜਵਾਬ ਦੇ ਜਾਂਦਾ ਸੀ ਤਾਂ ਗੁਜ਼ਾਰੇ ਲਈ ਨਰਸਾਂ ਬਣ ਜਾਂਦੀਆਂ ਸਨ। ਜ਼ਖ਼ਮੀਆਂ ਦੀ ਹਰ ਹਾਲਤ ਵਿੱਚ ਸੰਭਾਲ ਕਰਨੀ ਹੁੰਦੀ ਹੈ। ਇਸ ਕਰਕੇ ਉਨ੍ਹਾਂ ਦੇ ਨਗਨ ਸਰੀਰ ਦੀ ਵੀ ਸੇਵਾ-ਸੰਭਾਲ ਕਰਨੀ ਪੈਂਦੀ ਹੈ। ਉਨ੍ਹਾਂ

ਨਰਸਾਂ ਲਈ ਇਹ ਸਭ ਕੁਝ ਕਰਨਾ ਸੌਖਾ ਹੀ ਹੁੰਦਾ ਸੀ।

ਇਸ ਕਰਕੇ ਫਲੋਰੈਂਸ ਦਾ ਸਾਰਾ ਹੀ ਪਰਿਵਾਰ ਇੱਕ ਵਾਰੀ ਤਾਂ ਇਹ ਗੱਲ ਸੁਣ ਕੇ ਸੁੰਨ ਹੀ ਹੋ ਗਿਆ ਸੀ। ਉਨ੍ਹਾਂ ਨੇ ਸਮਝਾਇਆ ਕਿ ਇਹ ਤੂੰ ਕੀ ਕਹਿ ਰਹੀ ਹੈਂ ਪਰ ਉਸ ਨੇ ਕੋਈ ਪ੍ਰਵਾਹ ਨਾ ਕੀਤੀ ਤੇ ਫੌਜੀ ਜ਼ਖ਼ਮੀਆਂ ਨੂੰ ਸੰਭਾਲਣ ਲੱਗ ਗਈ ਸੀ। ਇਹ ਸੰਸਾਰ ਦੀ ਪਹਿਲੀ ਅਜਿਹੀ ਨਰਸ ਸੀ ਜਿਹੜੀ ਆਮ ਜ਼ਿੰਦਗੀ ਵਿੱਚੋਂ ਆਈ ਸੀ। ਇਸ ਦਾ ਸਲੀਕਾ ਅਜਿਹਾ ਸੀ ਕਿ ਰੋਗੀ ਆਪਣਾ ਅੱਧਾ ਦੁੱਖ ਤਾਂ ਇਸ ਦੇ ਵਿਹਾਰ ਨਾਲ ਭੁੱਲ ਜਾਂਦਾ ਸੀ। ਇੱਕ ਵਾਰੀ ਰਾਜੇ ਨੇ ਆ ਕੇ ਇੱਕ ਫੌਜੀ ਨੂੰ ਪੁੱਛਿਆ ਕਿ ਸੁਣਾ ਬਈ ਤੂੰ ਹਾਲੇ ਮਰਿਆ ਨਹੀਂ? ਉਸ ਦੇ ਅਜਿਹੇ ਕੁਰੱਖਤ ਸ਼ਬਦ ਉਸ ਜ਼ਖ਼ਮੀ ਫੌਜੀ ਨੂੰ ਹੋਰ ਵੀ ਜ਼ਖ਼ਮੀ ਕਰ ਗਏ ਸਨ। ਫਲੋਰੈਂਸ ਨੇ ਆ ਕੇ ਉਸ ਨੂੰ ਪਿਆਰ ਨਾਲ ਆਪਣਾ ਭਰਾ ਸਮਝ ਕੇ ਇਲਾਜ ਕੀਤਾ ਤੇ ਉਸ ਰਾਜੇ ਦੀ ਗੱਲ ਨੂੰ ਭੁੱਲ ਜਾਣ ਲਈ ਕਿਹਾ ਤਾਂ ਉਹ ਕੁਝ ਹੀ ਸਮੇਂ ਵਿੱਚ ਠੀਕ ਹੋ ਗਿਆ ਸੀ। ਇਸ ਤੋਂ ਮਗਰੋਂ ਇਸ ਨਰਸ ਵਾਲੇ ਕਿੱਤੇ ਨੂੰ ਬਹੁਤ ਸਨਮਾਨ ਮਿਲਿਆ ਸੀ। ਆਮ ਬੀਬੀਆਂ ਇਸ ਖੇਤਰ ਵਿੱਚ ਆਈਆਂ ਸਨ।

{ਭਗਤ ਪੂਰਨ ਸਿੰਘ, ਤੇਰਾ ਸਦੜਾ ਸੁਣੀਜੈ ਭਾਈ, ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ। (2014), ਪੰਨਾ 129}।

'ਇਸ ਤਰ੍ਹਾਂ ਦੀ ਹੀ ਇੱਕ ਸੰਨ 1903 ਦੀ ਡੈਨਮਾਰਕ ਦੀ ਘਟਨਾ ਹੈ।ਇੱਕ ਏਨਰ ਹੋਲਬੋਇਲ ਨਾਮ ਦਾ ਡਾਕੀਆ ਰਾਤ ਨੂੰ ਵੱਖੋ ਵੱਖਰੇ ਇਲਾਕਿਆਂ ਦੀ ਡਾਕ ਨੂੰ ਵੱਖਰੀ-ਵੱਖਰੀ ਕਰ ਰਿਹਾ ਸੀ। ਹਜ਼ਰਤ ਈਸਾ ਮਸੀਹ ਜੀ ਦਾ ਜਨਮ ਦਿਨ ਨੇੜੇ ਹੋਣ ਕਰਕੇ ਲੋਕਾਂ ਨੇ ਇੱਕ ਦੂਜੇ ਨੂੰ ਵਧਾਈਆਂ ਦੇਣ ਲਈ ਬਹੁਤ ਸਾਰੇ ਕਾਰਡ ਤੇ ਚਿੱਠੀਆਂ ਪਾਈਆਂ ਸਨ। ਉਸ ਦੇ ਕੰਨਾਂ ਵਿੱਚ ਬੜੀ ਦੁਖਦਾਈ ਜਿਹੀ ਹਾਏ-ਹਾਏ ਦੀ ਅਵਾਜ਼ ਪਈ ਤਾਂ ਉਸ ਨੇ ਬਾਹਰ ਜਾ ਕੇ ਦੇਖਿਆ ਕਿ ਕੁਝ ਬੱਚੇ ਹਾਏ-ਹਾਏ ਕਰਦੇ ਜਾ ਰਹੇ ਸਨ। ਉਸ ਏਨਰ ਡਾਕੀਏ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਹਾਏ-ਹਾਏ ਕਿਉਂ ਕਰ ਰਹੇ ਹੋ? ਉਨ੍ਹਾਂ ਬੱਚਿਆਂ ਨੇ ਦੱਸਿਆ ਕਿ ਸਾਨੂੰ ਹੱਡੀਆਂ ਦੀ ਟੀ. ਬੀ. ਹੋਈ-ਹੋਈ ਹੈ। ਸਾਨੂੰ ਕੋਈ ਵੀ ਹਸਪਤਾਲ ਦਾਖ਼ਲ ਕਰਨ ਲਈ ਤਿਆਰ ਨਹੀਂ ਹੈ। ਇਸ ਕਰਕੇ ਅਸੀਂ ਤਾਂ ਬਹੁਤ ਦੁੱਖ ਪਾ ਰਹੇ ਹਾਂ। ਉਸ ਵਕਤ ਤਾਂ ਏਨਰ ਕੋਲ ਸਿਰਫ਼ ਹੌਂਸਲਾ ਦੇਣ ਲਈ ਹੀ ਚਾਰ ਸ਼ਬਦ ਸਨ, ਪਰ ਜਦੋਂ ਉਹ ਕਮਰੇ ਵਿੱਚ ਮੁੜ ਆ ਕੇ ਡਾਕ ਦੀ ਛਾਂਟੀ ਕਰਨ ਲੱਗਾ ਤਾਂ ਉਸ ਦੇ ਕੰਨਾਂ ਵਿੱਚ ਉਨ੍ਹਾਂ ਬੱਚਿਆਂ ਦੀ ਅਵਾਜ਼ ਗੂੰਜ ਰਹੀ ਸੀ। ਮਨ ਵਿੱਚ ਵਾਰ-ਵਾਰ ਇਹ ਖ਼ਿਆਲ ਆ ਰਿਹਾ ਸੀ ਕਿ ਮੈਂ ਇਨ੍ਹਾਂ ਬੱਚਿਆਂ ਲਈ ਕੀ ਕਰ ਸਕਦਾ ਹਾਂ? ਉਸ ਦੇ ਸਾਹਮਣੇ ਡਾਕ ਦੇ ਢੇਰ ਲੱਗੇ ਪਏ ਸਨ ਤੇ ਉਨ੍ਹਾਂ 'ਤੇ ਡਾਕਘਰ ਦੀਆਂ ਟਿਕਟਾਂ ਲੱਗੀਆਂ ਹੋਈਆਂ ਸਨ। ਉਸ ਦੇ ਮਨ ਵਿੱਚ ਖ਼ਿਆਲ ਆਇਆ ਕਿ ਈਸਾ ਜੀ ਦੇ ਜਨਮ ਦਿਨ 'ਤੇ ਲੋਕ ਹੋਰ ਬਹੁਤ ਖ਼ਰਚਾ ਕਰ ਦਿੰਦੇ



ਹਨ ਪਰ ਜੇਕਰ ਲੋਕ ਇਨ੍ਹਾਂ ਦਿਨਾਂ ਵਿੱਚ ਇੱਕ-ਇੱਕ ਟਿਕਟ ਹੋਰ ਖ਼ਰੀਦ ਲੈਣ ਤੇ ਇਸ ਦੀ ਆਮਦਨ ਇਨ੍ਹਾਂ ਬੱਚਿਆਂ ਲਈ ਹਸਪਤਾਲ ਬਣਾਉਣ ਲਈ ਵਰਤੀ ਜਾਵੇ ਤਾਂ ਇੱਕ ਦਿਨ ਇਨ੍ਹਾਂ ਵਾਸਤੇ ਵੀ ਹਸਪਤਾਲ ਬਣ ਸਕਦਾ ਹੈ।

ਏਨਰ ਨੇ ਆਪਣੇ ਨਾਲ ਦੇ ਡਾਕੀਏ ਸਾਥੀਆਂ ਨਾਲ ਇਹ ਗੱਲ ਕੀਤੀ ਤਾਂ ਉਨ੍ਹਾਂ ਨੂੰ ਇਹ ਬਹੁਤ ਪਸੰਦ ਆਈ । ਉਨ੍ਹਾਂ ਸਾਰਿਆਂ ਨੇ ਉਸ ਵਕਤ ਹੀ ਮਨ ਬਣਾ ਲਿਆ ਕਿ ਇਹ ਸਾਰੀ ਗੱਲ ਅਸੀਂ ਬਾਦਸ਼ਾਹ ਨੂੰ ਦੱਸਾਂਗੇ। ਸਾਰੇ ਹੀ ਡਾਕੀਏ ਇੱਕ ਦਿਨ ਇਕੱਠੇ ਹੋ ਕੇ ਬਾਦਸ਼ਾਹ ਤੇ ਮਲਿਕਾ ਨੂੰ ਮਿਲਣ ਚਲੇ ਗਏ।ਜਦੋਂ ਉਨ੍ਹਾਂ ਨੇ ਇਹ ਸਾਰੀ ਗੱਲ ਬਾਦਸ਼ਾਹ ਨੂੰ ਦੱਸੀ ਤਾਂ ਉਸ ਨੇ ਬਹੁਤ ਖ਼ੁਸ਼ੀ ਨਾਲ ਇਸ ਨੂੰ ਪ੍ਰਵਾਨ ਕਰ ਲਿਆ।ਅਗਲੇ ਸਾਲ ਸਾਰੇ ਲੋਕਾਂ ਨੇ ਇਕ ਦੀ ਥਾਂ ਦੋ-ਦੋ ਟਿਕਟਾਂ ਖ਼ਰੀਦ ਕੇ ਉਸ ਦੀ ਆਮਦਨ ਨਾਲ ਬੜਾ ਵਧੀਆ ਹਸਪਤਾਲ ਖੜ੍ਹਾ ਕਰ ਦਿੱਤਾ ਸੀ। ਇਸ ਤੋਂ ਹੀ ਸਿੱਖਿਆ ਲੈ ਕੇ ਕੈਨੇਡਾ, ਅਮਰੀਕਾ ਤੇ ਯੂਰਪ ਦੇ ਕਈ ਦੇਸ਼ਾਂ ਨੇ ਇਸ ਨੂੰ ਅਪਣਾ ਕੇ ਹਸਪਤਾਲ ਬਣਾ ਲਏ ਸਨ। ਸੰਨ 1941 ਦੇ ਲਾਗੇ ਇੰਡੀਆ ਨੇ ਵੀ ਇਸ ਨੂੰ ਅਪਣਾਇਆ ਸੀ।' {ਉਹੀ ਪੰਨਾ ੧੫੫}। ਇਸ ਤਰ੍ਹਾਂ ਇੱਕ ਗ਼ਰੀਬ ਜਿਹੇ ਬੰਦੇ ਨੇ ਆਪਣੇ ਅੰਦਰ ਦੀ ਲਗਨ ਨਾਲ ਇੱਕ ਸੰਸਾਰ ਭਰ ਵਿੱਚ ਸੰਸਥਾ ਖੜ੍ਹੀ ਕਰ ਦਿੱਤੀ ਸੀ।

ਸੋ ਅਜਿਹੀਆਂ ਕਿਤਾਬਾਂ ਨੇ ਭਗਤ ਜੀ ਦੇ ਜੀਵਨ ਦੀ ਘਾੜਤ ਵਿੱਚ ਇੱਕ ਮਹਾਨ ਯੋਗਦਾਨ ਪਾਇਆ ਸੀ। ਉਨ੍ਹਾਂ ਦੇ ਅੰਦਰ ਵੀ ਰੱਬ ਨੇ ਉਹ ਦਿਲ ਪਾਇਆ ਸੀ ਜਿਸ ਵਿੱਚ ਕਿਸੇ ਦੇ ਦਰਦ ਨੂੰ ਮਹਿਸੂਸਣ ਦੀ ਭਾਵਨਾ ਸੀ।

ਕਿਸੇ ਦੇ ਘਰ ਵੀ ਜਾਂਦੇ ਸਨ ਤਾਂ ਉਨ੍ਹਾਂ ਦੇ ਘਰ ਦਾ ਕੀਮਤੀ ਫ਼ਰਨੀਚਰ ਦੇਖ ਕੇ ਇਹ ਖ਼ਿਆਲ ਕਰਦੇ ਸਨ ਕਿ ਦਰਖ਼ਤਾਂ ਦੀ ਇਹ ਤਬਾਹੀ ਵੀ ਆਉਣ ਵਾਲੇ ਸਮੇਂ ਵਿੱਚ ਜੀਵਨ ਦੀ ਤਬਾਹੀ ਬਣ ਜਾਣੀ ਹੈ।ਉਹ ਦਰਖ਼ਤਾਂ ਦੀ ਸੰਭਾਲ ਨੂੰ ਪੁੱਤਾਂ ਧੀਆਂ ਦੀ ਸੰਭਾਲ ਵਾਂਗ ਸਮਝਦੇ ਸਨ। ਵੱਡ-ਵੱਡੇ ਲੋਕਾਂ ਨੂੰ ਮਿਲ ਕੇ ਵੀ ਕਦੇ ਮਨ ਵਿੱਚ ਹੰਕਾਰ ਨੂੰ ਆਪਣਾ ਕਬਜ਼ਾ ਨਹੀਂ ਕਰਨ ਦਿੱਤਾ। ਕਿਸੇ ਦੀਆਂ ਗ਼ਲਤੀਆਂ ਨੂੰ ਅੱਗੇ ਵਾਸਤੇ ਸੁਧਾਰਨ ਦੀ ਹਦਾਇਤ ਦੇ ਕੇ ਝੱਟ ਹੀ ਮਾਫ਼ ਕਰ ਦਿੰਦੇ ਸਨ। ਨਿਰਧਨ ਨੂੰ ਕੋਈ ਆਦਰ ਨਹੀਂ ਦਿੰਦਾ ਸਗੋਂ ਉਸ ਵੱਲੋਂ ਕੰਡ ਕਰ ਲੈਂਦੇ ਹਾਂ। ਭਗਤ ਜੀ ਕਿਸੇ ਪੱਚੀ ਪੈਸੇ ਦਾਨ ਕਰਨ ਵਾਲੇ ਨੂੰ ਵੀ ਘੰਟਿਆਂ ਬੱਧੀ ਉਡੀਕਦੇ ਸਨ। ਜਦੋਂ ਲੋਕ ਸੌਂ ਜਾਂਦੇ ਸਨ ਤਾਂ ਭਗਤ ਜੀ ਉਸ ਵਕਤ ਵੀ ਜਾਗ ਕੇ ਲਿਖਦੇ ਰਹਿੰਦੇ ਸਨ। ਪੂਰਨ ਪ੍ਰਿੰਟਿੰਗ ਪ੍ਰੈੱਸ ਨੇ ਹਨੇਰੇ ਜੀਵਨ ਰੁਸ਼ਨਾ ਦਿੱਤੇ ਸਨ।ਉਨ੍ਹਾਂ ਨੇ ਕਦੇ ਆਪਣੇ ਲਈ ਕਮਰਾ ਤਾਂ ਕੀ ਇੱਕ ਅਲਮਾਰੀ ਵੀ ਨਹੀਂ ਰੱਖੀ ਸੀ।ਦੁੱਖੀਆਂ ਲਈ ਕਈ ਥਾਵਾਂ 'ਤੇ ਭਟਕ ਕੇ ਵੀ ਪਿੰਗਲਾਵਾੜਾ ਵਰਗੀ ਮਹਾਨ ਸੰਸਥਾ ਖੜ੍ਹੀ ਕਰ ਦਿੱਤੀ ਸੀ। ਦਰ ਦਰ 'ਤੇ ਜਾ ਕੇ ਮੰਗਣ ਦੀ ਥਾਂ ਸਗੋਂ ਇੱਕੋ ਹੀ ਦਰ ਦਰਬਾਰ ਸਾਹਿਬ ਦਾ ਬੂਹਾ ਮੱਲ ਲਿਆ ਸੀ। ਜਦੋਂ ਕਦੇ ਆਪਣੇ

ਅੰਦਰ ਵੀ ਝਾਤ ਮਾਰਦੇ ਸਨ ਤਾਂ ਆਪੇ ਨੂੰ ਪੜ੍ਹ ਕੇ ਅੱਖਾਂ ਭਰ ਲੈਂਦੇ ਸਨ ਤੇ ਆਖਦੇ ਸਨ ਕਿ ਹੇ ਸਤਿਗੁਰੂ ! ਤੁਸੀਂ ਮੈਨੂੰ ਹਰ ਤਰ੍ਹਾਂ ਦੇ ਵਿਕਾਰੀ ਪੱਖ ਤੋਂ ਬਚਾ ਲਿਆ ਹੈ, ਇਹ ਸਾਰਾ ਤੁਹਾਡੀ ਬਖ਼ਸ਼ਿਸ਼ ਦਾ ਹੀ ਪਰਤਾਪ ਹੈ।

ਧਰਮ ਦੀ ਦੁਨੀਆਂ ਵਿੱਚ ਵੀ ਕਈ ਤਰ੍ਹਾਂ ਦੇ ਖ਼ਿਆਲ ਪ੍ਰਚੱਲਿਤ ਹਨ ਕਿ ਇੱਥੇ ਇਸ਼ਨਾਨ ਕਰਨਾ ਚਾਹੀਦਾ ਹੈ। ਕਈ ਦੇਹਧਾਰੀ ਧਾਗੇ ਤਵੀਤ ਦੇਹ ਅਰੋਗਤਾ ਲਈ ਦਿੰਦੇ ਹਨ। ਹੋਰ ਵੀ ਅਜਿਹੀਆਂ ਅਨੇਕਾਂ ਵਿਚਾਰਾਂ ਹਨ, ਪਰ ਭਗਤ ਜੀ ਦੀ ਵਿਗਿਆਨਿਕ ਸੋਚ ਨੇ ਇਨ੍ਹਾਂ ਖ਼ਿਆਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਲੋੜ ਮੁਤਾਬਕ ਹਰ ਤਰ੍ਹਾਂ ਦਾ ਇਲਾਜ ਕਰਵਾਇਆ ਸੀ। ਆਪ ਵੀ ਕਿਸੇ ਨੂੰ ਇਲਾਇਚੀਆਂ ਜਾਂ ਮਿਸ਼ਰੀ ਆਦਿਕ ਦੇ ਪ੍ਰਸ਼ਾਦ ਦੀ ਥਾਂ 'ਤੇ ਚੰਗੇ ਸਾਹਿਤ ਦਾ ਪ੍ਰਸ਼ਾਦ ਹੀ ਵੰਡਿਆ ਸੀ। ਭਗਤ ਪੂਰਨ ਸਿੰਘ ਜੀ ਦੀ ਪਾਰਖੂ ਅੱਖ ਨੇ ਹਮੇਸ਼ਾਂ ਚੰਗੀ ਚੋਣ ਹੀ ਕੀਤੀ ਸੀ। ਇਸ ਕਰਕੇ ਮੁੜ ਪਿੰਗਲਵਾੜਾ ਵੀ ਇੱਕ ਨੇਕ ਰੂਹ ਡਾਕਟਰ ਇੰਦਰਜੀਤ ਕੌਰ ਦੇ ਸਪੁਰਦ ਕਰ ਦਿੱਤਾ ਸੀ। ਹੱਡ-ਮਾਸ ਨਾੜੀ ਦੇ ਪਿੰਜਰੇ ਵਿੱਚੋਂ, ਵੱਸਦਾ ਪੰਛੀ ਉਡਾਰੀ ਮਾਰ ਗਿਆ ਸੀ। ਭਗਤ ਪੂਰਨ ਸਿੰਘ ਜੀ ਦੀ ਅਰਥੀ ਦੇ ਨਾਲ ਅਨੇਕਾਂ ਲੋਕ ਤੜਫਦੇ ਦਿਲਾਂ ਨਾਲ ਤੇ ਅੱਥਰੂਆਂ ਨਾਲ ਭਿੱਜੀਆਂ ਅੱਖਾਂ ਨਾਲ ਆਪਣੇ ਪਿਆਰੇ ਭਗਤ ਨੂੰ ਅੰਤਮ ਵਿਦਾਇਗੀ ਦੇਣ ਜਾ ਰਹੇ ਸਨ। ਅੰਮ੍ਰਿਤਸਰ ਸਾਹਿਬ, ਚਾਟੀਵਿੰਡ ਦੇ ਸ਼ਮਸ਼ਾਨ ਘਾਟ ਵਿੱਚ ਭਗਤ ਜੀ ਦਾ ਸਸਕਾਰ ਕਰ ਦਿੱਤਾ ਸੀ।ਆਮ ਲੋਕ ਆਉਂਦੇ ਵੀ ਅਧੂਰੇ ਹਨ, ਰਹਿੰਦੇ ਵੀ ਅਧੂਰੇ ਹਨ ਤੇ ਜਾਂਦੇ ਵੀ ਅਧੂਰੇ ਹੀ ਹਨ। ਅੱਜ ਇੱਕ ਪੂਰਨ ਸਿੰਘ (ਭਾਵ ਪੂਰਾ ਸਿੰਘ) ਅਨੇਕਾਂ ਅਧੂਰਿਆਂ ਨੂੰ ਪੂਰਨ ਕਰਨ ਵਾਲਾ ਆਪ ਵੀ ਪੂਰਾ ਹੋ ਕੇ ਸੰਸਾਰ ਤੋਂ ਜਾ ਰਿਹਾ ਸੀ।

## ਪਿਆਰਾ ਸਿੰਘ ਦਾ ਚੜ੍ਹਾਈ ਕਰਨਾ

ਭਗਤ ਪੂਰਨ ਸਿੰਘ ਜੀ ਨੂੰ ਪਿਆਰਾ ਸਿੰਘ ਬਾਰੇ ਕਿਸੇ ਨੇ ਤਾਅਨਾ ਮਾਰਿਆ ਸੀ ਕਿ "ਇਸ ਪਿੰਗਲੇ ਨੂੰ ਕਿਉਂ ਸਾਂਭ ਰਿਹਾ ਹੈਂ? ਜੇ ਤੂੰ ਇਸ ਦੀ ਸਾਂਭ-ਸੰਭਾਲ ਕਰ ਵੀ ਲਈ ਤਾਂ ਵੀ ਤਾਂ ਇਸ ਨੇ ਤੇਰੇ ਜਾਣ ਤੋਂ ਮਗਰੋਂ ਰੁਲ ਕੇ ਹੀ ਮਰਨਾ ਹੈ।" ਇਹ ਗੱਲ ਭਗਤ ਜੀ ਦੇ ਮਨ ਵਿੱਚ ਉੱਤਰ ਗਈ ਸੀ। ਉਨ੍ਹਾਂ ਨੇ ਪ੍ਰਣ ਕਰ ਲਿਆ ਸੀ ਕਿ ਪਿਆਰੇ ਨੂੰ ਰੁਲਣ ਨਹੀਂ ਦੇਣਾ। ਭਗਤ ਜੀ ਨੇ ਹਰਨਾਮ ਸਿੰਘ ਤੇ ਸਤਿਨਾਮ ਸਿੰਘ ਨੂੰ ਬੜੇ ਪਿਆਰ ਨਾਲ ਪਾਲਿਆ।ਉਨ੍ਹਾਂ ਨੂੰ ਚੰਗੀ ਪੜ੍ਹਾਈ ਵੀ ਕਰਵਾਈ ਤਾਂ ਕਿ ਇਹ ਵੱਡੇ ਹੋ ਕੇ ਪਿਆਰਾ ਸਿੰਘ ਨੂੰ ਸੰਭਾਲ ਸਕਣ। ਸਾਡੀ ਸੋਚ ਸੀਮਿਤ ਦਾਇਰੇ ਵਿੱਚ ਹੀ ਹੁੰਦੀ ਹੈ। ਜਿਹੜਾ ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਹੈ ਤੇ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਦਾ ਹੈ ਉਹ ਤਾਂ ਸਾਨੂੰ ਆਪ ਵਿਸ਼ਵਾਸ ਦਿਵਾਉਂਦਾ ਹੈ ਕਿ ਸਾਨੂੰ ਡੋਲਣ ਦੀ ਥਾਂ 'ਤੇ ਭਰੋਸਾ ਕਰਨਾ ਚਾਹੀਦਾ ਹੈ।



**ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥**
**ਜੀਅ ਸਗਲ ਕਉ ਦੇਇ ਦਾਨੁ ॥ਰਹਾਉ॥**
**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥**
**ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥੧॥**
**ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥** {ਅੰ:੭੨੪}

ਜਿਨ੍ਹਾਂ ਨੂੰ ਭਗਤ ਜੀ ਨੇ ਪਿਆਰਾ ਸਿੰਘ ਨੂੰ ਸਾਂਭਣ ਲਈ ਤਿਆਰ ਕੀਤਾ ਸੀ ਉਹ ਤਾਂ ਆਪ ਵੀ ਖ਼ੁਦ ਆਪਣੇ ਪੈਰਾਂ 'ਤੇ ਨਾ ਖਲੋ ਸਕੇ। ਹਰਨਾਮ ਸਿੰਘ ਤੇ ਉਸ ਦਾ ਸਾਥੀ ਤਾਂ ਆਪ ਭਗਤ ਜੀ ਕੋਲੋਂ ਪੈਸਾ ਲੈ ਕੇ ਆਪਣਾ ਗੁਜ਼ਾਰਾ ਕਰਦੇ ਸਨ, ਪਰ ਪਿਆਰਾ ਸਿੰਘ ਲਈ ਹਰ ਕੋਈ ਸੇਵਾ ਕਰਕੇ ਆਪਣੇ ਆਪ ਦੇ ਧੰਨਭਾਗ ਸਮਝਦਾ ਸੀ।

ਜਦੋਂ ਪਿੰਗਲਵਾੜਾ ਪੂਰੇ ਪੈਰਾਂ 'ਤੇ ਖੜ੍ਹਾ ਹੋ ਗਿਆ ਸੀ ਤਾਂ ਭਗਤ ਜੀ ਆਪ ਵੀ ਕਿਹਾ ਕਰਦੇ ਸਨ ਕਿ ਪਿਆਰਾ ਸਿੰਘ ਲਈ ਤਾਂ ਰੱਬ ਆਪ ਹੀ ਚੈੱਕ ਸਾਈਨ ਕਰਕੇ ਭੇਜਦਾ ਹੈ।ਮੇਰੇ ਵਰਗੇ ਕਿੰਨੇ ਹੀ ਪਿਆਰਾ ਸਿੰਘ ਦੇ ਸੇਵਾਦਾਰ ਹਨ।ਪਿਆਰਾ ਸਿੰਘ ਨਾਲ ਤਾਂ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ ਸੀ। ਸੋ ਪਿਆਰਾ ਸਿੰਘ ਸਭ ਨੂੰ ਪਿਆਰਾ ਸੀ। ਭਗਤ ਪੂਰਨ ਸਿੰਘ ਜੀ ਮਗਰੋਂ ਡਾਕਟਰ ਇੰਦਰਜੀਤ ਕੌਰ ਤੇ ਬਾਕੀ ਪਿੰਗਲਵਾੜੇ ਦੇ ਸੇਵਾਦਾਰਾਂ ਨੇ ਪਿਆਰੇ ਦੀ ਬਹੁਤ ਸੇਵਾ ਕੀਤੀ ਸੀ। ਆਖਿਰ ਪਿਆਰਾ ਸਿੰਘ ਵੀ 27 ਅਕਤੂਬਰ 1994 ਨੂੰ ਭਗਤ ਪੂਰਨ ਸਿੰਘ ਜੀ ਕੋਲ ਜਾ ਬਿਰਾਜਿਆ।

## ਭਗਤ ਪੂਰਨ ਸਿੰਘ ਜੀ ਤੋਂ ਮਗਰੋਂ

ਡਾਕਟਰ ਇੰਦਰਜੀਤ ਕੌਰ ਨੇ ਭਗਤ ਪੂਰਨ ਸਿੰਘ ਜੀ ਦੇ ਬਾਕੀ ਸੁਪਨਿਆਂ ਨੂੰ ਵੀ ਪੂਰੇ ਕਰਨ ਲਈ ਸਿਰ ਤੋੜ ਯਤਨ ਕੀਤੇ ਹਨ। ਉਨ੍ਹਾਂ ਨੂੰ ਵੀ ਸਮੇਂ ਨੇ ਕਸਵੱਟੀਆਂ 'ਤੇ ਪਰਖਿਆ। ਅਨੇਕਾਂ ਹੀ ਮੁਸ਼ਕਲਾਂ ਦੇ ਦੌਰ ਆਏ, ਪਰ ਗੁਰੂ ਸਾਹਿਬ ਦੀ ਕਿਰਪਾ ਦੇ ਸਦਕਾ ਡਾ. ਸਾਹਿਬ ਨੇ ਹਰ ਮੁਸ਼ਕਲ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਉਸ ਵਿੱਚੋਂ ਪਾਰ ਹੋਣ ਦਾ ਰਾਹ ਲੱਭ ਲਿਆ ਸੀ। ਉਨ੍ਹਾਂ ਦੀ ਯੋਗ ਅਗਵਾਈ ਕਰਕੇ ਭਗਤ ਪੂਰਨ ਸਿੰਘ ਜੀ ਦੀਆਂ ਲਿਖਤਾਂ ਦੇ ਲੇਖਾਂ ਨੂੰ ਕਿਤਾਬਾਂ ਦਾ ਰੂਪ ਦਿੱਤਾ। ਨਵੰਬਰ 1997 ਵਿੱਚ "ਭਗਤ ਪੂਰਨ ਸਿੰਘ ਬਾਲ ਵਿਦਿਆ ਪ੍ਰਾਇਮਰੀ ਸਕੂਲ ਮਾਨਾਂਵਾਲਾ" ਬਣਾਇਆ।ਬਾਅਦ ਵਿੱਚ ਇਸ ਨੂੰ ਤਬਦੀਲ ਕਰਕੇ 2003 ਵਿੱਚ "ਭਗਤ ਪੂਰਨ ਸਿੰਘ ਅਦਰਸ਼ ਸੀਨੀਅਰ ਸਕੈਂਡਰੀ ਸਕੂਲ" ਬਣਾਇਆ। ਇਹ ਹੁਣ ਸਫਲਤਾ ਦੀਆਂ ਸਿਖਰਾਂ ਨੂੰ ਛੂਹ ਰਿਹਾ ਹੈ।

ਭਗਤ ਜੀ ਪ੍ਰਦੂਸ਼ਣ ਬਾਰੇ, ਸਾਡੇ ਖਾਣ ਪੀਣ ਬਾਰੇ ਅਕਸਰ ਚਿੰਤਤ ਰਹਿੰਦੇ ਸਨ। ਇਹ ਫ਼ਿਕਰ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਪ੍ਰਤੱਖ ਰੂਪ ਵਿੱਚ ਦਿੱਸਦਾ ਹੈ।ਬੀਬੀ ਇੰਦਰਜੀਤ ਕੌਰ ਨੇ ਇਸ ਵਿਚਾਰ ਨੂੰ ਵੀ ਅੱਗੇ ਅਮਲੀ ਰੂਪ

ਦਿੱਤਾ। ਉਨ੍ਹਾਂ ਨੇ ਕੁਝ ਜ਼ਮੀਨ ਲੈ ਕੇ ਦੇਸੀ ਖਾਦ ਪਾ ਕੇ ਤੇ ਦੇਸੀ ਢੰਗ ਨਾਲ ਹੀ ਖੇਤੀ ਕਰਨੀ ਸ਼ੁਰੂ ਕੀਤੀ ਹੋਈ ਹੈ। ਇਸ ਨਾਲ ਇੱਕ ਸੁਨੇਹਾ ਵੀ ਜਾਂਦਾ ਹੈ ਅਤੇ ਲੋਕਾਂ ਨੂੰ ਮੁੜ ਆਪਣੇ ਵਿਰਸੇ ਨਾਲ ਜੋੜਿਆ ਵੀ ਜਾਂਦਾ ਹੈ। ਇਸ ਨਾਲ ਸਾਡੀ ਸਿਹਤ ਹੀ ਨਹੀਂ ਬਲਕਿ ਇੱਕ ਚੰਗਾ ਤੰਦਰੁਸਤ ਸਮਾਜ ਸਿਰਜਿਆ ਜਾ ਸਕਦਾ ਹੈ।

ਪਿੰਗਲਵਾੜੇ ਵਿੱਚ ਨਕਲੀ ਅੰਗ ਬਣਾਉਣ ਦਾ ਵੀ ਕਾਰਜ ਸਫਲਤਾ-ਪੂਰਵਕ ਚੱਲ ਰਿਹਾ ਹੈ। ਇਸ ਨਾਲ ਵੀ ਅਨੇਕਾਂ ਲੋਕਾਂ ਦੀ ਦੁੱਖਾਂ ਭਰੀ ਜ਼ਿੰਦਗੀ ਦੇ ਦੁੱਖ ਵੰਡਾ ਕੇ ਉਨ੍ਹਾਂ ਦੇ ਜੀਵਨ ਨੂੰ ਸੁੱਖਾਂ ਭਰਿਆ ਬਣਾਇਆ ਹੈ। ਪਿੰਗਲਵਾੜੇ ਦੀਆਂ ਸ਼ਾਖਾਵਾਂ ਵੀ ਗੋਇੰਦਵਾਲ ਸਾਹਿਬ, ਪੰਡੋਰੀ ਵੜੈਚ, ਜਲੰਧਰ, ਸੰਗਰੂਰ, ਚੰਡੀਗੜ੍ਹ ਅਤੇ ਮਾਨਾਂਵਾਲਾ ਵਿਖੇ ਹਨ। ਇਨ੍ਹਾਂ ਸਭਨਾਂ ਦਾ ਬਹੁਤ ਵਧੀਆ ਪ੍ਰਬੰਧ ਚੱਲ ਰਿਹਾ ਹੈ। ਸ਼ਬਦਾਂ ਦਾ ਲੰਗਰ ਵੀ ਬਹੁਤ ਜ਼ੋਰਾਂ ਨਾਲ ਵਰਤਾਇਆ ਜਾ ਰਿਹਾ ਹੈ ਅਤੇ ਹੋਰ ਵੀ ਕਈ ਤਰ੍ਹਾਂ ਦੇ ਸਮਾਜਿਕ ਕਾਰਜ ਕੀਤੇ ਜਾ ਰਹੇ ਹਨ।

ਡਾਕਟਰ ਇੰਦਰਜੀਤ ਕੌਰ ਜੀ ਦੀ ਦੇਖ ਰੇਖ ਹੇਠ ਕਈ ਵਾਰੀ ਕਈ ਅਹਿਮ ਵਿਸ਼ਿਆਂ 'ਤੇ ਚੰਗੇ ਵਿਦਵਾਨ ਬੁਲਾ ਕੇ ਸੈਮੀਨਾਰ ਕੀਤੇ ਜਾਂਦੇ ਹਨ। ਕਿਸੇ ਵੀ ਖੇਤਰ ਵਿੱਚ ਨਾਮਣਾ ਖੱਟਣ ਵਾਲਿਆਂ ਨੂੰ ਵੀ ਸਤਿਕਾਰਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਮਹਾਰਾਜ ਨੇ ਅੰਮ੍ਰਿਤਸਰ ਸ਼ਹਿਰ ਵਸਾਉਂਦਿਆਂ ਹੋਇਆਂ ਬਵੰਜਾ ਕਿੱਤਿਆਂ ਵਾਲੇ ਲੋਕਾਂ ਨੂੰ ਜਾਂ ਕਾਰੀਗਰਾਂ ਨੂੰ ਵਸਾਇਆ ਸੀ। ਸੰਨ 2018 ਵਿੱਚ ਡਾਕਟਰ ਇੰਦਰਜੀਤ ਕੌਰ ਜੀ ਨੇ ਫਿਰ ਵੱਖੋ-ਵੱਖਰੇ ਕਿੱਤੇ ਵਾਲੇ ਕਿਰਤੀ ਲੋਕਾਂ ਦਾ ਸਤਿਕਾਰ ਕਰਨ ਲਈ ਮੁੜ ਸੱਤਰ ਕਿੱਤੇ ਵਾਲੇ ਕਿਰਤੀਆਂ ਨੂੰ ਸੱਦਿਆ। ਉਨ੍ਹਾਂ ਨੂੰ ਉਚੇਚੇ ਸਨਮਾਨਾਂ ਨਾਲ ਸਨਮਾਨਿਤ ਕੀਤਾ ਸੀ।

ਜਿਹੜੇ ਮਰੀਜ਼ ਪਿੰਗਲਵਾੜੇ ਵਿੱਚ ਆਉਂਦੇ ਹਨ, ਉਨ੍ਹਾਂ ਦਾ ਹਰ ਤਰੀਕੇ ਯੋਗ ਢੰਗ ਨਾਲ ਇਲਾਜ ਕੀਤਾ ਜਾਂਦਾ ਹੈ। ਕਈ ਅਜਿਹੇ ਵੀ ਹੁੰਦੇ ਹਨ ਜਿਹੜੇ ਬਿਲਕੁਲ ਠੀਕ ਹੋ ਜਾਂਦੇ ਹਨ। ਉਨ੍ਹਾਂ ਨੂੰ ਫਿਰ ਕਾਰੋਬਾਰ ਸ਼ੁਰੂ ਕਰਵਾ ਦਿੱਤੇ ਜਾਂਦੇ ਹਨ। ਜਿਹੜੇ ਗ੍ਰਿਹਸਤੀ ਜੀਵਨ ਦਾ ਭਾਰ ਚੁੱਕਣ ਦੇ ਕਾਬਲ ਹੋਣ ਉਨ੍ਹਾਂ ਨੂੰ ਵਿਆਹ ਸ਼ਾਦੀ ਕਰਵਾ ਕੇ ਘਰ ਪਰਿਵਾਰ ਵਸਾ ਦਿੱਤੇ ਜਾਂਦੇ ਹਨ।

ਆਓ, ਇਨ੍ਹਾਂ ਅੱਖਰਾਂ ਨੂੰ ਪੜ੍ਹ ਕੇ ਆਪਣੇ ਅੰਦਰ ਵੀ ਇੱਕ ਅਹਿਸਾਸ ਪੈਦਾ ਕਰੀਏ ਕਿ ਸਾਡਾ ਪਰਿਵਾਰ ਸਿਰਫ਼ ਇਹ ਹੀ ਨਹੀਂ ਜਿਸ ਦੀ ਅਸੀਂ ਪਾਲਣਾ ਸੰਭਾਲਣਾ ਕਰਦੇ ਹਾਂ। ਪਿੰਗਲਵਾੜਾ ਵੀ ਸਾਡਾ ਪਰਿਵਾਰ ਹੈ। ਇਸ ਪ੍ਰਤੀ ਬਣਦੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਵੀ ਨਿਭਾਈਏ। ਡਾਕਟਰ ਇੰਦਰਜੀਤ ਕੌਰ ਜੀ ਦਾ ਤੇ ਪਿੰਗਲਵਾੜਾ ਸੰਸਥਾ ਦਾ ਡੱਟ ਕੇ ਸਾਥ ਦਈਏ। ਇਨ੍ਹਾਂ ਬੱਚਿਆਂ ਨੂੰ ਸੰਭਾਲਣਾ ਵੀ ਰੱਬੀ ਇਬਾਦਿਤ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਘਰੋਗੀ ਸੁੱਖ ਤਿਆਗ ਕੇ ਮਨੁੱਖਤਾ ਦੇ ਭਲੇ ਲਈ ਚਾਰ ਉਦਾਸੀਆਂ ਕੀਤੀਆਂ ਸਨ। ਗ਼ਰੀਬਾਂ ਨੂੰ ਗਲੇ ਲਾਇਆ ਸੀ। ਜੇ ਅਸੀਂ ਆਪਣੇ ਆਪ ਨੂੰ



ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਅਖਵਾਉਂਦੇ ਹਾਂ ਤਾਂ ਆਪਾਂ ਵੀ ਗੁਰੂ ਸਾਹਿਬ ਜੀ ਦੇ ਦਰਸਾਏ ਮਾਰਗ 'ਤੇ ਚੱਲੀਏ।

**ਇਤੁ ਤਨਿ ਲਾਗੈ ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆ॥**
**ਸਭ ਦੁਨੀਆ ਆਵਣ ਜਾਣੀਆ॥ ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥**
{ਅੰਗ ੨੫-੨੬}

ਇਹ ਸਪਸ਼ਟ ਹੈ ਕਿ ਜਿਸ ਮਨੁੱਖ 'ਤੇ ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਦਾ ਅਸਰ ਹੋ ਜਾਂਦਾ ਹੈ ਉਸ ਨੂੰ ਰੱਬੀ ਯਾਦ ਵਿੱਚ ਸੇਵਾ ਸਿਮਰਨ ਕਰਦਿਆਂ ਆਤਮਿਕ ਸੁੱਖ ਨਸੀਬ ਹੁੰਦਾ ਹੈ। ਜਗਤ ਤਾਂ ਨਾਸ਼ਵੰਤ ਹੈ, ਇੱਥੇ ਸਦੀਵੀ ਜੀਵਨ ਤਾਂ ਕਿਸੇ ਦਾ ਵੀ ਨਹੀਂ ਹੈ। ਜਦੋਂ ਸਾਰਿਆਂ ਨੇ ਚਲੇ ਹੀ ਜਾਣਾ ਹੈ ਤਾਂ ਸਾਨੂੰ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਕਿਸੇ ਲੋੜਵੰਦ ਦੀ ਸੇਵਾ ਕਰਨੀ ਚਾਹੀਦੀ ਹੈ। ਸਾਡੇ ਜੀਵਨ ਦੀ ਸਫਲਤਾ ਲਈ ਬਾਕੀ ਕੀਤੇ ਕਰਮਕਾਂਡ ਜੀਵਨ ਦੇ ਸਹਾਈ ਨਹੀਂ ਹੁੰਦੇ ਪਰ ਸੇਵ ਕਰਕੇ ਮਨੁੱਖ ਬੇਫ਼ਿਕਰ ਹੋ ਜਾਂਦਾ ਹੈ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਮੈਨੂੰ ਤਾਂ ਰੱਬੀ ਗੋਦ ਯਕੀਨਨ ਪ੍ਰਾਪਤ ਹੋ ਗਈ ਹੈ।

ਸਿੱਖੀ ਤਾਂ ਸਮੁੱਚੀ ਮਾਨਵਤਾ ਦਾ ਭਲਾ ਮੰਗਦੀ ਹੈ। ਰੱਬ ਦੀਆਂ ਨਜ਼ਰਾਂ ਵਿੱਚ, ਗ਼ਰੀਬਾਂ ਅਨਾਥਾਂ ਦੇ ਅੱਥਰੂ ਪੂੰਝਣ ਵਾਲਾ ਉਸ ਜੋਗੀ ਜਾਂ ਸਿੱਧ ਨਾਲੋਂ ਬਹੁਤ ਮਹਾਨ ਹੈ ਜਿਹੜਾ ਕਿਸੇ ਪਹਾੜ ਦੀ ਨੁੱਕਰੇ ਬੈਠਾ ਰੱਬ ਨੂੰ ਧਿਆਉਂਦਾ ਹੈ। ਮਾਲਾ ਫੇਰਨ ਵਾਲੇ ਹੱਥਾਂ ਨਾਲੋਂ ਸੇਵਾਦਾਰਾਂ ਦੇ ਹੱਥ ਬਹੁਤ ਪਵਿੱਤਰ ਹੁੰਦੇ ਹਨ।

"ਦੂਜਿਆਂ ਦੀ ਰੋਟੀ ਖੋਹ ਕੇ ਖਾਣਾ ਅਪਰਾਧ, ਭੁੱਖ ਲੱਗਣ 'ਤੇ ਰੋਟੀ ਖਾਣਾ ਪ੍ਰਕਿਰਤੀ ਅਤੇ ਖ਼ੁਦ ਭੁੱਖੇ ਰਹਿ ਕੇ ਦੂਜਿਆਂ ਨੂੰ ਖੁਆਉਣਾ ਸੰਸਕ੍ਰਿਤੀ ਹੈ।"
{ਤਰੁਣ ਸਾਗਰ}

**"ਵਾਰਿਸ਼ ਸ਼ਾਹ ਉਹ ਸਦਾ ਹੀ ਜਿਊਂਦੇ ਨੇ,**
**ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।"** {ਵਾਰਿਸ਼ ਸ਼ਾਹ, ਹੀਰ}

"ਧਰਤੀ, ਆਪਣੀਆਂ ਮਮਤਾ ਦੀਆਂ ਬਾਹਾਂ ਖਿਲਾਰ ਕੇ ਭਗਤ ਪੂਰਨ ਸਿੰਘ ਜਿਹੇ ਨੇਕ ਸਪੁੱਤਰਾਂ ਦੀ ਸਦਾ ਹੀ ਉਡੀਕ ਕਰਦੀ ਰਹਿੰਦੀ ਹੈ। ਅਜਿਹੇ ਸਪੁੱਤਰਾਂ ਦੀ ਹੋਂਦ ਨਾਲ ਹੀ ਧਰਤੀ ਭਾਗਾਂ ਭਰੀ ਤੇ ਸਵਰਗ ਵਰਗੀ ਬਣੀ ਰਹਿੰਦੀ ਹੈ।"

**"ਰੱਬ ਕਿਰਪਾ ਕਰੇ ਕਿ ਧਰਤੀ ਦਾਮਨ ਕਦੇ ਭਗਤ ਪੂਰਨ ਸਿੰਘ ਜੀ ਵਰਗੇ ਮਹਾਨ ਸਪੂਤਾਂ ਤੋਂ ਸੱਖਣਾ ਨਾ ਹੋਵੇ।"**

ਦਾਸਰਾ,
ਭਾਈ ਅਮਰੀਕ ਸਿੰਘ ਚੰਡੀਗੜ੍ਹ।
ਮਿਤੀ 3 ਮਈ 2019

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੋਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਮਾਰਚ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।

**ਬ੍ਰਾਂਚਾਂ ਦਾ ਵੇਰਵਾ :**

| **ਬ੍ਰਾਂਚ** | **ਮਰੀਜ਼** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ ’ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ



ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ

ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ-ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ



ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੋਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੋਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।



(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ-ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁੱਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"



ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

### ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ, ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |



| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK**<br>**(UK Charity No. 1178004)**<br>**756 Bath Road, Cranford, Hounslow, Middlesex TW5 9TY UK**<br>**Ph. (+44) 203 439 4440 Email: info@pingalwara.org.uk**<br>**S. GURBAKHSH SINGH**<br>**63 PEACOCK STREET, GRAVESEND, KENT, DA12 1EG**<br>**U.K. (PH. 01474-568574)** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI,**<br>**Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |

## ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।



### ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ